
8 ਜਨਵਰੀ-ਮਾਰਚ, 2008

# ਕਹਾਣੀ ਧਾਰਾ

## ਨਾਵਲ ਵਿਸ਼ੇਸ਼ ਅੰਕ



ਮੁੱਲ : 20/-

8 ਜਨਵਰੀ-ਮਾਰਚ, 2008

ਕਹਾਣੀ ਧਾਰਾ

'KAHANI DHARA'(PUNJABI QUARTERLY)
R.N.I. Regd No. PUN PUN /2006 /19971



e-mail: kahani_dhara@yahoo.co.in

ਸੰਪਾਦਕ:
ਭਗਵੰਤ ਰਸੂਲਪੁਰੀ (94170-64350)

ਸਹਾਇਕ ਸੰਪਾਦਕ (ਅਨ.)
ਦੇਸ ਰਾਜ ਕਾਲੀ (94176-58139)

ਸਹਿਯੋਗੀ
ਸੁਰਜੀਤ ਸੁਮਨ (98144-30874)

ਟਾਇਟਲ ਫੋਟੋ : PICASSO

## ਇਸ ਅੰਕ ਦੇ ਲੇਖਕ



ਚਿਤਰਾ ਮੁਦਗਲ
011-22711371
98731-23237



ਦੇਸ ਰਾਜ ਕਾਲੀ

ਰਚਨਾਵਾਂ ਭੇਜਣ ਲਈ ਪਤਾ :
Editor KAHANI DHARA
V. Dharampura, P.O:. Khambra,
Distt. JALANDHAR-144026
Ph. 0181-2685313

ਸਾਲਾਨਾ ਚੰਦੇ : 200 ਰੁਪਏ 10 ਅੰਕ, ਡਾਲਰ 25, ਪੌਂਡ 20,ਪਰਚੇ ਲਈ ਚੰਦੇ ਚੈੱਕ / ਬੈਂਕ ਡਰਾਫਟ / ਮਨੀਆਰਡਰ ਰਾਹੀਂ ਕੇਵਲ ÒKAHANI DHARAÓ ਦੇ ਨਾਂ ਭੇਜੇ ਜਾਣ।

ਪ੍ਰਿੰਟਰ, ਪਬਲਿਸ਼ਰ ਤੇ ਮਾਲਕ ਸੁਖਵਿੰਦਰ ਨੇ Bright Printing Press,Mohalla Kishanpura, Jalandhar City ਤੋਂ ਛਪਵਾ ਕੇ ਦਫਤਰ 'ਕਹਾਣੀ ਧਾਰਾ' ਪਿੰਡ ਧਰਮ ਪੁਰ, ਡਾਕ ਖਾਂਬਰਾ, ਜ਼ਿਲਾ ਜਲੰਧਰ ਤੋਂ ਪ੍ਰਕਾਸ਼ਤ ਕੀਤਾ। ਸੰਪਾਦਕ: ਭਗਵੰਤ ਰਸੂਲਪੁਰੀ, (ਪ੍ਰਕਾਸ਼ਨ ਮਿਤੀ 1 ਫਰਵਰੀ, 08)

## ਨਾਵਲ 'ਚ ਨਵੇਂ ਚਿਹਰਿਆਂ ਦੇ ਨਕਸ਼

ਪੂੰਜੀਵਾਦੀ ਸਿਸਟਮ ਨੇ ਪੰਜਾਬ ਦੀ ਆਰਥਿਕਤਾ ਨੂੰ ਏਨਾ ਗਹਿਰੇ ਤੱਕ ਪ੍ਰਭਾਵਿਤ ਕੀਤਾ ਹੈ ਕਿ ਇਸਦੇ ਪ੍ਰਭਾਵ ਹੁਣ ਸਮਾਜਿਕ, ਸੱਭਿਆਚਾਰਕ, ਧਾਰਮਿਕ ਤੇ ਮਾਨਸਿਕ ਤੌਰ ਤੇ ਵੀ ਸਪਸ਼ਟ ਵਿਖਾਈ ਦੇਣ ਲੱਗੇ ਹਨ। ਮਨੁੱਖ ਸਾਧਨ ਸੰਪਨ ਵੀ ਹੋਇਆ ਹੈ ਤੇ ਇਕੱਲਾ ਵੀ। ਉਸ ਦੀ ਸਿਹਤ ਸਹੂਲਤਾਂ ਵੱਲ ਤਵੱਜੋਂ ਵਧੀ ਹੈ, ਉਮਰ ਲੰਬੀ ਹੋਈ ਹੈ, ਪਰੰਤੂ ਇੱਕ ਖਾਸ ਤਰ੍ਹਾਂ ਦੀ ਮਾਨਸਿਕ ਦਹਿਸ਼ਤ ਉਸਨੂੰ ਅੰਦਰੋਂ ਅੰਦਰ ਖੋਖਲਾ ਕਰ ਰਹੀ ਹੈ। ਇਹੀ ਅਲਾਮਤਾਂ ਉਸ 'ਚ ਬੇਗਾਨਗੀ ਭਰ ਰਹੀਆਂ ਹਨ ਤੇ ਉਹ ਸੰਵੇਦਨਹੀਣ ਹੁੰਦਾ ਜਾ ਰਿਹਾ ਹੈ।

ਪੰਜਾਬ ਦੇ ਇਸ ਮਨੁੱਖ ਨੂੰ ਸਮਝਣ ਲਈ / ਤੀਜੀ ਦੁਨੀਆਂ ਦੇ ਇਸ ਮਨੁੱਖ ਨੂੰ ਸਮਝਣ ਲਈ, ਖਾਸ ਕਰਕੇ ਵਿਸ਼ਵੀਕਰਨ, ਵਪਾਰੀਕਰਨ ਤੇ ਨਿੱਜੀਕਰਨ ਦੇ ਇਸ ਦੌਰ 'ਚ ਉਸ ਦੌਰ 'ਚ ਜਦੋਂ ਸੱਟੇਬਾਜ਼ੀ ਮਨੁੱਖ ਨੂੰ ਵਹਿਮ 'ਚ ਲਿਜਾ ਸੁੱਟਦੀ ਹੈ, ਨਾਵਲ ਵਰਗੀ ਰਚਨਾ ਦਾ ਆਉਣਾ ਜ਼ਰੂਰੀ ਹੁੰਦਾ ਹੈ। ਇਸ ਸਭ ਬਾਰੇ ਨਾਵਲ ਆਉਣਾ ਚਾਹੀਦਾ ਹੈ। ਪੱਛਮ 'ਚ ਪੂੰਜੀਵਾਦ ਦੇ ਵਿਕਾਸ ਪੜਾਅ ਤੇ ਸਮਾਜਿਕ ਯਥਾਰਥ ਨੂੰ ਵੇਖਣ ਲਈ, ਸਮਝਣ ਲਈ, ਸਾਨੂੰ ਨਾਵਲ ਸਭ ਤੋਂ ਵੱਧ ਸਹਾਈ ਹੁੰਦਾ ਹੈ। ਇਹ ਗੱਲ ਫੇਰ ਦਬਾਅ ਦੇ ਕੇ ਕਹਿ ਰਿਹਾ ਹਾਂ ਕਿ ਇਸ ਵੇਲੇ ਨਾਵਲ ਦੀ ਜ਼ਰੂਰਤ ਹੈ।

ਹੁਣ ਅਸੀਂ ਪੰਜਾਬ 'ਚ ਪਿਛਲੇ ਸਮੇਂ ਦੌਰਾਨ ਆਏ ਨਾਵਲਾਂ ਦੀ ਗੱਲ ਕਰੀਏ ਤਾਂ ਬਹੁਤੇ ਨਾਵਲ 'ਜਗੀਰੂ ਕਦਰਾਂ-ਕੀਮਤਾਂ / ਮਾਨਸਿਕਤਾ 'ਤੇ ਕੇਂਦਰਤ ਹੀ ਰਹੇ ਹਨ। ਰਾਮ ਸਰੂਪ ਅਣਖੀ ਦੇ ਨਾਵਲ 'ਕਣਕਾਂ ਦਾ ਕਤਲਾਮ' 'ਚ ਪੂੰਜੀ ਦੇ ਪ੍ਰਭਾਵ ਨੂੰ ਜਾਨਣ ਦਾ ਯਤਨ ਹੋਇਆ ਹੈ। ਇਸ ਨਾਵਲ ਬਾਰੇ ਸਾਡੇ ਚਿੰਤਕਾਂ ਨੂੰ ਗੱਲ ਤੋਰਨੀ ਚਾਹੀਦੀ ਹੈ। ਮਿੱਤਰ ਸੈਨ ਮੀਤ ਦੇ ਨਾਵਲ ਖਾਸ ਕਿਸਮ ਦੇ ਸਿਸਟਮ ਨੂੰ ਖੋਲ੍ਹਦੇ ਹਨ, ਛੜਯੰਤਰ ਦੇ ਪਾਜ ਉਧੇੜਦੇ ਹਨ। ਅਵਤਾਰ ਸਿੰਘ ਬਿਲਿੰਗ ਦੇ ਨਾਵਲਾਂ 'ਚ ਸਮਕਾਲੀ ਯਥਾਰਥ ਨੂੰ ਪਕੜਨ ਦੀ ਰਤਾ ਕੁ ਕੋਸ਼ਿਸ਼ ਹੋਈ, ਪਰੰਤੂ ਉਸਦੇ ਪਾਤਰ ਵੀ ਅਤੇ ਨਾਵਲ ਸ਼ੈਲੀ ਵੀ ਉਸੇ ਲਕੀਰੀ ਬਿਰਤਾਂਤ 'ਚ ਤੁਰੀ ਗਈ। ਬਲਦੇਵ ਸਿੰਘ ਨੇ ਇਤਿਹਾਸਕ ਨਾਵਲ ਲਿਖੇ, ਪਰੰਤੂ ਅੱਜ ਨੂੰ ਨਾਲ ਪਰੋਣ ਤੋਂ ਰਹਿ ਗਏ। ਮਨਮੋਹਨ ਬਾਵਾ ਦਾ ਨਾਵਲ 'ਯੁੱਧਨਾਦ' ਵੀ ਇਤਿਹਾਸ ਤੱਕ ਦੀ ਗੱਲ ਕਹਿੰਦਾ ਹੈ। ਹਾਲਾਂਕਿ ਇਹ ਸਭ ਸਸ਼ਕਤ ਰਚਨਾਵਾਂ ਹਨ ਅਤੇ ਪੰਜਾਬੀ ਨਾਵਲ ਨੂੰ ਅਗੇਰੇ ਲੈ ਕੇ ਜਾਂਦੀਆਂ ਹਨ। ਪਰੰਤੂ ਪੰਜਾਬ ਦੇ ਜਿਹੜੇ ਚਿਹਰਿਆਂ ਦੀ ਪਛਾਣ ਹੁਣ ਗੂੜ੍ਹੀ ਹੋਈ ਹੈ, ਸਾਹਿਤ 'ਚੋਂ ਖਾਰਜ ਹੀ ਲੱਭਦੇ ਹਨ।

ਇੱਥੇ ਕੁਝ ਗੱਲਾਂ ਦਾ ਖ਼ਾਸ ਧਿਆਨ ਰੱਖਣ ਦੀ ਵੀ ਲੋੜ ਹੈ। ਪੰਜਾਬ 'ਚ ਪੂੰਜੀਵਾਦੀ ਵਿਕਾਸ, ਅੱਤਵਾਦ ਦਾ ਦੌਰ, ਪਾਕਿਸਤਾਨ ਨਾਲ ਸਾਂਝੀ ਸਰਹੱਦ, ਸਿੱਖ ਧਰਮ, ਪ੍ਰਾਚੀਨ ਕਾਲ 'ਚ ਬੁੱਧ ਧਰਮ, ਨਾਥ ਪਰੰਪਰਾ, ਸੰਤ ਪਰੰਪਰਾ, ਸੂਫੀ ਪਰੰਪਰਾ ਦਾ ਪ੍ਰਭਾਵ। ਅਲੱਗ ਜੀਵਨ ਸ਼ੈਲੀ। ਉਸ ਤੋਂ ਵੀ ਵੱਧ ਦੇਸ਼ ਵੰਡ ਮੌਕੇ ਹੋਈ ਕਤਲੋ-ਗਾਰਤ ਤੇ ਉਸਦੇ ਦੂਰ ਰਸ ਸਿੱਟੇ, ਧਿਆਨ 'ਚ ਰੱਖਣੇ ਬਹੁਤ ਜ਼ਰੂਰੀ ਹਨ। ਇਸ ਸਾਰੇ ਕੁਝ ਵਿੱਚ ਪੰਜਾਬੀ ਮਨੁੱਖ ਦੀ ਮਾਨਸਿਕਤਾ ਨੂੰ ਸਮਝਣਾ ਜ਼ਰੂਰੀ ਹੋ ਗਿਆ ਹੈ। ਇਸ ਬਾਰੇ ਨਾਵਲ ਹੀ ਕੋਈ ਗੱਲ ਕਰ / ਛੇੜ ਸਕਦਾ ਹੈ।

ਇੱਕ ਹੋਰ ਗੱਲ, ਅਸੀਂ ਇਹਨਾਂ ਵਿਚਾਰਾਂ ਨੂੰ ਪੰਜਾਬ ਤੱਕ ਹੀ ਸੁੰਗੇੜ ਕੇ ਨਹੀਂ ਦੇਖ ਰਹੇ। ਇਸਨੂੰ ਭਾਰਤੀ ਪਰਿਪੇਖ 'ਚ ਵੇਖ ਰਹੇ ਹਾਂ। ਪੂਰੇ ਭਾਰਤ 'ਚ ਇਹ 'ਖਾਸ ਸੇਕ' ਕਿਸੇ ਨਾ ਕਿਸੇ ਤਰ੍ਹਾਂ ਪਹੁੰਚਿਆ ਹੈ। ਭਾਰਤ ਵਿਚ ਹੀ ਇਸ ਸਾਰੇ ਕੁਝ ਨੂੰ ਸਮਝਣ ਲਈ 'ਨਾਵਲ' ਸਾਹਮਣੇ ਆ ਰਿਹਾ ਹੈ। ਹਿੰਦੀ ਭਾਸ਼ਾ ਵਿੱਚ ਨਾਵਲ ਨੇ ਖਾਸ ਜ਼ਿਕਰਯੋਗ ਕਾਰਜ ਕੀਤਾ ਹੈ। ਹੋਰ ਵੀ ਕਈ ਖੇਤਰੀ ਭਾਸ਼ਾਵਾਂ ਵਿੱਚ ਅਜਿਹੇ ਕਾਰਜ ਹੋਏ ਹਨ, ਜਿਹਨਾਂ ਦੀ ਗੱਲ ਤੁਰਨੀ ਚਾਹੀਦੀ ਹੈ। ਅਸੀਂ ਦੋ ਨਾਵਲ ਸਮਕਾਲ ਦੀ ਗੱਲ ਕਰਨ ਵਾਲੇ ਸਾਂਝੇ ਤੌਰ ਤੇ ਦੇ ਰਹੇ ਹਾਂ ਤਾਂ ਕਿ ਨਵੇਂ ਯਥਾਰਥ ਦੇ ਦਰਸ਼ਨ ਹੋ ਸਕਣ! ਨਵੇਂ ਸਾਹਿਤ ਨੂੰ, ਨਵੇਂ ਚਿੰਤਨ ਨੂੰ ਜੀ ਆਇਆਂ ਕਿਹਾ ਜਾ ਸਕੇ!

**- ਭਗਵੰਤ ਰਸੂਲਪੁਰੀ**



ਹਿੰਦੀ ਨਾਵਲ

# ਗਿਲਿਗੱਡੂ

## ਚਿਤਰਾ ਮੁਦਗਲ

### ਪੰਜਾਬੀ ਅਨੁਵਾਦ: ਡਾ. ਜਸਵਿੰਦਰ ਕੌਰ ਬਿੰਦਰਾ




ਨਾਰੀ ਮੁਕਤੀ ਅਤੇ ਮਨੁੱਖੀ ਵਿਕਾਸ ਨਾਲ ਜੁੜੇ ਮਸਲਿਆਂ ਉਤੇ ਆਪਣੀ ਲੇਖਣੀ ਅਤੇ ਸਭਿਆਚਾਰਕ ਯੋਗਦਾਨ ਪਾਉਣ ਵਾਲੇ ਲੋਕਾਂ 'ਚ ਹਿੰਦੀ ਦੀ ਬਹੁਤ ਚਰਚਿਤ ਕਥਾਕਾਰ 'ਆਵਾਂ', 'ਗਿਲਿਗੱਡੂ' ਵਰਗੇ ਚਰਚਿਤ ਨਾਵਲਾਂ ਅਤੇ ੧੩ ਕਹਾਣੀ ਸੰਗ੍ਰਹਿਾਂ ਦੀ ਲੇਖਕਾਂ ਚਿਤਰਾ ਮੁਦਗਲ ਅੱਜ ਇਕ ਜਾਣੀ ਪਹਿਚਾਣੀ ਲੇਖਕਾ ਹੈ। ੧੦ ਦਸੰਬਰ, ੧੯੪੪ ਨੂੰ ਚੈਨਈ 'ਚ ਜਨਮੀ ਅਤੇ ਮੁੰਬਈ 'ਚ ਸਿੱਖਿਆ ਪ੍ਰਾਪਤ ਕਰਨ ਵਾਲੀ ਚਿਤਰਾ ਆਧੁਨਿਕ ਭਾਰਤੀ ਕਥਾ-ਸਾਹਿਤ ਵਿਚ ਸਨਮਾਨਯੋਗ ਲੇਖਕਾਂ ਹੈ। ਇਸਤਰੀਆਂ, ਦਲਿਤਾਂ, ਮਜਦੂਰਾਂ ਆਦਿ ਦੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਲਈ ਸੰਘਰਸ਼ ਵੀ ਕਰ ਰਹੀ ਹੈ। ਸਮਕਾਲੀ ਸੱਚ ਨੂੰ ਉਸ ਨੇ ਬੜੀ ਸਿੱਦਤ ਨਾਲ ਡੂੰਘਾਈ 'ਚ ਜਾ ਕੇ ਫੜਿਆ ਹੈ। ਦੂਰਦਰਸ਼ਨ ਦੇ ਰਾਸ਼ਟਰੀ ਨੈਟਵਰਕ ਉੱਤੇ ਪ੍ਰਸਾਰਿਤ 'ਇਕ ਕਹਾਣੀ' , 'ਮੰਝਧਾਰ' ਅਤੇ 'ਰਿਸ਼ਤੇ' ਵਰਗੇ ਹਰਮਨ ਪਿਆਰੇ ਸੀਰੀਅਲਾਂ ਵਿਚ ਉਨ੍ਹਾਂ ਦੀਆਂ ਚਰਚਿਤ ਕਹਾਣੀਆਂ ਨੂੰ ਵੀ ਸ਼ਾਮਿਲ ਕੀਤਾ ਗਿਆ। ਇਨ੍ਹਾਂ ਤੋਂ ਇਲਾਵਾਂ ਉਨ੍ਹਾਂ ਦੀਆਂ ਅਨੇਕਾਂ ਕਹਾਣੀਆਂ ਟੈਲੀਫਿਲਮਾਂ ਦੇ ਨਿਰਮਾਣ ਲਈ ਚੁਣੀਆਂ ਜਾ ਚੁੱਕੀਆਂ ਹਨ। ਉਹ ਇਸ ਵੇਲੇ ਪ੍ਰਸਾਰ ਭਾਰਤੀ ਬੋਰਡ ਦੇ ਸਨਮਾਨਯੋਗ ਮੈਂਬਰ ਹਨ ਅਤੇ ਪ੍ਰਸਾਰ ਭਾਰਤੀ ਦੀ ਮਹੱਤਵਪੂਰਨ ਯੋਜਨਾ ਭਾਰਤੀ ਭਾਸ਼ਾਵਾਂ ਦੀਆਂ ਅਮਰ ਕਹਾਣੀਆਂ ਉੱਤੇ ਅਧਾਰਿਤ ਪ੍ਰੋਗਰਾਮ 'ਇੰਡੀਅਨ ਕਲਾਸਿਕਸ' ਦੀ ਕੋਰ ਕਮੇਟੀ ਦੀ ਪ੍ਰਧਾਨ ਹੈ। ਚਿਤਰਾ ਮੁਦਗਲ ਨੂੰ ਉਨ੍ਹਾਂ ਦੇ ਨਾਵਲ 'ਆਵਾਂ' ਉਤੇ ਅੰਤਰਰਾਸ਼ਟਰੀ ਇੰਦੂ ਸ਼ਰਮਾਂ ਕਥਾ ਸਨਮਾਨ ਲੰਡਨ ਤੋਂ, ਬਿਦੁਲਾ ਫਾਊਂਡੇਸ਼ਨ ਵਲੋਂ ਵਿਆਸ ਸਨਮਾਨ ਨਾਲ ਸਨਮਾਨਤ ਹੋਣ ਵਾਲੀ ਉਹ ਪਹਿਲੀ ਇਸਤਰੀ ਲੇਖਕਾ ਹੈ। ਉਸ ਨੂੰ ਹੋਰ ਅਨੇਕਾ ਪੁਰਸਕਾਰ ਮਿਲ ਚੁੱਕੇ ਹਨ।

'ਗਿਲਿਗੱਡੂ' ਨਾਵਲ ਅਕਾਰ ਵਿਚ ਵਿਚ ਭਾਵੇਂ ਛੋਟਾ, ਪ੍ਰੰਤੂ ਮਨੁੱਖ ਦੀ ਸੰਵੇਦਨਸ਼ੀਲਤਾ ਨੂੰ ਬਿਆਨ ਕਰਨ ਵਾਲਾ ਬਹੁਤ ਗਹਿਰਾ ਨਾਵਲ ਹੈ। ਇਹ ਨਾਵਲ ਤੇਰਾਂ ਦਿਨਾਂ ਦੀ ਕਹਾਣੀ ਕਹਿੰਦਾ ਦੋ ਬਜ਼ੁਰਗਾਂ ਦੀ ਕਰੂਰ ਮਾਨਸਿਕਤਾ ਬਿਆਨ ਕਰਦਾ ਹੈ। ਸਮਕਲੀਨ ਸੱਚ ਨੂੰ ਉਹ ਨੇ ਇਸ ਨਾਵਲ ਵਿਚ ਬੜੀ ਸਮਰੱਥਾ ਨਾਲ ਬਿਆਨ ਕੀਤਾ ਹੈ। ਇਹ ਸਾਡੇ ਅੱਜ ਦੇ ਸੱਚ ਨੂੰ ਉਲੀਕਦਾ ਹੈ। ਸਾਨੂੰ ਝਿੰਜੋੜਦਾ ਵੀ ਹੈ ਤੇ ਅਚੰਭਿਤ ਵੀ ਕਰਦਾ ਹੈ। ਇਹ ਕਈ ਸਵਾਲ ਸਾਡੇ ਸਾਹਮਣੇ ਖੜੇ ਵੀ ਕਰਦਾ ਹੈ ਤੇ ਕਈ ਸਵਾਲਾਂ ਨੂੰ ਸਾਡੇ ਰੂ ਬ ਰੂ ਕਰਕੇ ਸਾਨੂੰ ਆਪਣੇ ਅੰਦਰ ਝਾਤੀ ਮਾਰਨ ਲਈ ਵੀ ਹਲੂਣਦਾ ਹੈ। ਇਹ ਨਾਵਲ ਅਜੋਕੀ ਪੂੰਜੀਵਾਦੀ ਯੁੱਗ ਵਿਚ ਇਕੱਲਤਾ ਹੰਢਾ ਰਹੇ ਉਨ੍ਹਾਂ ਲੋਕਾਂ ਦੀ ਗੱਲ ਕਰਦਾ ਹੈ ਜਿਹੜੇ ਇਸ ਇਕੱਲਤਾ ਭਰੀ ਨੀਰਸ ਜਿੰਦਗੀ ਵਿਚ ਖੁਸ਼ੀ ਦੇ ਫੁੱਲ ਬੀਜਦੇ ਹਨ। ਉਨ੍ਹਾਂ ਦਾ ਪਤਾ ਹੈ

(ਚਿਤਰਾ ਮੁਦਗਲ, ਬੀ-੧੦੫, ਵਰਧਮਾਨ ਅਪਾਰਟਮੈਂਟਸ, ਮਯੂਰ ਵਿਹਾਰ, ਫੇਜ਼-੧, ਦਿਲੀ-੧੧੦੦੯੧, ਫੋਨ ੦੧੧-੨੨੭੧੧੩੭੧, ਮੁਬਾ. ੦੯੮੭੩੧-੨੩੨੩੭)

- ਡਾ. ਜਸਵਿੰਦਰ ਕੌਰ ਬਿੰਦਰਾ

# ਪਹਿਲੀ ਗੈਰ ਮੌਜੂਦਗੀ
## ਮਿਲਨ

ਟਾਮੀ ਨੂੰ ਫਾਰਿਗ ਕਰਵਾ ਕੇ ਬਾਬੂ ਜਸਵੰਤ ਸਿੰਘ ਨਿੱਤ-ਨੇਮ ਅਨੁਸਾਰ ਉਸ ਨੂੰ ਵਾਪਸ ਘਰ ਛੱਡਣ ਨਾ ਜਾ ਸਕੇ।

ਪਹਿਲਾਂ ਤਾਂ ਘਰੋਂ ਨਿਕਲਦਿਆਂ ਹੀ ਉਨ੍ਹਾਂ ਨੂੰ ਦੇਰ ਹੋ ਗਈ ਸੀ। ਕਬਜ਼ ਦੇ ਪੁਰਾਣੇ ਮਰੀਜ਼ ਜਿਓ ਸਨ। ਇਨ੍ਹਾਂ ਦਿਨਾਂ ਵਿੱਚ ਬਵਾਸੀਰ ਦੀ ਸ਼ਿਕਾਇਤ ਬੜੇ ਜ਼ੋਰ-ਸ਼ੋਰ ਨਾਲ ਹਾਵੀ ਸੀ। ਸਵੇਰ ਵੇਲੇ ਗੜਵੀ ਭਰ ਕੇ ਪਾਣੀ ਪੀਣ ਦੇ ਬਾਵਜੂਦ ਪੇਟ ਇਕੋ ਵਾਰ ਸਾਫ ਨਹੀਂ ਹੁੰਦਾ ਸੀ। ਵਾਰ-ਵਾਰ ਜਾਣ ਨਾਲ ਮੋਹਕੇ ਹੋਰ ਵੀ ਦੁੱਖਦੇ ਸਨ।

ਐਨ ਨਿਕਲਣ ਵੇਲੇ ਢਿੱਡ ਵਿੱਚ ਮਰੋੜ ਜਿਹਾ ਉੱਠਿਆ। ਉਂਜ ਤਾਂ ਬਾਬੂ ਜਸਵੰਤ ਸਿੰਘ ਨੇ ਤ੍ਰਿਫਲਾ ਵਿੱਚ ਪੰਚਸਕਾਰ ਦੇ ਨਾਲ ਕਾਯਮਚੂਰਣ ਵੀ ਮਿਲਾ ਕੇ ਰਖਿਆ ਹੋਇਆ ਹੈ, ਤਾਂ ਕਿ ਤਕਲੀਫ ਘੱਟ ਹੋਵੇ। ਪਰ ਤਕਲੀਫ ਘੱਟ ਹੁੰਦੀ ਨਜ਼ਰ ਆਉਂਦੀ ਨਹੀਂ। ਰਾਤ ਵੇਲੇ ਫੱਕਾ ਮਾਰਦੇ ਹੋਏ ਇਸ ਭਰਮ ਨਾਲ ਹੌਂਸਲਾ ਬਣਿਆ ਰਹਿੰਦਾ ਹੈ ਕਿ ਸਵੇਰ ਵੇਲੇ ਸ਼ਾਇਦ ਤਕਲੀਫ ਨਾ ਹੋਵੇ। ਪਰ ਅਗਲੀ ਸਵੇਰ ਆਉਣ ਵਾਲੇ ਦਿਨ ਦੇ ਮੋਢੇ 'ਤੇ ਜ਼ਿੰਮਵਾਰੀ ਪਾ ਜ਼ਾਲਿਮ ਢੰਗ ਨਾਲ ਆਪ ਅੱਖਾਂ ਫੇਰ ਲੈਂਦੀ ਹੈ। ਹੁਣ ਤਾਂ ਖੂਨ ਨਾਲ ਭਰਿਆ 'ਕਮੋਡ' ਵੇਖ ਉਨ੍ਹਾਂ ਨੂੰ ਆਪ ਹੀ ਘਬਰਾਹਟ ਹੋਣ ਲੱਗਦੀ ਹੈ। 'ਹਿਮਅਪ' ਗੋਲੀਆਂ ਦੀ ਗਿਣਤੀ ਉਨ੍ਹਾਂ ਨੇ ਡਾਕਟਰ ਦੀ ਸਲਾਹ ਬਗੈਰ ਹੀ ਵਧਾ ਲਈ ਹੈ। ਕੁਝ ਤਾਂ ਖੂਨ ਬਣੇ। ਕਿੰਜ ਵੀ ਬਣੇ। ਹਾਲਾਂਕਿ ਉਨ੍ਹਾਂ ਨੂੰ ਪਤਾ ਹੈ ਕਿ ਬਗੈਰ ਡਾਕਟਰ ਤੋਂ ਪੁੱਛੇ ਉਨ੍ਹਾਂ ਨੂੰ ਅਜਿਹਾ ਨਹੀਂ ਕਰਨਾ ਚਾਹੀਦਾ। ਮਜ਼ਬੂਰੀ ਹੈ। ਉਨ੍ਹਾਂ ਦੇ ਡਾਕਟਰ, ਡਾਕਟਰ ਸਕਸੈਨਾ ਕਾਨਪੁਰ ਜੋ ਬੈਠੇ ਹਨ।

ਟਾਮੀ ਦੀ ਜ਼ਬਰਦਸਤੀ ਉਤੇ ਬਾਬੂ ਜਸਵੰਤ ਸਿੰਘ ਨੂੰ ਗੁੱਸਾ ਆ ਰਿਹਾ ਸੀ। ਹਰਾਮਖੋਰ, ਟਿਕ ਕੇ ਖਲੋ ਹੀ ਨਹੀਂ ਸਕਦਾ। ਜ਼ਬਰਦਸਤੀ ਹੱਥ ਛੱਡਾ ਜ਼ਮੀਨ ਸੁੰਘਣ ਲੱਗ ਪਿਆ ਹੈ। ਧਾੜ-ਧਾੜ ਕਰਦਾ ਪੰਜਿਆਂ ਨਾਲ ਮਿੱਟੀ ਖੁਰਚਣ ਲੱਗ ਪਿਆ ਹੈ। ਧੈਂ-ਧੈਂ ਦੀਆਂ ਗਲੇ ਤੋਂ ਅਜੀਬੋ-ਗਰੀਬ ਆਵਾਜ਼ਾਂ ਕੱਢਦਾ ਛੁੱਟ ਕੇ ਭੱਜ ਨਿਕਲਣ ਦਾ ਰੁਖ਼ ਅਖਤਿਆਰ ਕਰ ਬਾਬੂ ਜੀ ਨੂੰ ਇੰਜ ਡਰਾਉਣ ਲੱਗਾ ਕਿ ਜਿਵੇਂ ਉਨ੍ਹਾਂ ਨੂੰ ਘਸੀਟੇ ਬਿਨਾਂ ਨਹੀਂ ਮੰਨੇਗਾ। ਪਰ ਬਾਬੂ ਜਸਵੰਤ ਸਿੰਘ ਇਕ ਪਲ ਲਈ ਵੀ ਪੁਲੀ ਤੋਂ ਉੱਠਣ ਲਈ ਤਿਆਰ ਨਹੀਂ ਹੋ ਰਹੇ ਸਨ। ਪੁਲੀ ਨੂੰ ਛੱਡ ਕੇ ਅੱਗੇ ਜਾਣ ਦਾ ਮਤਲਬ ਹੀ ਸੀ ਆਪਣੇ ਮਿਲਣ ਦੀ ਥਾਂ ਤੋਂ ਉਰੇ ਪਰੇ ਹੋਣਾ। ਜੋ ਉਹ ਇਕਦਮ ਕਰਨਾ ਨਹੀਂ ਚਾਹੁੰਦੇ ਸਨ। ਬਾਬੂ ਜਸਵੰਤ ਸਿੰਘ ਨੂੰ ਪਤਾ ਹੈ ਕਿ ਫਾਰਿਗ ਹੋਣ ਵੇਲੇ ਵੀ ਟਾਮੀ ਨੂੰ ਇਹੋ ਜਿਹੀ ਹੀ ਬੇਚੈਨੀ ਹੁੰਦੀ ਹੈ। ਪਰ ਫਾਰਿਗ ਹੋਣ ਮਗਰੋਂ ਦੀ ਇਹ ਉਥਲ-ਪੁੱਥਲ ਦੀ ਉਨ੍ਹਾਂ ਨੂੰ ਸਮਝ ਨਹੀਂ ਆਉਂਦੀ। ਹੋ ਸਕਦਾ ਹੈ, ਉਸ ਦਾ ਇਹ ਉਜੱਡ ਵਿਹਾਰ ਉਸ ਦੀ ਮਰਜ਼ੀ ਖਿਲਾਫ਼ ਖੜੇ ਹੋਣ ਲਈ ਧੌਂਸ ਵਿਖਾਉਣ ਦਾ ਪ੍ਰਤੀਕ੍ਰਮ ਹੋਵੇ। ਆਪਣੀ ਜ਼ਰੂਰਤ ਵੇਲੇ ਉਸਨੂੰ ਸਿਆਣਾ ਬਣਦਿਆਂ ਅਕਸਰ ਬਾਬੂ ਜਸਵੰਤ ਸਿੰਘ ਨੇ ਦੇਖਿਆ ਹੈ, ਪਰ ਉਨ੍ਹਾਂ ਦੀ ਜ਼ਰੂਰਤ ਵੇਲੇ ਐਨਾ ਹਰਾਮੀ ਬਣ ਰਿਹਾ ਹੈ ਜਿਵੇਂ ਉਸ ਨੂੰ ਕੁਝ ਵੀ ਸਮਝਣ ਦੀ ਲੋੜ ਨਹੀਂ। ਨਾ ਉਸ ਨੂੰ ਸਮਝ ਆ ਰਿਹਾ ਹੈ ਕਿ ਆਖਿਰ ਕਿਉਂ ਉਹ ਇਸ ਖਾਸ ਪੁਲੀ ਉਤੇ ਮੂੰਹ ਲਟਕਾਏ ਖੜੇ ਹਨ?

ਉਨ੍ਹਾਂ ਨੂੰ ਟਾਮੀ ਦੇ ਖਿੱਝਣ ਦੇ ਬਾਵਜੂਦ ਆਪ ਨਹੀਂ ਖਿੱਝਣਾ ਚਾਹੀਦਾ। ਬਾਬੂ ਜਸਵੰਤ ਸਿੰਘ ਨੇ ਆਪਣੇ ਆਪ ਨੂੰ ਟੋਕਿਆ। ਭਾਵੇਂ ਉਨ੍ਹਾਂ ਨੇ ਗਾਲ੍ਹ ਮਨ ਵਿੱਚ ਹੀ ਕੱਢੀ ਹੈ, ਪਰ ਕੱਢੀ ਤਾਂ ਹੈ? ਇਹ ਆਦਤ ਦੀ ਗੱਲ ਹੈ। ਇਕ ਵਾਰ ਆਦਤ ਪਈ ਕਿ ਜ਼ੁਬਾਨ ਤੋਂ ਵੀ ਫਿਸਲ ਜਾਏਗੀ। ਸਮੇਂ ਰਹਿੰਦੇ ਹੀ ਸੰਭਲ ਜਾਣਾ ਚਾਹੀਦਾ ਹੈ।

ਕਾਨਪੁਰ ਤੋਂ ਆਉਣ ਮਗਰੋਂ ਉਨ੍ਹਾਂ ਨੂੰ ਇਸ ਗੱਲ ਦੀ ਖੁਸ਼ੀ ਹੋਈ ਸੀ ਕਿ ਚਲੋ, ਪੁੱਤਰ-ਨੂੰਹ ਨੇ ਟਾਮੀ ਦੀ ਜ਼ਿੰਮੇਵਾਰੀ ਹੀ ਉਨ੍ਹਾਂ ਨੂੰ ਸੌਂਪ ਕੇ ਆਖਿਰ ਆਪਣੀ ਗ੍ਰਿਹਿਸਥੀ ਦੀ ਕਿਸੇ ਜ਼ਿੰਮੇਵਾਰੀ ਦੇ ਕਾਬਿਲ ਤਾਂ ਉਨ੍ਹਾਂ ਨੂੰ ਸਮਝਿਆ ਹੀ। ਹੁਣ ਤਾਂ ਉਨ੍ਹਾਂ ਨੂੰ ਇਹ ਲੱਗਣ ਲੱਗ ਪਿਆ ਹੈ ਕਿ ਇਸ ਘਰ ਵਿੱਚ ਜੇ ਕਿਸੇ ਲਈ ਉਹ ਬਜ਼ੁਰਗ ਹੀ ਹੈ ਹੈਸਿਅਤ ਰੱਖਦੇ ਹਨ ਤਾਂ ਉਹ ਸਿਰਫ ਟਾਮੀ ਲਈ। ਮਲਏ ਤੇ ਨਿਲਏ ਪੋਤਰਿਆਂ ਦੇ



ਨਖ਼ਰੇ ਚੁੱਕਣਾ ਉਨ੍ਹਾਂ ਦੇ ਵੱਸ ਦੀ ਗੱਲ ਨਹੀਂ।

ਟਾਮੀ ਵੀ ਘੱਟ ਦੁਸ਼ਟ ਨਹੀਂ। ਸਰਘੀ ਵੇਲੇ ਅਲਾਰਮ ਵਜਣ 'ਤੇ ਇਹ ਸਭ ਤੋਂ ਪਹਿਲਾਂ ਉੱਠ ਕੇ ਕੁਰ-ਕੁਰ ਕਰਨਾ ਸ਼ੁਰੂ ਕਰ ਦੇਂਦਾ ਹੈ। ਜਿਵੇਂ ਅਲਾਰਮ ਉਹ ਆਪਣੇ ਜਾਗਣ ਲਈ ਨਹੀਂ ਉਸ ਨੂੰ ਜਗਾਉਣ ਖਾਤਿਰ ਲੱਗਾ ਕੇ ਰੱਖਦੇ ਹੋਣ। ਕਈ ਵਾਰ ਬਾਬੂ ਜਸਵੰਤ ਸਿੰਘ ਖ਼ੁਮਾਰੀ ਕਾਰਣ ਨੀਂਦ ਟੁੱਟ ਜਾਣ ਦੇ ਬਾਵਜੂਦ ਅਲਾਰਮ ਨੂੰ ਵੱਜਣ ਦੇਂਦੇ ਹਨ। ਪਰ ਟਾਮੀ ਕੋਲੋਂ ਅਲਾਰਮ ਬਰਦਾਸ਼ਤ ਨਹੀਂ ਹੁੰਦਾ। ਪੰਜਾ ਚੁੱਕ ਕੇ ਉਹ ਮੇਜ਼ ਤੇ ਪਈ ਘੜੀ ਨੂੰ ਹੇਠਾਂ ਡਿੱਗਾ ਦਿੰਦਾ ਹੈ। ਟਾਮੀ ਦਾ ਇਹ ਉਜੱਡਪੁਣਾ ਉਨ੍ਹਾਂ ਤੋਂ ਬਹੁਤੀ ਦੇਰ ਬਰਦਾਸ਼ਤ ਨਾ ਹੋ ਸਕਿਆ। ਉਨ੍ਹਾਂ ਨੇ ਆਪਣੇ ਪੁੱਤਰ ਨਰਿੰਦਰ ਅੱਗੇ ਇਸ ਦੀ ਸ਼ਿਕਾਇਤ ਕੀਤੀ। ਉਨ੍ਹਾਂ ਦੇ ਕਮਰੇ ਵਿੱਚ ਟਾਮੀ ਨਾ ਬੰਨ੍ਹਿਆ ਜਾਏ। ਕ੍ਰੋਧ ਵਿੱਚ ਆਉਣ ਤੇ ਉਹ ਉਨ੍ਹਾਂ ਉੱਤੇ ਵੀ ਝਪਟ ਸਕਦਾ ਹੈ। ਆਖਿਰ ਜਾਨਵਰ ਦਾ ਕੀ ਭਰੋਸਾ? ਨਰਿੰਦਰ ਨੇ ਉਨ੍ਹਾਂ ਦੇ ਇਸ ਇਤਰਾਜ਼ ਉਤੇ ਕੋਈ ਬਹਿਸ ਨਾ ਕੀਤੀ। ਟਾਮੀ ਨੂੰ ਪੈਸੇਜ ਵਿੱਚ ਬੰਨ੍ਹਣਾ ਸ਼ੁਰੂ ਕਰ ਦਿੱਤਾ। ਪਰ ਸੁਨੈਨਾ ਦੇ ਚਿਹਰੇ ਉਤੇ ਇਸ ਸੰਬੰਧੀ ਨਾਰਾਜ਼ਗੀ ਕਈ ਦਿਨ ਨਜ਼ਰ ਆਉਂਦੀ ਰਹੀ, ਜਿਵੇਂ ਬਾਬੂ ਜਸਵੰਤ ਸਿੰਘ ਨੇ ਆਉਂਦੇ ਹੀ ਟਾਮੀ ਨੂੰ ਘਰੋਂ ਕੱਢਵਾ ਦਿੱਤਾ ਹੋਵੇ। ਦਿਲ ਵਿੱਚ ਆਇਆ ਤਾਂ ਸਹੀ ਕਿ ਜ਼ਰਾ ਮੂੰਹਫੱਟ ਹੋ ਕੇ ਕਹਿ ਦੇਣ, ਉਸ ਦਾ ਕਮਰਾ ਘਰ ਵਿੱਚ ਸਭ ਤੋਂ ਵੱਡਾ ਕਮਰਾ ਹੈ, ਉੱਥੇ ਹੀ ਕਿਉਂ ਨਹੀਂ ਬੰਨ੍ਹ ਲੈਂਦੀ?

ਬਾਬੂ ਜਸਵੰਤ ਸਿੰਘ ਨੇ ਇਹ ਵੀ ਨੋਟ ਕੀਤਾ ਹੈ ਕਿ ਉਨ੍ਹਾਂ ਦੇ ਖ਼ਬਰਾਂ ਸੁਣਨ ਨਾਲ ਵੀ ਟਾਮੀ ਦੀ ਕੱਟੜ ਦੁਸ਼ਮਣੀ ਹੈ। ਬਾਅਦ ਵਿੱਚ ਜਾ ਕੇ ਸਮਝ ਆਇਆ ਕਿ ਦੁਸ਼ਮਣੀ ਖਬਰਾਂ ਤੋਂ ਨਹੀਂ। ਭਾਸ਼ਾ ਤੋਂ ਹੈ। ਅੰਗ੍ਰੇਜ਼ੀ ਖ਼ਬਰਾਂ ਲੱਗਣ 'ਤੇ ਉਹ ਕੁਰ-ਕੁਰ ਨਹੀਂ ਕਰਦਾ। ਉਨ੍ਹਾਂ ਵਲੋਂ 'ਆਜਤਕ' ਲੱਗਾਉਂਦੇ ਹੀ ਭਿੜਕਣ ਲੱਗਦਾ ਹੈ। ਬੜੀ ਮੁਸ਼ਕਿਲ ਨਾਲ ਹੀ ਮੁੱਖ-ਖਬਰਾਂ ਸੁਣ ਪਾਉਂਦੇ ਹਨ ਕਿ ਟਾਮੀ ਦੀ ਕੁਰ-ਕੁਰ ਭੌਂਕਣ ਵਿੱਚ ਤਬਦੀਲ ਹੋ ਬੈਠਕ ਵਿਚ ਆਤੰਕ ਫੈਲਾਉਣ ਲੱਗ ਪੈਂਦੀ ਹੈ। ਸੁਨੈਨਾ ਤੋਂ ਟਾਮੀ ਦੀ ਨਾਰਾਜ਼ਗੀ ਬਰਦਾਸ਼ਤ ਨਹੀਂ ਹੁੰਦੀ। ਦਖਲ ਦੇਂਦੀ ਹੋਈ ਉਨ੍ਹਾਂ ਨੂੰ ਟੋਕਦੀ ਹੈ, "ਕੋਈ ਮਿਊਜ਼ਿਕ ਚੈਨਲ ਲੱਗਾ ਦਿਓ ਨਾ ਬਾਬੂ ਜੀ। 'ਆਜਤਕ' ਦਾ ਕੀ ਹੈ। ਚੌਵੀ ਘੰਟੇ ਹੀ ਚਲਦਾ ਰਹਿੰਦਾ ਹੈ।'

ਰਿਮੋਟ ਸੌਂਫੇ ਉਤੇ ਹੀ ਰੱਖ ਨਾਰਾਜ਼ ਹੋ ਬਾਬੂ ਜਸਵੰਤ ਸਿੰਘ ਉੱਠ ਕੇ ਆਪਣੇ ਬਾਲਕੋਨੀ ਵਾਲੇ ਕਮਰੇ ਵਿਚ ਆ ਜਾਂਦੇ ਹਨ। "ਮਹਿਬੂਬ ਮੇਰੇ ਮਹਿਬੂਬ ਮੇਰੇ, ਤੇਰੀ ਆਂਖੇ ਸੇ ਮੁਝੇ ਪੀਨੇ ਦੇ" ਅਸ਼ਲੀਲ ਹਾਵ-ਭਾਵ ਵਾਲਾ ਗੀਤ ਉਨ੍ਹਾਂ ਦੀਆਂ ਅੱਖਾਂ ਅੱਗੇ ਘੁੰਮ ਜਾਂਦਾ ਹੈ। ਫਰਸ਼ 'ਤੇ ਪਸਰ ਕੇ ਅਗੱਲੀਆਂ ਲੱਤਾਂ 'ਤੇ ਚਿਹਰਾ ਟਿਕਾ ਉਹ ਮੁਗਧ ਹੋ ਸੁਸ਼ਿਮਤਾ ਸੇਨ ਦੀ ਮਾਦਕ ਖੂਬਸੂਰਤੀ ਵਿੱਚ ਗਵਾਚ ਜਾਂਦਾ ਹੈ। ਸਮਝ ਨਹੀਂ ਆਇਆ , ਨਾ ਹੀ ਕੋਈ ਉਨ੍ਹਾਂ ਨੂੰ ਸਮਝਾ ਸਕਿਆ ਕਿ ਜਿਹੜੀ ਭਾਸ਼ਾ ਟਾਮੀ ਨੂੰ ਖ਼ਬਰਾਂ ਵਿੱਚ ਨਹੀਂ ਜੱਚਦੀ ਸੁਸ਼ਿਮਤਾ ਸੈਨ ਦੀਆਂ ਅਦਾਵਾਂ ਵਿੱਚ ਕਿਵੇਂ ਚੰਗੀ ਲੱਗਦੀ ਹੈ?

ਪਹਿਲਾਂ ਟਾਮੀ ਨੂੰ ਫਾਰਿਗ ਕਰਵਾਉਣ ਮਗਰੋਂ ਬਾਬੂ ਜਸਵੰਤ ਸਿੰਘ ਸੈਰ ਕਰਦਿਆਂ ਵੀ ਉਸ ਨੂੰ ਆਪਣੇ ਨਾਲ ਹੀ ਰੱਖਦੇ ਸਨ। ਕਰਨਲ ਸਵਾਮੀ ਦੀ ਸਲਾਹ 'ਤੇ ਹੀ ਉਨ੍ਹਾਂ ਨੇ ਤੈਅ ਕੀਤਾ ਤੇ ਉਸ ਦਾ ਕਹਿਣਾ ਗਲਤ ਵੀ ਨਹੀਂ ਸੀ ਕਿ ਸੈਰ ਕਰਨ ਵੇਲੇ ਆਦਮੀ ਨੂੰ ਜਿਹੋ ਜਿਹੀ ਮਾਨਸਿਕ ਸ਼ਾਂਤੀ ਚਾਹੀਦਾ ਹੁੰਦੀ ਹੈ, ਉਸ ਨਾਲ ਉਹ ਸੰਭਵ ਨਹੀਂ। ਉਪਰੋਂ ਉਸ ਦੇ ਦੁੜੰਗੇ ਜੋ ਉਨ੍ਹਾਂ ਦੇ ਬੁਢਾਪੇ ਲਈ ਜਾਇਜ਼ ਨਹੀਂ। ਟਾਮੀ ਨੂੰ ਉਸ ਦੀ ਜ਼ਰੂਰਤ ਪੂਰੀ ਕਰਵਾ ਕੇ ਵਾਪਸ ਘਰ ਛੱਡ ਆਉਣਾ ਹੀ ਠੀਕ ਹੈ। ਉਸ ਦੀ ਖੇਡਾਂ ਲਈ ਘਰ ਦੇ ਜਵਾਨ ਮੈਂਬਰਾਂ ਨੂੰ ਅੱਗੇ ਆਉਣਾ ਚਾਹੀਦਾ ਹੈ। ਉਨ੍ਹਾਂ ਦੇ ਵੱਸ ਦਾ ਨਹੀਂ ਇਹ ਸਭ।

o o o

"ਔਹ ਹੋ, ਜ਼ਿਆਦਾ ਸੱਟ ਤਾਂ ਨਹੀਂ ਲੱਗੀ ਤੁਹਾਨੂੰ। ਠਹਿਰੋ, ਠਹਿਰੋ, ਉਠਣ ਦੀ ਜਲਦੀ ਨਾ ਕਰੋ। ਲਓ ਮੇਰਾ ਹੱਥ ਫੜ ਲਓ, ਝਿਝਕੋ ਨਾ। ਗੋਡਿਆ ਉਤੇ ਇਕਦਮ ਜ਼ੋਰ ਨਾ ਪਾਉ। ਹਾਂ, ਹੁਣ ਠੀਕ ਹੈ। ਮੋਢਾ ਪਕੜੋ ਮੇਰਾ। ਕੋਈ ਨਹੀਂ, ਮੋਢਾ ਨਹੀਂ ਟੁੱਟਦਾ ਮੇਰਾ। ਹਾਂ ਠੀਕ ! ਸਿੱਧੇ ਖੜੇ ਹੋਵੋ। ਹੂੰ... ਬਾਂਹ ਪਕੜੋ, ਦੋ-ਚਾਰ ਕਦਮ ਜ਼ਰਾ ਟੁਰ ਕੇ ਵਿਖਾਓ। ਹਾਂ, ਹੁਣ ਸਭ ਠੀਕ ਲੱਗ ਰਿਹਾ ਹੈ ਨਾ।"

ਹੱਥ ਵਧਾ ਕੇ ਅਜਨਬੀ ਨੇ ਉਨ੍ਹਾਂ ਦੇ ਕੁੜਤੇ ਪਿੱਛੇ ਲੱਗੀ ਮਿੱਟੀ ਤੇ ਘਾਹ ਫੂਸ ਦੇ ਤਿਣਕੇ ਝਾੜ ਦਿੱਤੇ। ਕੁੜਤਾ ਚੁੱਕ ਕੇ ਗ਼ੌਰ ਨਾਲ ਦੇਖਿਆ। ਪਜ਼ਾਮੇ ਦੀ ਰਗੜ ਤੋਂ ਸਾਫ਼ ਪਤਾ ਲੱਗ ਰਿਹਾ ਸੀ ਕਿ

ਰੋੜੀ’ਤੇ ਡਿੱਗਣ ਕਾਰਣ ਪਿੰਡੇ ਪਿੱਛਲਾ ਹਿੱਸਾ ਜ਼ਰੂਰ ਛਿਲਿਆ ਗਿਆ ਹੋਣਾ ਹੈ।

ਇਸ ਗੱਲੋਂ ਅਜਨਬੀ ਨੂੰ ਤਸੱਲੀ ਹੋਈ ਕਿ ਕੋਈ ਅੰਦਰੂਨੀ ਸੱਟ ਨਹੀਂ ਆਈ ਸੀ। ਜੇ ਆਈ ਹੁੰਦੀ ਤਾਂ ਉਹ ਚਾਰ ਕਦਮ ਵੀ ਨਾ ਚਲ ਪਾਉਂਦੇ। ਸੱਟ ਦੀ ਪੀੜ ਕਾਰਣ ਕਦਮ ਪੱਟਿਆ ਹੀ ਨਹੀਂ ਜਾਣਾ ਸੀ।

ਗਲੇ ਵਿੱਚ ਸੰਗਲੀ ਲਟਕਾਏ ਦੂਰ ਖੜੇ, ਅੱਖਾਂ ਝਪਕਾਉਂਦੇ ਤਮਾਸ਼ਾ ਵੇਖ ਰਹੇ ਟਾਮੀ ਨੂੰ ਦੇਖ ਅੱਗ ਲੱਗ ਗਈ ਬਾਬੂ ਜਸਵੰਤ ਸਿੰਘ ਨੂੰ। ਦਿਲ ਕੀਤਾ, ਅਜਨਬੀ ਦਾ ਲਿਹਾਜ਼ ਛੱਡ, ਪੱਥਰ ਚੁੱਕ ਕੇ ਇਸ ਹਰਾਮਜ਼ਾਦੇ ਦੀ ਗਰਦਨ ’ਤੇ ਦੇ ਮਾਰਨ।

“ਕਮਾਲ ਕਰਦੇ ਹੋ ਜੀ ਤੁਸੀਂ, ਭਲਾ ਚੱਪਲ ਪਾ ਕੇ ਕੋਈ, ਸੈਰ ਕਰਨ ਜਾਂਦਾ ਹੈ? ਹੱਡੀਆਂ ਤੁੜਵਾਉਣ ਦਾ ਸੌਕ ਹੋਵੇ ਤਾਂ ਵੱਖਰੀ ਗੱਲ ਹੈ। ਉਪਰੋਂ ਤਾਣ ਕਰਦੀ ਗੋਲੀ ਨਾਲ ਲੈ ਕੇ ਘੁੰਮ ਰਹੇ ਹੋ।” ਅਜਨਬੀ ਨੇ ਵਿਅੰਗ ਕੀਤਾ।

“ਠੀਕ ਹੈ, ਤੁਹਾਡੀ ਗੱਲ ਆਪਣੀ ਥਾਂ ’ਤੇ ਠੀਕ ਹੈ, ਦੋਸਤ। ਪਰ ਐਨਾ ਤਾਂ ਕਰ ਹੀ ਸਕਦੇ ਹੋ ਕਿ–ਫਾਰਿਗ ਕਰਵਾ ਕੇ ਇਸ ਨੂੰ ਵਾਪਸ ਛੱਡ ਆਓ?”

“ਘਰ ਦੂਰ ਏਂ? ਅਜਨਬੀ ਨੂੰ ਜਿਗਿਆਸਾ ਹੋਈ।

“ਹੱਛਾ ਹੱਛਾ, ਗਲੈਕਸੋ ਵਿੱਚ ਰਹਿੰਦੇ ਹੋ? ਉਹ ਤਾਂ ਨੇੜੇ ਹੀ ਹੈ। ਚਲੋ ਮੈਂ ਤੁਹਾਨੂੰ ਘਰ ਤਕ ਛੱਡ ਆਉਂਦਾ ਹਾਂ।” ਉਨ੍ਹਾਂ ਨੇ ਇਸ਼ਾਰੇ ਨੂੰ ਅਜਨਬੀ ਨੇ ਸਮਝ ਲਿਆ।

ਜਿਸਮ ਹਿਲਿਆ ਪਿਆ ਸੀ। ਬਾਬੂ ਜਸਵੰਤ ਸਿੰਘ ਨੇ ਮਨ੍ਹਾਂ ਨਾ ਕੀਤਾ। ਦੇਖ ਕੇ ਮਜ਼ਾ ਆ ਗਿਆ, ਅਜਨਬੀ ਦੇ ਹੱਥ ਵਿੱਚ ਸੰਗਲੀ ਆਉਣ ਨਾਲ ਟਾਮੀ ਛੇੜਛਾੜ ਛੱਡ ਇਕਦਮ ਸਾਊ ਬਣ ਗਿਆ। ਬਦਮਾਸ਼।

“ਤੁਹਾਡੇ ਘਰ ਕੋਲ ਕੋਈ ਮਾਰਕੀਟ ਨਹੀਂ! ਹੋਵੇ ਤਾਂ ਸ਼ਾਮ ਨੂੰ ਇਕ ਵਧੀਆ ਜਿਹਾ ‘ਸਪੈਰਟ ਸ਼ੂ’ ਲੈ ਆਓ।”

ਉਨ੍ਹਾਂ ਦੇ ਦੱਸਣ ’ਤੇ ਕਿ ਉਨ੍ਹਾਂ ਨੂੰ ਆਲੇ–ਦੁਆਲੇ ਦੇ ਬਜ਼ਾਰਾਂ ਬਾਰੇ ਕੋਈ ਖ਼ਾਸ ਪਤਾ ਨਹੀਂ, ਨਾ ਹੀ ਨਿਰਮਾਣ ਵਿਹਾਰ ਨਾਲ ਸੱਟੀ ਮਾਰਕੀਟ ਵਿੱਚ ਉਨ੍ਹਾਂ ਨੂੰ ਜੁੱਤਿਆਂ ਦੀ ਕੋਈ ਦੁਕਾਨ ਨਜ਼ਰ ਆਈ ਹੈ। ਅਜਨਬੀ ਨੇ ਉਨ੍ਹਾਂ ਤੋਂ ਉਨ੍ਹਾਂ ਦੇ ਜੁੱਤੇ ਦਾ ਨੰਬਰ ਪੁੱਛਿਆ। ਝਿਝਕਦੇ ਹੋਏ ਬਾਬੂ ਜਸਵੰਤ ਸਿੰਘ ਨੇ ਜਵਾਬ ਦਿੱਤਾ ਕਿ ਬਹੁਤ ਪਹਿਲਾਂ ਉਨ੍ਹਾਂ ਦੇ ਜੁੱਤਿਆਂ ਦਾ ਨੰਬਰ ਸੱਤ ਸੀ, ਹੁਣ ਦਾ ਪਤਾ ਨਹੀਂ। ਉਨ੍ਹਾਂ ਦਾ ਜਵਾਬ ਸੁਣ ਅਜਨਬੀ ਨੇ ਜ਼ੋਰ ਦਾ ਠਹਾਕਾ ਲੱਗਾਇਆ ਕਿਹੋ ਜਿਹੀ ਨਾਸਮਝੀ ਵਾਲੀ ਗੱਲ ਕਰ ਰਹੇ ਹਨ ਉਹ। ਭਲਾ ਉਹ ਕੋਈ ਵਾਧੇ ਵਾਲੇ ਬੱਚੇ ਹਨ ਜੋ ਹੁਣ ਉਨ੍ਹਾਂ ਦੇ ਜੁੱਤੇ ਦਾ ਨੰਬਰ ਬਦਲ ਗਿਆ ਹੋਣਾ ਹੈ। ਸੱਤ ਸੀ ਸੱਤ ਹੀ ਹੋਏਗਾ।

ਅਜਨਬੀ ਨੇ ਇਹ ਜਾਨਣ ਵਿੱਚ ਉਤਸੁਕਤਾ ਵਿਖਾਈ, ਕਿ ਉਹ ਹਮੇਸ਼ਾ ਉਸੇ ਪਾਸੇ ਵੱਲ ਸੈਰ ਕਰਨ ਲਈ ਆਉਂਦੇ ਹਨ? ਕਿਉਂਕਿ ਅੱਜ ਤੋਂ ਪਹਿਲਾਂ ਉਨ੍ਹਾਂ ਨੂੰ ਕਦੇ ਇਸ ਪਾਸੇ ਵੇਖਿਆ ਨਹੀਂ ਸੀ।

ਬਾਬੂ ਜਸਵੰਤ ਸਿੰਘ ਨੇ ਸਫ਼ਾਈ ਦਿੱਤੀ। ਉਹ ਪਹਿਲੀ ਵਾਰ ਹੀ ਇਸ ਪਾਸੇ ਸੈਰ ਕਰਨ ਲਈ ਆਏ ਹਨ। ਅਸਲ ਵਿੱਚ, ਟਾਮੀ ਨੂੰ ਫਾਰਿਗ ਕਰਵਾਉਣ ਅਤੇ ਘੁੰਮਾਉਣ ਲਈ ਘਰ ਦੇ ਨੇੜਲੇ ਵਿਸ਼ਾਲ ਪਾਰਕ ਵਿੱਚ ਹੀ ਜਾਂਦੇ ਹੁੰਦੇ ਸਨ। ਕੱਲ੍ਹ ਅਚਾਨਕ ਮਾਲੀ ਦੀ ਨਜ਼ਰ ਉਨ੍ਹਾਂ ਉਤੇ ਪੈ ਗਈ। ਉਹ ਨੇ ਉਨ੍ਹਾਂ ਨੂੰ ਟੋਕ ਦਿੱਤਾ–ਸਾਹਬ, ਪਾਰਕ ਬੱਚਿਆਂ ਦੇ ਖੇਡਣ ਲਈ ਹੈ, ਕੁੱਤੇ ਬਿੱਲੀਆਂ ਨੂੰ ਟੱਟੀ ਪੇਸ਼ਾਬ ਕਰਵਾਉਣ ਲਈ ਨਹੀਂ। ਸ਼ਿਕਾਇਤ ਦਰਜ਼ ਕਰਵਾਉਣ ’ਤੇ ਉਨ੍ਹਾਂ ਉਤੇ ਜੁਰਮਾਨਾ ਵੀ ਲੱਗ ਸਕਦਾ ਹੈ। ਗਲੈਕਸੀ ਦੀ ਪੁਲੀ ਦੀ ਢਲਾਣ ਨੇੜੇ ਪਹੁੰਚ ਬਾਬੂ ਜਸਵੰਤ ਸਿੰਘ ਕ੍ਰਿਤੱਗ ਹੋ ਕੇ ਠਹਿਰ ਗਏ। ਅਜਨਬੀ ਦੇ ਹੱਥੋਂ ਟਾਮੀ ਦੀ ਜੰਜੀਰ ਫੜਨ ਲਈ ਅੱਗੇ ਵਧੇ। ਅਜਨਬੀ ਨੇ ਮਜ਼ਾਕ ਕੀਤਾ। ਉਹ ਘਬਰਾਉਣ ਨਹੀਂ। ਉਨ੍ਹਾਂ ਦੇ ਘਰ ਨਾਸ਼ਤਾ–ਪਾਣੀ ਕਰਨ ਦਾ ਉਨ੍ਹਾਂ ਦਾ ਕੋਈ ਇਰਾਦਾ ਨਹੀਂ ਹੈ। ਪੁਲੀ ਨਾਲ ਜੁੜੀ ਢਲਾਣ ਦਾ ਅੱਗੜ–ਪਿੱਛੜ ਜਿਹਾ ਰਾਹ ਵੇਖ ਕੇ ਉਨ੍ਹਾਂ ਦਾ ਮਨ ਨਹੀਂ ਕਰ ਰਿਹਾ ਕਿ ਉਹ ਉਨ੍ਹਾਂ ਨੂੰ ਇੱਥੇ ਹੀ ਛੱਡ ਕੇ ਵਾਪਸ ਮੁੜ ਜਾਣਾ। ਉਹ ਉਸ ਦੀ ਚਿੰਤਾ ਨਾ ਕਰਨ। ਉਨ੍ਹਾਂ ਨੂੰ ਸੁਰੱਖਿਅਤ ਗੇਟ ਤਕ ਪਹੁੰਚਾਏ ਬਿਨਾਂ ਉਹ ਜਾਣ ਵਾਲੇ ਨਹੀਂ। ਇਕ ਕੰਮ ਉਹ ਜ਼ਰੂਰ ਕਰਨ। ਉਨ੍ਹਾਂ ਦੇ ਘਰ ਬੱਚੇ ਹਨ? ਬੱਚੇ ਹੋਣਗੇ ਤਾਂ ਘਰ ਵਿੱਚ



‘ਅਨਰਿਕਾ’ ਵੀ ਜ਼ਰੂਰ ਹੋਏਗੀ। ਹੋ ਸਕੇ ਤਾਂ ਘਰ ਪਹੁੰਚਦੇ ਹੀ ਅਨਰਿਕਾ ਦੀ ਪੰਜ–ਛੇ ਗੋਲੀਆਂ ਝੱਟ ਹੀ ਮੂੰਹ ਵਿੱਚ ਪਾ ਲੈਣ। ਦਿਨ ਵਿੱਚ ਤਿੰਨ ਚਾਰ ਵਾਰ ਜ਼ਰੂਰ ਹੀ ਲੈ ਲੈਣ। ਅੰਦਰੂਨੀ ਸੱਟ ਹੋਈ ਤਾਂ ਸ਼ਾਮ ਤੱਕ ਆਰਾਮ ਆ ਜਾਏਗਾ। ਘਰ ਵਿੱਚ ਨਾ ਹੋਵੇ ਤਾਂ ਕਿਸੇ ਨੂੰ ਕਹਿ ਕੇ ਮੰਗਣਾ ਲੈਣ। ‘ਅਨਰਿਕਾ–30’

ਗੇਟ ਨੇੜੇ ਪਹੁੰਚ ਕੇ ਬਾਬੂ ਜਸਵੰਤ ਸਿੰਘ ਦਾ ਮਨ ਕੀਤਾ ਕਿ ਉਹ ਅਜਨਬੀ ਨੂੰ ਘਰ ਬੁਲਾ ਕੇ ਇਕ ਕੱਪ ਕਾਫੀ ਪੀਣ ਦਾ ਸੱਦਾ ਦੇ ਦੇਣ। ਪਰ ਸੱਦਾ ਦੇਣ ਦੀ ਹਿੰਮਤ ਨਾ ਪਈ। ਇਸ ਵੇਲੇ ਸੁਨੈਨਾ ਮਲਏ–ਨਿਲਏ ਨੂੰ ਸਕੂਲ ਭੇਜਣ ਦੀ ਤਿਆਰੀ ਵਿੱਚ ਰੁੱਝੀ ਹੋਏਗੀ। ਰਸੋਈ ਦੇ ਸਾਰੇ ਭੂਗੋਲ ਤੋਂ ਉਹ ਐਨੇ ਓਪਰੇ ਹਨ ਕਿ ਆਪ ਅੱਗੇ ਵੱਧ ਕੇ ਦੋ ਕੱਪ ਕਾਫੀ ਨਹੀਂ ਬਣਾ ਸਕਦੇ। ਕਾਨਪੁਰ ਤੋਂ ਦਿੱਲੀ ਆਏ, ਉਨ੍ਹਾਂ ਨੂੰ ਇਕ ਅਰਸਾ ਹੋ ਗਿਆ ਹੈ। ਘਰ ਦੀ ਦਹਿਲੀਜ਼ ਤੋਂ ਅੰਦਰ ਦਾਖ਼ਿਲ ਹੁੰਦੇ ਹੀ ਉਹ ਆਪਣੇ ਆਪ ਨੂੰ ਇਕ ਓਪਰਾ ਤੇ ਅਜਨਬੀ ਹੀ ਮਹਿਸੂਸ ਕਰਦੇ ਹਨ। ਕਿਵੇਂ ਕਹਿਣ!

“ਤੁਸੀਂ ਕਿਸੇ ਫਾਰਮੈਲਟੀ ਵਿੱਚ ਨਾ ਪਓ।” ਅਜਨਬੀ ਨੇ ਉਨ੍ਹਾਂ ਦੀ ਦੁਬਿਧਾ ਨੂੰ ਤਾੜ ਲਿਆ। “ਫਿਰ ਬੈਠਾਂਗੇ, ਕਿਸੇ ਦਿਨ।”

“ਹੁਣ ਇਜਾਜ਼ਾਤ ਦਿਓ। ਕੱਲ੍ਹ ਸਵੇਰੇ ਮਿਲਦੇ ਹਾਂ। ਉਸੇ ਮਯੂਰ ਵਿਹਾਰ ਵਾਲੀ ਪੁਲੀ ਨੇੜੇ। ਠੀਕ ਸਵਾ ਛੇ–ਸਾਢੇ ਛੇ ਦਰਮਿਆਨ।”

“ਇਸ ਲਾਡਲੇ ਨੂੰ ਘਰ ਛੱਡ ਕੇ ਹੀ ਆਉਣਾ।”

“ਬਾਏ ਕਿ ਵੇਅ.. ਮੈਨੂੰ ਵਿਸ਼ਨੂੰ ਨਾਰਾਇਣ ਸਵਾਮੀ ਕਹਿੰਦੇ ਹਨ–ਰਿਟਾਇਡ ਕਰਨਲ ਸਵਾਮੀ ਨੌਇਡਾ ਵਿੱਚ ਰਹਿੰਦਾ ਮੈਂ। ਛੱਬੀ ਸੈਕਟਰ ਵਿੱਚ। ਘੁੰਮਣ ਤੁਹਾਡੇ ਹੀ ਪਾਸੇ ਆਉਂਦਾ ਹਾਂ। ਜਮੁਨਾ ਕੰਢੇ ਲਹਿਰਾਉਂਦੇ ਖੇਤ ਹੀ ਮੈਨੂੰ ਇਸ ਪਾਸੇ ਖਿਚ ਲਿਆਉਂਦੇ ਹਨ। ਖੇਤਾਂ ਵਿਚ ਖੜੀ ਗੰਨੇ ਦੀ ਫਸਲ ਦੀ ਮਿੱਠੀ ਮਹਿਕ ਨੌਇਡਾ ਵਿੱਚ ਦੁਰਲੱਭ ਹੀ ਹੈ।”

ਬਾਬੂ ਜਸਵੰਤ ਸਿੰਘ ਦੀ ਝਿਝਕ ਦੂਰ ਹੋਈ।

“ਮੈਂ ਹਾਂ ਰਿਟਾਇਡ ਸਿਵਿਲ ਇੰਜਨੀਅਰ ਜਸਵੰਤ ਸਿੰਘ। ਪੁੱਤਰ–ਨੂੰਹ ਨਾਲ ਗਲੈਕਸੋ ਵਿਚ ਹੀ ਰਹਿੰਦਾ ਹਾਂ। ਧੰਨਵਾਦੀ ਹਾਂ...।”

“ਬਸ, ਬਸ। ਇਸ ਦੀ ਲੋੜ ਨਹੀਂ ਦੋਸਤ। ਮੈਨੂੰ ਪੂਰੀ ਉਮੀਦ ਹੈ ਕਿ ਕੱਲ੍ਹ ਸਵੇਰੇ ਠੀਕ ਠਾਕ ਉਸੇ ਪੁਲੀ ਉਤੇ ਮਿਲਾਂਗੇ। ਅਨਰਿਕਾ ਜ਼ਰੂਰ ਲੈ ਲੈਣਾ। ਚਲਦਾ ਹਾਂ!” ਗਰਮਜੋਸ਼ੀ ਨਾਲ ਹੱਥ ਮਿਲਾ ਕਰਨਲ ਸਵਾਮੀ ਵਾਪਸ ਮੁੜ ਗਏ।

ਗੇਟ ’ਤੇ ਖੜੇ, ਉਹ ਬੜੀ ਦੇਰ ਤਕ ਉਨ੍ਹਾਂ ਦੀ ਪਿੱਠ ਵੱਲ ਵੇਖਦੇ ਰਹੇ, ਜਦੋਂ ਤੱਕ ਉਨ੍ਹਾਂ ਦੀ ਪਿੱਠ ਅੱਖਾਂ ਤੋਂ ਓਹਲੇ ਨਾ ਹੋ ਗਈ।

... ਤੇ ਇਸ ਵੇਲੇ ਉਹ ਉਸੇ ਪੁਲੀ ’ਤੇ ਖੜੇ ਕਰਨਲ ਸਵਾਮੀ ਦੀ ਉਡੀਕ ਕਰ ਰਹੇ ਸਨ...।

## ਜੁੱਤੀ

ਟਾਮੀ ਤੋਂ ਬੋਰੀਅਤ ਬਰਦਾਸ਼ਤ ਨਹੀਂ ਹੋ ਰਹੀ ਸੀ। ਖਿੱਝ ਕੇ ਕਦੇ ਉਹ ਉਨ੍ਹਾਂ ਉਤੇ ਭੌਂਕਣਾ ਸ਼ੁਰੂ ਕਰ ਦਿੰਦਾ, ਕਦੇ ਸੜਕ ਵੱਲ ਮੂੰਹ ਕਰ ਕੇ ਆਉਣ–ਜਾਣ ਵਾਲੀਆਂ ਸਵਾਰੀਆਂ ਉਤੇ।

ਪੁਚਕਾਰਿਆ ਉਸ ਨੂੰ। ਬਥੇਰਾ ਸਮਝਾਇਆ। ਐਨੀ ਦੇਰ ਸਬਰ ਕੀਤਾ ਤਾਂ ਕੁਝ ਦੇਰ ਹੋਰ ਥੋੜਾ ਭਲਾਮਾਨਸ ਬਣਿਆ ਰਹੇ। ਉਨ੍ਹਾਂ ਦੀ ਪਰੇਸ਼ਾਨੀ ਵੀ ਜ਼ਰਾ ਵਿਚਾਰ ਲਵੇ। ਉਨ੍ਹਾਂ ਨੂੰ ਕੀ ਮਹਿਸੂਸ ਹੋ ਰਿਹਾ ਹੈ। ਉਹ ਵੀ ਘੱਟ ਬੇਚੈਨ ਨਹੀਂ ਹੋ ਰਹੇ ਕਿ ਕਰਨਲ ਸਵਾਮੀ ਅਜੇ ਤਕ ਪਹੁੰਚੇ ਕਿਉਂ ਨਹੀਂ? ਉਨ੍ਹਾਂ ਦੀ ਮੁਸ਼ਕਿਲ ਇਹ ਹੈ ਕਿ ਉਹ ਕਿਸੇ ਵੀ ਹਾਲਤ ਵਿੱਚ ਪੁਲੀ ਛੱਡ ਕੇ ਨਹੀਂ ਜਾ ਸਕਦੇ। ਪੁਲੀ ਛੱਡ ਕੇ ਜਾਣ ਦਾ ਮਤਲਬ ਹੋਏਗਾ–ਕਰਨਲ ਸਵਾਮੀ ਨੂੰ ਮਿਸ ਕਰਨਾ। ਉਨ੍ਹਾਂ ਦੇ ਨਜ਼ਰ ਨਾ ਆਉਣ ਤੇ ਕਿੱਧਰੇ ਕਰਨਲ ਸਵਾਮੀ ਨੂੰ ਇਹ ਭੁਲੇਖਾ ਨਾ ਲੱਗ ਜਾਏ ਕਿ ਅੱਜ ਉਹ ਸੈਰ ਕਰਨ ਆਏ ਹੀ ਨਹੀਂ। ਰਜ਼ਾਈ ਦੀ ਨਿੱਘ ਛੱਡਣਾ ਕੋਈ ਆਸਾਨ ਗੱਲ ਨਹੀਂ। ਕਮਜ਼ੋਰ ਮਨ ਵਾਲਿਆਂ ਲਈ ਤਾਂ ਇਹ ਬਿਲਕੁਲ ਸੰਭਵ ਨਹੀਂ। ਉਨ੍ਹਾਂ ਬਾਰੇ ਵੀ ਇਹੀ ਕਿਹਾ ਜਾ ਸਕਦਾ ਹੈ।

ਬਾਬੂ ਜਸਵੰਤ ਸਿੰਘ ਨੂੰ ਇਹ ਦੇਖ ਕੇ ਖ਼ੁਸ਼ੀ ਹੋਈ ਕਿ ਉਨ੍ਹਾਂ ਦੇ ਪੁਚਕਾਉਣ ਨਾਲ ਟਾਮੀ ਉਤੇ ਮਾਮੂਲੀ ਅਸਰ ਹੋਇਆ, ਜਿਸ ਦੀ ਉਨ੍ਹਾਂ ਨੂੰ ਭੋਰਾ ਵੀ ਉਮੀਦ ਨਹੀਂ ਸੀ। ਟਾਮੀ ਨੇ ਭੌਂਕਣਾ ਬੰਦ ਕਰ ਦਿੱਤਾ। ਚਲੋ, ਤਾਂ ਲਿਹਾਜ਼ ਕੀਤਾ। ਪਠੇ ਨੇ ਸੋਚਿਆ ਹੋਣਾ, ਲਿਹਾਜ਼ ਕਰਨਾ ਹੀ ਠੀਕ ਰਹੇਗਾ। ਆਖਿਰ ਤਣੇ ਰਹਿਣ ਦੇ ਬਾਵਜੂਦ ਇਕ ਉਹੀ ਹਨ ਜੋ ਨੇਮ ਨਾਲ ਦੋਵੇਂ ਵੇਲੇ ਉਸ ਨੂੰ ਘੁੰਮਾਉਣ ਲੈ ਜਾਂਦੇ ਹਨ। ਨਾਸਾਂ ਵਿੱਚ ਖੁਲ੍ਹੀ ਹਵਾ, ਖੁਲ੍ਹੇ ਅਸਮਾਨ ਹੇਠ ਖੁਲ੍ਹੀ ਧਰਤੀ ਉਤੇ ਦੁੜੰਗੇ ਲਾਉਣ ਦਾ ਸੁਯੋਗ ਉਨ੍ਹਾਂ ਕਾਰਣ ਹੀ ਸੰਭਵ ਹੁੰਦਾ ਹੈ। ਉਨ੍ਹਾਂ ਦੀ ਇੱਛਾ ਦੇ ਨਤੀਜੇ ਮਾੜੇ ਹੋ ਸਕਦੇ ਹਨ। ਪਰ ਉਨ੍ਹਾਂ ਨੂੰ ਇਸ ਗੱਲ ਦਾ ਬੜਾ ਦੁੱਖ ਹੈ ਕਿ ਉਨ੍ਹਾਂ ਦਾ ਕੋਈ ਵੀ ਮਾਮਲਾ ਅੱਖ ਦੇ ਫ਼ੋਰ ਜਿੰਨੇ ਸੁਖ ਤੋਂ ਵੱਧ ਨਹੀਂ ਰਹਿੰਦਾ। ਟਾਮੀ ਦਾ ਮਨ ਵਿਦ੍ਰੋਹੀ ਹੋਣ ਲੱਗਾ। ਮਨ ਕੀਤਾ ਬੁੱਢੇ ਦੇ ਹੱਥੋਂ ਜੰਜ਼ੀਰ ਖਿਚ ਉਨ੍ਹਾਂ ਨੂੰ ਧੱਕਾ ਦੇ ਤੇਜ਼ ਛਾਲਾਂ ਮਾਰਦਾ ਭੱਜ ਜਾਏ। ਮੇਰੇ ਵੱਲ ਵੇਖਦਾ ਹੀ ਨਹੀਂ। ਹਰੀਸ਼ ਚੰਦਰ ਬਣਿਆ ਬੁੱਢਾ ਘੱਟ ਠਰਕੀ ਨਹੀਂ। ਉਸ ਨੇ ਅਕਸਰ ਹੀ ਮਹਿਸੂਸ ਕੀਤਾ ਹੈ। ਯੂਨਾਇਟੇਡ ਅਪਾਟਮੈਂਟਸ ਨਾਲ ਸੱਟਿਆ ਬਦਬੂਦਾਰ ਕੂੜਾਘਰ ਕੋਈ ਉਸ ਦੇ ਮੂਤਣ ਦੀ ਥਾਂ ਹੈ? ਪਰ ਜ਼ਿੱਦੀ ਬੁੱਢਾ ਜ਼ਬਰਦਸਤੀ ਉਸ ਨੂੰ ਅੱਗੇ ਵੱਧਣ ਹੀ ਨਹੀਂ ਦਿੰਦਾ। ਅਜਿਹਾ ਉਦੋਂ ਹੀ ਹੁੰਦਾ ਹੈ ਜਦੋਂ ਸ਼ਾਮ ਵੇਲੇ ਜੀਨਸ ਵਿੱਚ ਕੱਸੀਆਂ ਖਿੜ ਖਿੜਾਉਂਦੀਆਂ ਕੁੜੀਆਂ ਦਾ ਟੋਲਾ ਗੱਲਾਂ ਮਾਰਦਾ ਯੂਨਾਇਟੇਡ ਤੋਂ ਨਿਕਲ ਕੇ ਸਮਾਚਾਰ ਦੇ ਗੇਟ ਕੋਲ ਖੜੇ ਆਈਸਕ੍ਰੀਮ ਦੇ ਠੇਲੇ ਵੱਲ ਵੱਧ ਰਿਹਾ ਹੁੰਦਾ ਹੈ। ਮਜਬੂਰਨ ਉਸ ਨੂੰ ਉਥੇ ਹੀ ਲੱਤਾਂ ਚੁੱਕਣੀਆਂ ਪੈਂਦੀਆਂ ਹਨ। ਉਸ ਨੂੰ ਇਹ ਪਤਾ ਹੈ ਕਿ ਬੁੱਢਾ ਉਸ ਥਾਂ ਤੋਂ ਉਦੋਂ ਤਕ ਨਹੀਂ ਹਿਲੇਗਾ ਜਦੋਂ ਤਕ ਕਿ ਕੁੜੀਆਂ ਦਾ ਉਹ ਟੋਲਾ ਆਈਸਕ੍ਰੀਮ ਚੱਟਦਾ ਉਸ ਦੇ ਨੇੜਿਓਂ ਲੰਘ ਨਹੀਂ ਜਾਏਗਾ।

ਉਸ ਨੂੰ ਕਾਬੂ ਵਿੱਚ ਰੱਖਣ ਲਈ ਬੁੱਢਾ ਹੁਣ ਮੂੰਹੋਂ ਡਾਂਟਣ-ਝਿੜਕਨ ਦੀ ਥਾਂ ਸੋਟੀ ਤੋਂ ਕੰਮ ਲੈਣ ਲੱਗ ਪਿਆ ਹੈ। ਸੋਟੀ ਲਏ ਬਗੈਰ ਉਹ ਉਸ ਨੂੰ ਲੈ ਕੇ ਨਿਕਲਦਾ ਹੀ ਨਹੀਂ।

ਬਾਬੂ ਜਸਵੰਤ ਸਿੰਘ ਸੱਜੇ ਪਾਸੇ ਵੱਲ ਇਕਟਕ ਦੇਖਦੇ ਹੋਏ ਅਚਾਨਕ ਪੁਲੀ ਤੋਂ ਉੱਠ ਕੇ ਖਲੋ ਗਏ। ਉਨ੍ਹਾਂ ਦੇ ਮੁਰਜਾਏ ਹੋਏ ਚਿਹਰੇ ਦੇ ਭਾਵ ਬਦਲਣ ਲੱਗ ਪਏ। ਦੂਰ ਨੋਇਡਾ ਵਲੋਂ ਕੁਝ ਧੁੰਧਲੇ ਆਕਾਰ ਤੇਜ਼ੀ ਨਾਲ ਜੋਗਿੰਗ ਕਰਦੇ ਇਸ ਪਾਸੇ ਵੱਲ ਆਉਂਦੇ ਦਿੱਸੇ। ਉਨ੍ਹਾਂ ਨੂੰ ਲੱਗਾ ਕਿ ਉਨ੍ਹਾਂ ਆਕਾਰਾਂ ਵਿਚੋਂ ਜਿਹੜਾ ਸਭ ਤੋਂ ਅੱਗੇ ਆ ਰਿਹਾ ਹੈ, ਉਸ ਦੀ ਚੁਸਤੀ ਅਤੇ ਤੇਜ਼ੀ ਵੇਖ ਇਹੀ ਅਨੁਮਾਨ ਹੋ ਰਿਹਾ ਸੀ ਕਿ ਉਹ ਕਰਨਲ ਸਵਾਮੀ ਹੀ ਹੈ। ਬਾਕੀਆਂ ਨੂੰ ਪਿੱਛੇ ਛੱਡਦਾ ਹੋਇਆ। ਉਨ੍ਹਾਂ ਨੂੰ ਅਫਸੋਸ ਹੋਇਆ ਕਿ ਉਹ ਉਸ ਅਕਾਰ ਨੂੰ ਸਾਫ ਪਛਾਣ ਕਿਉਂ ਨਹੀਂ ਰਹੇ। ਉਨ੍ਹਾਂ ਦੀ ਦੂਰ ਦੀ ਨਿਗਾਹ ਕਮਜ਼ੋਰ ਤਾਂ ਨਹੀਂ ਹੋ ਰਹੀ? ਅਗਲੇ ਹੀ ਪਲ ਆਪਣੇ ਉਤਾਵਲੇਪਨ ਤੇ ਬਾਬੂ ਜਸਵੰਤ ਸਿੰਘ ਮਨ ਦੀ ਮਨ ਹੱਸ ਪਏ। ਨਿਗਾਹ ਦਾ ਰੋਣਾ ਛੱਡ ਕੇ ਉਨ੍ਹਾਂ ਨੂੰ ਸਬਰ ਤੋਂ ਕੰਮ ਲੈਣਾ ਚਾਹੀਦਾ ਹੈ। ਕਰਨਲ ਸਵਾਮੀ ਆ ਹੀ ਰਹੇ ਹਨ। ਪਰ ਨੇੜੇ ਹੋਰ ਨੇੜੇ ਆਉਂਦੇ ਆਕਾਰ ਨੇ ਉਮੀਦ ਉਤੇ ਪਾਣੀ ਫੇਰ ਦਿੱਤਾ। ਨਵੰਬਰ ਦੇ ਆਖਰੀ ਦਿਨਾਂ ਵਿੱਚ ਵੀ ਕਰਨਲ ਸੁਵਾਮੀ ਚਿੱਟੀ ਦੁੱਧ ਹਾਫ਼ ਪੈਂਟ ਅਤੇ ਟੀ-ਸ਼ਰਟ ਵਿੱਚ ਹੀ ਨਜ਼ਰ ਆਏ। ਵੱਧਦੀ ਆਉਂਦੇ ਆਕਾਰ ਨੇ ਜੋਗਿੰਗ ਸੂਟ ਪਾਇਆ ਹੋਇਆ ਹੈ। ਉਹ ਵੀ ਕੁਝ ਕਾਲਾ ਜਿਹਾ ਜੋ ਉਹ ਕਦੇ ਨਹੀਂ ਪਾ ਸਕਦੇ। ਸਗੋਂ ਉਨ੍ਹਾਂ ਨੇ ਤਾਂ ਉਨ੍ਹਾਂ ਅੰਦਰ ਸੁੱਤੇ ਪਏ ਪਸੰਦ -ਨਾ ਪਸੰਦ ਦੇ ਕੀਟਾਣੂਆਂ ਨੂੰ ਵੀ ਜਗਾ ਦਿੱਤਾ ਹੈ।

ਉਨ੍ਹਾਂ ਅੰਦਰ ਆਉਂਦੇ ਬਦਲਾਵਾਂ ਨੂੰ ਸੁਨੈਨਾ ਵੀ ਨੋਟਿਸ ਕਰ ਰਹੀ ਸੀ।

ਪਹਿਲਾਂ ਉਨ੍ਹਾਂ ਦੀ ਸੈਰ ਦਾ ਸਮਾਂ ਨਿਰਧਾਰਿਤ ਨਹੀਂ ਹੁੰਦਾ ਸੀ। ਨੀਂਦਰ ਖੁਲ੍ਹਣ ਅਤੇ ਫਾਰਿਗ ਹੋਣ ਤੇ ਤੁਰ ਪੈਂਦੇ ਸਨ। ਹੁਣ ਬਕਾਇਦਾ ਰਾਤ ਵੇਲੇ ਅਲਾਰਮ ਲੱਗਾ ਕੇ ਰੱਖਿਆ ਜਾਂਦਾ ਸੀ। ਟਾਮੀ ਪ੍ਰਤੀ ਵੀ ਉਨ੍ਹਾਂ ਦਾ ਰਵੱਈਆ ਰੁੱਖਾ ਰੁੱਖਾ ਹੋਣ ਲੱਗ ਪਿਆ ਹੈ। ਉਸ ਨੂੰ ਲੈ ਕੇ ਨਿਕਲੇ ਨਹੀਂ ਕਿ ਵਾਪਸੀ ਦੀ ਘੰਟੀ ਵਜੀ ਨਹੀਂ। ਵੇਖਦੀ ਹੈ ਕਿ ਘਰ ਵਿੱਚ ਬੱਝ ਕੇ ਬੈਠਾ ਟਾਮੀ ਰਹਿ-ਰਹਿ ਕੇ ਖਿੱਝਦਾ ਰਹਿੰਦਾ ਹੈ। ਘਰੋਂ ਬਾਹਰ ਜਾਣ ਵਾਲਿਆਂ ਨੂੰ ਲਲਕ ਭਰੀ ਨਿਗਾਹ ਨਾਲ ਵੇਖ ਕੇ ਜਿਸ ਲੈਅ-ਤਾਲ ਨਾਲ ਉਸ ਦੀ ਪੂੰਝ ਥਿਰਕਦੀ ਹੈ ਕਿ ਮਨ ਦੁੱਖਣ ਲੱਗਦਾ ਹੈ। ਸ਼ੁਰੂ -ਸ਼ੁਰੂ ਵਿੱਚ ਸੁਨੈਨਾ ਨੇ ਇਹ ਸੋਚ ਕੇ ਉਨ੍ਹਾਂ ਨੂੰ ਨਹੀਂ ਟੋਕਿਆ ਕਿ ਬਾਬੂ ਜੀ ਨੂੰ ਅਚਾਨਕ 'ਪ੍ਰੇਸ਼ਰ' ਮਹਿਸੂਸ ਹੋਇਆ ਹੋਣਾ ਹੈ। ਪਰ ਬਾਅਦ ਵਿੱਚ ਵੀ ਉਨ੍ਹਾਂ ਦੇ ਪ੍ਰੋਗਰਾਮ ਵਿੱਚ ਬਦਲਾਵ ਹੁੰਦੇ ਨਾ ਵੇਖ ਉਸ ਤੋਂ ਟੋਕੇ ਬਿਨਾਂ ਨਾ ਰਿਹਾ ਗਿਆ।



ਬਾਬੂ ਜਸਵੰਤ ਸਿੰਘ ਇਸੇ ਉਡੀਕ ਵਿੱਚ ਹੀ ਸਨ। ਬਲਕਿ ਉਨ੍ਹਾਂ ਨੂੰ ਹੈਰਾਨੀ ਇਸ ਗੱਲ ਤੇ ਹੋ ਰਹੀ ਸੀ ਕਿ ਅਜੇ ਤੱਕ ਉਨ੍ਹਾਂ ਦੀ ਪੇਸ਼ੀ ਹੋਈ ਕਿਉਂ ਨਹੀਂ।

ਜਵਾਬ ਵਿੱਚ ਉਨ੍ਹਾਂ ਨੇ ਸੁਨੈਨਾ ਦੇ ਚਿਹਰੇ ਉਤੇ ਨਜ਼ਰ ਆ ਰਹੇ ਚੋਭਵੇਂ ਕੁੜਿਤਣ ਵਾਲੇ ਭਾਵਾਂ ਨੂੰ ਵੀ ਅਣਵੇਖਿਆ ਕਰ ਬੇਝਿਜ਼ਕ ਕਹਿ ਦਿੱਤਾ। ਸ਼ਾਇਦ ਪਹਿਲੀ ਵਾਰੀ, ਟਾਮੀ ਨਾਲ ਲੰਮੀ ਸੈਰ ਉਨ੍ਹਾਂ ਲਈ ਸੰਭਵ ਨਹੀਂ। ਉਹ ਉਸ ਨੂੰ ਸੰਭਾਲਣ ਜਾਂ ਆਪਣੇ ਆਪ ਨੂੰ? ਇਸ ਉਮਰ ਵਿੱਚ ਉਹ ਮੈਰੇਥਾਨ ਦੌੜਣ ਤੋਂ ਰਹੇ!

ਉਹ ਨਹੀਂ ਚਾਹੁੰਦੇ ਕਿ ਬੁਢਾਪੇ ਵਿੱਚ ਹੱਥ ਪੈਰ ਤੁੜਵਾ ਕੇ ਉਹ ਹੋਰਾਂ ਦੀ ਦਇਆ ਦੇ ਮੁਹਤਾਜ਼ ਹੋ ਜਾਣ।

ਸੁਨੈਨਾ ਨੂੰ ਹੈਰਾਨੀ ਹੋਈ। ਮਾਮੂਲੀ ਜਿਹੀ ਗੱਲ ਉਤੇ ਉਨ੍ਹਾਂ ਨੇ ਐਨਾ ਕਰੜਾ ਤੇ ਕੌੜਾ ਰੁਖ ਅਪਨਾਇਆ, ਸਮਝ ਨਾ ਸਕੀ ਆਖਿਰ ਉਨ੍ਹਾਂ ਨੂੰ ਉਸ ਦੀ ਵਾਜਿਬ ਜਿਹੀ ਗੱਲ ਐਨੀ ਚੁਭੀ ਕਿਉਂ?

"ਗੁਡ ਮਾਰਨਿੰਗ ਸਰ! ਲੱਗਦਾ ਹੀ ਨਹੀਂ ਕਿ ਕੱਲ੍ਹ ਤੁਸੀਂ ਡਿੱਗੇ ਸੀ?"

ਦਿੱਲੀ ਵਿੱਚ ਰਹਿੰਦਿਆਂ ਸ਼ਾਇਦ ਪਹਿਲੀ ਵਾਰ ਉਹ ਹੱਸੇ।

"ਸਾਹਬ, ਉਹ ਤਾਂ ਤੁਹਾਨੂੰ ਮਿਲਣ ਦਾ ਬਹਾਨਾ ਸੀ।"

"ਹਾ, ਹਾਂ, ਹਾਂ...।" ਕਰਨਲ ਸਵਾਮੀ ਨੇ ਜ਼ੋਰਦਾਰ ਠਹਾਕਾ ਲਗਾਇਆ ਬੜੀ ਦੇਰ ਤਕ ਬਾਬੂ ਜਸਵੰਤ ਸਿੰਘ ਦਾ ਹਾਸਾ ਵੀ ਉਨ੍ਹਾਂ ਨਾਲ ਜੁਗਲਬੰਦੀ ਕਰਦਾ ਰਿਹਾ।

ਹਾਸਾ ਰੁੱਕਦੇ ਹੀ ਉਨ੍ਹਾਂ ਕਿਹਾ :

"ਫਿਰ ਸੈਰ ਸ਼ੁਰੂ ਕਰੀਏ!"

ਅਚਾਨਕ ਉਨ੍ਹਾਂ ਦੀ ਨਿਗਾਹ ਉਨ੍ਹਾਂ ਦੇ ਪੈਰਾਂ ਵੱਲ ਗਈ।

"ਬਿਨਾਂ ਜੁੱਤੀਆਂ ਦੇ ਸੈਰ ਸ਼ੁਰੂ ਹੋ ਸਕਦੀ ਹੈ? ਪੁਲੀ ਤੇ ਬੈਠੋ ਤੇ ਉਤਾਰੋ ਇਹ ਹਵਾਈ ਚੱਪਲਾਂ।" ਪਿੱਠ ਪਿੱਛੇ ਲਟਕਾਏ ਰਕਸੈਕ ਵਿੱਚੋਂ ਉਨ੍ਹਾਂ ਨੇ ਫਿਨਿਕਸ ਦੇ ਜੁੱਤਿਆਂ ਦਾ ਡਿੱਬਾ ਕੱਢ ਕੇ ਉਨ੍ਹਾਂ ਵੱਲ ਵਧਾਇਆ, "ਪਾਓ!" ਮੈਂ ਤਾਂ ਭੁੱਲ ਹੀ ਗਿਆ ਸੀ।

"ਅਸਲ ਵਿੱਚ ਮੈਂ...।"

"ਪਤਾ ਸੀ, ਤੁਸੀਂ ਜੁੱਤੀਆਂ ਦੀ ਦੁਕਾਨ ਲੱਭਣ ਨਹੀਂ ਜਾ ਸਕੋਗੇ। ਮੈਂ ਲੈ ਆਇਆ, ਦੈਟਸ ਆੱਲ।"

"ਤੇ ਇਹ ਵੀ ਪਤਾ ਸੀ ਦੋਸਤ! ਅਨਰਿਕਾ ਵੀ ਨਹੀਂ ਮੰਗਵਾ ਸਕੇ ਹੋਣੇ।" ਪੈਂਟ ਦੀ ਜ਼ੇਬ ਤੋਂ ਕਰਨਲ ਸਵਾਮੀ ਨੇ ਇਕ ਪਤਲੀ ਜਿਹੀ ਸ਼ੀਸ਼ੀ ਕੱਢੀ ਤੇ ਉਨ੍ਹਾਂ ਦੇ ਕੁੜਤੇ ਦੀ ਜ਼ੇਬ ਵਿੱਚ ਸਰਕਾ ਦਿੱਤੀ। ਫਿਰ ਵਾਪਸ ਕੁੜਤੇ ਦੀ ਜ਼ੇਬ ਤੋਂ ਸ਼ੀਸ਼ੀ ਕੱਢ ਕੇ ਬੋਲੇ, "ਮੂੰਹ ਖੋਲ੍ਹੋ।"

ਚਾਰ-ਪੰਚ ਗੋਲੀਆਂ ਉਨ੍ਹਾਂ ਦੇ ਮੂੰਹ ਵਿੱਚ ਟਪਕਾ ਕੇ, ਸ਼ੀਸ਼ੀ ਮੁੜ ਉਨ੍ਹਾਂ ਦੇ ਕੁੜਤੇ ਦੇ ਹਵਾਲੇ ਕਰ ਹੁਕਮਰਾਨਾ ਲਹਿਜੇ ਵਿੱਚ ਕਿਹਾ, "ਦਿਨ ਵਿੱਚ ਚਾਰ-ਚਾਰ ਘੰਟੇ ਦੇ ਅੰਤਰਾਲ 'ਤੇ ਗੋਲੀਆਂ ਖਾਣਾ ਨਾ ਭੁੱਲਣਾ।"

ਡਿੱਬੇ 'ਚੋਂ ਜੁੱਤੀ ਕੱਢ ਕੇ ਪੈਰਾਂ ਵਿੱਚ ਪਾ ਕੇ ਫੀਤੇ ਕੱਸਦੇ ਹੋਏ ਬਾਬੂ ਜਸਵੰਤ ਸਿੰਘ ਦਾ ਮਨ ਭਰ ਆਇਆ।

"ਫਿੱਟ?" ਬਾਬੂ ਜਸਵੰਤ ਸਿੰਘ ਦੇ ਜੁੱਤੀ ਪਾ ਕੇ ਖੜੇ ਹੋਣ 'ਤੇ ਕਰਨਲ ਸਵਾਮੀ ਦੇ ਚਿਹਰੇ ਉਤੇ ਬੱਚਿਆਂ ਵਰਗਾ ਉਲ੍ਹਾਸ ਉਭਰ ਆਇਆ।

ਉਨ੍ਹਾਂ ਦੀ ਵੀ ਝਿਝਕ ਦੂਰ ਹੋਈ।"

"ਐਨੇ ਵਧੀਆ ਫਿਟ ਬੈਠੇ ਹਨ ਸਾਹਬ, ਜਿਵੇਂ ਦੁਕਾਨ ਤੋਂ ਹੀ ਆਪ ਪਾ ਕੇ ਆਇਆ ਹੋਵਾਂ।"

"ਮੈਨੂੰ ਵੀ ਇਹੀ ਲੱਗਾ ਸੀ ਦੋਸਤ, ਦੁਕਾਨ ਵਿੱਚ ਤੁਸੀਂ ਮੇਰੇ ਨਾਲ ਹੀ ਹੋ।"

ਚੱਪਲਾਂ ਨੂੰ ਸਾਂਭਣ ਦੀ ਦੁਬਿਧਾ ਦਾ ਹਲ ਵੀ ਲੱਭ ਲਿਆ ਕਰਨਲ ਸਵਾਮੀ ਨੇ।

ਉਸੇ ਡਿੱਬੇ ਵਿਚ ਚੱਪਲਾਂ ਪਾ ਪੁਲੀ ਦੇ ਪਿੱਛੇ ਵਾਲੀਆਂ ਝਾੜੀਆਂ ਵਿੱਚ ਸਰਕਾ ਦਿੱਤਾ ਕਿ ਵਾਪਸੀ ਵਿੱਚ ਚੁੱਕ ਲਵਾਂਗੇ। "ਕਿਉਂ ਠੀਕ ਹੈ ਨਾ?"

ਗੱਲ ਠੀਕ ਲੱਗੀ। ਬਾਬੂ ਜਸਵੰਤ ਸਿੰਘ ਨੇ ਸਵੀਕ੍ਰਿਤੀ ਵਿੱਚ ਸਿਰ ਹਿਲਾਇਆ।

"ਚਲੀਏ?"

"ਹਾਂ, ਚਲੋ।" ਪੈਰਾਂ ਹੇਠ ਨਰਮੀ ਮਹਿਸੂਸ ਕਰਦੇ ਹੋਏ ਬਾਬੂ ਜਸਵੰਤ ਸਿੰਘ ਕਰਨਲ ਸਵਾਮੀ ਨਾਲ ਹੋੜ ਲੈਣ ਲਈ ਤਿਆਰ ਸਨ।

ਪੈਸਿਆਂ ਬਾਰੇ ਕੁਝ ਨਹੀਂ ਕਿਹਾ ਸ਼ਾਇਦ ਇਸ ਕਰਕੇ ਕਿ ਡੱਬੇ ਉਤੇ ਕੀਮਤ ਲਿਖੀ ਹੋਣੀ ਹੈ। ਕਲ੍ਹ ਸਵੇਰੇ ਸੈਰ ਤੋਂ ਪਹਿਲਾਂ ਇਕ ਲਿਫ਼ਾਫ਼ਾ ਬਣਾ ਲਵਾਂਗਾ। ਨਰਿੰਦਰ ਵੀ ਵੇਖਦਾ ਹੀ ਹੋਣਾ ਹੈ ਉਨ੍ਹਾਂ ਦੀ ਚੱਪਲਾਂ ਨੂੰ। ਇਹ ਵੀ ਜਾਣਦਾ ਹੈ ਕਿ ਟਾਮੀ ਵਰਗੇ ਹੁੜਦੰਗੀ ਨਾਲ ਟਹਿਲਣਾ ਕੋਈ ਸੌਖਾ ਕੰਮ ਨਹੀਂ। ਜੁੱਤੀ ਲੈ ਕੇ ਦੇਣ ਦੀ ਕਦੇ ਯਾਦ ਨਹੀਂ ਆਈ ਉਸ ਨੂੰ? ਆਉਂਦੀ ਤਾਂ ਕੀ ਉਹ ਇਸੇ ਤਰ੍ਹਾਂ ਪੈਰ ਦੀ ਵੱਧੀ ਹੋਈ ਹੱਡੀ ਦੀ ਟੀਸ ਸਹਿੰਦੇ ਰਹਿੰਦੇ।

ਅੱਖਾਂ ਵਿੱਚ ਨਮੀ ਆ ਗਈ...।

ਆਪਣੇ ਵੇਲੇ ਉਹ ਕੱਪੜਿਆਂ ਤੇ ਜੁੱਤੀਆਂ ਦੇ ਕਾਫੀ ਸ਼ੌਕੀਨ ਰਹੇ ਸਨ। ਖਾਸ ਕਰਕੇ ਜੁੱਤੀਆਂ ਵਾਲਾ ਸ਼ੌਕ ਨਰਿੰਦਰ ਦੀ ਮਾਂ ਨੂੰ ਫ਼ਜ਼ੂਲ ਜਿਹਾ ਲੱਗਦਾ ਸੀ। ਬੱਚਿਆ ਨਾਲ ਅਨੁਸ਼ਾਸਨ ਦੇ ਨਾਂ ਤੇ ਪੈਸੇ-ਪੈਸੇ ਦੀ ਸਖਤੀ ਵਰਤਦੇ। ਇਕਦਮ ਨਿਕੱਚੂ ਜਿਹੀ ਪੇਂਸਿਲ ਵੀ ਬਾਕੀ ਹੈ ਤਾਂ ਨਵੀਂ ਦੀ ਲੋੜ ਨਹੀਂ। ਸਕੂਲ ਦੇ ਬੂਟਾਂ ਦੇ ਤਲ਼ੇ ਘਸ ਜਾਣ ਉਤੇ ਟਾਇਰ ਦੀ ਰਬੜ ਚੜ੍ਹਵਾ ਦਿੱਤੀ ਜਾਂਦੀ ਸੀ। ਸਕੂਲ ਦੀ ਪਿਕਨਿਕ ਆਦਿ ਵਿੱਚ ਵੀ ਬੱਚਿਆਂ ਨੂੰ ਜਾਣ ਦੀ ਮਨਾਹੀ ਸੀ। ਇਕ ਪੈਸੇ ਖਰਚ ਕਰੋ, ਨਾਲ ਸਾਰਾ ਦਿਨ ਉਨ੍ਹਾਂ ਦੀ ਚਿੰਤਾ ਵਿੱਚ ਮਰਦੇ ਰਹੋ। ਕਿਤਾਬਾਂ ਗਵਾਚ ਜਾਣ ਤਾਂ ਕਿਸੇ ਤੋਂ ਮੰਗ ਕੇ ਪੜ੍ਹੋ। ਸਖਤੀ ਨਹੀਂ ਕੀਤੀ ਜਾਏਗੀ ਤਾਂ ਪੈਸਿਆਂ ਦੀ ਕੀਮਤ ਸਮਝ ਨਹੀਂ ਆਏਗੀ। ਇਹ ਚਾਹੀਦਾ, ਉਹ ਚਾਹੀਦਾ. ਇਹ ਚੌਂਚਲੇ ਨਹੀਂ ਚਲਣੇ। ਉਨ੍ਹਾਂ ਦੀ ਪੈਰਵੀ ਕਰਨ ਦੀ ਲੋੜ ਵੀ ਨਹੀਂ। ਸ਼ੌਂਕਾਂ ਨੂੰ ਪੂਰਾ ਕਰਨ ਲਈ ਸਾਰੀ ਉਮਰ ਪਈ ਹੈ। ਉਨ੍ਹਾਂ ਦੇ ਵੇਲੇ ਸਖਤੀ ਰਹੀ, ਇਸੇ ਕਰਕੇ ਅਕਲ ਵੀ ਟਿਕਾਣੇ ਰਹੀ। ਬੱਤੀ ਪਿੰਡਾਂ ਦੇ ਤਾਲੁਕੇਦਾਰ ਦੇ ਘਰ ਪੈਦਾ ਹੋਣਾ ਮਾਮੂਲੀ ਗੱਲ ਨਹੀਂ ਸੀ।

ਨਰਿੰਦਰ ਦੀ ਮਾਂ ਨੂੰ ਉਨ੍ਹਾਂ ਦਾ ਵਾਰ ਵਾਰ ਅਤੀਤ ਨੂੰ ਦੁਹਰਾਉਣਾ ਚੰਗਾ ਨਹੀਂ ਲੱਗਦਾ ਸੀ। ਉਨ੍ਹਾਂ ਦੀ ਜ਼ੱਲਾਦ ਭਰੀ ਤਾਲੁਕੇਦਾਰੀ ਵਿੱਚ ਉਸਦੀ ਕੋਈ ਰੁਚੀ ਨਹੀਂ ਸੀ। ਉਸ ਨੂੰ ਸਿਰਫ ਇਹੀ ਲੱਗਦਾ ਸੀ ਕਿ ਉਸ ਦੀ ਔਲਾਦ ਕਿਤੋਂ ਅਸਮਾਨ ਤੋਂ ਨਹੀਂ ਟਪਕੀ। ਨਾ ਉਹ ਉਨ੍ਹਾਂ ਲਈ ਪਾਲਕੀ ਜਾਂ ਘੋੜਾ ਗੱਡੀ ਦੀ ਮੰਗ ਕਰ ਰਹੀ ਹੈ। ਬੱਚੇ ਕੋਈ ਅੰਨ੍ਹੇ ਨਹੀਂ ਕਿ ਉਨ੍ਹਾਂ ਦੇ ਵੀਹ-ਵੀਹ ਜੋੜੇ ਜੁੱਤੀਆਂ-ਸੈਂਡਿਲਾਂ ਦੇ ਨਾ ਵੇਖਣ ਆਪ ਮਿਸਾਲ ਬਣੇ ਬਿਨਾਂ ਬੱਚਿਆਂ ਤੋਂ ਸਬਰ ਦੀ ਆਸ ਕਰਨਾ ਬਗੈਰ ਤੇਲ ਦੇ ਦੀਵਾ ਬਾਲਣ ਵਾਂਗ ਹੈ। ਬਲੇਗਾ ਭਲਾ?

ਉਂਜ ਉਨ੍ਹਾਂ ਨੇ ਅਨੇਕਾ ਵਾਰ ਬੋਲੀ ਆਦਿ ਨਾਲ ਨਰਿੰਦਰ ਦੀ ਮਾਂ ਨੂੰ ਸਮਝਾਉਣਾ ਚਾਹਿਆ ਕਿ ਆਦਮੀ ਦੀ ਮਾਣ-ਮਰਿਯਾਦਾ ਮਹਿਲ-ਅਟਾਰੀ ਵਿੱਚ ਨਹੀਂ-ਸ਼ੀਸ਼ੇ ਵਾਂਗ ਚਮਕਦੀ ਜੁੱਤੀਆਂ ਵਿਚ ਵੱਸਦੀ ਹੈ। ਜੁੱਤੀ ਚਮ ਚਮ ਨਾ ਕਰਦੀ ਹੋਵੇ ਤਾਂ ਮਰਦ ਦੀ ਚਾਲ ਮਹਿਰਿਆਂ ਵਾਂਗ ਜਾਪਦੀ ਹੈ। ਪਰ ਉਸ ਦੀ ਕੁੰਦ ਖੋਪੜੀ ਵਿੱਚ ਉਨ੍ਹਾਂ ਦੇ ਸੂਕਤੀਆਂ ਭਰੇ ਵਾਕ ਬਗੈਰ ਅਸਰ ਪਾਏ ਹੀ ਮੁੜ ਆਉਂਦੇ ਤੇ ਉਹ ਮਨ ਮਾਰ ਕੇ ਹੀ ਰਹਿ ਜਾਂਦੇ।

ਕੁਝ ਮਹੀਨੇ ਪਹਿਲਾਂ ਜਦੋਂ ਉਹ ਕਾਨਪੁਰ ਤੋਂ ਦਿੱਲੀ ਆਉਣ ਦੀ ਤਿਆਰੀ ਕਰ ਰਹੇ ਸਨ। ਤਾਂ ਨਰਿੰਦਰ ਦੇ ਕਹਿਣ ਉਤੇ ਗ੍ਰਹਿਸਥੀ ਦੇ ਲੋੜੀਂਦੇ-ਬੇਲੋੜੇ ਸਾਜ-ਸਾਮਾਨ ਨੂੰ ਫਰੋਲਦੇ ਹੋਏ ਉਹ ਇਹ ਵੇਖ ਕੇ ਹੈਰਾਨ ਰਹਿ ਗਏ ਸਨ ਕਿ ਇਕ ਵੱਡੇ ਜਿਹੇ ਲੱਕੜ ਦੇ ਸੰਦੂਕ ਵਿੱਚ ਉਨ੍ਹਾਂ ਦੀਆਂ ਜੁੱਤੀਆਂ ਪਾਲਿਸ਼ ਕਰਵਾ ਕੇ ਪਲਾਸਟਿਕ ਦੀਆਂ ਥੈਲੀਆਂ ਵਿੱਚ ਬੰਦ ਕਰ ਕੇ ਨਰਿੰਦਰ ਦੀ ਮਾਂ ਨੇ ਉਨ੍ਹਾਂ ਨੂੰ ਬੜੇ ਸੰਭਾਲ ਕੇ ਰੱਖਿਆ ਹੋਇਆ ਸੀ।

ਨਰਿੰਦਰ ਦੀਆਂ ਅੱਖਾਂ ਫਟੀਆਂ ਰਹਿ ਗਈਆਂ ਸਨ। ਹੈਰਾਨੀ ਉਸ ਨੂੰ ਬਾਬੂ ਜੀ ਦੇ ਜੁੱਤੀਆਂ ਨਾਲ ਪਿਆਰ ਨੂੰ ਵੇਖ ਕੇ ਨਹੀਂ ਹੋਈ ਸੀ। ਇਸ ਬਾਰੇ ਉਹ ਜਾਣਦਾ ਸੀ। ਹਾਂ, ਕੁਝ ਪਲ ਲਈ ਉਨ੍ਹਾਂ ਦੀ ਵਿਭਿੰਨਤਾ ਵੇਖਕੇ ਅਚੰਭਿਤ ਜ਼ਰੂਰ ਹੋਇਆ ਸੀ। ਪਰ ਉਹ ਅਚੰਭਾ ਬਹੁਤੀ ਦੇਰ ਕਾਇਮ ਨਾ ਰਿਹਾ।



ਹੈਰਾਨ ਤਾਂ ਉਹ ਸੀ ਅੰਮਾ ਦੀ ਸੰਭਾਲ ਵੇਖ ਕੇ। ਲੱਗ ਰਹੇ ਸਨ ਜਿਵੇਂ ਹੁਣੇ ਹੀ ਸ਼ੋ ਰੂਮ ਤੋਂ ਕੱਢਾ ਕੇ ਲਿਆਏ ਹੋਣ।

ਨਰਿੰਦਰ ਨੇ ਭਾਵੁਕਤਾ ਛੱਡ ਵਿਹਾਰਕ ਢੰਗ ਅਪਨਾਇਆ ਉਸ ਕਿਹਾ ਕਿ, ਇਨ੍ਹਾਂ ਜੁੱਤੀਆਂ ਨੂੰ ਦਿੱਲੀ ਤਕ ਢੋਅ ਕੇ ਲੈ ਜਾਣਾ ਉਸ ਲਈ ਸੰਭਵ ਨਹੀਂ। ਰੱਖਣ-ਸੰਭਾਲਣ ਦੀ ਥਾਂ ਵੀ ਕੋਈ ਨਹੀਂ ਤੇ ਸਾਰ-ਸੰਭਾਲ ਦੀ ਵਿਹਲ ਵੀ ਕੋਈ ਨਹੀਂ ਸੀ। ਉਨ੍ਹਾਂ ਦੇ ਅਤੇ ਉਸ ਦੇ ਮਾਪ ਵਿੱਚ ਵੀ ਫਰਕ ਸੀ, ਨਹੀਂ ਤਾਂ ਉਹੀ ਉਨ੍ਹਾਂ ਨੂੰ ਪਾ ਲੈਂਦਾ। ਬਹੁਤੇ ਦਿਨਾਂ ਤਕ ਉਨ੍ਹਾਂ ਨੂੰ ਇਸ ਤਰ੍ਹਾਂ ਰੱਖਣਾ ਵੀ ਠੀਕ ਨਹੀਂ। ਚਮੜੇ ਦੇ ਆਕੜਣ ਤੇ ਉੱਲੀ ਗੱਲ ਜਾਣ ਦਾ ਡਰ ਸੀ। ਸਿਰਫ ਇਹੀ ਕੀਤਾ ਜਾ ਸਕਦਾ ਹੈ ਕਿ ਪਿੰਡ ਖਬਰ ਭਿਜਵਾ ਦਿੱਤੀ ਜਾਏ, ਮਜ਼ਦੂਰ ਰਾਹੀਂ ਤਾਇਆ ਜੀ ਇਨ੍ਹਾਂ ਨੂੰ ਚੁਕਵਾ ਲੈਣ। ਲੋੜਵੰਦਾਂ ਦੇ ਕੰਮ ਆ ਜਾਣਗੇ। ਬਾਬੂ ਜੀ ਨੇ ਆਪਣੀ ਵਰਤੋਂ ਲਈ ਜਿਹੜੇ ਜੋੜੇ ਰੱਖਣੇ ਹਨ, ਰੱਖ ਲੈਣ। ਸਰਦੀਆਂ ਵਿੱਚ ਇਕ ਅੱਧ ਜੋੜਾ ਚਾਹੀਦਾ ਵੀ ਹੈ। ਜੁੱਤੀਆਂ ਦੀਆਂ ਕੀਮਤਾਂ ਅਸਮਾਨ ਛੂਹ ਰਹੀਆਂ ਹਨ।

ਬਾਬੂ ਜਸਵੰਤ ਸਿੰਘ ਨੂੰ ਨਰਿੰਦਰ ਦਾ ਉਤਸਾਹਹੀਣ ਸੁਰ ਉਦਾਸ ਕਰ ਗਿਆ। ਇਕਦਮ ਸਾਫ ਹੀ ਮਨ੍ਹਾ ਕਰ ਦਿੱਤਾ ਉਨ੍ਹਾਂ ਨੂੰ ਇਕ ਵੀ ਜੋੜੇ ਦੀ ਲੋੜ ਨਹੀਂ ਪੈਣੀ, ਭਾਵੇਂ ਮਹਿੰਗੇ ਹੋਣ ਜਾਂ ਸਸਤੇ। ਸਾਲ ਤੋਂ ਵੱਧ ਹੋ ਗਿਆ ਹੈ ਪੈਰਾਂ ਦੀਆਂ ਹੱਡੀਆਂ ਵਧੇ ਹੋਏ। ਟੀਕੇ ਲੱਗ ਚੁੱਕੇ ਹਨ। ਜੁੱਤੇ ਹੁਣ ਉਨ੍ਹਾਂ ਤੋਂ ਪਾਏ ਹੀ ਨਹੀਂ ਜਾਂਦੇ। ਚਮੜੇ ਦੀ ਰਗੜ ਬਰਦਾਸ਼ਤ ਨਹੀਂ ਹੁੰਦੀ। ਪਿਛਲੀ ਸਰਦੀ ਅਗੂੰਠੇ ਵਾਲੀਆਂ ਜੁਰਾਬਾਂ ਤੇ ਹਵਾਈ ਚੱਪਲਾ ਪਾ ਕੇ ਗੁਜ਼ਾਰੀ। ਦਿੱਲੀ ਵਿੱਚ ਵੀ ਗੁਜ਼ਾਰਾ ਕਰ ਹੀ ਲੈਣਗੇ।

ਨਰਿੰਦਰ ਨੇ ਵੀ ਰੁੱਖੇਪਨ ਨਾਲ ਕਿਹਾ ਸੀ-"ਜਿਵੇਂ ਉਨ੍ਹਾਂ ਦੀ ਮਰਜ਼ੀ।"

○ ○ ○

"ਉੱਧਰ ਵੇਖੋ ਮਿ. ਸਿੰਘ, ਤੁਸੀਂ ਕਿੱਥੇ ਗਵਾਚ ਗਏ।"

"ਖੇਤਾਂ ਵਿਚਕਾਰ ਰਾਖਿਆਂ ਦੀ ਝੁੱਗੀ? ਕਿੰਨੀ ਸੁਹਣੀ ਬਣੀ ਹੋਈ ਹੈ। ਬਿਲਕੁਲ ਸਾਡੇ ਕੇਰਲ ਵਰਗੀ।"

"ਮਾਈਗੌਡ। ਉਨ੍ਹਾਂ ਮੈਨਾ ਨੂੰ ਵੇਖੋ ਜ਼ਰਾ-ਨਾਲੀ ਵਿੱਚ ਚੁੰਝ ਪਾ ਕੇ ਕਿਵੇਂ ਪਾਣੀ ਪੀ ਰਹੀਆਂ ਹਨ, ਜਿਵੇਂ ਵਿਆਹ ਦੀ ਪੰਗਤ ਵਿੱਚ ਖਾਣ ਲਈ ਨਹੀਂ ਬੈਠਦੇ ਲੋਕ।"

"ਗਿਲਿ! ਜਾਣਦੇ ਹੋ ਕਿਸ ਨੂੰ ਕਹਿੰਦੇ ਹਨ?"

ਉਨ੍ਹਾਂ ਨੇ ਮਨ ਵਿੱਚ ਸੋਚਿਆ, ਕਰਨਲ ਸਵਾਮੀ ਦਾ ਇਸ਼ਾਰਾ ਗੁੱਲੀ-ਡੰਡੇ ਵੱਲ ਹੈ। ਪਰ ਪ੍ਰਤੱਖ ਵਿੱਚ ਉਨ੍ਹਾਂ ਨੇ ਨਾਂਹ ਵਿੱਚ ਸਿਰ ਹਿਲਾਇਆ।

"ਗਿਲਿ ਯਾਨਿ ਚਿੜੀ। ਗਿਲਿਗਡੂ ਯਾਨਿ ਚਿੜੀਆਂ ਦਾ ਚਹਿਚਹਾਉਣਾ। ਅਸਲ ਵਿੱਚ ਸਾਡੀ ਮਲਿਆਲਮ ਵਿੱਚ ਕਹਿੰਦੇ ਹਨ ਕਿਲਿਕਲੂ। ਅਸੀਂ ਇਸ ਦਾ ਹਿੰਦੀ ਅਨੁਵਾਦ ਕਰ ਦਿੱਤਾ।"

"ਤੁਹਾਨੂੰ ਤਾਂ ਇਹ ਵੀ ਨਹੀਂ ਪਤਾ ਹੋਣਾ ਕਿ ਸਾਡੇ ਘਰ ਕਿੰਨੀਆਂ ਸੁਹਣੀਆਂ-ਸੁਹਣੀਆਂ ਗਿਲਿਗਡੂ ਹਨ।"

"ਪੰਛੀਆਂ ਦਾ ਕਾਫੀ ਸ਼ੌਕ ਹੈ ਤੁਹਾਨੂੰ?"

"ਹਾਂ ਉਹ ਤਾਂ ਹੈ।" ਕਰਨਲ ਸਵਾਮੀ ਨੇ ਬੰਦ ਮੂੰਹ ਨਾਲ ਹੱਸਦੇ ਹੋਏ ਕਿਹਾ।

"ਪਰ ਮੇਰੀ ਗਿਲਿਗਡੂ ਹਨ ਮੇਰੀ ਜੁੜਵਾਂ ਪੋਤਰੀਆਂ। ਚਹਿਕਦੀਆਂ-ਫੁਦਕਦੀਆਂ ਮਸਤੀ ਕਰਦੀਆਂ, ਹੁੜਦੰਗ ਮਚਾਉਂਦੀਆਂ ਕੁਮੁਦਨੀ ਅਤੇ ਕਾਤਆਇਨੀ। ਉਫ਼ ਕਿੰਨੀਆਂ ਆਫਤਾਂ ਹਨ ਦੋਨੋਂ। ਪੁੱਛੋ ਨਾ।"

ਬਾਬੂ ਜਸਵੰਤ ਸਿੰਘ ਦੀਆਂ ਅੱਖਾਂ ਚਮਕੀਆਂ ,"ਜੌੜੀਆਂ? ਕਿੰਨੀਆਂ ਵੱਡੀਆਂ ਹਨ?"

"ਚਾਰ ਸਾਲ ਦੀਆਂ ਹੋਣ ਵਾਲੀਆਂ ਹਨ। ਨਰਸਰੀ ਵਿੱਚ ਪੜ੍ਹਨ ਜਾਂਦੀਆਂ ਹਨ। ਪਿੱਠ ਉਤੇ ਸਕੂਲ ਬੈਗ ਲੱਦ ਕੇ। ਰੰਗ-ਬਿਰੰਗੀ ਪਾਣੀ ਦੀਆਂ ਬੋਤਲਾਂ ਤੇ ਟਿਫਿਨ ਬਾਕਸ ਲੈ ਕੇ।"

"ਸਕੂਲੋਂ ਆ ਕੇ ਆਪਣੇ ਟਿਫਿਨ ਦਾ ਬੱਚਿਆ -ਖੁਚਿਆ ਨਾਸ਼ਤਾ ਹੀ ਸਾਨੂੰ ਨਹੀਂ ਖੁਆਉਂਦੀਆਂ ਮਿ. ਸਿੰਘ, ਸਗੋਂ ਪੂਰੇ ਹਾਵ-ਭਾਵ ਨਾਲ ਨੱਚ-ਨੱਚ ਕੇ ਸਿੱਖੇ ਹੋਏ ਨਵੇਂ ਗੀਤ ਵੀ ਸੁਣਾਉਂਦੀਆਂ ਹਨ

ਮੇਰੀਆਂ ਗਿਲਿਗਡੂ...।"

ਹਾਥੀ ਰਾਜ੍ਹਾ ਬਹੁਤ ਵੱਡੇ
ਸੂੰਡ ਚੁੱਕ ਕੇ ਕਿੱਥੇ ਚਲੇ।
ਮੇਰੇ ਘਰ ਆਓ ਨਾ।
ਹਲਵਾ ਪੂੜੀ ਖਾਓ ਨਾ।

"ਗੀਤ ਸ਼ੁਰੂ ਕਰਨ ਤੋਂ ਪਹਿਲਾਂ ਪਤਾ ਹੈ, ਕੀ ਹੁੰਦਾ ਹੈ?"

"ਕਾਗਜ਼ ਪੈਂਸਿਲ ਫੜਾ ਕੇ ਕੁਰਸੀ ਉਤੇ ਜੱਜ ਵਾਂਗ ਬਿਠਾ ਦਿੱਤਾ ਜਾਂਦਾ ਹੈ। ਬਕਾਇਦਾ ਹੁਕਮ ਸੁਣਾ ਕੇ ਦੋਸਤ ਅੱਪੂ ਨੂੰ। ਅਸੀਂ ਖੂਬ ਚੰਗੀ ਤਰ੍ਹਾਂ ਨੱਚਾਗੀਆਂ-ਗਾਵਾਂਗੀਆਂ। ਤੁਸੀਂ ਸਾਨੂੰ 'ਸਟਾਰ' ਦੇਣਾ ਬਿਲਕੁਲ 'ਮੈੱਮ' ਵਰਗਾ।"

"ਤੇ ਮੈਂ ਦੋਵਾਂ ਨੂੰ ਦੇਂਦਾ ਹਾਂ ਜ਼ੀਰੋ।"

"ਤੇ ਫਿਰ ਜਿਹੜਾ ਚੂਹੇ-ਬਿੱਲੀ ਦੀ ਖੇਡ ਸ਼ੁਰੂ ਹੁੰਦੀ ਹੈ, ਪੁੱਛੋ ਹੀ ਨਾ। ਗਿਲਿਗੱਡੂ ਦੀ ਪਕੜ ਤੋਂ ਬਚਣ ਲਈ ਮੈਂ ਘਰ ਦੀਆਂ ਨੁਕਰਾਂ ਵਿੱਚ ਲੁੱਕਣ ਦੀ ਕੋਸ਼ਿਸ਼ ਕਰਦਾ ਹਾਂ। ਪਰ ਗਿਲਿਗੱਡੂ ਅਜਿਹੀਆਂ ਹਨ, ਮੈਨੂੰ ਲੱਭ ਹੀ ਲੈਂਦੀਆਂ ਹਨ। ਫਿਰ ਜਿਹੜੀ ਸਜ਼ਾ ਉਹ ਸੁਣਾਉਂਦੀਆਂ ਹਨ-ਜਾਨ ਨਿਕਲ ਜਾਂਦੀ ਹੈ।"

"ਅੱਪੂ, ਕੰਨ ਫੜ ਕੇ ਬੈਂਚ ਉੱਤੇ ਖੜੇ ਹੋ ਜਾਓ।"

"ਤੁਹਾਨੂੰ?" ਬਾਬੂ ਜਸਵੰਤ ਸਿੰਘ ਨੇ ਹੈਰਾਨੀ ਨਾਲ ਪੁੱਛਿਆ।

"ਹੋਰ ਕਿਸ ਨੂੰ।"

"ਫਿਰ?" ਫਿਰ ਕੀ ਸਜ਼ਾ ਮਿਲੀ ਹੈ ਤਾਂ ਕੱਟਣੀ ਹੀ ਪਏਗੀ। ਡਾਇਨਿੰਗ ਟੇਬਲ ਦੀ ਕੁਰਸੀ ਉਤੇ ਖੜੇ ਹੋਣਾ ਪੈਂਦਾ ਹੈ ਉਦੋਂ ਤਕ, ਜਦੋਂ ਤਕ ਮੇਰੀ ਗਿਲਿਗੱਡੂ ਨੂੰ ਰਹਿਮ ਨਾ ਆ ਜਾਏ।"

"ਬੜੀਆਂ ਸਿਰੇ ਚੜ੍ਹੀਆਂ ਹੋਈਆਂ ਹਨ।" ਬਾਬੂ ਜਸਵੰਤ ਸਿੰਘ ਨੇ ਖਿੱਝ ਕੇ ਕਿਹਾ ਤੇ ਫਿਰ ਹੱਸ ਪਏ।

ਹਾਸੇ ਵਿੱਚ ਕਰਨਲ ਸਵਾਮੀ ਨੇ ਵੀ ਉਨ੍ਹਾਂ ਦਾ ਸਾਥ ਦਿੱਤਾ ਤੇ ਕਿਹਾ, "ਉਨ੍ਹਾਂ ਦੇ ਪੂਰੇ ਫ਼ੌਜੀ ਜੀਵਨ ਵਿੱਚ ਅਜਿਹਾ ਕੋਰਟ ਮਾਰਸ਼ਲ ਉਨ੍ਹਾਂ ਦਾ ਕਦੇ ਨਹੀਂ ਹੋਇਆ ਸੀ।"

ਹਾਸਾ ਰੋਕ ਕੇ ਕਰਨਲ ਸਵਾਮੀ ਫਿਰ ਗਿਲਿਗੱਡੂ ਦਾ ਇਕ ਹੋਰ ਦਿਲਚਸਪ ਪ੍ਰਸੰਗ ਸੁਣਾਉਣ ਲੱਗ ਪਏ। ਕੁਝ ਦਿਨ ਪਹਿਲਾਂ ਦੀ ਗੱਲ ਹੈ। ਉਨ੍ਹਾਂ ਦੀ ਵਿਚਕਾਰਲੀ ਨੂੰਹ ਅਨੁਸ਼੍ਰੀ -ਜੋ ਗਿਲਿਗੱਡੂ ਦੀ ਮਾਂ ਵੀ ਹੈ, ਨੇ ਸ਼ਿਕਾਇਤ ਕੀਤੀ ਕਿ ਲਾਡਲੀਆਂ ਰਾਤ ਵੇਲੇ ਦੰਦ ਸਾਫ਼ ਕਰਕੇ ਨਹੀਂ ਸੌਂਦੀਆਂ। ਸਵੇਰੇ ਉੱਠਦੇ ਹੀ ਉਨ੍ਹਾਂ ਦੇ ਮੂੰਹ 'ਚੋਂ ਬਦਬੂ ਆਉਂਦੀ ਹੈ। ਉਸ ਨੇ ਦੋਵਾਂ ਨੂੰ ਬੜੀ ਵਾਰ ਸਮਝਾਇਆ, ਚੰਗੀ ਤਰ੍ਹਾਂ ਸਮਝਾਇਆ ਕਿ ਰਾਤ ਵੇਲੇ ਸੌਣ ਤੋਂ ਪਹਿਲਾਂ ਦੰਦ ਸਾਫ਼ ਕਰਨੇ ਕਿੰਨੇ ਜ਼ਰੂਰੀ ਹੁੰਦੇ ਹਨ। ਪਰ ਉਨ੍ਹਾਂ ਦੋਵਾਂ ਇਕ ਨਾ ਸੁਣੀ, ਗਿਲਿਗਡੂ ਕਾਬੂ ਆਉਂਦੀਆਂ ਹਨ ਤਾਂ ਸਿਰਫ਼ ਅੱਪੂ ਦੇ। ਉਸ ਨੂੰ ਸਖਤੀ ਨਾਲ ਗਿਲਿਗਡੂ ਨੂੰ ਧਮਕਾਉਣਾ ਪੈਂਦਾ ਹੈ। ਜੇ ਦੋਵਾਂ ਨੇ ਰਾਤ ਵੇਲੇ ਦੰਦ ਸਾਫ ਨਾ ਕੀਤੇ ਤਾਂ ਸਵੇਰੇ ਅੱਪੂ ਦੀ 'ਕਿੱਸੀ' ਕੋਈ ਨਹੀਂ ਮਿਲਣੀ।

ਉਨ੍ਹਾਂ ਨੇ ਗਿਲਿਗਡੂ ਨੂੰ ਧਮਕਾਇਆ ਉਲਟਾ ਦੋਵੇਂ ਉਨ੍ਹਾਂ ਦੇ ਗਲ੍ਹੇ ਪੈ ਗਈਆਂ। ਉਨ੍ਹਾਂ ਦੀ ਸ਼ਰਤ ਸੀ ਕਿ ਉਹ ਤਾਂ ਹੀ ਦੰਦ ਸਾਫ਼ ਕਰਕੇ ਸੌਣਗੀਆਂ, ਜੇ ਅੱਪੂ ਵੀ ਉਨ੍ਹਾਂ ਨਾਲ ਮੰਜਨ ਕਰਣਗੇ। ਉਨ੍ਹਾਂ ਨੇ ਤਾਂ ਅੱਪੂ ਨੂੰ ਕਦੇ ਮੰਜਨ ਕਰਦੇ ਵੇਖਿਆ ਹੀ ਨਹੀਂ। ਅੱਪੂ ਦੇ ਦੰਦਾਂ ਨੂੰ ਕੀੜੇ ਨਹੀਂ ਲੱਗ ਜਾਣਗੇ।

ਮਜ਼ਬੂਰੀ ਵਿੱਚ ਹੁਣ ਉਨ੍ਹਾਂ ਨੂੰ ਵੀ ਰਾਤ ਵੇਲੇ ਨੇਮ ਨਾਲ ਬੁਰਸ਼ ਕਰ ਕੇ ਸੌਣਾ ਪੈਂਦਾ ਹੈ, ਹਾਲਾਂਕਿ ਕੁਮੁਦਨੀ ਅਤੇ ਕਾਤਆਇਨੀ ਉਨ੍ਹਾਂ ਤੋਂ ਪਹਿਲਾਂ ਸੌਂ ਜਾਂਦੀਆਂ ਹਨ ਤੇ ਉਨ੍ਹਾਂ ਦੇ ਸੌਣ ਵੇਲੇ ਉਨ੍ਹਾਂ ਦੇ ਪੀਣ ਦਾ ਵੇਲਾ ਹੁੰਦਾ ਹੈ। ਉਸ ਵੇਲੇ ਉਹ ਆਪਣੀ ਪਿਆਰੀ ਵਿਸਕੀ ਰਾੱਇਲ ਚੈਲੇਂਜ ਦੇ ਘੁੱਟ ਭਰ ਰਹੇ ਹੁੰਦੇ ਹਨ। ਹੁਣ ਬੁਰਸ਼ ਕਰਕੇ ਪੀਣ ਬੈਠਦੇ ਹਨ।

ਸਾਰੇ ਘਰ ਨੂੰ ਨਚਾਉਂਦੀਆਂ ਫਿਰਦੀਆਂ ਹਨ। ਗਿਲਿਗਡੂ ਦੇ ਸਾਹਮਣੇ ਅੱਪੂ ਮੁਰਗਾ ਬਣੇ ਨਜ਼ਰ ਆਉਂਦੇ ਹਨ।

ਬਾਬੂ ਜਸਵੰਤ ਸਿੰਘ ਦੀ ਉਤਸੁਕ ਹੋਣ 'ਤੇ ਕਰਨਲ ਸਵਾਮੀ ਨੇ ਉਨ੍ਹਾਂ ਨੂੰ ਆਪਣੇ ਭਰੇ-ਪੂਰੇ



ਪਰਿਵਾਰ ਬਾਰੇ ਦੱਸਿਆ ਬੀਵੀ ਨਹੀਂ ਹੈ। ਉਸ ਨੂੰ ਗੁਜ਼ਰੇ ਲੰਮਾ ਅਰਸਾ ਹੋ ਗਿਆ। ਤਿੰਨ ਪੁੱਤਰ, ਤਿੰਨ ਨੂੰਹਾਂ ਹਨ। ਵੱਡੇ ਪੁੱਤਰ ਦੇ ਦੋ ਜਵਾਨ ਬੇਟੇ ਹਨ-ਸ਼੍ਰੀ ਧਰਨ ਅਤੇ ਸ਼੍ਰੀ ਨਿਵਾਸਨ। ਵਿਚਕਾਰਲੀ ਪੁੱਤਰ-ਨੂੰਹ ਦੀਆਂ ਛੋਟੀਆਂ ਗਿਲਿਗਡੂ ਹਨ। ਛੋਟੇ ਪੁੱਤਰ ਤੇ ਨੂੰਹ ਯਾਨਿ ਕਿ ਸ਼ਿਆਮਲੀ ਤੇ ਪ੍ਰਭਾਕਰਨ ਦੇ ਹਾਲੇ ਕੋਈ ਬੱਚਾ ਨਹੀਂ ਹੈ। ਉਨ੍ਹਾਂ ਨੂੰ ਕੋਈ ਜਲਦੀ ਵੀ ਨਹੀਂ ਹੈ। ਦੋਵੇਂ ਆਪਣਾ ਕੈਰਿਅਰ ਬਣਾਉਣ ਵਿੱਚ ਰੁੱਝੇ ਹੋਏ ਹਨ। ਸਾਰਾ ਪਰਿਵਾਰ ਇਕੱਠਾ ਹੀ ਰਹਿੰਦਾ ਹੈ। ਆਪਣਾ-ਆਪਣਾ ਫਲੈਟ ਬਣਾ ਲੈਣ ਦੇ ਬਾਵਜੂਦ ਬੱਚੇ ਉਨ੍ਹਾਂ ਨੂੰ ਛੱਡ ਕੇ ਅਲੱਗ ਰਹਿਣਾ ਹੀ ਨਹੀਂ ਚਾਹੁੰਦੇ। ਆਪਣੀ ਅੰਮਾ ਦੇ ਜਾਣ ਮਗਰੋਂ ਤਾਂ ਉਨ੍ਹਾਂ ਦਾ ਖਾਸ ਖਿਆਲ ਰੱਖਦੇ ਹਨ। ਇਹ ਵੀ ਤੈਅ ਹੈ ਕਿ ਉਨ੍ਹਾਂ ਦੇ ਨਾ ਰਹਿਣ ਤੇ ਵੀ ਸਾਰੇ ਬੱਚੇ ਰਲ ਕੇ ਇਕੱਠਾ ਹੀ ਰਹਿਣਾ ਚਾਹੁੰਦੇ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਇਕੱਠੇ ਰਹਿਣ ਵਿੱਚ ਹੀ ਬਰਕਤ ਹੈ। ਫਲੈਟ ਉਨ੍ਹਾਂ ਨੇ ਕਿਰਾਏ ਉਤੇ ਚੜ੍ਹ ਦਿੱਤੇ ਹੋਏ ਹਨ। ਕਿਰਾਏ ਤੋਂ ਹੀ ਉਨ੍ਹਾਂ ਦੀ ਲੋਨ ਅਦਾ ਹੋ ਰਿਹਾ ਹੈ।

ਔਖੇ ਮੋਰਚਿਆਂ ਤੇ ਤੈਨਾਤ ਹੋਣ ਕਾਰਣ ਪਰਿਵਾਰ ਦਾ ਸੁੱਖ ਅੱਪੂ ਨੂੰ ਟੁਕੜਿਆਂ ਵਿੱਚ ਹੀ ਮਿਲਿਆ। ਬੱਚੇ ਉਨ੍ਹਾਂ ਦਾ ਦਰਦ ਸਮਝਦੇ ਹਨ ਅਤੇ ਚਾਹੁੰਦੇ ਹਨ ਕਿ ਅੱਪੂ ਨੂੰ ਭਰਪੂਰ ਪਰਿਵਾਰਿਕ ਸੁਖ ਮਿਲੇ।

"ਗੰਨਿਆ ਨੂੰ ਲਹਿਰਾਉਂਦੇ ਹੋਏ ਵੇਖ ਰਹੇ ਹੋ, ਮਿ. ਸਿੰਘ? ਹਵਾ ਦੇ ਚਲਣ ਨਾਲ ਖਾਮੋਸ਼ ਖੜੀ ਫਸਲ ਕਿਵੇਂ ਨੱਚਣ ਲੱਗ ਪੈਂਦੀ ਹੈ।"

ਪੰਟੂਨ ਪੁਲ ਤੋਂ ਵਾਪਸ ਆ ਕੇ ਦੋਵੇਂ ਗਲੈਕਸੋ ਦੀ ਪੁਲੀ ਤੇ ਆ ਕੇ ਵੱਖਰੇ ਹੋ ਗਏ। ਦਿਸ਼ਾਵਾਂ ਬਦਲ ਗਈਆਂ। ਬਾਬੂ ਜਸਵੰਤ ਸਿੰਘ ਦੇ ਮਨ ਵਿੱਚ ਆਇਆ ਕਰਨਲ ਸਵਾਮੀ ਨੂੰ ਕਹਿ ਦੇਣ ਕਿ ਉਹ ਦੋਵੇਂ ਸਵੇਰੇ ਗਲੈਕਸੋ ਦੀ ਪੁਲੀ ਉਤੇ ਹੀ ਕਿਉਂ ਨਾ ਮਿਲਿਆ ਕਰਨ?

ਉਹ ਹੈਰਾਨ ਰਹਿ ਗਏ, ਜਦੋਂ ਕਰਨਲ ਸਵਾਮੀ ਨੇ ਬਿਨਾਂ ਕੁਝ ਕਹੇ ਹੀ ਉਨ੍ਹਾਂ ਦੇ ਦਿਲ ਦੀ ਗੱਲ ਬੁੱਝ ਲਈ।

"ਸਵੇਰ ਦੇ ਬਾਵਜੂਦ ਮਯੂਰ ਵਿਹਾਰ ਵਾਲੇ ਚੌਰਾਹੇ ਉਤੇ ਕਾਫੀ ਚਹਿਲ-ਪਹਿਲ ਰਹਿੰਦੀ ਹੈ। ਪੁਲਿਸ ਚੌਂਕੀ ਦਾ ਖਾਲੀ ਖੋਖਾ ਰੋਹਬ ਬਣਾਏ ਰੱਖਦਾ ਹੈ। ਥਾਂ ਸੁਰੱਖਿਅਤ ਹੈ। ਉਥੇ ਹੀ ਮਿਲਣਾ ਠੀਕ ਰਹੇਗਾ, ਦੋਸਤ। ਉਡੀਕਣ ਲਈ ਗਲੈਕਸੋ ਠੀਕ ਨਹੀਂ ਹੈ। ਆਪਣੇ ਲਈ ਸਾਨੂੰ ਕੋਈ ਡਰ ਨਹੀਂ, ਖਤਰਿਆਂ ਨਲਾ ਸਾਰੀ ਜ਼ਿੰਦਗੀ ਖੇਡਿਆ ਹਾਂ। ਖੇਡਣ ਦੀ ਆਦਤ ਰਹੀ ਹੈ। ਤੁਹਾਨੂੰ ਉਸ ਦੀ ਆਦਤ ਨਹੀਂ।"

"੧੯੬੫ ਦੀ ਲੜਾਈ ਬਾਈ ਦਿਨ ਚਲੀ ਸੀ। ੧੯੭੧ ਦੀ ਤੇਰ੍ਹਾਂ ਦਿਨ। ਪਰ... ਲੜਾਈ, ਸਿਪਾਹੀ ਯੁੱਧ ਛਿੜਣ ਤੇ ਹੀ ਨਹੀਂ ਲੜਦਾ। ਲੜਾਈ ਦੀ ਤਿਆਰੀ ਵੇਲੇ ਜੋ ਲੜਾਈ ਉਸ ਨੂੰ ਲੜਣੀ ਪੈਂਦੀ ਹੈ, ਉਹ ਤਾਂ ਨਿਰੰਤਰ ਯੁੱਧ ਹੀ ਹੈ।" ਕਰਨਲ ਸਵਾਮੀ ਨੇ ਅੰਗ੍ਰੇਜ਼ੀ ਵਿੱਚ ਬੁੜਬੁੜ ਕੀਤੀ।

## ਰਾਮਵਤੀ-ਸੋਮਵਤੀ

ਬਾਬੂ ਜਸਵੰਤ ਸਿੰਘ ਨੂੰ ਮਹਿਸੂਸ ਹੋਣ ਲੱਗ ਪਿਆ ਕਿ ਹਵਾ ਇਕਦਮ ਠੰਡੀ ਹੋਣ ਲੱਗ ਪਈ ਹੈ ਤੇ ਠੰਡ ਕਾਰਣ ਛਿੱਕਾ ਲੱਗਣ ਦਾ ਡਰ ਵੀ ਪੈਦਾ ਹੋ ਗਿਆ ਹੈ। ਨਿੱਛ ਆ ਜਾਏ ਤਾਂ ਥੋੜੀ ਮੁਕਤੀ ਵੀ ਮਿਲੇ। ਪਰ ਇਸ ਵੇਲੇ ਉਹ ਛਿੱਕਾ ਮਾਰਨਾ ਨਹੀਂ ਚਾਹੁੰਦੇ। ਉਨ੍ਹਾਂ ਦੀ ਸਵਰਗਵਾਸੀ ਪਤਨੀ ਅਨੁਸਾਰ ਨਿੱਛ ਤੇ ਬਦਸਗਨੀ ਦਾ ਗਹਿਰਾ ਰਿਸ਼ਤਾ ਅਜੇ ਕੁਝ ਦੇਰ ਪਹਿਲਾਂ ਹੀ ਦਿਮਾਗ ਵਿੱਚ ਫਜ਼ੂਲ ਜਿਹੀਆਂ ਗੱਲਾਂ ਉੱਠਣ ਲੱਗ ਪਈਆਂ ਸਨ। ਕਾਤਿਲ ਬਲਿਊ ਲਾਈਨ ਬੱਸਾਂ ਅੱਜ ਕਲ੍ਹ ਜੇਟ ਜਹਾਜਾਂ ਨਾਲ ਹੋੜ ਲੈਂਦੀਆਂ ਨਜ਼ਰ ਆਉਂਦੀਆਂ ਹਨ। ਤੇ ਉਨ੍ਹਾਂ ਨੂੰ ਸੜਕ 'ਤੇ ਚਲਣ ਵਾਲੇ ਫੁਟ ਪਾਥੀ ਨ੍ਹਾਂ ਕੀੜੇ-ਮਕੌੜੇ ਨਜ਼ਰ ਆਉਂਦੇ ਹਨ। ਸੜਕਾਂ ਉਤੇ ਉਨ੍ਹਾਂ ਦਾ ਪੂਰਾ ਅਧਿਕਾਰ ਜੋ ਹੋਇਆ ਹੈ। ਉਨ੍ਹਾਂ ਦੇ ਅਧਿਕਾਰ ਖੇਤਰ ਵਿੱਚ ਪ੍ਰਵੇਸ਼ ਕਰਨ ਵਾਲਿਆਂ ਨੂੰ ਉਹ ਬਖਸ਼ਦੀਆਂ ਨਹੀਂ ਤੇ ਬਖਸ਼ਣ ਵੀ ਕਿਉਂ? ਫੁਟਪਾਥੀਆਂ ਨੂੰ ਸਬਕ ਸਿਖਾਉਣ ਲਈ ਉਹ ਆਏ ਦਿਨ ਹੀ ਲੋਕਾਂ ਨੂੰ ਕੁਚਲ ਕੇ ਰਖ ਦਿੰਦੀਆਂ ਹੈ, ਤਾਂ ਕਿ ਉਨ੍ਹਾਂ ਦੀ ਅਕਲ ਠਿਕਾਣੇ ਰਹੇ ਤੇ ਉਹ ਸੜਕ ਉਤੇ ਅਗਵਾਈ ਕਰਨ ਦੀ ਹਿੰਮਤ ਨਾ ਵਿਖਾਉਣ।

ਕਿੱਧਰੇ ਆਲੇ-ਦੁਆਲੇ ਅੱਜ ਫਿਰ ਉਸ ਨੇ ਆਪਣੇ ਖੂਨੀ ਜਬੜੇ ਤਾਂ ਨਹੀਂ ਖੋਲ੍ਹ ਲਏ?

ਉਨ੍ਹਾਂ ਨੂੰ ਆਪਣੇ ਆਪ ਉਤੇ ਸ਼ਰਮਿੰਦਗੀ ਹੋਈ। ਸਵੇਰੇ-ਸਵੇਰੇ ਉਹ ਕੋਈ ਸ਼ੁਭ ਗੱਲ ਨਹੀਂ ਸੋਚ ਸਕਦੇ? ਮਾੜੀਆਂ ਗੱਲਾਂ ਬਾਰੇ ਸੋਚਣਾ ਕੀ ਜ਼ਰੂਰੀ ਹੈ? ਜੇ ਕੋਈ ਅਨਹੋਣੀ ਘਟਨਾ ਵਾਪਰੀ ਹੁੰਦੀ ਤਾਂ ਨੋਇਡਾ ਅਤੇ ਨਾਗਾਰਜੁਨ ਅਪਾਰਟਮੈਂਟ ਵਲੋਂ ਆ ਰਹੇ ਲੋਕਾਂ ਦੇ ਚਿਹਰਿਆਂ ਉਤੇ ਉਸ ਮਾੜੀ ਘਟਨਾ ਦੇ ਚਿੰਨ੍ਹ ਨਜ਼ਰ ਨਾ ਆਉਂਦੇ?

ਇਹ ਵੀ ਹੋ ਸਕਦਾ ਹੈ ਕਿ ਕਾਫੀ ਦੇਰ ਤੱਕ ਉਨ੍ਹਾਂ ਦਾ ਇੰਤਜ਼ਾਰ ਕਰਨ ਮਗਰੋਂ ਕਰਨਲ ਸਵਾਮੀ ਨੇ ਨਿਸ਼ਚਾ ਕੀਤਾ ਹੋਵੇ ਕਿ ਅੱਜ ਉਹ ਇੱਕਲੇ ਹੀ ਪੰਟੂਨ ਪੁਲ ਵੱਲ ਨਿਕਲ ਸੈਰ ਕਰ ਲੈਣ। ਉਨ੍ਹਾਂ ਦਾ ਘਰ ਕੋਈ ਚਾਰ ਕਦਮਾਂ ਉਤੇ ਤਾਂ ਹੈ ਨਹੀਂ। ਉਨ੍ਹਾਂ ਦੇ ਅੰਦਾਜ਼ ਨਾਲ ਸ਼ਾਇਦ ਗਲਤ ਵੀ ਹੋ ਸਕਦਾ ਹੈ ਇਹ ਦੂਰੀ ਚਾਰ-ਪੰਜ ਕਿਲੋਮੀਟਰ ਤੋਂ ਘੱਟ ਕੀ ਹੋਣੀ ਹੈ। ਉਨ੍ਹਾਂ ਨੂੰ ਇਹ ਯਾਦ ਹੈ ਕਿ ਉਨ੍ਹਾਂ ਕਾਰਣ ਹੀ ਇਸ ਪਾਸੇ ਸੈਰ ਕਰਨ ਆਉਣ ਤੇ ਉਨ੍ਹਾਂ ਨੂੰ ਕਈ ਕਿਲੋਮੀਟਰ ਰੋਜ਼ ਪੈਦਲ ਚਲਣਾ ਪੈਂਦਾ ਹੈ। ਥੱਕਾਵਟ ਹੋ ਜਾਂਦੀ ਹੋਵੇਗੀ। ਕਰਨਲ ਸਵਾਮੀ ਨੇ ਐਨੀ ਜ਼ੋਰਦਾਰ ਠਹਾਕਾ ਮਾਰਿਆ, ਜਿਵੇਂ ਉਨ੍ਹਾਂ ਨੇ ਕੋਈ ਬੱਚਿਆਂ ਵਾਲਾ ਸਵਾਲ ਪੁੱਛ ਲਿਆ ਹੋਵੇ। ਕੀ ਉਨ੍ਹਾਂ ਨੂੰ ਇਹ ਯਾਦ ਨਹੀਂ ਰਿਹਾ ਕਿ ਉਹ ਮਿਲਟਰੀ ਵਿੱਚ ਨੌਕਰੀ ਕਰ ਚੁੱਕੇ ਹਨ। ਜਿੱਥੇ ਹਰੇਕ ਸਿਪਾਹੀ ਨੂੰ, ਭਾਵੇਂ ਉਹ ਕਿਸੇ ਵੀ ਅਹੁਦੇ 'ਤੇ ਹੋਵੇ, ਆਪਣੇ ਆਪ ਨੂੰ ਚੁਸਤ-ਦਰੁਸਤ ਰੱਖਣ ਲਈ ਮੂੰਹ ਹਨੇਰੇ ਉੱਠ ਕੇ ਕਈ ਮੀਲ ਦੌੜਨਾ ਪੈਂਦਾ ਹੈ।

ਪੰਟੂਨ ਪੁਲ ਵੱਲ ਗਏ ਹੁੰਦੇ ਕਰਨਲ ਸਵਾਮੀ ਤਾਂ ਜ਼ਰੂਰ ਹੀ ਹੁਣ ਤਕ ਮੁੜ ਕੇ ਇਸ ਪੁਲੀ ਤੇ ਆ ਜਾਂਦੇ। ਅੱਧੇ ਘੰਟੇ ਤੋਂ ਵੱਧ ਦਾ ਵਕਤ ਨਹੀਂ ਲੱਗਦਾ ਉਥੇ ਸੈਰ ਕਰਨ ਤੇ।

ਐਨਾ ਵਕਤ ਵੀ ਇਸ ਲਈ ਲੱਗਦਾ ਹੈ ਕਿਉਂਕਿ ਉਹ ਸੜਕ ਦੇ ਦੋਵੇਂ ਪਾਸੇ ਖੜੀਆਂ ਫਸਲਾਂ ਨੂੰ ਲਹਿਲਹਿਰਾਉਂਦੇ ਦੇਖਦੇ ਹੋਏ ਆਉਂਦੇ ਹਨ।

o o o

"ਇਕ ਕੰਮ ਕਰੋ....।" ਮੁਲਾਕਾਤ ਦੀ ਚੌਥੀ ਸਵੇਰ ਨੂੰ ਕਰਨਲ ਸਵਾਮੀ ਤੁਰਦੇ-ਤੁਰਦੇ ਅਚਾਨਕ ਠਿਠਕ ਕੇ ਬਾਬੂ ਜਸਵੰਤ ਸਿੰਘ ਵੱਲ-ਮੁੜੇ।

"ਸੈਰ ਲਈ ਕੁੜਤਾ-ਪਜ਼ਾਮਾ ਮੁਨਾਸਿਬ ਪੌਸ਼ਾਕ ਨਹੀਂ। ਢਿਲੇ-ਢਾਲੇ ਕੱਪੜੇ ਚਾਲ ਸੁਸਤ ਕਰ ਦਿੰਦੇ ਹਨ। ਜੋ ਜੋੜੀ "ਲਕਸ ਕੱਟਸੂਲ" ਖਰੀਦ ਲਓ। ਅੱਗੇ ਠੰਡ ਹੋਰ ਵੱਧ ਜਾਏਗੀ।"

"ਬਹੁਤੀ ਠੰਡ ਲੱਗਣ ਤੇ ਉਪਰੋਂ ਜੈਕੇਟ ਜਾਂ ਕੋਟ ਪਾਇਆ ਜਾ ਸਕਦਾ ਹੈ।"

"ਜੇ ਤੁਸੀਂ ਆਪ ਖਰੀਦ ਨਾ ਸਕੋ ਤਾਂ ਦੱਸੋ... ਅੱਜ ਮਾਰਕੀਟ ਤੋਂ ਮੈਂ ਲੈ ਆਵਾਂਗਾ।"

ਸ਼ਰਮ ਨਾਲ ਬਾਬੂ ਜਸਵੰਤ ਸਿੰਘ ਨੇ ਉਨ੍ਹਾਂ ਨੂੰ ਫੌਰਨ ਮਨ੍ਹਾ ਕਰ ਦਿੱਤਾ। ਜੁੱਤੀ ਦੇ ਪੈਸੇ ਵੀ ਉਨ੍ਹਾਂ ਨਹੀਂ ਲਏ ਸਨ, ਉਪਰੋਂ ਸਿਰ ਉਤੇ ਇਕ ਹੋਰ ਕਰਜ਼। ਉਸ ਦਿਨ ਸੱਟ ਕਾਰਣ ਡਰੇ ਹੋਏ ਸਨ। ਨੇੜੇ ਦੀ ਆਚਾਰੀਏ ਨਿਕੇਤਨ ਦੀ ਮਾਰਕੀਟ ਦੇ ਵਿਸ਼ੇ ਬਾਰੇ ਵੀ ਉਨ੍ਹਾਂ ਨੂੰ ਕੋਈ ਖਾਸ ਜਾਣਕਾਰੀ ਨਹੀਂ ਸੀ। ਇਸ ਵਾਰ ਢਿੱਲ ਨਹੀਂ ਪਾਉਣਗੇ। ਆਪ ਬਜ਼ਾਰ ਜਾ ਕੇ ਆਪਣੀ ਮਰਜ਼ੀ ਦਾ ਖਰੀਦ ਲਿਆਉਣਗੇ। ਸਗੋਂ ਕੱਲ੍ਹ ਕਰਨਲ ਸਵਾਮੀ ਉਨ੍ਹਾਂ ਨੂੰ ਲਕਸ ਕੱਟਸੂਲ' ਵਿੱਚ ਹੀ ਵੇਖਣਗੇ।

ਵੈਸੇ ਮਨ ਨੂੰ ਚੰਗਾ ਲੱਗਾ, ਕੋਈ ਤਾਂ ਹੈ, ਜੋ ਉਨ੍ਹਾਂ ਨੂੰ ਸਰਦੀ ਤੋਂ ਬਚਾਉਣਾ ਚਾਹੁੰਦਾ ਹੈ, ਉਨ੍ਹਾਂ ਨੂੰ ਚੁਸਤ-ਦਰੁਸਤ ਵੀ ਵੇਖਣਾ ਚਾਹੁੰਦਾ ਹੈ, ਜਿਸ ਤਰ੍ਹਾਂ ਉਹ ਆਪ ਹਮੇਸ਼ਾ ਤੋਂ ਆਪਣੇ ਆਪ ਨੂੰ ਦੇਖਣ ਦਾ ਇੱਛੁਕ ਰਹੇ ਸਨ। ਅੱਗ ਉਤੇ ਕਦੋਂ ਪਾਣੀ ਪੈ ਗਿਆ, ਪਤਾ ਹੀ ਨਾ ਲੱਗਾ। ਪਾਣੀ ਪਿਆ ਵੀ ਸੀ ਜਾਂ ਉਨ੍ਹਾਂ ਨੇ ਆਪ ਹੀ ਉਮਰ ਦੀਆਂ ਪੈੜਾਂ ਨਾਲ ਲੋਹਾ ਲੈਣ ਦੀ ਬਜਾਏ ਜੀਣ ਦੀ ਉਮੰਗ ਨੂੰ ਆਪਣੇ ਅੰਦਰ ਹੀ ਕਿੱਧਰੇ ਦਬਾ ਦਿੱਤਾ...।

ਇਕਦਮ ਆਪਣਾ ਸ਼ਹਿਰ ਕਾਨਪੁਰ ਯਾਦ ਆ ਗਿਆ, ਖੁਸ਼ਬੂ ਦਾ ਕੋਈ ਬੁੱਲ੍ਹਾ ਜਿਹਾ ਫੈਲ ਗਿਆ।

ਆਮ ਲੋਕਾਂ ਨੂੰ ਕਾਨਪੁਰ ਭਾਵੇਂ ਕਿੰਨਾ ਗੰਦਾ, ਬੇਤਰਤੀਬ, ਪਿਛੜਾ, ਦੰਗੇ ਫਸਾਦਾਂ ਵਾਲਾ ਭੈੜਾ ਸ਼ਹਿਰ ਲੱਗੇ। ਉਨ੍ਹਾਂ ਲਈ ਉਸ ਤੋਂ ਨਿੱਘਾ ਸ਼ਹਿਰ ਕੋਈ ਹੋਰ ਨਹੀਂ। ਦੇਸ਼ ਦਾ ਮੈਨਚੇਸਟਰ ਇਵੇਂ ਹੀ ਤਾਂ ਨਹੀਂ ਕਿਹਾ ਜਾਂਦਾ ਉਸ ਨੂੰ। ਲੰਘਦੇ-ਜਾਂਦੇ ਕਿਸੇ ਨੂੰ ਵੀ ਕਹਿ ਦਿਓ ਕਿ ਫਲਾਣੀ ਚੀਜ਼ ਦੀ ਲੋੜ ਹੈ, ਘੰਟੇ ਅੰਦਰ ਹੀ ਦੇਹਰੀ ਤੇ ਹਾਜ਼ਿਰ ਹੁੰਦੀ। ਇਕ ਤੋਂ ਇਕ ਵੱਧ ਕੇ। ਭਾਵੇਂ ਜਿਹੜੀ ਮਰਜ਼ੀ ਪਸੰਦ ਕਰ ਲਵੋ।



ਕੀਮਤ ਚਾਹੋ ਤਾਂ ਉਸੇ ਵੇਲੇ ਤਾਰ ਦਿਓ, ਨਹੀਂ ਤਾਂ ਜਦੋਂ ਹੋਣ ਉਦੋਂ ਫੜਾ ਦਿਓ। ਕੀ ਮਜ਼ਾਲ ਜੇ ਕੋਈ ਦੁਕਾਨਦਾਰ ਉਗਰਾਹੀ ਲਈ ਉਨ੍ਹਾਂ ਦੇ ਬੂਹੇ ਆਏ। ਹੁਣ ਤਾਂ ਸਾਰੀਆਂ ਦੁਕਾਨਾਂ 'ਤੇ ਟੇਲੀਫੋਨ ਲੱਗ ਗਏ ਹਨ। ਘੰਟੇ ਦਾ ਕੰਮ ਮਿੰਟਾਂ ਵਿੱਚ ਹੋ ਜਾਂਦਾ ਹੈ।

ਤਬਾਦਲੇ ਤਾਂ ਉਨ੍ਹਾਂ ਦੇ ਕਈ ਵੱਡੇ ਸ਼ਹਿਰਾਂ ਵਿੱਚ ਹੁੰਦੇ ਰਹੇ। ਪਰ ਉਹ ਕੋਈ ਜੋੜ ਢੁਕਾ ਕੇ ਮੁੜ ਕਾਨਪੁਰ ਪਹੁੰਚ ਜਾਂਦੇ ਸਨ। ਜਵਾਹਰ ਨਗਰ ਵਿੱਚ ਬਹੁਤ ਪਹਿਲਾਂ ਹੀ ਉਨ੍ਹਾਂ ਨੇ ਪੰਜ ਸੌ ਗਜ਼ ਦਾ ਪਲਾਟ ਖਰੀਦ ਲਿਆ ਸੀ। ਉਥੇ ਹੀ ਘਰ ਬਣਵਾ ਲਿਆ। ਸੰਜੋਗ ਨਾਲ ਉਨ੍ਹਾਂ ਦੇ ਘਰ ਦੇ ਸਾਹਮਣੇ ਹੀ ਨਗਰਪਾਲਿਕਾ ਨੇ ਸੁਹਣਾ ਬਗੀਚਾ ਬਣਵਾ ਦਿੱਤਾ। ਸੋਨੇ ਤੇ ਸੁਹਾਗਾ ਹੋ ਗਿਆ। ਬਗੀਚੇ ਵਿਚੋਂ ਵਿਚ ਇਕ ਪੁਰਾਣਾ ਬੋਹੜ ਹੈ। ਜਿਸ ਨੂੰ ਨਗਰ ਪਾਲਿਕਾ ਨੇ ਉਵੇਂ ਹੀ ਰਹਿਣ ਦਿੱਤਾ। ਸੈਕੜੇ ਪੰਛੀਆਂ ਦਾ ਟਿਕਾਣਾ ਹੈ, ਉਹ ਬੋਹੜ। ਸਵੇਰੇ-ਸ਼ਾਮ ਉਨ੍ਹਾਂ ਪੰਛੀਆਂ ਦੀ ਗੂੰਜ ਨਾਲ ਮਨ ਅਕਿਹ ਸੁਖ ਨਾਲ ਭਰ ਜਾਂਦਾ ਹੈ।

ਘਰ ਦੇ ਪਿਛਵਾੜੇ ਗੈਰਾਜ਼ ਵਿੱਚ ਰਾਮਆਸਰੇ ਪਾਸੀ ਨੂੰ ਆਪਣੀ ਸੁਵਿਧਾ ਕਾਰਣ ਵਸਾਇਆ ਹੋਇਆ ਸੀ। ਉਸ ਦੀ ਬੀਵੀ ਸੁਨਗੁਨਿਆਂ ਘਰ ਵਿੱਚ ਚੌਂਕਾ ਚੁੱਲ੍ਹਾ ਕਰ ਜਾਂਦੀ ਸੀ। ਝਾੜੂ ਪੋਚਾ ਮਾਰਦੀ ਗਰਮੀਆਂ ਵਿੱਚ ਪਾਣੀ ਛਿੜਕਣਾ -ਆਦਿ ਸਾਰੇ ਕੰਮ ਦੀ ਜ਼ਿੰਮੇਵਾਰੀ ਉਸੇ ਦੀ ਹੁੰਦੀ ਸੀ।

ਨਰਿੰਦਰ ਦੀ ਅੰਮਾ ਤੋਂ ਬਸ ਉਸ ਦੇ ਨਲ੍ਹੀਆਂ ਵੱਗਦੇ ਬੱਚੇ ਨਹੀਂ ਵੇਖੇ ਜਾਂਦੇ ਸਨ।

ਪਿਛਵਾੜੇ ਹੀ ਨੌਕਰਾਂ ਲਈ ਦੇਸੀ ਟੱਟੀ ਬਣਵਾਈ ਹੋਈ ਸੀ। ਬੇਸ਼ਰਮ ਬੱਚੇ ਘਰ ਦੀ ਨਾਲੀ ਉਤੇ ਹੀ ਹੱਗਦੇ-ਮੂਤਦੇ ਦਿੱਸਦੇ ਸਨ।

ਨਰਿੰਦਰ ਦੀ ਅੰਮਾਂ ਨੂੰ ਪਾਰਾ ਚੜ੍ਹਨ ਲੱਗਦਾ ਸੀ।

ਬਾਬੂ ਜਸਵੰਤ ਸਿੰਘ ਸਮਝਾਉਂਦੇ। ਪਿਛਵਾੜੇ ਜੋ ਕਰਦੇ ਹਨ, ਕਰਨ ਦੇ। ਆਪਣੀ ਗਰਜ਼ ਵੇਖ। ਬੱਚੇ ਸਾਰਾ ਦਿਨ ਮਿਣਮਿਣਾਉਂਦੇ ਰਹਿੰਦੇ ਚੀਂ ਚੀਂ ਲੱਗੀ ਹੀ ਰਹਿੰਦੀ। ਰੌਸ਼ਨੀ ਰਹਿੰਦੀ ਏਂ। ਨਹੀਂ ਤਾਂ ਕੰਧ ਵਿਚ ਸੇਂਧ ਲਾਉਣ ਵਾਲਿਆਂ ਦੀ ਕੋਈ ਕਮੀ ਸੀ।

ਰੱਬ ਦੀ ਮਾਰ। ਰਾਮਆਸਰੇ ਪਾਸੀ ਨਰਿੰਦਰ ਦੀ ਅੰਮਾਂ ਦੇ ਜਾਣ ਤੋਂ ਪਹਿਲਾਂ ਹੀ ਗੁਜ਼ਰ ਗਿਆ। ਆਪਣੇ ਪਿੰਡ ਗਿਆ ਸੀ, ਵੱਡੇ ਭਰਾ ਦੇ ਬੁਲਾਵੇ 'ਤੇ। ਪੰਦਰਾਂ ਦਿਨਾਂ ਬਾਅਦ ਖਬਰ ਆਈ। ਬਿਰਹਨ ਪਿੰਡ ਵਿੱਚ ਜ਼ਹਿਰੀਲੀ ਦੇਸੀ ਸ਼ਰਾਬ ਦੇ ਪਾਊਚ ਪੀ ਕੇ ਜਿਨ੍ਹਾਂ ਇੱਕੀ ਲੋਕਾਂ ਦੀ ਮੌਤ ਹੋਈ ਸੀ-ਰਾਮਆਸਰੇ ਵੀ ਉਨ੍ਹਾਂ ਵਿਚੋਂ ਇਕ ਸੀ।

ਯਕੀਨ ਨਹੀਂ ਹੋਇਆ ਰਾਮਆਸਰੇ ਨੂੰ ਅੱਗੇ ਕਦੇ ਨਸ਼ਾ ਕਰਦੇ ਨਹੀਂ ਦੇਖਿਆ ਸੀ। ਸੁਨਸੁਨਿਆਂ ਨੇ ਵੀ ਮੰਨਿਆ। ਛੇ-ਅੱਠ ਮਹੀਨਿਆਂ ਮਗਰੋਂ ਚੜ੍ਹਾ ਕੇ ਆਉਂਦਾ ਸੀ ਤੇ ਚੁਪਚਾਪ ਚਟਾਈ ਉਤੇ ਗੱਠੜੀ ਵਾਂਗ ਮੂੰਧਾ ਪੈ ਜਾਂਦਾ ਸੀ। ਉਨ੍ਹਾਂ ਦੇ ਰੋਹਬ ਕਾਰਣ। ਕਦੇ 'ਵਾਜ਼ ਵੀ ਨਹੀਂ ਕੱਢਦਾ ਸੀ।

ਰੋਂਦੀ-ਕਲਪਦੀ, ਕਿਸਮਤ ਨੂੰ ਕੋਸਦੀ ਸੁਨਸੁਨਿਆਂ ਨੂੰ ਤਿੰਨ ਬੱਚਿਆਂ ਸਮੇਤ ਉਸ ਦਾ ਜੇਠ ਪਿੰਡੋਂ ਆ ਕੇ ਲੈ ਗਿਆ ਸੀ। ਉਸ ਦਾ ਕੁਰਲਾਉਣਾ ਯਾਦ ਆਉਂਦਾ ਰਿਹਾ।

ਨਰਿੰਦਰ ਦੀ ਅੰਮਾਂ ਦੀ ਜਾਨ੍ਹ ਵਿੱਚ ਜਾਨ ਆਈ। ਭਾਵੇਂ ਸੁਨਸੁਨਿਆਂ ਉੱਪਰ ਟੁੱਟੇ ਦੁੱਖ ਦੇ ਪਹਾੜ ਤੋਂ ਦੁੱਖੀ ਹੋਣ ਦੇ ਬਾਵਜੂਦ ਉਸਨੇ ਕੰਮ ਲਈ ਝੱਟ ਹੀ ਰਾਮਰਤੀ ਬਾਈ ਨੂੰ ਲੱਗਾ ਲਿਆ।

ਉਸ ਦੀ ਗ੍ਰਿਹਸਥੀ ਦੇ ਬੱਚੇ-ਖੁੱਚੇ ਟਾਂਡੇ ਟੀਮੇ ਨੂੰ ਬੋਰੀ ਵਿੱਚ ਭਰ, ਗੈਰਜ਼ ਧੋ-ਪੂੰਝ ਕੇ, ਗੰਗਾਜਲ ਛਿੜਕ ਮੁੜ ਕੇ ਪਵਿੱਤਰ ਕਰ ਲਿਆ ਸੀ।

ਵੀਹ ਦਿਨ ਵੀ ਗੁਜ਼ਰੇ ਨਹੀਂ ਹੋਣੇ ਕਿ ਇਕ ਦੁਪਹਿਰ ਗੇਟ ਖੜਕਿਆ। ਬਦਹਾਲ ਜਿਹੀ ਸੁਨਮੁਨਿਆਂ ਮੈਲ਼ ਲਿਪਟੇ ਬੱਚਿਆਂ ਨਾਲ ਗੇਟ ਦੇ ਬਾਹਰ ਖੜੀ ਨਜ਼ਰ ਆਈ।

ਨਰਿੰਦਰ ਦੀ ਅੰਮਾਂ ਨੂੰ ਵੇਖਦੇ ਹੀ ਰੋਂਦੇ ਹੋਏ ਉਸ ਦੇ ਪੈਰਾਂ ਵਿੱਚ ਢਹਿ ਪਈ। ਮਾਂ ਦੀ ਦੇਖਾ-ਦੇਖੀ ਅਬੋਧ ਬੱਚੇ ਵੀ ਡੁਸਕਣ ਲੱਗ ਪਏ।

ਹਰ ਵੇਲੇ ਬਾਰੂਦ ਬਣੀ ਰਹਿਣ ਵਾਲੀ ਨਰਿੰਦਰ ਦੀ ਮਾਂ ਸੁਨਗੁਨਿਆਂ ਦੇ ਜ਼ਾਰੋਜ਼ਾਰ ਵਹਿੰਦੇ ਹੰਝੂਆਂ ਕਾਰਨ ਮੋਮ ਜਿਹੀ ਪਿਘਲ ਗਈ। ਪੁੱਛਿਆ, ਕਿਵੇਂ ਆਈ ਏਂ? ਕਿਉਂ ਆਈ ਏ ? ਭਾਂਡੇ ਆਦਿ ਲੈ ਜਾਣ ਲਈ ਆਈ ਏ ਤਾਂ ਆਪ ਭੱਜ ਕੇ ਆਉਣ ਦੀ ਬਜਾਏ ਕਿਸੇ ਸਕੇ-ਨੂੰ ਭੇਜ ਦੇਣਾ ਸੀ? ਜੇ ਰਹਿਣ ਦੇ

ਇਰਾਦੇ ਨਾਲ ਆਈ ਏ ਤਾਂ ਬਾਈਆਂ ਦੇ ਘੇਰੇ ਵਿੱਚ ਬਦਨਾਮ ਇਸ ਸ਼ਹਿਰ ਵਿੱਚ ਇਕੱਲੀ ਰਹਿ ਕੇ ਕੀ ਕਰੇਗੀ? ਨਾਜ਼ਕ ਜਿਹੀ ਵੇਲ ਕਿਸੇ ਵੱਡੇ ਸਹਾਰੇ ਦੇ ਜੀ ਸਕਦੀ ਹੈ ਭਲਾ?

ਸੁਨਗੁਨਿਆਂ ਦੀਆਂ ਹਿਚਕੀਆਂ ਰੁਕ ਗਈਆਂ।

ਪੱਲੇ ਨਾਲ ਹੰਝੂ ਪੂੰਝ ਦ੍ਰਿੜ ਆਵਾਜ਼ ਵਿੱਚ ਬੋਲੀ, "ਮੈਨੂੰ ਤਾਂ ਮੇਰੀ ਦੇਵੀ ਵਰਗੀ ਮਾਲਕਣ ਦਾ ਹੀ ਭਰੋਸਾ ਹੈ। ਉਸੇ ਦੀ ਸ਼ਰਣ ਵਿੱਚ ਰਹਿ ਲਵਾਂਗੀ।"

ਗੁਜ਼ਾਰੇ ਦੇ ਸਵਾਲ ਤੇ ਕਹਿਣ ਲੱਗੀ। ਮਾਲਕਣ ਦੀ ਟਹਿਲ-ਸੇਵਾ ਪਹਿਲਾਂ ਵਾਂਗ ਹੀ ਕਰਦੀ ਰਹੇਗੀ। ਕੀ ਮਜਾਲ ਜੇ ਕੋਈ ਉਸ ਦੇ ਕੰਮ ਨੂੰ ਹੱਥ ਲੱਗਾ ਜਾਵੇ। ਜਿੰਨੇ ਦਿਨ ਕਰ ਲਿਆ, ਬਸ ਕਰ ਲਿਆ। ਹੁਣ ਉਹ ਕਿਸੇ ਨੂੰ ਗੇਟ ਅੰਦਰ ਵੜਨ ਵੀ ਨਹੀਂ ਦੇਵੇਗੀ। ਇਸ ਘਰ ਤੋਂ ਇਲਾਵਾ ਜੋ ਵਕਤ ਬੱਚ ਜਾਏਗਾ, ਨੇੜੇ-ਤੇੜੇ ਦੇ ਘਰਾਂ ਵਿੱਚ ਜਾ ਕੇ ਕੰਮ ਕਰ ਲਵੇਗੀ। ਉਸ ਨੇ ਬਸ ਆਪਣੇ ਬੱਚੇ ਪਾਲਣੇ ਹਨ। ਮੁੰਡਾ ਦਸ-ਬਾਰ੍ਹਾਂ ਸਾਲਾਂ ਦਾ ਹੋ ਜਾਏਗਾ ਤਾਂ ਕਿਸੇ ਢਾਬੇ-ਹੋਟਲ ਵਿੱਚ ਮਜ਼ਦੂਰੀ ਕਰ ਲਵੇਗਾ। ਵਕਤ ਕੱਟ ਜਾਏਗਾ।

ਮੁੜ ਕੇ ਕਦੇ ਪਿੰਡ ਨਹੀਂ ਜਾਏਗੀ। ਮਾਲਕਣ ਜ਼ੋਰ ਨਾ ਦੇਵੇ। ਪਿੰਡ ਵਿੱਚ ਜੇਠ ਜ਼ੋਰ-ਜ਼ੁਲਮ ਲਈ ਜਾਣਿਆ ਜਾਂਦਾ ਸੀ। ਹਿੱਸਾ ਹੜਪ ਕਰ ਜਾਣ ਦੇ ਇਰਾਦੇ ਵਿੱਚ ਉਸ ਨੂੰ ਜ਼ਬਰਦਸਤੀ ਕਿਸੇ ਬੁੱਢੇ ਦੁਹਾਜੂ ਦੇ ਪੱਲੇ ਬੰਨ੍ਹਣ ਦਾ ਗਠਜੋੜ ਬਣਾ ਚੁੱਕਾ ਸੀ। ਸੁਨਗੁਨਿਆਂ ਨੂੰ ਇਹ ਸਭ ਮੰਜ਼ੂਰ ਨਹੀਂ ਸੀ। ਕਲ੍ਹ ਦੁਪਹਿਰ ਵੇਲੇ ਉਸ ਨੂੰ ਬੁੱਢੇ ਕੋਲ ਬਿਠਾ ਦੇਣਾ ਸੀ। ਇਸੇ ਲਈ ਸਰਘੀ ਵੇਲੇ ਟੱਟੀ ਫਿਰਨ ਦੇ ਬਹਾਨੇ ਬੱਚਿਆਂ ਨੂੰ ਨਾਲ ਲੈ ਪੈਦਲ ਹੀ ਬਸ ਅੱਡੇ ਵੱਲ ਤੁਰ ਪਈ ਤੇ ਕਾਨਪੁਰ ਦੀ ਬਸ ਫੜ ਕੇ ਮਾਲਕਣ ਕੋਲ ਆਣ ਪਹੁੰਚੀ। ਹੁਣ ਉਹ ਸੁਰੱਖਿਅਤ ਹੈ। ਜੇਠ ਨੇ ਆ ਕੇ ਉਸ ਨੂੰ ਜਬਰਦਸਤੀ ਲੈ ਜਾਣਾ ਚਾਹਿਆ ਤਾਂ ਉਸ ਨੇ ਧਾਰਿਆਂ ਹੋਇਆ ਹੈ ਕਿ ਮਾਲਕਣ ਨਾਲ ਜਾ ਕੇ ਪੁਲਿਸ ਕਚਿਹਰੀ ਵਿੱਚ ਰਿਪੋਰਟ ਲਿਖਵਾ ਆਏਗੀ ਕਿ ਉਸ ਨੂੰ ਇਨ੍ਹਾਂ ਬਘਿਆੜਾਂ ਤੋਂ ਬਚਾਇਆ ਜਾਏ।

ਪਿਘਲ ਜਾਣ ਦੇ ਬਾਵਜੂਦ ਨਰਿੰਦਰ ਦੀ ਅੰਮਾਂ ਦੁਨੀਆਦਾਰੀ ਬਾਰੇ ਸੋਚ ਰਹੀ ਸੀ। ਮਾਮੂਲੀ ਜਿਹੀ ਔਰਤ ਦੀ ਐਨੀ ਮਜਾਲ ! ਸਕੇ ਸੰਬੰਧੀਆਂ ਨੂੰ ਲੱਤ ਮਾਰ ਉਨ੍ਹਾਂ ਦੀ ਦਹਿਲੀਜ਼ ਉਤੇ ਆ ਬੈਠੀ। ਇਨ੍ਹਾਂ ਦੀ ਜਾਤ-ਬਿਰਾਦਰੀ ਵਿੱਚ ਕਿਹੜੀ ਅਗਨੀ-ਪਰੀਖਿਆ ਹੁੰਦੀ ਹੈ ਕਿ ਇਸ-ਉਸ ਕੋਲ ਨਹੀਂ ਬੈਠਣਾ? ਜ਼ਰੂਰ ਇਨ੍ਹਾਂ ਨਾਲ ਉਸ ਦਾ ਕੋਈ ਚੱਕਰ-ਚੁਕਰ ਹੈ।

ਇਹ ਸੁਣ ਰਾਤ ਵੇਲੇ ਬਾਬੂ ਜਸਵੰਤ ਸਿੰਘ ਨੇ ਨਰਿੰਦਰ ਦੀ ਅੰਮਾਂ ਨੂੰ ਚੰਗਾ ਝਾੜਿਆ। ਮੰਨਿਆ ਕਿ ਕਿਸੇ ਮਾਮਲੇ ਵਿੱਚ ਉਹ ਕਦੇ ਕਮਜ਼ੋਰ ਰਹੇ ਹਨ, ਪਰ ਇਸ ਦਾ ਇਹ ਅਰਥ ਨਹੀਂ ਕਿ ਉਹ ਜਦੋਂ ਚਾਹੇ, ਜਿਸ ਨਾਲ ਮਰਜ਼ੀ ਉਨ੍ਹਾਂ ਉਤੇ ਤੁਹਮਤ ਲੱਗਾ ਦੇਵੇ? ਉਹ ਜਿਸ ਨਾਲ ਵੀ ਕਦੇ ਰਹੇ, ਕਦੇ ਕੋਈ ਖਬਰ ਬਾਹਰ ਨਹੀਂ ਨਿਕਲੀ। ਨਾ ਹੀ ਅੱਗੇ ਕਦੇ ਲੱਗਣ ਦੀ ਸੰਭਾਵਨਾ ਹੀ ਹੈ। ਫਿਰ ਤਿਣਤਿਣ ਕਰਨ ਤੇ ਆਪਣਾ ਹੀ ਤਮਾਸ਼ਾ ਵਿਖਾਉਣ ਦਾ ਕੀ ਮਤਲਬ ਹੈ !

ਬਾਬੂ ਜਸਵੰਤ ਸਿੰਘ ਨੂੰ ਅਫਸੋਸ ਇਸੇ ਗੱਲ ਦਾ ਹੈ ਕਿ ਨਰਿੰਦਰ ਦੀ ਅੰਮਾਂ ਨੇ ਕਦੇ ਆਪਣੇ ਬਾਰੇ ਨਹੀਂ ਸੋਚਿਆ ਕਿ ਸਿਵਾਏ ਘਰ ਨੂੰ ਚੰਗੀ ਤਰ੍ਹਾਂ ਚਲਾਉਣ ਤੋਂ ਇਲਾਵਾ ਉਸ ਵਿੱਚ ਕੋਈ ਹੋਰ ਗੁਣ ਅਜਿਹਾ ਹੈ ਜਿਸ ਨਾਲ ਉਹ ਪਤੀ ਨੂੰ ਆਪਣੇ ਵੱਲ ਖਿੱਚ ਸਕਦੀ? ਉਹ ਸੁਘੜ ਸੁਆਣੀ ਸੀ, ਇਹ ਗੱਲ ਉਹ ਮੰਨਦੇ ਹਨ, ਮੰਨਦੇ ਰਹਿਣਗੇ। ਅਲਾਦੀਨ ਦੇ ਚਿਰਾਗ਼ ਵਰਗੀ ਚੁਸਤੀ-ਫੁਰਤੀ ਸੀ ਉਸ ਵਿੱਚ। ਫਰਮਾਇਸ਼ ਕਰਨ ਦੀ ਦੇਰ ਸੀ, ਅੱਖ ਝਪਕੇ ਵਿੱਚ ਚੀਜ਼ ਹਾਜ਼ਿਰ ਹੋ ਜਾਂਦੀ। ਉਹੋ ਜਿਹੀ ਹਾਜ਼ਿਰਜਵਾਬੀ ਜੇ ਉਸ ਦੀ ਦੇਹੀ ਵਿੱਚ ਵੀ ਹੁੰਦੀ ਤਾਂ ਕੀ ਉਹ ਇਧਰ-ਉਧਰ ਮੂੰਹ ਮਾਰਦੇ। ਕਹਿਣ ਦੀ ਗੱਲ ਨਹੀਂ, ਔਰਤਾਂ ਵਿੱਚ ਔਰਤਾਂ ਦੇਖੀਆਂ ਹਨ ਉਨ੍ਹਾਂ ਨੇ, ਜੋ ਇਕਦਮ ਕੋਰੀਆਂ ਹੋਣ ਤੇ ਵੀ ਐਨੀਆਂ ਪਰੱਪਕ ਹੋ ਜਾਂਦੀਆਂ ਸਨ ਕਿ ਆਦਮੀ ਘਰ ਵਿੱਚ ਉਹੋ ਜਿਹੀ ਪਰਪੱਕਤਾ ਲਈ ਲਲਕਦਾ ਹੀ ਰਹਿ ਜਾਂਦਾ ਸੀ।

ਨਰਿੰਦਰ ਦੀ ਮਾਂ ਵਾਂਗ ਹੀ ਨਰਿੰਦਰ ਨੇ ਵੀ ਸਪਾਟ ਲਹਿਜੇ ਵਿੱਚ ਸੁਨਗੁਨਿਆਂ ਦੀ ਹਾਜ਼ਿਰੀ ਤੇ ਪ੍ਰਸ਼ਨ ਚਿੰਨ੍ਹ ਲਗਾਇਆ ਸੀ। ਯਾਨਿ ਨੱਕ ਨੂੰ ਦੂਜੇ ਪਾਸਿਓਂ ਪਕੜ ਕੇ ਕਟਘੜੇ ਵਿੱਚ ਲੈ ਜਾਣ ਦੀ ਕੋਸ਼ਿਸ਼ ਉਸ ਨੇ ਵੀ ਕੀਤੀ ਸੀ ਕਿ ਸੁਨਗੁਨਿਆਂ ਤੋਂ ਗੈਰਾਜ਼ ਖਾਲੀ ਕਰਾ ਲੈਣਾ ਬੜਾ ਹੀ ਜ਼ਰੂਰੀ ਹੈ। ਅਗੇ ਜਾ ਕੇ



ਕਿੱਧਰੇ ਕੋਈ ਤਮਾਸ਼ਾ ਹੀ ਖੜਾ ਨਾ ਹੋ ਜਾਏ। ਸੁਣਿਆ ਸੀ ਕਿ ਪਿਛਲੀ ਗਲੀ ਦੇ ਬ.ਸ. ਪਾ. ਲੀਡਰ ਰਾਮਖਿਲਾਵਨ ਯਾਦਵ ਦੇ ਘਰ ਪੂਰੇ ਦਿਨ ਦੇ ਕੰਮ ਉਤੇ ਸੁਨਸੁਨਿਆ ਲੱਗ ਗਈ ਸੀ। ਰਾਮਖਿਲਾਵਨ ਯਾਦਵ ਦੀ ਕੋਠੀ ਛੋਟੀ ਨਹੀਂ ਸੀ ਕਿ ਸੁਨਸੁਨਿਆਂ ਨੂੰ ਉਥੇ ਕੋਈ ਠਿਕਾਣਾ ਨਾ ਮਿਲ ਸਕੇ। ਉਥੇ ਹੀ ਜਾ ਕੇ ਰਹੇ। ਤੇ ਰਹੇ ਵੀ ਕਿਉਂ ਨਾ?

ਬਾਬੂ ਜਸਵੰਤ ਸਿੰਘ ਨੇ ਨਰਿੰਦਰ ਦੇ ਤਰਕਾਂ ਨੂੰ ਬੇਦਲੀਲ ਕਰਦੇ ਹੋਏ ਕਿਹਾ ਸੀ ਕਿ ਅਜਿਹਾ ਉਹ ਉਨ੍ਹਾਂ ਦੀ ਗੈਰਮੌਜੂਦਗੀ ਵਿੱਚ ਹੀ ਕਰ ਰਹੀ ਹੈ। ਉਸ ਦਾ ਕੰਮ ਉਸ ਨੇ ਇਥੇ ਰਹਿੰਦੇ ਹੀ ਪਕੜ ਲਿਆ ਹੋਇਆ ਸੀ। ਉਹ ਉਨ੍ਹਾਂ ਦੇ ਘਰ ਦੀ ਨੌਕਰ ਨਹੀਂ ਰਹੀ। ਕਿਧਰੇ ਵੀ ਕੰਮ ਕਰੇ, ਉਨ੍ਹਾਂ ਨੂੰ ਕੀ ਮਤਲਬ? ਫਿਰ ਉਨ੍ਹਾਂ ਦੇ ਘਰ ਦੀ ਬਾਹਰਲੀ ਦੇਖਭਾਲ ਅਜੇ ਵੀ ਉਸਦੇ ਜ਼ਿੰਮੇ ਹੈ, ਜਿਸਨੂੰ ਉਹ ਉਥੇ ਰਹਿਣ ਦੇ ਇਵਜ਼ ਵਿੱਚ ਪੂਰੀ ਜ਼ਿੰਮੇਵਾਰੀ ਨਾਲ ਨਿਭਾ ਰਹੀ ਹੈ।

ਬਾਬੂ ਜਸਵੰਤ ਸਿੰਘ ਨੂੰ ਭੁੱਲਿਆ ਨਹੀਂ ਸੀ ਕਿ ਨਰਿੰਦਰ ਦੇ ਓਹਲੇ ਹੁੰਦੇ ਹੀ ਸੁਨਸੁਨਿਆਂ ਨੇ ਭਰੀਆਂ ਅੱਖਾਂ ਨਾਲ ਆ ਉਨ੍ਹਾਂ ਨੂੰ ਘੇਰਿਆ ਸੀ। ਮਾਲਕ ਦਿੱਲੀ ਜਾ ਰਹੇ ਹਨ, ਨੂੰਹ-ਪੁੱਤਰ ਕੋਲ। ਰਾਜੀ ਖੁਸ਼ੀ ਰਹਿਣ। ਪਰ ਮਾਲਕ ਆਪਣੇ ਘਰ ਦੁਆਰ ਦੀ ਸੁੱਖ ਲੈਂਦੇ ਰਹਿਣ। ਸੇਵਾ ਕਰਨ ਦਾ ਮੌਕਾ ਗਰੀਬ ਸੁਨਸੁਨਿਆਂ ਨੂੰ ਵੀ ਦੇਣ। ਸੁਨਗੁਨਿਆਂ ਨੂੰ ਬਾਬੂ ਜਸਵੰਤ ਸਿੰਘ ਨਰਿੰਦਰ ਦੇ ਘਰ ਦਾ ਟੈਲੀਫੋਨ ਨੰਬਰ ਤੇ ਸਿਰਨਾਵਾਂ ਲਿਖ ਕੇ ਦੇ ਆਏ ਸਨ।

ਲੀਡਰ ਰਾਮਖਿਲਾਵਨ ਯਾਦਵ ਦੇ ਘਰੋਂ ਉਸ ਨੇ ਉਨ੍ਹਾਂ ਦੀ ਵੱਡੀ ਕੁੜੀ ਕੋਲੋਂ ਦਿੱਲੀ ਦਾ ਨੰਬਰ ਲਗਵਾਇਆ। ਸੁਨਗੁਨਿਆਂ ਦਾ ਫੋਨ ਸੁਣਦੇ ਹੀ ਸੁਨੈਨਾ ਦੀ ਆਵਾਜ਼ ਵਿੱਚ ਕੁੜਿਤਣ ਘੁਲ ਗਈ ਸੀ।

ਸੁਨਗੁਨਿਆਂ ਨੇ ਉਨ੍ਹਾਂ ਨੂੰ ਭਰੋਸਾ ਦਿਵਾਇਆ ਸੀ ਕਿ ਘਰ ਬਾਰ ਸਭ ਠੀਕ-ਠਾਕ ਹੈ। ਅੰਦਰੋਂ ਦਾ ਉਸ ਨੂੰ ਪਤਾ ਨਹੀਂ। ਚਾਬੀ ਦੇ ਗਏ ਹੁੰਦੇ ਤਾਂ ਫਿਰ ਗੱਲ ਹੋਰ ਸੀ। ਉਨ੍ਹਾਂ ਦੀ ਤਬੀਅਤ ਕਿਸ ਤਰ੍ਹਾਂ ਹੈ? ਰਾਮਵਤੀ-ਸੋਮਵਤੀ ਨੂੰ ਨੇਤਾ ਜੀ ਮਦਦ ਨਾਲ ਸਰਕਾਰੀ ਸਕੂਲ ਵਿੱਚ ਭਰਤੀ ਕਰਵਾਉਣ ਲਈ ਸੋਚ ਰਹੀ ਹੈ। ਮਾਲਕ ਇਸ ਬਾਰੇ ਕੀ ਕਹਿੰਦੇ ਹਨ...।

ਉਨ੍ਹਾਂ ਨੂੰ ਯਾਦ ਆਇਆ। ਉਨ੍ਹਾਂ ਨੇ ਸੁਨਗੁਨਿਆਂ ਨੂੰ ਕਿਹਾ ਸੀ, ਨੇਤਾ ਜੀ ਰਾਮ ਖਿਲਾਵਨ ਯਾਦਵ ਜੋ ਕਰ ਸਕਦੇ ਹਨ ਕੋਈ ਹੋਰ ਨਹੀਂ ਕਰ ਸਕਦਾ। ਉਨ੍ਹਾਂ ਦਾ ਇਲਾਕੇ ਵਿੱਚ ਖਾਸਾ ਦਬਦਬਾ ਹੈ। ਬਗੈਰ ਕਿਸੇ ਦੁਚਿੱਤੀ ਦੇ ਰਾਮਵਤੀ ਤੇ ਸੋਮਵਤੀ ਨੂੰ ਤੁਰੰਤ ਸਕੂਲ ਵਿੱਚ ਦਾਖਿਲ ਕਰਵਾ ਦੇਵੇ। ਪੜ੍ਹਾਈ ਬਹੁਤ ਹੀ ਜ਼ਰੂਰੀ ਹੈ। ਉਨ੍ਹਾਂ ਦੀ ਇਕ ਇੱਛਾ ਹੈ, ਜੇ ਸੁਨਗੁਨਿਆਂ ਨੂੰ ਠੀਕ ਲੱਗੇ ਤਾਂ ਮੰਨ ਲਵੇ। ਜੇ ਅਜੇ ਸਕੂਲ ਵਿੱਚ ਦਾਖਿਲਾ ਨਹੀਂ ਹੋਇਆ ਤਾਂ ਨਾਂ ਬਦਲਿਆ ਜਾ ਸਕਦਾ ਹੈ। ਉਨ੍ਹਾਂ ਦੋਵਾਂ ਦਾ ਨਾਂ ਕੁਮੁਦਨੀ ਅਤੇ ਕਾਤਆਇਨੀ ਰਖ ਦੇਵੇ। ਸੁਨਗੁਨਿਆਂ ਨੂੰ ਨਾਂ ਠੀਕ ਤਰ੍ਹਾਂ ਸਮਝ ਨਹੀਂ ਆਏ। ਉਸ ਨੇ ਫੋਨ ਨੇਤਾ ਜੀ ਦੀ ਵੱਡੀ ਕੁੜੀ ਨੂੰ ਪਕੜਾ ਦਿੱਤਾ, ਉਹ ਮਾਲਕ ਤੋਂ ਨਾਂ ਪੁੱਛ ਲਵੇ। ਸਕੂਲ ਵਿੱਚ ਨਾ ਲਿਖਵਾਉਣ ਲਈ ਇਸੇ ਕੁੜੀ ਨੇ ਹੀ ਉਸ ਨਾਲ ਜਾਣਾ ਸੀ। ਨਾਂ ਸੁਣ ਕੇ ਨੇਤਾ ਜੀ ਦੀ ਕੁੜੀ ਖੁਸ਼ ਹੋ ਗਈ। ਇਕ ਸੁਝਾਓ ਉਨ੍ਹਾਂ ਨੇ ਹੋਰ ਦਿੱਤਾ। ਨਾਂ ਅੱਗੇ ਜਾਤੀ ਸੂਚਕ ਪਾਸੀ ਨਾ ਲਿਖਵਾਏ। ਪਿਤਾ ਦੇ ਨਾਂ ਦਾ ਆਖਰੀ ਸ਼ਬਦ ਆਸਰੇ ਲੱਗਾ ਦੇਵੇ-ਕੁਮੁਦਨੀ ਆਸਰੇ, ਕਾਤਆਇਨੀ ਆਸਰੇ।

ਸੁਨਗੁਨਿਆਂ ਨੇ ਕਿਹਾ, "ਮਾਲਕ ਛੋਟੂ ਦਾ ਨਾਂ...?"

ਛੋਟੇ ਦੇ ਨਾਂ ਬਾਰੇ ਬਾਬੂ ਜਸਵੰਤ ਸਿੰਘ ਨੇ ਅਜੇ ਕੁਝ ਸੋਚਿਆ ਨਹੀਂ ਸੀ।

"ਪਤਾ ਹੈ, ਮਿ. ਸਿੰਘ, ਤੁਹਾਡੀ ਜੁੱਤੀ ਦਾ ਡਿੱਬਾ ਮੈਨੂੰ ਕਿੱਥੇ ਲੁਕੋ ਕੇ ਰੱਖਣਾ ਪਿਆ ਸੀ? ਆਪਣੇ ਕਮਰੇ ਦੀ ਗੋਦਰੇਜ ਦੀ ਅਲਮਾਰੀ ਉੱਪਰ। ਜੇ ਦੁਬਾਰਾ ਗਿਲਿਗੱਡੂ ਦੇ ਹੱਥ ਚੜ੍ਹ ਗਏ ਹੁੰਦੇ ਤਾਂ ਤੁਹਾਡੇ ਤਕ ਪਹੁੰਚਣ ਤੋਂ ਪਹਿਲਾਂ ਹੀ ਉਨ੍ਹਾਂ ਦੀ ਸ਼ਕਲ ਵਿਗੜ ਗਈ ਹੁੰਦੀ।"

"ਤੇ... ਜਿਹੜੀ ਤੁਹਾਡੀ ਜੁੱਤੀ ਦੇ ਬਦਲੇ ਉਨ੍ਹਾਂ ਨੇ ਮੇਰੇ ਤੋਂ ਲੰਮੀ-ਚੌੜੀ ਰਿਸ਼ਵਤ ਲਈ ... ਤੌਬਾ.....।"

ਹੋਇਆ ਇੰਝ ਕਿ ਸ਼ਾਮ ਨੂੰ ਜਿਵੇਂ ਹੀ ਕਰਨਲ ਸਵਾਮੀ ਜੁੱਤੀ ਦਾ ਡੱਬਾ ਚੁੱਕੇ ਘਰ ਵਿੱਚ ਦਾਖਿਲ ਹੋਏ, ਦੋਵੇਂ ਹੇਠਾਂ ਖੇਡਣ ਜਾਣ ਲਈ ਤਿਆਰ-ਬਰ-ਤਿਆਰ ਖੜੀਆਂ ਸਨ। ਉਨ੍ਹਾਂ ਦੋਵਾਂ ਦੀ ਨਜ਼ਰ

ਕਰਨਲ ਦੇ ਹੱਥ ਵਿੱਚ ਚੁੱਕੇ ਡੱਬੇ ਤੇ ਪੈ ਗਈ। ਉਨ੍ਹਾਂ ਸੋਚਿਆਂ ਕਿ ਹਮੇਸ਼ਾ ਵਾਂਗ ਅੱਪੂ ਉਨ੍ਹਾਂ ਲਈ ਕੁਝ ਲੈ ਕੇ ਆਏ ਹਨ। ਦੋਵਾਂ ਨੇ ਝਪਟ ਕੇ ਮਨ੍ਹਾ ਕਰਦੇ-ਕਰਦੇ ਜੁੱਤਿਆਂ ਦਾ ਡਿੱਬਾ ਖੋਲ੍ਹ-ਖਾਲ ਕੇ, ਆਪਣੀਆਂ ਪਾਈਆਂ ਹੋਈਆਂ ਜੁੱਤੀਆਂ ਸਮੇਤ ਇਕ ਨੇ ਇਕ ਜੁੱਤੀ ਵਿੱਚ ਪੈਰ ਪਾ ਲਿਆ, ਦੂਜੀ ਨੇ ਦੂਜੀ ਜੁੱਤੀ ਅੰਦਰ। ਉਪਰੋਂ ਸ਼ਰਾਰਤਾਂ ਕਰਨ ਲੱਗੀਆਂ ਇਕ ਕਮਰੇ ਤੋਂ ਦੂਜੇ ਕਮਰੇ ਅੰਦਰ ਦੌੜ ਲਗਾਉਣ। ਕਰਨਲ ਸਵਾਮੀ ਪੁਚਕਾਰਉਂਦੇ ਹੋਏ ਭੱਜੇ ਉਨ੍ਹਾਂ ਦੇ ਪਿੱਛੇ। ਇਸ ਡਰ ਨਾਲ ਕਿ ਕਿਧਰੇ ਦੋਵੇਂ ਡਿੱਗ ਨਾ ਪੈਣ ਤੇ ਮੂੰਹ-ਸਿਰ ਭੰਨ ਨਾ ਲੈਣ।

ਉਹ ਤਾਂ ਛੋਟੀ ਨੂੰਹ ਸ਼ਿਆਮਲੀ ਨੇ ਉਨ੍ਹਾਂ ਦੀ ਮਦਦ ਕੀਤੀ।

ਗਿਲਿਗਡੂ ਨੂੰ ਗੁਸੇ ਨਾਲ ਧਮਕਾਇਆ। ਫ਼ੌਰਨ ਜੁੱਤੀਆਂ ਚੋਂ ਪੈਰ ਕੱਢੋ, ਨਹੀਂ ਤਾਂ ਉਨ੍ਹਾਂ ਦੋਵਾਂ ਨੂੰ ਕਿਰਲੀ ਵਾਲੇ ਬਾਥਰੂਮ ਵਿਚ ਲੈ ਜਾ ਕੇ ਬੰਦ ਕਰ ਦੇਵੇਗੀ। ਜਿੱਥੇ ਕਿਰਲੀਆਂ ਉਨ੍ਹਾਂ ਨਾਲ 'ਕੁੱਟੀ' ਕਰ ਦੇਣ ਗਈਆਂ।

ਸ਼ਿਆਮਲੀ ਦੀ ਧਮਕੀ ਨੇ ਅਸਰ ਕੀਤਾ। ਜੁੱਤੀਆਂ ਵਿਚੋਂ ਪੈਰ ਹੀ ਨਹੀਂ ਕੱਢੇ, ਸਗੋਂ ਦੋਵਾਂ ਨੇ ਸ਼ਿਆਮਲੀ ਦੇ ਨਿਰਦੇਸ਼ ਅਨੁਸਾਰ ਜੁੱਤੀ ਡੱਬੇ ਵਿਚ ਵੀ ਪੈਕ ਕਰ ਦਿੱਤੀ।

ਪਰ ਦੋਨੋਂ ਆਪਣੇ ਅੱਪੂ ਨੂੰ ਬਲੈਕਮੇਲ ਕਰਨ ਤੋਂ ਬਾਜ਼ ਨਾ ਆਈਆਂ। ਐਲਾਨ ਕਰ ਦਿੱਤਾ। ਉਨ੍ਹਾਂ ਨੂੰ ਵੀ ਅਜਿਹੀ ਜੁੱਤੀ ਚਾਹੀਦੀ ਹੈ ਤੇ ਕੱਲ੍ਹ ਹੀ ਚਾਹੀਦੀ ਹੈ। ਜੁੱਤੀ ਲੈਣ ਦੋਵੇਂ ਆਪ ਅੱਪੂ ਨਾਲ ਮਾਰਕੀਟ ਚਲਣਗੀਆਂ। ਖਰੀਦਦਾਰੀ ਮਗਰੋਂ ਅੱਪੂ ਉਨ੍ਹਾਂ  ਨੂੰ ਮੈਕਡੋਨਲਸ ਵਿੱਚ ਵੀ ਖਿਲਾਉਣ ਲਈ ਲੈ ਕੇ ਜਾਣਗੇ, ਚਿਕਨ ਬਰਗਰ, ਫਰੇਂਚ ਫ੍ਰਾਈ ਨਾਲ। ਬਰਗਰ ਨਾਲ ਕੋਈ ਤੋਹਫਾ ਵੀ ਮੁਫਤ ਮਿਲਦਾ ਹੈ। ਟੀ. ਵੀ. ਤੇ ਦੱਸਿਆ ਗਿਆ ਹੈ। ਉਥੋਂ 'ਆਈਸਕ੍ਰੀਮ' ਖਾਣ 'ਨਰੂਲਾਜ਼' ਵੀ ਜਾਣਗੀਆਂ।

ਕਰਨਲ ਸਵਾਮੀ ਨੇ ਸ਼ੁਕਰ ਕੀਤਾ। ਐਨੇ ਵਿੱਚ ਹੀ ਜਾਨ ਛੁੱਟ ਗਈ-ਇਹੀ ਗਨੀਮਤ ਹੈ।

"ਵੈਸੇ ਇਨ੍ਹਾਂ ਸ਼ਰਾਰਤਾਂ ਨਾਲ ਮਜ਼ਾ ਬੜਾ ਆਉਂਦਾ ਹੈ। ਤੁਸੀਂ ਕਦੇ ਆਪਣੇ ਪੋਤਰਿਆਂ ਨਾਲ ਗਏ ਹੋ, ਮੈਕਡੋਨਲਸ', ਮਿ. ਸਿੰਘ।"

"ਜੇ ਨਹੀਂ ਗਏ, ਤਾਂ ਕਿਸੇ ਦਿਨ ਉਨ੍ਹਾਂ ਨੂੰ ਲੈ ਕੇ ਜਾਓ। ਬੜਾ ਮਜ਼ਾ ਆਏਗਾ। ਇੰਜ ਲੱਗੇਗਾ ਜਿਵੇਂ ਅਸੀਂ ਵੀ ਨਿਆਣੇ ਹੀ ਹੋ ਗਏ ਹਾਂ। ਅੱਜ ਕੱਲ੍ਹ ਤਾਂ ਰਿਵਾਜ ਹੀ ਹੋ ਗਿਆ ਹੈ ਬੱਚਿਆਂ ਦੇ ਜਨਮ ਦਿਨ ਉਥੇ ਮਨਾਉਣ ਦਾ।" ਕਰਨਲ ਸਵਾਮੀ ਨੇ ਚਹਿਕਦੇ ਹੋਏ ਬਾਬੂ ਜਸਵੰਤ ਸਿੰਘ ਨੂੰ ਤਾਕੀਦ ਕੀਤੀ।

ਉਨ੍ਹਾਂ ਨੇ ਇਹ ਵੀ ਦੱਸਿਆ ਕਿ ਉਨ੍ਹਾਂ ਨੇ ਘਰ ਵਿੱਚ ਵੀ ਅਜਿਹਾ ਕਰਨ ਲਈ ਕਿਹਾ। ਪਰ ਨਹੂੰਆਂ ਨੇ ਇਕਦਮ ਪੁਰਾਣੇ ਢੰਗ ਦੀਆਂ। ਲਕੀਰ ਦੀਆਂ ਫਕੀਰ। ਤੁਣਤੁਣ ਕਰਨ ਲੱਗੀਆਂ ਕਿ ਇਹ ਨਹੀਂ ਹੋ ਸਕਦਾ। ਬੱਚਿਆਂ ਦੇ ਜਨਮ ਦਿਨ ਉਂਜ ਹੀ ਮਨਾਏ ਜਾਣਗੇ ਜਿਵੇਂ ਅੱਗੇ ਘਰ ਵਿੱਚ ਮਨਾਏ ਜਾਂਦੇ ਹਨ। ਮਾਂ ਦੀ ਪਰੰਪਰਾ ਅਨੁਸਾਰ। ਤਿੱਥਾ-ਤਿਓਹਾਰਾਂ ਵਾਲੀ ਰੌਣਕ ਨਾਲ। ਬੱਚੇ ਭਾਵੇਂ ਲੱਖ ਜ਼ਿੱਦ ਕਰਨ, ਤਾਂ ਵੀ ਨਹੀਂ। ਉਨ੍ਹਾਂ ਨੂੰ ਕਿਵੇਂ ਪਤਾ ਲੱਗੇਗਾ ਕਿ ਉਨ੍ਹਾਂ ਦੀ ਦਾਦੀ ਉਨ੍ਹਾਂ ਦਾ ਜਨਮਦਿਨ ਕਿਸ ਤਰ੍ਹਾਂ ਮਨਾਇਆ ਕਰਦੀ ਸੀ।

ਬਾਬੂ ਜਸਵੰਤ ਸਿੰਘ ਨੂੰ ਯਾਦ ਆਇਆ ਕਿ ਉਨ੍ਹਾਂ ਦੇ ਮਲਏ ਦਾ ਜਨਮ ਦਿਨ ਅਗਲੇ ਹਫਤੇ ਅਠਾਰਾਂ ਨਵੰਬਰ ਨੂੰ ਹੈ। ਮਲਏ ਨਾਲ ਗੱਲ ਕਰਨਗੇ, ਕਿਉਂ ਨਾ ਉਸ ਦਾ ਜਨਮ ਦਿਨ ਪਰਿਵਾਰ ਸਹਿਤ "ਮੈਕਡੋਨਲਸ" ਵਿੱਚ ਮਨਾਇਆ ਜਾਏ? ਪਾਰਟੀ ਦੇ ਖਰਚ ਦਾ ਜ਼ਿੰਮਾ ਉਨ੍ਹਾਂ ਦਾ, ਜਿੰਨਾ ਵੀ ਆਏਗਾ। ਉਨ੍ਹਾਂ ਦਾ ਪ੍ਰਸਤਾਵ ਸੁਣਦੇ ਹੀ ਮਲਏ ਇਕਦਮ ਖੁਸ਼ ਹੋ ਗਿਆ। ਉਸਨੇ ਦੱਸਿਆ ਕਿ ਉਸ ਨੇ ਤਾਂ ਆਪਣਾ ਜਨਮ ਦਿਨ ਪਹਿਲੇ ਤੋਂ ਹੀ "ਮੈਕਡੋਨਲਸ" ਵਿੱਚ ਮਨਾਉਣ ਦਾ ਪੱਕਾ ਕੀਤਾ ਹੋਇਆ ਹੈ। ਮੰਮੀ-ਪਾਪਾ ਨਾਲ ਵੀ ਇਸ ਬਾਬਤ ਗੱਲ ਹੋ ਚੁੱਕੀ ਹੈ। ਉਹ ਵੀ ਰਾਜੀ ਹਨ। ਪਰ ਉਹ ਆਪਣਾ ਇਹ ਪ੍ਰੋਗਰਾਮ ਆਪਣੇ ਦੋਸਤਾਂ ਨਾਲ ਕਰੇਗਾ, ਘਰਦਿਆਂ ਨਾਲ ਨਹੀਂ। ਮੰਮੀ ਨੂੰ ਵੈਸੇ ਵੀ ਜਨਮਦਿਨ ਘਰ ਮਨਾਉਣਾ ਝੰਝਟ ਹੀ ਲੱਗਦਾ ਹੈ। ਪਿਛਲੀ ਵਾਰ ਉਸ ਦੇ ਦੋਸਤਾਂ ਦੀਆਂ ਸ਼ਰਾਰਤਾਂ ਤੋਂ ਉਹ ਪਰੇਸ਼ਾਨ ਹੋ ਗਈ ਸੀ। ਉਨ੍ਹਾਂ ਨੇ ਉਦੋਂ ਹੀ ਕਹਿ ਦਿੱਤਾ ਸੀ। ਅੱਗੇ ਤੋਂ ਤੁਸੀਂ ਲੋਕ ਆਪਣਾ ਜਨਮ ਦਿਨ ਆਪਣੇ ਦੋਸਤਾਂ ਨਾਲ ਹੀ ਮਨਾ ਲਿਆ ਕਰੋ। ਹੁਣ ਵੱਡੇ ਹੋ ਗਏ ਹੋ।



ਮਲਏ ਨੇ ਬੜੇ ਉਤਸਾਹ ਨਾਲ ਸਾਰਾ ਪ੍ਰੋਗਰਾਮ ਉਲੀਕ ਦਿੱਤਾ ਸੀ। 'ਗਲੈਕਸੋ', 'ਕੀਰਤੀ', 'ਨਿਰਮਾਣ' ਦੇ ਦੋਸਤਾਂ ਨੂੰ ਮਿਲਾ ਕੇ ਕੁਲ ਚੌਦਾਂ ਲੋਕ ਹੋਣਗੇ। ਚੋਦਾਂ ਲੋਕਾਂ ਲਈ ਪਾਪਾ ਨੇ 'ਮੈਕਡੋਨਲਸ' ਵਿਚ ਮੇਜ਼ ਬੁਕ ਕਰਵਾ ਦਿੱਤੀ ਹੈ। ਸੋਸਾਇਟੀ ਤੋਂ ਤਿੰਨ ਗੱਡੀਆਂ ਜਾਣਗੀਆਂ। ਇਕ ਗੱਡੀ ਸਗੁਨਾ ਦੀ ਹੋਵੇਗੀ, ਦੂਸਰੀ ਵਿਵੇਕ ਦੀ, ਤੀਸਰੀ ਆਪਣੀ। ਆਪਣੀ ਗੱਡੀ ਲਈ ਪਾਪਾ ਉਸ ਦਿਨ ਦਫਤਰ ਤੋਂ ਡ੍ਰਾਈਵਰ ਬੁਲਾ ਲੈਣਗੇ।

"ਨਹੀਂ, ਨਹੀਂ ਦਾਦੂ। ਅਸੀਂ ਆਪਣੇ ਨਾਲ ਕਿਸੇ ਵੱਡੇ ਨੂੰ ਨਹੀਂ ਲੈ ਜਾਵਾਂਗੇ ਪਾਰਟੀ ਬੋਰਿੰਗ ਹੋ ਜਾਏਗੀ। ਫਿਰ ਸਾਰਿਆਂ ਦੇ ਡ੍ਰਾਈਵਰ ਤਾਂ ਹੋਣਗੇ ਹੀ ਨਾਲ। ਡਰਨ ਦੀ ਕਿਹੜੀ ਗੱਲ ਹੈ।"

ਬੁੱਝੇ ਮਨ ਨਾਲ ਬਾਬੂ ਜਸਵੰਤ ਸਿੰਘ ਨੇ ਪੁੱਛਿਆ, "ਚਲ ਛੱਡ ਨਾ ਲੈ ਚਲ ਨਾਲ, "ਮੈਕਡੋਨਲਸ' ਆਪਣੇ ਜਨਮ ਦਿਨ 'ਤੇ। ਪਰ ਤੋਹਫਾ ਕੀ ਲਵੇਗਾ ਆਪਣੇ ਦਾਦੂ ਤੋਂ?"

"ਹੂੰ... ਅਦਨਾਨ ਸਾਮੀ ਦੀ ਸੀ. ਡੀ. ਲੈ ਦਿਓ।"

"ਉਹ ਕਿੱਥੋਂ ਮਿਲੇਗੀ?"

"ਕਿਸੇ ਵੀ ਸੀ. ਡੀ. ਦੀ ਦੁਕਾਨ ਉਤੇ।"

"ਨੇੜੇ-ਤੇੜੇ ਕੋਈ ਹੈ?"

"ਊਂ... ਹੂੰ...।"

"ਫਿਰ?"

"ਤੁਹਾਨੂੰ ਪਾਲਿਕਾ ਬਜ਼ਾਰ ਜਾਣਾ ਪਏਗਾ।"

"ਤੁਸੀਂ ਦੋਵੇਂ ਚਲੋਗੇ ਨਾਲ?"

"ਨਹੀਂ।"

"ਕਿਉਂ?"

"ਪੜ੍ਹਨਾ ਏਂ ਨਾ...।"

ਬਾਬੂ ਜਸਵੰਤ ਸਿੰਘ ਉਦਾਸ ਹੋ ਗਏ। ਗਲਤੀ ਬੱਚਿਆਂ ਦੀ ਨਹੀਂ। ਉਨ੍ਹਾਂ ਨੂੰ ਆਪਣੇ ਤਕ ਹੀ ਸੀਮਤ ਰਹਿਣਾ ਸਿਖਾਇਆ ਜਾ ਰਿਹਾ ਹੈ। ਉਨ੍ਹਾਂ ਨੂੰ ਸਮਝਾਇਆਂ ਜਾ ਰਿਹਾ ਹੈ ਕਿ ਉਨ੍ਹਾਂ ਨੂੰ ਕਿਸੇ ਦੀ ਲੋੜ ਨਹੀਂ। ਇਸੇ ਕਾਰਣ ਉਨ੍ਹਾਂ ਨੇ ਕਦੇ ਮਲਏ-ਨਿਲਏ ਨੂੰ ਕਦੇ ਕੋਈ ਖੇਡ-ਬਲਾੱਕਸ, ਮੈਕਨਿਕ, ਪਜ਼ਿਲਸ ਭੇਂਟ ਨਹੀਂ ਕੀਤੇ। ਉਨ੍ਹਾਂ ਨੂੰ ਨਰਿੰਦਰ ਤੇ ਨੂੰਹ ਦਾ ਵਿਹਾਰ ਉਦੋਂ ਅਜੀਬ ਲੱਗਦਾ ਏ ਜਦੋਂ ਉਹ ਬੱਚਿਆਂ ਦੇ ਮੰਗੇ ਬਗੈਰ ਹੀ ਉਨ੍ਹਾਂ ਨੂੰ ਅਜੀਬ-ਅਜੀਬ ਜਿਹੇ ਖਿਡੋਣੇ ਲਿਆ ਕੇ ਦੇਂਦੇ ਰਹਿੰਦੇ। ਉਨ੍ਹਾਂ ਖਿਡੌਣਿਆਂ ਤੇ ਖੇਡਾਂ ਵਿੱਚ ਹੀ ਬੱਚੇ ਹਰ ਵੇਲੇ ਰੁੱਝੇ ਤੇ ਉਲਝੇ ਰਹਿੰਦੇ। ਉਨ੍ਹਾਂ ਨੂੰ ਕਿਸੇ ਦੀ ਲੋੜ ਹੀ ਮਹਿਸੂਸ ਨਹੀਂ ਹੁੰਦੀ। ਕਾਨਪੁਰ ਆਉਂਦੇ ਤਾਂ ਆਪਣੀਆਂ ਉਨ੍ਹਾਂ ਖੇਡਾਂ ਦੇ ਨਾਲ ਹੀ ਗਲੀ ਦੇ ਬੱਚਿਆਂ ਨਾਲ ਖੇਡਣ ਵਿੱਚ ਉਨ੍ਹਾਂ ਦੀ ਕਦੇ ਦਿਲਚਸਪੀ ਨਾ ਹੁੰਦੀ। ਨਾ ਆਪਣੀ ਖੇਡਾਂ ਵਿੱਚ ਹੋਰ ਬੱਚਿਆਂ ਨੂੰ ਸਾਂਝੀਦਾਰ ਬਣਾਉਂਦੇ, ਨਾ ਹੱਥ ਲਾਉਣ ਦੇਂਦੇ। ਉਨ੍ਹਾਂ ਨੂੰ ਇਨ੍ਹਾਂ ਖੇਡਾਂ ਵਿੱਚੋਂ ਵੀ ਸਾਜਿਸ਼ ਦੀ ਬੂ ਆਉਂਦੀ। ਬੁੱਧੀ ਵਿਕਾਸ ਦੀ ਆੜ ਵਿੱਚ ਬੜੀ ਖ਼ੂਬਸੂਰਤੀ ਨਾਲ ਬੱਚਿਆਂ ਨੂੰ ਸੰਵੇਦਨਹੀਣ ਕੀਤਾ ਜਾ ਰਿਹਾ ਹੈ। ਐਨਾ ਕਿ ਬੱਚੇ ਕਦੇ ਆਪਣੇ ਪਰਿਵਾਰਾਂ ਵਿੱਚ ਮੁੜ ਨਾ ਸਕਣ, ਨਾ ਕਦੇ ਆਪਣਾ ਪਰਿਵਾਰ ਬਣਾ ਸਕਣ।

## ਗੱਠੜੀ ਪਿੱਛੇ ਚੋਰ

ਕੰਢੇ ਵਾਂਗ ਚੁਭਦੀ ਉਦਾਸੀ ਹੇਠ ਬਾਬੂ ਜਸਵੰਤ ਸਿੰਘ ਨੇ ਆਸਮਾਨ ਵਿੱਚ ਉੱਚੀ ਹੁੰਦੀ ਸੂਰਜ ਦੀ ਰੌਸ਼ਨੀ ਨੂੰ ਇਕਦਮ ਮੈਲੀ ਜਿਹੀ ਹਨੇਰੀ ਚੱਦਰ ਹੇਠ ਲੁਕੱਦੇ ਦੇਖਿਆ।

ਲੱਤਾਂ ਤੇ ਕੀੜੀਆਂ ਪਤਾ ਨਹੀਂ ਕਿਵੇਂ ਚੜ੍ਹ ਗਈਆਂ? ਪੁਲੀ ਤੇ ਬੈਠੀਆਂ ਸ਼ਾਇਦ ਬੋਰ ਹੋ ਗਈਆਂ...।

ਸਕੂਲੀ ਬਸਾਂ ਦੀ ਆਵਾਜਾਈ ਸ਼ੁਰੂ ਹੋ ਗਈ। ਮਤਲਬ ਉਨ੍ਹਾਂ ਨੂੰ ਇਹ ਧਿਆਨ ਹੀ ਨਹੀਂ ਰਿਹਾ ਕਿ ਕਰਨਲ ਸਵਾਮੀ ਦੀ ਉਡੀਕ ਉਹ ਕਰ ਰਹੇ ਹਨ, ਵਕਤ ਨਹੀਂ। ਇਸੇ ਲਈ ਉਹ ਅਜੇ ਤਕ ਪੁਲੀ ਤੋਂ ਉੱਠੇ

ਨਹੀਂ ਸਨ। ਪਰ ਇਸ ਮੋਟੇ ਸਵਾਲ ਤੋਂ ਕਿਵੇਂ ਬਚਣ ਕਿ ਆਖਿਰ ਉਹ ਕਦੋਂ ਤਕ ਪੁਲੀ 'ਤੇ ਬੈਠੇ ਉਡੀਕਦੇ ਰਹਿਣਗੇ? ਰਿਕਸ਼ੇ ਵਾਲਿਆਂ ਨੇ ਬਸ ਪਕੜਣ ਵਾਲੀਆਂ ਸਵਾਰੀਆਂ ਨੂੰ ਕਾਲੋਨੀ ਅੰਦਰਲੇ ਪਾਕਿਟਾਂ ਤੋਂ ਲਿਆ ਕੇ ਬਾਹਰਲੇ ਬਸ ਸਟੈਂਡਾਂ ਤਕ ਛੱਡਣਾ ਆਰੰਭ ਕਰ ਦਿੱਤਾ ਹੈ ਤੇ ਨੋਇਡਾ ਤੋਂ ਆਉਣ ਵਾਲੀਆਂ ਸਵਾਰੀਆਂ ਦੀ ਉਡੀਕ ਕਰਨ ਲਈ ਪੁਲੀ ਕਿਨਾਰੇ ਖੜੇ ਹੋਣੇ ਸ਼ੁਰੂ ਹੋ ਗਏ ਸਨ।

ਅਗਲੇ ਪੈਰਾਂ ਉਤੇ, ਅੱਖਾਂ ਬੰਦ ਕੀਤੇ, ਬੂਥੀ ਟਿਕਾਏ ਟੱਮੀ ਨੀਂਦਰ ਦਾ ਬਹਾਨਾ ਕਰਦਾ ਦਿੱਸ ਰਿਹਾ ਹੈ।

"ਟਾਮੀ ਚਲੀਏ!" ਅਚਾਨਕ ਲਾਡ ਲਡਿਆਉਂਦੇ ਬਾਬੂ ਜਸਵੰਤ ਸਿੰਘ ਨੇ ਪੁੱਛਿਆ।

ਟਾਮੀ ਨੇ ਵਿਰੋਧਤਾ ਦਰਸਾਉਂਦੇ ਹੋਏ ਨਾ ਅੱਖਾਂ ਖੋਲ੍ਹੀਆਂ, ਨਾ ਪੂਛ ਨੂੰ ਹਿਲਾਇਆ। ਉਨ੍ਹਾਂ ਨੇ ਢਿੱਲੀ ਪਈ ਜੰਜ਼ੀਰ ਨੂੰ ਆਪਣੇ ਵੱਲ ਖਿੱਚਿਆ, ਤਾਂ ਵੀ ਨਹੀਂ।

ਸ਼ਾਇਦ ਕਿਤੇ ਜਾਣਾ ਪੈ ਗਿਆ ਹੋਣਾ ਹੈ ਕਰਨਲ ਸਵਾਮੀ ਨੂੰ।

ਭਰੇ-ਪੂਰੇ ਪਰਿਵਾਰ ਦੀ ਸਾਕ-ਸਕੀਰੀ ਘੱਟ ਥੋੜੀ ਹੁੰਦੀ ਹੈ? ਰਿਸ਼ਤੇਦਾਰੀ ਦੀ ਹੋਣੀ-ਅਣਹੋਣੀ ਘਰ ਦਾ ਬਜ਼ੁਰਗ ਨਹੀਂ ਨਿਭਾਏਗਾ ਤਾਂ ਕੌਣ ਨਿਭਾਏਗਾ? ਕਾਨਪੁਰ ਸਨ ਤਾਂ ਇਹ ਸਭ ਕੁਝ ਉਨ੍ਹਾਂ ਨੂੰ ਹੀ ਕਰਨਾ ਪੈਂਦਾ ਸੀ। ਨਰਿੰਦਰ ਨਾ ਕਦੇ ਕਿਸੇ ਦੀ ਵਿਆਹ-ਸ਼ਾਦੀ ਵਿੱਚ ਗਿਆ ਸੀ ਤੇ ਨਾ ਹੀ ਮੁੰਡਨ-ਛੱਟੀ ਵਿੱਚ ਤੇ ਨਾ ਹੀ ਕਿਸੇ ਚੌਥੇ-ਤੇਰ੍ਹਵੀਂ ਵਿੱਚ।

ਫਿਰ ਕਾਨਪੁਰ ਪਹੁੰਚ ਗਏ।

ਬਾਬੂ ਜਸਵੰਤ ਸਿੰਘ ਨੇ ਨਾ ਕਦੇ ਦਿੱਲੀ ਆਉਣਾ ਚਾਹਿਆਂ ਤੇ ਨਾ ਹੀ ਆਉਣ ਮਗਰੋਂ ਕੋਈ ਦਿਨ ਅਜਿਹਾ ਬੀਤਿਆ ਕਿ ਉਹ ਦਿੱਲੀ ਤੋਂ ਉਪਰਾਮ ਨਾ ਹੋਏ ਹੋਣ।

ਪਹਿਲੇ ਵੀ ਜਦੋਂ ਦਿੱਲੀ ਆਉਂਦੇ ਤਾਂ ਮਹਿਮਾਨਾਂ ਵਾਂਗ। ਦੋ-ਤਿੰਨ ਦਿਨਾਂ ਦੇ ਮਹਿਮਾਨ ਬਣ ਨਰਿੰਦਰ ਦੀ ਮਾਂ ਨੂੰ ਇੱਥੇ ਛੱਡ ਆਪ ਕਾਨਪੁਰ ਮੁੜ ਜਾਂਦੇ।

ਨਰਿੰਦਰ ਦੀ ਮਾਂ ਨੇ ਜਦੋਂ ਤਕ ਨੂੰਹ-ਪੁੱਤਰ ਤੇ ਪੋਤਰਿਆਂ ਨਾਲ ਰਹਿਣਾ ਹੁੰਦਾ, ਰਹਿੰਦੀ। ਫਿਰ ਉਨ੍ਹਾਂ ਦੇ ਇਸ਼ਾਰੇ ਤੇ ਹੀ ਇਕ ਦਿਨ ਨਰਿੰਦਰ ਦਾ ਫੋਨ ਆਉਂਦਾ ਮਾਂ ਨੂੰ ਉਨ੍ਹਾਂ ਦਾ ਫਿਕਰ ਲੱਗਾ ਹੋਇਆ ਹੈ। ਪਿਛਲੀ ਵਾਰ ਉਨ੍ਹਾਂ ਨਾਲ ਫੋਨ ਤੇ ਗੱਲ ਕਰਦਿਆਂ ਮਾਂ ਨੂੰ ਮਹਿਸੂਸ ਹੋਇਆ ਸੀ ਕਿ ਉਨ੍ਹਾਂ ਨੂੰ ਘਾਤਕ ਨਜ਼ਲਾ ਫਿਰ ਲੱਗਾ ਹੋਇਆ ਹੈ। ਜ਼ੋਰ-ਜ਼ੋਰ ਦੀ ਬੋਲ ਰਹੇ ਸਨ। ਬਲੱਡ ਪ੍ਰੈਸ਼ਰ ਵੀ ਵੱਧਿਆ ਹੋਣਾ ਹੈ। ਦਵਾਈ ਦੇ ਮਾਮਲੇ ਵਿੱਚ ਉਹ ਘੱਟ ਲਾਪ੍ਰਵਾਹ ਨਹੀਂ। ਨਰਿੰਦਰ ਉਨ੍ਹਾਂ ਨੂੰ ਸ਼ਤਾਬਦੀ ਵਿੱਚ ਬਿਠਾ ਦੇਵੇਗਾ। ਰਾਮਆਸਰੇ ਆ ਕੇ ਲੈ ਜਾਏਗਾ।

ਆਉਣ ਦੇ ਮਹੀਨਿਆਂ ਬਾਅਦ ਲਗਾਤਾਰ ਮੂੰਹ ਚੜੇ ਕਿਸੇ ਫਿਲਮੀ ਗਾਣੇ ਵਾਂਗ, ਉਸ ਦਾ ਨੂੰਹ-ਪੁੱਤਰ ਤੇ ਪੋਤਰਿਆਂ ਦਾ ਯਸ਼ਗਾਨ ਦਾ ਰਿਕਾਰਡ ਬਿਨਾਂ ਫਰਮਾਇਸ਼ ਦੇ ਹੀ ਵਜਦਾ ਰਹਿੰਦਾ। ਬਲਿਹਾਰੀ ਹੋਈ ਰਹਿੰਦੀ।

ਸਰਦੀਆਂ ਲਈ ਉਹ ਮੇਵੇ ਪਾ ਕੇ ਲੱਡੂ ਬਣਾ ਕੇ ਰੱਖ ਆਈ ਹੈ। ਜਿਹੜਾ ਪੀਪਾ ਉਹ ਭਰ ਕੇ ਇਥੋਂ ਢੋਅ ਕੇ ਲੈ ਗਈ ਸੀ ਤੇ ਜਿਸ ਨੂੰ ਬੰਨ੍ਹਦੇ ਹੋਏ ਸੁਨਗੁਨਿਆਂ ਦੀਆਂ ਸਾਂਵਲੀਆਂ ਹਥੇਲੀਆਂ ਉਤੇ ਫਫੋਲੇ ਪੈ ਗਏ ਸਨ-ਹਫਤੇ ਵਿੱਚ ਹੀ ਲੱਗ ਗਏ। ਨਰਿੰਦਰ ਨੇ ਦੁਬਾਰਾ ਫਰਮਾਇਸ਼ ਕੀਤੀ। ਨਰਿੰਦਰ ਤਾਂ ਸਵੇਰੇ ਨਾਸ਼ਤੇ ਵਿੱਚ ਦੁੱਧ ਦੇ ਗਿਲਾਸ ਨਾਲ ਸਿਰਫ ਉਨ੍ਹਾਂ ਦੇ ਹੱਥ ਦਾ ਬਣਿਆਂ ਲੱਡੂ ਹੀ ਖਾ ਕੇ ਜਾਂਦਾ ਹੈ। ਮਲਏ-ਨਿਲਏ ਆਪ ਤਾਂ ਚਾਅ ਨਾਲ ਖਾਂਦੇ ਹੀ ਹਨ, ਸੁਸਾਇਟੀ ਦੇ ਆਪਣੇ ਦੋਸਤਾਂ ਨੂੰ ਵੀ ਬੁਲਾ-ਬੁਲਾ ਕੇ ਖਿਲਾਉਂਦੇ ਹਨ। ਉਹ ਤਾਂ ਸੁਨੈਨਾ ਨੇ ਵੇਖ ਲਿਆ ਤੇ ਉਨ੍ਹਾਂ ਨੂੰ ਡਾਂਟਿਆ। ਲੱਡੂ ਬਣਾਉਂਦੇ ਮਾਂ ਦੇ ਹੱਥ ਟੁੱਟ ਗਏ ਹਨ ਤੇ ਤੁਸੀਂ ਲੋਕ ਬੇਸ਼ਰਮੀ ਨਾਲ ਲੰਗਰ ਲਾਈ ਬੈਠੇ ਹੋ?

ਯੂ. ਪੀ. ਵਾਲੇ ਦਹੀ-ਭੱਲੇ ਵੀ ਨਰਿੰਦਰ ਨੇ ਮਾਂ ਕੋਲੋਂ ਕਈ ਵਾਰ ਬਣਵਾ ਕੇ ਖਾਧੇ। ਸਗੋਂ ਦਫਤਰ ਵਾਲਿਆਂ ਦੀ ਬਕਾਇਦਾ ਪਾਰਟੀ ਹੀ ਉਨ੍ਹਾਂ ਦੇ ਭਰੋਸੇ ਕਰ ਦਿੱਤੀ। 'ਰਸਾਜੇ' ਖਾ ਕੇ ਨਰਿੰਦਰ ਦੇ ਸਾਹਬ ਦੀ ਬੀਵੀ ਤਾਂ ਚਲਣ ਤੋਂ ਪਹਿਲਾਂ ਉਨ੍ਹਾਂ ਕੋਲ ਕਾਪੀ ਪੇਂਸਿਲ ਲੈ ਕੇ ਬੈਠ ਗਈ ਕਿ 'ਬੀਜੀ, ਪਹਿਲਾਂ ਉਸ ਨੂੰ 'ਰਸਾਜੇ' ਬਣਾਉਣ ਦੀ ਵਿਧੀ ਲਿਖਵਾ ਦਿਓ।



ਗਲੈਕਸੋ ਦੀ ਪੁਲੀ ਦੀ ਉੱਚੀ-ਨੀਵੀਂ ਢਲਾਣ ਤੋਂ ਲਹਿੰਦਿਆਂ ਬਾਬੂ ਜਸਵੰਤ ਸਿੰਘ ਨੇ ਠੰਡ ਨਾਲ ਸੁੱਕੇ ਹੋਏ ਜਾਂ ਕਰਨਲ ਸਵਾਮੀ ਦੀ ਗੈਰਮੌਜੂਦਗੀ ਕਾਰਣ ਖੁਸ਼ਕ ਹੋ ਗਏ ਬੁਲ੍ਹਾਂ ਤੋਂ ਵਿਅੰਗ ਨਾਲ ਮੁਸਕਰਾਏ,

"ਬਾਬੂ ਜਸਵੰਤ ਸਿੰਘ! ਜੇ ਤੂੰ ਵੀ ਨਰਿੰਦਰ ਦੀ ਮਾਂ ਵਾਂਗ ਪਕਵਾਨ ਬਣਾਉਣ ਵਿੱਚ ਮਾਹਿਰ ਹੁੰਦੀ ਤਾਂ ਨਿਸ਼ਚਿਤ ਹੀ ਸੁਨੈਨਾ ਲਈ ਤੇਰੀ ਹੋਂਦ ਦੀ ਕੋਈ ਸਾਰਥਕਤਾ ਹੁੰਦੀ। ਬੁੱਢਾ ਠੇਰਾ ਉਸ ਦੇ ਕਿਸ ਕੰਮ ਦਾ, ਜੋ ਖਾਣ-ਹੱਗਣ ਦੇ ਸਿਵਾ ਕੁਝ ਹੋਰ ਕਰ ਹੀ ਨਹੀਂ ਸਕਦਾ।"

ੋ ੋ ੋ

"ਇਡਲੀ ਪਸੰਦ ਹੈ, ਤੁਹਾਨੂੰ, ਮਿ. ਸਿੰਘ!"

ਕਰਨਲ ਸਵਾਮੀ ਨੇ ਪੁੱਛਿਆ ਸੀ ਬਾਬੂ ਜਸਵੰਤ ਸਿੰਘ ਤੋਂ।

"ਕਦੇ ਕਦੇ ਉਨ੍ਹਾਂ ਦੇ ਕਹਿਣ 'ਤੇ ਉਸ ਨੇ ਬੜੀ ਰੀਝ ਨਾਲ ਦੱਸਿਆ ਕਿ ਉਸ ਦੀ ਵੱਡੀ ਨੂੰਹ ਮਾਧਵੀ ਐਨੀ ਮੁੱਲਾਇਮ ਇਡਲੀ ਬਣਾਉਂਦੀ ਹੈ ਕਿ ਮੂੰਹ ਵਿੱਚ ਧਰਦੇ ਹੀ ਘੁੱਲ ਜਾਏ। ਮਾਧਵੀ ਨੂੰ ਪਤਾ ਹੈ ਕਿ ਕਰਨਲ ਸਵਾਮੀ ਦੇ ਉਪਰਲੇ ਜਬਾੜੇ ਦੀਆਂ ਤਿੰਨੇ ਦਾੜਾਂ ਕਮਜ਼ੋਰ ਹੋ ਗਈਆਂ ਹਨ ਤੇ ਹੇਠਲੇ ਜਬਾੜੇ ਦੀਆਂ ਦੋ। ਸਖਤ ਚੀਜ਼ ਉਹ ਚਬਾ ਨਹੀਂ ਸਕਦੇ। ਖਾਣ ਦੀ ਇੱਛਾ ਹੋਣ ਦੇ ਬਾਵਜੂਦ ਵੀ ਕਈ ਮਨਪਸੰਦ ਪਕਵਾਨ ਉਨ੍ਹਾਂ ਨੂੰ ਖਾਣ ਲਈ ਛੱਡਣੇ ਪੈਂਦੇ ਹਨ। ਮਾਧਵੀ ਨੇ ਜਿਵੇਂ ਧਾਰ ਹੀ ਲਿਆ ਹੈ ਕਿ ਉਹ ਜੋ ਵੀ ਪਕਵਾਨ ਬਣਾਏਗੀ, ਉਨ੍ਹਾਂ ਦੇ ਦੰਦਾਂ ਦਾ ਖਿਆਲ ਕਰ ਕੇ ਤੇ ਐਨੀ ਸਾਵਧਾਨੀ ਤੇ ਮਿਹਨਤ ਨਾਲ ਬਣਾਏਗੀ ਤਾਂ ਕਿ ਉਹ ਉਸ ਦਾ ਪੂਰਾ ਸਵਾਦ ਲੈ ਸਕਣ ਰਾਤ ਦੇ ਖਾਣੇ ਵਿੱਚ ਉਹ ਇਡਲੀ, ਸਾਂਭਰ ਤੇ ਨਰੀਅਲ ਦੀ ਚੱਟਣੀ ਬਣਾਉਣ ਵਾਲੀ ਹੈ। ਇਡਲੀ ਤਾਂ ਕਿੱਧਰੇ ਵੀ ਖਾਧੀ ਜਾ ਸਕਦੀ ਹੈ ਪਰ ਮਾਧਵੀ ਦੇ ਕੁਸ਼ਲ ਹੱਥਾਂ ਨਾਲ ਬਣੀ ਸਵਾਦੀ ਮੁਲਾਇਮ ਇਡਲੀ ਖਾਣਾ ਆਪਣੇ ਆਪ ਵਿੱਚ ਇਕ ਸੁਖਦ ਅਨੁਭਵ ਹੈ।

ਸਵੇਰੇ ਸੈਰ ਲਈ ਨਿਕਲਣ ਤੋਂ ਪਹਿਲਾਂ ਉਹ ਬਾਬੂ ਜਸਵੰਤ ਸਿੰਘ ਲਈ ਮਾਧਵੀ ਤੋਂ ਤਾਜੀ ਇਡਲੀ ਬਣਵਾ ਕੇ ਲਿਆਉਣਗੇ। ਕੇਲੇ ਦੇ ਪੱਤਿਆਂ ਵਿੱਚ ਮਾਧਵੀ ਇਡਲੀਆਂ ਨੂੰ ਇਸ ਤਰ੍ਹਾਂ ਪੈਕ ਕਰ ਦੇਵੇਗੀ ਕਿ ਉਨ੍ਹਾਂ ਦੇ ਨਾਸ਼ਤੇ ਤਕ ਗਰਮ ਹੀ ਰਹਿਣਗੀਆਂ। ਚੱਟਣੀ ਬਾਬੂ ਜਸਵੰਤ ਸਿੰਘ ਤਿੱਖੀ ਖਾਂਦੇ ਹਨ ਜਾਂ ਫਿੱਕੀ? ਪੁੱਛ ਕੇ ਹੀ ਕਰਨਲ ਸਵਾਮੀ ਨੂੰ ਝੱਟ ਹੀ ਯਾਦ ਆ ਗਿਆ ਕਿ ਬਵਾਸੀਰ ਦੇ ਦਰਦ ਕਾਰਣ ਤਿੱਖਾ ਖਾਣਾ ਉਨ੍ਹਾਂ ਲਈ ਵਰਜਿਤ ਹੈ। ਚੱਟਣੀ ਉਹ ਫਿੱਕੀ ਹੀ ਬਣਵਾ ਕੇ ਲਿਆਉਣਗੇ।"

"ਦਿੱਲੀ ਘੁੰਮ ਲਈ ਕਿ ਨਹੀਂ?"

"ਅਜੇ ਤਕ ਨਹੀਂ ਘੁੰਮੀ।"

"ਕੋਈ ਨਾ-ਨੁਕਰ ਨਹੀਂ ਚਲੇਗੀ।"

"ਮੇਰੀ ਨਜ਼ਰ ਨਾਲ ਮੇਰੇ ਨਾਲ ਘੁੰਮ ਕੇ ਵੇਖੋ ਮਿ. ਸਿੰਘ। ਮੂੰਹੋਂ ਜੇ ਇਹ ਨਾ ਨਿਕਲਿਆ ਕਿ ਹਾਏ ਦਿੱਲੀ! ਅਜੇ ਤਕ ਤੈਥੋਂ ਕਿਉਂ ਦੂਰ ਰਿਹਾ ਤਾਂ ਕਹਿਣਾ।"

ਉਹ ਸੁਹਾਵਣੇ ਮੌਸਮ ਦਾ ਇਕ ਸੁਹਾਵਣਾ ਜਿਹਾ ਦਿਨ ਸੀ। ਪੰਜ ਸੌ ਰੁਪਏ, ਅੱਠ ਘੰਟੇ, ਅੱਸੀ ਕਿਲੋਮੀਟਰ ਦੇ ਹਿਸਾਬ ਵਾਲੀ ਡੀ. ਐਲ. ਵਾਈ. ਟੈਕਸੀ ਕਿਰਾਏ ਤੇ ਲੈ ਕੇ ਕਰਨਲ ਸਵਾਮੀ ਬਾਬੂ ਜਸਵੰਤ ਸਿੰਘ ਨੂੰ ਦਿੱਲੀ ਦੇ ਇਤਿਹਾਸਿਕ ਸਥਾਨ ਵਿਖਾਉਣ ਲਈ ਨਿਕਲ ਪਏ। ਉਸ ਵੇਲੇ ਦੋਵੇਂ ਕੁਤੁਬਮੀਨਾਰ ਦੇ ਨੇੜੇ ਖੰਡਹਰਾਂ ਵਿੱਚ ਬੈਠੇ ਕਰਨਲ ਸਵਾਮੀ ਵਲੋਂ ਲਿਆਉਂਦੇ ਥਰਮਸ ਵਿਚੋਂ ਘਰ ਦੇ ਬਣਾਏ ਸਵਾਦੀ 'ਰਸਮ' ਦੀਆਂ ਘੁੱਟਾਂ ਭਰ ਰਹੇ ਸਨ।

ਬਾਬੂ ਜਸਵੰਤ ਸਿੰਘ ਨੇ ਕਾਫੀ ਅਰਸੇ ਬਾਅਦ ਐਨਾ ਸਵਾਦੀ ਰਸਮ ਪੀਤਾ ਸੀ। ਸਾਲਿਨੀ ਤ੍ਰਿਵੇਂਦ੍ਰਮ ਤੋਂ ਜਦੋਂ ਪੇਕੇ ਕਾਨਪੁਰ ਆਉਂਦੀ ਤਾਂ ਉਸ ਤੋਂ ਉਹ ਰਸਮ ਬਣਾ ਕੇ ਪਿਲਾਉਣ ਦੀ ਬਿਨਤੀ ਜ਼ਰੂਰ ਕਰਦੇ।

ਬਾਬੂ ਜਸਵੰਤ ਸਿੰਘ ਨੇ ਕਰਨਲ ਸਵਾਮੀ ਅੱਗੇ ਰਸਮ ਦੀ ਤਾਰੀਫ਼ ਕੀਤੀ ਤਾਂ ਉਨ੍ਹਾਂ ਨੇ ਉਤ ਸਾਹਿਤ ਹੋ ਕੇ ਉਨ੍ਹਾਂ ਤੋਂ ਇਡਲੀ ਦੀ ਪਸੰਦਗੀ ਬਾਰੇ ਜਾਣਿਆ ਚਾਹਿਆ।

ਆਪਣੀ ਪਸੰਦ ਬਾਰੇ ਦੱਸਦੇ ਹੋਏ ਬਾਬੂ ਜਸਵੰਤ ਸਿੰਘ ਕੁਝ-ਕੁਝ ਭਾਵੁਕ ਹੀ ਹੋ ਗਏ ਸਨ। ਅਸਲ

ਵਿੱਚ ਦਿੱਲੀ ਆ ਕੇ ਉਹ ਭੁੱਲ ਹੀ ਗਏ ਸਨ ਕਿ ਭੋਜਨ ਵਿਚ ਉਨ੍ਹਾਂ ਦੀ ਪਸੰਦ ਦਾ ਕੋਈ ਅਰਥ ਰਹਿ ਗਿਆ ਹੈ। ਅਕਸਰ ਉਨ੍ਹਾਂ ਨੂੰ ਉਹ ਖਾਣਾ ਪੈਂਦਾ ਜਾਂ ਉਹ ਖੁਆ ਜਾਂਦਾ ਜੋ ਉਨ੍ਹਾਂ ਦੇ ਢਿੱਲੇ ਤੇ ਖੋਖਲੇ ਹੋ ਗਏ ਦੰਦਾਂ ਤੇ ਵਿਗੜੇ ਹਾਜ਼ਮੇ ਨੂੰ ਮੰਜ਼ੂਰ ਨਾ ਹੁੰਦਾ। ਪਸੰਦ ਦੀ ਗੱਲ ਤਾਂ ਇਕ ਪਾਸੇ ਛੱਡੋ, ਸਭ ਤੋਂ ਵੱਡੀ ਗੱਲ ਸੀ ਕਿ ਉਨ੍ਹਾਂ ਦੇ ਨਾਸ਼ਤੇ-ਪਾਣੀ ਦਾ ਕੋਈ ਨਿਸ਼ਚਿਤ ਸਮਾਂ ਵੀ ਨਹੀਂ ਸੀ।

ਸਵੇਰ ਦੀ ਸੈਰ ਮਗਰੋਂ ਮੁੜਣ ਤੇ ਉਹ ਨੀਬੂੰ ਵਾਲੀ ਚਾਹ ਅਤੇ ਨਾਸ਼ਤੇ ਦੇ ਸੱਦੇ ਦਾ ਰਾਹ ਤੱਕਦੇ। ਹਿੰਦੁਸਤਾਨ ਟਾਈਮਸ' ਦੇ ਪੰਨੇ ਪਲਟਦੇ ਰਹਿੰਦੇ ਤੇ ਉਧਰੋਂ ਸੁਨੈਨਾ ਦੇ ਕੋਰੇ ਦਿਲਾਸੇ ਆਉਂਦੇ ਰਹਿੰਦੇ, ਬੱਚੇ ਹੁਣ ਸਕੂਲ ਜਾ ਰਹੇ ਹਨ, ਉਨ੍ਹਾਂ ਦੇ ਜਾਂਦੇ ਹੀ ਉਹ ਬਾਬੂ ਜੀ ਲਈ ਦਲੀਆ ਬਣਾ ਦੇਵੇਗੀ। ਘਰ ਦਾ ਬੂਹਾ ਜ਼ੋਰ ਨਾਲ ਮਾਰਨ ਤੋਂ ਪਤਾ ਲੱਗ ਜਾਂਦਾ ਕਿ ਦੋਵੇਂ ਬੱਚੇ ਸਕੂਲ ਲਈ ਨਿਕਲ ਗਏ ਹਨ ਤੇ ਉਨ੍ਹਾਂ ਦੇ ਨਾਸ਼ਤੇ-ਪਾਣੀ ਦਾ ਨੰਬਰ ਲੱਗਣ ਹੀ ਵਾਲਾ ਹੈ।

ਕੁਝ ਮਿੰਟਾਂ ਬਾਅਦ ਬਗੈਰ ਨੀਬੂੰ ਦੀ ਚਾਹ ਦਾ ਗਿਲਾਸ ਰੱਖਦੇ ਹੋਏ ਉਨ੍ਹਾਂ ਨੂੰ ਦੱਸਿਆ ਜਾਂਦਾ ਕਿ ਅੱਜ ਉਨ੍ਹਾਂ ਨੂੰ ਚਾਹ ਬਗੈਰ ਨੀਬੂੰ ਦੇ ਹੀ ਪੀਣੀ ਪਏਗੀ। ਅਸਲ ਵਿੱਚ ਸੁਨੈਨਾ ਨੂੰ ਇਹ ਭੁਲੇਖਾ ਰਿਹਾ ਕਿ ਨੀਬੂੰ ਫਰਿਜ ਵਿੱਚ ਪਏ ਹੋਏ ਹਨ। ਪਰ ਲੱਭਣ ਤੇ ਪਤਾ ਲੱਗਾ ਕਿ ਨੀਬੂੰ ਤਾਂ ਫਰਿਜ਼ ਵਿੱਚ ਹੈ ਨਹੀਂ। ਉਹ ਰਾਤ ਵੇਲੇ ਇਕ ਨੀਬੂੰ ਇਨ੍ਹਾਂ ਨੇ (ਨਰਿੰਦਰ) ਸਲਾਦ ਉਤੇ ਨਿਚੋੜ ਦਿੱਤਾ ਸੀ. ਦੂਸਰੇ ਸਵੇਰੇ ਸ਼ਹਿਦ ਨਾਲ ਕੋਸੇ ਪਾਣੀ ਵਿੱਚ ਪਾ ਕੇ ਆਪ ਹੀ ਪੀ ਗਏ।

ਚਾਹ ਤੋਂ ਕੁਝ ਮਿੰਟਾਂ ਮਗਰੋਂ ਬਾਲਕਨੀ ਭਾਵ ਕਿ ਉਨ੍ਹਾਂ ਦੇ ਕਮਰੇ ਵਿੱਚ ਝਾਂਕ ਕੇ ਪੁੱਛਿਆ ਜਾਂਦਾ-ਦਲੀਆਂ ਤਾਂ ਖਤਮ ਹੋਇਆ ਪਿਆ ਹੈ। ਹੁਣ ਸ਼ਾਮ ਨੂੰ ਹੀ ਆਏਗਾ ਨਾਸ਼ਤੇ ਵਿੱਚ ਕੀ ਬਾਬੂ ਜੀ 'ਚੀਲਾ' (ਪੀਸੀ ਹੋਈ ਦਾਲ ਦਾ ਲੂਣਾ ਪੂੜਾ) ਖਾਣਾ ਪਸੰਦ ਕਰਨਗੇ? ਉਨ੍ਹਾਂ ਨੂੰ ਯਾਦ ਆਇਆ। ਪਰਸੋਂ ਸੁਨੈਨਾ ਦੀ ਚਚੇਰੀ ਭੈਣ ਕੁਸੁਮ ਪੀਤਮਪੁਰਾਂ ਤੋਂ ਸਣੇ ਪਰਿਵਾਰ ਆਈ ਸੀ। ਉਸ ਲਈ ਪਕੌੜੀਆਂ ਖਾਸ ਤੌਰ ਤੇ ਬਣਾਈਆਂ ਗਈਆਂ ਸਨ। ਪਿਸੀ ਹੋਈ ਦਾਲ ਫਰਿਜ਼ ਵਿੱਚ ਬਚੀ ਪਈ ਹੋਏਗੀ। ਸੁਨੈਨਾ ਅਜੇ ਤਕ ਉਸ ਨੂੰ ਇਸਤੇਮਾਲ ਨਹੀਂ ਕਰ ਸਕੀ ਹੋਣੀ। ਹੋ ਸਕਦਾ ਹੈ ਕਿ ਬਾਕੀਆਂ ਤੋਂ ਵੀ ਇਹੀ ਪੁੱਛਿਆ ਹੋਵੇ। ਹੋਰਨਾਂ ਨੇ ਚੀਲਾ ਖਾਣ ਤੋਂ ਇਨਕਾਰ ਕਰ ਦਿੱਤਾ। ਹੋਏਗਾ। ਮਨ੍ਹਾਂ ਕਰਨ ਦੀ ਉਨ੍ਹਾਂ ਦੀ ਔਕਾਤ ਨਹੀਂ ਰਹੀ। ਇੱਛਾ-ਅਨਿੱਛਾ ਘਰਦਿਆਂ ਦੀ ਹੁੰਦੀ ਹੈ। ਘਰ ਵਿੱਚ ਆ ਕੇ ਰਹਿਣ ਵਾਲਿਆਂ ਦੀ ਨਹੀਂ।

ਜੇ ਕਦੇ ਉਨ੍ਹਾਂ ਦੀ ਪਸੰਦ ਪੁੱਛੀ ਜਾਂਦੀ ਤਾਂ ਉਹ ਦੱਸਦੇ ਕਿ ਉਨ੍ਹਾਂ ਨੂੰ ਆਪਣਾ ਦੇਸੀ ਘਰੇਲੂ ਭੋਜਨ ਹੀ ਚੰਗਾ ਲੱਗਦਾ ਹੈ। ਪੀਜਾ, ਬਰਗਰ, ਨਿਊਡਲਸ, ਰਸ਼ਿਅਨ ਸਲਾਦ ਵਗੈਰਾ, ਨਾ ਉਨ੍ਹਾਂ ਨੂੰ ਚੰਗੇ ਲੱਗਦੇ ਹਨ, ਨਾ ਹਜ਼ਮ ਹੀ ਹੁੰਦੇ ਹਨ। ਦਿੱਲੀ ਆਉਣ ਤੇ ਹਫਤੇ ਮਗਰੋਂ ਹੀ ਬਾਬੂ ਜਸਵੰਤ ਸਿੰਘ ਨੇ ਸੋਚਿਆ ਕਿ ਉਹ ਨਰਿੰਦਰ ਨੂੰ ਆਪਣੀ ਇੱਛਾ ਦੱਸ ਦੇਣ। ਭੋਜਨ ਵਿੱਚ ਉਹ ਹਰ ਚੀਜ਼ ਨਹੀਂ ਖਾ ਸਕਦੇ। ਫਰਿਜ਼ ਵਿੱਚ ਪਈ ਬਹੀ-ਤ੍ਰਿਬਹੀ ਚੀਜ਼ ਉਸ ਦੀ ਮਾਂ ਨੇ ਕਦੇ ਉਨ੍ਹਾਂ ਨੂੰ ਨਹੀਂ ਖੁਵਾਈ। ਇਸ ਲਈ ਉਸ ਦੇ ਢਿੱਡ ਨੂੰ ਉਸ ਦੀ ਆਦਤ ਨਹੀਂ ਰੋਟੀ ਵੀ ਇਕਦਮ ਤਵੇ ਤੋਂ ਉਤਰੀ ਹੀ ਉਹ ਖਾ ਸਕਦੇ ਹਨ। ਬੇਹੀ ਰੋਟੀ ਉਹ ਚਿੱਥ ਨਹੀਂ ਸਕਦੇ। ਜਵਾਬ ਵਿੱਚ ਨਰਿੰਦਰ ਨੇ ਐਨਾ ਲੰਮਾ-ਚੌੜਾ ਭਾਸ਼ਣ ਦੇ ਕੇ ਇਹੀ ਨਸੀਹਤ ਕੀਤੀ ਕਿ ਅਗੇ ਤੋਂ ਉਹ ਆਪਣੀ ਪਸੰਦ ਦੀ ਗੁੰਜਾਇਸ਼ ਇਸ ਘਰ ਤੋਂ ਨਾ ਰਖਣ, ਇਹੀ ਚੰਗਾ ਹੈ। ਨਰਿੰਦਰ ਦੀ ਸਲਾਹ ਵੀ ਠੀਕ ਸੀ, ਉਨ੍ਹਾਂ ਨੂੰ ਵਕਤ ਦੇ ਹਿਸਾਬ ਨਾਲ ਚਲਣ ਦੀ ਆਦਤ ਪਾ ਲੈਣੀ ਚਾਹੀਦੀ ਹੈ।

ਮਾਂ ਨੇ ਹਮੇਸ਼ਾ ਹੀ ਉਨ੍ਹਾਂ ਦੀ ਪਸੰਦ-ਨਾਪਸੰਦ ਦਾ ਧਿਆਨ ਰੱਖਿਆ। ਉਸ ਨੂੰ ਅਤੇ ਸ਼ਾਲਿਨੀ ਨੂੰ ਉਹੀ ਖਾਣਾ ਪੈਂਦਾ ਸੀ ਜੋ ਉਹ ਖਾਂਦੇ ਸਨ। ਉਸ 'ਤੇ ਵੀ ਮਾਰ ਇਹ ਕਿ ਇਸ ਗੱਲ ਦੀ ਸਖਤ ਹਿਦਾਇਤ ਕਿ ਪਰੋਸੀ ਥਾਲੀ ਵਿਚੋਂ ਬੱਚੇ ਨਾ ਕੋਈ ਚੀਜ਼ ਕੱਢਣਗੇ ਤੇ ਨਾ ਹੀ ਭੋਜਨ ਛੱਡ ਅੰਨ ਦਾ ਨਿਰਾਦਰ ਕਰਨਗੇ।

ਆਈ. ਆਈ. ਟੀ. ਕਾਨਪੁਰ ਵਿੱਚ ਹੁੰਦੇ ਹੋਏ ਵੀ ਬਾਬੂ ਜਸਵੰਤ ਸਿੰਘ ਦਾ ਸਖਤ ਆਦੇਸ਼ ਸੀ ਕਿ ਨਰਿੰਦਰ ਘਰ ਵਿੱਚ ਨਹੀਂ, ਹੋਸਟਰ ਵਿੱਚ ਰਹੇ। ਪੜ੍ਹਾਈ ਵਿੱਚ ਮਨ ਲੱਗਾਏ। ਹੋਸਟਲ ਦੇ ਘਟੀਆ ਖਾਣੇ ਦੀ ਚਰਚਾ ਘਰ ਵਿੱਚ ਕਰਨਾ ਵਰਜਿਤ ਸੀ। ਇਕੱਲਾ ਉਹੀ ਨਹੀਂ ਖਾਂਦਾ। ਹੋਸਟਲ ਵਿੱਚ ਸਾਰੇ ਹੀ ਖਾਂਦੇ ਹਨ। ਜ਼ਿੰਦਗੀ ਵਿੱਚ ਕੁਝ ਬਣਨ ਲਈ ਤਿਆਗ ਪਹਿਲੀ ਸ਼ਰਤ ਹੈ, ਉਹ ਕਿਹਾ ਕਰਦੇ ਸਨ।

ਮਾਂ ਘਰੋਂ ਕੁਝ ਬਣਾ ਕੇ ਭੇਜਣਾ ਚਾਹੁੰਦੀ ਤਾਂ ਉਹ ਲੜਨ ਲੱਗਦੇ। ਪਿੰਡੋਂ ਆਏ ਰਾਮਸੇਵਕ ਬਾਬਾ ਦੇ



ਹੱਥ ਮਾਂ ਉਨ੍ਹਾਂ ਤੋਂ ਚੋਰੀ-ਛੁਪੇ ਉਸ ਦੇ ਹੋਸਟਲ ਵਿੱਚ ਸ਼ਕਰਪਾਰੇ ਤੇ ਕੱਟਹਲ ਦਾ ਅਚਾਰ ਭੇਜ ਰਹੀ ਸੀ। ਉਨ੍ਹਾਂ ਵੇਖ ਲਿਆ ਤੇ ਬਾਬਾ ਦੀ ਸਾਈਕਲ ਦੇ ਕੈਰੀਅਰ ਨਾਲ ਬੱਝੇ ਅਚਾਰ ਤੇ ਸ਼ਕਰਪਾਰੇ ਦੇ ਡਿੱਬੇ ਚੁੱਕ ਕੇ ਗੇਟ ਤੋਂ ਬਾਹਰ ਸੁੱਟ ਦਿੱਤੇ।

ਇਹ ਸਭ ਨਰਿੰਦਰ ਮੂੰਹੋਂ ਸੁਣ ਕੇ ਉਹ ਠਠੰਬਰ ਗਏ। ਉਨ੍ਹਾਂ ਨੂੰ ਲੱਗਾ ਕਿ ਅਤੀਤ ਦੀਆਂ ਕੌੜੀਆਂ ਯਾਦਾਂ ਨਾਲ ਗੰਢੇ ਪਏ ਨਰਿੰਦਰ ਤੋਂ ਅਨੁਸ਼ਾਸਨ ਦੀ ਪਰਿਭਾਸ਼ਾ ਜਾਂ ਵਿਆਖਿਆ 'ਤੇ ਬਹਿਸ ਕਰਨਾ ਫਜੂਲ ਹੀ ਹੈ। ਉਨ੍ਹਾਂ ਨੇ ਕੀ ਸੋਚ ਕੇ ਕਿਸ ਲਈ ਸਖਤੀ ਕੀਤੀ ਸੀ ਬੱਚਿਆਂ ਉਤੇ। ਉਦੋਂ ਉਨ੍ਹਾਂ ਲਈ ਸਮਝ ਨਾ ਸਕਣਾ ਸੁਭਾਵਿਕ ਸੀ। ਪਰ ਐਨ. ਟੀ. ਪੀ. ਸੀ. ਦੇ ਚੀਫ ਇੰਜਨੀਅਰ ਮਿ. ਨਰਿੰਦਰ ਸਿੰਘ ਕੁਸ਼ਵਾਹਾ ਦੇ ਮਨ ਦੀ ਨੁਕਰ ਵਿੱਚ ਦੱਬੇ ਬੈਠੇ ਅਸੰਤੋਸ਼ ਨੂੰ ਸਿਵਾਏ ਗੁੰਝਲ ਦੇ ਹੋਰ ਕਿਸ ਰੂਪ ਵਿੱਚ ਪਰਿਭਾਸ਼ਿਤ ਕੀਤਾ ਜਾ ਸਕਦਾ ਹੈ।

ਨਰਿੰਦਰ ਨੂੰ ਇਹ ਯਾਦ ਨਹੀਂ ਕਿ ਉਸ ਦੀ ਇਲੈਕਿਟ੍ਰਕਲ ਇੰਜਨੀਅਰਿੰਗ ਦੀ ਪੜ੍ਹਾਈ ਲਈ ਬਾਬੂ ਜਸਵੰਤ ਸਿੰਘ ਨੇ ਆਪਣੇ ਭਵਿੱਖ ਦੇ ਫੰਡ ਦੀ ਰਕਮ ਤੋੜ ਦਿੱਤੀ ਸੀ। ਬਿਨਾਂ ਕਿਸੀ ਦੋਚਿਤੀ ਦੇ। ਇਹ ਗਲਤ ਨਹੀਂ ਕਿ ਉਸ ਨੂੰ ਹੋਸਟਲ ਵਿੱਚ ਰੱਖਣ ਲਈ ਉਨ੍ਹਾਂ ਨੂੰ ਕਿੰਨੀ ਮਿਹਨਤ ਕਰਨੀ ਪਈ ਸੀ। ਜੇ ਉਹ ਚਾਹੁੰਦੇ ਤਾਂ ਨੌਕਰੀ ਵਿੱਚ ਭ੍ਰਿਸ਼ਟ ਹੋ ਕੇ ਉਪਰਲੀ ਆਮਦਨੀ ਰਾਹੀਂ ਆਪਣੇ ਹੋਰ ਸਹਿਯੋਗੀ ਕਰਮੀਆਂ ਵਾਂਗ ਕਸ਼ਟਾਂ ਤੋਂ ਮੁਕਤ ਹੋ ਸਕਦੇ ਸਨ।

ਬੜੀ ਘਟੀਆਂ ਜਿਹੀ ਗੱਲ ਹੈ, ਪਰ ਹੈ ਸੱਚ। ਇਹ ਹਫਤਾ ਮੁੰਬਈ ਰਹਿਣ ਮਗਰੋਂ ਉਥੋਂ ਆਉਣ ਦੇ ਕਈ ਦਿਨਾਂ ਤਕ ਉਨ੍ਹਾਂ ਨੂੰ ਇਸ ਗੱਲ ਦਾ ਮਲਾਲ ਰਿਹਾ ਕਿ ਯਾਰ-ਦੋਸਤਾਂ ਦੇ ਦਬਾਓ ਦੇ ਬਾਵਜੂਦ ਉਹ ਇਕ ਖੂਬਸੂਰਤ ਅਸਫਲ ਫਿਲਮ ਐਕਟ੍ਰੇਸ ਨਾਲ ਤਗੜੀ ਫੀਸ ਦੇ ਕੇ ਰਾਤ ਨਹੀਂ ਗੁਜ਼ਾਰ ਸਕੇ ਸਨ।

ਸਹਿਕਰਮੀ ਵਿਵੇਕ ਅਵਸਥੀ ਨੇ ਉਨ੍ਹਾਂ ਦਾ ਮਜ਼ਾਕ ਵੀ ਉਡਾਇਆ ਸੀ।

"ਯਾਰ, ਤੂੰ ਕਿਹੋ ਜਿਹਾ ਠਾਕੁਰ ਏਂ? ਹੈ ਵੀ... ਆਈ ਡਾਊਟ।"

o o o

ਨੇੜਿਓ ਲੰਘ ਰਹੀ ਪਾਮੇਰਿਅਨ ਕੁੱਤੀ ਵੱਲ ਟਾਮੀ ਨੇ ਉਨ੍ਹਾਂ ਨੂੰ ਆਪਣੀ ਪੂਰੀ ਤਾਕਤ ਨਾਲ ਖਿੱਚਿਆ। ਜੇ ਉਹ ਜ਼ਰਾ ਜਿੰਨੇ ਵੀ ਅਚੇਤ ਹੁੰਦੇ ਤਾਂ ਜ਼ਰੂਰ ਹੀ ਘਸੀਟੇ ਜਾਂਦੇ। ਉਨ੍ਹਾਂ ਯਾਦ ਆਇਆ। ਉਨ੍ਹਾਂ ਦੇ ਹੱਥ ਵਿੱਚ ਸੋਟੀ ਨਹੀਂ ਹੈ। ਸੋਟੀ ਲੈ ਕੇ ਨਹੀਂ ਨਿਕਲੇ ਬਾਬੂ ਜਸਵੰਤ ਸਿੰਘ। ਅਜਿਹੀ ਲਾਪ੍ਰਵਾਹੀ ਕਿਵੇਂ ਹੋ ਗਈ ਉਨ੍ਹਾਂ ਤੋਂ। ਇਕ ਵਾਰ ਪਹਿਲਾਂ ਡਿੱਗਾ ਵੀ ਦਿੱਤਾ ਸੀ ਉਸ ਨੇ। ਅੱਜ ਵੀ ਡਿੱਗਾ ਹੀ ਦਿੰਦਾ। ਨਿਰੀ ਆਫਤ ਹੈ। ਮਨ ਵਿੱਚ ਤਾਂ ਆਇਆ, ਜੰਜੀਰ ਛੱਡ ਹੀ ਦੇਣ ਸਾਲੇ ਦੀ ਜਾ ਮਰ ਜਾ ਕੇ। ਪਰ ਜੰਜ਼ੀਰ ਛੱਡੀ ਨਹੀਂ....।

## ਦੂਸਰੀ ਗੈਰ ਮੌਜੂਦਗੀ

### ਬਦਬੂ

ਇਹ ਸਵੇਰ! ਅਜੇ ਸੂਰਜ ਨੇ ਅੱਖ ਖੋਲ੍ਹੀ ਹੀ ਨਹੀਂ ਸੀ, ਸਗੋਂ ਬਾਬੂ ਜਸਵੰਤ ਸਿੰਘ ਦੀ ਅੱਧੀ ਰਾਤ ਵੇਲੇ ਹੀ ਉੱਡ ਚੁੱਕੀ ਰਾਤ ਵਿੱਚ ਹੀ ਖੋਲ੍ਹ ਧਰੀ ਸੀ। ਬਸ ਇੰਤਜ਼ਾਰ ਸੀ ਤਾਂ ਸਿਰਫ਼ ਥੋੜ੍ਹੀ ਜਿਹੀ ਰੌਸ਼ਨੀ ਫੈਲਣ ਦਾ। ਜਿਸ ਰਾਹੀਂ ਉਹ ਆਸਾਨੀ ਨਾਲ ਉਸ ਰਾਹ ਤੇ ਤੁਰ ਸਕਣ ਜਿਸ ਦੇ ਕਿਨਾਰੇ ਮਯੂਰ ਵਿਹਾਰ ਦੀ ਉਹ ਪੁਲੀ ਸੀ-ਜਿੱਥੇ ਉਹ ਪੁਜਣਾ ਚਾਹੁੰਦੇ ਸਨ।

ਪਿਛਲੀ ਦੁਪਹਿਰ ਅਚਾਨਕ ਬਾਬੂ ਜਸਵੰਤ ਸਿੰਘ ਨੂੰ ਖਿਆਲ ਆਇਆ ਕਿ ਕੁਝ ਹਫਤੇ ਪਹਿਲਾਂ ਕਰਨਲ ਸਵਾਮੀ ਨੇ ਉਨ੍ਹਾਂ ਨੂੰ ਆਪਣੇ ਘਰ ਦਾ ਟੈਲੀਫੋਨ ਨੰਬਰ ਕਿਸੇ ਪਰਚੀ ਉਤੇ ਲਿਖ ਕੇ ਦਿੱਤਾ ਸੀ। ਜਿਸ ਨੂੰ ਉਨ੍ਹਾਂ ਨੇ ਆਪਣੀ ਲੋਹੇ ਦੀ ਮੰਜੀ ਦੀ ਸਿਰਾਂਦੀ ਗੱਦੇ ਹੇਠ ਪਹਿਲੇ ਤੋਂ ਹੀ ਕਈ ਪਏ ਹੋਰ ਕਾਗਜ਼ਾਂ ਵਿਚਕਾਰ ਲਾਪ੍ਰਵਾਹੀ ਨਾਲ ਰਖ ਦਿੱਤਾ ਸੀ। ਇਹੀ ਸੋਚ ਕੇ ਕਿ ਮੁਲਾਕਾਤ ਤਾਂ ਰੋਜ਼ ਹੀ ਹੋ ਜਾਂਦੀ ਹੈ। ਇਸ ਨੰਬਰ ਦੀ ਲੋੜ ਉਨ੍ਹਾਂ ਨੂੰ ਸਾਇਦ ਹੀ ਕਦੇ ਪਏ।

ਪਰਚੀ ਲੱਭਣ ਵਿੱਚ ਉਨ੍ਹਾਂ ਨੂੰ ਕਾਫੀ ਮਿਹਨਤ ਕਰਨੀ ਪਈ। ਆਪਣੇ-ਆਪ ਉਤੇ ਖਿੱਝ ਵੀ ਆਈ ਕਿ ਫਜ਼ੂਲ ਦਵਾਈਆਂ ਦੇ ਬਿਲ, ਐਕਸਰੇ -ਰਿਪੋਰਟ, ਕਾਨਪੁਰ ਵਾਲੇ ਡਾਕਟਰ ਸਕਸੈਨਾ ਦੇ ਪੁਰਾਣੇ ਨੁਸਖੇ, ਜਿਨ੍ਹਾਂ ਦਾ ਨਿਸ਼ਚੇ ਹੀ ਇੱਥੇ ਕੋਈ ਲਾਭ ਨਹੀਂ ਸੀ, ਕਿਉਂ ਢੇਰ ਲੱਗਾ ਕੇ ਰੱਖਿਆ ਹੋਇਆ ਹੈ। ਜਿਸ ਕਾਰਣ ਸਿਰ੍ਹਾਣੇ ਪਈ ਜ਼ਰੂਰੀ ਚੀਜ਼ ਵੀ ਉਸ ਵਿੱਚ ਗਵਾਚ ਜਾਂਦੀ ਹੈ।

ਚੰਗਾ ਹੋਇਆ ਇਸੇ ਬਹਾਨੇ ਸਫਾਈ ਹੋ ਗਈ। ਨਹੀਂ ਤਾਂ ਨੌਬਤ ਹੀ ਨਹੀਂ ਆਉਣੀ ਸੀ।

ਟੈਲੀਫੋਨ ਨੰਬਰ ਦੀ ਪਰਚੀ ਮਿਲਦੇ ਹੀ ਉਨ੍ਹਾਂ ਨੂੰ ਲੱਗਾ ਜਿਵੇਂ ਕੁਬੇਰ ਦਾ ਖਜਾਨਾ ਹੱਥ ਲੱਗ ਗਿਆ ਹੋਵੇ। ਕੁਬੇਰ ਦੇ ਖਜਾਨੇ ਵਾਂਗ ਸੰਯੋਗ ਨਾਲ ਹੱਥ ਲੱਗ ਗਿਆ ਤ੍ਰਿਵੇਂਦ੍ਰਮ ਤੋਂ ਦੋਹਤੇ -ਦੋਹਤਰੀ ਦੇ ਹੱਥਾਂ ਰਾਹੀਂ ਭੇਜਿਆ ਗਿਆ ਜਨਮ ਦਿਨ ਕਾਰਡ ਵੀ। ਇਹ ਦੇਖ ਬਾਬੂ ਜਸਵੰਤ ਸਿੰਘ ਭਾਵੁਕ ਹੋ ਗਏ।

ਕਾਰਡ ਤੋਂ ਹੀ ਉਨ੍ਹਾਂ ਨੂੰ ਪਤਾ ਲੱਗਾ ਕਿ ਉਨ੍ਹਾਂ ਦਾ ਜਨਮ ਦਿਨ ਨਰਿੰਦਰ ਦੇ ਘਰ ਹੀ ਪਿਆ ਸੀ ਤੇ ਚੁਪਚਪੀਤੇ ਹੀ ਲੰਘ ਵੀ ਗਿਆ ਸੀ।

ਨਰਿੰਦਰ ਨੇ ਵੀ ਚਰਚਾ ਨਹੀਂ ਕੀਤੀ ਕਿ ਫਲਾਣੇ ਦਿਨ ਉਸ ਦੇ ਬਾਬੂ ਜੀ ਦਾ ਜਨਮ ਦਿਨ ਹੈ। ਜਨਮ ਦਿਨ ਵਾਲੇ ਦਿਨ ਨਰਿੰਦਰ ਤੋਂ ਸ਼ੁਭਕਾਮਨਾ ਦੀ ਉਮੀਦ ਤੇ 'ਪੈਰੀ ਪੈਂਦਾ' 'ਬਾਬੂ ਜੀ' ਸੁਣ ਕੇ ਖੁਸ਼ੀ ਨਾਲ ਝੂੰਮ ਪੈਂਦੇ ਤੇ ਅਸੀਸਾਂ ਦੀ ਝੜੀ ਲਾ ਦੇਂਦੇ। ਸਵੇਰੇ-ਸਵੇਰੇ ਹੀ ਪਹਿਲੀ ਘੰਟੀ ਵਜਦੀ ਸੀ, ਸਾਰਿਆਂ ਨੂੰ ਪਿੱਛੇ ਛੱਡਦੇ ਹੋਏ। ਸੁਣਦੇ ਹੀ ਸ਼ਾਲੂ ਤੁਣਕ ਪੈਂਦੀ। ਐਨੀ ਸਵੇਰੇ ਉਸ ਨੇ ਵਧਾਈ ਦੇਣ ਲਈ ਫੋਨ ਇਸ ਲਈ ਕੀਤਾ ਸੀ ਕਿ ਉਹ ਜਨਮ ਦਿਨ ਦੀ ਵਧਾਈ ਪਹਿਲਾਂ ਦੇ ਦੇਵੇ ਤੇ...।

ਯਾਦਦਾਸ਼ਤ ਕਮਜ਼ੋਰ ਹੋ ਗਈ ਏ, ਚੰਗਾ ਹੀ ਹੋਇਆ ਬੌਝ ਵਧਾਉਣ ਵਾਲੀ ਤਾਰੀਕ ਭਲਾ ਕੋਈ ਯਾਦ ਰੱਖਣ ਵਾਲੀ ਤਾਰੀਕ ਹੈ...।

ਹੋ ਸਕਦਾ ਹੈ, ਇਹੀ ਸੋਚ ਕੇ ਨਰਿੰਦਰ ਨੇ ਯਾਦ ਨਾ ਦਿਵਾਇਆ ਹੋਵੇ। ਕਰਨਲ ਸਵਾਮੀ ਦਾ ਟੈਲੀਫੋਨ ਨੰਬਰ ਲੈ ਕੇ ਦਸ ਵਾਰ ਉਨ੍ਹਾਂ ਦੇ ਘਰ ਫੋਨ ਮਿਲਾਇਆ। ਫਿਰ ਇਕਦਮ ਯਾਦ ਆਇਆ। ਸੁਨੈਨਾ ਦੀ ਅਦ੍ਰਿਸ਼ ਚੜ੍ਹੀ ਤਿਓੜੀ ਨੇ ਉਨ੍ਹਾਂ ਨੂੰ ਅਚੇਤੇ ਹੀ ਟੋਕ ਦਿੱਤਾ। ਜੋ ਉਨ੍ਹਾਂ ਦੇ ਸੰਦਰਭ ਲਈ ਪ੍ਰਤੱਖ ਨਹੀਂ ਹੁੰਦੀ, ਬਸ ਸਿਰਫ ਉਨ੍ਹਾਂ ਨੂੰ ਹੀ ਦਿੱਸਦੀ ਹੈ।

ਅੱਧੇ ਘੰਟੇ ਤੋਂ ਪਤਾ ਨਹੀਂ ਕਿਸ ਨੂੰ ਫੋਨ ਲੱਗਾ ਰਹੇ ਹਨ ਬਾਬੂ ਜੀ? ਘਰ ਆਉਣ ਵਾਲਾ ਕੋਈ ਜ਼ਰੂਰੀ ਫੋਨ ਅਟਕ ਵੀ ਸਕਦਾ ਹੈ। ਸਵੇਰੇ ਨਰਿੰਦਰ ਦਾ ਮੋਬਾਇਲ ਚਾਰਜਰ ਤੇ ਲੱਗਾ ਹੁੰਦਾ ਹੈ। ਘੰਟੀ ਵਜ ਰਹੀ ਹੈ ਤਾਂ ਦੋ ਹੀ ਗੱਲਾਂ ਹੋ ਸਕਦੀਆਂ ਹਨ। ਫੋਨ ਖਰਾਬ ਵੀ ਹੋ ਸਕਦਾ ਹੈ। ਲੋਕ ਘਰੋਂ ਗੈਰ ਹਾਜ਼ਿਰ ਵੀ ਹੋ ਸਕਦੇ ਹਨ। ਫੋਨ ਠੀਕ ਹੈ ਜਾਂ ਨਹੀਂ, ਜਾਨਣ ਲਈ 197 ਨੰਬਰ ਤੋਂ ਪੁੱਛਿਆ ਜਾ ਸਕਦਾ ਹੈ। ਉਨ੍ਹਾਂ ਨੂੰ ਵੀ ਕਿਹਾ ਜਾ ਸਕਦਾ ਹੈ ਕਿ ਉਹੀ ਨੰਬਰ ਮਿਲਾ ਕੇ ਦੇ ਦੋ। ਪਤਾ ਲੱਗ ਜਾਏਗਾ, ਮਾਮਲਾ ਕੀ ਹੈ।

ਬਾਬੂ ਜਸਵੰਤ ਸਿੰਘ ਨੇ ਟੈਲੀਫੋਨ ਅੱਗੋਂ ਉੱਠਣਾ ਹੀ ਠੀਕ ਸਮਝਿਆ ਨਿਰਾਸਤਾ ਦੇ ਬਾਵਜੂਦ ਉਮੀਦ ਦਾ ਸਿਰਾਂ ਮਜ਼ਬੂਤੀ ਨਾਲ ਬੱਝਾ ਹੋਇਆ ਸੀ। ਸਵੇਰੇ ਕਰਨਲ ਸਵਾਮੀ ਨਾਲ ਮੁਲਾਕਾਤ ਜ਼ਰੂਰ ਹੋਏਗੀ। ਇਕ ਹੀ ਦਿਨ ਤਾਂ ਮਿਲੇ ਨਹੀਂ ਉਨ੍ਹਾਂ ਨੂੰ। ਅਗਲੀ ਸਵੇਰ ਉਨ੍ਹਾਂ ਨੂੰ ਇਸ ਭਰਮ ਤੋਂ ਮੁਕਤੀ ਮਿਲ ਹੀ ਜਾਏਗੀ। ਜੋ ਵੀ ਮਾੜਾ ਵਾਪਰਿਆ ਹੋਇਗਾ, ਐਨਾ ਸ਼ੁਕਰ ਹੈ ਕਿ ਕਰਨਲ ਸਵਾਮੀ ਦੁੱਖ, ਉਦਾਸੀ ਸਮੇਟ ਕੇ ਰੱਖਣ ਵਾਲਿਆਂ ਵਿਚੋਂ ਨਹੀਂ ਹਨ। ਊਰਜਾ ਨਾਲ ਭਰੇ-ਪੂਰੇ। ਹੋਰਨਾਂ ਲਈ ਵੀ ਬਾਲਣ ਦਾ ਸ੍ਰੋਤ।

ਉਂਜ ਉਨ੍ਹਾਂ ਨੂੰ ਮਿਲਣ ਤੋਂ ਪਹਿਲਾਂ, 'ਦਿੱਲੀ ਕਿਉਂ ਆ ਗਏ' ਵਰਗੀ ਭਾਵਨਾ ਬਾਬੂ ਜੀ ਨੂੰ ਕਾਨਪੁਰ ਵੱਲ ਖਿਚਦੀ ਰਹਿੰਦੀ ਸੀ। ਉਹ ਸਵੈ ਤੋਂ ਪਰੇਸ਼ਾਨ ਹੁੰਦੇ ਰਹਿੰਦੇ।

"ਇੱਥੇ ਰਹਿ ਕੇ ਭੈਣ ਜੀ ਦੀਆਂ ਯਾਦਾਂ ਤੋਂ ਮੁਕਤ ਹੋਣਾ ਮੁਸ਼ਕਿਲ ਹੈ। ਦਿੱਲੀ ਵਿੱਚ ਦੁੱਖ ਭੁੱਲ ਜਾਓਗੇ।" ਗੁਮਟੀਵਾਲੇ ਆਹਲੂਵਾਲੀਆਂ ਭਾਈ ਸਾਹਬ ਨੇ ਸੁਝਾਇਆ ਸੀ, "ਪਿਆਰੇ-ਪਿਆਰੇ ਪੋਤਰਿਆਂ ਦੀਆਂ ਸ਼ਰਾਰਤਾਂ ਵਿੱਚ। ਬੱਚੇ ਹੀ ਵਿਯੋਗ ਦਾ ਇਲਾਜ ਸਿੱਧ ਹੁੰਦੇ ਹਨ।"

ਅਹਲੂਵਾਲੀਆਂ ਭਾ ਜੀ ਦੇ ਘਰ ਕੰਪਿਊਟਰ ਨਹੀਂ ਹੋਏਗਾ, ਨਹੀਂ ਤਾਂ ਉਨ੍ਹਾਂ ਦਾ ਵੀ ਮੁਹਾਵਰਾ ਬਦਲ ਗਿਆ ਹੁੰਦਾ।

ਉਨ੍ਹਾਂ ਦੀ ਜ਼ਿੱਦ ਸੀ ਕਿ ਉਹ ਉਨ੍ਹਾਂ ਨੂੰ ਚਿੱਠੀ ਜ਼ਰੂਰ ਲਿਖਦੇ ਰਹਿਣ। ਲਿਖਣ ਲਈ ਸੋਚਦੇ ਵੀ ਹਨ।



ਲਿਖਣ ਬੈਠਦੇ ਹਨ ਤਾਂ ਸੋਚਦੇ ਹਨ ਕਿ ਲਿਖਣ ਵੀ ਤਾਂ ਕੀ ਲਿਖਣ? ਪੋਤਰਿਆਂ ਵਿੱਚ ਉਹ ਨਰਿੰਦਰ ਦਾ ਬਚਪਨ ਨਹੀਂ ਲੱਭ ਸਕੇ। ਨਰਿੰਦਰ ਨੂੰ ਲੱਭਣ ਦੀ ਲੋੜ ਹੀ ਨਹੀਂ ਸੀ, ਰੁਝੇਵਿਆਂ ਨੇ ਉਨ੍ਹਾਂ ਨੂੰ ਕੋਈ ਮੋਹਲਤ ਹੀ ਨਹੀਂ ਦਿੱਤੀ ਸੀ। ਹੁਣ ਤਾਂ ਫੁਰਸਤ ਹੀ ਫ਼ੁਰਸਤ ਹੈ ਕਿ ਉਹ ਨਰਿੰਦਰ ਦੇ ਬਚਪਨ ਨਾਲ ਖੇਡ ਸਕਣ, ਹਿਲੋਰਾਂ ਲੈ ਸਕਣ। ਪਰ ਉਹ ਉਨ੍ਹਾਂ ਦੇ ਹੱਥ ਹੀ ਨਹੀਂ ਆਉਂਦਾ। ਕਾਰਣ ਲੱਭਣ ਲੱਗੇ-ਹੱਥ ਵਿੱਚ ਕਿਉਂ ਨਹੀਂ ਆ ਰਿਹਾ? ਇਨ੍ਹਾਂ ਦਿਨਾਂ ਵਿੱਚ ਲੱਗ ਰਿਹਾ ਹੈ ਕਿ ਉਹ ਕੰਪਿਊਟਰ ਦੇ ਅੱਡੇ ਚੜ੍ਹ ਗਿਆ ਹੈ। ਕੰਪਿਊਟਰ ਜੋ ਦੇਂਦਾ ਹੈ-ਉਹ ਦੇਣ ਵਿੱਚ ਉਹ ਅਸਮਰੱਥ ਹਨ। ਉਨ੍ਹਾਂ ਦੇ ਅਨੁਭਵ ਸੰਦਰਭਹੀਣ ਹੋ ਗਏ ਹਨ। ਥੋੜਾ ਗਿਆਨ ਸਿਰ੍ਹਾਂ ਬਚਪਨ ਨਾਲ ਜੁੜੇ ਤਾਂ ਕਿਵੇਂ?

"ਦਾਦੂ ! ਇਕ ਗੱਲ ਦੱਸੋ ! ਇਕ ਕਿਵਜ਼ ਦੇ ਸਵਾਲ ਦਾ ਜਵਾਬ ਦੇਣਾ ਹੈ, ਫਟਾਫਟ।"

"ਪੁੱਛੋਂ?"

"ਸੇਵਨ ਵੰਨਡਰਸ ਵਿੱਚ ਜੋ ਮਿਸਰ ਦੇ ਪਿਰਾਮਿਡਸ ਹਨ। ਉਨ੍ਹਾਂ ਵਿਚੋਂ ਸਭ ਤੋਂ ਵੱਡਾ ਕਿਹੜਾ ਤੇ ਕਿਸ ਦਾ ਹੈ?"

"ਚੌਥੇ ਸ਼ਾਹੀ ਵੰਸ਼ ਦਾ ਹੈ, ਮੈਨੂੰ ਸਿਰਫ ਇਹੀ ਯਾਦ ਹੈ।"

"ਦਾਦੂ ਐਨੇ ਨਾਲ ਕੰਮ ਨਹੀਂ ਚਲੇਗਾ।" ਮਲਏ ਨਿਰਾਸ਼ ਹੋ ਗਿਆ।

"ਹੱਛਾ, ਇਹ ਦੱਸ ਦਿਓ, ਕਿੰਨਾ ਉੱਚਾ ਹੈ?"

"ਉਹ ਵੀ ਯਾਦ ਨਹੀਂ ਪੁੱਤਰ। ਭੁੱਲ ਗਿਆ...।"

"ਹੱਛਾ ਠੀਕ ਹੈ, 'ਨੇਟ' ਉਤੇ ਪਤਾ ਕਰਦਾ ਹਾਂ।"

ਕੁਝ ਦੇਰ ਬਾਅਦ ਮਲਏ ਨੇ ਆ ਕੇ ਦੱਸਿਆ। ਸਭ ਤੋਂ ਵੱਡਾ ਪਿਰਾਮਿਡ ਮਿਸਰ ਦੇ ਰਾਜਾ ਖੂਫੂ ਤੇ ਉਨ੍ਹਾਂ ਦੀ ਪਤਨੀ ਦਾ ਮਕਬਰਾ ਹੈ ਅਤੇ ਜ਼ਮੀਨ ਤੋਂ ਇਸ ਦੀ ਉਚਾਈ ੪੮੧ ਫੁੱਟ ਹੈ। ਉਸ ਨੂੰ ਅਫਸੋਸ ਹੋਇਆ ਕਿ ਉਸ ਨੂੰ ਜਵਾਬ ਨਹੀਂ ਆਉਂਦਾ ਸੀ ਤੇ ਉਸ ਕਾਰਣ ਉਹ ਕਿੰਜ ਹਾਰ ਗਿਆ। ਜੀ. ਟੀ. ਵੀ. ਦੇ ਪ੍ਰੋਗਰਾਮ ਸੰਚਾਲਕ ਨੂੰ ਉਸ ਨੇ ਟੈਲੀਫੋਨ ਉਤੇ ਤੁਰੰਤ ਜਵਾਬ ਦਰਜ਼ ਕਰਵਾਉਣਾ ਸੀ।

o o o

ਖੜ... ਖੜ... ਖੜ... ਬਾਬੂ ਜਸਵੰਤ ਸਿੰਘ ਬੰਦ ਦਰਵਾਜ਼ਿਆਂ ਨੂੰ ਖੜਕਾ ਰਹੇ ਸਨ। ਬੂਹਾ ਖੁਲ੍ਹ ਨਹੀਂ ਰਿਹਾ ਸੀ। ਅੰਦਰੋਂ ਸ਼ਾਇਦ ਕੁੰਡੀ ਲੱਗੀ ਹੋਈ ਸੀ। ਅੰਦਰ ਕਿਵੇਂ ਦਾਖਿਲ ਹੋਣ? ਅਚਾਨਕ ਕੰਨ ਕੋਲ ਕਿਸੇ ਸਰਗੋਸ਼ੀ ਕੀਤੀ-ਕੌਣ? ਕੌਣ ਹੈ? ਬੋਲੋ? ਕੁੰਡੀ ਕਿਉਂ ਨਹੀਂ ਖੁਲ੍ਹ ਰਹੀ?

ਸਰਗੋਸ਼ੀ ਕੋਈ ਪਰਿਚੈ ਨਹੀਂ ਦੇਂਦੀ। ਸਿਰਫ ਫੁਸਫੁਸ ਕਰਦੀ ਹੈ-ਸੁਣੋ? ਬੂਹੇ ਨੂੰ ਜ਼ੋਰ ਨਾਲ ਧੱਕ ਦਿਓ। ਕੁੰਡੀ ਖੁਲ੍ਹੀ ਹੋਈ ਹੈ। ਖੁਲ੍ਹੀ ਹੀ ਰਹਿੰਦੀ ਹੈ।

ਐਤਵਾਰ ਦਾ ਦਿਨ ਸੀ ਸ਼ਾਇਦ। ਸ਼ਾਇਦ ਨਹੀਂ, ਐਤਵਾਰ ਹੀ ਸੀ। ਕਰਨਲ ਸਵਾਮੀ ਉਨ੍ਹਾਂ ਨੂੰ ਨੌਇਡਾ ਦੇ ਜਮੁਨਾ ਬੈਰਾਜ ਨਾਲ ਲੱਗੇ ਕਾਲਿੰਦੀ ਕੁੰਜ ਘੁੰਮਾਉਣ ਲੈ ਗਏ ਸਨ। ਤਰਤੀਬ ਨਾਲ ਲੱਗੇ ਤੇ ਸੰਵਰੇ ਬਗੀਚੇ ਨੂੰ ਵੇਖ ਮੰਤਰਮੁਗਧ ਹੋ ਗਏ ਸਨ ਬਾਬੂ ਜਸਵੰਤ ਸਿੰਘ। ਐਨਾ ਸੰਘਣਾ ਵਿਸ਼ਾਲ ਬਾਗ, ਉਹ ਵੀ ਉਨ੍ਹਾਂ ਦੇ ਘਰ ਤੋਂ ਥੋੜੀ ਹੀ ਦੂਰੀ 'ਤੇ ਅੰਦਾਜ਼ਾ ਹੀ ਨਹੀਂ ਸੀ। ਨਰਿੰਦਰ ਨੇ ਕਦੇ ਜ਼ਿਕਰ ਹੀ ਨਹੀਂ ਕੀਤਾ ਸੀ। ਘੁੰਮ ਨਹੀਂ ਸਕਦੇ ਸਨ, ਪਰ ਸੁਣ ਕੇ ਅਨੰਦ ਤਾਂ ਲੈ ਹੀ ਸਕਦੇ ਸਨ। ਕਰਨਲ ਸਵਾਮੀ ਨੇ ਕਿਵੇਂ ਪੁੱਛਿਆ ਸੀ। "ਮਥੁਰਾ-ਵੰਦ੍ਰਾਵਣ ਗਏ ਹੋ ਕਦੇ ਦੋਸਤ? ਨਹੀਂ ਗਏ ਤਾਂ ਕੋਈ ਗੱਲ ਨਹੀਂ। ਕਿਸੇ ਦਿਨ ਉਥੋਂ ਦਾ ਪਰੋਗਰਾਮ ਬਣਾ ਲਵਾਂਗੇ। ਕਿਹੜਾ ਦੂਰ ਹੈ ਇੱਥੋਂ। ਫਰੀਦਾਬਾਦ ਕਾਲਿੰਦੀ ਕੁੰਜ ਹੀ ਚਲੇ ਚਾਲਦੇ ਹਾਂ। ਵੰਦ੍ਰਾਵਣ ਹੀ ਪਹੁੰਚ ਜਾਵਾਂਗੇ। ਉਥੇ ਜਮੁਨਾ ਵੀ ਹੈ, ਕੁੰਜ ਵੀ ਹੈ। ਨਹੀਂ ਹੈ ਤਾਂ ਸਿਰਫ ਉਥੇ ਕ੍ਰਿਸ਼ਨ।" ਫਿਰ ਠਹਾਕਾ ਭਰਦੇ ਹੀ ਕਿਹਾ ਸੀ, "ਕਿਹੀ ਮੂਰਖਾਂ ਜਿਹੀਆਂ ਗੱਲਾਂ ਕਰ ਰਿਹਾ ਹਾਂ, ਉਹ ਵੀ ਦੋ ਦੋ ਕ੍ਰਿਸ਼ਨਾਂ ਦੇ ਹੁੰਦੇ ਹੋਏ।"

ਫਿਲਟਰ ਕਾਫੀ ਦੇ ਘੁੱਟ ਭਰਦੇ ਹੋਏ ਉਨ੍ਹਾਂ ਨੇ ਕਰਨਲ ਸਵਾਮੀ ਅੱਗੇ ਆਪਣੇ ਮਨ ਦੀ ਗੱਲ ਕੀਤੀ, "ਕੰਪਿਊਟਰ ਸਿੱਖਣ ਦਾ ਮਨ ਕਰ ਰਿਹਾ ਹੈ। ਇਹ ਜਾਣਦੇ ਹੋਏ ਵੀ ਕਿ ਇਸ ਉਮਰ ਵਿੱਚ ਉਸ ਦੀ ਬਹੁਤੀ ਸਾਰਥਕਤਾ ਨਹੀਂ ਰਹੀ ਉਨ੍ਹਾਂ ਲਈ। ਕ੍ਰਿਸ਼ਨ ਦੱਸੇ, ਉਨ੍ਹਾਂ ਨੂੰ ਕੀ ਕਰਨਾ ਚਾਹੀਦਾ ਹੈ।"

ਕਰਨਲ ਸਵਾਮੀ ਨੇ ਅਤਿ ਪ੍ਰਸੰਨ ਹੋ ਉਨ੍ਹਾਂ ਦਾ ਮੋਢਾ ਅਜਿਹਾ ਥਪਇਆ ਕਿ ਉਨ੍ਹਾਂ ਦੇ ਹੱਥੋਂ ਪਲਾਸਟਿਕ ਦਾ ਕਾਫੀ ਵਾਲਾ ਗਿਲਾਸ ਤਿਲਕ ਗਿਆ।

"ਨੇਵਰ ਮਾਇੰਡ...।"

"ਨੇਕ ਇਰਾਦਾ ਹੈ ਮਿਸਟਰ ਸਿੰਘ।" ਥਰਮਸ ਦੇ ਢੱਕਣ ਵਿਚੋਂ ਕਾਫੀ ਉਲੱਦ ਉਨ੍ਹਾਂ ਵੱਲ ਵਧਾਉਂਦੇ ਹੋਏ ਕਰਨਲ ਸਵਾਮੀ ਨੇ ਕਿਹਾ, "ਸਿੱਖਣਾ ਹੈ, ਸਿੱਖ ਲਓ।ਆਪਣੇ ਸੁੱਖ-ਸਕੂਨ ਲਈ ਸਿੱਖੋ।ਸਾਰਥਕਤਾ-ਅਣਸਾਰਥਕਤਾ ਦੇ ਝੰਝਟ ਵਿੱਚ ਨਾ ਪਓ।"

ਉਨ੍ਹਾਂ ਦਾ ਹੌਂਸਲਾ ਬੁਲੰਦ ਕਰਨ ਦੇ ਇਰਾਦੇ ਨਾਲ ਉਨ੍ਹਾਂ ਨੇ ਆਪਣਾ ਉਦਾਹਰਣ ਦਿੱਤਾ।

"ਹੁਣ ਇਹ ਮੇਰੀ ਗੀਤ-ਸੰਗੀਤ ਸਿੱਖਣ ਦੀ ਉਮਰ ਹੈ, ਭਲਾ ।ਟੇਲ ਮੀ?"

"ਉਹ ਵੀ ਕਲਾਸਿਕਲ?"

"ਮਨ ਹੋਇਆ, ਸਿੱਖ ਰਿਹਾ ਹਾਂ।"

ਉਨ੍ਹਾਂ ਨੂੰ ਹੈਰਾਨ ਕਰਦੇ ਹੋਏ ਕਰਨਲ ਸਵਾਮੀ ਨੇ ਦੱਸਿਆ ਕਿ ਉਨ੍ਹਾਂ ਦੀ ਵੱਡੀ ਨੂੰਹ ਮਾਧਵੀ ਕਰਨਾਟਕ ਸੰਗੀਤ ਦੀ ਮਸ਼ਹੂਰ ਗਾਇਕਾ ਹੈ।ਸਾਰੇ ਦੇਸ਼ ਵਿੱਚ ਉਸ ਦਾ ਮਾਣ-ਸਨਮਾਣ ਹੈ।ਗ੍ਰਹਿਸਥੀ ਦੀਆਂ ਜ਼ਿੰਮੇਵਾਰੀਆਂ ਕਾਰਣ ਪ੍ਰੋਗਰਾਮਾਂ ਵਿੱਚ ਹਿੱਸਾ ਲੈਣਾ ਅਜੇ ਉਸ ਨੇ ਛੱਡਿਆ ਹੋਇਆ ਹੈ। ਪਰ ਉਸਦਾ ਰਿਆਜ਼ ਜਾਰੀ ਹੈ।ਸਰਘੀ ਵੇਲੇ ਹੀ ਨਹਾ ਧੋ ਕੇ ਤਾਨਪੁਰਾ ਸੰਭਾਲ ਲੈਂਦੀ ਹੈ।ਮਾਧਵੀ ਨੇ ਧਾਰਿਆ ਹੋਇਆ ਹੈ, ਜਿਸ ਦਿਨ ਸ੍ਰੀਨਿਵਾਸਨ ਅਤੇ ਸ੍ਰੀਧਰਨ ਦੀਆਂ ਨਹੂੰਆਂ ਘਰ ਵਿੱਚ ਦਾਖਿਲ ਹੋਣਗੀਆਂ, ਉਹ ਜ਼ਿੰਮੇਵਾਰੀਆਂ ਤੋਂ ਮੁਕਤ ਹੋ, ਸੰਗੀਤ ਸਾਧਨਾ ਨੂੰ ਸਮਰਪਿਤ ਹੋ ਜਾਏਗੀ।

"ਜਾਣਦੇ ਹੋ, ਕਿਸ ਤੋਂ ਸਿੱਖ ਰਿਹਾ ਹਾਂ? ਆਪਣੀ ਨੂੰਹ ਮਾਧਵੀ ਤੋਂ।" ਮਾਧਵੀ ਦਾ ਪਰਿਚੈ ਦੇਂਦੇ ਹੋਏ ਉਨ੍ਹਾਂ ਨੇ ਰਹੱਸ ਖੋਲ੍ਹਿਆ, "ਉਸ ਤੋਂ ਚੰਗਾ ਗੁਰੂ ਕੌਣ ਮਿਲੇਗਾ।"

ਬਕਾਇਦਾ ਪਾਨ, ਸੁਪਾਰੀ, ਨਾਰਿਅਲ ਆਦਿ ਨਾਲ ਗਿਆਰ੍ਹਾਂ ਰੁਪਏ ਦੇ ਕੇ ਉਸ ਦਾ ਚੇਲਾ ਬਣਿਆ ਹਾਂ।ਕਾਇਦੇ ਨਾਲ ਸੰਗੀਤ ਸਿੱਖਿਆ ਚਲਦੀ ਹੈ ਉਸਦੀ।ਦੁਪਹਿਰ ਬਾਅਦ ਅੱਧਾ ਘੰਟਾ ਮਾਧਵੀ ਉਨ੍ਹਾਂ ਨੂੰ ਲੈ ਕੇ ਬੈਠਦੀ ਹੈ।

ਬਾਬੂ ਜਸਵੰਤ ਸਿੰਘ ਦੇ ਕਹਿਣ 'ਤੇ ਕਰਨਲ ਸਵਾਮੀ ਨੇ ਮਿੱਠੀ ਆਲਾਪ ਨਾਲ ਜਿਹੜਾ ਗੀਤ ਸੁਣਾਇਆ, ਉਸ ਨੇ ਉਨ੍ਹਾਂ ਦੀ ਆਤਮਾ ਦੇ ਤਾਰ ਛੇੜ ਦਿੱਤੇ।ਆਦਿ-ਆਨੰਦਿਤ ਹੋ ਉਹ ਸੰਗੀਤ-ਸੁਰਾਂ ਵਿੱਚ ਅਜਿਹੇ ਡੁੱਬੇ ਕਿ ਗੀਤ ਖਤਮ ਹੋਣ ਤੋਂ ਕਾਫੀ ਦੇਰ ਬਾਅਦ ਵੀ ਉਨ੍ਹਾਂ ਦੀਆਂ ਅੱਖਾਂ ਨਾ ਖੁਲ੍ਹੀਆਂ ਗੀਤ ਦੇ ਬੋਲ ਉਨ੍ਹਾਂ ਦੀ ਸਮਝ ਵਿੱਚ ਨਹੀਂ ਆਏ, ਪਰ ਸੁਰਾਂ ਦੇ ਬੋਲ ਉਨ੍ਹਾਂ ਦੇ ਸਾਹਾਂ ਵਿੱਚ ਘੁਲਦੇ ਰਹੇ।

"ਓਮ ਲਾਲੇ ਕੰਡੂ ਆਨ...।" ਗੀਤ ਦਾ ਮੁਖੜਾ ਬਾਬੂ ਜਸਵੰਤ ਸਿੰਘ ਨੂੰ ਯਾਦ ਆ ਗਿਆ। ਪਹਿਲੀ ਵਾਰ ਉਨ੍ਹਾਂ ਨਾਲ ਆਪਣੀ ਗੁਜ਼ਰ ਚੁਕੀ ਪਤਨੀ ਦੀ ਚਰਚਾ ਕੀਤੀ ਕਰਨਲ ਸਵਾਮੀ ਨੇ।

"ਆਖਰੀ ਸਾਹ ਲੈਂਦੇ ਹੋਏ ਵੈਦੇਹੀ ਨੇ ਮਾਧਵੀ ਤੋਂ ਇਹੀ ਗੀਤ ਸੁਣਨ ਦੀ ਇੱਛਾ ਕੀਤੀ ਸੀ।ਅੱਖਾਂ ਬੰਦ ਕਰਕੇ ਮਗਨ ਹੋ ਕੇ ਮਾਧਵੀ ਗਾ ਰਹੀ ਸੀ।ਅੱਧ ਖੁਲ੍ਹੀਆਂ ਅੱਖਾਂ ਨਾਲ ਵੈਦੇਹੀ ਸਾਨੂੰ ਦੇਖ ਰਹੀ ਸੀ। ਪਤਾ ਨਹੀਂ ਸੀ, ਸਾਨੂੰ ਆਖਰੀ ਵਾਰ ਵੇਖ ਰਹੀ ਹੈ...।"

ਕਰਨਲ ਸਵਾਮੀ ਦਾ ਗੱਚ ਭਰ ਆਇਆ ਸੀ ਜਾਂ ਉਨ੍ਹਾਂ ਨੂੰ ਭੁਲੇਖਾ ਹੀ ਪਿਆ ਸੀ।

ਬਾਬੂ ਜਸਵੰਤ ਸਿੰਘ ਨੂੰ ਵੀ ਆਪਣੇ ਸੰਘ ਵਿੱਚ ਕੁਝ ਅਟਕਦਾ ਮਹਿਸੂਸ ਹੋਇਆ ਸੀ...।

ਨਰਿੰਦਰ ਦੀ ਮਾਂ ਨੂੰ ਸੁਨਸੁਨਿਆਂ ਦੇ ਭਰੋਸੇ ਛੱਡ ਉਹ ਡਾਕਟਰ ਨੂੰ ਬੁਲਾਉਣ ਅਸ਼ੋਕ ਨਗਰ ਭੱਜੇ ਗਏ ਸਨ...।

ਮੁੜ ਕੇ ਆਏ ਤਾਂ ਪਤਾ ਲੱਗਾ ਕਿ ਨਰਿੰਦਰ ਦੀ ਮਾਂ ਉਨ੍ਹਾਂ ਨੂੰ ਹਮੇਸ਼ਾ ਲਈ ਛੱਡ ਕੇ ਜਾ ਚੁੱਕੀ ਸੀ।

ਸਵੇਰੇ ਦੇ ਚਾਰ ਵਜੇ ਦੇ ਕਰੀਬ ਨਰਿੰਦਰ ਦੀ ਮਾਂ ਨੇ ਉਨ੍ਹਾਂ ਨੂੰ ਜਗਾਇਆ ਸੀ।ਪਿੱਠ ਵਿੱਚ ਅਸਹਿ ਦਰਦ ਦੀ ਸ਼ਿਕਾਇਤ ਕੀਤੀ ਸੀ।ਦੱਸਿਆ ਕਿ ਕੁਝ-ਕੁਝ ਦੇਰ ਬਾਅਦ ਸਖਤ ਦਰਦ ਹੋ ਰਿਹਾ ਸੀ ਜੋ ਉੱਪਰ ਚੜ੍ਹ ਖੱਬੇ ਪਾਸਿਓਂ ਹੁੰਦਾ ਖੱਬੀ ਬਾਂਹ ਵਿੱਚ ਗੁੰਮ ਹੋ ਰਿਹਾ ਸੀ।ਬਿਸਤਰ ਉਤੇ ਲੰਮਾ ਪੈਣਾ ਮੁਹਾਲ ਹੋਇਆ ਪਿਆ ਸੀ।ਸਮਝ ਵਿੱਚ ਨਹੀਂ ਆਇਆ ਕੀ ਕਰਨ ਐਨੀ ਰਾਤ ਵੇਲੇ? ਉੱਠੇ ਦਵਾਈਆਂ ਦੇ ਡੱਬੇ 'ਚੋਂ



ਕਾਂਬੀਫਲੇਮ ਦੀ ਗੋਲੀ ਕੱਢੀ ਤੇ ਪਾਣੀ ਨਾਲ ਲੰਘਾ ਲੈਣ ਲਈ ਕਿਹਾ। ਇਸ਼ਾਰਿਆਂ ਨਾਲ ਦੱਸੀ ਹੋਈ ਥਾਂ ਤੇ ਵੋਲਿਨੀ ਵੀ ਮੱਲੀ।ਤੈਅ ਕੀਤਾ, ਸਵੇਰੇ ਉੱਠਦੇ ਹੀ ਡਾਕਟਰ ਨੂੰ ਵਿਖਾ ਲੈਣਗੇ।ਗੋਲੀ ਖੁਵਾਉਂਦੇ ਹੀ ਉਹ ਵਾਰ-ਵਾਰ ਨਰਿੰਦਰ ਦੀ ਮਾਂ ਤੋਂ ਪੁੱਛਦੇ ਰਹੇ...।" ਦਰਦ ਕੁਝ ਘੱਟ ਹੋਇਆ? ਡਾਕਟਰ ਨੂੰ ਬੁਲਾਵਾਂ? ਵੋਲਿਨੀ ਲਗਾਉਂਦੇ ਹੀ ਉਸ ਨੂੰ ਥੋੜਾ ਆਰਾਮ ਮਿਲਿਆ ਸੀ ਸ਼ਾਇਦ।ਮਿੰਟ ਬਾਅਦ ਹੀ ਕਹਿਣ ਲੱਗੀ, "ਐਵੇਂ ਹੀ ਉਨ੍ਹਾਂ ਦੀ ਨੀਂਦਰ ਖਰਾਬ ਕੀਤੀ।ਆਪ ਹੀ ਉੱਠ ਕੇ ਗੋਲੀ ਲੈ ਲੈਂਦੀ, ਪਰ ਅਸਹਿ ਪੀੜਾ ਨੇ ਉਨ੍ਹਾਂ ਨੂੰ ਉੱਠਣ ਹੀ ਨਹੀਂ ਦਿੱਤਾ ਸੀ।ਸੌਂ ਜਾਵੇ।ਥੋੜਾ ਆਰਾਮ ਮਿਲ ਰਿਹਾ ਸੀ।

ਸਵੇਰੇ ਬੋਹੜ ਵਾਲੀਆਂ ਚਿੜੀਆਂ ਦੀ ਚਹਿਚਹਾਟ ਨਾਲ ਨੀਂਦ ਖੁਲ੍ਹੀ ਤਾਂ ਬਗਲ ਵਿੱਚ ਡੂੰਘੀ ਨੀਂਦਰੇ ਸੁੱਤੀ ਪਈ ਨਰਿੰਦਰ ਦੀ ਮਾਂ ਉੱਤੇ ਨਿਗਾਹ ਗਈ।ਤਸੱਲੀ ਹੋਈ।ਦਰਦ ਹੁੰਦਾ ਤਾਂ ਸੌਂ ਨਹੀਂ ਸੀ ਸਕਦੀ।ਉਨ੍ਹਾਂ ਨੂੰ ਯਕੀਨ ਸੀ ਕਿ ਕੱਲ੍ਹ ਰਾਤੀ ਨਰਿੰਦਰ ਦੀ ਮਾਂ ਨੇ ਜ਼ਰੂਰ ਦਾਲ-ਚਾਵਲ ਖਾਧਾ ਹੋਣਾ ਹੈ। ਦਾਲ-ਚਾਵਲ ਦਾ ਭਾਤ ਖਾਧੇ ਉਸ ਦਾ ਢਿੱਡ ਹੀ ਨਹੀਂ ਭਰਦਾ ਸੀ। ਡਾਇਬਟੀਜ਼ ਦੀ ਮਰੀਜ਼ ਹੋਣ ਦੇ ਬਾਵਜੂਦ ਭਾਤ ਨਾ ਛੱਡ ਜਾਣ ਲਈ ਉਸ ਨੇ ਕੁਝ ਦਿਨਾਂ ਤੋਂ ਇਕ ਨਵਾਂ ਫਾਰਮੂਲਾ ਕੱਢ ਲਿਆ ਹੈ। ਚਾਵਲਾਂ ਦੇ ਨਾਲ ਨਾਲ ਇਕ ਚਮਚ ਮੇਥੀ ਦੇ ਦਾਣੇ ਭਿਓਂ ਦੇਂਦੀ ਹੈ।ਕਰੇਲੇ ਦਾ ਅਚਾਰ ਬਾਰ੍ਹਾਂ ਮਹੀਨੇ ਹੀ ਖਾਂਦੀ ਹੈ।ਕਿਵੇਂ ਵੱਧ ਸਕਦੀ ਹੈ ਸ਼ੂਗਰ? ਸਾਰੀ ਰਾਤ ਗੈਸ ਨਾਲ ਪਰੇਸ਼ਾਨ ਹੁੰਦੀ ਹੈ, ਇਸ ਦੀ ਕੋਈ ਚਿੰਤਾ ਨਹੀਂ ਉਸ ਨੂੰ।ਬੜਾ ਸਮਝਾਇਆ।ਸਮਝਣ ਲਈ ਤਿਆਰ ਹੋਵੇ ਤਾਂ ਨਾ! ਜ਼ਰੂਰ ਦਰਦ ਗੈਸ ਚੜ੍ਹ ਜਾਣ ਕਾਰਣ ਹੀ ਹੋਇਆ ਹੋਣਾ ਹੈ।

ਸੁਨਸੁਨਿਆ ਚੌਂਕੇ ਦੀ ਸਫਾਈ ਕਰਨ ਆਈ ਤਾਂ ਬਾਬੂ ਜਸਵੰਤ ਸਿੰਘ ਨੇ ਉਸੇ ਨੂੰ ਹੀ ਕਿਹਾ ਕਿ ਉਹ ਉਨ੍ਹਾਂ ਲਈ ਨੀਬੂੰ ਵਾਲੀ ਚਾਹ ਬਣਾ ਦੇਵੇ।ਪਿੱਠ ਵਿੱਚ ਕਾਫੀ ਦਰਦ ਹੋਣ ਕਾਰਣ ਨਰਿੰਦਰ ਦੀ ਮਾਂ ਰਾਤੀਂ ਠੀਕ ਤਰ੍ਹਾਂ ਸੌਂ ਨਹੀਂ ਸਕੀ।ਦੁੱਧ ਵੀ ਉਹੀ ਗਰਮ ਕਰਕੇ ਰਖ ਦੇਵੇ।ਉਸ ਦੇ ਉੱਠਣ ਤੇ ਉਹ ਝੂਠ ਬੋਲ ਦੇਣਗੇ, ਉਨ੍ਹਾਂ ਨੇ ਆਪ ਹੀ ਗਰਮ ਕਰਕੇ ਰੱਖਿਆ ਹੈ।

ਸੁਨਸੁਨਿਆਂ ਨੂੰ ਨਰਿੰਦਰ ਦੀ ਮਾਂ ਚੌਂਕੇ ਨੂੰ ਹੱਥ ਨਹੀਂ ਲਾਉਣ ਦੇਂਦੀ ਸੀ।ਸੂਰਜ ਚੜ੍ਹੇ ਤਕ ਵੀ ਜਦੋਂ ਨਰਿੰਦਰ ਦੀ ਮਾਂ ਨਾ ਹਿਲੀ ਤਾਂ ਹੱਥਲਾ ਅਖਬਾਰ ਇਕ ਪਾਸੇ ਰੱਖਕੇ ਉਨ੍ਹਾਂ ਨੇ ਚਿੰਤਾ ਭਰੇ ਲਹਿਜ਼ੇ ਵਿੱਚ ਉਸ ਨੂੰ ਪੁਕਾਰਿਆ।

ਉਨ੍ਹਾਂ ਦੀ ਆਵਾਜ਼ ਤੇ ਕੋਈ ਹਿਲਜੁਲ ਨਾ ਹੋਈ।ਐਨੀ ਡੂੰਘੀ ਨੀਂਦਰ ਤਾਂ ਕਦੇ ਨਹੀਂ ਸੁੱਤੀ ਸੀ ਨਰਿੰਦਰ ਦੀ ਮਾਂ।ਅੱਗੇ ਵੱਧ ਉਸ ਦੇ ਮੱਥੇ ਤੇ ਹੱਥ ਰਖਿਆ।ਚਿਹਰਾ ਹਿਲਾਇਆ।ਜਿਸ ਪਾਸੇ ਕਰ ਦਿੱਤਾ, ਉਸੇ ਪਾਸੇ ਹੀ ਲੁੜਕ ਗਿਆ।

ਡਾਕਟਰ ਸਕਸੈਨਾ ਨੇ ਆਉਂਦੇ ਹੀ ਹੱਥ ਖੜੇ ਕਰ ਦਿੱਤੇ।ਡਾਇਬਟੀਜ਼ ਦੇ ਮਰੀਜ਼ਾਂ ਨੂੰ ਆਮ ਤੌਰ ਤੇ ਚੁਪਚਪੀਤੇ ਹੀ ਅਟੈਕ ਹੋ ਜਾਂਦਾ ਹੈ।ਦਿਲ ਦੇ ਹੋਰ ਮਰੀਜ਼ਾਂ ਵਾਂਗ ਉਨ੍ਹਾਂ ਨੂੰ ਅਸਹਿ ਪੀੜਾ ਨਹੀਂ ਹੁੰਦੀ ਤੇ ਨੇੜਲੇ ਲੋਕਾਂ ਨੂੰ ਇਸ ਦਾ ਪਤਾ ਨਹੀਂ ਲੱਗਦਾ।ਨਰਿੰਦਰ ਨੇ ਸਪਸ਼ਟ ਤੌਰ ਤੇ ਨਾਰਾਜ਼ਗੀ ਜ਼ਾਹਿਰ ਕੀਤੀ ਕਿ ਉਨ੍ਹਾਂ ਨੇ ਮਾਂ ਨਾਲ ਅਨਪੜ੍ਹਾਂ ਵਾਂਗ ਵਿਹਾਰ ਕੀਤਾ ਹੈ।ਨਾਲ ਹੀ ਇਹ ਸ਼ਿਕਾਇਤ ਵੀ ਕੀਤੀ ਕਿ ਉਹ ਫੌਰਨ ਮਾਂ ਨੂੰ ਹਸਪਤਾਲ ਕਿਉਂ ਲੈ ਕੇ ਗਏ।ਸਵੇਰ ਦੇ ਇੰਤਜ਼ਾਰ ਵਿੱਚ ਕਿਉਂ ਬੈਠੇ ਰਹੇ?

ਬਾਬੂ ਜਸਵੰਤ ਸਿੰਘ ਪ੍ਰਤਿਕ੍ਰਿਆ ਹੀਣ ਹੋਏ ਖਲਾਅ ਵਿੱਚ ਤੱਕਦੇ ਰਹੇ। ਨਰਿੰਦਰ ਨੂੰ ਕੀ ਪਤਾ। ਬੁਢਾਪੇ ਦੀ ਆਮਦ ਕਿੰਨਾ ਬੇਬਸ ਕਰ ਦੇਂਦੀ ਹੈ ਮਰਦ ਨੂੰ ਤੇ ਉਨ੍ਹਾਂ ਦਾ ਇਹ ਪੜਾਅ ਅਰੰਭ ਹੋ ਗਿਆ ਸੀ।

ਕੁਝ ਭਾਵੁਕ ਪਲਾਂ ਵਿੱਚ ਹੀ ਉਨ੍ਹਾਂ ਨੇ ਨਰਿੰਦਰ ਦੀ ਮਾਂ ਅੱਗੇ ਆਪਣਾ ਆਪ ਸਵੀਕਾਰ ਕੀਤਾ ਸੀ। ਆਖਿਰ ਉਸ ਆਪਣੇ ਬੱਚਿਆਂ ਵਾਂਗ ਉਨ੍ਹਾਂ ਨੂੰ ਵੀ ਸੰਭਾਲਿਆ।ਸੀ।ਉਨ੍ਹਾਂ ਦੀ ਡਾਂਟ-ਫਟਕਾਰ ਵੀ ਸੁਣੀ ਸੀ। ਬੜੀ ਮਜ਼ਬੂਤ ਸੀ ਉਹ। ਆਪਣੀਆਂ ਵਿਗੜੀਆਂ ਹੋਈਆਂ ਆਦਤਾਂ ਨਾਲ ਉਹ ਜੀਅ ਨਹੀਂ ਸਕਣਗੇ, ਇਸ ਲਈ ਉਸ ਦੀ ਇੱਛਾ ਸੀ ਕਿ ਉਹ ਉਨ੍ਹਾਂ ਨੂੰ ਹਰ ਪਖੋਂ ਦੁਨੀਆਦਾਰ ਬਣਾ ਕੇ ਹੀ ਅੱਖਾਂ ਬੰਦ ਕਰੇ।ਉਸੇ ਵਿੱਚ ਹੀ ਉਸ ਦੀ ਮੁਕਤੀ ਹੋ ਸਕਦੀ ਸੀ।ਉਹ ਵਾਰ-ਵਾਰ ਆਪਣੇ ਅੰਦਰ ਇਹ ਸਾਹਸ ਪੈਦਾ ਕਰਦੇ ਰਹੇ ਕਿ ਆਪਣੀਆਂ ਕਮੀਆਂ-ਕਮਜ਼ੋਰੀਆਂ ਲਈ ਮਾਫ਼ੀ ਮੰਗ ਲੈਣ ਉਸ ਤੋਂ।ਉਸ ਦਾ ਸੁਭਾਅ ਗਰਮ ਸੀ, ਮਾਫ ਕਰ ਦੇਵੇਗੀ।ਪਰ ਕਹਿ ਨਾ ਸਕੇ।ਨਰਿੰਦਰ ਦੀ ਮਾਂ ਦੀ ਨਿਗਾਹ ਵਿੱਚ ਆਪਣੇ ਆਪ ਨੂੰ

ਛੋਟਾ ਹੁੰਦੇ ਦੇਣ ਸਕਣ ਦੀ ਹਿੰਮਤ ਉਨ੍ਹਾਂ ਵਿੱਚ ਨਹੀਂ ਸੀ।

ਨਰਿੰਦਰ ਦੀ ਮਾਂ ਦੇ ਨਾ ਰਹਿਣ 'ਤੇ ਉਨ੍ਹਾਂ ਨੂੰ ਇਸ ਗੱਲ ਦਾ ਅਹਿਸਾਸ ਹੋਇਆ ਕਿ ਉਨ੍ਹਾਂ ਦਾ ਇਹ ਸੋਚਣਾ ਕਿੰਨਾ ਗਲਤ ਸਾਬਿਤ ਹੋਇਆ ਕਿ ਉਸ ਦੇ ਬਗੈਰ ਉਹ ਜ਼ਿਆਦਾ ਸੁਖੀ ਰਹਿਣਗੇ। ਕਿੰਨਾ ਵੱਡਾ ਭੁਲੇਖਾ ਸੀ ਉਨ੍ਹਾਂ ਨੂੰ। ਫਿਰ ਕੀ ਉਹ ਸਾਰੀ ਉਮਰ ਭਰਮਾਂ ਵਿੱਚ ਹੀ ਜਿਉਂਦੇ ਰਹੇ ਸਨ ਜਾਂ ਭਰਮਾਂ ਨੇ ਹੀ ਉਨ੍ਹਾਂ ਨੂੰ ਜ਼ਿੰਦਾ ਰਖਿਆ ਸੀ?

ਉਹ ਭੁੱਲੇ ਨਹੀਂ। ਮਾਂ ਲਈ ਡੁਲ੍ਹਦਾ ਪਿਆਰ ਵਿਖਾਉਣ ਵਾਲੇ ਪੁੱਤਰ ਨਰਿੰਦਰ ਨੇ ਵਾਲ ਉਤਰਾਉਣ ਤੋਂ ਮਨ੍ਹਾ ਕਰ ਦਿੱਤਾ ਸੀ। ਵਾਲਾਂ ਦਾ ਕੀ ਕਸੂਰ ਹੈ। ਆਡੰਬਰਾਂ ਵਿੱਚ ਉਸ ਦਾ ਯਕੀਨ ਨਹੀਂ। ਉਸ ਦੀ ਕੰਪਨੀ ਵਿੱਚ ਵੱਡੇ ਅਫਸਰ ਬਾਹਰੋਂ ਆ ਰਹੇ ਹਨ। ਚੌਥਾ ਕਰਨ ਮਗਰੋਂ ਉਹ ਦਿੱਲੀ ਚਲਾ ਜਾਏਗਾ। ਤੇਰ੍ਹਵੀਂ ਦੀ ਸਵੇਰ ਮੁੜ ਆਏਗਾ। ਉਨ੍ਹਾਂ ਬਾਰੇ ਵੀ ਫ਼ੁਸਫ਼ਸਾਹਟ ਸ਼ੁਰੂ ਹੋ ਗਈ ਸੀ। ਇਸ ਲਈ ਮੌਕਾ ਵੇਖ ਕੇ ਲੋਕ ਉਨ੍ਹਾਂ ਬਾਰੇ ਚਿੰਤਾ ਦਾ ਇਜ਼ਹਾਰ ਕਰਨ ਤੋਂ ਵੀ ਪਿੱਛੇ ਨਹੀਂ ਹੱਟ ਰਹੇ ਸਨ। ਤੇਰ੍ਹਵੇਂ ਮਗਰੋਂ ਉਹ ਇਕੱਲੇ ਰਹਿ ਕੇ ਆਖਿਰ ਇੱਥੇ ਕੀ ਕਰਨਗੇ? ਨਰਿੰਦਰ ਭਰਾ ਨਾਲ ਹੀ ਦਿੱਲੀ ਚਲੇ ਜਾਣ ਸ਼ਾਲਿਨੀ ਤੇ ਚੌਹਾਨ ਸਾਹਬ ਦੀ ਇਹੀ ਰਾਏ ਸੀ।

ਕੁਝ ਦਿਨਾਂ ਬਾਅਦ ਇਸ ਬਾਰੇ ਸੋਚਣਗੇ। ਉਹ ਆਪ ਹੀ ਨਰਿੰਦਰ ਨੂੰ ਖਬਰ ਕਰ ਦੇਣਗੇ। ਉਨ੍ਹਾਂ ਦੀ ਖਾਣ-ਪੀਣ ਲਈ ਕੋਈ ਫਿਕਰ ਨਾ ਕਰੋ, ਇਸ ਦਾ ਇੰਤਜਾਮ ਹੋ ਜਾਏਗਾ। ਸੁਨਸੁਨਿਆਂ ਨੂੰ ਵਧੇਰੇ ਪੈਸੇ ਦੇ ਦੇਣਗੇ ਤੇ ਉਸ ਨੂੰ ਕਹਿਣਗੇ ਕਿ ਉਹ ਹੋਰ ਘਰਾਂ ਦਾ ਕੰਮ ਘੱਟ ਕਰ ਦੇਵੇ। ਉਨ੍ਹਾਂ ਲਈ ਜੋ ਕੱਚਾ-ਪੱਕਾ ਬਣਾ ਦੇਵੇਗੀ, ਖਾ ਲਿਆ ਕਰਨਗੇ। ਉਨ੍ਹਾਂ ਨੇ ਭਰੋਸਾ ਦਿਵਾਇਆ।

ਬਾਬੂ ਜਸਵੰਤ ਸਿੰਘ ਨੇ ਸਾਫ ਦੇਖਿਆ ਸੀ ਕਿ ਸੁਨਸੁਨਿਆਂ ਉਤੇ ਉਨ੍ਹਾਂ ਦੇ ਨਿਰਭਰ ਰਹਿਣ ਦੀ ਗੱਲ ਸ਼ਾਲਿਨੀ ਨੂੰ ਜੱਚੀ ਨਹੀਂ ਸੀ।

"ਰੋਟੀ ਪਕਾਉਣ ਲਈ ਕੋਈ ਬ੍ਰਾਹਮਣੀ ਰਖ ਲੈਣਾ ਬਾਬੂ ਜੀ।"

ਉਨ੍ਹਾਂ ਨੇ ਇਸ ਦਾ ਜਵਾਬ ਨਹੀਂ ਦਿੱਤਾ ਸੀ।

"ਜੇ ਕਹੋ ਤਾਂ ਨਾਲ ਵਾਲੀ ਪਾਂਡੇ ਆਂਟੀ ਨੂੰ ਕਹਿ ਜਾਵਾਂ। ਉਹ ਕੋਈ ਇੰਤਜ਼ਾਮ ਕਰ ਦੇਵੇਗੀ ਉਨ੍ਹਾਂ ਲਈ।"

ਉਦੋਂ ਅਹਲੂਵਾਲੀਆਂ ਭਾਈ ਸਾਹਬ ਨੇ ਸ਼ਾਲਿਨੀ ਨੂੰ ਦਿਲਾਸਾ ਦਿੱਤਾ।

"ਗੁੱਡੀ, ਫਿਕਰ ਕਿਉਂ ਕਰਦੀ ਏ। ਸਾਡੇ ਘਰੋਂ ਰੋਟੀ ਆ ਜਾਇਆ ਕਰੇਗੀ ਤੇਰੇ ਬਾਬੂ ਜੀ ਦੀ।"

ਅਜੇ ਮੌਤ ਦੇ ਸੰਨਾਟੇ ਤੋਂ ਬਾਹਰ ਨਹੀਂ ਨਿਕਲੇ ਸਨ ਕਿ ਬਾਬੂ ਜਸਵੰਤ ਸਿੰਘ ਨੂੰ ਇਕ ਹੋਰ ਮਾਨਸਿਕ ਉਲਝਣ ਨੇ ਘੇਰ ਲਿਆ ਸੀ। ਉਠਦੇ-ਬੈਠਦੇ ਇਕ ਭੈਅ ਲੱਗਣ ਲੱਗ ਪਿਆ ਸੀ।

ਅਚਾਨਕ ਖਬਰ ਮਿਲੀ। ਬਚਪਨ ਦੇ ਆੜੀ ਹਰਿੰਦਰ ਦੁਬੇ ਦੇ ਗੁਜ਼ਰ ਜਾਣ ਦੀ। ਬਿਰਹਰ ਰੋਡ ਸਥਿਤ 'ਮੰਗਲ ਭਵਨ' ਵਿੱਚ ਕੋਠੜੀ ਜਿਹੇ ਦੋ ਕਮਰੇ ਤੇ ਬਰਾਮਦੇ ਵਾਲਾ ਪੁਰਾਣਾ ਜਿਹਾ ਘਰ ਸੀ ਹਰਿੰਦਰ ਦਾ। ਮਹੀਨਾ ਪਹਿਲਾਂ ਕੋਲਕਾਤਾ ਰਹਿੰਦੇ ਛੋਟੇ ਪੁੱਤਰ ਆਦਿੱਤਏ ਦੇ ਘਰ ਰਹਿ ਲੇਜਰ ਨਾਲ ਮੋਤੀਆਬਿੰਦ ਦਾ ਆਪਰੇਸ਼ਨ ਕਰਵਾ ਕੇ ਆਇਆ ਸੀ। ਆਉਂਦੇ ਹੀ ਫੋਨ ਕੀਤਾ ਸੀ ਉਸ। ਭਰਜਾਈ ਬਿਨਾਂ ਮਿਲੇ ਹੀ ਚਲੀ ਗਈ, ਸੁਣ ਕੇ ਅਫਸੋਸ ਕੀਤਾ। ਇਕ ਸਾਲ ਤੋਂ ਬੰਦ ਪਏ ਆਪਣੇ ਘਰ ਨੂੰ ਖੋਲ੍ਹਿਆ। ਕੋਠੜੀਆਂ ਵਿੱਚ ਚਮਗਾਦੜ ਲਟਕ ਰਹੇ ਸਨ। ਉਸ ਕਿਹਾ, ਸਾਫ-ਸਫਾਈ ਕਰ ਲਵੇ ਘਰ ਦੀ, ਫਿਰ ਆਵਾਂਗਾ ਮਿਲਣ। ਉਸ ਤੋਂ ਕਿਹੜੀ ਗੱਲ ਲੁਕੀ ਹੋਈ ਹੈ। ਸਭ ਕੁਝ ਸਾਫ ਸਪਸ਼ਟ ਹੈ। ਕੌਸ਼ਲਿਆ ਗਈ ਤਾਂ ਚਾਰੋਂ ਬੱਚਿਆਂ ਵਿੱਚੋਂ ਕਿਸੇ ਨੇ ਅਜੇ ਸਤਵੀਂ ਜਮਾਤ ਤਕ ਵੀ ਪਾਸ ਨਹੀਂ ਕੀਤੀ ਸੀ। ਪੀ. ਡਬਲਿਊ. ਡੀ. ਦੇ ਕਲਰਕ ਦੀ ਚਾਦਰ ਹੀ ਕਿੰਨੀ ਹੁੰਦੀ ਹੈ? ਟਿਊਸ਼ਨਾਂ ਕੀਤੀਆਂ ਚੁਲ੍ਹਾ ਵੀ ਆਪ ਬਾਲਿਆ, ਰੋਟੀਆਂ ਵੀ ਆਪ ਥੱਪੀਆਂ ਬੱਚਿਆਂ ਨੂੰ ਪੜ੍ਹਾਇਆ। ਉਨ੍ਹਾਂ ਦੇ ਵਿਆਹ ਕੀਤੇ। ਉਨ੍ਹਾਂ ਸਾਰਿਆਂ ਨੂੰ ਸੈਟ ਕੀਤਾ। ਉਸ ਉਤੇ ਘਟੋ-ਘੱਟ ਕੋਈ ਜ਼ਿੰਮੇਵਾਰੀ ਤਾਂ ਬਾਕੀ ਨਹੀਂ?

ਆਦਿੱਤਏ ਆਉਣ ਨਹੀਂ ਦੇ ਰਿਹਾ ਸੀ। ਲੜ-ਝਗੜ ਕੇ ਆਇਆ। ਕੁਝ ਦਿਨ ਭਜਨ ਕੀਰਤਨ ਦਾ ਮਨ ਸੀ। ਕੁੰਭ ਆਉਂਦੇ ਹੀ ਇਲਾਹਾਬਾਦ ਲਈ ਚਾਲੇ ਪਾ ਦੇਵੇਗਾ। ਤਿੰਨ ਦਿਨਾਂ ਬਾਅਦ ਘਰ ਦਾ



ਬੂਹਾ ਤੋੜਿਆ ਗਿਆ।

ਗੁਆਂਢੀਆਂ ਨੂੰ ਬੋ ਆਈ, ਫਿਰ ਪਤਾ ਲੱਗਾ ਨਵੀਂ ਪੀੜ੍ਹੀ ਆ ਗਈ ਸੀ, ਇਸ ਲਈ ਮੰਗਲ ਭਵਨ ਵਿੱਚ ਕੌਣ ਰਹਿੰਦਾ ਤੇ ਕਦੋ ਆਉਂਦਾ-ਜਾਂਦਾ ਸੀ। ਨੌਜਵਾਨ ਮੁੰਡੇ ਨੂੰਹਾਂ ਨੂੰ ਪਤਾ ਨਹੀਂ ਸੀ।

ਹਰਿੰਦਰ ਦੀ ਲਾਸ਼ ਮੰਜੀ ਹੇਠਾਂ ਪਈ ਹੋਈ ਮਿਲੀ। ਇਕ ਹੱਥ ਛਾਤੀ ਤੇ ਪਿਆ ਹੋਇਆ ਸੀ। ਪੋਸਟਮਾਰਟਮ ਤੋਂ ਪਤਾ ਲੱਗਾ ਕਿ ਜਬਰਦਸਤ ਹਾਰਟਅਟੈਕ ਹੋਇਆ ਸੀ। ਬੂਹੇ ਦੀ ਕੁੰਡੀ ਖੋਲ੍ਹਣ ਲਈ ਮੰਜੀ ਤੋਂ ਉੱਠਣ ਲੱਗੇ ਹੋਣਗੇ-ਢਹਿ ਪਏ ਹੋਣੇ ਹਨ।

ਬਾਬੂ ਜਸਵੰਤ ਸਿੰਘ ਉਨ੍ਹਾਂ ਵੱਲ ਵੇਖ ਹੀ ਨਹੀਂ ਸਕੇ ਸਨ। ਪੋਸਟਮਾਰਟਮ ਨੇ ਹਰਿੰਦਰ ਨੂੰ ਬਦਬੂ ਵਾਲੀ ਗਠੜੀ ਵਿੱਚ ਤਬਦੀਲ ਕਰ ਦਿੱਤਾ ਸੀ। ਹਰਿੰਦਰ ਦੀ ਥਾਂ ਉਹ ਉਸ ਦਾ ਬਦਬੂ ਭਰਿਆ ਚਿਹਰਾ ਨਹੀਂ ਦੇਖਣਾ ਚਾਹੁੰਦੇ ਸਨ।

ਹਰਿੰਦਰ ਦੀ ਯਾਦ ਨੂੰ ਪਰ੍ਹੇ ਧਕੇਲ ਉਸ ਦੀ ਥਾਂ ਬੋ ਨੇ ਉਨ੍ਹਾਂ ਨੂੰ ਕਈ ਦਿਨਾਂ ਤਕ ਸੌਣ ਹੀ ਨਹੀਂ ਦਿੱਤਾ ਸੀ। ਬੋ ਜਿਵੇਂ ਨੱਕ ਵਿਚ ਵੜ ਹੀ ਗਈ ਸੀ। ਹਰ ਪਾਸਿਓ ਆਉਂਦੀ ਬੋ ਉਨ੍ਹਾਂ ਦਾ ਪਿੱਛਾ ਹੀ ਨਹੀਂ ਛੱਡਦੀ ਸੀ। ਚੋਵੀ ਘੰਟੇ ਉਹ ਕਮਰੇ ਵਿੱਚ ਧੂਫ਼ ਬਾਲ ਕੇ ਰਖਦੇ। ਬਾਹਰ ਨਿਕਲਦੇ ਤਾਂ ਕੰਨਾਂ ਵਿੱਚ ਸੇਂਟ ਦਾ ਫਾਹਾ ਰਖ ਲੈਂਦੇ। ਡਾ. ਸਕਸੈਨਾ ਨੂੰ ਫਿਕਰ ਪੈ ਗਿਆ। ਬਲੱਡ ਪ੍ਰੈਸ਼ਰ ਹਰ ਵੇਲੇ ਵਧਿਆ ਰਹਿਣ ਲੱਗ ਪਿਆ। ਦਵਾਈ ਵਧਾਉਣ ਦੇ ਬਾਵਜੂਦ ਕੋਈ ਫ਼ਰਕ ਨਹੀਂ ਪੈ ਰਿਹਾ ਸੀ।

ਡਾਕਟਰ ਸਕਸੈਨਾ ਨੇ ਮਨੋਚਿਕਿਤਸਕ ਡਾਕਟਰ ਦੱਤਾ ਨਾਲ ਉਨ੍ਹਾਂ ਦੀਆਂ ਛੇ ਮੀਟਿੰਗਾਂ ਕਰਵਾਈਆਂ. ਤਾਂ ਕਿਤੇ ਜਾ ਕੇ ਕਿਧਰੇ ਉਹ ਤੰਦਰੁਸਤ ਹੋਏ। ਮਨੋਚਿਤਿਸਕ ਨੇ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਵਿਸ਼ਲੇਸ਼ਣ ਕੀਤਾ। ਮਾਮੂਲੀ ਜਿਹੀ ਮਾਨਸਿਕ ਪਰੇਸ਼ਾਨੀ ਹੈ। ਅਸਲ ਵਿੱਚ ਬੋ ਕਿਧਰੇ ਨਹੀਂ, ਸਿਰਫ ਡਰ ਤੇ ਵਹਿਮ ਹੈ। ਇਕੱਲੇਪਨ ਦਾ ਡਰ। ਉਨ੍ਹਾਂ ਨੂੰ ਬਦਲਾਵ ਦੀ ਲੋੜ ਹੈ। ਕੁਝ ਦਿਨ ਪੁੱਤਰ ਕੋਲ ਦਿੱਲੀ ਰਹਿ ਆਉਣ। ਕੁਝ ਦਿਨ ਕਿਉਂ, ਉੱਥੇ ਹੀ ਕਿਉਂ ਨਹੀਂ ਰਹਿੰਦੇ। ਇਸ ਉਮਰ ਵਿੱਚ ਭਲਾ ਇਕੱਲੇ ਰਹਿਣ ਵਿੱਚ ਕੀ ਸਾਰ ਹੈ। ਇਕੱਲਾ ਉਹ ਰਹੇ, ਜਿਸ ਦੀ ਕੋਈ ਖੋਜ-ਖਬਰ ਲੈਣ ਵਾਲਾ ਕੋਈ ਨਾ ਹੋਵੇ।

ਬਾਬੂ ਜਸਵੰਤ ਸਿੰਘ ਨੇ ਝਿਝਕ ਕਾਰਣ ਨਰਿੰਦਰ ਨੂੰ ਫੋਨ ਨਾ ਕੀਤਾ। ਤ੍ਰਿਵੇਂਦ੍ਰਮ ਆਪਣੀ ਧੀ ਸ਼ਾਲੂ ਦੇ ਘਰ ਫੋਨ ਕੀਤਾ। ਦੋਹਤਰੇ-ਦੋਹਤਰੀ ਨਾਲ ਗੱਲ ਕੀਤੀ। ਉਨ੍ਹਾਂ ਨਾਲ ਗਲ ਕਰ ਚਹਿਕ ਪਏ। ਫਿਰ ਹੌਲੀ ਜਿਹੀ ਸ਼ਾਲੂ ਨੂੰ ਦੱਸਿਆ। ਅਜ ਕੱਲ੍ਹ ਉਨ੍ਹਾਂ ਦਾ ਬਲੱਡ ਪ੍ਰੈਸ਼ਰ ਬੜਾ ਵਧਿਆ ਹੋਇਆ ਹੈ। ਡਾਕਟਰ ਸਕਸੈਨਾ ਉਨ੍ਹਾਂ ਲਈ ਫਿਕਰਮੰਦ ਹੋ ਰਹੇ ਹਨ। ਉਨ੍ਹਾਂ ਦੀ ਸਲਾਹ ਹੈ ਕਿ ਹੁਣ ਮੈਨੂੰ ਦਿੱਲੀ ਰਹਿਣਾ ਚਾਹੀਦਾ ਹੈ।

"ਤੁਸੀਂ ਸਾਡੀ ਗੱਲ ਸੁਣੀ ਹੀ ਨਹੀਂ ਸੀ ਬਾਬੂ ਜੀ ਅਸੀਂ ਤਾਂ ਪਹਿਲਾਂ ਹੀ ਕਹਿ ਰਹੇ ਸੀ। ਰੋਟੀ ਪਕਾਉਣ ਵਾਲੀ ਮਿਲ ਗਈ ਸੀ ਬਾਬੂ ਜੀ?"

ਬਾਬੂ ਜਸਵੰਤ ਸਿੰਘ ਨੇ ਫੋਨ ਇੰਜ ਰਖ ਦਿੱਤਾ ਜਿਵੇਂ ਆਪਣੇ ਆਪ ਹੀ ਕੱਟ ਹੋ ਗਿਆ ਹੋਵੇ।

ਕੁਝ ਦੇਰ ਬਾਅਦ ਫੋਨ ਦੀ ਘੰਟੀ ਵੱਜੀ। ਫੋਨ ਨਰਿੰਦਰ ਦਾ ਸੀ, ਕਹਿ ਰਿਹਾ ਸੀ, "ਬਾਬੂ ਜੀ, ਤੁਸੀਂ ਆਪਣੀ ਤਿਆਰੀ ਕਰ ਲਵੋ। ਅਗਲੇ ਹਫਤੇ ਮੈਂ ਤੁਹਾਨੂੰ ਲੈਣ ਆ ਰਿਹਾ ਹਾਂ...।"

## ਕਿੱਥੇ ਆ ਗਿਆ ਹਾਂ ਦੋਸਤੋ !

ਬਾਬੂ ਜਸਵੰਤ ਸਿੰਘ ਲਈ ਨਿਰਣਾ ਲੈਣਾ ਹੁਣ ਕੋਈ ਮੁਸ਼ਕਿਲ ਨਹੀਂ ਸੀ। ਨਿਯਤ ਸਮੇਂ ਤੋਂ ਵਕਤ ਕਾਫੀ ਅੱਗੇ ਲੰਘ ਚੁੱਕਾ ਸੀ। ਹੁਣ ਕਰਨਲ ਸਵਾਮੀ ਦੇ ਪਹੁੰਚਣ ਦੀ ਕੋਈ ਉਮੀਦ ਨਹੀਂ ਸੀ। ਉਨ੍ਹਾਂ ਨੂੰ ਮਹਿਸੂਸ ਹੋਇਆ ਕਿ ਸੈਰ ਉਨ੍ਹਾਂ ਦੀ ਸਿਹਤ ਲਈ ਬੜੀ ਜ਼ਰੂਰੀ ਹੈ। ਉਹ ਇਕੱਲੇ ਹੀ ਪੰਟੂਨ ਪੁੱਲ ਵੱਲ ਘੁੰਮਣ ਨਿਕਲ ਪਏ। ਉਹ ਕਰਨਲ ਸਵਾਮੀ ਨੂੰ ਚੰਗਾ ਡਾਂਟਣ ਬਾਰੇ ਸੋਚਣ ਲੱਗੇ? ਘੁੰਮਣ ਕਿਉਂ ਨਹੀਂ ਆਏ? ਪਰ ਕੀ ਉਨ੍ਹਾਂ ਨਾਲ ਮੁਲਕਾਤ ਹੋਣ ਤੋਂ ਪਹਿਲਾਂ ਉਹ ਇਕੱਲੇ ਸੈਰ ਕਰਨ ਨਹੀਂ ਜਾਂਦੇ ਹੁੰਦੇ ਸਨ!

ਨਾਲ ਹੀ ਉਨ੍ਹਾਂ ਨੂੰ ਫਿਰ ਇਹ ਮਹਿਸੂਸ ਹੋਣ ਲੱਗ ਪਿਆ ਸੀ ਕਿ ਉਨ੍ਹਾਂ ਦਾ ਬਲੱਡ ਪ੍ਰੈਸ਼ਰ ਵੱਧਦਾ ਜਾ ਰਿਹਾ ਹੈ। ਰਾਤ ਵੇਲੇ ਚੰਗੀ ਨੀਂਦਰ ਨਹੀਂ ਪਈ ਸੀ। ਵਾਰ ਵਾਰ ਲੱਗਦਾ ਕਿ ਸਵੇਰ ਹੋਣ ਵਾਲੀ ਹੈ। ਪਰ ਹਨੇਰਾ ਵੇਖ ਲੱਗਦਾ ਅਜੇ ਸੌਣ ਦਾ ਵੇਲਾ ਹੈ। ਸੌਂ ਜਾਣ। ਸਵੇਰ ਵੇਲੇ ਨੀਂਦਰ ਆਪੇ ਹੀ ਖੁਲ੍ਹ ਜਾਏਗੀ। ਹੁਣ ਬਲੱਡ ਪ੍ਰਸੈਰ ਚੈਕ ਕਰਵਾਉਣਾ ਜ਼ਰੂਰੀ ਹੈ। ਵੈਸੇ ਤਾਂ ਹਰ ਪੰਦਰਾਂ ਦਿਨ ਬਾਅਦ ਹੀ ਡਾਕਟਰ ਨੂੰ ਵਿਖਾਉਣਾ ਤੇ ਚੈਕਅੱਪ ਕਰਵਾਉਣਾ ਚਾਹੀਦਾ ਹੈ, ਪਰ ਡਾਕਟਰ ਅਨੁਰਾਗ ਚਤੁਰਵੇਦੀ ਦੀ ਤਗੜੀ ਫੀਸ ਵੇਖ ਜਲਦੀ ਕਰਨ ਦਾ ਹੌਂਸਲਾ ਨਹੀਂ ਪੈਂਦਾ। ਉਂਜ ਤਾਂ ਡਾਕਟਰ ਅਨੁਰਾਗ ਨਰਿੰਦਰ ਨਾਲ ਚੰਗੀ ਜਾਣ-ਪਛਾਣ ਹੋਣ ਕਾਰਣ ਸ਼ਹਿਦ ਵਰਗਾ ਬੋਲਦਾ ਹੈ। ਐਨਾ ਮਿੱਠਾ ਕਿ ਲੱਗਦਾ ਹੀ ਨਹੀਂ ਇਹ ਜ਼ਬਾਨ ਫੀਸ ਬਾਬਤ ਗੱਲ ਵੀ ਕਰ ਸਕਦੀ ਹੈ। ਪਰ ਤੁਰਨ ਵੇਲੇ ਉਹ ਇਹ ਭਰਮ ਤੋੜ ਝੱਟ ਫੀਸ ਦੇ ਡੇਢ ਸੌ ਰੁਪਏ ਮੰਗਣ ਵਿੱਚ ਝਿਝਕਦਾ ਨਹੀਂ। ਕਾਨਪੁਰ ਵਿੱਚ ਬਲੱਡ ਪ੍ਰੈਸ਼ਰ ਵਿਖਾਉਣ ਲਈ ਸਿਰਫ ਪੰਜ ਰੁਪਏ ਲੱਗਦੇ ਹਨ। ਉਨ੍ਹਾਂ ਨੂੰ ਵਾਰ-ਵਾਰ ਇੰਜ ਲੱਗਦਾ ਹੈ ਕਿ ਡਾਕਟਰ ਸਕਸੈਨਾ ਵਰਗੇ ਡਾਕਟਰ ਸਚਮੁੱਚ ਵਿਰਲੇ ਹੀ ਹਨ। ਉਨ੍ਹਾਂ ਦੀ ਫੀਸ ਮਰੀਜ਼ ਦੀ ਮਾਲੀ ਹਾਲਤ ਅਤੇ ਔਕਾਤ ਮੁਤਾਬਿਕ ਘਟਦੀ ਵੱਧਦੀ ਰਹਿੰਦੀ ਹੈ। ਰੋਗ ਨੂੰ ਪਛਾਣਨ ਤੇ ਇਕਦਮ ਸਟੀਕ ਦਵਾਈ ਦੇਣ ਦੇ ਮਾਮਲੇ ਵਿੱਚ ਪੂਰੇ ਕਾਨਪੁਰ ਵਿੱਚ ਕੋਈ ਉਨ੍ਹਾਂ ਦਾ ਮੁਕਾਬਲਾ ਨਹੀਂ ਕਰ ਸਕਦਾ।

ਅਚਾਨਕ ਨਿਜ਼ਾਮੁਦੀਨ ਵੱਲ ਬਣੇ ਨਵੇਂ ਪੁੱਲ ਵੱਲ ਉਨ੍ਹਾਂ ਦਾ ਧਿਆਨ ਚਲਾ ਗਿਆ। ਸੜਕਾਂ ਦੀਆਂ ਬੱਤੀਆਂ ਅਜੇ ਤਕ ਜੱਗਦੀਆਂ ਪਈਆਂ ਸਨ। ਕਲ੍ਹ ਘਰ ਪਹੁੰਚਣ 'ਤੇ ਨੂੰਹ ਨੇ ਉਨ੍ਹਾਂ ਨੂੰ ਸੁਣਾਇਆ ਸੀ।

"ਬਾਬੂ ਜੀ, ਤੁਸੀਂ ਰੋਜ਼ ਸਵੇਰੇ ਆਪਣੇ ਕਮਰੇ ਦੀ ਬੱਤੀ ਬੰਦ ਕਰਨਾ ਭੁੱਲ ਜਾਂਦੇ ਹੋ।"

"ਭੁੱਲ ਗਿਆ ਹੋਵਾਂਗਾ।" ਬਾਬੂ ਜਸਵੰਤ ਸਿੰਘ ਨੇ ਦੱਬੀ ਆਵਾਜ਼ ਵਿੱਚ ਕਿਹਾ ਪਰ ਸੁਨੈਨਾ ਦੇ ਕੰਨਾਂ 'ਤੇ ਉਨ੍ਹਾਂ ਦੀ ਮਾਯੂਸ ਆਵਾਜ਼ ਦਾ ਕੋਈ ਅਸਰ ਨਹੀਂ ਹੋਇਆ ਸੀ।

"ਭੁੱਲ ਜਾਣ ਨਾਲ ਬਿਜਲੀ ਦਾ ਮੀਟਰ ਤਾਂ ਨਹੀਂ ਚੁਪਚਾਪ ਬੈਠ ਜਾਂਦਾ।"

ਜਵਾਬ ਦੇਣ ਦੇ ਬਦਲੇ ਉਹ ਖਾਮੋਸ਼ ਹੋ ਗਏ ਸਨ। ਉਮਰ ਦੀ ਦੁਹਾਈ ਦੇਣ ਨਾਲ ਕੀ ਕੋਈ ਰਿਆਇਤ ਮਿਲਦੀ ਹੈ? ਮਿਲਣੀ ਹੁੰਦੀ ਤਾਂ ਬਗੈਰ ਮੰਗੇ ਹੀ ਮਿਲ ਜਾਂਦੀ।

ਆਪਣੀ ਮਾਂ ਦੇ ਨਾ ਰਹਿਣ 'ਤੇ ਵਾਪਸ ਆਉਂਦੇ ਨਰਿੰਦਰ ਨੇ ਉਨ੍ਹਾਂ ਨੂੰ ਕਿਹਾ ਸੀ ਫਲੈਟ ਵਿੱਚ ਦੋ ਹੀ ਕਮਰੇ ਹਨ ਬਾਬੂ ਜੀ। ਇਕ ਵਿੱਚ ਉਹ ਦੋਵੇਂ ਮੀਆਂ-ਬੀਵੀ ਤੇ ਦੂਜੇ ਵਿੱਚ ਬੱਚੇ ਸੌਂਦੇ ਹਨ। ਉਨ੍ਹਾਂ ਦੀਆਂ ਦੋ ਬਾਲਕੋਨੀ ਹਨ, ਇਕ ਚੰਗੀ ਵੱਡੀ ਹੈ, ਯਾਦ ਹੀ ਹੋਏਗਾ ਉਨ੍ਹਾਂ ਨੂੰ। ਉਸ ਨੂੰ ਉਹ ਜਾਂਦੇ ਹੀ ਬਲੈਕ ਸਲਾਇਡਿੰਗ ਗਲਾਸ ਨਾਲ ਬੰਦ ਕਰਵਾ ਦੇਵੇਗਾ। ਉਨ੍ਹਾਂ ਦੇ ਦਿੱਲੀ ਆਉਣ ਤੋਂ ਪਹਿਲਾਂ ਬੱਚੇ ਉਸ ਕਮਰੇ ਵਿੱਚ ਚਲੇ ਜਾਣਗੇ।

ਉਦੋਂ ਬਾਬੂ ਜਸਵੰਤ ਸਿੰਘ ਹੈਰਾਨ ਹੀ ਰਹਿ ਗਏ ਜਦੋਂ ਉਨ੍ਹਾਂ ਨੇ ਨਰਿੰਦਰ ਦੇ ਦਫਤਰ ਦੇ ਡਰਾਇਵਰ ਨੂੰ ਉਨ੍ਹਾਂ ਦਾ ਸਾਮਾਨ ਬਾਲਕਨੀ ਵਾਲੇ ਕਮਰੇ ਵਿੱਚ ਰੱਖਦੇ ਦੇਖਿਆ।

ਹੌਲੇ-ਜਿਹੇ ਉਨ੍ਹਾਂ ਇਤਰਾਜ਼ ਜਤਾਇਆ ਕਿ ਰਾਤ ਨੂੰ ਕਈ ਵਾਰ ਉਨ੍ਹਾਂ ਨੂੰ ਪੇਸ਼ਾਬ ਕਰਨ ਲਈ ਉਠਣਾ ਪੈਂਦਾ ਹੈ। ਇਸ ਬਾਲਕਨੀ ਵਿੱਚ ਉਨ੍ਹਾਂ ਨੂੰ ਦਿੱਕਤ ਹੋਏਗੀ। ਨਰਿੰਦਰ ਨੇ ਝੱਟ ਹੀ ਸਫਾਈ ਦਿੱਤੀ। ਬਾਲਕੋਨੀ ਨਾਲ ਲੱਗਦੀ ਲਾਬੀ ਵਿੱਚ ਹੀ ਤਾਂ ਕੋਮਨ ਟਾਇਲੈਟ ਹੈ। ਉਨ੍ਹਾਂ ਨੂੰ ਕਮੋਡ ਚਾਹੀਦਾ ਹੈ ਤੇ ਕਮੋਡ ਉਥੇ ਹੈ। ਬੱਚਿਆਂ ਦੇ ਕਮਰੇ ਵਿੱਚ ਕੰਪਿਊਟਰ ਵਰਗੀਆਂ ਕੀਮਤੀ ਚੀਜ਼ਾਂ ਰੱਖੀਆਂ ਹੋਈਆਂ ਹਨ। ਉਨ੍ਹਾਂ ਨੂੰ ਉਥੋਂ ਹਟਾਇਆ ਨਹੀਂ ਜਾ ਸਕਦਾ। ਫਿਰ ਨਾਲ ਉਨ੍ਹਾਂ ਦੀਆਂ ਪੜ੍ਹਨ ਦੀਆਂ ਮੇਜ਼-ਕੁਰਸੀਆਂ, ਕਿਤਾਬਾਂ, ਅਲਮਾਰੀਆਂ ਹਨ, ਟੂ-ਟਿਅਰ ਬਿਸਤਰ ਹੈ।

ਸਲਾਇਡਿੰਗ ਬਾਰੀਆਂ ਖੋਲ੍ਹਦੇ ਹੀ ਤੇਜ਼ ਹਵਾ ਆਉਂਦੀ ਸੀ ਤੇ ਨਾਲ ਹੀ ਦਿੱਸਦੀ ਸੀ 'ਬੀ' ਬਿਲਡਿੰਗ ਦੀ ਤੀਸਰੀ ਮੰਜ਼ਿਲ ਦੀ ਇਕਦਮ ਉਨ੍ਹਾਂ ਦੇ ਆਕਾਰ-ਪ੍ਰਕਾਰ ਦੀ ਨੰਗੀ, ਬੁੱਢੀ ਬਾਲਕੋਨੀ। ਬਾਲਕੋਨੀ ਦੇ ਬਾਹਰ ਵੱਲ ਤਿੰਨ ਰੱਸੀਆਂ ਉਤੇ ਉਸ ਘਰ ਦੇ ਕੱਪੜੇ ਸੁੱਕਣੇ ਪਏ ਰਹਿੰਦੇ ਸਨ। ਕੁਝ ਕੱਪੜੇ ਅਜਿਹੇ ਵੀ ਸੁੱਕਦੇ ਹੁੰਦੇ ਸਨ ਜਿਹੜੇ ਉਨ੍ਹਾਂ ਕਦੇ ਕਾਨਪੁਰ ਵਿੱਚ ਇਸਤਰੀਆਂ ਦੇ ਕੱਪੜੇ ਤਾਰਾਂ 'ਤੇ ਪਏ ਨਹੀਂ ਦੇਖੇ ਸਨ। ਉਥੇ ਪਏ ਸਨ ਐਲਮਿਉਨਿਯਮ ਦੇ ਲੰਮੇ ਭਾਰੀ ਬਕਸੇ। ਇਕ-ਦੂਜੇ ਉਤੇ ਚਾੜ੍ਹੇ ਕੂਲਰ।



ਜਾਲੇ ਲਾਉਣ ਵਾਲਾ ਬਾਂਸ ਦਾ ਲੰਮਾ ਝਾੜੂ ਤੇ ਪਤਾ ਨਹੀਂ ਹੋਰ ਕੀ ਕੀ ਆਲਤੂ-ਫਾਲਤੂ ਸਾਮਾਨ ਪਿਆ ਸੀ। ਜਿਸ ਨੂੰ ਦੇਖ ਉਨ੍ਹਾਂ ਦਾ ਮਨ ਬੁਝ ਗਿਆ ਸੀ। ਉਨ੍ਹਾਂ ਨੂੰ ਲੱਗਾ ਕਿ ਅਚਾਨਕ ਉਨ੍ਹਾਂ ਨੂੰ ਵੀ ਫਾਲਤੂ ਕਬਾੜ ਵਾਂਗ ਬੇਰਹਿਮੀ ਨਾਲ ਬਾਹਰ ਸੁੱਟ ਦਿੱਤਾ ਗਿਆ ਹੋਵੇ।

ਕਾਫੀ ਦੇਰ ਬਾਅਦ ਬਾਬੂ ਜਸਵੰਤ ਸਿੰਘ ਦੇ ਦਿਲ ਨੂੰ ਆਹਮੋ-ਸਾਹਮਣੇ ਖੜੀਆਂ ਉੱਚੀਆਂ ਇਮਾਰਤਾਂ ਵਿਚਕਾਰੋਂ ਸੇਂਧ ਲੱਗਾ ਕੇ ਉਨ੍ਹਾਂ ਦੀ ਬਾਲਕੋਨੀ ਤਕ ਆਉਂਦੇ ਉਜਲੀ ਧੁੱਪ ਤੇ ਉਪਰ ਕੱਟੀ ਹੋਈ ਪਤੰਗ ਵਾਂਗ ਲਟਕੇ ਚੌਕੋਰ ਨੀਲੇ ਆਸਮਾਨ ਨੂੰ ਵੇਖ ਤਸੱਲੀ ਮਿਲੀ। ਪਹਿਲੇ ਜਦੋਂ ਵੀ ਆਉਂਦੇ ਰਹੇ, ਉਹ ਬੈਠਕ ਵਿੱਚ ਸੌਂਦੇ ਸਨ। ਇਸ ਵਾਰ ਵੀ ਸੌਂ ਸਕਦੇ ਸਨ, ਪਰ ਮਾਮਲਾ ਦੋ-ਚਾਰ ਦਿਨਾਂ ਦਾ ਨਹੀਂ ਸੀ। ਚੌਵੀ ਘੰਟੇ ਬੈਠਕ ਵਿੱਚ ਬੈਠੇ ਰਹਿਣਾ ਚੰਗਾ ਨਹੀਂ ਲੱਗਦਾ।

ਪਹਿਲੀ ਸਵੇਰ ਨੂੰ ਸਾਹਮਣੇ ਵਾਲੀ ਬਾਲਕੋਨੀ ਵਿੱਚ ਸੁੱਤੇ ਪਏ ਨੌਕਰ ਨੂੰ ਜਗਾਉਣ ਲਈ ਗੁਆਂਢਣ ਨੇ ਐਨਾ ਰੌਲਾ ਪਾਇਆ ਤੇ ਉੱਚੀ ਆਵਾਜ਼ਾਂ ਮਾਰੀਆਂ ਸਨ ਕਿ ਜਤਨ ਕਰਨ ਤੇ ਵੀ ਉਹ ਫਿਰ ਸੌਂ ਨਹੀਂ ਸਕੇ ਸਨ। ਨੌਕਰ ਵੀ ਪਾਜੀ ਸੀ। ਮਾਲਕਣ ਨੂੰ ਖਿੱਝਾਏ ਬਿਨਾਂ ਉੱਠਦਾ ਨਹੀਂ ਸੀ। ਦਿਲ ਕਰਦਾ ਬਾਲਕੋਨੀ ਤੋਂ ਮੂੰਹ ਬਾਹਰ ਕੱਢ ਉਸ ਹਰਾਮਖੋਰ ਨੌਕਰ ਨੂੰ ਪੰਜਾਹ ਗਾਲ੍ਹਾਂ ਕੱਢਣ। ਜੁੱਤੀ ਨਾਲ ਕੁੱਟਣ ਕਿ ਤੂੰ ਆਂਢੀਆਂ-ਗੁਆਢੀਆਂ ਦੀ ਨੀਂਦਰ ਕਿਉਂ ਹਰਾਮ ਕਰਵਾਉਂਦਾ ਏਂ।

ਗੁਆਂਢਣ ਨੇ ਅਜਿਹੀ ਜਾਲੀ ਲਗਵਾਈ ਹੋਈ ਸੀ ਕਿ ਉਨ੍ਹਾਂ ਦੇ ਤਥਾਕਥਿਤ ਕਮਰੇ ਵਿੱਚ ਆਉਂਦੀ ਜ਼ਰਾ ਜਿੰਨੀ ਜਿਹੀ ਉਜਾਲੀ ਧੁੱਪ ਤੇ ਕੱਟੀ ਪਤੰਗ ਜਿਹੇ ਦਿੱਸਦੇ ਆਸਮਾਨ ਨੇ ਵੀ ਮੂੰਹ ਫੇਰ ਲਿਆ ਸੀ।

ਅੱਜ ਕਲ੍ਹ ਪੰਜ ਵਜੇ ਤੋਂ ਪਹਿਲੇ ਹੀ ਸ਼ਾਮ ਹੋਣੀ ਸ਼ੁਰੂ ਹੋ ਜਾਂਦੀ ਸੀ। ਉਸ ਦਿਨ ਵੀ ਹੋਣ ਲੱਗ ਪਈ ਸੀ। ਬਾਬੂ ਜਸਵੰਤ ਸਿੰਘ ਸਵੇਰ ਦਾ ਬਾਕੀ ਰਹਿ ਗਿਆ। ਅਖਬਾਰ 'ਹਿੰਦੁਸਤਾਨ ਟਾਈਮਜ਼' ਪੜ੍ਹ ਰਹੇ ਸਨ। ਬੇਨਜੀਰ ਭੁੱਟੋ ਦਿੱਲੀ ਆਈ ਹੋਈ ਸੀ ਅਤੇ ਸਟਾਰ ਟੀ.ਵੀ. ਦੇ ਵਿਸ਼ੇਸ਼ ਪ੍ਰੋਗਰਾਮ ਸਟਾਰ ਟਾਕ ਦੇ ਹਵਾਲੇ ਨਾਲ ਉਸ ਦਿਨ ਅਖਬਾਰ ਦੀ ਹੈੱਡ ਲਾਈਨ ਸੀ, "ਪਰਵੇਜ ਪਲਾਂਡ ਕਾਰਗਿਲ ਵੈਨ ਆਈ ਵਾਜ ਪੀ. ਏਮ।" ਅਖਬਾਰ ਪੜ੍ਹਨ ਦਾ ਵੇਲਾ ਉਨ੍ਹਾਂ ਲਈ ਕੋਈ ਨਿਸਚਿਤ ਨਹੀਂ ਸੀ। ਘਰਦਿਆਂ ਵਲੋਂ ਜਦੋਂ ਵੀ ਖਾਲੀ ਮਿਲ ਜਾਏ। ਅਖਬਾਰ ਪੜ੍ਹਨ ਨਾਲ ਉਨ੍ਹਾਂ ਨੂੰ ਆਪਣੀ ਬੋਰੀਅਤ ਤੋਂ ਛੁਟਕਾਰਾ ਮਿਲਦਾ ਸੀ।

ਬੇਨਜੀਰ ਦੀ ਬੇਬਾਕੀ 'ਤੇ ਉਹ ਖੁਸ਼ ਸਨ ਪਰ ਉਹ ਇਹ ਤਰਕ ਵੀ ਸੋਚ ਰਹੇ ਸਨ ਕਿ ਸੱਤਾ ਵਿੱਚ ਰਹਿੰਦੇ ਹੋਏ ਉਸ ਨੇ ਇਹ ਹਿੰਮਤ ਕਿਉਂ ਨਹੀਂ ਵਿਖਾਈ ਸੀ। ਉਦੋਂ ਹੀ ਦਰਵਾਜ਼ੇ ਦੀ ਘੰਟੀ ਵਜ ਪਈ। ਦਰਵਾਜ਼ਾ ਖੋਲ੍ਹਣ ਲਈ ਬਾਬੂ ਜਸਵੰਤ ਸਿੰਘ ਘੱਟ ਹੀ ਉੱਠਦੇ ਹਨ। ਸੁਨੈਨਾ ਜਾਂ ਬੱਚੇ ਹੀ ਦਰਵਾਜ਼ਾ ਖੋਲ੍ਹਦੇ ਹਨ। ਉਹ ਵੈਸੇ ਜਾਣਬੁਝ ਕੇ ਵੀ ਘੱਟ ਹੀ ਉੱਠਦੇ ਹਨ ਕਿਉਂਕਿ ਉਨ੍ਹਾਂ ਦੀ ਕਿਸੇ ਨਾਲ ਜਾਣ-ਪਛਾਣ ਘੱਟ ਹੀ ਹੈ। ਕਿਸ ਨੂੰ ਅੰਦਰ ਬੁਲਾਉਣਾ ਹੈ ਤੇ ਕਿਸ ਨੂੰ ਨਹੀਂ, ਇਹ ਵੀ ਉਨ੍ਹਾਂ ਨੂੰ ਪਤਾ ਨਹੀਂ।

"ਬਾਬੂ ਜੀ, ਚੱਡਾ ਸਾਹਿਬ ਨੂੰ ਅੰਦਰ ਬੁਲਾ ਕੇ ਬਿਠਾ ਲੈਂਦੇ ਹਨ।" ਚੱਡਾ ਸਾਹਬ ਦੇ ਜਾਂਦੇ ਹੀ ਉਨ੍ਹਾਂ ਨੂੰ ਸੀਖ ਦਿੱਤੀ ਗਈ। ਦੁਬਾਰਾ ਘੰਟੀ ਵਜੀ ਤਾਂ ਮਜ਼ਬੂਰ ਹੋ ਕੇ ਉਨ੍ਹਾਂ ਨੂੰ ਉੱਠਣਾ ਹੀ ਪਿਆ।

ਸੁਨੈਨਾ ਸ਼ਾਇਦ ਡੂੰਘੀ ਨੀਂਦਰੇ ਸੁੱਤੀ ਪਈ ਸੀ।

ਦਰਵਾਜ਼ਾ ਖੋਲ੍ਹਦੇ ਹੀ ਚੀਖ-ਚੀਖ ਕੇ ਨੌਕਰ ਨੂੰ ਉਠਾਉਣ ਵਾਲੀ ਗੁਆਂਢਣ ਨੂੰ ਸਾਹਮਣੇ ਵੇਖ ਕੇ ਇੱਜ਼ਤ ਨਾਲ ਅੰਦਰ ਆਉਣ ਦਾ ਸੱਦਾ ਦੇ ਕੇ ਬਾਬੂ ਜਸਵੰਤ ਸਿੰਘ ਬੱਚਿਆਂ ਦੇ ਕਮਰੇ ਵੱਲ ਵਧੇ। ਮਲਏ-ਨਿਲਏ ਕੰਪਿਊਟਰ ਉੱਤੇ ਸੀ. ਡੀ. ਲੱਗਾ ਕੇ ਜਵਾਏਸਟਿਰ ਨਾਲ ਚਿਪਕੇ ਬਾਈਕ ਰੇਸ ਵਿੱਚ ਮਗਨ ਦਿੱਸੇ ਉਨ੍ਹਾਂ ਦੇ ਬੋਲ੍ਹੇ ਬਣ ਕੇ ਖੇਡ ਵਿੱਚ ਮਗਨ ਹੋਣਾ ਉਨ੍ਹਾਂ ਨੂੰ ਜੱਚਿਆ ਨਹੀਂ। ਜਾ ਕੇ ਮਾਂ ਨੂੰ ਉਠਾਓ। ਸਾਹਮਣੇ ਵਾਲੀ ਬਿਲਡਿੰਗ ਦੀ ਆਂਟੀ ਆਈ ਹੈ ਉਨ੍ਹਾਂ ਨੂੰ ਮਿਲਣ।

ਵਾਪਸ ਜਾ ਕੇ ਬਾਬੂ ਜੀ ਮੁੜ ਬੇਨਜੀਰ ਵਾਲੀ ਰਿਪੋਰਟ ਪੜ੍ਹਨ ਵਿੱਚ ਵਲੀਨ ਹੋਣ ਲੱਗੇ। ਪਰ ਪੜ੍ਹਨ ਲੱਗਿਆ ਮਨ ਕੁਝ ਭਟਕਣ ਲੱਗ ਪਿਆ।

ਉਨ੍ਹਾਂ ਨੂੰ ਸੁਣਾਈ ਦਿੱਤਾ ਕਿ ਗੁਆਂਢਣ ਤੇ ਸੁਨੈਨਾ ਵਿਚਕਾਰ ਗੱਲਬਾਤ ਨਹੀਂ, ਬਲਕਿ ਤੇਜ਼ ਝੜਪ ਹੋ ਰਹੀ ਹੈ। ਹੋਏਗਾ ਕੋਈ ਸੋਸਾਇਟੀ ਦਾ ਮਾਮਲਾ। ਆਏ ਹੀ ਦਿਨ ਅਸਤੁੰਸ਼ਟ ਮੈਂਬਰਾਂ ਵਿਚਕਾਰ ਇਲਜ਼ਾਮ-ਦੂਸ਼ਣ ਲੱਗੇ ਹੀ ਰਹਿੰਦੇ ਹਨ। ਕਦੇ ਪਾਰਕਿੰਗ ਚਾਰਜ ਲਈ ਤੇ ਕਦੇ ਅਚਾਨਕ ਡੇਢ ਗੁਣਾਂ ਵੱਧਾ ਕੇ ਰੱਖੇ

ਟੈਕਸਾਂ ਨੂੰ ਲੈ ਕੇ। ਇਹ ਵੀ ਸ਼ਿਕਾਇਤ ਹੈ ਕਿ ਆਮ ਜਰਨਲ ਬਾਡੀ ਮੀਟਿੰਗ ਵਿੱਚ ਜ਼ਿਆਦਾਤਰ ਲੋਕ ਆਉਂਦੇ ਹੀ ਨਹੀਂ। ਪ੍ਰਸਤਾਵ ਪਾਸ ਹੋਣ ’ਤੇ ਅਸਹਿਮਤੀ ਪ੍ਰਗਟ ਕਰਨ ਲੱਗਦੇ ਹਨ। ਕਾਰਜਕਾਰਣੀ ’ਤੇ ਕਈ ਤਰ੍ਹਾਂ ਦੇ ਦੂਸ਼ਣ ਲਾਉਂਦੇ ਹਨ। ਮੀਟਿੰਗ ਹਮੇਸ਼ਾ ਐਤਵਾਰ ਨੂੰ ਸਵੇਰੇ ਦਸ ਵਜੇ ਹੁੰਦੀ ਹੈ। ਪਰ ਮੈਂਬਰ ਦਸ ਵਜੇ ਤਕ ਸੁੱਤੇ ਹੀ ਨਹੀਂ ਉੱਠਦੇ। ਨਰਿੰਦਰ ਕਾਰਜਕਾਰਣੀ ਦਾ ਮੈਂਬਰ ਹੈ, ਸੁਨੈਨਾ ਤੋਂ ਉਨ੍ਹਾਂ ਨੂੰ ਪਤਾ ਲੱਗਾ ਸੀ।

ਬਾਬੂ ਜੀ ਉਦੋਂ ਹੱਕੇ-ਬੱਕੇ ਰਹਿ ਗਏ, ਜਦੋਂ ਗੁਆਂਢਣ ਦੇ ਜਾਂਦੇ ਹੀ ਭੜਕੀ ਹੋਈ ਨੂੰਹ ਉਨ੍ਹਾਂ ਦੇ ਕਮਰੇ ਵਿੱਚ ਆ ਕੇ ਉਨ੍ਹਾਂ ਉੱਤੇ ਵਰਨ ਲੱਗ ਪਈ।

ਆਖਿਰ ਬਾਬੂ ਜੀ ਇਸ ਇਜ਼ੱਤਦਾਰ ਸੁਸਾਇਟੀ ਵਿੱਚ ਉਨ੍ਹਾਂ ਦੀ ਇਜ਼ੱਤ ਮਿੱਟੀ ਵਿੱਚ ਮਿਲਾਉਣ ਤੇ ਕਿਉਂ ਤੁਲੇ ਹੋਏ ਹਨ? ਆਪਣੀ ਉਮਰ ਦਾ ਤਾਂ ਲਿਹਾਜ਼ ਕੀਤਾ ਹੁੰਦਾ? ਅਜੇ ਵੀ ਜਵਾਨੀ ਦਾ ਜੋਸ਼ ਬਾਕੀ ਹੈ ਤਾਂ ਵੀ ਦਿੱਕਤ ਕੋਈ ਨਹੀਂ? ਜਿੱਥੇ ਮਰਜ਼ੀ ਪਏ ਜਾਣ, ਭਾਵੇਂ ਹੈੱਡਲਾਈਨ ਏਰੀਆ ਵਿੱਚ ਹੀ? ਘੱਟੋ ਘੱਟ ਆਂਢ-ਗੁਆਂਢ ਦੀਆਂ ਅਲ੍ਹੜ ਕੁੜੀਆਂ ਉਤੇ ਤਾਂ ਨਜ਼ਰ ਨਾ ਮਾਰਨ। ਉਨ੍ਹਾਂ ਨੂੰ ਸੁਸਾਇਟੀ ਵਿੱਚ ਮੂੰਹ ਵਿਖਾਉਣ ਦੇ ਲਾਇਕ ਹੀ ਨਹੀਂ ਰਖਿਆ।

ਬੜੀ ਮੁਸ਼ਕਿਲ ਨਾਲ ਬਾਬੂ ਜੀ ਨੇ ਪੁੱਛਿਆ

“ਆਖਿਰ ਹੋਇਆ ਕੀ ਹੈ? ਕੀ ਕੀਤਾ ਹੈ ਮੈਂ?”

“ਕੀ ਕੀਤਾ ਹੈ, ਤੁਹਾਨੂੰ ਪਤਾ ਨਹੀਂ?”

“ਦੱਸੋਗੀ ਨਹੀਂ ਤਾਂ ਪਤਾ ਕਿਵੇਂ ਲੱਗੇਗਾ।”

“ਤੁਸੀਂ ... ਤੁਸੀਂ ਸਾਹਮਣੇ ਵਾਲੀ ਮਿਸਿਜ਼ ਰਾਵਤ ਦੀ ਕੁੜੀ ਨੂੰ ਦੇਖ ਕੇ ਪਜ਼ਾਮਾ ਨਹੀਂ ਖੋਲ੍ਹਿਆ ਸੀ?”

ਤੋਹਮਤ ਸੁਣ ਕੇ ਬਾਬੂ ਜੀ ਦਾ ਖ਼ੂਨ ਖੌਲਣ ਲੱਗ ਪਿਆ।

“ਉਮਰ ਵਿੱਚ ਉਸ ਕੁੜੀ ਦੇ ਦਾਦੇ-ਨਾਨੇ ਦੇ ਬਰਾਬਰ ਹਾਂ। ਅਜਿਹੀ ਹੋਛੀ ਹਰਕਤ ਕਿਉਂ ਕਰਾਂਗਾ?”

“ਉਹ ਤਾਂ ਤੁਹਾਨੂੰ ਹੀ ਪਤਾ ਹੋਏਗਾ। ਮਿਸਿਜ਼ ਰਾਵਤ ਇਹੀ ਸ਼ਿਕਾਇਤ ਕਰਨ ਆਈ ਸੀ ਤੇ ਬਕਾਇਦਾ ਧਮਕਾ ਕੇ ਗਈ ਹੈ। ਆਪਣੇ ਰੰਗੀਨ ਸਹੁਰੇ ਨੂੰ ਕਹਿ, ਆਪਣਾ ਰਵੱਈਆ ਬਦਲ ਲੈਣ, ਨਹੀਂ ਤਾਂ ਸੁਸਾਇਟੀ ਵਿੱਚ ਉਹ ਲਿਖਿਤ ਸ਼ਿਕਾਇਤ ਕਰੇਗੀ।”

“ਇਹ ਵੀ ਕਹਿ ਗਈ, ਲੋੜ ਪੈਣ ’ਤੇ ਪੁਲਿਸ ਕੋਲ ਵੀ ਜਾਏਗੀ।”

“ਯਕੀਨ ਕਰ ਬਹੂ, ਮੈਂ ਅਜਿਹੀ ਕੋਈ ਅਸ਼ਲੀਲ ਹਰਕਤ ...।” ਆਵਾਜ਼ ਵਿੱਚ ਹਰ ਵੇਲੇ ਰਹਿਣ ਵਾਲੀ ਆਕੜ ਪਤਾ ਨਹੀਂ ਕਿੱਥੇ ਗਵਾਚ ਗਈ ਸੀ।

“ਬਸ ਬਸ ਬਾਬੂ ਜੀ। ਸਫਾਈ ਦੇਣ ਦੀ ਕੋਈ ਲੋੜ ਨਹੀਂ। ਆਪਣੀਆਂ ਹਰਕਤਾਂ ਤੋਂ ਬਾਜ਼ ਆ ਜਾਓ। ਸੋਚਣ ਵਾਲੀ ਗੱਲ ਹੈ, ਆਖਿਰ ਕਿਸੇ ਦੀ ਧੀ ਕਿਸੇ ਬੁੱਢੇ ਆਦਮੀ ਉਤੇ ਝੂਠੀ ਤੋਹਮਤ ਕਿਉਂ ਲਗਾਏਗੀ? ਕੋਈ ਮਤਲਬ ਬਣਦਾ ਹੈ।” ਤੇ ਉਸਦੀ ਧੀ ਨੀਨਾ ਕੀ ਉਸਦੀ ਤੁਹਾਡੇ ਨਾਲ ਕੋਈ ਦੁਸ਼ਮਣੀ ਹੈ?” ਗੁੱਸੇ ਨਾਲ ਭੁੜਕਦੀ ਹੋਈ ਸੁਨੈਨਾ ਉਨ੍ਹਾਂ ਨੂੰ ਕਟਘੜੇ ਵਿੱਚ ਉਵੇਂ ਦਾ ਉਵੇਂ ਹੀ ਛੱਡ ਕੇ ਆਪ ਕਮਰੇ ’ਚੋਂ ਬਾਹਰ ਚਲੀ ਗਈ।

ਬਾਬੂ ਜਸਵੰਤ ਸਿੰਘ ਨੂੰ ਸਮਝ ਵਿੱਚ ਨਹੀਂ ਆਇਆ ਕਿ ਉਹ ਭਲਾ ਕਿਸ ਨੂੰ ਸਫਾਈ ਦੇਣ? ਬਿਨਾਂ ਗੁਨਾਹ ਦੇ ਉਹ ਗੁਨਾਹਗਾਰ ਬਣਾ ਦਿੱਤੇ ਗਏ ਸਨ। ਅਜੀਬ ਗੱਲ ਹੈ? ਆਪਣੇ ਹੀ ਘਰ ਦੇ ਸੁਣਨ ਨੂੰ ਤਿਆਰ ਨਹੀਂ?

ਅਜਿਹਾ ਨਹੀਂ ਕਿ ਉਨ੍ਹਾਂ ਨੇ ਉਸ ਕੁੜੀ ਨੂੰ ਕਦੀ ਦੇਖਿਆ ਨਹੀਂ। ਬਾਹਰ ਕੱਪੜੇ ਸੁਕਣੇ ਪਾਉਂਦੇ ਜਾਂ ਚੁੱਕਦੇ ਹੋਏ ਉਨ੍ਹਾਂ ਦੀ ਨਜ਼ਰ ਉਸ ਵੱਲ ਜ਼ਰੂਰ ਗਈ ਹੈ। ਉਸ ਨੂੰ ਵੇਖ ਹਰ ਵੇਲੇ ਉਨ੍ਹਾਂ ਇਹੀ ਸੋਚਿਆ ਕਿ ਜੇ ਨਰਿੰਦਰ ਦੇ ਘਰ ਇਕ ਧੀ ਹੁੰਦੀ ਤਾਂ ਘਰ ਦੇ ਸੁੰਨੇਪਨ ਵਿੱਚ ਕੋਈ ਹਲਚਲ ਹੁੰਦੀ।

ਕੰਬਦੇ ਹੱਥਾਂ ਨਾਲ ਐਨਕ ਲਾਹ, ਸਿਰ੍ਹਾਣੇ ਪਈ ਤਿਪਾਈ ਤੇ ਰਖ ਉਹ ਬੇਜਾਨ ਜਿਹੇ ਬਿਸਤਰੇ ਤੇ ਢਹਿ ਪਏ। ਇਕ ਪਲ ਲਈ ਲੱਗਿਆ ਕਿ ਉਨ੍ਹਾਂ ਦਾ ਸਿਰ ਤੇਜ਼ ਭੱਜਦੀ ਗੱਡੀ ਦੇ ਪਹੀਆਂ ਵਰਗਾ ਘੁੰਮ



ਰਿਹਾ ਹੈ। ਅੱਜ ਤੋਂ ਬਾਅਦ ਸ਼ਾਇਦ ਉਨ੍ਹਾਂ ਦਾ ਧੜ ਉਨ੍ਹਾਂ ਦੇ ਸਿਰ ਤੋਂ ਗਾਇਬ ਹੀ ਹੋ ਜਾਏ। ਕਿਸੇ ਵੀ ਦੁਖ-ਸੁਖ, ਤਕਲੀਫ਼, ਉਪੇਖਿਆ, ਬੇਚਾਰਗੀ ਤੇ ਲਾਚਰਗੀ ਤੋਂ ਮੁਕਤ ਕਰਦਾ, ਹਮੇਸ਼ਾ ਲਈ ਮੁਕਤ ਕਰ ਜਾਏ। ਕੀ ਸੁਨੈਨਾ ਆਪਣੇ ਬਾਪ ਨਾਲ ਵੀ ਐਨਾ ਸਖਤ ਸਲੂਕ ਕਰਦੀ?

ਕੋਈ ਸੰਵਾਦ ਨਹੀਂ, ਸਫਾਈ ਨਹੀਂ... ਸਿੱਧੇ ਹੀ ਫੈਸਲਾ?

ਘੁੰਮਦੇ ਹੋਏ ਸਿਰ ਨੂੰ ਸਿਰਾਣੇ ਵਿੱਚ ਦੱਬਾ ਉਹ ਬੱਚਿਆਂ ਵਾਂਗ ਧਾਹਾਂ ਮਾਰ ਕੇ ਰੋ ਪਏ।

ਹਿਚਕਿਆਂ ਨਾਲ ਲੋਹੇ ਦਾ ਪਲੰਘ ਹਿਲਣ ਲੱਗ ਪਿਆ।

ਹਨੇਰਾ ਹੁੰਦੇ ਹੀ ਦਫਤਰ ਤੋਂ ਵਾਪਸ ਮੁੜੇ ਨਰਿੰਦਰ ਨੇ ਹਮੇਸ਼ਾ ਵਾਂਗ ਉਨ੍ਹਾਂ ਦੇ ਕਮਰੇ ਵਿੱਚ ਆ ਕੇ, ਜਿਸ ਨੂੰ ਹੁਣ ਉਹ ਆਪਣੀ ਕਮਰਾ ਮੰਨਣ ਹੀ ਲੱਗ ਪਏ ਸਨ, ਨਹੀਂ ਪੁੱਛਿਆ, “ਬਾਬੂ ਜੀ ਅੱਜ ਦਾ ਦਿਨ ਕਿਵੇਂ ਗਿਆ।”

ਸ਼ਾਮ ਦੀ ਚਾਹ ਨਿਲਏ ਆ ਕੇ ਰਖ ਗਿਆ। ਪਲੇਟ ਵਿੱਚ ਅਰਾਰੋਟ ਦੇ ਚਾਰ ਬਿਸਕੁਟਾਂ ਨਾਲ ਰੱਖ ‘ਦਾਦੂ ਪੀ ਲਓ।” ਕਹਿ ਕੇ ਖਿਸਕ ਗਿਆ। ਉਸ ਦੀ ਆਵਾਜ਼ ਬਦਲੀ ਹੋਈ ਸੀ। ਕੀ ਬੱਚਿਆਂ ਨੇ ਸਾਰਾ ਕਿੱਸਾ ਨਹੀਂ ਸੁਣਿਆ ਹੋਣਾ?

ਹਾਂ, ਟਾਮੀ ਜ਼ਰੂਰ ਉਨ੍ਹਾਂ ਨੂੰ ਬਿਸਤਰੇ ਤੇ ਪਏ ਵੇਖ ਕੂੰ ਕੂੰ ਕਰਦਾ ਰਿਹਾ। ਪਰ ਉਸ ਦੀ ਕੂੰ ਕੂੰ ਵਿੱਚ ਜਿਗਿਆਸਾ ਸੀ। ਸ਼ਾਇਦ ਜਾਨਵਰ ਹੋ ਕੇ ਵੀ ਉਸ ਅੰਦਰ ਸੰਵੇਦਨਾ ਬਾਕੀ ਸੀ।

ਇਹ ਗੱਲ ਜ਼ਰੂਰ ਧਿਆਨ ਵਿੱਚ ਆਈ ਕਿ ਟਾਮੀ ਦੀ ਜ਼ੰਜੀਰ ਐਨੀ ਛੋਟੀ ਕਿਉਂ ਹੈ? ਲੰਮੀ ਹੁੰਦੀ ਤਾਂ ਸ਼ਾਇਦ ਉਹ ਉਨ੍ਹਾਂ ਕੋਲ ਪਹੁੰਚ ਉਨ੍ਹਾਂ ਨੂੰ ਆਪਣੇ ਪੰਜਿਆਂ ਨਾਲ ਛੂਹ ਲੈਂਦਾ-ਉੱਠੋ ਮੈਨੂੰ ਸ਼ਾਮ ਵੇਲੇ ਘੁੰਮਾਉਣ ਨਹੀਂ ਲੈ ਜਾਓਗੇ?

ਨਿਲਏ ਨੂੰ ਸਿਖਾ ਕੇ ਭੇਜੀ ਗਈ ਮਿੰਨਤ ਦੇ ਬਾਵਜੂਦ ਉਨ੍ਹਾਂ ਨੇ ਰਾਤ ਨੂੰ ਖਾਣ ਤੋਂ ਮਨ੍ਹਾ ਕਰ ਦਿੱਤਾ।

ਉਸ ਰਾਤ ਆਰਾਮ ਨਾਲ ਸੌਂ ਗਏ, ਹਲਾਂਕਿ ਨੀਂਦਰ ਦੀ ਐਨੀ ਮਿਹਰਬਾਨੀ ਉੱਤੇ ਉਨ੍ਹਾਂ ਨੂੰ ਆਪ ਵੀ ਹੈਰਾਨੀ ਹੋਈ, ਕਿਉਂਕਿ ਉਸ ਸ਼ਾਮ ਦੇ ਹਾਲਾਤ ਮਗਰੋਂ ਇਹ ਮੁਸ਼ਕਿਲ ਵੀ ਲੱਗ ਰਿਹਾ ਸੀ।

ਉਸ ਰਾਤ ਸਵੇਰ ਲਈ ਅਲਾਰਮ ਲਗਾਉਣਾ ਭੁੱਲ ਗਏ ਸਨ। ਪਰ ਨੀਂਦਰ ਠੀਕ ਆਪਣੇ ਸਮੇਂ ਸਿਰ ਖੁਲ੍ਹ ਗਈ, ਜਿਸ ਨਿਯਤ ਸਮੇਂ ਤੇ ਉਹ ਉੱਠਦੇ ਸਨ।

ਬਾਕੀ ਦਿਨਾਂ ਦੀ ਬਜਾਏ ਕਰਨਲ ਸਵਾਮੀ ਮਯੂਰ ਵਿਹਾਰ ਵਾਲੀ ਉਸ ਪੁਲੀ ਤੇ ਪਹਿਲਾਂ ਹੀ ਬੈਠੇ ਦਿੱਸੇ। ਉਨ੍ਹਾਂ ਨੂੰ ਵੇਖ ਕਰਨਲ ਨੇ ਸਵਾਗਤ ਵਿੱਚ ਆਪਣੀਆਂ ਬਾਹਾਂ ਫੈਲਾ ਦਿੱਤੀਆਂ।

“ਵੱਟਸ ਰੋਂਗ?”

“ਲੇਟਸ ਸਿਟ।”

“ਜੀਵਨ ਇੰਜ ਹੀ ਜੀਉਣਾ ਪੈਂਦਾ ਹੈ, ਮਿ. ਸਿੰਘ।” ਕਰਨਲ ਸਵਾਮੀ ਨੇ ਉਨ੍ਹਾਂ ਨੂੰ ਸਮਝਾਉਂਦੇ ਹੋਏ ਅੰਗਰੇਜ਼ੀ ਵਿੱਚ ਕਿਹਾ।

ਬਾਬੂ ਜਸਵੰਤ ਸਿੰਘ ਨੇ ਹਥੇਲੀਆਂ ਨਾਲ ਆਪਣਾ ਮੂੰਹ ਢੱਕ ਲਿਆ। ਉਹ ਕਰਨਲ ਸਾਹਮਣੇ ਬਿਖਰਨਾ ਨਹੀਂ ਚਾਹੁੰਦੇ ਸਨ।

ਕਿੰਨੀ ਪੀੜਾ ਕੋਈ ਝੇਲ ਸਕਦਾ ਹੈ? ਕਰਨਲ ਸਵਾਮੀ ਹੀ ਅਜਿਹਾ ਮਹਿਸੂਸ ਕਰ ਸਕਦੇ ਹਨ ਤੇ ਕਹਿ ਸਕਦੇ ਹਨ। ਅਸਲ ਵਿੱਚ ਅਜਿਹੀ ਉਪੇਖਿਆ ਤੇ ਦੂਸ਼ਣਾਂ ਤੋਂ ਉਹ ਕੋਹੋ ਦੂਰ ਹਨ। ਉਹ ਜਾਣਦੇ ਹੀ ਨਹੀਂ ਹਨ ਕਿ ਬੁੱਢੇ ਦਰਖਤ ਦੇ ਤਣੇ ਉਤੇ ਕਿਵੇਂ ਕੁਹਾੜਾ ਚਲਦਾ ਹੈ। ਨੂੰਹਾਂ, ਪੁੱਤਰਾਂ, ਪੋਤਰੇ-ਪੋਤਰਿਆਂ ਨੇ ਉਨ੍ਹਾਂ ਨੂੰ ਹੱਥਾਂ ਵਿੱਚ ਸਹੇਜ ਕੇ ਰੱਖਿਆ ਹੋਇਆ ਹੈ। ਘਰ ਦੀ ਦੀਵਾਰਾਂ ਬੱਚਿਆਂ ਦੀ ਚਹਿਕ ਨਾਲ ਗੂੰਜਦੀਆਂ ਹਨ। ਇਕ ਉਹ ਹਨ-ਸੁਪਨਿਆਂ ਵਿੱਚ ਹੀ ਦੇਖਦੇ ਰਹੇ ਕਿ ਕਾਨਪੁਰ ਵਾਲੇ ਘਰ ਵਿੱਚ ਉਨ੍ਹਾਂ ਦੇ ਪੋਤਰੇ-ਪੋਤਰੀਆਂ ਹੋ-ਹੱਲਾ ਮਚਾਉਣਗੇ। ਕੰਧਾਂ ਉੱਤੇ ਚਿਤਰ ਬਣਾਉਣਗੇ। ਘਰ ਵਿੱਚ ਉਨ੍ਹਾਂ ਨੂੰ ਖਾਲੀ ਹੱਥ ਆਇਆ ਵੇਖ ਨਾਰਾਜ਼ ਹੋ, ਵਾਪਸ ਬਜ਼ਾਰ ਵੱਲ ਭੱਜਾ ਦੇਣਗੇ...।

ਕਰਨਲ ਸਵਾਮੀ ਨੂੰ ਸਮਝਦਿਆਂ ਦੇਰ ਨਾ ਲੱਗੀ, ਜੋ ਵੀ ਵਾਪਰਿਆਂ ਹੈ ਮਾਮੂਲੀ ਨਹੀਂ। ਉਨ੍ਹਾਂ ਦੇ ਉਚੇਰੇ ਕਦ ਨੂੰ ਹੇਠਾਂ ਸੁੱਟਣ ਦੀ ਕੋਸ਼ਿਸ਼ ਕੀਤੀ ਗਈ ਹੈ। ਬਾਹਰਲਿਆਂ ਵੱਲੋਂ ਠੋਕੀ ਕਿੱਲ ਨਾਲ ਖੱਪਾ ਨਹੀਂ

ਪੈਂਦਾ।

"ਚਲੋ, ਕਿੱਧਰੇ ਜਾ ਕੇ ਬੈਠਦੇ ਹਾਂ। ਸੈਰ ਬਾਅਦ ਵਿੱਚ ਵੀ ਹੋ ਜਾਏਗੀ।"

ਪੰਟੂਨ ਪੁਲ ਤੋਂ ਪਹਿਲਾਂ ਬਨੇਰਾ ਟੱਪ ਕੇ ਹੀ ਦੋਵੇਂ ਜਮੁਨਾ ਕਿਨਾਰੇ ਦੀ ਰੇਤ 'ਤੇ ਜਾ ਬੈਠੇ। ਕਿਨਾਰੇ ਤੇ ਠਹਿਰੇ ਪਾਣੀ ਵਿੱਚ ਗੇਂਦੇ ਦੀਆਂ ਤੈਰਦੀਆਂ ਫੁਲਮਾਲਾਵਾਂ ਅਤੇ ਪੋਲੀਥੀਨ ਦੀਆਂ ਥੈਲੀਆਂ ਤੋਂ ਨਜ਼ਰ ਹਟਾ ਕੇ ਕਰਨਲ ਸਵਾਮੀ ਨੇ ਹੌਲੀ ਜਿਹੇ ਉਨ੍ਹਾਂ ਦੇ ਮੋਢੇ 'ਤੇ ਹੱਥ ਧਰਿਆ।

"ਕੀ ਹੋਇਆ ਮਿੱਤਰਾਂ! ਪਹਿਲਾਂ ਕਦੇ ਐਨਾ ਮਾਯੂਸ ਨਹੀਂ ਦੇਖਿਆ ਤੁਹਾਨੂੰ। ਦੱਸੋ ਭਲਾ ਕੀ ਹੋਇਆ ਹੈ, ਮਨ ਵਿੱਚ ਰੱਖਣ ਨਾਲ ਗੰਢ ਬੱਝ ਜਾਂਦੀ ਹੈ, ਜੋ ਹਮੇਸ਼ਾ ਚੁੱਭਦੀ ਰਹਿੰਦੀ ਹੈ।"

"ਗੰਢ ਖੁਲ੍ਹਣੀ ਬਹੁਤ ਜ਼ਰੂਰੀ ਹੈ, ਖੋਲ੍ਹੋ ਉਸ ਗੰਢ ਨੂੰ।"

ਇਕ ਠੰਡਾ ਸਾਹ ਭਰ ਉਹ ਬੜੀ ਦੇਰ ਚੁੱਪ ਬੈਠੇ ਰਹੇ।

"ਮੇਰੇ ਕਮਰੇ ਦੇ ਸਾਹਮਣੇ ਵਾਲੀ ਬੀ ਬਿਲਡਿੰਗ ਦੀ ਬਾਲਕੋਨੀ ਦੀ ਮਾਲਕਣ ਨੇ ਘਰ ਆ ਕੇ ਸੁਨੈਨਾ ਅੱਗੇ ਸ਼ਿਕਾਇਤ ਕੀਤੀ...।"

"ਉਸ ਦੀ ਅਲ੍ਹੜ ਕੁੜੀ ਨੂੰ ਦੇਖ ਕੇ, ਮੈਂ ਆਪਣਾ ਪਜ਼ਾਮਾ ਉਤਾਰਿਆ ਹੈ।"

ਇਹ ਗੱਲ ਸੁਣਦੇ ਹੀ ਕਰਨਲ ਸਵਾਮੀ ਦੇ ਮੂੰਹੋਂ 'ਆਹ' ਨਿਕਲਿਆ ਤੇ ਉਨ੍ਹਾਂ ਡੂੰਘਾ ਸਾਹ ਭਰਿਆ।

"ਮੈਂ ਅਜਿਹਾ ਕੁਝ ਨਹੀਂ ਕੀਤਾ... ਕਰ ਹੀ ਨਹੀਂ ਸਕਦਾ...।"

ਕਰਨਲ ਸਵਾਮੀ ਨੇ ਉਨ੍ਹਾਂ ਵੱਲ ਦੇਖਦੇ ਹੋਏ ਪੁੱਛਿਆ, "ਗਲਤ ਫਹਿਮੀ ਕਿਵੇਂ ਹੋਈ?"

"ਬਹੁਤ ਸੋਚਿਆ ਮੈਂ। ਯਾਦ ਆਇਆ। ਹੋ ਸਕਦਾ ਹੈ, ਕਮਰੇ ਦੀ ਸਲਾਇਡਿੰਗ ਬਾਰੀਆਂ ਖੁਲ੍ਹੀਆਂ ਰਹਿ ਗਈਆਂ ਹੋਣ। ਬਵਾਸੀਰ ਦੀ ਪੁਰਾਣੀ ਸ਼ਿਕਾਇਤ ਹੈ। ਮੱਸੇ ਉਤੇ ਹਡਿੰਸਾ ਟਿਊਬ ਲਗਾਉਣੀ ਪੈਂਦੀ ਹੈ। ਉਸੇ ਵੇਲੇ...।"

"ਨੂੰਹ ਨੂੰ ਅਸਲੀਅਤ ਨਹੀਂ ਦੱਸੀ?"

" ਉਹ ਕੁਝ ਸੁਨਣ ਨੂੰ ਤਿਆਰ ਹੀ ਨਹੀਂ।"

"ਮੇਰੀ ਮੰਨੋ 'ਤੇ ਮਿ. ਸਿੰਘ, ਤੁਸੀਂ ਆਪ ਗੁਆਂਢੀ ਦੇ ਘਰ ਚਲੇ ਜਾਓ। ਉਸ ਨੂੰ ਜਾ ਕੇ ਸਾਰੀ ਸੱਚਾਈ ਦੱਸ ਦਿਓ। ਵੱਧ ਤੋਂ ਵੱਧ ਤੁਹਾਡਾ ਯਕੀਨ ਨਹੀਂ ਕਰੇਗੀ ਨਾ ਕਰੇ।"

"ਪਰ ਤੁਸੀਂ ਮਨ 'ਤੇ ਬੋਝ ਕਿਉਂ ਰਖੋ?"

"ਨਰਿੰਦਰ ਤੇ ਨੂੰਹ... ਜੇ ਬੁਰਾ ਮੰਨ ਗਏ ਤਾਂ?"

ਅਚਾਨਕ ਬਾਬੂ ਜਸਵੰਤ ਸਿੰਘ ਨੇ ਗੱਲ ਪਲਟ ਕੇ ਕਰਨਲ ਸਵਾਮੀ ਨੂੰ ਅਜੀਬ ਜਿਹਾ ਪ੍ਰਸ਼ਨ ਕੀਤਾ, ਮੌਤ ਦੇ ਵਿਸ਼ੇ ਵਿਚ ਉਹ ਕੀ ਸੋਚਦੇ ਹਨ!"

ਉਨ੍ਹਾਂ ਦੀ ਅਸਥਿਰਤਾ ਨੂੰ ਵੇਖ ਕਰਨਲ ਸਵਾਮੀ ਨੇ ਅਚਾਨਕ ਜ਼ੋਰਦਾਰ ਠਹਾਕਾ ਮਾਰਿਆ ਤੇ ਮਖੌਲ ਦੇ ਅੰਦਾਜ਼ ਵਿੱਚ ਕਿਹਾ-ਅੱਵਲ ਤਾਂ ਉਹ ਮੌਤ ਬਾਰੇ ਸੋਚਦੇ ਹੀ ਨਹੀਂ ਹਨ। ਉਸ ਬਾਰੇ ਸੋਚਣਾ ਜ਼ਰੂਰੀ ਵੀ ਨਹੀਂ। ਮੌਤ ਜਦੋਂ ਆਏਗੀ, ਆ ਜਾਏਗੀ। ਕਿਸੇ ਵੀ ਰੂਪ ਵਿੱਚ ਆਏ, ਆ ਜਾਏਗੀ। ਹਫਤਾ, ਮਹੀਨਾ ਸਾਲ ਰਗੜੇਗੀ, ਜਾਂ ਅਚਾਨਕ ਹੀ ਝੱਪਟਾ ਮਾਰ ਚੁੱਕ ਕੇ ਲੈ ਜਾਏਗੀ। ਪਰ ਕੁਝ ਕਸ਼ਟਮਈ ਦਿਨਾਂ ਦੀ ਕਲਪਨਾ ਵਿੱਚ ਦਿਨ-ਰਾਤ ਅਧਮਰੇ ਹੋ ਕੇ ਜੀਣਾ ਜ਼ਿੰਦਗੀ ਦਾ ਮਜ਼ਾਕ ਉਡਾਣ ਵਰਗਾ ਹੈ।

"ਸਰ, ਲਿਵ ਲਾਈਕ ਸ਼ੇਰ-ਆਪਣੇ ਢੰਗ ਨਾਲ। ਆਪਣੀਆਂ ਸ਼ਰਤਾਂ 'ਤੇ।" ਕਰਨਲ ਸਵਾਮੀ ਨੇ ਉਨ੍ਹਾਂ ਦੇ ਠੰਡੇ ਹੱਥਾਂ ਨੂੰ ਬੜੀ ਨਿੱਘ ਨਾਲ ਆਪਣੀਆਂ ਮੁੱਠੀਆਂ ਵਿੱਚ ਕਸ ਲਿਆ।

ਉਥੋਂ ਦੀ ਉੱਠੇ ਤਾਂ ਸਵੇਰ ਦੇ ਮਦਮਸਤ ਹਵਾ ਤੇ ਫੁੱਲਾਂ ਨੇ ਆਪਣੀ ਰੇਸ਼ਮੀ ਖੁਸ਼ਬੂ ਨਾਲ ਬਾਬੂ ਜਸਵੰਤ ਸਿੰਘ ਨੂੰ ਛੋਹ ਲਿਆ।

ਪੰਟੂਨ ਪੁਲ 'ਤੇ ਇਕੱਲੇ ਸੈਰ ਕਰ ਵਾਪਸ ਮੁੜਦਿਆਂ ਬਾਬੂ ਜਸਵੰਤ ਸਿੰਘ ਨੇ ਮਹਿਸੂਸ ਕੀਤਾ-ਇਕੱਲੇ ਕਿੱਥੇ ਸਨ ਉਹ? ਕਰਨਲ ਸਵਾਮੀ ਉਨ੍ਹਾਂ ਨਾਲ ਹੀ ਸਨ। ਉਨ੍ਹਾਂ ਦੇ ਨਾਲ ਹੀ...।



## ਲੁਕਣ-ਮੀਟੀ

ਘਰ ਅੰਦਰ ਵੜਦੇ ਹੀ ਨਰਿੰਦਰ ਨੇ ਬਾਬੂ ਜੀ ਨੂੰ ਟੋਕਿਆ।

ਉਨ੍ਹਾਂ ਨੂੰ ਮਹਿਸੂਸ ਹੋਇਆ। ਸੈਰ ਕਰਦਿਆਂ ਉਨ੍ਹਾਂ ਨਾਲ ਤੁਰਦੇ ਆ ਰਹੇ ਕਰਨਲ ਸਵਾਮੀ ਉਨ੍ਹਾਂ ਨਾਲ ਨਹੀਂ ਹਨ।

"ਬਾਬੂ ਜੀ, ਤੁਸੀਂ ਆਪਣੀ ਮੰਜ਼ਿਲ ਦੀ ਲਿਫਟ ਖੁਲ੍ਹੀ ਛੱਡ ਦਿੱਤੀ ਸੀ?"

"ਅਸਲ ਵਿੱਚ ਸੈਰ ਲਈ ਨਿਕਲਦੇ ਹੋਏ ਆਪਣਾ ਮਫਲਰ ਲੈਣਾ ਭੁੱਲ ਗਿਆ ਸੀ ਬੇਟਾ। ਕੁਝ ਸੇਕੇਂਡ ਦੀ ਹੀ ਗੱਲ ਸੀ। ਸੋਚਿਆ, ਹੁਣੇ ਮੁੜ ਕੇ ਆ ਹੀ ਰਿਹਾ ਹਾਂ।... ਕੀ ਕਿਸੇ ਨੇ ਕੁਝ ਕਿਹਾ ਹੈ?"

"ਕਹਿਣ-ਸੁਣਨ ਦੀ ਗੱਲ ਛੱਡੋ। ਅੱਗੇ ਤੋਂ ਖਿਆਲ ਰੱਖਣਾ ਬਾਬੂ ਜੀ। ਉਪਰਵਾਲਿਆਂ ਨੂੰ ਪਰੇਸ਼ਾਨੀ ਹੋ ਸਕਦੀ ਹੈ। ਲਿਫਟ ਦਾ ਕੀ ਏ, ਬਟਨ ਦਬਾਓਗੇ, ਮੁੜ ਆ ਜਾਏਗੀ।"

ਬਾਬੂ ਜਸਵੰਤ ਸਿੰਘ ਖ਼ਾਮੋਸ਼ ਹੋ ਗਏ। ਉਨ੍ਹਾਂ ਨੂੰ ਵਾਪਸ ਆਇਆ ਦੇਖ ਖੁਸ਼ੀ ਜਾਹਿਰ ਕਰ ਰਹੇ ਟਾਮੀ ਦੀ ਥਿਰਕਦੀ ਪੂੰਝ ਨੇ ਵੀ ਉਨ੍ਹਾਂ ਨੂੰ ਮੋਹਿਆ ਨਹੀਂ। ਜੁੱਤੇ ਦੇ ਫੀਤੇ ਖੋਲ੍ਹਦਿਆਂ ਉਹ ਮਨ ਹੀ ਮਨ ਬੁੜਬੁੜ ਕਰਨ ਲੱਗ ਪਏ। ਜਿਸ ਨੂੰ ਵੇਖੋ ਉਹੀ ਉਨ੍ਹਾਂ ਵੱਲ ਨਿਸ਼ਾਨਾ ਮਾਰਦਾ ਨਜ਼ਰ ਆਉਂਦਾ ਹੈ। ਇਕ-ਅੱਧ ਮਿੰਟ ਦੇਰ ਨਾਲ ਲਿਫਟ ਪਹੁੰਚੀ ਤਾਂ ਕਿਹੜੀ ਆਫਤ ਆ ਗਈ?

ਇਸ ਘਰ ਵਿੱਚ ਬੱਚਿਆਂ ਦੀ ਕੋਈ ਸ਼ਿਕਾਇਤ ਨਹੀਂ ਆਉਂਦੀ। ਬੁੱਢਿਆਂ ਦੀ ਆਉਂਦੀ ਹੈ। ਇਸ ਸੁਸਾਇਟੀ ਦੇ ਲੋਕ ਸ਼ਾਇਦ ਕਦੇ ਬੁੱਢੇ ਨਹੀਂ ਹੋਣਗੇ। ਨਾ ਉਨ੍ਹਾਂ ਦੀ ਹਿੰਮਤ ਘੱਟੇਗੀ ਤੇ ਨਾ ਹੀ ਯਾਦਦਾਸ਼ਤ ਕਮਜ਼ੋਰ ਹੋਏਗੀ। ਅਜਿਹੇ ਅਮਰ ਹੋਣ ਦਾ ਪੱਟਾ ਲਿਖਵਾ ਕੇ ਲਿਆਏ ਹਨ ਕਿ ਇਨ੍ਹਾਂ ਨੂੰ ਨਾ ਕਦੇ ਕੋਈ ਕਸ਼ਟ ਸਤਾਏਗਾ ਤੇ ਨਾ ਹੀ ਬਿਮਾਰੀ।

"ਨਰਿੰਦਰ ਨੂੰ ਸ਼ਿਕਾਇਤ ਕੀਤੀ ਹੋਣੀ ਹੈ, ਤਾਂ ਹੀ ਉਸ ਨੂੰ ਪਤਾ ਲੱਗਾ ਹੈ।"

ਬੁੜਬੁੜ ਨਹੀਂ ਕੀਤੀ ਉਨ੍ਹਾਂ ਨੇ, ਜਾਣਬੁਝ ਕੇ ਉੱਚੀ ਆਵਾਜ਼ ਕਰਕੇ ਉਨ੍ਹਾਂ ਸੁਣਾਇਆ, "ਕਿਸੇ ਨੂੰ ਸੁਪਨਾ ਥੋੜਾ ਆਇਆ ਹੋਣਾ ਹੈ।"

ਜਿੱਥੋਂ ਤਕ ਬਾਬੂ ਜੀ ਨੂੰ ਉਸ ਦੀ ਰੁਟੀਨ ਦੀ ਜਾਣਕਾਰੀ ਹੈ, ਉਨ੍ਹਾਂ ਨੂੰ ਪਤਾ ਹੈ ਕਿ ਜਦੋਂ ਦੇ ਉਹ ਆਏ ਹਨ, ਉਹਦੇ ਰੋਜ਼ ਸਵੇਰ ਦੀ ਚਾਹ ਪੀਂਦੇ ਹੋਏ ਕੰਪਿਊਟਰ ਅੱਗੇ ਬੈਠ ਕੇ 'ਈ-ਮੇਲ' ਤੇ ਆਪਣੀ ਡਾਕ ਦੇਖ ਰਿਹਾ ਹੁੰਦਾ ਹੈ ਤੇ ਉਨ੍ਹਾਂ ਦੇ ਜਵਾਬ ਭੇਜਦਾ ਹੈ। ਵਿਦੇਸ਼ਾਂ ਵਿੱਚ ਨੌਕਰੀ ਕਰਨ ਵਾਲੇ ਆਪਣੇ ਮਿੱਤਰਾਂ ਨਾਲ ਉਸ ਦਾ ਸੰਪਰਕ ਲਗਾਤਾਰ ਬਣਿਆ ਹੋਇਆ ਹੈ। ਸ਼ਾਲੂ ਨੇ ਉੱਡਦੇ-ਉੱਡਦੇ ਜ਼ਿਕਰ ਕੀਤਾ ਸੀ ਕਿ ਨਰਿੰਦਰ ਅਮਰੀਕਾ ਦੀ ਕਿਸੇ ਵੱਡੀ ਕੰਪਨੀ ਵਿੱਚ ਆਪਣੀ ਨੌਕਰੀ ਲਈ ਜਤਨ ਕਰ ਰਿਹਾ ਹੈ। ਆਈ. ਆਈ. ਟੀ. ਦੇ ਉਸ ਦੇ ਬੈਚ ਦੇ ਜ਼ਿਆਦਾਤਰ ਮਿੱਤਰ ਵਿਦੇਸ਼ਾਂ ਵਿੱਚ ਐਸ਼ੋ-ਆਰਾਮ ਦੀ ਜ਼ਿੰਦਗੀ ਬਿਤਾਉਂਦੇ ਹੋਏ ਲੱਖਾਂ ਰੁਪਏ ਤਨਖਾਹਾਂ ਦੇ ਰੂਪ ਵਿੱਚ ਲੈ ਰਹੇ ਹਨ। ਬਦਕਿਸਮਤ ਨਾਲ ਸਿਰਫ ਉਹੀ ਪਿਛੜਿਆ ਹੋਇਆ ਹੈ। ਹੁਣ ਹੋਰ ਪਿਛੜਨਾ ਨਹੀਂ ਚਾਹੁੰਦਾ।

ਇਹ ਤਾਂ ਬਾਬੂ ਜੀ ਦੀ ਭਲਮਾਨਸੀ ਸੀ ਕਿ ਉਨ੍ਹਾਂ ਨੇ ਸੱਚਾਈ ਬਗੈਰ ਕਿਸੇ ਨਾ-ਨੁਕਰ ਦੇ ਕਬੂਲ ਲਈ ਸੀ, ਨਹੀਂ ਤਾਂ ਲਿਫਟ ਦੀ ਸਵੇਰੇ-ਸਵੇਰੇ ਜਿਹੜੀ ਐਸੀ ਤੈਸੀ ਹੁੰਦੀ ਹੈ, ਉਹ ਨਰਿੰਦਰ ਨੂੰ ਕੀ ਪਤਾ। ਪਤਾ ਹੋ ਵੀ ਨਹੀਂ ਸਕਦਾ। ਐਨੀ ਸਵੇਰੇ ਉਥੋਂ ਉੱਠ ਹੀ ਨਹੀਂ ਸਕਦਾ। ਸਵੇਰੇ ਅਖਬਾਰ ਪਾਉਣ ਵਾਲੇ, ਦੁੱਧ ਦੀਆਂ ਥੈਲੀਆਂ ਪਹੁੰਚਾਉਣ ਵਾਲੇ, ਘਰ ਵਿੱਚ ਕੰਮ ਕਰਨ ਵਾਲੀਆਂ ਮਾਈਆਂ, ਗੱਡੀਆਂ ਨੂੰ ਧੋਣ ਲਈ ਗੱਡੀ ਦੀਆਂ ਚਾਬੀਆਂ ਲੈਣ ਵਾਲੇ ਮੁੰਡੇ ਹੀ ਲਿਫਟ ਨੂੰ ਇਸਤੇਮਾਲ ਕਰਦੇ ਹਨ। ਅੱਖਾਂ ਖੁਲ੍ਹਦੇ ਹੀ ਸਾਰਿਆਂ ਨੂੰ ਅਖਬਾਰ ਚਾਹੀਦੀ ਹੁੰਦੀ ਹੈ ਤੇ ਅਖਬਾਰ-ਵਾਲੇ ਇਸ ਗੱਲ ਨੂੰ ਬਖੂਬੀ ਜਾਣਦੇ ਹਨ। ਉਹ ਜਿਸ ਵੀ ਮੰਜ਼ਿਲ ਤੇ ਜਾਂਦੇ ਹਨ, ਲਿਫਟ ਉਥੇ ਹੀ ਰੋਕ ਕੇ ਰਖਦੇ ਹਨ। ਦੁੱਧ ਦੀਆਂ ਥੈਲੀਆਂ ਵਾਲੇ ਵੀ ਇਹੀ ਕਰਦੇ ਹਨ। ਨੌਕਰ-ਨੌਕਰਾਣੀਆਂ ਦਾ ਤਾਂ ਲਿਫਟ ਉਤੇ ਵੈਸੇ ਵੀ ਰਾਜ ਰਹਿੰਦਾ ਹੈ। ਨਰਿੰਦਰ ਨੂੰ ਇਸ ਗੱਲ ਦਾ ਇਲਮ ਨਹੀਂ ਕਿ ਕਈ ਵਾਰ ਘੰਟੀ ਵਜਾ-ਵਜਾ ਕੇ ਥੱਕ ਜਾਣ ਤੇ ਉਹ ਲਿਫਟ ਦਾ ਮੋਹ ਛੱਡ ਪੌੜੀਆਂ ਹੀ ਉਤਰਨ ਲੱਗਦੇ ਹਨ। ਟਾਮੀ ਨੂੰ ਉਨ੍ਹਾਂ ਦਾ ਪੌੜੀਆਂ ਉਤਰਨਾ ਚੰਗਾ ਨਹੀਂ ਲੱਗਦਾ। ਉਹ

ਲਿਫਟ ਕੋਲੋਂ ਪਰ੍ਹੇ ਹੱਟਣ ਲਈ ਤਿਆਰ ਹੀ ਨਹੀਂ ਹੁੰਦਾ। ਉਪਰੋਂ ਸੁਸਾਇਟੀ ਵਾਲੇ ਵੀ ਬੜੇ ਅਜੀਬ ਹਨ। ਬੁੱਢਿਆਂ ਉਤੇ ਹੀ ਗੁੱਸਾ ਨਿਕਲਦਾ ਹੈ। ਇਸ ਗੱਲ ਵੱਲ ਧਿਆਨ ਨਹੀਂ ਦੇਂਦੇ ਕਿ ਲਿਫਟ ਦੀ ਲੋੜ ਜਵਾਨਾਂ ਤੋਂ ਵੱਧ ਬੁੱਢਿਆਂ ਨੂੰ ਹੁੰਦੀ ਹੈ। ਨੌਕਰਾਂ ਤੋਂ ਵੱਧ ਮਾਲਕਾਂ ਨੂੰ। ਹਾਲਾਂਕਿ ਉਨ੍ਹਾਂ ਨੂੰ ਇੰਜ ਸੋਚਣਾ ਨਹੀਂ ਚਾਹੀਦਾ। ਆਖਿਰ ਉਹ ਵੀ ਇਨਸਾਨ ਹਨ। ਪਰ ਇਹ ਵੀ ਸੱਚ ਹੈ ਕਿ ਉਨ੍ਹਾਂ ਨੇ ਤਾਂ ਕਦੇ ਇਸ ਗੱਲ ਦੀ ਸ਼ਿਕਾਇਤ ਨਾ ਕਦੇ ਘਰ ਵਿੱਚ ਕੀਤੀ ਹੈ ਤੇ ਸੁਸਾਇਟੀ ਵਾਲਿਆਂ ਨੂੰ ਕਿ ਉਨ੍ਹਾਂ ਨੂੰ ਅਕਸਰ ਲਿਫਟ ਸਵੇਰੇ ਉਨ੍ਹਾਂ ਨੂੰ ਘੱਟ-ਵੱਧ ਹੀ ਮਿਲਦੀ ਹੈ।

ਗੁੱਸੇ ਦੇ ਬਾਵਜੂਦ ਬਾਬੂ ਜੀ ਨੂੰ ਲੱਗਾ ਕਿ ਹੋ ਸਕਦਾ ਹੈ ਕਿ ਉਨ੍ਹਾਂ ਦਾ ਅਜਿਹਾ ਸੋਚਣਾ ਇਕ ਤਰਫਾ ਹੀ ਹੋਵੇ। ਲੋਕ ਗੌਰ ਕਿਸ ਤਰ੍ਹਾਂ ਕਰਨ? ਉਨ੍ਹਾਂ ਨੂੰ ਸੁਸਾਇਟੀ ਵਿੱਚ ਬੁੱਢੇ ਹੀ ਘੱਟ ਨਜ਼ਰ ਆਉਂਦੇ ਹੋਣਗੇ।

ਕਰਨਲ ਸਵਾਮੀ ਨਾਲ ਮੁਲਕਾਤ ਹੋਣ ਤੋਂ ਪਹਿਲਾਂ ਉਹ ਆਪਣੀ ਤਾਂ ਆਉਂਦੇ-ਜਾਂਦੇ ਆਪਣੇ ਹਮਉਮਰ ਲੋਕਾਂ ਨੂੰ ਲੱਭਦੇ ਰਹੇ ਸਨ? 'ਸੀ' ਬਿਲਡਿੰਗ ਦੇ ਮਿ. ਭੱਟ ਦੇ ਇਲਾਵਾ ਉਨ੍ਹਾਂ ਨੂੰ ਕੋਈ ਦੂਸਰਾ ਬੁੱਢਾ ਆਪਣੇ ਸਿਵਾਏ ਨਜ਼ਰ ਨਹੀਂ ਆਇਆ ਸੀ? ਮਿ. ਭੱਟ ਨਾਲ ਵੀ ਅਕਸਰ ਸ਼ਾਮ ਵੇਲੇ ਹੀ ਦੁਆ-ਸਲਾਮ ਹੁੰਦੀ ਸੀ। ਉਨ੍ਹਾਂ ਤੋਂ ਹੀ ਪਤਾ ਲੱਗਾ ਸੀ ਕਿ ਸਵੇਰ ਦੀ ਸੈਰ ਉਨ੍ਹਾਂ ਨੂੰ ਮਾਫਿਕ ਨਹੀਂ ਆਉਂਦੀ। ਠੰਡ ਵਿੱਚ ਤਾਂ ਬਿਲਕੁਲ ਹੀ ਨਹੀਂ। ਉਹ ਸ਼ਾਮ ਵੇਲੇ ਹੀ ਘੁੰਮਣ ਨਿਕਲਦੇ ਹਨ। ਉਨ੍ਹਾਂ ਦੀ ਸ਼ਾਮ ਚਾਰ ਵਜੇ ਹੀ ਸ਼ੁਰੂ ਹੋ ਜਾਂਦੀ ਹੈ। ਘੁੰਮਣ ਉਹ ਨੇੜੇ ਵਾਲੇ ਵੱਡੇ ਪਾਰਕ ਵਿੱਚ ਹੀ ਜਾਂਦੇ ਹਨ। ਦੂਰ ਨਹੀਂ ਜਾ ਪਾਉਂਦੇ। ਖਤਰੇ ਤੋਂ ਖਾਲੀ ਵੀ ਨਹੀਂ। ਖਤਰਾ ਚੁੱਕਣ ਹੀ ਕਿਉਂ?

ਮਿ. ਭੱਟ ਨੇ ਉਨ੍ਹਾਂ ਨੂੰ ਹੋਰ ਜਾਣਕਾਰੀ ਦਿੱਤੀ ਕਿ ਬਹੁਤ ਪਹਿਲੇ ਨੇੜੇ-ਤੇੜੇ ਦੀਆਂ ਸੁਸਾਇਟੀਆਂ ਦੇ ਬੁੱਢਿਆਂ ਨੇ ਮਿਲ ਕੇ (ਕਲਾ ਵਿਹਾਰ, ਮਾਨਸ, ਨਿਰਮਾਣ, ਵਰਧਮਾਨ, ਸਮਾਚਾਰ, ਕੀਰਤੀ ਆਦਿ) ਇਕ ਲਾਫਿੰਗ ਕਲੱਬ' ਬਣਾਇਆ ਸੀ, ਤਾਂ ਕਿ ਸਿਹਤ ਠੀਕ ਰਹਿ ਸਕੇ। ਸਵੇਰੇ ਅੱਠ ਵਜੇ ਸਾਰੇ ਬੁੱਢੇ ਪਾਰਕ ਵਿੱਚ ਇਕੱਠੇ ਹੋ ਜਾਂਦੇ ਤੇ ਇਕੱਠੇ ਮਿਲ, ਖੁਲ੍ਹ ਕੇ ਠਹਾਕੇ ਮਾਰਨ ਦਾ ਅਭਿਆਸ ਕਰਦੇ। ਦੋ-ਢਾਈ ਮਹੀਨੇ ਬੁੱਢਿਆਂ ਦਾ ਲਾਫਿੰਗ ਕਲੱਬ ਜ਼ੋਰ-ਸ਼ੋਰ ਨਾਲ ਚਲਿਆ। ਪਾਰਕ ਵਿੱਚ ਸਵੇਰ ਦੀ ਸੈਰ ਕਰਨ ਵਾਲੇ ਜਵਾਨਾਂ ਨੂੰ ਢਿੱਲੀ ਲਟਕੀ ਚਮੜੀ ਤੇ ਨਕਲੀ ਬੱਤੀਸੀ ਵਾਲੇ ਬੁੱਢਿਆਂ ਦਾ ਦਾਨਵੀ ਹਾਸਾ ਹਾ... ਹਾ... ਹਾ... ਬਰਦਾਸ਼ਤ ਨਹੀਂ ਹੋਇਆ। ਉਨ੍ਹਾਂ ਦਾ ਤਰਕ ਸੀ ਉਨ੍ਹਾਂ ਨੂੰ ਬੁੱਢਿਆਂ ਦੇ ਹਾਸੇ-ਠਹਾਕੇ ਘੱਟ ਤੇ ਚੀਕਾਂ ਵੱਧ ਪ੍ਰਤੀਤ ਹੁੰਦੀਆਂ ਹਨ। ਉਹ ਆਖਿਰ ਕਦ ਤਕ ਮਨਹੂਸੀਅਤ ਝੇਲਦੇ? ਵਿਰੋਧ ਹੋਣਾ ਸ਼ੁਰੂ ਹੋ ਗਿਆ। ਹੱਸਣਾ ਹੈ ਤੇ ਜਾ ਕੇ ਆਪਣੇ ਘਰਾਂ ਵਿੱਚ ਹੱਸੋ। ਪਾਰਕ ਪਬਲਿਕ ਸਥਾਨ ਹੈ। ਕਲ੍ਹ ਨੂੰ ਇਹ ਲੋਕ ਮਿਲ ਕੇ ਰੋਣਾ ਸ਼ੁਰੂ ਕਰ ਦੇਣਗੇ ਕਿ ਰੋਣਾ ਸਿਹਤ ਲਈ ਫਾਇਦੇਮੰਦ ਹੈ, ਆਖਿਰ ਉਹ ਇਹ ਸਭ ਕਿਵੇਂ ਬਰਦਾਸਤ ਕਰਨਗੇ। ਬੁੱਢੇ ਡਰ ਗਏ। ਅਗਲੀ ਸਵੇਰ ਉਹ ਮਿਲੇ ਜ਼ਰੂਰ, ਪਰ ਹੱਸੇ ਨਹੀਂ।

ਜਵਾਨ ਲੋਕਾਂ ਦੀ ਗੱਲ ਟਾਲਣੀ ਮੁਸ਼ਕਿਲ ਨਹੀਂ। ਇਸ ਲਈ ਉਨ੍ਹਾਂ ਦਾ ਲਾਫਿੰਗ ਕਲੱਬ ਸਤਿਸੰਗ ਵਿੱਚ ਬਦਲ ਗਿਆ। ਪ੍ਰੋਗਰਾਮ ਬਦਲਣ ਨਾਲ ਸਮਾਂ ਵੀ ਬਦਲ ਗਿਆ। ਢਲਦੀ ਦੁਪਹਿਰ ਵੇਲੇ ਪਾਰਕ ਸੁੰਨਸਾਨ ਹੁੰਦਾ ਹੈ। ਹੁਣ ਕਿਸੇ ਦੀ ਜੇਬ੍ਹ ਵਿੱਚ ਟੇਪਰਿਕਾਰਡ ਨਿਕਲਦਾ ਹੈ ਤੇ ਉਸ ਉੱਤੇ ਆਸਾਰਾਮ ਬਾਪੂ ਦਾ ਕੈਸੇਟ ਲੱਗਾ ਦਿੱਤਾ ਜਾਂਦਾ ਹੈ।

ਬੁੱਢੇ ਲੋਕ ਪ੍ਰਵਚਨ ਸੁਣਦੇ ਅਤੇ ਮਾਇਆ-ਮੋਹ ਤੋਂ ਮੁਕਤ ਹੋਣ ਦੀ ਕੋਸ਼ਿਸ਼ ਕਰਦੇ।

ਆਸਾ ਰਾਮ ਬਾਪੂ ਦਾ ਪ੍ਰਵਚਨ ਸੁਣਦੇ-ਸੁਣਦੇ ਕੁਝ ਬੁੱਢੇ ਪਰਲੋਕ ਸਿਧਾਰ ਚੁੱਕੇ ਹਨ। ਉਨ੍ਹਾਂ ਦੀ ਥਾਂ ਤੇ ਨਵੇਂ ਬੁੱਢੇ ਆ ਰਲੇ ਤੇ ਕੁਝ ਰਿਟਾਇਡ ਹੋਣ ਵਾਲੇ ਤਾਜਾਤਰੀਨ ਬੁੱਢੇ ਵੀ ਇਸ ਵਿੱਚ ਸ਼ਾਮਿਲ ਹੁੰਦੇ ਰਹਿਣਗੇ।

"ਅਸੀਂ ਵੀ ਆਪਣੀ ਵਾਰੀ ਦੇਖ ਰਹੇ ਹਾਂ ਮਿਸਟਰ ਸਿੰਘ। ਜਦੋਂ ਉਪਰ ਵਾਲੇ ਦਾ ਬੁਲਾਵਾ ਆ ਜਾਏ। ਮਿਸਟਰ ਭੱਟ ਨੇ ਆਸਾਮਾਨ ਵੱਲ ਹੱਥ ਇੰਜ ਚੁੱਕੇ, ਜਿਵੇਂ ਪ੍ਰਮਾਤਮਾ ਵੱਲ ਇਸ਼ਾਰਾ ਕਰਕੇ ਮੌਤ ਦੀ ਦੁਆ ਮੰਗ ਰਹੇ ਹੋਣ।

ਮਿ. ਭੱਟ ਜਦੋਂ ਵੀ ਬਾਬੂ ਜਸਵੰਤ ਸਿੰਘ ਨੂੰ ਟਕਰਾਉਂਦੇ, ਉਨ੍ਹਾਂ ਨੂੰ ਸੱਦਾ ਦੇਣਾ ਨਾ ਭੁੱਲਦੇ ਕਿ ਕਦੇ ਉਨ੍ਹਾਂ ਦੀ ਬੈਠਕ ਵਿੱਚ ਜ਼ਰੂਰ ਆਉਣ...। ਕਹਿਣ ਤਾਂ ਉਹ ਉਨ੍ਹਾਂ ਨੂੰ ਘਰੋਂ ਵੀ ਆ ਕੇ ਲੈ ਜਾਣਗੇ।



ਪਰ ਅੰਦਰੋ ਦਿਲ ਡਰ ਗਿਆ।

ਦੁਨੀਆਦਾਰ ਹੋਣ ਕਾਰਣ ਉਨ੍ਹਾਂ ਸੁਸਾਇਟੀ ਦੇ ਲੋਕਾਂ ਨਾਲ ਬਹੁਤ ਮੇਲ-ਜੋਲ ਵਧਾਉਣਾ ਠੀਕ ਨਾ ਸਮਝਿਆ। ਪਤਾ ਨਹੀਂ ਕਦੋਂ ਦੁੱਖੀ ਦਿਲ ਆਪਣੇ ਦੁੱਖ ਫਰੋਲਣ ਲੱਗ ਪਏ ਤੇ ਗੱਲ ਸੁਨੈਨਾ ਦੇ ਕੰਨਾਂ ਤਕ ਜਾ ਪਹੁੰਚੈ। ਉਨ੍ਹਾਂ ਦਾ ਕੋਰਟ ਮਾਰਸ਼ਲ ਹੁੰਦੇ ਦੇਰ ਨਹੀਂ ਲੱਗੇਗੀ?

ਚਾਹ ਵਿੱਚ ਨੀਂਬੂ ਐਨਾ ਪਾ ਦਿੱਤਾ ਕਿ ਘੁੱਟ ਭਰਨਾ ਹੀ ਔਖਾ ਹੋ ਗਿਆ। ਲੱਗਦਾ ਹੈ, ਫਰਿਜ ਵਿੱਚ ਨੀਬੂੰ ਕਾਫੀ ਤਾਦਾਦ ਵਿੱਚ ਮੌਜੂਦ ਹਨ। ਨਰਿੰਦਰ ਦੀ ਮਾਂ ਨੇ ਅਜਿਹੀ ਲਾਪ੍ਰਵਾਹੀ ਕੀਤੀ ਹੁੰਦੀ ਤਾਂ ਬਾਬੂ ਜੀ ਨੇ ਚਾਹ ਚੁੱਕ ਕੇ ਨਾਲੀ ਵਿੱਚ ਸੁੱਟ ਦਿੱਤੀ ਹੁੰਦੀ। ਉਬਲਦੇ ਪਾਣੀ ਵਿੱਚ ਪਾਈ ਪੱਤੀ ਜਦੋਂ ਤਕ ਆਪਣਾ ਰੰਗ ਨਾ ਛੱਡ ਦੇਂਦੀ ਤੇ ਉਸੇ ਅੰਦਾਜ ਨਾਲ ਪਿਆ ਨੀਬੂੰ ਦਾ ਰਸ ਉਸ ਨੂੰ ਸੁਨਹਿਰੀ ਰੰਗਤ ਨਾ ਦੇਂਦਾ ਤਾਂ ਚਾਹ ਉਨ੍ਹਾਂ ਦੇ ਸੰਘੋਂ ਨਾ ਲਹਿੰਦੀ। ਸੁਘੜ ਸੱਸ ਤੋਂ ਕੁਝ ਵੀ ਨਹੀਂ ਸਿੱਖਿਆ ਸੀ ਸੁਨੈਨਾ ਨੇ। ਇਕ ਗੁਣ ਵਿੱਚ ਉਹ ਬੇਜੋੜ ਹੈ-ਨਰਿੰਦਰ ਨੂੰ ਆਪਣੇ ਪੱਲੇ ਨਾਲ ਬੰਨ੍ਹ ਕੇ ਰੱਖਣ ਵਿੱਚ।

ਇਸ ਖੱਟੀ ਚਾਹ ਨਾਲ ਇਕ ਬੇਸਵਾਦ ਪ੍ਰਸੰਗ ਹੋਰ ਯਾਦ ਆ ਗਿਆ। ਉਨ੍ਹਾਂ ਨੂੰ ਅਜੇ ਵੀ ਇਹੀ ਵਿਸ਼ਵਾਸ ਹੈ ਕਿ ਨਰਿੰਦਰ ਦਾ ਦਿਮਾਗ਼ ਘੁੰਮਾਉਣ ਵਿੱਚ ਸੁਨੈਨਾ ਦੇ ਇਸੇ ਬੇਜੋੜ ਗੁਣ ਦਾ ਹੀ ਹੱਥ ਹੈ।

ਨਰਿੰਦਰ ਨੇ ਬਹੁਤ ਪਹਿਲਾਂ ਕਿਹਾ ਸੀ-ਬਾਬੂ ਜੀ ਅਤੇ ਮਾਂ ਦੀ ਬਦਰੀ ਨਾਥ ਅਤੇ ਕੇਦਾਰਨਾਥ ਜਾਣ ਦੀ ਇੱਛਾ ਉਹ ਜ਼ਰੂਰ ਪੂਰੀ ਕਰੇਗਾ। ਉਨ੍ਹਾਂ ਦੇ ਬਿਨਾਂ ਉਹ ਆਪ ਕਦੇ ਕੇਦਾਰਨਾਥ ਦੇ ਦਰਸ਼ਨ ਕਰਨ ਨਹੀਂ ਜਾਏਗਾ। ਰੁਝੇਵੇਂ ਦੀ ਭੱਜ ਦੌੜ ਵਿੱਚ ਉਸ ਨੂੰ ਸਿਰਫ ਹਫਤੇ ਦੀ ਵੀ ਫੁਰਸਤ ਨਹੀਂ ਮਿਲੀ। ਨਰਿੰਦਰ ਨੂੰ ਫੁਰਸਤ ਮਿਲੀ ਨਹੀਂ ਤੇ ਨਰਿੰਦਰ ਦੀ ਮਾਂ ਅਚਾਨਕ ਧੋਖਾ ਦੇ ਗਈ।

ਫੁਰਸਤ ਮਿਲਦੇ ਹੀ ਨਰਿੰਦਰ ਨੇ ਉਨ੍ਹਾਂ ਨੂੰ ਸੂਚਨਾ ਦਿੱਤੀ। ਸਿਤੰਬਰ ਦੀ ਗੱਲ ਹੈ। ਦੋਸਤਾਂ ਨਾਲ ਅਚਾਨਕ ਹੀ ਉਸ ਦਾ ਕੇਦਾਰਨਾਥ ਜਾਣ ਦਾ ਪ੍ਰੋਗਰਾਮ ਬਣ ਗਿਆ ਹੈ। ਆਪਣੀ ਗੱਡੀ ਵਿੱਚ ਸਾਰੇ ਦੋਸਤ ਪਰਿਵਾਰਾਂ ਸਮੇਤ ਜਾਣਗੇ। ਬੱਚਿਆਂ ਦੀ ਛੁੱਟੀ ਲੈਣੀ ਪਏਗੀ।

ਦੋਸਤਾਂ-ਮਿੱਤਰਾਂ ਦੇ ਬੇਹੱਦ ਜ਼ੋਰ ਪਾਉਣ ਕਾਰਣ ਉਸ ਨੂੰ ਉਨ੍ਹਾਂ ਦੀ ਸਲਾਹ ਮੰਨਣੀ ਪੈ ਰਹੀ ਹੈ। ਇਸ ਉਮਰ ਵਿੱਚ ਉਨ੍ਹਾਂ ਨੂੰ ਕੇਦਾਰਨਾਥ ਲੈ ਜਾਣਾ ਖਤਰੇ ਤੋਂ ਖਾਲੀ ਨਹੀਂ। ਬਦਰੀਨਾਥ ਤਕ ਸਿੱਧੀ ਗੱਡੀ ਜਾਂਦੀ ਹੈ। ਕੋਈ ਦਿੱਕਤ ਨਹੀਂ। ਮੁਸ਼ਕਿਲ ਸਿਰਫ ਕੇਦਾਰਨਾਥ ਜਾਣ ਵੇਲੇ ਆਉਂਦੀ ਹੈ। ਤੇਰ੍ਹਾਂ ਕਿਲੋਮੀਟਰ ਦੀ ਕਠਿਨ ਚੜਾਈ ਕੋਈ ਮਜ਼ਾਕ ਨਹੀਂ। ਉੱਪਰ ਪਹੁੰਚਣ 'ਤੇ ਆਕਸੀਜਨ ਦੀ ਸਮੱਸਿਆ। ਹੱਡ ਤੋੜਦੀ ਠੰਡ ਵਿੱਚ ਜੇ ਮੀਂਹ ਪੈ ਗਿਆ ਤਾਂ ਨਿਮੋਨੀਆ ਪੱਕਾ ਹੀ ਹੈ। ਐਮਰਜੈਂਸੀ ਪੈਣ ਤੇ ਕੇਦਾਰਨਾਥ ਵਿੱਚ ਇਲਾਜ ਦੀ ਕੋਈ ਸਹੂਲਤ ਨਹੀਂ ਹੈ। ਹਾਦਸੇ ਅਕਸਰ ਹੁੰਦੇ ਹੀ ਰਹਿੰਦੇ ਹਨ। ਕਿਸੇ ਬਜ਼ੁਰਗ ਨੂੰ ਪਾਲਕੀ ਵਿੱਚ ਚੁੱਕੇ ਹਜ਼ਾਰਾਂ ਫੁੱਟ ਡੂੰਘੇ ਖੱਡ ਵਿੱਚ ਡਿੱਗਣ ਦੇ ਕਿੱਸੇ ਅਕਸਰ ਸੁਣਨ ਨੂੰ ਮਿਲਦੇ ਹਨ। ਲਾਸ਼ਾ ਤਾਂ ਮਿਲਦੀਆਂ ਹੀ ਨਹੀਂ। ਉਨ੍ਹਾਂ ਨੂੰ ਇੱਥੇ ਇਕੱਲੇ ਰਹਿਣ ਵਿੱਚ ਕੋਈ ਪਰੇਸ਼ਾਨੀ ਨਹੀਂ ਹੋਏਗੀ। ਦਫਤਰ ਦੇ ਭਰੋਸੇਮੰਦ ਚਪੜਾਸੀ ਨਾਲ ਸਾਰੀ ਗੱਲ ਹੋ ਗਈ ਹੈ।

ਇਕ ਹਫਤਾ ਉਸ ਦਾ ਗਭਰੂ ਭਰਾ ਸ਼ਿਆਮ ਨਾਰਾਇਣ ਚੌਵੀਂ ਘੰਟੇ ਉਨ੍ਹਾਂ ਨਾਲ ਹੀ ਰਹੇਗਾ। ਗੈਸ 'ਤੇ ਖਾਣਾ ਬਣਾਉਣ ਵਿੱਚ ਉਸਤਾਦ ਹੈ। ਪਿਕਨਿਕ ਆਦਿ ਦੇ ਪ੍ਰਬੰਧ ਦੇ ਪ੍ਰੋਗਰਾਮ ਵਾਲੇ ਰਸੋਈਏ ਦੇ ਤੌਰ 'ਤੇ ਸ਼ਿਆਮ ਨਾਰਾਇਣ ਨੂੰ ਹੀ ਨਾਲ ਲੈ ਕੇ ਜਾਂਦੇ ਹਨ।

ਕਲੈਂਡਰ 'ਤੇ ਡਾਕਟਰ ਅਨੁਰਾਗ ਚਤੁਰਵੇਦੀ ਦੇ ਘਰ ਅਤੇ ਕਲੀਨਿਕ ਦਾ ਨੰਬਰ ਲਿਖ ਕੇ ਸਮਝਾ ਦਿੱਤਾ। ਰਾਤ ਬਰਾਤੇ ਲੋੜ ਪੈ ਜਾਣ 'ਤੇ ਉਨ੍ਹਾਂ ਨੂੰ ਫੌਰਨ ਬੁਲਾ ਲੈਣਾ। ਡਾਕਟਰ ਅਨੁਰਾਗ ਨੂੰ ਨਰਿੰਦਰ ਆਪ ਵੀ ਕਹਿ ਜਾਏਗਾ ਕਿ ਬਾਬੂ ਜੀ ਨੂੰ ਉਹ ਉਸ ਦੇ ਭਰੋਸੇ ਹੀ ਛੱਡ ਕੇ ਜਾ ਰਿਹਾ ਹੈ।

"ਫਿਰ ਵੀ ਤੁਹਾਡੀ ਜੋ ਮਰਜ਼ੀ ਹੋਵੇ, ਉਹ ਦੱਸੋ?

ਸਿਰ ਤੋਂ ਲੈ ਕੇ ਪੈਰਾਂ ਤਕ ਅੱਗ ਲੱਗ ਗਈ ਬਾਬੂ ਜਸਵੰਤ ਸਿੰਘ ਨੂੰ।

ਪ੍ਰੋਗਰਾਮ ਤੈਅ ਕਰ ਲੈਣ ਮਗਰੋਂ ਉਨ੍ਹਾਂ ਤੋਂ ਉਨ੍ਹਾਂ ਦੀ ਮਰਜ਼ੀ ਪੁੱਛੀ ਜਾ ਰਹੀ ਹੈ। ਉਹ ਵੀ ਮੂੰਹ ਬੰਦ ਕਰਵਾ ਕੇ ਸਹਿਨ ਕਰ ਲੈਣ ਦੀ ਆਪਣੀ ਸਮਰੱਥਾ ਨੇ ਉਨ੍ਹਾਂ ਨੂੰ ਹੈਰਾਨ ਕਰ ਦਿੱਤਾ।

ਮੰਨਣਾ ਹੀ ਪਏਗਾ। ਸਰਵਣ ਕੁਮਾਰ ਹੁਣ ਕਿੱਸੇ-ਕਹਾਣੀਆਂ ਵਿੱਚ ਹੀ ਰਹਿ ਗਏ ਹਨ।

ਦਿੱਲੀ ਦੇ ਦੇਖਣਯੋਗ ਸਥਾਨਾਂ ਦੀ ਸੈਰ ਉਨ੍ਹਾਂ ਨੂੰ ਕਰਨਲ ਸਵਾਮੀ ਨੇ ਕਰਵਾਈ। ਨਰਿੰਦਰ ਕੋਲ ਜੈਅਨ ਹੈ, ਜਿਸ ਦੀ ਵਰਤੋਂ ਬੀਵੀ ਦੇ ਵਿਦੇਸ਼ ਤੋਂ ਆਉਣ ਵਾਲੇ ਸਕੇ-ਸੰਬੰਧੀਆਂ ਨੂੰ ਏਅਰਪੋਰਟ ਲਿਆਉਣ, ਲੈ ਜਾਣ, ਘੁੰਮਾਉਣ ਫਿਰਾਉਣ ਲਈ ਹੀ ਹੁੰਦੀ ਹੈ। ਸਿਰਫ ਇਕ ਉਨ੍ਹਾਂ ਲਈ ਨਰਿੰਦਰ ਨੂੰ ਕਦੇ ਫੁਰਸਤ ਨਹੀਂ ਮਿਲਦੀ। ਉਹ ਵੀ ਕੀ ਗੱਲ ਲੈ ਬੈਠੇ?

ਕਰਨਲ ਸਵਾਮੀ ਦੇ ਸਾਹਮਣੇ ਉਨ੍ਹਾਂ ਦੇ ਮੂੰਹੋਂ ਕਿੱਧਰੇ ਨਿਕਲ ਗਿਆ ਕਿ ਉਨ੍ਹਾਂ ਦੀ ਕੇਦਾਰਨਾਥ, ਬਦਰੀਨਾਥ ਜਾਣ ਦੀ ਇੱਛਾ ਹੋ ਰਹੀ ਹੈ ਤਾਂ ਹੋ ਸਕਦਾ ਹੈ ਕਿ ਅਗਲੇ ਹਫਤੇ ਹੀ ਉਹ ਤੀਰਥਯਾਤਰਾ ਦਾ ਪ੍ਰੋਗਰਾਮ ਬਣਾ ਲੈਣ ਤੇ ਕਹਿ ਦੇਣ ਕਿ ਫਟਾਫਟ ਆਪਣਾ ਸਾਮਾਨ ਬੰਨ ਲਵੋ ਮਿ. ਸਿੰਘ...।

ਉਨ੍ਹਾਂ ਸਿਰਫ ਕਿਹਾ ਹੀ ਸੀ। ਪਿਛਲੇ ਸੱਤਾਂ ਵਰ੍ਹਿਆ ਤੋਂ ਥਿਏਟਰ ਵਿੱਚ ਉਨ੍ਹਾਂ ਨੇ ਕੋਈ ਫਿਲਮ ਨਹੀਂ ਦੇਖੀ। ਤੀਜੇ ਦਿਨ ਸਵੇਰੇ ਹੀ ਸੈਰ ਵੇਲੇ ਕਰਨਲ ਸਵਾਮੀ ਨੇ ਉਨ੍ਹਾਂ ਨੂੰ ਦੱਸਿਆ। ਅੱਜ ਦੁਪਹਿਰ ਵੇਲੇ ਉਹ ਠੀਕ ਪੌਣੇ ਦੋ ਵਜੇ ਗਲੈਕਸੋ ਵਾਲੀ ਪੁਲੀ ਤੇ ਤਿਆਰ ਖੜੇ ਮਿਲਣ 'ਡਿਲਾਇਟ' ਤੇ ਉਹ ਦੋਵੇਂ 'ਅਕਸ' ਵੇਖਣ ਜਾ ਰਹੇ ਹਨ। ਮਸਤ-ਮਸਤ ਵਾਲੀ ਰਵੀਨਾ ਉਨ੍ਹਾਂ ਨੂੰ ਬਹੁਤ ਪਸੰਦ ਹੈ। ਵੱਡਾ ਬੇਟਾ ਕਲ੍ਹ ਦਫਤਰ ਤੋਂ ਮੁੜਦੇ ਹੋਏ ਬਾਲਕੋਨੀ ਦੇ ਦੋ ਟਿਕਟ ਲੈ ਆਇਆ।

ਚਾਣਚਕ ਯਾਦ ਆਇਆ ੧੯੭ ਨੰ. ਤੇ ਫੋਨ ਕਰਕੇ ਉਹ ਆਪਰੇਟਰ ਨੂੰ ਕਰਨਲ ਸਵਾਮੀ ਦੇ ਘਰ ਦਾ ਨੰਬਰ ਦੇ ਕੇ ਇਕ ਤਾਂ ਉਨ੍ਹਾਂ ਦਾ ਸਿਰਨਾਵਾਂ ਪੁੱਛਣਗੇ ਤੇ ਇਹ ਵੀ ਪੁੱਛ ਲੈਣਗੇ ਕਿ ਉਹ ਨੰਬਰ ਲੱਗ ਨਹੀਂ ਰਿਹਾ, ਖਰਾਬ ਤਾਂ ਨਹੀਂ?

੧੯੭ ਤੋਂ ਪਤਾ ਲੱਗਿਆ, ਫੋਨ ਇਕਦਮ ਠੀਕ ਹੈ। ਸ਼ਾਇਦ ਕੋਈ ਵੀ ਘਰ ਨਹੀਂ। ਉਹ ਸਿਰਨਾਵਾਂ ਨੋਟ ਕਰ ਲੈਣ... ਈ-303, ਸੈਕਟਰ ਛੱਬੀ, ਨੌਇਡਾ। ਫੋਨ ਠੀਕ ਹੈ, ਫਿਰ ਵੀ ਕੋਈ ਚੁੱਕ ਨਹੀਂ ਰਿਹਾ। ਇਸ ਦਾ ਮਤਲਬ ਹੋਇਆ? ਇਕ ਹੋਰ ਸ਼ੰਕਾ ਨੇ ਸਿਰ ਚੁੱਕਿਆ। ਸਾਰਾ ਪਰਿਵਾਰ ਘਰੋਂ ਕਿਧਰ ਚਲਾ ਗਿਆ। ਗੱਲ ਸਮਝ ਨਹੀਂ ਆ ਰਹੀ।

'ਜੋਂਗਾ' ਹੈ ਕਰਨਲ ਸਵਾਮੀ ਕੋਲ। ਉਨ੍ਹਾਂ ਆਪ ਹੀ ਦੱਸਿਆ ਸੀ। ਇਹ ਵੀ ਦੱਸਿਆ ਸੀ ਕਿ ਹੁਣ ਉਹ ਆਪ ਗੱਡੀ ਨਹੀਂ ਚਲਾਉਂਦੇ। ਉਨ੍ਹਾਂ ਨੇ ਇਕੱਲਿਆਂ ਕਿਸੇ ਪਾਰਟੀ ਉਤੇ ਜਾਣਾ ਹੁੰਦਾ ਹੈ, ਮਸਲਨ ਆਰਮੀ ਆਫਿਸਰ ਕਲੱਬ ਆਦਿ ਦੀ, ਤਾਂ ਉਹ ਆਪਣੇ ਲਈ ਟੈਕਸੀ ਬੁਲਾ ਲੈਂਦੇ ਹਨ। ਪੀਣ ਦੇ ਮਾਮਲੇ ਵਿੱਚ ਉਹ ਨਿਸ਼ਚਿੰਤ ਰਹਿੰਦੇ ਹਨ। ਪਰਿਵਾਰ ਸਮੇਤ ਕਿੱਧਰੇ ਜਾਣਾ ਹੋਵੇ ਤਾਂ ਬੱਚੇ 'ਜੋਂਗਾ' ਲੈ ਜਾਂਦੇ ਹਨ। ਵਧੀਆਂ ਗੱਡੀ ਹੈ। 'ਜੋਂਗਾ' ਵਿਚ ਐਨੇ ਜੀਅ ਇਕੱਠੇ ਬੈਠ ਸਕਦੇ ਹਨ? ਇਕ-ਦੂਸਰੇ ਉੱਤੇ ਚੜ੍ਹੇ ਹੋਏ, ਚਹਿਕਦੇ, ਸ਼ਰਾਰਤਾਂ ਕਰਦੇ, ਇੰਤਕਾਸ਼ਰੀ ਖੇਡਦੇ, ਅਨੂੰ ਕਪੂਰ ਦੀ ਨਕਲ ਲਾਉਂਦੇ, ਬੁਗੀ ਬੁਗੀ ਦੇ ਜੱਕੜ ਦੀਆਂ ਧੱਜੀਆਂ ਉਡਾਂਦੇ, ਸੰਸਕ੍ਰਿਤਕ ਪਤਨ ਲਈ ਦੂਰਦਰਸ਼ਨ ਨੂੰ ਜ਼ਿੰਮੇਵਾਰ ਠਹਿਰਾਉਂਦੇ ਤੇ ਅਜਿਹਾ ਹੋਣ ਲਈ ਸਰਕਾਰੀ ਨੀਤੀਆਂ ਨੂੰ ਕੋਸਦੇ, ਮੰਜ਼ਿਲ ਤੇ ਪਹੁੰਚ ਮੂੰਹ ਲਟਕਾ ਲੈਂਦੇ। ਹੁਣੇ-ਹੁਣੇ ਤਾਂ ਘਰੋਂ ਚਲੇ ਸੀ। ਪਹੁੰਚ ਵੀ ਗਏ। ਚ-ਚ-ਚ ਇਹ ਤਾਂ ਬਹੁਤ ਮਾੜਾ ਹੋਇਆ। ਸ਼ਿਆਮਲੀ ਦਾ ਦਿਲ ਬੈਠ ਜਾਏਗਾ। ਮਜਬੂਰੀ ਹੈ ਸਾਹਬ। ਫਿਲਮ ਵੇਖਣ ਆਏ ਸੀ, ਉਹ ਵੀ 'ਚਾਣਕਿਏ' 'ਤੇ ਥਿਏਟਰ ਅੰਦਰ ਅਨੁ ਮਲਿਕ ਦਾ ਕਨਪਾੜਵਾਂ ਫਿਲਮੀ ਸੰਗੀਤ ਸੁਣਨਾ ਪਏਗਾ। 'ਸ਼ਿਆਮਲੀ ਦਿ ਗ੍ਰੇਟ ਦੇ ਗਾਣੇ ਅਤੇ ਰੋਣ ਦੇ ਅੰਤਰ ਨੂੰ ਮਿਟਾਉਂਦਾ ਸੁਰੀਲਾ ਸੰਗੀਤ ਸੁਣਨ ਤੋਂ ਵਾਂਝੇ ਰਹਿ ਜਾਣਗੇ। ਸ਼ਿਆਮਲੀ ਮੇਰੀ ਪਿਆਰੀ' ਦਿਲ ਛੋਟਾ ਕਰਨ ਦੀ ਲੋੜ ਨਹੀਂ। ਵਾਪਸੀ ਵੇਲੇ ਗ੍ਰੇਟ ਜੋਂਗਾ ਸ਼ੋਅ ਵਿੱਚ ਤੈਨੂੰ ਆਪਣੀ ਬੇਸੁਰੀ ਸੰਗੀਤ ਕਲਾ ਦੇ ਪ੍ਰਦਰਸ਼ਨ ਦਾ ਅਵਸਰ ਜ਼ਰੂਰ ਦਿੱਤਾ ਜਾਏਗਾ। ਗਾਏਗੀ ਨਾ।"

ਟੇਢੀ ਨਿਗਾਹ ਨਾਲ ਦੇਖਦੀ ਹੋਈ ਸ਼ਿਆਮਲੀ ਆਪਣੇ ਦੁਸ਼ਟ ਪਤੀ ਦੀ ਸ਼ਿਕਾਇਤ ਕਰਨਲ ਸਵਾਮੀ ਅੱਗੇ ਕਰਦੀ ਹੈ, "ਅੱਪੂ, ਇਨ੍ਹਾਂ ਨੂੰ ਕਹੋ, ਮੇਰਾ ਮਜ਼ਾਕ ਉਡਾਉਣਾ ਬੰਦ ਕਰ ਦੇਣ। ਬਸ ਬਹੁਤ ਹੋ ਗਿਆ।"

ਕਿੱਧਰੇ ਜੋਂਗਾ ਦਾ ਐਕਸੀਡੈਂਟ ਤਾਂ ਨਹੀਂ ਹੋ ਗਿਆ।

ਹਾਏ ਰੱਬਾ! ਬਾਬੂ ਜਸਵੰਤ ਸਿੰਘ ਨੇ ਇਸ ਸ਼ੰਕਾ ਬਾਰੇ ਸੋਚ ਆਪਣੀ ਜੀਭ ਦੰਦਾਂ ਥਲੇ ਦੇ ਦਿੱਤੀ।

"ਕੁੱਝ ਤਾਂ ਪੀਣਾ ਹੀ ਪਏਗਾ ਦੋਸਤ...।"



"ਬੋਲੋ ਕੀ ਪੀਓਗੇ?"

"ਨਾ ਨਾ ਮੇਰੇ ਸਾਹਮਣੇ ਇਹ ਵਰਤ-ਸ਼ਰਤ ਦੀ ਗੱਲ ਨਾ ਕਰਨਾ। ਮੰਨਿਆਂ ਕਿ ਤੁਸੀਂ ਪੀਣੀ ਛੱਡ ਚੁੱਕੇ ਹੋ। ਪਰ ਬਹੁਤ ਦਿਨਾਂ ਮਗਰੋਂ ਇਕ ਵਾਰ ਫਿਰ ਸ਼ੁਰੂ ਕਰ ਲੈਣ ਨਾਲ ਕੀ ਫ਼ਰਕ ਪੈ ਜਾਣਾ ਹੈ? ਸ਼ੁਰੂ ਕਰ ਕੇ ਤਾਂ ਵੇਖੋ।"

ਟੇਬਲ ਦੇ ਇਕ ਪਾਸੇ ਬੈਠੇ ਕਰਨਲ ਸਵਾਮੀ ਉਨ੍ਹਾਂ ਵੱਲ ਝੁਕਦੇ ਹੋਏ ਮੁਸਕਰਾਏ।

"ਜਾਣਦੇ ਹੋ ਮਿ. ਸਿੰਘ ਸ਼ਰਾਬ ਨਾਲ ਬਹੁਤ ਦਿਨਾਂ ਨਾਲ ਮਿਲਣਾ, ਇਸ ਤਰ੍ਹਾਂ ਹੈ ਜਿਵੇਂ ਅਚਾਨਕ ਕਿਸੇ ਪੁਰਾਣੀ ਪ੍ਰੇਮਿਕਾ ਨਾਲ ਮੁਲਾਕਾਤ ਹੋ ਜਾਏ, ਰੋਮਾਂਚ ਭਰੀ...।" ਉਹ ਦੋਵੇਂ ਨੌਇਡਾ 'ਨਿਰੂਲਾਜ਼' ਦੀ ਪਹਿਲੀ ਮੰਜ਼ਿਲ ਤੇ ਬਣੇ 'ਬਾਰ' ਵਿੱਚ ਬੈਠੇ ਹੋਏ ਸਨ।

ਹਲਕੀ ਰੌਸ਼ਨੀ ਤੇ ਰਹੱਸਮਈ ਸੰਗੀਤ ਵਾਲੇ ਮਾਹੌਲ ਵਿੱਚ ਸਾਹਮਣੇ ਬੈਠੇ ਚਿਹਰੇ ਨੂੰ ਪੜ੍ਹਨ ਵਿੱਚ ਕੋਈ ਦਿੱਕਤ ਨਹੀਂ ਹੁੰਦੀ। ਭੁੱਜੀ ਹੋਈ ਮੂੰਹਫਲੀ ਜੋ ਬਾਬੂ ਜਸਵੰਤ ਸਿੰਘ ਨੂੰ ਭੜੋਚ ਦੀ ਲੱਗ ਰਹੀ ਸੀ, ਇਕ ਲੰਮੇ ਅਰਸੇ ਬਾਅਦ ਖਾਣ ਨੂੰ ਮਿਲੀ ਸੀ। ਮਜ਼ਬੂਤ ਸੱਜੀ ਦਾੜ ਨਾਲ ਦਬਾਉਂਦੇ ਹੋਏ ਇਸ ਗੱਲੋਂ ਪਰੇਸ਼ਾਨ ਵੀ ਹੋ ਰਹੇ ਸਨ ਕਿ ਉਨ੍ਹਾਂ ਦੇ ਹੱਥ ਉਨ੍ਹਾਂ ਦੇ ਕਹਿਣ ਵਿੱਚ ਨਹੀਂ ਹਨ। ਸਵੇਰੇ ਇਸ ਦਾ ਵਾਰ ਝੱਲਣਾ ਔਖਾ ਹੋ ਜਾਏਗਾ।

ਕਰਨਲ ਸਵਾਮੀ ਨੇ ਆਪਣੇ ਲਈ ਆਪਣੀ ਪਿਆਰੀ ਵਿਸਕੀ 'ਰਾਇਲ ਚੈਲੇਂਜ' ਮੰਗਵਾਈ ਤੇ ਉਨ੍ਹਾਂ ਲਈ 'ਬਲਡੀ ਮੇਰੀ।'

ਸਵੇਰੇ ਹੀ ਇਹ ਸਭ ਤੈਅ ਹੋ ਗਿਆ ਸੀ। ਘਰ ਵਿੱਚ ਇਕੱਲਿਆਂ ਪੀਂਦੇ ਹੋਏ ਉਹ ਬੋਰ ਹੋ ਗਏ ਹਨ। ਇਸੇ ਲਈ ਉਹ ਬਾਬੂ ਜਸਵੰਤ ਸਿੰਘ ਨਾਲ ਨੋਇਡਾ 'ਨਿਰੂਲਾਜ' ਵਿੱਚ ਬੈਠ ਕੇ ਡ੍ਰਿੰਕ ਤੇ ਡਿਨਰ ਕਰਨਾ ਚਾਹੁੰਦੇ ਹਨ। ਟੈਕਸੀ ਤੇ ਉਹ ਉਨ੍ਹਾਂ ਨੂੰ ਠੀਕ ਸੱਤ ਵਜੇ ਗਲੈਕਸੋ ਦੇ ਗੇਟ ਤੋਂ ਲੈ ਲੈਣਗੇ। ਨਿਕਲਣ ਤੋਂ ਪਹਿਲਾਂ ਇਕ ਫੋਨ ਉਨ੍ਹਾਂ ਦੇ ਘਰ ਕਰ ਦੇਣਗੇ। ਠੀਕ ਬਾਰ੍ਹਾਂ ਮਿੰਟ ਬਾਅਦ ਮਿਸਟਰ ਸਿੰਘ ਹੇਠਾਂ ਉਤਰ ਆਉਣ। ਵਾਪਸੀ ਦੀ ਚਿੰਤਾ ਨਾ ਕਰਨ। ਉਹ ਉਨ੍ਹਾਂ ਨੂੰ ਛੱਡਕੇ ਜਾਣਗੇ।

ਨਰਿੰਦਰ ਅਜੇ ਤਕ ਘਰ ਮੁੜਿਆ ਨਹੀਂ ਸੀ। ਬੱਚੇ ਕੰਪਿਊਟਰ ਤੇ ਬੈਠੇ 'ਅਲਓਦੀਨ' ਦੀ ਸੀ. ਡੀ. ਵੇਖਣ ਵਿੱਚ ਮਸ਼ਗੂਲ ਸਨ। ਬੇਸਮੈਂਟ ਵਿੱਚ ਇਸਕੇਟਸ' ਦਾ ਅਭਿਆਸ ਕਰਨ ਮਗਰੋਂ ਸੁਨੈਨਾ ਦਾ ਮਿਜਾਜ਼ ਵਿਗੜਿਆ ਹੋਇਆ ਸੀ। ਉਹ ਬੱਚਿਆਂ ਨੂੰ ਡਾਂਟ ਰਹੀ ਸੀ। ਕੰਪਿਊਟਰ ਛੱਡ ਕੇ ਹੁਣ ਆਪਣਾ 'ਹੋਮਵਰਕ' ਕਰ ਲੈਣ। ਸੁਨੈਨਾ ਨੂੰ ਆਪਣੇ ਬਾਹਰ ਜਾਣ ਬਾਰੇ ਦੱਸਣਾ ਜ਼ਰੂਰੀ ਸੀ ਤੇ ਇਹ ਵੀ ਕਿ ਉਹ ਰਾਤ ਨੂੰ ਭੋਜਨ ਨਹੀਂ ਕਰਨਗੇ। ਨੌਇਡਾ ਨਿਰੂਲਾਜ' ਜਾ ਰਹੇ ਹਨ। ਸੁਨੈਨਾ ਨੇ ਉਨ੍ਹਾਂ ਦੀ ਗੱਲ ਨੂੰ ਅਣਸੁਣਿਆ ਕਰ ਔਖੇ ਹੋ ਕੇ ਕਿਹਾ, ਉਨ੍ਹਾਂ ਦੇ ਪਜ਼ਾਮੇ ਤੇ ਕੱਛੇ 'ਤੇ ਲੱਗੇ ਖ਼ੂਨ ਦੇ ਧੱਬੇ ਵਾਸ਼ਿੰਗ ਮਸ਼ੀਨ ਵਿੱਚ ਵੀ ਸਾਫ ਨਹੀਂ ਹੁੰਦੇ। ਉਨ੍ਹਾਂ ਦੇ ਬਾਥਰੂਮ ਵਿੱਚ 'ਰਿਨ' ਸਾਬਣ ਰੱਖ ਦਿੱਤਾ ਹੈ। ਕੱਪੜੇ ਧੋਣ ਲਈ ਪਾਉਣ ਤੋਂ ਪਹਿਲਾਂ ਉਹ ਆਪ ਜ਼ਰਾ ਧੱਬਿਆਂ ਨੂੰ ਰਗੜ ਦਿਆ ਕਰਨ। ਬੱਚਿਆਂ ਦੀ ਚਿੱਟੀ ਡ੍ਰੈਸ ਇਸੇ ਕਾਰਣ ਪੀਲੀ ਪੈਣ ਲੱਗ ਪਈ ਹੈ।

ਬਾਬੂ ਜਸਵੰਤ ਸਿੰਘ ਇਕਦਮ ਮੁਰਝਾ ਗਏ।

ਇਹੀ ਮੌਕਾ ਮਿਲਿਆ ਸੀ, ਇਸ ਨੂੰ ਤਾਹਨਾ ਮਾਰਨ ਲਈ। ਬਾਅਦ ਵਿੱਚ ਵੀ ਤਾਂ ਉਹ ਹੌਲੀ ਜਿਹੀ ਉਨ੍ਹਾਂ ਨੂੰ ਕਹਿ ਸਕਦੀ ਸੀ। ਉਹ ਆਪ ਇਸ ਰੋਗ ਤੋਂ ਪਰੇਸ਼ਾਨ ਸਨ? ਸ਼ਾਇਦ ਸੁਨੈਨਾ ਤੋਂ ਉਨ੍ਹਾਂ ਦਾ ਉਤਸਾਹਿਤ ਤੇ ਖ਼ੁਸ਼ ਹੋਣਾ ਬਰਦਾਸ਼ਤ ਨਹੀਂ ਹੋ ਸਕਿਆ।

ਹੁਣ ਪੱਦ ਮਾਰਨ ਨਾਲ ਵੀ ਖ਼ੂਨ ਨਿਕਲਣ ਲੱਗ ਪਿਆ ਹੈ। ਕੱਪੜੇ ਭਰ ਜਾਂਦੇ ਹਨ। ਉਹ ਆਪ ਬੜੇ ਪਰੇਸ਼ਾਨ ਹਨ। ਗੱਲ ਭਾਵੇਂ ਨੂੰਹ ਦੀ ਠੀਕ ਹੈ। ਪਰ ਉਹ ਕਰਨ ਕੀ? ਦਵਾਈ ਖਾ ਰਹੇ ਹਨ, ਟਿਊਬ ਲੱਗਾ ਹੀ ਰਹੇ ਹਨ। ਆਪਰੇਸ਼ਨ ਤੋਂ ਉਹ ਡਰਦੇ ਹਨ। ਮਾਮਲਾ ਗੰਭੀਰ ਹੋਣ ਦੇ ਬਾਵਜੂਦ ਟਲ ਰਿਹਾ ਹੈ, ਇਸੇ ਲਈ ਉਹ ਟਾਲਦੇ ਆ ਰਹੇ ਹਨ।

ਕਰਨਲ ਸਵਾਮੀ ਨੇ ਸੁਝਾਓ ਦਿੱਤਾ, ਪੈਡਸ ਮੰਗਵਾ ਲੈਣ। ਔਰਤਾਂ ਵਾਂਗ ਪਾ ਲੈਣ ਲਿਆ ਕਰਨ। ਪਾਉਣ ਦੀ ਵਿਧੀ ਪੈਕੇਟ ਉਪਰ ਲਿਖੀ ਹੀ ਹੁੰਦੀ ਹੈ। ਕਾਫੀ ਹੱਦ ਤਕ ਪਰੇਸ਼ਾਨੀ ਤੋਂ ਛੁਟਕਾਰਾ ਮਿਲ ਜਾਏਗਾ।

ਸੁਝਾਓ ਸੁਣ ਕੇ ਮਿਸਟਰ ਸਿੰਘ ਹੱਸੇ ਬਿਨਾਂ ਨਾ ਰਹਿ ਸਕੇ। ਫਿਰ ਆਪਣਾ ਹੀ ਮਜ਼ਾਕ ਉਡਾਉਂਦੇ ਹੋਏ ਬੋਲੇ, "ਬਸ, ਇਸੇ ਦੀ ਕਮੀ ਰਹਿ ਗਈ ਸੀ, ਉਹ ਵੀ ਪੂਰੀ ਹੋ ਜਾਏਗੀ।"

ਉਂਜ ਗੱਲ ਉਨ੍ਹਾਂ ਦੇ ਦਿਮਾਗ ਵਿੱਚ ਬੈਠ ਗਈ। ਸਵੇਰੇ ਅਰੋੜਾ ਕੈਮਿਸਟ ਕੋਲੋ ਫੋਨ 'ਤੇ ਪੈਡਸ ਮੰਗਵਾ ਲੈਣਗੇ। ਕਿੰਨੇ ਪੈਕੇਟ ਮੰਗਵਾਉਣ? ਇਸ ਗੱਲ ਦਾ ਕੋਈ ਅੰਦਾਜ਼ਾ ਨਾ ਕਰਨਲ ਸਵਾਮੀ ਨੂੰ ਸੀ ਤੇ ਨਾ ਉਨ੍ਹਾਂ ਨੂੰ ਹੀ। ਕੈਮਿਸਟ ਤੋਂ ਹੀ ਪੁੱਛ ਲੈਂਦੇ ਹਨ। ਇਸ ਬਾਬਤ ਸੁਨੈਨਾ ਨਾਲ ਗੱਲ ਕਰਨਾ ਹੀ ਬੇਕਾਰ ਹੈ। ਉਨ੍ਹਾਂ ਨੂੰ ਯਾਦ ਹੈ। ਇਕ ਵਾਰ ਕੁਝ ਦਵਾਈਆਂ ਖਤਮ ਹੋ ਗਈਆਂ ਸਨ। ਉਨ੍ਹਾਂ ਨੇ ਸੁਨੈਨਾ ਨੂੰ ਆਪਣੀ ਲੋੜ ਦੱਸੀ ਤਾਂ ਉਸ ਨੇ ਉਨ੍ਹਾਂ ਨੂੰ 'ਅਰੋੜਾ ਕੈਮਿਸਟ' ਦਾ ਨੰਬਰ ਫੜਾ ਦਿੱਤਾ ਸੀ। ਉਸ ਨੂੰ ਹੀ ਫੋਨ ਤੇ ਦਵਾਈਆਂ ਲਿਖਵਾ ਦਿਆ ਕਰੋ ਉਹ ਦਵਾਈਆਂ ਘਰ ਪਹੁੰਚਾ ਕੇ ਪੈਸੇ ਲੈ ਜਾਏਗਾ।

ਬਾਬੂ ਜਸਵੰਤ ਸਿੰਘ ਦੇ ਮਨ ਨੂੰ ਠੇਸ ਲੱਗੀ। ਸੁਨੈਨਾ ਨੇ ਸੋਚਿਆ ਹੋਣਾ ਹੈ, ਇਕ ਵੱਡੀ ਰਕਮ ਦੇ ਰੂਪ ਵਿੱਚ ਪੈਂਸ਼ਨ ਮਿਲਦੀ ਹੈ, ਬਾਬੂ ਜੀ ਨੂੰ। ਆਪ ਹੀ ਖਰਚ ਕਰਨ। ਦਬਾ ਕੇ ਬੈਠੇ ਰਹਿੰਦੇ ਹਨ।

ਪੁੱਤਰ ਪਿਓ ਦਾ ਬੈਂਕ ਬੈਲੇਂਸ ਹੁੰਦੇ ਹਨ-ਸੁਨੈਨਾ ਦਾ ਪਤੀ ਕੀ ਉਨ੍ਹਾਂ ਦਾ ਪੁੱਤਰ ਨਹੀਂ?

ਬਥੇਰੇ ਪੈਸੇ ਹਨ ਉਨ੍ਹਾਂ ਕੋਲ। ਦੇਂਦੇ ਵੀ ਉਹੀ ਹਨ। ਨਰਿੰਦਰ ਦੀ ਜੇਬ੍ਹ ਵਿੱਚ ਹੱਥ ਪਾਉਣ ਤੋਂ ਪਹਿਲਾਂ ਹੀ। ਉਨ੍ਹਾਂ ਨੂੰ ਲੱਗਦਾ ਵੀ ਹੈ ਕਿ ਉਨ੍ਹਾਂ ਨੂੰ ਆਪ ਹੀ ਦੇਣੇ ਚਾਹੀਦੇ ਹਨ। ਹੇਠਾਂ ਜਾਂਦੇ ਹਨ ਤਾਂ ਆਪਣੀ ਮਰਜੀ ਨਾਲ ਮਲਏ-ਨਿਲਏ ਲਈ ਵੀ ਕੁਝ ਨਾ ਕੁਝ ਲੈ ਆਉਂਦੇ ਹਨ। 'ਮਿਲਕ ਟ੍ਰੀਟ' ਉਨ੍ਹਾਂ ਨੂੰ ਆਪ ਵੀ ਪਸੰਦ ਹੈ। ਆਪ ਉਹ ਦੁਕਾਨ ਤੇ ਹੀ ਖਾ ਕੇ ਆਉਂਦੇ ਹਨ। ਕਰਨਲ ਸਵਾਮੀ ਨੇ ਮਿ. ਸਿੰਘ ਤੇ ਆਪਣੇ ਲਈ ਦੂਸਰੇ ਪੈੱਗ ਦਾ ਆਰਡਰ ਦਿੱਤਾ।

"ਬਾਏ ਦਿ ਵੇ, ਸ਼ਰਾਬ ਅਤੇ ਪ੍ਰੇਮਿਕਾ ਤੋਂ ਖਿਆਲ ਆਇਆ ਮਿ. ਸਿੰਘ ਤੁਸੀਂ ਕਦੇ ਪਿਆਰ ਕੀਤਾ ਹੈ?"

"ਪਤਨੀ ਨੂੰ ਛੱਡ ਕੇ।" ਕਹਿ ਕੇ ਕਰਨਲ ਸਵਾਮੀ ਮੂੰਹ ਦੱਬਾ ਕੇ ਹੱਸੇ।

ਝੱਟ ਹੀ ਮਿ. ਸਿੰਘ ਨੂੰ ਲੱਗਾ, 'ਬਲਡੀ ਮੇਰੀ' ਕਾਰਣ ਨਹੀਂ, ਕਰਨਲ ਸਵਾਮੀ ਦੇ ਪ੍ਰਸ਼ਨ ਕਾਰਣ ਅਚਾਨਕ ਹੀ ਉਹ ਸ਼ਿਵਾਨੀ ਸਾਹਮਣੇ ਆ ਗਏ ਹੋਣ।

ਤੇਜ਼ ਸਾਹਾਂ ਦੀ ਗਰਮੀ ਉਨ੍ਹਾਂ ਨੂੰ ਆਪਣੀ ਖਿਚੜੀ ਛਾਤੀ ਵਿੱਚ ਅੱਗ ਵਾਂਗ ਮਹਿਸੂਸ ਹੋਈ। ਬਾਬੂ ਜਸਵੰਤ ਸਿੰਘ ਨੇ ਆਪਣੇ ਆਪ ਨੂੰ ਸੰਭਾਲਿਆ। ਜਿਵੇਂ ਸ਼ਿਵਾਨੀ ਸਿਰਫ ਇਕ ਪਰਛਾਵੇਂ ਵਾਂਗ ਉਨ੍ਹਾਂ ਸਾਹਮਣਿਓ ਲੰਘੀ ਹੋਵੇ।

ਉਨ੍ਹਾਂ ਮਹਿਸੂਸ ਕੀਤਾ ਜਿਵੇਂ ਇਹ ਪ੍ਰਸ਼ਨ ਉਨ੍ਹਾਂ ਦਾ ਸੱਚ ਕੁਰੇਦਣ ਦੀ ਬਜਾਏ ਆਪਣਾ ਕੁਝ ਵੰਡਣ ਲਈ ਕੀਤਾ ਗਿਆ ਹੈ... ਹੋ ਸਕਦਾ ਹੈ।

"ਤੁਸੀਂ ਆਪਣੇ ਬਾਰੇ ਦੱਸੋ...?"

"ਮੈਂ?" ਕਰਨਲ ਸਵਾਮੀ ਹੜਬੜਾ ਗਏ। ਫੌਰਨ ਉਨ੍ਹਾਂ ਗਿਲਾਸ ਤੋਂ ਲੰਮਾ ਘੁੱਟ ਭਰਿਆ। ਘੁੱਟ ਨੂੰ ਸੰਘੋਂ ਹੇਠਾਂ ਉਤਰਨ ਨਾ ਦਿੱਤਾ।

"ਹਾਂ ਜੀ ਤੁਸੀਂ।" ਬਾਬੂ ਜਸਵੰਤ ਸਿੰਘ ਸਮਝ ਗਏ ਕਿ ਉਨ੍ਹਾਂ ਦਾ ਅੰਦਾਜ਼ਾਂ ਗਲਤ ਨਹੀਂ ਸੀ। ਉਨ੍ਹਾਂ ਦੇ ਬੁੱਲ੍ਹਾਂ ਤੇ ਮੁਸਕਾਨ ਖੇਡਣ ਲੱਗੀ।

"ਮੈਂ ... ਮੈਂ ਅੱਜ ਕਲ੍ਹ ਆਪਣੇ ਜੀਵਨ ਦੇ ਆਖਰੀ ਪਿਆਰ ਵਿੱਚ ਡੁੱਬਿਆਂ ਹੋਇਆ ਹਾਂ। ਖਾਮੋਸ਼ੀ ਨਾਲ। ਕਿਸੇ ਨੂੰ ਭਿਣਕ ਵੀ ਨਹੀਂ ਪੈਣ ਦੇਂਦਾ ਮੈਂ। ਕਿਸੇ ਦਿਨ ਬੰਬ ਹੀ ਫਟੇਗਾ। ਅਧੀਰ ਹਾਂ ਆਪਣੀ ਗਿਲਿਗੱਡੂ ਤੋਂ ਆਪਣੇ ਪਿਆਰ ਨੂੰ ਮਿਲਵਾਉਣ ਲਈ। ਪਿਆਰ ਵੀ ਮਚਲ ਰਿਹਾ ਹੈ, ਮਿਲਣ ਲਈ। ਤੁਹਾਡਾ ਜ਼ਿਕਰ ਵੀ ਕੀਤਾ ਸੀ।

"ਸੁਣ ਕੇ ਕਿਹਾ, ਯੂ ਆਰ ਲੱਕੀ ਕਰਨਲ। ਆਈ ਐਨਵੀ ਯੂ...?"

ਮੁੰਬਈ ਦੀ ਅਨਿਮਾ ਦਾਸ ਨਾਲ ਕਰਨਲ ਸਵਾਮੀ ਦਾ ਪ੍ਰੇਮ-ਪੱਤਰ ਚਲ ਰਿਹਾ ਹੈ।

ਕਰਨਲ ਸਵਾਮੀ ਅਨਿਮਾ ਦਾਸ ਨੂੰ ਸਮਝਾਉਣ ਵਿੱਚ ਲੱਗੇ ਹੋਏ ਹਨ। ਅਤੇ ਉਹ ਸਮਝ ਜਾਣਾ ਚਾਹੁੰਦੀ ਹੈ। ਉਨ੍ਹਾਂ ਵਿਚਕਾਰ ਪਸਰਿਆ ਹੋਇਆ ਸੈਕੜੇ ਮੀਲ ਦਾ ਫਾਸਲਾ ਸਿਮਟ ਰਿਹਾ ਹੈ। ਦੋਵੇਂ ਉਸ



ਦੂਰੀ ਨੂੰ ਪਲ-ਪਲ ਦੂਰ ਕਰ ਰਹੇ ਹਨ ਤੇ ਉਨ੍ਹਾਂ ਨੂੰ ਯਕੀਨ ਹੈ ਕਿ ਉਹ ਜਲਦੀ ਹੀ ਇਸ ਦੂਰੀ ਨੂੰ ਪਾਰ ਕਰ ਲੈਣਗੇ। ਦੋਵਾਂ ਨੂੰ ਇਹ ਵੀ ਸੱਲ ਰਿਹਾ ਹੈ ਕਿ ਉਨ੍ਹਾਂ ਨੂੰ ਇਕ-ਦੂਸਰੇ ਨੂੰ ਜਾਣਨ-ਸਮਝਣ ਦੀ ਲੋੜ ਇਸ ਲਈ ਵੀ ਹੈ ਕਿ ਜਦੋਂ ਉਨ੍ਹਾਂ ਦੀ ਆਪਸੀ ਮੁਲਕਾਤ ਹੋਵੇ ਤਾਂ ਦੋਵੇਂ ਅਜਨਬੀਆਂ ਵਾਂਗ ਨਾ ਮਿਲਣ। ਇਕ-ਦੂਸਰੇ ਦੇ ਚਿਹਰੇ ਅਤੇ ਵਿਅਕਤਿਤਵ ਦੀ ਇਕ ਇਕ ਗੱਲ ਨਾਲ ਉਨ੍ਹਾਂ ਦੀ ਮਿੱਤਰਤਾ ਗੂੜ੍ਹੀ ਹੋਵੇ। ਦੋਵਾਂ ਦੇ ਵਾਲਾਂ ਵਿੱਚ ਚਾਂਦੀ ਦੀਆਂ ਤਾਰਾਂ ਝਿਲਮਿਲ ਕਰਨ ਲੱਗ ਪਈਆਂ ਹਨ। ਦੋਵੇਂ ਨਹੀਂ ਚਾਹੁੰਦੇ ਕਿ ਇਕ-ਦੂਸਰੇ ਨਾਲ ਸਾਥ ਬਿਤਾਉਣ ਦੀ ਬਜਾਏ ਸੁਨਹਿਰੀ ਸਮੇਂ ਨੂੰ ਇਕ ਦੂਸਰੇ ਦਾ ਪਰਿਚੈ ਪਾਉਣ ਅਤੇ ਬਣਾਉਣ ਵਿੱਚ ਹੀ ਖਰਚ ਕਰ ਦੇਣਾ ਨਾ ਚਾਹੁੰਦੇ ਹਨ। ਵੈਸੇ ਅਨਿਮਾ ਦਾਸ ਨੂੰ ਲੱਗ ਰਿਹਾ ਹੈ ਕਿ ਇਹ ਵਕਤ ਦੀ ਬਰਬਾਦੀ ਹੋਵੇਗੀ। ਦੋਵੇਂ ਬਾਕੀ ਦਾ ਫਾਸਲਾ ਇਕੱਠਾ ਤੈਅ ਕਰਨ ਦੇ ਹੱਕ ਵਿੱਚ ਹਨ। ਅਨਿਮਾ ਦਾਸ ਦਾ ਕਹਿਣਾ ਹੈ ਕਿ ਦੂਰੀਆਂ ਮਾਪਣ ਤੋਂ ਪਹਿਲਾਂ ਉਹ ਦੋਵੇਂ ਆਪਣੀਆਂ ਕਮਜ਼ੋਰੀਆਂ ਨੂੰ ਦੂਰ ਕਰਨਾ ਚਾਹੁੰਦੇ ਹਨ। ਉਹ ਕਮਜ਼ੋਰੀਆਂ ਜਿਨ੍ਹਾਂ ਨੇ ਉਨ੍ਹਾਂ ਦੇ ਅਤੀਤ ਨੂੰ ਕਈ ਖੁਸ਼ੀਆਂ ਤੋਂ ਵਾਂਝਿਆ ਰੱਖਿਆ ਸੀ।

o o o

ਅਨਿਮਾ ਦਾਸ ਕੋਲ ਕੰਪਿਊਟਰ ਹੈ। ਕਰਨਲ ਸਵਾਮੀ ਕੋਲ ਵੀ ਕੰਪਿਊਟਰ ਹੈ। ਕੰਪਿਊਟਰ ਰਾਹੀਂ ਦੋਵਾਂ ਨੇ ਕੁਝ ਦਿਨ ਗੱਲਾਂ ਜ਼ਰੂਰ ਕੀਤੀਆਂ ਪਰ ਕੁਝ ਹੀ ਦਿਨਾਂ ਵਿੱਚ ਅਨਿਮਾ ਨੂੰ ਲੱਗਣ ਲੱਗ ਪਿਆ ਕਿ ਸਵੈ ਨੂੰ ਕੰਪਿਊਟਰ ਉਤੇ ਨਹੀਂ ਲਿਖਿਆ ਜਾ ਸਕਦਾ। ਉਦੋਂ ਤਾਂ ਹੋਰ ਵੀ ਮੁਸ਼ਕਿਲ ਹੋ ਜਾਂਦਾ ਹੈ ਜਦੋਂ ਆਪਣੇ-ਆਪ ਨੂੰ ਪੂਰਾ ਲਿਖਣ ਦਾ ਸੰਕਲਪ ਹੋਵੇ ਤੇ ਇਹ ਇੱਛਾ ਵੀ ਕਿ ਉਹ ਲਿਖਣਾ ਕਦੇ ਪੂਰਾ ਵੀ ਹੋ ਸਕੇਗਾ। ਅਨਿਮਾ ਦਾਸ ਨੇ ਗਹਿਰਾਈ ਨਾਲ ਮਹਿਸੂਸ ਕੀਤਾ। ਹਾਸ਼ੀਏ ਤਕ ਨੂੰ ਵੀ ਖਾਲੀ ਨਾ ਛੱਡਣ ਵਾਲੀਆਂ ਛੋਟੀਆਂ ਵੱਡੀਆਂ ਚਿੱਠੀਆਂ ਨੂੰ ਸਿਰ੍ਹਾਣੇ ਹੇਠਾਂ ਰੱਖ ਕੇ ਵੀ ਸੁੱਤਾ ਜਾ ਸਕਦਾ ਹੈ। ਚਿੱਠੀਆਂ ਨੀਂਦਰ ਵਿੱਚ ਸੁਪਨਿਆਂ ਵਿੱਚ ਸੁਪਨਿਆਂ ਨੂੰ ਨਹੀਂ ਸੱਚ ਨੂੰ ਰੱਚਦੀਆਂ ਬੁਣਦੀਆਂ ਹਨ। ਚਿੱਠੀਆਂ ਦੀ ਲਿਖਾਈ ਨੂੰ ਛੂਹ ਕੇ ਅਨਿਮਾ ਦਾਸ ਕਰਨਲ ਸਵਾਮੀ ਦੀਆਂ ਉਂਗਲੀਆਂ ਨੂੰ ਛੂਹ ਲੈਂਦੀ ਹੈ। ਕੰਪਿਊਟਰ ਨੂੰ ਸਿਰਾਣੇ ਹੇਠਾਂ ਰੱਖ ਕੇ ਨਹੀਂ ਸੌਂਇਆ ਜਾ ਸਕਦਾ। ਕੰਪਿਊਟਰ ਵਿੱਚ ਅਨੇਕਾਂ ਅਨੇਕਾਂ ਲੋਕਾਂ ਦੇ ਭੇਤ ਕੈਦ ਹੁੰਦੇ ਹਨ। ਚਿੱਠੀ ਸਿਰਫ ਆਪਣੀ ਹੀ ਹੁੰਦੀ ਹੈ। ਆਪਣੀ ਧਰਤੀ ਉਤੇ ਆਪਣਾ ਹੀ ਅਸਮਾਨ ਚੁੱਕੇ। ਅਨਿਮਾ ਦਾਸ ਨੂੰ ਹੁਣ ਸਿਰਫ ਆਪਣਾ ਹੀ ਇਕ ਕੋਨਾ ਚਾਹੀਦਾ ਹੈ। ਜਿੱਥੇ ਉਸ ਤੋਂ ਇਲਾਵਾ ਕੋਈ ਹੋਰ ਸ਼ਬਦ ਨਾ ਲਿਖ ਸਕੇ।

ਕਰਨਲ ਸਵਾਮੀ ਦੀਆਂ ਚਿੱਠੀਆਂ ਦੀ ਇੱਕ ਮੋਟੀ ਫਾਈਲ ਬਣ ਗਈ ਹੈ ਅਨਿਮਾ ਦਾਸ ਕੋਲ...।

ਕਰਨਲ ਸਵਾਮੀ ਨੇ ਵੀ ਅਨਿਮਾ ਦਾਸ ਦੀਆਂ ਚਿੱਠੀਆਂ ਦੀ ਇਕ ਫਾਈਲ ਬਣਾ ਲਈ ਹੈ। ਹੁਣ ਉਨ੍ਹਾਂ ਨੂੰ ਲੱਗਣ ਲੱਗ ਪਿਆ ਹੈ ਕਿ ਉਨ੍ਹਾਂ ਨੂੰ ਛੇਤੀ ਹੀ ਮਿਲਣਾ ਚਾਹੀਦਾ ਹੈ। ਪਹਿਲੀ ਮੁਲਾਕਾਤ ਕਿੱਥੇ ਹੋਵੇ, ਕਿਸ ਤਰ੍ਹਾਂ ਹੋਵੇ, ਇਕੱਲੇ ਹੋ ਜਾਂ ਪਰਿਵਾਰ ਦੇ ਸਾਹਮਣੇ ਮਿਲਣ, ਆਪਣੇ ਜਾਂ ਉਨ੍ਹਾਂ ਦੇ ਅਜੇ ਤੈਅ ਹੋਣਾ ਬਾਕੀ ਹੈ।

ਅਨਿਮਾ ਦਾਸ ਨੇ ਆਪਣੀਆਂ ਤਸਵੀਰਾਂ ਭੇਜੀਆਂ ਹਨ। ਬਲੈਕ-ਵਾਈਟ ਤੇ ਰੰਗੀਨ ਸੁੰਦਰ ਚਿਹਰਾ, ਅੱਖਾਂ ਹੇਠਾਂ ਤਿੰਨ-ਤਿੰਨ ਝੁਰੜੀਆਂ ਹਨ। ਸੱਜੀ ਅੱਖ ਹੇਠਾਂ ਸ਼ਾਇਦ ਚੌਥੀ ਵੀ ਆਕਾਰ ਲੈ ਰਹੀ ਹੈ। ਮੁਸਕਰਾਉਂਦੇ ਬੁੱਲ੍ਹਾਂ ਦੇ ਦੋਵੇਂ ਨੁਕਰਾਂ ਤੇ ਚਾਕੂ ਨਾਲ ਚਿਰੇ ਡੂੰਘੇ ਨਿਸ਼ਾਨ ਵੀ ਹਨ। ਸਾਧਾਰਣ ਮੱਥੇ ਉਤੇ ਢੁੱਟੇ ਨਾਲ ਜਿਵੇਂ ਧੁੰਦਲੀਆਂ ਜਿਹੀਆਂ ਲਕੀਰਾਂ ਖਿਚ ਦਿੱਤੀਆਂ ਗਈਆਂ ਹੋਣ ਦੋ ਹੋਰ ਪੈ ਜਾਣ ਤੇ ਮੱਥਾ ਹੋਰ ਨਿਖਰਿਆ ਲੱਗੇਗਾ। ਮੱਥੇ ਉਤੇ ਬਿੰਦੀ ਨਹੀਂ ਹੈ?

ਬੇਝਿਝਕ ਹੋ ਕੇ ਕਰਨਲ ਸਵਾਮੀ ਨੇ ਅਨਿਮਾ ਦਾਸ ਨੂੰ ਲਿਖਿਆ। ਸੁੰਨਾ ਮੱਥਾ ਉਨ੍ਹਾਂ ਦੇ ਚਿਹਰੇ ਨੂੰ ਹੋਰ ਉਦਾਸ ਬਣਾ ਦੇਂਦਾ ਹੈ। ਉਨ੍ਹਾਂ ਤੋਂ ਵੇਖਿਆ ਨਹੀਂ ਜਾਂਦਾ। ਉਹ ਉਸ ਦੇ ਮੱਥੇ ਤੇ ਇਕ ਵੱਡੀ ਜਿਹੀ ਬਿੰਦੀ ਦੇਖਣਾ ਚਾਹੁੰਦੇ ਹਨ। ਕੀ ਉਹ ਉਨ੍ਹਾਂ ਦਾ ਦਿਲ ਰੱਖੇਗੀ?

ਅਗਲੇ ਹਫਤੇ ਹੀ ਅਨਿਮਾ ਦਾਸ ਨੇ ਉਨ੍ਹਾਂ ਨੂੰ ਆਪਣੀ ਵੱਡੀ ਸਾਰੀ ਬਿੰਦੀ ਵਾਲੀ ਤਸਵੀਰ ਭੇਜ ਦਿੱਤੀ। ਤਸਵੀਰ ਦੇਖ ਕੇ ਕਰਨਲ ਸਵਾਮੀ ਨੂੰ ਮਹਿਸੂਸ ਹੋਇਆ ਕਿ ਪਿਛਲੀ ਵਾਲੀ ਰੰਗੀਨ ਤਸਵੀਰ ਦੀ ਬਜਾਏ ਇਕ ਵਾਰ ਉਨ੍ਹਾਂ ਦੇ ਹੋਠਾਂ ਤੇ ਹਲਕੀ ਜਿਹੀ ਲਿਪਸਟਿਕ ਲੱਗੀ ਹੋਈ ਹੈ। ਕਰਨਲ ਸਵਾਮੀ ਨੂੰ

ਅਨਿਮਾ ਦਾਸ ਦਾ ਚਮਕਦਾਰ ਚਿਹਰਾ ਹੋਰ ਵੀ ਜ਼ਿਆਦਾ ਸੁੰਦਰ ਲੱਗਣ ਲੱਗ ਪਿਆ...।

ਅਨਿਮਾ ਦਾਸ ਨੇ ਅੰਗਰੇਜ਼ੀ ਵਿੱਚ ਕਰਨਲ ਸਵਾਮੀ ਲਈ ਕਵਿਤਾ ਲਿਖੀ ਹੈ। ਲਿਖਿਆ ਹੈ – ਬਿਨਾਂ ਮੁੱਛਾਂ ਦੇ ਉਨ੍ਹਾਂ ਦਾ ਲੰਮਾ ਚਿਹਰਾ ਉਸ ਕੱਚੇ ਰਾਹ ਵਰਗਾ ਲੱਗਦਾ ਹੈ, ਜਿਸ ਦੀ ਪਥਰੀਲੀ ਲੰਬਾਈ ਲੋਕਾਂ ਨੂੰ ਉਥੋਂ ਲੰਘਣ ਵੇਲੇ ਡਰਾਉਂਦੀ ਹੈ...।

ਭਲਾ ਮੁੱਛਾਂ ਕਿੰਨੇ ਦਿਨਾਂ ਵਿੱਚ ਉੱਗ ਆਉਂਦੀਆਂ ਹਨ?

ਉਨ੍ਹਾਂ ਦੀ ਮੰਨਣ ਤਾਂ ਉਹ ਤੁਰੰਤ ਮੁੱਛਾਂ ਰੱਖਣਾ ਸ਼ੁਰੂ ਕਰ ਦੇਣ। ਵਧੀਆਂ ਮੁੱਛਾਂ ਦੀਆਂ ਲਗਾਤਾਰ ਤਸਵੀਰਾਂ ਉਸ ਨੂੰ ਭੇਜਦੇ ਰਹਿਣ। ਮੁੱਛਾਂ ਪੂਰੀ ਤਰ੍ਹਾਂ ਨਿਕਲ ਆਉਣ 'ਤੇ ਹੀ ਉਹ ਦੋਵੇਂ ਮਿਲ ਸਕਦੇ ਹਨ। ਮੁੱਛਾਂ ਦੀ ਸੰਭਾਲ ਕਰਨ ਤੋਂ ਬੇਕਾਰ ਹੀ ਘਬਰਾਓ ਨਾ। ਚੁਸਤ-ਦਰੁਸਤ ਵਿਅਕਤੀਤਵ ਵਾਲੇ ਹੈ। ਜਾ ਕੇ ਕਿਸੇ ਸੈਲੂਨ ਤੋਂ ਸਹੀ ਤਰਤੀਬ ਵੀ ਦੇ ਸਕਦੇ ਹਨ। ਹਾਂ, ਮੁੱਛਾਂ ਉਪਰ ਵੱਲ ਉਂਜ ਹੀ ਆਕੜੀਆਂ ਹੋਣ ਜਿਵੇਂ ਉਨ੍ਹਾਂ ਦੀ 1947 ਦੀ ਪਾਕਿਸਤਾਨ ਯੁੱਧ ਦੀ ਤਸਵੀਰ ਵਿੱਚ ਸਨ।

ਕਰਨਲ ਸਵਾਮੀ ਦੀ ਪੁਰਾਣੀ ਤਸਵੀਰ ਵੇਖ ਅਨਿਮਾ ਦਾਸ ਪੂਰੀ ਤਰ੍ਹਾਂ ਮੁਗਧ ਹੈ।

ਲਿਖਿਆ-ਜਿਸ ਰੂਪ ਵਿੱਚ ਉਹ ਦੇਖਣ ਲਈ ਉਤਸੁਕ ਸੀ, ਤਸਵੀਰ ਵਿੱਚ ਕਰਨਲ ਸਵਾਮੀ ਬਿਲਕੁਲ ਉਸੇ ਤਰ੍ਹਾਂ ਹੀ ਰੋਹਬਦਾਰ ਦਿਸ ਰਹੇ ਹਨ।

ਅਨਿਮਾ ਦਾਸ ਨੇ ਲਿਖਿਆ ਸੀ-ਉਨ੍ਹਾਂ ਨੂੰ ਉਹ ਦਰਦਨਾਕ ਘਟਨਾ ਯਾਦ ਹੈ ਜਿਸ ਬਾਰੇ ਉਨ੍ਹਾਂ ਲਿਖਿਆ ਸੀ ਕਿ ਉਹ ਦੁੱਖੀ ਪ੍ਰਸੰਗ ਉਨ੍ਹਾਂ ਦੇ ਸੈਨਿਕ ਜੀਵਨ ਦਾ ਸਭ ਤੋਂ ਚੁਣੌਤੀ ਭਰਿਆ ਸਮਾਂ ਸੀ। ਜਿਸ ਪਲ ਕੱਛ ਦੇ ਬਾਰਡਰ ਉਤੇ ਗੋਰਖਾ ਰੇਜੀਮੈਂਟਸ ਦੇ ਉਨ੍ਹਾਂ ਦੇ ਬਹਾਦਰ ਦੋਸਤ, ਜਿਗਰੀ ਦੋਸਤ ਕਰਨਲ ਸਮਰ ਪ੍ਰਤਾਪ ਸਿੰਘ ਪਾਕਿਸਤਾਨੀ ਸੈਨਿਕ ਟੁਕੜੀ ਨੂੰ ਪਿੱਛੇ ਧਕੇਲਦੇ ਹੋਏ ਉਨ੍ਹਾਂ ਦੀ ਤੋਪ ਦੇ ਗੋਲੇ ਦਾ ਸ਼ਿਕਾਰ ਹੋ ਮਾਸ ਦੇ ਲੋਥੜੇ ਵਿੱਚ ਤਬਦੀਲ ਹੋ ਗਏ ਸਨ। ਉਸੇ ਪਲ ਉਨ੍ਹਾਂ ਨੇ ਨਿਸ਼ਚਾ ਕੀਤਾ ਸੀ। ਦੋਸਤ ਸ਼ਹੀਦ ਹੋ ਗਿਆ, ਉਹ ਕਾਇਰ ਵਾਂਗ ਪਿੱਛੇ ਬਚੇ ਰਹੇ, ਕਿਉਂਕਿ ਉਨ੍ਹਾਂ ਨੇ ਬਚਣਾ ਹੀ ਚਾਹਿਆ ਸੀ। ਹੁਣ ਉਹ ਮੁੱਛਾਂ ਨਹੀਂ ਰਖਣਗੇ। ਉਨ੍ਹਾਂ ਨੂੰ ਕੋਈ ਹੱਕ ਨਹੀਂ ਮੁੱਛਾਂ ਰੱਖਣ ਦਾ। ਬਾਰਡਰ ਤੋਂ ਮੁੜਦੇ ਹੀ ਉਨ੍ਹਾਂ ਨੇ ਮੁੱਛਾ ਕੱਢਵਾ ਦਿੱਤੀਆਂ।

ਅਨਿਮਾ ਦਾਸ ਨੇ ਕਰਨਲ ਸਵਾਮੀ ਨੂੰ ਇਹ ਵੀ ਲਿਖਿਆ ਸੀ। ਹੁਣ ਉਨ੍ਹਾਂ ਦੋਵੇਂ ਦੇ ਮਿਲਣ ਦਾ ਠੀਕ ਵੇਲਾ ਆ ਗਿਆ ਹੈ। ਅਨਿਮਾ ਦਾਸ ਨੂੰ ਨੈਨੀਤਾਲ ਬਹੁਤ ਪਸੰਦ ਹੈ। ਪਹਿਲੀ ਵਾਰ ਉਹ ਕਰਨਲ ਸਵਾਮੀ ਨਾਲ ਉੱਥੇ ਹੀ ਮਿਲਣਾ ਚਾਹੁੰਦੀ ਹੈ। ਨੈਨੀ ਝੀਲ ਦੇ ਸਾਹਮਣੇ ਹੋਟਲ ਕਲਾਸਿਕ ਹੈ। ਜਿਸ ਦੀ ਬਾਲਕੋਨੀ ਤੋਂ ਨੈਨਾ ਦੇਵੀ ਦਾ ਮੰਦਰ ਦਿੱਸਦਾ ਹੈ। ਸ਼ਾਮ ਵੇਲੇ ਹੋਣ ਵਾਲੀ ਆਰਤੀ ਦੇ ਸੁਰ ਸੁਣਾਈ ਦੇਂਦੇ ਹਨ। 'ਸ਼ੇਰਵੁਡ' ਸਕੂਲ ਦਿੱਸਦਾ ਹੈ। ਦਿਨ ਵੇਲੇ ਵਿਸ਼ਾਲ ਝੀਲ ਵਿੱਚ ਸਾਹਮਣੇ ਵਾਲੇ ਉੱਚੇ ਪਹਾੜ ਦੀ ਵੱਡੀ ਜਿਹੀ ਪਰਛਾਈਂ ਦਿਸਦੀ ਹੈ। ਅਗਲੇ ਮਹੀਨੇ ਦਸੰਬਰ ਦੇ ਆਖਰੀ ਦਿਨਾਂ ਦੀ ਕਿਸੇ ਵੀ ਤਾਰੀਕ ਵਿੱਚ 'ਕਲਾਸਿਕ' ਵਿੱਚ ਦੋ ਕਮਰੇ ਹੁਣੇ ਤੋਂ ਰਿਜ਼ਰਵ ਕਰਵਾ ਦੇਵੇਗੀ। ਮੁੰਬਈ ਤੋਂ ਹੀ ਰਿਜ਼ਰਵ ਹੋ ਜਾਣਗੀਆਂ। ਤਾਰੀਕ ਜਲਦੀ ਹੀ ਲਿਖ ਭੇਜੇਗੀ। ਕਰਨਲ ਸਵਾਮੀ ਨੂੰ ਕੁਝ ਨਹੀਂ ਕਰਨਾ ਪੈਣਾ। ਸਿਰਫ ਗਰਮ ਕੱਪੜਿਆਂ ਨਾਲ ਨੈਨੀਤਾਲ ਪਹੁੰਚਣਾ ਹੋਏਗਾ। ਅਨਿਮਾ ਦਾਸ ਦਿੱਲੀ ਹੁੰਦੇ ਹੋਏ ਨੈਨੀਤਾਲ ਪਹੁੰਚੇਗੀ। ਇਕ ਦਿਨ ਉਹ ਦਿੱਲੀ ਰੁਕੇਗੀ। ਕਿੱਥੇ, ਇਹ ਨਹੀਂ ਦੱਸ ਸਕੇਗੀ। ਕਰਨਲ ਸਵਾਮੀ ਨਾਲ ਉਨ੍ਹਾਂ ਦੀ ਪਹਿਲੀ ਮੁਲਕਾਤ ਨੈਨੀਤਾਲ ਵਿੱਚ ਹੀ ਹੋਏਗੀ। ਇਸ ਗਲੋਂ ਬੇਫਿਕਰ ਰਹਿਣ। ਨੈਨੀਤਾਲ ਵਿੱਚ ਉਹ ਸਭ ਸੰਭਾਲ ਲਵੇਗੀ। ਤੇ ਜਦੋਂ ਤੱਕ ਉਹ ਚਾਹੁੰਣਗੇ, ਉਹ ਉਥੇ ਹੀ ਰਹਿਣਗੇ।

ਦੋਵਾਂ ਦੀ ਮੁਲਾਕਾਤ ਨੂੰ ਅਜੇ ਸਵਾ ਮਹੀਨਾ ਬਾਕੀ ਹੈ...।

ਮਾਧਵੀ, ਅਨੁਸ਼੍ਰੀ, ਸ਼ਿਆਮਲੀ ਨੂੰ ਇਕਦਮ ਨੈਨੀਤਾਲ ਜਾਣ ਤੋਂ ਪਹਿਲਾਂ ਹੀ ਦੱਸਣਗੇ।

ਬੱਸ ਜਾਂ ਗੱਡੀ ਦੇ ਝੰਝਟਾਂ ਵਿੱਚ ਨਹੀਂ ਪੈਣਗੇ। ਸਿੱਧਾ ਕਿਰਾਏ 'ਤੇ ਟੈਕਸੀ ਲੈਣਗੇ ਕਰਨਲ ਸਵਾਮੀ ਅਨਿਮਾ ਦਾਸ ਨੇ ਇੱਧਰ ਉਨ੍ਹਾਂ ਨੂੰ ਇਕ ਲੰਮੀ ਕਵਿਤਾ ਭੇਜੀ ਹੈ। ਇਕਦਮ ਨਵੀਂ। ਅੱਠ ਪੇਜ਼ ਦੀ ਕਵਿਤਾ ਵਿੱਚ ਅਨਿਮਾ ਦਾਸ ਨੇ ਨੈਨੀਤਾਲ ਵਿੱਚ ਮੁਲਾਕਾਤ ਦੀ ਤਾਰੀਕ ਵੀ ਲਿਖ ਭੇਜੀ। 28 ਦਸੰਬਰ! ਇਨ੍ਹਾਂ ਦਿਨ੍ਹਾਂ ਵਿੱਚ ਬਰਫ਼ ਵੀ ਪੈਣ ਲੱਗਦੀ ਹੈ। ਨਵਾਂ ਸਾਲ ਵੀ ਸ਼ੁਰੂ ਹੋ ਜਾਂਦਾ ਹੈ। ਇਸ ਤੋਂ ਚੰਗੇ ਦਿਨ ਨੈਨੀਤਾਲ



ਵਿੱਚ ਹੋਰ ਨਹੀਂ ਹੁੰਦੇ।

ਅੱਠ ਪੇਜ਼ਾਂ ਦੀ ਲੰਮੀ ਕਵਿਤਾ ਵੇਖ ਕਰਨਲ ਸਵਾਮੀ ਨੂੰ ਅਚੰਭਾ ਹੋਇਆ। ਕਵਿਤਾ ਵੀ ਕਵਿਤਾ ਸਿਰਜ ਸਕਦੀ ਹੈ।

ਉਹ ਅਨਿਮਾ ਦਾਸ ਦੀ ਲੰਮੀ ਕਵਿਤਾ ਦੀ ਫੋਟੋ ਕਾਪੀ ਕਰਵਾ ਕੇ ਲਿਆਏ ਹਨ। ਮਿ. ਸਿੰਘ ਨੂੰ ਦੇਣ ਲਈ। ਘਰ ਜਾ ਕੇ ਜ਼ਰੂਰ ਪੜ੍ਹਨਾ ਮਿ. ਸਿੰਘ। ਸਵੇਰੇ ਸੈਰ ਵੇਲੇ ਮਿਲਣ 'ਤੇ ਉਨ੍ਹਾਂ ਨੂੰ ਉਸ ਬਾਰੇ ਦੱਸਣ। ਕਿਹੋ ਜਿਹੀ ਕਵਿਤਾ ਲਿਖਦੀ ਹੈ ਉਨ੍ਹਾਂ ਦੀ ਅਨਿਮਾ ਦਾਸ।

ਸਿਲਸਿਲਾ ਕਿਵੇਂ ਸ਼ੁਰੂ ਹੋਇਆ ਸੀ। ਕਰਨਲ ਸਵਾਮੀ ਦੇ ਚਿਹਰੇ ਉਤੇ ਫੈਲੀ ਲਾਲਿਮਾ ਘੱਟ ਰੌਸ਼ਨੀ ਦੇ ਬਾਵਜੂਦ ਬਾਬੂ ਜਸਵੰਤ ਸਿੰਘ ਦੀਆਂ ਨਜ਼ਰਾਂ ਤੋਂ ਝੁਕੀ ਨਾ ਰਹਿ ਸਕੀ।

ਹੋਇਆ ਇੰਜ ਸੀ ਕਿ ਇਕ ਐਤਵਾਰ ਦੀ ਸਵੇਰ ਦੀ ਸੈਰ ਤੋਂ ਵਾਪਸ ਆ ਕੇ 'ਟਾਈਮਸ ਆਫ ਇੰਡੀਆਂ ' ਦੇ ਵਿਆਹ-ਸ਼ਾਦੀ ਵਾਲੇ ਕਾਲਮ ਵਿੱਚ ਕਰਨਲ ਸਵਾਮੀ ਨੇ ਕਿਸੇ ਅਨਿਮਾ ਦਾਸ ਵਲੋਂ ਦਿੱਤਾ ਗਿਆ ਦਿਲਚਸਪ ਇਸ਼ਤਿਹਾਰ ਪੜ੍ਹਿਆ, "ਤਲਾਸ਼ ਹੈ ਇਕ ਪੈਂਸ਼ਨਸ਼ੁਦਾ ਵਿਧਵਾ ਰੀਡਰ ਨੂੰ ਇਕ ਇੱਕਲੇ ਜਾਂ ਵਿਧੁਰ ਜੀਵਨ-ਸਾਥੀ ਦੀ ਜੋ ਜੀਵਨ ਦੇ ਆਖਰੀ ਪੜਾਓ ਵਿੱਚ ਉਸ ਦਾ ਹਮਸਫ਼ਰ ਬਣ ਸਕੇ। ਉਹ ਵਿਆਹੁਤਾ ਇਕ ਮੁੰਡੇ ਤੇ ਦੋ ਜਵਾਨ ਬਾਲ-ਬੱਚਿਆਂ ਵਾਲੀਆਂ ਕੁੜੀਆਂ ਦੀ ਮਾਂ, ਆਪਣੇ ਫਰਜ਼ਾਂ ਤੋਂ ਮੁਕਤ ਹੋ ਚੁੱਕੀ ਹੈ। ਬੱਚੇ ਆਪਣੀ ਘਰ-ਗ੍ਰਹਿਸਥੀ ਵਿੱਚ ਰੁੱਝੇ ਹੋਏ ਹਨ। ਉਨ੍ਹਾਂ ਨੂੰ ਇਕੱਲਾਪਨ ਖਾਂਦਾ ਹੈ। ਇਛੁੱਕ ਆਦਮੀ ਆਪਣੀ ਫੋਟੋ ਪਰਿਚੈ ਸਹਿਤ ਵਿਚਾਰ ਲਈ ਭੇਜਣ।"

ਇਸ ਇਸ਼ਤਿਹਾਰ ਨੇ ਕਰਨਲ ਸਵਾਮੀ ਨੂੰ ਬੜਾ ਅਕਾਰਸ਼ਿਤ ਕੀਤਾ। ਇਸਤਰੀ ਦੀ ਹਿੰਮਤ ਨੇ ਵੱਧ ਪ੍ਰਭਾਵਿਤ ਕੀਤਾ। ਬਾਕੀਆਂ ਨੂੰ ਦੁਸਾਹਸ ਲੱਗ ਸਕਦਾ ਹੈ। ਲੱਗਦਾ ਰਹੇ। ਉਨ੍ਹਾਂ ਨੂੰ ਆਪਣਾ ਮੋਰਚਾ ਸੰਭਾਲਣ ਵਰਗੀ ਮੁਸਤੈਦੀ ਜਿਹੀ ਲੱਗੀ। ਕਰਨਲ ਸਵਾਮੀ ਨੇ ਨਿਸ਼ਚਾ ਕੀਤਾ, ਅਨਿਮਾ ਦਾਸ ਨਾਲ ਉਹ ਪੱਤਰ-ਵਿਹਾਰ ਕਰਨਗੇ। ਦਿੱਤੀ ਗਏ ਪੋਸਟ ਬਾਕਸ ਨੰਬਰ 'ਤੇ ਉਨ੍ਹਾਂ ਨੇ ਆਪਣਾ ਜੀਵਨ-ਪਰਿਚੈ ਫੋਟੋ ਪਰਿਵਾਰਿਕ ਫੋਟੋ ਆਦਿ ਭੇਜ ਦਿੱਤੇ। ਇਹ ਕਹਿਣ ਵਿੱਚ ਕੋਈ ਹਰਜ਼ ਨਹੀਂ ਕਿ ਅਜਿਹਾ ਕਰਦੇ ਹੋਏ ਕਰਨਲ ਸਵਾਮੀ ਬਹੁਤ ਗੰਭੀਰ ਨਹੀਂ ਸਨ। ਅਨਿਮਾ ਦਾਸ ਦੀਆਂ ਸ਼ਰਤਾਂ ਮੁਤਾਬਿਕ ਉਹ ਵਿਧੁਰ ਹੀ ਸਨ, ਪਰ ਇਕੱਲੇ ਨਹੀਂ ਸਨ। ਸਗੋਂ ਭਰੇ-ਪੂਰੇ ਪਰਿਵਾਰ ਨਾਲ ਭਰੇ ਹੋਏ।

ਪਰ ਜਵਾਬ ਪਾਉਣ ਦੀ ਕਰਨਲ ਸਵਾਮੀ ਨੂੰ ਉਤਸੁਕਤਾ ਜ਼ਰੂਰ ਰਹੀ। ਕੁਝ ਸਮਾਂ ਬੀਤ ਜਾਣ ਕਾਰਣ ਉਨ੍ਹਾਂ ਨੂੰ ਲੱਗਾ, ਸ਼ਾਇਦ ਸ਼ਰਤਾਂ ਅਨੁਸਾਰ ਉਹ ਅਸਫਲ ਪਾਤਰ ਸਿੱਧ ਹੋਏ ਹਨ। ਪਰ ਉਨ੍ਹਾਂ ਨੂੰ ਹੈਰਾਨੀ ਉਦੋਂ ਹੋਈ ਜਦੋਂ ਚੌਥੇ ਹਫਤੇ ਵਿੱਚ ਅਨਿਮਾ ਦਾਸ ਦਾ ਮਨ ਮੋਹਦਾ ਜਵਾਬ ਆ ਗਿਆ। ਅਨਿਮਾ ਦਾਸ ਨੂੰ ਉਨ੍ਹਾਂ ਦੇ ਪਰਿਚੈ ਨੇ ਬਹੁਤ ਪ੍ਰਭਾਵਿਤ ਕੀਤਾ ਸੀ। ਉਸ ਨੇ ਲਿਖਿਆ ਸੀ ਉਹ ਭਵਿੱਖ ਵਿੱਚ ਵੀ ਉਨ੍ਹਾਂ ਨਾਲ ਸੰਪਰਕ ਬਣਾਏ ਰੱਖਣਾ ਚਾਹੁੰਦੀ ਹੈ। ਲੰਮੀ ਉਡੀਕ ਮਗਰੋਂ ਉਸ ਨੂੰ ਕੋਈ ਮਨ-ਮੁਤਾਬਿਕ ਆਦਮੀ ਮਿਲਿਆ ਹੈ। ਉਸ ਆਪਣਾ ਈ-ਮੇਲ ਨੰਬਰ ਵੀ ਭੇਜਿਆ। ਕੀ ਉਹ ਆਪਣਾ 'ਈ-ਮੇਲ' ਨੰਬਰ ਉਸ ਨੂੰ ਭੇਜਣਗੇ?

ਕਰਨਲ ਸਵਾਮੀ ਕਿਧਰੇ ਅਚਾਨਕ ਨੈਨੀਤਾਲ ਤਾਂ ਨਹੀਂ ਚਲੇ ਗਏ? ਹੋ ਸਕਦਾ ਹੈ ਕਿ ਉਨ੍ਹਾਂ ਦਾ ਪੂਰਣ ਨਿਰਧਾਰਿਤ ਪ੍ਰੋਗਰਾਮ ਬਦਲ ਗਿਆ ਹੋਵੇ ਤੇ ਅਨਿਮਾ ਦਾਸ ਨੇ ਉਨ੍ਹਾਂ ਨੂੰ 'ਈ-ਮੇਲ' ਰਾਹੀਂ ਹੀ ਸੂਚਿਤ ਕਰ ਦਿੱਤਾ ਹੋਵੇ! ਕਿ ਜਲਦੀ ਨੈਨੀਤਾਲ ਪਹੁੰਚੋਂ।

ਪਰ ਬਾਕੀ ਪਰਿਵਾਰ? ਕੋਈ ਵੀ ਜੋੜ-ਤੋੜ ਠੀਕ ਨਹੀਂ ਬੈਠ ਰਿਹਾ ਸੀ। ਇਹ ਵੀ ਹੋ ਸਕਦਾ ਹੈ ਕਿ ਦੋਵਾਂ ਨੇ ਨਿਸ਼ਚਾ ਕੀਤਾ ਹੋਵੇ ਕਿ ਉਹ ਸਾਰੇ ਪਰਿਵਾਰ ਸਮੇਤ ਹੀ ਇਕ-ਦੂਸਰੇ ਨੂੰ ਮਿਲਣਗੇ ਤੇ ਉਹ ਪੂਰੇ ਪਰਿਵਾਰ ਸਮੇਤ ਹੀ ਨੈਨੀਤਾਲ ਹੀ ਚਲੇ ਗਏ ਹੋਣ। ਹੋ ਸਕਦਾ ਹੈ ਕਿ ਉਥੇ ਕੁਝ ਹਫਤੇ ਬਿਤਾ ਕੇ ਆਉਣ।

ਸ਼ਾਇਦ ਸੋਚਿਆ ਹੋਵੇ, ਇਕ-ਦੂਸਰੇ ਬਾਰੇ ਜੋ ਵੀ ਨਿਰਣਾ ਕਰਨ, ਪਰਿਵਾਰ ਦੀ ਸਲਾਹ ਤੇ ਸਹਿਮਤੀ ਨਾਲ ਹੀ ਕਰਨ। ਤਾਂ ਕਿ ਭਵਿੱਖ ਵਿੱਚ ਕਿਸੇ ਪ੍ਰਕਾਰ ਦਾ ਕੋਈ ਮਨਮੁਟਾਵ ਨਾ ਰਹਿ ਜਾਏ। ਇਹੀ ਠੀਕ ਹੈ। ਇਹੀ ਹੋਣਾ ਵੀ ਚਾਹੀਦਾ ਹੈ। ਇੰਜ ਹੋਣ ਵਿੱਚ ਕੋਈ ਅੜਚਣ ਵੀ ਨਹੀਂ ਹੈ। ਆਖਿਰ ਸਾਰਿਆਂ ਦੇ ਲਾਡਲੇ ਅੱਪੂ ਜੋ ਹਨ ਕਰਨਲ ਸਵਾਮੀ।

ਸੁਨੈਨਾ ਆਵਾਜ਼ ਮਾਰ ਕੇ ਪੁੱਛ ਰਹੀ ਹੈ, "ਬਾਬੂ ਜੀ ਰੋਟੀ ਮੇਜ਼ ਉਤੇ ਖਾਓਗੇ ਜਾਂ ਆਪਣੇ ਕਮਰੇ ਵਿੱਚ?"

"ਖਾਣੇ ਦੀ ਮੇਜ਼ 'ਤੇ ਹੀ ਆ ਕੇ ਖਾਵਾਂਗਾ।"

ਬਾਬੂ ਜਸਵੰਤ ਸਿੰਘ ਉੱਠ ਕੇ ਰੋਟੀ ਵਾਲੇ ਮੇਜ਼ ਵੱਲ ਵੱਧੇ। ਬੱਚਿਆਂ ਨਾਲ ਬੈਠਣ ਦਾ ਮਨ ਹੋ ਰਿਹਾ ਸੀ। ਸੁਨੈਨਾ ਦੀ ਪੁਕਾਰ ਚੰਗੀ ਲੱਗੀ।

ਟਾਮੀ ਮਗਨ ਹੋ ਕੇ ਆਪਣਾ ਦੁੱਧ-ਰੋਟੀ ਖਾ ਰਿਹਾ ਸੀ। ਕੋਲੋਂ ਲੰਘੇ ਪਰ ਉਸ ਨੂੰ ਸਿਰ ਚੁਕ ਕੇ ਵੇਖਣ ਦੀ ਫੁਰਸਤ ਹੀ ਨਹੀਂ ਸੀ।

ਸੋਚਾਂ ਰੁਕ ਗਈਆਂ। ਉਹ ਥੱਕ ਵੀ ਗਏ ਸਨ।

ਸਿਰ ਪਕੜਿਆ ਹੋਇਆ ਸੀ। ਠੰਡ ਕਾਰਣ ਵੀ ਹੋ ਸਕਦਾ ਹੈ। ਕਮਰੇ ਵਿੱਚ ਨਿੱਘ ਚਾਹੀਦਾ ਹੈ। ਕਿਥੋਂ ਆਏ? ਉਸ ਅਪਮਾਨਜਨਕ ਪ੍ਰਸੰਗ ਮਗਰੋਂ ਉਨ੍ਹਾਂ ਨੇ ਉਨ੍ਹਾਂ ਸਲਾਇੰਡਿੰਗ ਖਿੜਕੀਆਂ ਨੂੰ ਅੱਜ ਤਕ ਨਹੀਂ ਖੋਲ੍ਹਿਆ। ਧੁੱਪੇ ਬੈਠਣ ਲਈ ਹੇਠਾਂ ਵੀ ਜਾਇਆ ਜਾ ਸਕਦਾ ਹੈ। ਸੁਸਾਇਟੀ ਦੇ ਛੋਟੇ ਜਿਹੇ ਬਾਗ ਵਿਚ ਬੈਠਣ ਲਈ ਕੁਝ ਬੈਂਚਾ ਪਈਆਂ ਹੋਈਆਂ ਹਨ। ਕੁਝ ਲੋਕ ਉਥੇ ਜਾ ਕੇ ਬੈਠਦੇ ਵੀ ਹਨ। ਬਸ, ਉਹ ਹੀ ਨਹੀਂ ਜਾਂਦੇ। ਕਈ ਕਾਰਣਾਂ ਵਿਚੋਂ ਇਕ ਕਾਰਣ ਇਹ ਵੀ ਹੋ ਸਕਦਾ ਹੈ ਕਿ ਗੁਆਂਢਣ ਵਾਲਾ ਪ੍ਰਸੰਗ ਕਿੱਥੇ ਉਥੇ ਬੈਠੇ ਲੋਕਾਂ ਦੀਆਂ ਨਜ਼ਰਾਂ ਵਿੱਚ ਨਾ ਨਜ਼ਰ ਆਉਣ ਲੱਗ ਜਾਏ।

## ਲੰਮੀ ਕਵਿਤਾ

ਦੁਪਹਿਰ ਦੇ ਭੋਜਨ ਮਗਰੋਂ ਸ਼ੁਰੂ ਤੋਂ ਹੀ ਬਾਬੂ ਜਸਵੰਤ ਸਿੰਘ ਨੂੰ ਸੌਣ ਦੀ ਆਦਤ ਰਹੀ ਹੈ। ਬੜੀ ਕੋਸ਼ਿਸ਼ ਕੀਤੀ ਉਨ੍ਹਾਂ ਨੇ ਕਿ ਭੋਜਨ ਬਾਅਦ ਕੁਝ ਦੇਰ ਸੁਸਤਾ ਕੇ ਬਿਸਤਰ ਛੱਡ ਕੇ ਮੇਜ਼-ਕੁਰਸੀ ਤੇ ਜਾ ਕੇ ਬੈਠ ਜਾਣਾ। ਇੱਥੇ ਮੇਜ਼-ਕੁਰਸੀ ਨਹੀਂ ਸਿਰਫ ਸਿਰ੍ਹਾਣੇ ਦੀ ਹੀ ਟੇਕ ਲਾਉਣੀ ਪੈਣੀ ਸੀ। ਭਾਵੇਂ ਪੁਰਾਣੀ ਹੀ ਸਹੀ, ਕੋਈ ਕਿਤਾਬ ਪੜ੍ਹ ਲੈਣ। ਪਰ ਕਿਤਾਬਾਂ ਨੇ ਵੀ ਉਨ੍ਹਾਂ ਨਾਲ ਪੱਕੀ ਠਾਣ ਕੇ ਰਖੀ ਹੋਈ ਹੈ ਕਿ ਇਕ-ਅੱਧ ਪੰਨਾ ਪਲਟਦੇ ਹਨ ਕਿ ਲਗਾਤਾਰ ਉਬਾਸੀਆਂ ਆਉਂਣੀਆਂ ਸ਼ੁਰੂ ਹੋ ਜਾਂਦੀਆਂ ਹਨ। ਨੀਂਦਰ ਆਉਣ ਵਿੱਚ ਤੰਗ ਕਰੇ ਤਾਂ ਉਹ ਝੱਟ ਕੋਈ ਕਿਤਾਬ ਖੋਲ੍ਹ ਕੇ ਬੈਠ ਜਾਂਦੇ ਹਨ। ਨੀਂਦਰ ਉਨ੍ਹਾਂ ਉਤੇ ਹਾਵੀ ਹੋਣ ਲੱਗਦੀ ਹੈ। ਇਸ ਸੰਦਰਭ ਵਿੱਚ ਉਹ ਨਿਸ਼ਚਿਤ ਹੀ ਪ੍ਰੇਮ ਚੰਦ ਅਤੇ ਰਵੀਂਦਰ ਨਾਥ ਟੈਗੋਰ ਦਾ ਸ਼ੁਕਰੀਆਂ ਅਦਾ ਕਰਦੇ ਹਨ ਕਿ ਉਨ੍ਹਾਂ ਨੇ ਉਨ੍ਹਾਂ ਨੂੰ ਨੀਂਦਰ ਦੀਆਂ ਗੋਲੀਆਂ ਦੀ ਇੱਲਤ ਤੋਂ ਦੂਰ ਰਖਿਆ ਹੋਇਆ ਹੈ। ਬਾਬੂ ਜਸਵੰਤ ਸਿੰਘ ਨੂੰ ਜਾਣਕਾਰੀ ਨਹੀਂ ਕਿ ਹੁਣ ਦੇ ਲੇਖਕਾਂ ਵਿੱਚ ਕੋਈ ਐਨਾ ਪ੍ਰਭਾਵੀ ਤੇ ਪ੍ਰਤਾਪੀ ਹੈ ਵੀ ਜਾਂ ਨਹੀਂ।

ਦੁਪਹਿਰ ਦੀ ਸਮੱਸਿਆ ਦਾ ਕੋਈ ਹਲ ਉਨ੍ਹਾਂ ਨੂੰ ਮਿਲ ਨਹੀਂ ਰਿਹਾ। ਕਾਨਪੁਰ ਤੋਂ ਹੀ ਸ਼ੁਰੂ ਹੋਇਆ ਡਕਾਰ ਮਾਰਨ ਦਾ ਸਿਲਸਿਲਾ ਦਿੱਲੀ ਵਿੱਚ ਚੈਨ ਨਾਲ ਬੈਠਣ ਨਹੀਂ ਦੇਂਦਾ। ਲਗਾਤਾਰ ਆਉਂਦੇ ਜ਼ੋਰਦਾਰ ਡਕਾਰਾਂ ਕਾਰਣ ਉਨ੍ਹਾਂ ਦੀ ਨੂੰਹ ਦਾ ਦਿਲ ਖਰਾਬ ਹੋਣ ਲੱਗ ਪੈਂਦਾ ਹੈ।

ਸਵੇਰ ਦੀ ਲੰਮੀ ਸੈਰ ਦਾ ਅਸਰ ਉਨ੍ਹਾਂ ਦੀ ਸਿਹਤ ਉਤੇ ਜ਼ਰੂਰ ਪਿਆ ਹੈ ਪਰ ਪੇਟ ਉਤੇ ਉਸ ਦਾ ਬਹੁਤਾ ਪ੍ਰਭਾਵ ਨਜ਼ਰ ਨਹੀਂ ਆਉਂਦਾ ਰੋਟੀ ਸਾਧਾਰਣ ਤੇ ਸਾਦਾ ਹੀ ਖਾਂਦੇ ਹਨ, ਫਿਰ ਵੀ ਸਮਝ ਨਹੀਂ ਆਉਂਦਾ ਕਿ ਪੇਟ ਦੀ ਮਸ਼ੀਨਰੀ ਉਤੇ ਕਿਸ ਚੀਜ਼ ਦਾ ਬੋਝ ਪੈਂਦਾ ਹੈ ਜਿਸ ਕਾਰਣ ਉਹ ਆਪਣਾ ਕੰਮ ਠੀਕ ਤਰ੍ਹਾਂ ਨਾਲ ਨਹੀਂ ਕਰ ਪਾਉਂਦਾ। ਅਜਿਹੇ ਸੰਕਟ ਵੇਲੇ ਉਨ੍ਹਾਂ ਨੂੰ ਨਰਿੰਦਰ ਦੀ ਮਾਂ ਬੜੀ ਯਾਦ ਆਉਂਦੀ ਹੈ। ਜਦੋਂ ਵੀ ਉਹ ਬਜ਼ਾਰ ਸੋਦਾ-ਸੁਲਫ ਲੈਣ ਨਿਕਲਦੀ ਤਾਂ ਨਵੀਨ ਪਾਚਕ ਚੂਰਣ ਤੇ ਗੋਲੀਆਂ ਲਿਆਉਂਣੀਆਂ ਨਾ ਭੁੱਲਦੀ। ਉਨ੍ਹਾਂ ਦੇ ਅਸਰ ਨਾਲ ਕੁਝ ਦਿਨ ਆਰਾਮ ਰਹਿੰਦਾ।

ਉਂਜ ਤਾਂ ਸੁਨੈਨਾ ਦਾ ਵੱਸ ਚਲੇ ਤਾਂ ਉਹ ਬਾਬੂ ਜੀ ਉਤੇ ਗੋਲੀ ਚਲਾਉਣ ਤੋਂ ਵੀ ਗੁਰੇਜ਼ ਨਾ ਕਰੇ ਪਰ



ਉਹ ਸਿੱਧਾ ਵਾਰ ਕਰਨ ਤੋਂ ਬਚਦੀ ਹੈ ਤੇ ਬੜੀ ਚਾਲਾਕੀ ਨਾਲ ਨਰਿੰਦਰ ਦੇ ਮੋਢੇ ਤੇ ਰਖਕੇ ਬੰਦੂਕ ਚਲਾਉਂਦੀ ਏ।

"ਰੋਟੀ ਖਾਣ ਮਗਰੋਂ ਥੋੜਾ ਜਿਹਾ ਕਮਰੇ ਵਿੱਚ ਹੀ ਟਹਿਲ ਲਿਆ ਕਰੋ ਬਾਬੂ ਜੀ।"

"ਕਿਹੜੇ ਕਮਰੇ ਵਿੱਚ।"

"ਤੁਹਾਡੀ ਇਹੀ ਆਦਤ ਠੀਕ ਨਹੀਂ, ਹਰ ਗੱਲ ਨੂੰ ਏਵੇਂ ਹੀ ਖਿੱਚ ਲੈਂਦੇ ਹੋ।"

"ਤੂੰ ਕਦੇ ਬੁੱਢਾ ਨਹੀਂ ਹੋਏਗਾ ਨਰਿੰਦਰ?"

"ਸਵਾਲ ਬੁਢਾਪੇ ਅਤੇ ਜਵਾਨੀ ਦੀ ਨਹੀਂ ਹੈ ਬਾਬੂ ਜੀ-ਐਡਜਸਟਮੈਂਟ ਦਾ ਹੈ।"

"ਬਿਲਕੁਲ ਠੀਕ-ਇਹੀ ਸੀਖ ਤੂੰ ਆਪਣੀ ਵਹੁਟੀ ਨੂੰ ਕਿਉਂ ਨਹੀਂ ਦੇਂਦਾ? ਉਸ ਨੂੰ ਨਹੀਂ ਸਿੱਖਣਾ ਚਾਹੀਦਾ ਕਿ ਬੁਜਰਗਾਂ ਨਾਲ ਕਿਵੇਂ ਰਿਹਾ ਜਾਂਦਾ ਹੈ? ਨਿੱਛਾਂ, ਪੱਦ, ਡਕਾਰਾਂ ਜਵਾਨੀ ਅਤੇ ਬੁਢਾਪਾ ਨਹੀਂ ਵੇਖਦੀਆਂ ਨਰਿੰਦਰ।"

"ਜਿਸ ਦਾ ਹਾਜਮਾ ਠੀਕ ਨਹੀਂ ਹੋਏਗਾ-ਇਹ ਪਰੇਸ਼ਾਨੀ ਤਾਂ ਉਸ ਨੂੰ ਰਹੇਗੀ ਹੀ।"

ਬਹਿਸ ਵਿੱਚ ਹੋਰ ਨਾ ਪੈ, ਨਰਿੰਦਰ ਆਪਣੇ ਕਮਰੇ ਅੰਦਰ ਵੜ ਗਿਆ। ਬੰਦ ਕਮਰੇ ਅੰਦਰ ਹੁੰਦੀਆਂ ਤੇਜ਼ ਆਵਾਜ਼ਾਂ ਨੇ ਉਨ੍ਹਾਂ ਨੂੰ ਇਸ ਘਰ ਵਿੱਚ ਹੋਰ ਵੀ ਗੈਰ ਕਰ ਦਿੱਤਾ।

ਇਸ ਵੇਲੇ ਬਾਬੂ ਜਸਵੰਤ ਸਿੰਘ ਦੜਬੇ ਜਿਹੇ ਕਮਰੇ ਵਿੱਚ ਪਬ ਧਰ ਰਹੇ ਸਨ ਅਤੇ ਸੀਨੇ, ਗਲੇ ਨੂੰ ਸਹਿਲਾਉਂਦੇ ਹੋਏ, ਡਕਾਰਾਂ ਦਾ ਰਾਹ ਰੋਕ ਰਹੇ ਸਨ।

ਉਦੋਂ ਹੀ ਉਨ੍ਹਾਂ ਦੇ ਕਮਰੇ ਦੇ ਦਰਵਾਜ਼ੇ ਨੂੰ ਨਿਲਏ ਨੇ ਖੜਕਾਇਆ ਤੇ ਕਿਹਾ ਕਿ ਉਨ੍ਹਾਂ ਦਾ ਫੋਨ ਆਇਆ ਹੈ। ਫੋਨ ਵੱਲ ਭੱਜਦੇ ਹੋਏ ਬਾਬੂ ਜੀ ਪ੍ਰਸੰਨ ਹੋ ਗਏ। ਕਰਨਲ ਸਵਾਮੀ ਘਰ ਵਾਪਸ ਆ ਗਏ?

ਫੋਨ ਤੇ 'ਹੈਲੋ' ਕਹਿੰਦੇ ਹੋਏ ਉਹ ਨਿਰਾਸ ਹੋ ਗਏ ਕਿਉਂਕਿ ਫੋਨ ਤੇ ਕਾਹਲ ਨਾਲ ਬੋਲਦੀ ਕਿਸੇ ਕੁੜੀ ਦੀ ਆਵਾਜ਼ ਸੀ। ਜੋ 'ਹੈਲੋ' ਕਰਨ ਮਗਰੋਂ ਇਹ ਜਾਨਣ ਦੀ ਕਾਹਲ ਵਿੱਚ ਸੀ-ਕੀ ਉਹ ਜਸਵੰਤ ਤਾਊ ਜੀ ਨਾਲ ਗੱਲ ਕਰ ਸਕਦੀ ਹੈ?"

"ਤਾਊ ਜੀ?" ਕੌਣ ਹੋ ਸਕਦਾ ਹੈ, ਉਨ੍ਹਾਂ ਨੂੰ ਤਾਊ ਜੀ ਕਹਿ ਕੇ ਸੰਬੋਧਿਤ ਕਰਨ ਵਾਲਾ? ਕੁੜੀ ਬਹੁਤ ਹੀ ਸਲੀਕੇ ਨਾਲ ਕਰ ਰਹੀ ਹੈ।

"ਬੋਲੋ, ਬੋਲ ਰਿਹਾ ਹਾਂ।"

"ਤਾਊ ਜੀ। ਕਾਨਪੁਰ ਤੋਂ ਮੈਂ ਸੁਮਿਤਰਾ ਬੋਲ ਰਹੀ ਹਾਂ ਨੇਤਾ ਜੀ ਦੀ ਵੱਡੀ ਬੇਟੀ। ਤੁਸੀਂ ਠੀਕ ਹੋ?"

"ਨੇਤਾ ਜੀ! ਔਹ ਹੋ! ਰਾਮ ਖਿਲਾਵਨ ਯਾਦਵ ਦੀ ਬੇਟੀ।" ਇਕਦਮ ਦਿਮਾਗ ਵਿੱਚ ਆ ਗਿਆ। ਖੁਸ਼ ਹੋ ਗਏ।

"ਠੀਕ ਹਾਂ, ਠੀਕ ਹਾਂ, ਬੇਟਾ।" ਜਸਵੰਤ ਸਿੰਘ ਨੇ ਜਵਾਬ ਦਿੱਤਾ। ਸਮਝ ਗਏ। ਹੁਣ ਸੁਨਗੁਨਿਆਂ ਨਾਲ ਗੱਲ ਹੋਏਗੀ।

ਉਧਰੋਂ ਫੋਨ ਉਤੇ ਸੁਨਗੁਨਿਆਂ ਆ ਗਈ। ਬਾਬੂ ਜਸਵੰਤ ਸਿੰਘ ਦੀ ਲੰਮੀ ਗੈਰਮੌਜੂਦਗੀ ਕਾਰਣ ਓਦਰੀ ਸੁਨਗੁਨਿਆਂ, ਉਨ੍ਹਾਂ ਦੀ ਆਵਾਜ਼ ਸੁਣਦੇ ਹੀ ਰੋਣਹਾਕੀ ਹੋ ਗਈ। ਬਾਬੂ ਜੀ ਨੇ ਇਕਦਮ ਉਲਾਂਭਾ ਦਿੱਤਾ ਕਿ, ਐਨੇ ਦਿਨਾਂ ਤੋਂ ਉਸ ਨੇ ਫੋਨ ਕਿਉਂ ਨਹੀਂ ਕੀਤਾ? ਸੁਨਗੁਨਿਆ ਨੇ ਇਹ ਕਹਿ ਕੇ ਆਪਣੀ ਬੇਵਸੀ ਦੱਸੀ, ਕਿਵੇਂ ਕਰਦੀ ਫੋਨ? ਫੋਨ ਤਾਂ ਘਰ ਵਾਲਿਆਂ ਦੀ ਨਜ਼ਰ ਬਚਾ ਕੇ ਨੇਤਾ ਜੀ ਦੀ ਵੱਡੀ ਕੁੜੀ ਹੀ ਲਗਾ ਕੇ ਦੇਂਦੀ ਹੈ। ਉਹ ਇਥੇ ਹੈ ਨਹੀਂ ਸੀ। ਢਾਈ ਮਹੀਨਿਆਂ ਤੋਂ ਵੱਡੀ ਬੇਟੀ ਲਖਨਊ ਵਿੱਚ ਸੀ। ਪੜ੍ਹਾਈ ਦੀ ਕੋਈ ਟਰੇਨਿੰਗ ਲੈ ਰਹੀ ਸੀ ਉਥੇ। ਉਥੋਂ ਮੁੜਦੇ ਹੀ ਉਹ ਬਨਾਰਸ ਚਲੀ ਗਈ, ਆਪਣੇ ਵੱਡੇ ਭਰਾ ਲਈ ਵਹੁਟੀ ਪਸੰਦ ਕਰਨ ਲਈ। ਕਲ੍ਹ ਸਵੇਰੇ ਹੀ ਵਾਪਸ ਆਈ ਹੈ। ਅੱਜ ਇਸ ਨੇ ਫੋਨ ਲੱਗਾ ਦਿੱਤਾ ਤੇ ਮਾਲਕ ਨਾਲ ਗੱਲ ਕਰ ਰਹੀ ਹੈ। ਮਾਲਕ ਜ਼ਰਾ ਧਿਆਨ ਨਾਲ ਉਸ ਦੀ ਗੱਲ ਸੁਣਨ। ਉਹ ਬੈਠੇ ਹਨ ਉਸ ਤੋਂ ਕੋਹਾਂ ਦੂਰ। ਕੋਈ ਉੱਚਾ-ਨੀਵਾਂ ਸਮਝਣ ਲਈ ਆਖਿਰ ਸੁਨਗੁਨਿਆਂ ਕਿਸ ਨਾਲ ਸਲਾਹ-ਮਸ਼ਵਰਾ ਕਰੇ? ਪੁੱਛਾ-ਸਿੱਧਾ ਦੱਸਣ ਵਾਲਿਆਂ ਦੀ ਆਲੇ-ਦੁਆਲੇ ਕੋਈ ਕਮੀ ਨਹੀਂ। ਗੱਲ ਇਹ ਹੈ ਕਿ ਨੇਤਾ ਜੀ ਉਸ ਦੇ ਪਿੱਛੇ ਹੱਥ ਧੋ ਕੇ ਪੈ ਗਏ ਹਨ ਕਿ ਸੁਨਗੁਨਿਆਂ ਉਨ੍ਹਾਂ ਦੀ ਪਾਰਟੀ ਵਿੱਚ ਆ ਜਾਏ। ਬਹੁਤ

ਜਲਦੀ ਪ੍ਰਦੇਸ਼ ਵਿੱਚ ਚੋਣਾਂ ਹੋਣ ਵਾਲੀਆਂ ਹਨ। ਪਾਰਟੀ ਦੀ ਤਾਕਤ ਵਧਾਉਣ ਲਈ ਦਲਿਤਾਂ ਨੂੰ ਇਕਜੁਟ ਹੋ ਕੇ ਅੱਗੇ ਆਉਣਾ ਚਾਹੀਦਾ ਹੈ। ਉਨ੍ਹਾਂ ਨੂੰ ਇਕੱਠੇ ਹੋ ਕੇ ਬਾਹਮਣ-ਠਾਕੁਰਾਂ ਦਾ ਤਖਤਾ ਪਲਟਣਾ ਹੋਏਗਾ, ਤਾਂ ਹੀ ਦਲਿਤ ਸਮਾਜ ਵਿੱਚ ਸਨਮਾਨ ਪਾਉਣ ਦੇ ਹੱਕਦਾਰ ਹੋ ਸਕਣਗੇ। ਆਪਣਾ ਭਵਿੱਖ ਉਨ੍ਹਾਂ ਨੇ ਆਪ ਹੀ ਸਿਰਜਿਤ ਕਰਨਾ ਹੈ। ਆਪਣੀ ਸਰਕਾਰ ਦੁਬਾਰਾ ਸੱਤਾ ਵਿੱਚ ਆਉਣੀ ਚਾਹੀਦੀ ਹੈ...।

ਨੇਤਾ ਜੀ ਕਹਿ ਰਹੇ ਹਨ ਕਿ ਸੁਨਗੁਨਿਆਂ ਉਨ੍ਹਾਂ ਦੀ ਪਾਰਟੀ ਬਸਪਾ ਦੀ ਮੈਂਬਰ ਬਣ ਜਾਏ। ਮੈਂਬਰ ਉਹ ਆਪ ਹੀ ਬਣਵਾ ਦੇਣਗੇ। ਮੈਂਬਰ ਬਣਦੇ ਹੀ ਸੁਨਗੁਨਿਆਂ ਨੂੰ ਸਿਰਫ ਪਾਰਟੀ ਲਈ ਹੀ ਕੰਮ ਕਰਨਾ ਪਏਗਾ। ਪਾਰਟੀ ਦੇ ਦਫਤਰ ਵਿੱਚ ਨੇਮ ਨਾਲ ਹਾਜ਼ਰੀ ਲਗਾਉਣੀ ਪਏਗੀ। ਦਫਤਰ ਹੈ ਹੂਲਾਗੰਜ ਵਿੱਚ। ਉਸ ਨੂੰ ਐਨੀ ਦੂਰ ਆਉਣਾ-ਜਾਣਾ ਪਏਗਾ। ਦਫਤਰ ਵਿੱਚ ਕੀ-ਕੀ ਕੰਮ ਕਰਨਾ ਹੋਏਗਾ, ਨੇਤਾ ਜੀ ਨੇ ਇਹ ਵੀ ਸਮਝਾ ਦਿੱਤਾ ਹੈ। ਦਫ਼ਤਰ ਦੀ ਸਫ਼ਾਈ ਆਦਿ ਕਰਨੀ ਹੋਏਗੀ। ਆਏ-ਗਏ ਨੂੰ ਪਾਣੀ ਪੁੱਛਣਾ ਹੋਏਗਾ। ਨੇਤਾ ਜੀ ਬਾਰੇ ਟੋਹ ਲੈਣ ਵਾਲਿਆਂ ਤੇ ਨਜ਼ਰ ਰਖਣੀ ਹੋਏਗੀ। ਕਿਹੜਾ ਘਰ ਦਾ ਭੇਤੀ ਹੈ। ਕਿਹੜਾ ਉਨ੍ਹਾਂ ਨਾਲ ਅਸਹਿਮਤੀ ਰੱਖਦਾ ਹੈ ਕਿਉਂਕਿ ਉਸ ਨੂੰ ਮਾਮੂਲੀ ਔਰਤ ਸਮਝ ਕੇ ਉਹ ਉਸ ਸਾਹਮਣੇ ਬਹੁਤੀ ਸਾਵਧਾਨੀ ਨਹੀਂ ਰਖਣਗੇ।

ਨੇਤਾ ਜੀ ਨੇ ਇਹ ਵੀ ਕਿਹਾ ਹੈ ਕਿ ਗੰਦੀ ਬਸਤੀਆਂ ਵਿੱਚ ਜਾ ਦੇ ਜਾਤ-ਬਿਰਾਦਰੀ ਵਾਲਿਆਂ ਨੂੰ ਚੇਤੰਨ ਕਰਨ ਵਿੱਚ ਵੀ ਸਹਿਯੋਗ ਦੇਣਾ ਪਏਗਾ। ਬਾਹਮਣ-ਠਾਕੁਰਾਂ ਨੇ ਹਮੇਸ਼ਾ ਉਨ੍ਹਾਂ ਦੀਆਂ ਧੀਆਂ-ਨੂੰਹਾਂ ਦੀ ਬੇਪੱਤੀ ਕੀਤੀ ਹੈ। ਉਨ੍ਹਾਂ ਨੂੰ ਕਦੇ ਪਨਪਣ ਹੀ ਨਹੀਂ ਦਿੱਤਾ। ਪੈਰਾਂ ਦੀ ਜੁੱਤੀ ਬਣਾ ਕੇ ਰਖਿਆ। ਬੇਗਾਰੀ ਕਰਵਾਈ, ਕਦੇ ਮਜ਼ਦੂਰੀ ਵੀ ਨਹੀਂ ਦਿੱਤੀ। ਮਜ਼ਦੂਰੀ ਲਈ ਮੂੰਹ ਖੋਲ੍ਹਣ 'ਤੇ ਮੂੰਹ ਵਿੱਚ ਮੂਤੱਰ ਕਰ ਦਿੱਤਾ। ਵਿਰੋਧ ਕਰਨ 'ਤੇ ਨਦੀ-ਨਾਲੇ ਵਿੱਚ ਸੁੱਟਵਾ ਦਿੱਤਾ। ਪਰ ਹੁਣ ਇੰਜ ਨਹੀਂ ਹੋਏਗਾ। ਬਾਹਮਣਾਂ-ਠਾਕੁਰਾਂ ਦੇ ਰਾਜਪਾਟ ਦੇ ਦਿਨ ਹੁਣ ਲੱਦ ਗਏ ਹਨ। ਹੁਣ ਅਸੀਂ ਰਾਜ ਕਰਾਂਗੇ ਤੇ ਇਨ੍ਹਾਂ ਸਹੁਰਿਆਂ ਦੇ ਮੂੰਹਾਂ ਵਿੱਚ ਮੂੱਤਰ ਕਰਾਂਗੇ। ਇਕ ਮੂੰਹ ਵਿੱਚ ਦਸ-ਦੱਸ।

ਨੇਤਾ ਜੀ ਦੇ ਮੁਤਾਬਿਕ ਕੰਮ ਕਰਨ ਦੇ ਸਾਰੇ ਠਿਕਾਣੇ ਸੁਨਗੁਨਿਆਂ ਨੂੰ ਛੱਡਣੇ ਪੈਣਗੇ। ਇਹ ਸੁਪਨਾ ਵੀ ਵਿਖਾ ਰਹੇ ਹਨ ਕਿ ਚੌਣਾਂ ਵਿੱਚ ਜਿੱਤ ਕੇ ਆਉਣ ਤੇ ਉਹ ਉਸ ਦੇ ਰਹਿਣ ਦਾ ਕਿਧਰੇ ਹੋਰ ਪ੍ਰਬੰਧ ਕਰ ਦੇਣਗੇ। ਕਿਸੇ ਠਾਕੁਰ ਦੇ ਘਰ ਚਾਕਰੀ ਕਰਨ ਦੀ ਹੁਣ ਉਸ ਨੂੰ ਕੋਈ ਲੋੜ ਨਹੀਂ। ਨਾ ਉਨ੍ਹਾਂ ਦੀ ਕ੍ਰਿਪਾ ਦੀ। ਸਵਰੂਪ ਨਗਰ ਦੇ ਆਸ-ਪਾਸ ਨਵੀਂ ਝੁਗੀਆਂ ਪੈਂਦੇ ਹੀ ਛੇਤੀ ਹੀ ਉਸ ਦਾ ਆਪਣਾ ਘਰ ਬਣ ਜਾਏਗਾ। ਪਾਰਟੀ ਦਫਤਰ ਤੋਂ ਉਸ ਨੂੰ ਤਨਖਾਹ ਮਿਲੇਗੀ। ਗਿਆਰਾਂ ਸੌ ਰੁਪਏ ਇੱਕਠੇ, ਦਸ ਤਾਰੀਕ ਤਕ। ਇਕ ਹੋਰ ਪ੍ਰਸਤਾਵ ਵੀ ਦਿੱਤਾ ਹੈ ਨੇਤਾ ਜੀ ਨੇ ਸੁਨਗੁਨਿਆਂ ਆਪਣੇ ਸਹੁਰੇ ਬਿਰਹੁਨ ਵਾਪਸ ਚਲੀ ਜਾਵੇ। ਨੇਤਾ ਜੀ ਉਸ ਨੂੰ ਗ੍ਰਾਮ ਪੰਚਾਇਤ ਦਾ ਪ੍ਰਧਾਨ ਬਣਵਾ ਦੇਣਗੇ। ਕਿਸੇ ਦੀ ਕੋਈ ਮਜ਼ਾਲ ਨਹੀਂ ਜੋ ਨੇਤਾ ਜੀ ਦੀ ਚੋਣ 'ਤੇ ਉਂਗਲੀ ਚੁੱਕ ਸਕੇ। ਉਂਗਲੀ ਵੱਢ ਦਿੱਤੀ ਜਾਏਗੀ ਉਸ ਦੀ।

ਸੁਨਗੁਨਿਆਂ ਦੇ ਪਿੰਡ ਜਾਣ ਦੇ ਪ੍ਰਸਤਾਵ ਨੂੰ ਮਨ੍ਹਾ ਕਰਨ 'ਤੇ ਨੇਤਾ ਜੀ ਨੇ ਦਬਾਵ ਪਾ ਕੇ ਉਸ ਤੋਂ ਪੁੱਛਿਆ ਕਿ ਆਖਿਰ ਉਹ ਪਿੰਡ ਜਾਣ ਤੋਂ ਇਨਕਾਰ ਕਿਉਂ ਕਰ ਰਹੀ ਹੈ। ਬੱਚਿਆਂ ਦੀ ਚਿੰਤਾਂ ਨਾ ਕਰੇ। ਉਹੀ ਬੱਚਿਆਂ ਨੂੰ ਉਸ ਆਮ ਪਿੰਡ ਦੇ ਸਕੂਲ ਵਿੱਚ ਭਰਤੀ ਕਰਵਾ ਦੇਣਗੇ। ਮਜ਼ਬੂਰ ਹੋ ਕੇ ਸੁਨਗੁਨਿਆਂ ਨੂੰ ਮੂੰਹ ਖੋਲ੍ਹਣਾ ਹੀ ਪਿਆ। ਮਾਲਕ ਉਸ ਨੂੰ ਮਾਫ ਕਰਨ। ਹੋਰ ਕੋਈ ਚਾਰਾ ਨਹੀਂ ਸੀ। ਉਸ ਨੇ ਨੇਤਾ ਜੀ ਨੂੰ ਸਾਫ-ਸਾਫ ਕਹਿ ਦਿੱਤਾ, ਪਿੰਡ ਵਿੱਚ ਉਸ ਨੂੰ ਬਾਹਮਣ-ਠਾਕੁਰਾਂ ਨੇ ਨਹੀਂ ਸਤਾਇਆ ਸੀ। ਸੱਕੇ-ਸੰਬੰਧੀਆਂ ਨੇ ਹੀ ਸਤਾਇਆ ਸੀ। ਸੁਕੇ-ਸਬੰਧੀਆਂ ਲਈ ਔਰਤ, ਔਰਤ ਹੀ ਹੁੰਦੀ ਹੈ। ਪਤੀ ਦੀ ਤੇਰ੍ਹਵੀ ਦੀ ਪੰਜਵੀਂ ਰਾਤ ਨੂੰ ਹੀ ਉਸ ਦੇ ਜੇਠ ਆ ਉਸ ਨੂੰ ਦਬੋਚਿਆਂ। ਧਮਕਾਇਆ ਕਿ ਜੇ ਚੀਖੀ-ਰੌਲਾ ਪਾਇਆ ਤਾਂ ਉਸ ਦੇ ਇਕਲੌਤੇ ਪੁੱਤਰ ਨੂੰ ਸਵੇਰ ਹੋਣ ਤੋਂ ਪਹਿਲਾਂ ਹੀ ਪਿੰਡ ਦੇ ਬਾਹਰ ਵਾਲੇ ਅੰਨ੍ਹੇ ਖੂਹ ਵਿੱਚ ਜਾ ਕੇ ਸੁੱਟ ਆਏਗਾ। ਉਹ ਡਰ ਗਈ। ਮੂੰਹ ਸਿਉਂ ਲਿਆ। ਐਨਾ ਜ਼ੋਰ-ਜ਼ੁਲਮ ਕਾਫੀ ਨਹੀਂ ਸੀ। ਘਰ ਘਾਟ ਦਾ ਹਿੱਸਾ ਨਾ ਦੇਣਾ ਪਏ ਇਸ ਲਈ ਰਾਤੋਂ ਰਾਤ ਉਸ ਦਾ ਰਿਸ਼ਤਾ ਜ਼ੇਲ੍ਹ ਕੱਟ ਕੇ ਆਏ ਰੰਡੇ ਬੁੱਢੇ ਨਾਲ ਤੈਅ ਕਰ ਦਿੱਤਾ ਕਿ ਤੇਰ੍ਹਵੀਂ ਨਿਪਟਦੇ ਹੀ ਉਸ ਨਾਲ ਸੁਨਗੁਨਿਆਂ ਨੂੰ ਬਿਠਾ ਦਿੱਤਾ ਜਾਏ ਤਾਂ ਕਿ ਉਸ



ਦੇ ਸਿਰੋਂ ਜ਼ਿੰਮੇਵਾਰੀ ਦਾ ਇਹ ਬੋਝ ਉਤਰ ਜਾਏ।

ਕਿੰਨੀਆਂ ਗੱਲਾਂ ਉਧੱੜ ਗਈਆਂ। ਮਾਲਕ ਗਵਾਹ ਹਨ। ਦੇਵੀ ਜਿਹੀ ਮਾਲਕਣ ਨੇ ਉਸ ਨੂੰ ਆਪਣੀ ਸ਼ਰਣ ਵਿੱਚ ਲੈ ਲਿਆ। ਉਸ ਨੂੰ ਲੈ ਜਾ ਕੇ ਪੁਲਿਸ ਵਿੱਚ ਰਿਪੋਰਟ ਲਿਖਵਾ ਦਿੱਤੀ ਕਿ ਉਸ ਦਾ ਜੱਲਾਦ ਜੇਠ ਭੁੱਲ ਕੇ ਵੀ ਉਨ੍ਹਾਂ ਦੇ ਬੰਗਲੇ ਦੇ ਆਲੇ-ਦੁਆਲੇ ਫਟਕਿਆ ਤਾਂ ਉਸ ਨੂੰ ਫੌਰਨ ਦਬੋਚ ਲਿਆ ਜਾਏ...।

ਸੁਨਗੁਨਿਆਂ ਨੇ ਨੇਤਾ ਜੀ ਨੂੰ ਸਾਫ-ਸਾਫ ਕਹਿ ਦਿੱਤਾ। ਉਨ੍ਹਾਂ ਨੂੰ ਨਾ ਠੀਕ ਲੱਗੇ ਤਾਂ ਨਾ ਸਹੀ। ਉਸ ਨੂੰ ਸ਼ਾਂਤੀ ਨਾਲ ਆਪਣੇ ਬੱਚੇ ਪਾਲਣ ਦੇਣਾ। ਉਸ ਨੂੰ ਨਾ ਪਾਰਟੀ ਦੇ ਦਫਤਰ ਵਿੱਚ ਕੰਮ ਕਰਨਾ ਹੈ ਤੇ ਨਾ ਹੀ ਪਿੰਡ ਦੀ ਸਰਪੰਚੀ ਵਜਾਉਣੀ ਹੈ। ਜਦੋਂ ਤਕ ਉਹ ਚਾਹੁੰਣਗੇ ਉਨ੍ਹਾਂ ਦੇ ਘਰ ਚੁਲ੍ਹਾ-ਚੌਂਕਾਂ ਕਰਦੀ ਰਹਾਂਗੀ। ਬੱਚਿਆਂ ਨੂੰ ਦਾਖਲ ਕਰਵਾਉਣ ਕਾਰਣ ਉਹ ਉਨ੍ਹਾਂ ਦੀ ਅਹਿਸਾਸਮੰਦ ਹੈ। ਮਾਲਕ ਦੱਸਣ ਕਿ ਸੁਨਗੁਨਿਆਂ ਨੇ ਨੇਤਾ ਜੀ ਦਾ ਪ੍ਰਸਤਾਵ ਠੁਕਰਾ ਦੇ ਠੀਕ ਕੀਤਾ ਜਾਂ ਗਲਤ।

ਸੁਨਗੁਨਿਆਂ ਦੀਆਂ ਗੱਲਾਂ ਸੁਣ ਕੇ ਬਾਬੂ ਜਸਵੰਤ ਸਿੰਘ ਥੋੜੇ ਭਾਵਕ ਹੋ ਗਏ। ਸਿਰਫ ਐਨਾ ਹੀ ਕਿਹਾ, ਉਨ੍ਹਾਂ ਨੂੰ ਸੁਨਗੁਨਿਆਂ ਦਾ ਕੋਈ ਵੀ ਫੈਸਲਾ ਕਦੇ ਗਲਤ ਨਹੀਂ ਲੱਗਾ। ਉਨ੍ਹਾਂ ਨੂੰ ਪੱਕਾ ਯਕੀਨ ਹੈ ਕਿ ਉਹ ਕਦੇ ਕੋਈ ਗਲਤ ਫੈਸਲਾ ਕਰ ਹੀ ਨਹੀਂ ਸਕਦੀ। ਸੁਨਗੁਨਿਆਂ ਨੂੰ ਆਪਣੇ ਦਿਲ ਦੀ ਇਕ ਗੱਲ ਕਹਿਣਾ ਚਾਹੁੰਦੇ ਹਨ, ਉਹ ਉਨ੍ਹਾਂ ਨੂੰ ਮਾਲਕ ਕਹਿ ਕੇ ਨਾ ਬੁਲਾਇਆ ਕਰੇ। ਫਿਰ ਵੀ ਕਹੇ? 'ਬਾਬੂ ਜੀ'। ਜਦੋਂ ਕਦੇ-ਕਦੇ ਉਸਦੇ ਮੂੰਹੋਂ ਬਾਬੂ ਜੀ ਨਿਕਲ ਜਾਂਦਾ ਹੈ ਤਾਂ ਉਨ੍ਹਾਂ ਨੂੰ ਸੁਣ ਕੇ ਚੰਗਾ ਲੱਗਦਾ।

ਬਾਬੂ ਜੀ ਜਾਣਦੇ ਸਨ ਕਿ ਸੁਨਗੁਨਿਆਂ ਨੇ ਉਨ੍ਹਾਂ ਨੂੰ ਫੋਨ ਕੋਈ ਸਲਾਹ ਲੈਣ ਲਈ ਨਹੀਂ ਕੀਤਾ, ਸਗੋਂ ਉਹ ਆਪਣਾ ਨਿਰਣਾ ਉਨ੍ਹਾਂ ਨੂੰ ਦੱਸਣਾ ਚਾਹੁੰਦੀ ਸੀ। ਬੇਸਹਾਰਾਂ ਲੋਕਾਂ ਨੂੰ ਆਪਣਾ ਮੋਹਰਾ ਬਣਾ ਕੇ ਚਲਾਉਣ ਵਾਲੇ ਰਾਜਨੀਤਿਕ ਲੋਕਾਂ ਦੀ ਕੋਈ ਘਾਟ ਨਹੀਂ ਅਜਿਹੇ ਲਾਲਚਾਂ ਪਿੱਛੇ ਲੁਕੀ ਅਸਲੀਅਤ ਨੂੰ ਸੁਨਗੁਨਿਆਂ ਬਖੂਬੀ ਜਾਣਦੀ ਹੈ। ਜਾਤੀ-ਬਿਰਾਦਰੀ ਦੀ ਆੜ ਵਿੱਚ ਵੋਟਾਂ ਇੱਕਠੀਆਂ ਕਰਨ ਵਾਲੇ ਅਜਿਹੇ ਨੇਤਾ ਉਨ੍ਹਾਂ ਨੂੰ ਸੁਖ-ਚੈਨ ਦੇ ਸੁਫਨੇ ਵਿਖਾ ਕੇ ਅਸਲ ਵਿੱਚ ਆਪਣੇ ਸੁਫਨਿਆਂ ਦੀ ਫਸਲ ਨੂੰ ਤਿਆਰ ਕਰਨਾ ਚਾਹੁੰਦੇ ਹੁੰਦੇ ਹਨ।

ਬਿਸਤਰੇ 'ਤੇ ਪੈਂਦੇ ਹੀ ਉਨ੍ਹਾਂ ਇਸ ਗੱਲ ਦਾ ਅਫਸੋਸ ਹੋਇਆ ਕਿ ਉਹ ਕਿਹੋ ਜਿਹੇ ਬੁਜ਼ਰਗ ਹਨ-ਰਾਮਵਤੀ, ਸੋਮਵਤੀ ਉਰਫ਼ ਕਾਤਆਇਨੀ ਅਤੇ ਕੁਮੁਦਿਨੀ ਬਾਰੇ ਸੁਨਗੁਨਿਆਂ ਤੋਂ ਪੁੱਛਣਾ ਹੀ ਭੁੱਲ ਗਏ। ਝੱਲੀ ਸੁਨਗੁਨਿਆਂ ਨੂੰ ਵੀ ਨੇਤਾ ਜੀ ਰਾਮਖਿਲਾਵਨ ਯਾਦਵ ਦਾ ਰਾਗ ਅਲਾਪਦੇ ਹੋਏ ਇਸ ਗੱਲ ਦਾ ਖਿਆਲ ਨਹੀਂ ਆਇਆ ਕਿ ਉਹ ਬੱਚਿਆਂ ਬਾਰੇ ਵੀ ਉਨ੍ਹਾਂ ਨਾਲ ਕੋਈ ਗੱਲ ਕਰੇ। ਉਨ੍ਹਾਂ ਨੂੰ ਦੱਸੇ ਸਕੂਲ ਵਿੱਚ ਉਹ ਕੀ ਪੜ੍ਹ ਲਿਖ ਰਹੀਆਂ ਹਨ। ਹੁਣ ਤਕ ਕੀ ਕੁਝ ਸਿੱਖ ਬੈਠੀਆਂ। ਘਰ ਆ ਕੇ ਕੁਝ ਦੱਸਦੀਆਂ-ਸੁਣਾਉਂਦੀਆਂ ਹਨ ਜਾਂ ਨਹੀਂ। ਕਾਪੀ, ਕਿਤਾਬ, ਤਖਤੀ ਆਦਿ ਕਿਸੇ ਚੀਜ਼ ਦੀ ਲੋੜ ਤਾਂ ਨਹੀਂ ਉਨ੍ਹਾਂ ਨੂੰ? ਜੇ ਕਿਸੇ ਵੇਲੇ ਸੁਨਗੁਨਿਆਂ ਨੂੰ ਰੁਪਏ-ਪੈਸੇ ਦੀ ਲੋੜ ਹੋਵੇ ਤਾਂ ਉਹ ਇਥੋਂ ਉਸ ਦੇ ਨਾਂ 'ਤੇ ਕੁਝ ਰੁਪਏ ਮਨੀਆਰਡਰ ਕਰਵਾ ਸਕਦੇ ਹਨ। ਭਾਵੇਂ ਪੋਸਟ-ਆਫਿਸ ਇਥੋਂ ਦੂਰ ਹੈ, ਫਿਰ ਵੀ ਐਨਾ ਦੂਰ ਨਹੀਂ ਕਿ ਉਹ ਉਥੇ ਜਾ ਹੀ ਨਾ ਸਕਣ।

ਅੱਵਲ ਤਾਂ ਬਾਬੂ ਜੀ ਨੇ ਸੁਨਗੁਨਿਆਂ ਦੇ ਬੱਚਿਆਂ ਨੂੰ ਕਦੇ ਆਪਣੇ ਕੋਲ ਬੁਲਾਇਆ ਹੀ ਨਹੀਂ ਸੀ। ਜੇ ਕਰ ਭੁਲ-ਭੁਲੇਖੇ ਉਨ੍ਹਾਂ ਨੂੰ 'ਵਾਜ਼ ਮਾਰ ਬਹਿੰਦੇ ਤਾਂ ਉਹ ਸੰਕੋਚ ਨਾਲ ਧੌਣ ਹੇਠਾਂ ਸੁੱਟ, ਉਥੇ ਦੇ ਉਥੇ ਹੀ ਬੁੱਤ ਬਣ ਖੜੇ ਹੋ ਜਾਂਦੇ। ਸੁਨਗੁਨਿਆਂ ਨੂੰ ਉਨ੍ਹਾਂ ਕਿਹਾ ਸੀ ਕਿ ਉਹ ਹੀ ਬੱਚਿਆਂ ਤੋਂ ਪੁੱਛੇ ਕਿ ਉਹ ਉਨ੍ਹਾਂ ਤੋਂ ਐਨਾ ਡਰਦੇ ਕਿਉਂ ਹਨ? ਉਨ੍ਹਾਂ ਨਾਲ ਦੋਸਤੀ ਕਰਨ ਦਾ ਇਕ ਰਾਹ ਉਨ੍ਹਾਂ ਨੂੰ ਨਜ਼ਰ ਆਇਆ ਸੀ। ਜਦੋਂ ਉਹ ਬਾਹਰੋਂ ਆਉਂਦੇ ਤਾਂ ਉਨ੍ਹਾਂ ਲਈ ਖਾਣ ਵਾਸਤੇ ਕੁਝ ਨਾ ਕੁਝ ਲੈ ਕੇ ਆਉਂਦੇ। ਪਰ ਬੱਚੇ ਉਹ ਚੀਜ਼ਾਂ ਲੈਣ ਵੀ ਉਨ੍ਹਾਂ ਦੇ ਨੇੜੇ ਨਾ ਆਉਂਦੇ। ਹਾਰ ਕੇ ਚਾਕਲੇਟ, ਵੇਫਰਸ ਆਦਿ ਉਨ੍ਹਾਂ ਨੂੰ ਸੁਨਗੁਨਿਆਂ ਨੂੰ ਹੀ ਦੇਣੇ ਪੈਂਦੇ। ਉਨ੍ਹਾਂ ਦੀ ਲਲਕ ਵੇਖ ਪਹਿਲ ਸੁਨਗੁਨਿਆਂ ਨੇ ਹੀ ਕਰਨੀ ਸ਼ੁਰੂ ਕੀਤੀ। ਮਸਲਨ ਕਿ ਬੱਚੇ ਉਨ੍ਹਾਂ ਦੇ ਕਮਰੇ ਵਿੱਚ ਝਾਕ ਕੇ ਵੇਖ ਆਉਣ ਕਿ ਮਾਲਕ ਸੌਂ ਕੇ ਉਠ ਗਏ ਹਨ ਕਿ ਨਹੀਂ। ਪੁੱਛ ਕੇ ਆਉਣ ਕਿ ਮਾਲਕ, ਤੁਹਾਡੀ ਚਾਹ ਬਣਾ ਦੇਈਏ? ਜਾਓ, ਦਰਵਾਜ਼ੇ ਤੇ ਪਿਆ ਅਖਬਾਰ ਚੁੱਕ ਕੇ ਉਨ੍ਹਾਂ ਨੂੰ ਦੇ

ਆਓ। ਵੱਡੀ ਰਾਮਵਤੀ, ਨਹੀਂ-ਨਹੀਂ ਕਾਤਿਆਇਨੀ ਦੀ ਝਿਝਕ ਕੁਝ-ਕੁਝ ਮੱਠੀ ਪੈਣ ਲੱਗ ਪਈ ਸੀ। ਬਾਕੀ ਦੋਵੇਂ ਬੱਚੇ ਉਸ ਦੀ ਪੂਛ ਬਣੇ ਕਮਰੇ ਵਿੱਚ ਦਾਖਿਲ ਹੁੰਦੇ ਤੇ ਉਸ ਦੇ ਮੁੜਦੇ ਹੀ ਚਟਪਟ ਬਾਹਰ ਵੱਲ ਭੱਜ ਪੈਂਦੇ। ਜਿਵੇਂ ਪਿੱਛੇ ਕੋਈ ਉਨ੍ਹਾਂ ਨੂੰ ਮਾਰਨ ਆ ਰਿਹਾ ਹੋਵੇ। ਇਹ ਸਭ ਸੋਚ ਪਲ ਭਰ ਲਈ ਉਨ੍ਹਾਂ ਦੇ ਬੁੱਲ੍ਹਾਂ 'ਤੇ ਮੁਸਕਾਨ ਆ ਗਈ। ਕਿੰਨੇ ਦਿਨਾਂ ਬਾਅਦ ਉਹ ਮੁਸਕਰਾਏ ਸਨ, ਆਪਣੇ ਇਸ ਦੜਬੇ ਨੁਮਾ ਕਮਰੇ ਵਿੱਚ-ਤਥਾਕਥਿਤ ਘਰ ਵਿੱਚ।

ਬਾਬੂ ਜਸਵੰਤ ਸਿੰਘ ਸੋਚਣ ਲੱਗੇ-ਕਾਇਦੇ ਨਾਲ ਕਾਤਿਆਇਨੀ ਦਾ ਦਾਖਿਲਾ ਪਿਛਲੇ ਵਰ੍ਹੇ ਹੀ ਹੋ ਜਾਣਾ ਚਾਹੀਦਾ ਸੀ ਤੇ ਕੁਮੁਦਨੀ ਦਾ ਇਸ ਵਰ੍ਹੇ। ਮੁੰਡਾ ਅਜੇ ਕਾਫੀ ਛੋਟਾ ਹੈ। ਨਰਿੰਦਰ ਦੀ ਮਾਂ ਨੂੰ ਕੁੜੀਆਂ ਦਾ ਫਿਕਰ ਲੱਗਾ ਰਹਿੰਦਾ ਸੀ। ਮਾਂ ਦੇ ਘਰੋਂ ਬਾਹਰ ਜਾਂਦਿਆਂ ਹੀ ਜਦੋਂ ਵੇਖੋ ਦੋਵੇਂ ਉਛਲ ਕੇ ਬਾਹਰ ਮੇਨਗੇਟ ਤੇ ਪਹੁੰਚ ਜਾਂਦੀਆਂ। ਉਸ ਦਾ ਕਹਿਣਾ ਸੀ ਕਿ, ਦੋਵੇਂ ਸਕੂਲ ਵਿੱਚ ਬੈਠਣਗੀਆਂ ਤਾਂ ਸਹੀ ਪੰਜ-ਛੇ ਘੰਟੇ। ਘਰੋਂ ਦੂਰ ਰਹਿਣਗੀਆਂ। ਸਕੂਲ ਵਿੱਚ ਬੈਠਿਆਂ ਕੁਝ-ਨ-ਕੁਝ ਸਿੱਖਣਗੀਆਂ। ਜੇ ਉਹ ਜ਼ਿੰਦਾ ਹੁੰਦੀ ਤਾਂ ਉਹ ਛੋਟੇ ਰਾਮਰਤਨ ਨੂੰ ਵੀ ਸਕੂਲ ਵਿੱਚ ਭਰਤੀ ਕਰਵਾ ਕੇ ਹੀ ਮੰਨਦੀ।

ਇਸੇ ਚੱਕਰ ਵਿੱਚ ਨਰਿੰਦਰ ਦੀ ਮਾਂ ਨੇ ਨੇੜੇ ਦੇ ਸਰਕਾਰੀ ਸਕੂਲ ਵਿੱਚ ਕਈ ਚੱਕਰ ਲਗਾਏ। ਮਸਲਾ ਬਰਥ ਸਰਟੀਫਿਕੇਟ ਤੇ ਅਟਕ ਗਿਆ। ਉਹ ਕਿੱਥੋਂ ਆਉਣ? ਬੱਚੇ ਪਿੰਡ ਵਿੱਚ ਜੰਮੇ। ਪ੍ਰਿੰਸੀਪਲ ਨੇ ਹੀ ਸੁਝਾਇਆ ਕਿ ਪਿੰਡ ਦੇ ਪ੍ਰਧਾਨ ਤੋਂ ਜਨਮ ਤਰੀਕ ਲਿਖਵਾ ਕੇ ਉਸ ਉਤੇ ਪੰਚਾਇਤ ਦੀ ਮੋਹਰ ਲੱਗਵਾ ਲਿਆਓ। ਦਾਖਿਲਾ ਹੋ ਜਾਏਗਾ। ਰਾਮਆਸਰੇ ਉਦੋਂ ਜ਼ਿੰਦਾ ਸੀ। ਕਹਿਣ ਲੱਗਾ, ਪਿੰਡ ਜਾ ਰਿਹਾ ਹਾਂ, ਬੱਚਿਆਂ ਦੀ ਜਨਮ ਤਰੀਕ ਉਤੇ ਪ੍ਰਧਾਨ ਕੋਲੋਂ ਮੋਹਰ ਲੱਗਵਾਉਂਦਾ ਆਵਾਂਗਾ। ਪਰ ਹੋਣੀ ਨੂੰ ਕੌਣ ਟਾਲ ਸਕਦਾ ਹੈ। ਰਾਮਆਸਰੇ ਤਾਂ ਮੁੜ ਕਦੇ ਮੁੜਣ ਲਈ ਹੀ ਪਿੰਡ ਗਿਆ ਸੀ। ਸੁਨਗੁਨਿਆ ਪਿੰਡ ਜਾ ਨਹੀਂ ਸਕਦੀ ਸੀ। ਆਖਿਰੀ ਤਰੀਕਾ ਮਜਿਸਟ੍ਰੇਟ ਦਾ ਹੀ ਬਚਿਆ ਸੀ। ਮਿਲ-ਮਿਲਾ ਕੇ ਕੰਮ ਹੋ ਜਾਂਦਾ ਪਰ ਨਰਿੰਦਰ ਦੀ ਮਾਂ ਅੱਧ-ਵਿਚਾਲੇ ਹੀ ਧੋਖਾ ਦੇ ਗਈ। ਨੇਤਾ ਜੀ ਦੀ ਗੱਲ ਹੋਰ ਹੈ। ਉਨ੍ਹਾਂ ਦੇ ਦਬਦਬੇ ਤੋਂ ਕੋਈ ਕੰਮ ਕਿਵੇਂ ਅਟਕ ਸਕਦਾ ਸੀ।

ਬਾਬੂ ਜਸਵੰਤ ਸਿੰਘ ਨੂੰ ਨੀਂਦਰ ਆਉਣ ਲੱਗ ਪਈ ਸੀ। ਕੁਝ ਹੀ ਦੇਰ ਬਾਅਦ ਸੁਨੈਨਾ ਦੀ ਆਵਾਜ਼ ਨਾਲ ਜਾਗ ਖੁਲ੍ਹ ਗਈ। ਉਨ੍ਹਾਂ ਦੇ ਕਮਰੇ ਵਿੱਚ ਸੁਨੈਨਾ। ਨੀਂਦਰ ਦੀ ਘੂਕੀ ਤਾਂ ਨਹੀਂ? ਨੀਂਦਰ ਦੀ ਘੂਕੀ ਵੀ ਅਜੀਬ ਗਜਬ ਕਰਦੀ ਹੈ...।

ਸੁਨੈਨਾ ਹੀ ਸੀ। ਛੋਟੀ ਟ੍ਰੇ ਵਿੱਚ ਉਨ੍ਹਾਂ ਦੀ ਚਾਹ ਅਤੇ 'ਮੇਰੀ' ਦੇ ਦੋ ਬਿਸਕੁਟ ਰਖ ਕੇ ਲਿਆਈ ਸੀ। ਬੱਚੇ ਹੇਠਾਂ ਖੇਡਣ ਚਲੇ ਗਏ ਹੋਣਗੇ।

ਸੁਨੈਨਾ ਦਾ ਕਮਰੇ ਵਿੱਚ ਆਉਣਾ ਬਾਬੂ ਜੀ ਨੂੰ ਚੰਗਾ ਲੱਗਾ। ਉਸ ਨੂੰ ਲੱਗਾ ਕਿ ਨਹੀਂ, ਪਤਾ ਨਹੀਂ। ਬਿਸਕੁਟ ਇਕਦਮ ਤਾਜ਼ੇ ਲੱਗੇ ਸਨ। ਕਈ ਵਾਰ ਉਨ੍ਹਾਂ ਨੂੰ ਬਚੇ ਹੋਏ ਸਿਲ੍ਹੇ ਬਿਸਕੁਟ ਹੀ ਭੇਜੇ ਜਾਂਦੇ ਸਨ। ਨੂੰਹ ਸੋਚਦੀ ਸੀ ਕਿ ਉਨ੍ਹਾਂ ਤੋਂ ਵਧੀਆਂ ਰੱਦੀ ਦੀ ਟੋਕਰੀ ਹੋਰ ਕੋਈ ਹੋ ਹੀ ਨਹੀਂ ਸਕਦੀ।

ਰਾਤ ਦੇ ਭੋਜਨ ਵੇਲੇ ਖਾਸ ਮਹਿਮਾਨਨਿਵਾਜ਼ੀ ਦੀ ਪੋਲ ਖੁਲ੍ਹਦੇ ਦੇਰ ਨਾ ਲੱਗੀ, ਜਦੋਂ ਨਰਿੰਦਰ ਮਤਲਬ ਦੀ ਗੱਲ ਤੇ ਆਇਆ।

ਨਰਿੰਦਰ ਨੇ ਕਿਹਾ, "ਅੱਜ ਸੁਨੈਨਾ ਆਪਣੇ ਕੰਮ ਲਈ ਬੈਂਕ ਗਈ ਸੀ। ਪਤਾ ਲੱਗਾ ਕਿ ਅਚਾਨਕ ਲਾੱਕਰ ਦਾ ਕਿਰਾਇਆ ਬਹੁਤ ਵੱਧ ਗਿਆ ਹੈ। ਬਾਬੂ ਜੀ ਆਪਣੇ ਕਾਨਪੁਰ ਵਾਲੇ ਲੱਾਕਰ ਨੂੰ ਸਰੇਂਡਰ ਕਿਉਂ ਨਹੀਂ ਕਰ ਦੇਂਦੇ? ਫਜ਼ੂਲ ਕਿਰਾਇਆ ਭਰਨ ਦੀ ਕੋਈ ਤੁਕ ਵੀ ਨਹੀਂ। ਉਂਜ ਵੀ ਘਰ ਵਿੱਚ ਦੋ-ਦੋ ਲਾਕਰਾਂ ਦੀ ਲੋੜ ਨਹੀਂ। ਇਧਰ-ਉਧਰ ਚੀਜ਼ਾਂ ਪਈਆਂ ਰਹਿਣ ਤਾਂ ਉਨ੍ਹਾਂ ਨੂੰ ਸੰਭਾਲਣ ਵਿੱਚ ਵੀ ਦਿੱਕਤ ਆਉਂਦੀ ਹੈ।

ਨਰਿੰਦਰ ਨੇ ਝੱਟ ਆਪਣੀ ਆਗਿਆਕਾਰਿਤਾ ਦਰਸਾਈ। ਜੇ ਬਾਬੂ ਜੀ ਉਨ੍ਹਾਂ ਨਾਲ ਸਹਿਮਤ ਹੋਣ ਤਾਂ ਇਸੇ ਸ਼ਨੀਚਰਵਾਰ ਨੂੰ ਛੁੱਟੀ ਲੈ ਕੇ ਉਸ ਉਹ ਨਾਲ ਕਾਨਪੁਰ ਚਲੇ ਚਲਣ। ਉਸ ਨੂੰ ਪਤਾ ਹੈ ਕਿ ਉਨ੍ਹਾਂ ਦਾ ਬੈਂਕ ਐਤਵਾਰ ਸਵੇਰੇ ਖੁਲ੍ਹਾ ਰਹਿੰਦਾ ਹੈ। ਸਵੇਰੇ ਸਾਰਾ ਕੰਮ ਨਿਪਟਾ ਕੇ ਸ਼ਾਮ ਨੂੰ ਸ਼ਤਾਬਦੀ ਫੜ ਕੇ ਦਿੱਲੀ ਵਾਪਸ ...। ਇਸੇ ਬਹਾਨੇ ਸ਼ਨੀਵਾਰ ਨੂੰ ਕਈ ਮਹੀਨਿਆਂ ਤੋਂ ਬੰਦ ਪਏ ਘਰ ਦੀ ਸਫਾਈ ਵੀ



ਸੁਨਗੁਨਿਆ ਤੋਂ ਕਰਵਾ ਲੈਣਗੇ।

ਸੁਨੈਨਾ ਦੀ ਇਕ ਸਲਾਹ ਹੋਰ ਵੀ ਹੈ ਕਿ ਮਾਂ ਦੀ ਗੋਦਰੇਜ਼ ਦੀ ਅਲਮਾਰੀ ਵਿੱਚ ਟੰਗੀਆਂ ਉਨ੍ਹਾਂ ਦੀਆਂ ਕੀਮਤੀ ਸਿਲਕ ਦੀਆਂ ਸਾੜੀਆਂ ਤੇ ਸ਼ਾਲਾਂ ਆਦਿ ਵੀ ਲੈ ਆਉਣ। ਬਿਨਾਂ ਸੰਭਾਲ ਦੇ ਉਹ ਪਈਆਂ-ਪਈਆਂ ਗਲ-ਸੜ ਜਾਣਗੀਆਂ। ਉਨ੍ਹਾਂ ਦੀ ਵਰਤੋਂ ਹੋ ਜਾਏਗੀ ਤਾਂ ਚੰਗਾ ਹੀ ਹੈ। ਸੁਨੈਨਾ ਬੜੇ ਸ਼ੌਕ ਨਾਲ ਉਨ੍ਹਾਂ ਨੂੰ ਪਾ ਲਵੇਗੀ। ਮਾਂ ਜਦੋਂ ਜ਼ਿੰਦਾ ਸੀ ਤਾਂ ਲਗਾਤਾਰ ਉਸ ਨੂੰ ਕਹਿੰਦੀ ਰਹਿੰਦੀ ਸੀ, ਹੁਣ ਇਹ ਕੀਮਤੀ ਸਾੜੀਆਂ ਉਸ ਦੇ ਕਿਸ ਕੰਮ ਦੀਆਂ ਹਨ। ਇਨ੍ਹਾਂ ਦੀ ਅਸਲੀ ਹੱਕਦਾਰ ਸੁਨੈਨਾ ਹੀ ਹੈ। ਕਾਨਪੁਰ ਜਾਣ ਤੋਂ ਪਹਿਲਾਂ ਉਹ ਆਪਣੇ ਨਾਲ ਲਿਆਈਆਂ ਸਾੜੀਆਂ ਉਸ ਦੇ ਪਾਉਣ ਲਈ ਛੱਡ ਜਾਏਗੀ। ਪਰ ਸੁਨੈਨਾ ਮਾਂ ਦੀ ਇਸ ਗੱਲ ਤੇ ਕਦੇ ਰਾਜੀ ਨਹੀਂ ਹੁੰਦੀ ਸੀ। ਉਹ ਕਹਿੰਦੀ, ਮਾਂ ਨੇ ਕਾਨਪੁਰ ਵਿੱਚ ਕਈ ਥਾਵਾਂ ਉਤੇ ਰਿਸ਼ਤੇਦਾਰੀ-ਸ਼ਰੀਕੇ ਵਿੱਚ ਜਾਣਾ ਹੁੰਦਾ ਹੈ। ਉਨ੍ਹਾਂ ਲਈ ਕੀਮਤੀ ਸਾੜੀਆਂ ਪਾ ਕੇ ਜਾਣਾ ਜ਼ਰੂਰੀ ਹੈ। ਸਾੜੀਆਂ ਦਾ ਕੀ ਹੈ। ਜਦੋਂ ਮਰਜ਼ੀ ਹੋਏਗਾ-ਮੰਗ ਲਵੇਗੀ।

ਬਾਬੂ ਜੀ ਤੋਂ ਉਨ੍ਹਾਂ ਦੀ ਮਰਜੀ ਪੁੱਛੀ ਜਾ ਰਹੀ ਸੀ, ਉਹ ਕੀ ਕਹਿਣਾ ਚਾਹੁੰਦੇ ਹਨ, ਇਸ ਬਾਬਤ।

ਬਾਬੂ ਜੀ ਦੇ ਸੰਘੋਂ ਬੜੀ ਦੇਰ ਤਕ ਬੁਰਕੀ ਹੇਠਾਂ ਨਾ ਲੰਘੀ। ਉਹ ਰੋਟੀ ਖਾਣੀ ਛੱਡ, ਐਵੇਂ ਪਾਣੀ ਨਾਲ ਹੀ ਨਿਗਲਦੇ ਰਹੇ। ਕੁਝ ਕਹਿਣ ਲਈ ਆਪਣੇ ਅੰਦਰ ਹਿੰਮਤ ਇਕੱਠੀ ਕਰਦੇ ਰਹੇ। ਇਕ ਵੇਲਾ ਉਹ ਵੀ ਸੀ ਜਦੋਂ ਆਪਣੇ ਅੰਦਰੋਂ ਹਿੰਮਤ ਵਿਖਾਉਣ ਲਈ ਉਨ੍ਹਾਂ ਨੂੰ ਕਦੇ ਸੋਚਣਾ ਜਾਂ ਭਟਕਣਾ ਨਹੀਂ ਪੈਂਦਾ ਸੀ। ਕਿਵੇਂ ਹਾਲਾਤ ਬਦਲ ਜਾਂਦੇ ਹਨ।... ਕਿਵੇਂ ਭਲਾ!

ਅਖੀਰ ਉਨ੍ਹਾਂ ਮੂੰਹ ਖੋਲ੍ਹਿਆ। ਨਰਿੰਦਰ ਤੇ ਸੁਨੈਨਾ ਉਨ੍ਹਾਂ ਦੇ ਬੋਲਣ ਦਾ ਹੀ ਇੰਤਜ਼ਾਰ ਕਰ ਰਹੇ ਸਨ। ਦੋਵਾਂ ਦੀਆਂ ਨਜ਼ਰਾਂ ਬਾਬੂ ਜੀ ਤੇ ਟਿਕ ਗਈਆਂ।

"ਨਰਿੰਦਰ!"

"ਤੇਰੀ ਮਾਂ ਮੇਰੇ ਲਈ ਅਜੇ ਮਰੀ ਨਹੀਂ ਹੈ...।"

ਇਹ ਕਹਿ ਰੋਣਹਾਕੇ ਹੋਏ ਉਹ ਰੋਟੀ ਦੀ ਮੇਜ਼ ਤੋਂ ਉੱਠ ਖਲੋਏ। ਇਹ ਕੌਣ ਹਨ? ਉਨ੍ਹਾਂ ਦੀ ਮੌਤ ਦਾ ਰਾਹ ਤੱਕਦੇ। ਰਾਹ ਤੱਕਣ ਲਈ ਵੀ ਰਾਜੀ ਨਹੀਂ। ਹੋ ਸਕਦਾ ਹੈ, ਜੇ ਉਹ ਕਰਨਲ ਸਵਾਮੀ ਅੱਗੇ ਨਰਿੰਦਰ ਤੇ ਸੁਨੈਨਾ ਦੀ ਸ਼ਿਕਾਇਤ ਕਰਨ ਤਾਂ ਉਲਟਾ ਉਹ ਉਨ੍ਹਾਂ ਦੇ ਹੀ ਸੌੜੇ ਸੁਭਾਵ ਦੀ ਆਲੋਚਨਾ ਕਰਨ ਲੱਗ ਜਾਣ। ਕਹਿਣ, ਤੁਹਾਡਾ ਪੁੱਤਰ ਬੁੱਧੀਮਾਨ ਹੀ ਨਹੀਂ, ਵਿਹਾਰਕ ਵੀ ਹੈ। ਵਿਹਾਰਕ ਸਮੇਂ ਵਿੱਚ ਵਿਹਾਰਕ ਹੋਣਾ ਬਹੁਤ ਜ਼ਰੂਰੀ ਹੈ। ਫਿਰ ਲਾਕਰ ਵਿੱਚ ਜੋ ਸਾਂਭਿਆ ਪਿਆ ਹੈ, ਉਹ ਉਨ੍ਹਾਂ ਦਾ ਹੀ ਹੈ। ਉਨ੍ਹਾਂ ਕੋਲ ਅੱਜ ਪਹੁੰਚਦੇ ਜਾਂ ਕਲ੍ਹ। ਕੀ ਫਰਕ ਪੈਂਦਾ ਹੈ। ਆਪਣੀ ਮਾਂ ਦੀਆਂ ਚੀਜ਼ਾਂ ਤੇ ਉਨ੍ਹਾਂ ਦਾ ਹੱਕ ਨਹੀਂ ਹੋਏਗਾ ਤਾਂ ਹੋਰ ਕਿਸਦਾ ਹੋਏਗਾ। ਉਨ੍ਹਾਂ ਨੂੰ ਵੀ ਪਤਾ ਹੈ ਕਿ ਉਹ ਚੀਜ਼ਾਂ ਮਾਂ ਦੀਆਂ ਨਿਸ਼ਾਨੀਆਂ ਹਨ। ਉਹ ਉਨ੍ਹਾਂ ਨੂੰ ਪਾਉਣਗੇ, ਛੂੰਹਣਗੇ-ਇਸ ਤਰ੍ਹਾਂ ਮਾਂ ਨੂੰ ਆਪਣੇ ਵਿਚਕਾਰ ਮਹਿਸੂਸ ਕਰਨਗੇ। ਤੁਸੀਂ ਬਸ ਹੁਣ ਮੌਜ ਕਰੋ। ਛੱਡੋਂ ਨੜਿਨਵੇਂ ਦਾ ਚੱਕਰ। ਮਰੇ ਹੋਏ ਨਾਲ ਮਰਿਆ ਨਹੀਂ ਜਾਂਦ॥ ਮਿ. ਸਿੰਘ। ਚੰਗਾ ਹੋਏਗਾ ਕਿ ਤੁਸੀਂ ਮਰਨ ਵਾਲਿਆਂ ਨਾਲ ਮਰਨਾ ਛੱਡ ਦਿਓ। ਬੱਚੇ ਮਰੇ ਹੋਇਆ ਨਾਲ ਮਰਨ ਲੱਗਣਗੇ ਤਾਂ ਕੋਈ ਜੀਓ ਨਹੀਂ ਸਕੇਗਾ। ਉਨ੍ਹਾਂ ਨੂੰ ਜੀਣ ਦਿਓ। ਆਪ ਵੀ ਜਿਓ।

ਕਰਨਲ ਸਵਾਮੀ ਨੂੰ ਬਾਬੂ ਜਸਵੰਤ ਸਿੰਘ ਚਾਹੁੰਦੇ ਹੋਏ ਵੀ ਕੋਈ ਜਵਾਬ ਨਹੀਂ ਦੇ ਸਕਣਗੇ। ਉਨ੍ਹਾਂ ਨੂੰ ਇਹੀ ਨਹੀਂ ਕਹਿ ਸਕਣਗੇ ਕਿ ਉਨ੍ਹਾਂ ਦੇ ਬੱਚੇ ਕਰਨਲ ਦੇ ਨੂੰਹਾਂ-ਪੁੱਤਰਾਂ ਵਰਗੇ ਨਹੀਂ ਹਨ।

ਉਨ੍ਹਾਂ ਦੇ ਮਨ ਵਿੱਚ ਵਿਚਾਰ ਆਇਆ, ਕਰਨਲ ਸਵਾਮੀ ਤਾਂ ਕਦੇ ਵੀ ਉਨ੍ਹਾਂ ਦੀ ਮਾਨਸਿਕ ਯਾਤਨਾ ਨੂੰ ਮਹਿਸੂਸ ਹੀ ਨਹੀਂ ਕਰ ਸਕਦੇ-ਕੌਣ ਜਾਣੇ ਪੀੜ ਪਰਾਈ। ਕਰਨਲ ਸਵਾਮੀ ਦੇ ਸੁਖ ਤੋਂ ਬਾਬੂ ਜੀ ਨੂੰ ਈਰਖਾ ਤਾਂ ਨਹੀਂ ਹੋ ਰਹੀ? ਕੀ ਉਹ ਚਾਹੁੰਦੇ ਹਨ ਕਿ ਉਹ ਸਿਰਫ ਉਨ੍ਹਾਂ ਦੇ ਸੁਰ ਵਿੱਚ ਆਪਣਾ ਸੁਰ ਮਿਲਾਉਣ। ਉਹੀ ਬੋਲਣ, ਜੋ ਉਹ ਸੁਨਣਾ ਚਾਹੁੰਦੇ ਹਨ। ਨਹੀਂ, ਨਹੀਂ, ਇਹ ਗੱਲ ਨਹੀਂ, ਪਰ ਉਹ ਐਨੇ ਛੋਟੇ ਦਿਲ ਦੇ ਨਹੀਂ ਹਨ ਤੇ ਨਾ ਹੀ ਕਮੀਨੇ...।

ਕਿੱਥੇ ਹਨ ਕਰਨਲ ਸਵਾਮੀ? ਕਿੱਥੇ?? ਉਨ੍ਹਾਂ ਨੂੰ ਕਿੰਨੀ ਲੋੜ ਹੈ ਉਨ੍ਹਾਂ ਦੀ। ਉਹ ਆ ਜਾਣ ਤਾਂ ਉਹ ਜ਼ਰੂਰ ਹੀ ਇਸ ਸਥਿਤੀ ਤੋਂ ਉਪਰ, ਸਹਿਜ ਹੋ ਜਾਣਗੇ। ਹਰਿਹਰ ਦੂਬੇ ਵੀ ਤਾਂ ਉਨ੍ਹਾਂ ਦਾ ਸਾਥ ਛੱਡ ਗਏ।

ਅਨਿਮਾ ਦਾਸ ਦੀ ਲੰਮੀ ਕਵਿਤਾ ਦੀ ਫੋਟੋਕਾਪੀ ਕਿੱਥੋ ਗਈ? ਕਿੱਥੇ ਰਖ ਦਿੱਤੀ ਉਨ੍ਹਾਂ ਨੇ? ਸਿਰ੍ਹਾਣੇ ਵਾਲੇ ਪਾਸੇ ਕਈ ਪਏ ਕਾਗਜ਼ਾਂ ਵਿਚਕਾਰ ਉਹ ਉਸ ਨੂੰ ਲੱਭ ਚੁੱਕੇ ਸਨ। ਪਹਿਲਾਂ ਵੀ ਲੱਭੀ ਸੀ, ਪਰ ਮਿਲੀ ਨਹੀਂ। ਦਿਮਾਗ਼ ਉਤੇ ਜ਼ੋਰ ਦੇ ਕੇ ਯਾਦ ਕਰਨ ਦੀ ਕੋਸ਼ਿਸ਼ ਕੀਤੀ ਬਾਬੂ ਜਸਵੰਤ ਸਿੰਘ ਨੇ। ਮਿੱਠੇ ਸਰੂਰ ਵਿੱਚ ਸਨ ਉਹੀ। ਕਰਨਲ ਸਵਾਮੀ ਨੇ ਕਿਹਾ ਸੀ, ਅਨਿਮਾ ਦਾਸ ਦੀ ਲੰਮੀ ਕਵਿਤਾ ਦੀ ਫੋਟੋ ਕਾਪੀ ਉਹ ਖਾਸ ਤੌਰ ਤੇ ਉਨ੍ਹਾਂ ਲਈ ਲੈ ਕੇ ਆਏ ਹਨ। ਕਵਿਤਾ ਪੜ੍ਹ ਕੇ ਸਵੇਰੇ ਮਿਲਣ ਤੇ ਉਨ੍ਹਾਂ ਨੂੰ ਦੱਸਣ। ਕਵਿਤਾ ਕਿਹੋ ਜਿਹੀ ਲੱਗੀ। ਕਿਹੋ ਜਿਹਾ ਲਿਖਦੀ ਹੈ ਅਨਿਮਾ ਦਾਸ।

ਇਹ ਵੀ ਯਾਦ ਆ ਰਿਹਾ ਹੈ ਕਿ ਸਵੇਰੇ ਮਿਲਣ ਤੇ ਉਨ੍ਹਾਂ ਨੇ ਕਵਿਤਾ ਬਾਰੇ ਉਨ੍ਹਾਂ ਤੋਂ ਪੁੱਛਿਆ ਵੀ ਜ਼ਰੂਰ ਸੀ। ਪੜ੍ਹੀ ? ਉਨ੍ਹਾਂ ਦੇ ਕਹਿਣ 'ਤੇ ਉਨ੍ਹਾਂ ਦੇ ਕੋਟ ਦੀ ਜੇਬ੍ਹ ਵਿੱਚੋਂ ਕਵਿਤਾ ਮਿਲੀ ਹੀ ਨਹੀਂ, ਪੜ੍ਹਦੇ ਕਿਵੇਂ। ਇਹ ਵੀ ਯਾਦ ਨਹੀਂ ਆ ਰਿਹਾ ਕਿ ਰਾਤੀਂ ਉਨ੍ਹਾਂ ਨੇ ਉਸ ਨੂੰ ਕਿੱਧਰੇ ਹੋਰ ਤਾਂ ਨਹੀਂ ਰੱਖ ਦਿੱਤਾ ਸੀ। ਆਮ ਤੌਰ ਤੇ ਉਹ ਆਪਣੀਆਂ ਕੋਟ ਦੀਆਂ ਜੇਬ੍ਹਾਂ ਨੂੰ ਖਾਲੀ ਨਹੀਂ ਕਰਦੇ। ਜਿਸ ਚੀਜ਼ ਦੀ ਲੋੜ ਹੁੰਦੀ ਹੈ, ਉਹ ਕੋਟ ਵਿੱਚ ਹੀ ਪਈ ਮਿਲ ਜਾਂਦੀ ਹੈ। ਜੇ ਕਿਧਰੇ ਹੋਰ ਰੱਖਦੇ ਹਨ ਤਾਂ ਫਿਰ ਉਹ ਮਹਿਫੂਜ ਥਾਂ ਉਨ੍ਹਾਂ ਦਾ ਸਿਰ੍ਹਾਣਾ ਹੀ ਹੁੰਦੀ ਹੈ। ਸੁਣ ਕੇ ਕਰਨਲ ਸਵਾਮੀ ਪਸ਼ੋਪੇਸ਼ ਵਿੱਚ ਪੈ ਗਏ। ਕਹਿਣ ਲੱਗੇ, ਹੋ ਸਕਦਾ ਹੈ ਕਿ ਦੇਣ ਬਾਰੇ ਕਹਿ ਕੇ ਉਹ ਆਪ ਹੀ ਉਨ੍ਹਾਂ ਨੂੰ ਕਵਿਤਾ ਦੇਣਾ ਭੁੱਲ ਗਏ ਹੋਣ। ਹੋ ਸਕਦਾ ਹੈ ਕਿ ਨਿਰੂਲਾਜ਼ ਦੀ 'ਬਾਰ' ਦੀ ਉਸੇ ਮੇਜ਼ ਤੇ ਹੀ ਉਹ ਲੰਮੀ ਕਵਿਤਾ ਰਹਿ ਗਈ ਹੋਵੇ। ਹੁਣ ਸ਼ਾਇਦ ਉਹ ਅਨਿਮਾ ਦਾਸ ਦੀ ਲੰਮੀ ਕਵਿਤਾ ਦੀ ਫੋਟੋ ਕਾਪੀ ਕਰਵਾ ਹੀ ਨਾ ਸਕਣ। ਉਹ ਇਕ ਪਲ ਸੀ। ਜਿਸ ਪਲ ਉਨ੍ਹਾਂ ਨੂੰ ਲੱਗਾ ਸੀ ਕਿ ਉਹ ਕਵਿਤਾ ਮਿ. ਸਿੰਘ ਨੂੰ ਪੜਉਣੀ ਚਾਹੀਦੀ ਹੈ। ਪਤਾ ਨਹੀਂ ਉਹ ਪਲ ਹੁਣ ਕਦੇ ਵਾਪਸ ਆਏਗਾ ਵੀ ਜਾਂ ਨਹੀਂ। ਫਿਰ ਵੀ ਜੇ ਕਦੇ ਅਚਾਨਕ ਉਨ੍ਹਾਂ ਨੂੰ ਅਨਿਮਾ ਦਾਸ ਦੀ ਲੰਮੀ ਕਵਿਤਾ ਮਿਲ ਜਾਏ ਤਾਂ ਉਹ ਉਸ ਨੂੰ ਪੜ੍ਹਨ ਜ਼ਰੂਰ ...। ਇਹ ਅੱਖਾਂ ਭਿੱਜ ਕਿਵੇਂ ਗਈਆਂ।

## ਤੀਸਰੀ ਗੈਰ ਮੌਜੂਦਗੀ

### ਸੁਪਨਾ

ਦਿਨ ਦੇ ਕੋਈ ਦਿਨ ਦੇ ਕੋਈ ਗਿਆਰਾਂ ਵਜੇ ਦਾ ਵੇਲਾ ਹੋਏਗਾ। ਗਹਿਰੀ ਨੀਂਦਰੇ ਸੁੱਤੇ ਪਏ ਬਾਬੂ ਜਸਵੰਤ ਸਿੰਘ ਨੂੰ ਇੰਜ ਹੀ ਲੱਗਾ।

ਉਸ ਵੇਲੇ ਘਰ ਵਿੱਚ ਬਸ ਨੂੰਹ ਤੇ ਟਾਮੀ ਨੂੰ ਛੱਡ ਕੇ ਹੋਰ ਕੋਈ ਨਹੀਂ ਹੁੰਦਾ। ਘਰ ਵਿੱਚ ਚੁੱਪ ਪਸਰੀ ਹੁੰਦੀ ਹੈ। ਅਜਿਹੇ ਵੇਲੇ ਲੰਮੀ ਸੈਰ ਤੋਂ ਥੱਕੀਆਂ ਆਪਣੀਆਂ ਲੱਤਾਂ ਨੂੰ ਆਰਾਮ ਦੇਣ ਲਈ ਉਹ ਸੁਸਤਾਉਣ ਲੱਗਦੇ ਹਨ। ਜੇ ਸੈਰ ਤੇ ਨਾ ਵੀ ਜਾਣ ਤਾਂ ਵੀ ਉਹ ਆਪਣੀ ਇਸ ਆਦਤ ਤੋਂ ਛੁਟਕਾਰਾ ਨਹੀਂ ਪਾ ਸਕਦੇ। ਇਸ ਵੇਲੇ ਵੀ ਉਹ ਇਹੀ ਕਰ ਰਹੇ ਸਨ।

ਉਹ ਜਾਣਦੇ ਹਨ ਕਿ ਸੁਨੈਨਾ ਉਸ ਵੇਲੇ ਘਰ ਦੇ ਕੰਮ-ਕਾਜ ਵਿੱਚ ਰੁੱਝੀ ਹੁੰਦੀ ਹੈ। ਆਪਣੇ ਘਰ ਦੀ ਮਾਈ ਸੀਤਾ ਬਾਈ ਤੋਂ ਸਫਾਈ, ਝਾੜ-ਪੂੰਝ ਤੇ ਹੋਰ ਕੰਮ ਕਰਵਾ ਰਹੀ ਹੁੰਦੀ ਹੈ। ਸੁਨੈਨਾ ਦਾ ਕਹਿਣਾ ਹੈ ਕਿ ਇਸ ਵੇਲੇ ਉਸ ਨੂੰ ਕਿਸੇ ਹੋਰ ਕੰਮ ਲਈ ਵਾਜ਼ ਨਾ ਮਾਰੀ ਜਾਏ। ਇਹ ਨਿਯਮ ਅਟਲ ਹੈ। ਵੈਸੇ ਵੀ ਕੰਮ ਕਰਨ ਵਾਲੀਆਂ ਉਤੇ ਨਿਗਾਹ ਰਖਣੀ ਜ਼ਰੂਰੀ ਹੁੰਦੀ ਹੈ। ਉਹ ਵੈਸੇ ਵੀ ਐਨੀ ਸਫਾਈ ਨਾਲ ਚੀਜ਼ਾਂ ਉਤੇ ਹੱਥ ਸਾਫ ਕਰਦੀਆਂ ਹਨ ਕਿ ਕਈ ਵਾਰ ਕਈ ਹਫਤਿਆਂ ਬਾਅਦ ਹੀ ਕਿਸੇ ਚੀਜ਼ ਦੇ ਗਾਇਬ ਹੋਣ ਦਾ ਪਤਾ ਲੱਗਦਾ ਹੈ। ਜੇ ਸੀਤਾ ਬਾਈ ਤੋਂ ਪੁੱਛੋ ਤਾਂ ਉਹ ਝੱਟ ਕਹਿੰਦੀ ਹੈ, ਉਨ੍ਹਾਂ ਦੀ ਖਿੜਕੀ ਉਤੇ ਕਾਂ ਤਾਂ ਨਹੀਂ ਬੋਲਦਾ? ਸੁਨੈਨਾ ਨੇ ਕਿਹਾ, ਬੋਲਦਾ ਹੈ। ਸੀਤਾ ਬਾਈ ਦੇ ਕਿਹਾ, 'ਬਸ ਚੋਰ ਪਕੜਿਆ ਗਿਆ। ਸ਼ਰਤਿਆ ਗੱਲ ਹੈ ਕਿ ਕੀਮਤੀ ਚੀਜ਼ ਇਹ ਇਲ੍ਹ-ਕਾਂ ਹੀ ਘਰੋਂ ਚੁੰਝ ਵਿੱਚ ਫੜ ਕੇ ਲੈ ਜਾਂਦੇ ਹਨ। ਬਿਹਤਰ ਇਹ ਹੈ ਕਿ ਸਵੇਰੇ ਕਾਵਾਂ ਦਾ ਰੌਲਾ ਸੁਣਦੇ ਹੀ ਮੇਮ ਸਾਹਬ ਆਪਣੇ ਘਰ ਦੀਆਂ ਖਿੜਕੀਆਂ ਬੰਦ ਕਰ ਦਿਓ ! ਫਿਰ ਵੇਖੋ ! ਕੋਈ ਕੀਮਤੀ ਚੀਜ ਗਾਇਬ ਹੁੰਦੀ ਹੈ ਜਾਂ ਨਹੀਂ।

ਬਾਬੂ ਜਸਵੰਤ ਸਿੰਘ ਦੇ ਕੰਨਾਂ ਵਿੱਚ ਇਹ ਗੱਲ ਪਈ ਤਾਂ ਉਨ੍ਹਾਂ ਸੁਨੈਨਾ ਨੂੰ ਐਨਾ ਹੀ ਕਿਹਾ,



'ਆਖਿਰ ਰੋਜ਼-ਰੋਜ਼ ਕੰਨ-ਗਲੇ ਤੋਂ ਕੀਮਤੀ ਚੀਜ਼ਾਂ ਉਤਾਰਕੇ ਰੱਖਣ ਦੀ ਕੀ ਤੁਕ ਹੈ ਭਲਾ।' ਉਨ੍ਹਾਂ ਨੇ ਨਰਿੰਦਰ ਦੀ ਮਾਂ ਨੂੰ ਕਦੇ ਅਜਿਹਾ ਕਰਦੇ ਨਹੀਂ ਦੇਖਿਆ ਸੀ। ਸੁਹਾਗਣਾਂ ਨੂੰ ਅਜਿਹਾ ਕਰਨਾ ਵੀ ਨਹੀਂ ਚਾਹੀਦਾ। ਫਿਰ ਮਿਹਨਤ ਕਰਨ ਵਾਲੀ ਸੀਤਾ ਬਾਈ ਕੀਮਤੀ ਚੀਜ਼ਾਂ ਉਤੇ ਹੱਥ ਸਾਫ ਕਰ ਕੇ ਉਨ੍ਹਾਂ ਦੇ ਭਰੋਸੇ ਸਾਰੀ ਉਮਰ ਤਾਂ ਨਹੀਂ ਕੱਟ ਸਕਦੀ?

ਸੁਨੈਨਾ ਨੇ ਠੰਡੀ ਆਵਾਜ਼ ਵਿੱਚ ਕਟਾਖਸ਼ ਕੀਤਾ,

"ਅੰਮਾਂ ਵਾਕਈ ਕਿਸਮਤ ਵਾਲੀ ਸੀ। ਉਨ੍ਹਾਂ ਨੂੰ ਸੁਨਗੁਨਿਆਂ ਵਰਗੀ ਸ਼ਾਹਣੀ ਨੌਕਰਾਣੀ ਮਿਲੀ। ਸਾਰੇ ਐਨੇ ਕਿਸਮਤ ਵਾਲੇ ਨਹੀਂ ਹੁੰਦੇ।"

ਬਾਬੂ ਜਸਵੰਤ ਸਿੰਘ ਨੂੰ ਤਾਹਨਾ ਚੁੱਭ ਗਿਆ। ਕਿਉਂ ਉਹ ਵਾਰ ਵਾਰ ਇਸ ਘਰ ਨੂੰ ਆਪਣਾ ਘਰ ਸਮਝਣ ਦੀ ਭੁੱਲ ਕਰ ਬਹਿੰਦੇ ਹਨ, ਜਦਕਿ ਉਨ੍ਹਾਂ ਨੂੰ ਵੀਹ-ਵਾਰ ਕਈ ਢੰਗਾਂ ਨਾਲ ਸਮਝਾਇਆ ਜਾ ਚੁੱਕਾ ਹੈ ਕਿ ਉਹ ਕੰਮ ਨਾਲ ਕੰਮ ਰਖਣ ਤਾਂ ਹੀ ਠੀਕ ਹੈ।

ਬਾਬੂ ਜਸਵੰਤ ਸਿੰਘ ਨੂੰ ਇਸ ਕਰਕੇ ਸਮਝ ਨਹੀਂ ਆਉਂਦਾ ਕਿ ਫਿਰ ਇਹ ਲੋਕ ਕਿਵੇਂ ਉਨ੍ਹਾਂ ਦੇ ਘਰ ਨੂੰ, ਉਨ੍ਹਾਂ ਦੀਆਂ ਚੀਜ਼ਾਂ ਨੂੰ, ਉਨ੍ਹਾਂ ਦੇ ਖਾਤਿਆਂ ਨੂੰ ਆਪਣਾ ਸਮਝ ਰਹੇ ਹਨ ਤੇ ਉਨ੍ਹਾਂ ਉਤੇ ਮਾਲਿਕਾਨਾ ਹੱਕ ਜਤਾ ਰਹੇ ਹਨ?

ਕਰਨਲ ਸਵਾਮੀ ਨਾਲ ਇਸ ਬਾਰੇ ਚਰਚਾ ਕਰਨ ਉਤੇ ਉਹ ਉਨ੍ਹਾਂ ਨੂੰ ਹੀ ਸਮਝਾਉਣ ਲੱਗ ਪਏ। ਸੱਚ ਤਾਂ ਇਹ ਹੈ ਦੋਸਤ, ਤੁਹਾਨੂੰ ਦੁੱਖ ਨੂੰ ਹਰ ਵੇਲੇ ਮਹਿਸੂਸ ਕਰਨ ਦੀ ਆਦਤ ਪੈ ਗਈ ਹੈ। ਸਾਧਾਰਣ ਗੱਲ ਵੀ ਤੁਹਾਨੂੰ 'ਵਾਰ' ਜਾਪਣ ਲੱਗਦੀ ਹੈ। ਅਸਲ ਵਿੱਚ ਇਹ ਹੋਰ ਕੁਝ ਨਹੀਂ ਮਿ. ਸਿੰਘ, ਬੁੱਢਿਆਂ ਦਾ ਰਾਜ ਨਾ ਕਰਨ ਪਾਉਣ ਦੀ ਕੁੰਠਾ ਹੀ ਹੈ।

"ਹੁਣ ਛੱਡੋ ਸਭ ਕੁਝ, ਬਥੇਰਾ ਰਾਜ-ਸਾਸ਼ਨ ਭੋਗ ਲਿਆ। ਘਰ ਦੀਆਂ ਕੰਧਾਂ ਉਤੇ ਜਦੋਂ ਤਕ ਆਪਣੀ ਮਾਲਕੀਅਤ ਬਣੀ ਰਹਿੰਦੀ ਹੈ, ਉਹ ਹੋਰਾਂ ਦਾ ਘਰ ਨਹੀਂ ਬਣ ਪਾਉਂਦਾ।"

"ਚਲੋ ਛੱਡ ਦਿੱਤਾ।"

ਉਨ੍ਹਾਂ ਦੀ ਸਲਾਹ ਮਿ. ਸਿੰਘ ਨੂੰ ਵਿਚਾਰਯੋਗ ਲੱਗੀ। ਕਦੇ-ਕਦੇ ਉਨ੍ਹਾਂ ਦਾ ਜਿੱਦੀ ਮਨ ਆਪਣੀ ਜ਼ਿੱਦ ਛੱਡ ਵੀ ਦੇਂਦਾ ਹੈ। ਫਿਰ ਵਿਚਾਰ ਕਰਨ ਲੱਗਦਾ ਹੈ। ਕੁਝ ਦਿਨਾਂ ਤਕ ਵਿਚਾਰ ਕਰਦਾ ਰਹਿੰਦਾ ਹੈ। ਆਤਮ-ਮੰਥਨ ਕਰਦੇ ਹੋਏ...।

"ਇਹ ਕੀ ਹੋ ਰਿਹਾ ਹੈ ! ਨੀਂਦ ਵਿੱਚ ਇਹ ਰੌਸ਼ਨੀ ਜਿਹੀ ਕੀ ਨਜ਼ਰ ਆ ਰਹੀ ਹੈ। ਬਾਬੂ ਜਸਵੰਤ ਸਿੰਘ ਨੇ ਮਹਿਸੂਸ ਕੀਤਾ ਕਿ ਅਚਾਨਕ ਕਿਸੇ ਸੁਫਨੇ ਨੇ ਉਨ੍ਹਾਂ ਦੀ ਨੀਂਦਰ ਵਿੱਚ ਦਸਤਕ ਦਿੱਤੀ ਹੈ। ਉਹ ਹੈਰਾਨ ਹੋ ਗਏ। ਵਰ੍ਹੇ-ਵਰ੍ਹਿਆਂ ਮਗਰੋਂ ਉਨ੍ਹਾਂ ਨੂੰ ਨੀਂਦਰ ਵਿੱਚ ਕੋਈ ਸੁਫਨਾ ਆਇਆ?

ਉਨ੍ਹਾਂ ਨੂੰ ਸੁਫਨਿਆਂ ਦਾ ਧੁੰਦਲਾ ਜਿਹਾ ਚੇਤਾ ਹੈ। ਜਿਸ ਦੀ ਪੀੜ ਨੂੰ ਬਾਬੂ ਜੀ ਕਦੇ ਭੁੱਲਾ ਨਹੀਂ ਸਕੇ। ਮਿੱਠੀਆਂ-ਮਿੱਠੀਆਂ ਯਾਦਾਂ ਕਈ ਵਾਰ ਹਵਾ ਨਾਲ ਤੈਰਦੀਆਂ ਆ ਜਾਂਦੀਆਂ ਹਨ। ਪਰ ਸੁਫਨੇ ਰਿਟਾਇਰਮੇਂਟ ਮਗਰੋਂ ਅੱਜ ਤਕ ਉਨ੍ਹਾਂ ਨਾਲ ਰੁੱਸੇ ਹੋਏ ਤੇ ਉਹ ਉਨ੍ਹਾਂ ਦੀ ਨਾਰਾਜ਼ਗੀ ਝੱਲ ਰਹੇ ਹਨ। ਸੁਫਨਿਆਂ ਨੇ ਸੋਚਿਆ ਹੋਣਾ ਹੈ-ਬੁੱਢਿਆਂ ਦੀ ਨੀਂਦਰ ਵਿੱਚ ਆ ਕੇ ਉਨ੍ਹਾਂ ਦੇ ਪੋਪਲੇ ਮੂੰਹਾਂ ਵਿੱਚ ਘੁਰਾੜਿਆਂ ਨੂੰ ਝੱਲਣਾ ਉਨ੍ਹਾਂ ਦੇ ਵੱਸ ਵਿੱਚ ਨਹੀਂ।

ਅੱਜ ਕਿਵੇਂ ਰਾਹ ਭੁੱਲ ਗਈ ਸ਼ਿਵਾਨੀ....।

ਬੈਠਕ ਵਿੱਚ ਫੋਨ ਦੀ ਘੰਟੀ ਵੱਜੀ। ਸੁਨੈਨਾਂ ਨੇ ਵਾਜ ਮਾਰੀ। ਉਨ੍ਹਾਂ ਦਾ ਫੋਨ ਹੈ ਤ੍ਰਿਵੇਂਦ੍ਰਮ ਤੋਂ। ਉਹ ਕੰਮ ਵਿੱਚ ਲੱਗੀ ਹੋਈ ਹੈ। ਯਾਨਿ ਸੀਤਾ ਬਾਈ ਦਾ ਕੰਮ ਅਜੇ ਮੁੱਕਾ ਨਹੀਂ। ਉਨ੍ਹਾਂ ਨੂੰ ਬਹੁਤ ਮਾੜਾ ਲੱਗਾ। ਉਹ ਐਨੇ ਚਿਰ ਮਗਰੋਂ ਵੀ ਸੁਫਨੇ ਨੂੰ ਆਪਣੇ ਕਲਾਵੇ ਵਿੱਚ ਲੈ ਨਹੀਂ ਸਕੇ। ਤ੍ਰਿਵੇਂਦ੍ਰਮ ਤੋਂ ਆਏ ਫੋਨ ਦਾ ਮਤਲਬ ਹੈ-ਧੀ ਸ਼ਾਲਿਨੀ ਦਾ ਫੋਨ ਹੋਣਾ। ਪਲੰਘ ਦੇ ਹੇਠਾਂ ਹਵਾਈ ਚੱਪਲਾਂ ਖਿਸਕ ਗਈਆਂ ਹਨ।

ਉਂਜ ਤਾਂ ਸ਼ਾਲਿਨੀ ਹਮੇਸ਼ਾ ਰਾਤ ਵੇਲੇ ਹੀ ਫੋਨ ਕਰਦੀ ਹੈ। ਗਿਆਰ੍ਹਾਂ ਵਜੇ ਤੋਂ ਬਾਅਦ ਦਿਨ ਵਿੱਚ ਐਸ. ਟੀ. ਡੀ. 'ਤੇ ਗੱਲ ਕਰਨਾ ਦਾ ਹੀਆ ਚੰਗੇ ਪੈਸੇ ਵਾਲਿਆਂ ਨੂੰ ਵੀ ਨਹੀਂ ਪੈਂਦਾ।

ਬਾਬੂ ਜਸਵੰਤ ਸਿੰਘ ਐਨਾ ਤਾਂ ਜਾਣਦੇ ਹਨ। ਚੌਹਾਨ ਸਾਹਬ, ਉਨ੍ਹਾਂ ਦੇ ਜਵਾਈ ਨੂੰ ਆਪਣੀ

ਕੰਪਨੀ ਓ.ਐਨ.ਜੀ.ਸੀ. ਤੋਂ ਟੈਲੀਫੋਨ ਤੋਂ ਕਾਫੀ ਬਿਲ ਮਿਲ ਜਾਂਦਾ ਹੈ। ਪਰ ਫਿਰ ਵੀ ਉਹ ਜਾਣਦੇ ਹਨ ਕਿ ਬਿਲ ਨਿਯਤ ਸੀਮਾਂ ਤੋਂ ਵੱਧ ਹੀ ਆਉਂਦਾ ਹੈ ਤੇ ਉਨ੍ਹਾਂ ਲੋਕਾਂ ਨੂੰ ਬਿਲ ਨਾਲ ਵੱਧੀ ਰਕਮ ਦਾ ਚੈਕ ਵੀ ਨਾਲ ਨੱਥੀ ਕਰਨਾ ਪੈਂਦਾ ਹੈ। ਆਮ ਤੌਰ ਤੇ ਸ਼ਾਲਿਨੀ ਦੀ ਮਨਸ਼ਾ ਹੁੰਦੀ ਹੈ ਕਿ ਦਿੱਲੀ ਤੋਂ ਨਰਿੰਦਰ ਭਰਾ ਹੀ ਉਸ ਨੂੰ ਫੋਨ ਕਰ ਲੈਣ ਤੇ ਬਾਬੂ ਜੀ ਨਾਲ ਵੀ ਉਸ ਦੀ ਗੱਲ ਕਰਵਾ ਦੇਣ। ਦੱਸਿਆ ਸੀ ਉਸਨੇ ਸਹੁਰਿਆਂ ਨੇ ਤਬਾਹ ਕੀਤਾ ਹੋਇਆ ਹੈ। ਪਿੰਡ ਵਿੱਚ ਜੇਠ ਜੀ ਦਾ ਹਾਲ-ਚਾਲ ਪੁੱਛਣ ਲਈ ਕੀਤੇ ਫੋਨਾਂ ਤੇ ਕਦੇ ਸਹੁਰਾ ਸਾਹਬ ਜ਼ਮੀਨ-ਜਾਇਦਾਦ ਲਈ ਕੋਰਟ-ਕਚਿਹਰੀ ਵਿੱਚ ਚਲ ਰਹੇ ਮੁਕੱਦਮਿਆਂ ਦੀ ਰਿਪੋਰਟ ਲੈਣ ਲੱਗ ਜਾਂਦੇ ਹਨ ਤੇ ਕਦੇ ਸਰਕਾਰੀ ਖਰੀਦ ਵਿੱਚ ਉਨ੍ਹਾਂ ਦੇ ਕਿੰਨੇ ਟਨ ਵੇਚਿਆ? ਉੱਤਰਪ੍ਰਦੇਸ਼ ਦੀ ਚਿੰਤਾ ਮੁੱਖ ਮੰਤਰੀ ਰਾਜਨਾਥ ਸਿੰਘ ਅਸਲ ਵਿੱਚ ਕਰ ਰਹੇ ਹਨ ਜਾਂ ਅਖਬਾਰਾਂ ਵਿੱਚ ਹੀ ਸੁਧਾਰ ਦੇ ਫਿਰਦੇ ਹਨ।

ਸ਼ਾਲਿਨੀ ਉਤੇ ਉਨ੍ਹਾਂ ਨੂੰ ਮਾਣ ਹੁੰਦਾ ਹੈ। ਮਨ ਵਿੱਚ ਖਰਾਸ਼ ਹੋਣ 'ਤੇ ਸਹੁਰੇ ਦੇ ਸਾਹਮਣੇ ਉਹ ਮੂੰਹ ਨਹੀਂ ਖੋਲ੍ਹਦੀ। ਆਪਣੀ ਮਾਂ ਦੇ ਸੰਸਕਾਰ ਉਸ ਨੇ ਗ੍ਰਹਿਣ ਕੀਤੇ ਹੋਏ ਹਨ। ਨਰਿੰਦਰ ਦੀ ਮਾਂ ਨੇ ਨਾ ਕਦੇ ਵੱਡਿਆਂ ਅੱਗੇ ਮੂੰਹ ਖੋਲ੍ਹਿਆ ਤੇ ਨਾ ਹੀ ਉਨ੍ਹਾਂ ਦੇ ਸਾਹਮਣੇ ਸਿਰ ਨੰਗਾ ਰੱਖਿਆ। ਉਨ੍ਹਾਂ ਦੀ ਨੂੰਹ ਸੁਨੈਨਾ ਵਿੱਚ ਇਹ ਵੀ ਸੰਸਕਾਰ ਨਹੀਂ ਕਿ ਦਿਨ-ਤਿਓਹਾਰ ਤੇ ਹੀ ਸਹੀ, ਸਹੁਰੇ ਦੇ ਪੈਰ ਛੋਹ ਕੇ ਅਸ਼ੀਰਵਾਦ ਲੈ ਲਵੇ।

ਸ਼ਾਲਿਨੀ ਦੇ ਫੋਨ ਕਾਰਣ ਥੋੜੇ ਫਿਕਰਮੰਦ ਹੋ ਗਏ।

"ਦਿਨ ਵੇਲੇ? ਸਭ ਠੀਕ-ਠਾਕ ਤਾਂ ਹੈ ਕੁੜੀਏ?"

ਸ਼ਾਲਿਨੀ ਨੇ ਬਾਬੂ ਜੀ ਦੀ ਆਵਾਜ਼ ਵਿੱਚ ਫਿਕਰ ਮਹਿਸੂਸ ਕਰ, ਉਨ੍ਹਾਂ ਨੂੰ ਭਰੋਸਾ ਦਿਵਾਇਆ ਕਿ ਫਿਕਰ ਕਰਨ ਦੀ ਲੋੜ ਨਹੀਂ। ਉਹ ਪਤੀ ਦੇ ਦਫਤਰ ਕਿਸੇ ਕੰਮ ਤੋਂ ਆਈ ਸੀ। ਬਾਸ ਆਸਾਮ ਗਏ ਹੋਏ ਹਨ। ਉਨ੍ਹਾਂ ਦਾ ਫੋਨ ਖਾਲੀ ਸੀ। ਸੋਚਿਆ, ਕਿਉ ਨਾ ਮੌਕੇ ਦਾ ਫਾਇਦਾ ਚੁੱਕਿਆ ਜਾਏ ਤੇ ਆਪਣੇ ਬਾਬੂ ਜੀ ਨਾਲ ਗੱਲ ਕਰ ਲਵੇ। ਵੈਸੇ ਵੀ ਗੱਲ ਕੀਤਿਆਂ ਪੰਦਰਾਂ ਦਿਨ ਤੋਂ ਉਪਰ ਹੋ ਗਏ ਸਨ। ਤਬੀਅਤ ਕਿਸ ਤਰ੍ਹਾਂ ਹੈ? ਦਵਾਈ ਆਦਿ ਠੀਕ ਤਰ੍ਹਾਂ ਨਾਲ ਲੈ ਰਹੇ ਹੋ ਨਾ? ਘੁੰਮਣਾ-ਫਿਰਨਾ ਹੋ ਰਿਹਾ ਹੈ ਫਿਰ?

ਅਚਾਨਕ ਸ਼ਾਲਿਨੀ ਨੇ ਪੈਂਤਰਾ ਬਦਲਿਆ।

"ਬਾਬੂ ਜੀ, ਕਾਨਪੁਰ ਵਾਲਾ ਲਾਕਰ ਤੁਸੀਂ ਸਰੇਂਡਰ ਕਿਉਂ ਨਹੀਂ ਕਰ ਦੇਂਦੇ?"

ਹੁਣ ਦਿਨ ਵੇਲੇ ਫੋਨ ਕਰਨ ਦਾ ਮਕਸਦ ਸਮਝ ਵਿੱਚ ਆ ਗਿਆ। ਭਰਾ-ਭੈਣ ਵਿੱਚ ਆਪਸੀ ਗੱਲਬਾਤ ਹੋ ਚੁੱਕੀ ਹੈ। ਇਹ ਵੀ ਕਿ ਇਸ ਮੁੱਦੇ ਨੂੰ ਲੈ ਕੇ ਰਾਤ ਤਕ ਵੀ ਰੁਕਿਆ ਨਹੀਂ ਜਾ ਸਕਿਆ ਨਰਿੰਦਰ ਨੇ ਸ਼ਨੀਚਰਵਾਰ ਨੂੰ ਚਲਣ ਦੀ ਗੱਲ ਕੀਤੀ ਸੀ। ਅੱਜ ਵੀਰਵਾਰ ਹੈ।

"ਸਾਢੇ ਛੇ ਸੌ ਰੁਪਏ ਕਿਰਾਇਆ ਮਾਮੂਲੀ ਰਕਮ ਨਹੀਂ, ਉਹ ਵੀ ਇਸ ਮਹਿੰਗਾਈ ਵਿੱਚ। ਫਜ਼ੂਲਖਰਚੀ ਤੋਂ ਬਚਣਾ ਚਾਹੀਦਾ ਹੈ ਬਾਬੂ ਜੀ।"

ਬਾਬੂ ਜਸਵੰਤ ਸਿੰਘ ਨੇ ਦੁਨੀਆਦਾਰੀ ਅਖਤਿਆਰ ਕਰ ਲਈ।

"ਲਾਕਰ ਦਾ ਕਿਰਾਇਆ ਨਰਿੰਦਰ ਨੂੰ ਫਜ਼ੂਲ ਖਰਚ ਲੱਗ ਰਿਹਾ ਹੈ, ਟੈਲੀਫੋਨ ਕਸਟਡੀ ਵਿੱਚ ਰਖਿਆ ਹੋਇਆ ਹੈ, ਬੰਗਲੇ ਦਾ ਹਾਊਸ ਟੈਕਸ ਭਰਨਾ ਪੈ ਰਿਹਾ ਹੈ। ਮੁਹੱਲੇ ਦੇ ਚੌਕੀਦਾਰ ਦੀ ਤਨਖਾਹ ਦਾ ਹਿੱਸਾ ਦੇਣਾ ਪੈ ਰਿਹਾ ਹੈ। ਇਹ ਸਭ ਕੁਝ ਫਜ਼ੂਲ ਖਰਚ ਨਹੀਂ?"

"ਰਹੀ ਗੱਲ ਗਹਿਣਿਆਂ ਆਦਿ ਦੀ, ਤਾਂ ਸਿੱਧੀ ਜਿਹੀ ਗੱਲ ਹੈ ਸ਼ਾਲੂ, ਤੇਰੀ ਮਾਂ ਨੇ ਤੁਹਾਨੂੰ ਦੋਵਾਂ ਨੂੰ ਜੋ ਦੇਣਾ-ਦਿਵਾਉਣਾ ਸੀ, ਉਹ ਵਿਆਹ-ਸ਼ਾਦੀ ਵੇਲੇ ਦੇ ਦਿੱਤਾ ਹੈ।"

"ਲਾਕਰ ਖੋਲ੍ਹਣ ਮੈਂ ਇਕ ਦੋ ਵਾਰ ਜ਼ਰੂਰ ਗਿਆ ਸੀ। ਉਸ ਵਿੱਚ ਕੀ ਪਿਆ ਹੈ, ਕੀ ਨਹੀਂ। ਉਸ ਵਿੱਚ ਕੁਝ ਹੈ ਵੀ ਨਹੀਂ ਜਾਂ ਖਾਲੀ ਪਿਆ ਹੈ, ਕੀ ਪਤਾ।"

"ਮਾਂ ਹਮੇਸ਼ਾ ਕਹਿੰਦੀ ਸੀ ਆਪਣੀ ਪਚਲੜਿਆਂ ਹਾਰ ਤੇ ਕੁੰਦਨ ਦਾ ਸੈਟ ਉਹ ਅੰਵਿਤਾ ਨੂੰ ਦੇਵੇਗੀ ਤੇ ਵਿਕਰਮ ਦੀ ਵਹੁਟੀ ਲਈ...।"

ਬਾਬੂ ਜੀ ਲਈ ਇਹ ਸਾਰੀਆਂ ਗੱਲਾਂ ਕੋਈ ਮਾਇਨੇ ਨਹੀਂ ਰੱਖਦੀਆਂ। ਉਨ੍ਹਾਂ ਨੂੰ ਯਾਦ ਨਹੀਂ, ਉਨ੍ਹਾਂ ਪਹਿਲਾਂ ਕਦੇ ਸ਼ਾਲਿਨੀ ਨਾਲ ਉੱਚੀ 'ਵਾਜ਼ ਵਿੱਚ ਗੱਲ ਕੀਤੀ ਹੋਵੇ। ਮਾਮੂਲੀ ਜਿਹਾ ਡਾਂਟਣ ਤੇ ਹੀ ਇਹ ਕੁੜੀ ਕਈ ਘੰਟੇ ਰੋਂਦੀ ਰਹਿੰਦੀ ਸੀ। ਉਸ ਦਾ ਰੋਣਾ ਉਨ੍ਹਾਂ ਤੋਂ ਬਰਦਾਸ਼ਤ ਨਹੀਂ ਹੁੰਦਾ ਸੀ। ਮਨਾਉਣ ਲਈ



ਆਪਣੇ ਕੰਨ ਪਕੜ ਲੈਂਦੇ ਤਾਂ ਕਿ ਉਹ ਚੁੱਪ ਹੋ ਜਾਏ। ਅੱਗੋ ਉਸ ਨੂੰ ਕੁਝ ਨਹੀਂ ਕਹਿਣਗੇ। ਉਦੋਂ ਜਾ ਕੇ ਕਿੱਧਰੇ ਉਸ ਦੀਆਂ ਮਾਸੂਮ ਅੱਖਾਂ ਦਾ ਪਾਣੀ ਰੁੱਕਦਾ।

ਬਾਬੂ ਜੀ ਨੂੰ ਲੱਗਾ ਕਿ ਉਹ ਆਪਣੇ ਆਪ ਨੂੰ ਰੋਕ ਨਹੀਂ ਸਕਣਗੇ। ਉਨ੍ਹਾਂ ਨੂੰ ਉਮੀਦ ਨਹੀਂ ਸੀ ਕਿ ਸ਼ਾਲੂ ਉਨ੍ਹਾਂ ਦੀ ਪੰਕਤੀ ਛੱਡ ਅਚਾਨਕ ਆਪਣੇ ਭਰਾ-ਭਰਜਾਈ ਦੀ ਤਰਫਦਾਰੀ ਵਿੱਚ ਜਾ ਖੜੀ ਹੋਏਗੀ। ਉਨ੍ਹਾਂ ਦੇ ਮਨ ਵਿੱਚ ਹੁਣ ਕੋਈ ਸੰਵੇਦਨਾ ਬਾਕੀ ਨਹੀਂ ਰਹੀ ਸੀ। ਜਿਸ ਸ਼ਾਲੂ ਦੇ ਲਾਡ ਲਡਾਉਂਦੇ ਕਿ ਬਾਬੂ ਜੀ, ਇਸ ਐਤਵਾਰ ਨੂੰ ਤੁਸੀਂ ਸਾਡੇ ਨਾਲ ਹੋਵੋਗੇ ਨਾ। ਬਾਬੂ ਜੀ ਬਿਨਾਂ ਰਜ਼ਿਰਵੇਸ਼ਨ ਦੇ ਹੀ ਕਾਨਪੁਰ ਦੀ ਗੱਡੀ ਪਕੜ ਲੈਂਦੇ ਸਨ। ਜਦੋਂ ਉਸ ਨੂੰ ਛੋਟੀ ਮਾਤਾ ਨਿਕਲੀ ਸੀ ਤਾਂ ਪੂਰਾ ਹਫਤਾ

ਉਨ੍ਹਾਂ ਦੀ ਝੋਲੀ 'ਚੋਂ ਨਹੀਂ ਉਤਰੀ ਸੀ। ਉਨ੍ਹਾਂ ਲਈ ਟੱਟੀ-ਪਿਸ਼ਾਬ ਕਰਨ ਵੀ ਉੱਠਣਾ ਮੁਸ਼ਕਿਲ ਹੋ ਜਾਂਦਾ ਸੀ।

ਵਾਜ਼ ਥੋੜੀ ਉੱਚੀ ਹੋ ਗਈ ਸੀ ਬਾਬੂ ਜਸਵੰਤ ਸਿੰਘ ਦੀ। ਉਨ੍ਹਾਂ ਨੂੰ ਸਿਖਾਉਣ ਦੀ ਕੋਸ਼ਿਸ਼ ਕਰ ਰਹੀ ਹੈ ਕੁੜੀ। ਇਹ ਆਪਣੇ ਭਰਾ-ਭਰਜਾਈ ਨੂੰ ਉਨ੍ਹਾਂ ਦੇ ਫਰਜ਼ ਯਾਦ ਕਰਵਾਏ। ਦੋਵੇਂ ਐਨੇ ਕੋਰੇ ਹਨ, ਕਿ ਮਿਸਾਲ ਮਿਲਣੀ ਮੁਸ਼ਕਿਲ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਇਸ ਘਰ ਵਿੱਚ ਇਕ ਨਹੀਂ ਦੋ ਦੋ ਕੁੱਤੇ ਹਨ, ਇਕ ਟਾਮੀ ਤੇ ਦੂਸਰੇ ਰਿਟਾਇਡ ਸਿਵਿਲ ਇੰਜਨੀਅਰ ਜਸਵੰਤ ਸਿੰਘ। ਟਾਮੀ ਦੀ ਸਥਿਤੀ ਉਨ੍ਹਾਂ ਦੀ ਬਨਸਪਤ ਵਧੇਰੇ ਮਜ਼ਬੂਤ ਹੈ। ਉਸਦੀ ਇੱਛਾ-ਅਨਿੱਛਾ ਦੀ ਪਰਵਾਹ ਸਾਰੇ ਘਰ ਨੂੰ ਰਹਿੰਦੀ ਹੈ। ਉਨ੍ਹਾਂ ਦੇ ਪਿੱਛੇ ਕਿਸੇ ਨੂੰ ਵਿਛੇ ਰਹਿਣ ਦੀ ਕਿਸੇ ਨੂੰ ਕੋਈ ਲੋੜ ਨਹੀਂ। ਟਾਮੀ ਚੰਗੀ ਨਸਲ ਦਾ ਕੁੱਤਾ ਹੈ। ਸੁਸਾਇਟੀ ਵਿੱਚ ਉਨ੍ਹਾਂ ਦੇ ਘਰ ਦਾ ਰੁਤਬਾ ਵਧਾਉਂਦਾ ਹੈ। ਪਰ ਉਨ੍ਹਾਂ ਦੇ ਰਹਿੰਦੇ ਰੁਤਬਾ ਕਲੰਕਿਤ ਹੁੰਦਾ ਦਿੱਸਦਾ ਹੈ। ਕਲੰਕਿਤ ਹੋਣ ਕਾਰਣ ਉਸ ਨੂੰ ਤਿਲਕ-ਟੀਕਾ ਕਿਉਂ ਲਗਾਉਣ?

ਸ਼ਾਲਿਨੀ ਉਨ੍ਹਾਂ ਦੀਆਂ ਗੱਲਾਂ ਤੋਂ ਪਰੇਸ਼ਾਨ ਹੋ ਗਈ। ਉਸ ਨੂੰ ਲੱਗਾ ਕਿ ਬਾਬੂ ਜਸਵੰਤ ਸਿੰਘ ਦਾ ਦਿਮਾਗੀ ਸਤੁੰਲਨ ਡਾਵਾਂਡੋਲ ਹੋ ਰਿਹਾ ਹੈ। ਉਹ ਕੁਝ ਪੁੱਠੀਆਂ-ਪੁੱਠੀਆਂ ਗੱਲਾਂ ਕਰ ਰਹੇ ਹਨ। ਅਜਿਹੀਆਂ ਗੱਲਾਂ ਉਨ੍ਹਾਂ ਪਹਿਲਾਂ ਆਪਣੀ ਧੀ ਨਾਲ ਨਹੀਂ ਕੀਤੀਆਂ।

ਉਸ ਨੇ ਆਪਣੇ ਬਾਬੂ ਜੀ ਨੂੰ ਲਡਿਆਉਣ ਦੀ ਕੋਸ਼ਿਸ਼ ਕੀਤੀ। ਧੀਰਜ ਨਾਲ ਸਮਝਾਉਣ ਅਤੇ ਸਥਿਤੀ ਦਾ ਖੁਲਾਸਾ ਕਰਨ ਦੀ ਵੀ। ਬਾਬੂ ਜੀ ਨਾ ਆਪ ਸਹਿਜ ਹੋ ਕੇ ਜੀ ਰਹੇ ਹਨ, ਨਾ ਹੀ ਭਰਾ-ਭਰਜਾਈ ਨੂੰ ਹੀ ਜੀਣ ਦੇ ਰਹੇ ਹਨ। ਭਰਾ ਲਈ ਪਤਨੀ ਤੇ ਪਿਤਾ ਵਿਚਕਾਰ ਸਹੀ ਪੁਲ ਬਣਨਾ ਸੰਭਵ ਨਹੀਂ ਹੋ ਰਿਹਾ। ਨਾ ਉਹ ਬਾਬੂ ਜੀ ਨੂੰ ਖੁਲ੍ਹ ਕੇ ਕੁਝ ਕਹਿ ਪਾਉਂਦੇ ਹਨ ਤੇ ਨਾ ਹੀ ਭਾਬੀ ਸੁਨੈਨਾ ਨੂੰ। ਅਸ਼ਾਂਤ ਮਨਸਥਿਤੀ ਕਾਰਣ ਆਪਣੇ ਦਫਤਰ ਵਿੱਚ ਮਨ ਲੱਗਾ ਕੇ ਕੰਮ ਵੀ ਨਹੀਂ ਕਰ ਪਾਉਂਦੇ ਹਨ। ਅਜਿਹੀ ਗੱਲ ਨਹੀਂ ਕਿ ਭਾਜੀ ਬਾਬੂ ਜੀ ਨੂੰ ਖੁਸ਼ ਰੱਖਣ ਬਾਰੇ ਨਹੀਂ ਸੋਚਦੇ। ਉਹ ਚਾਹੁੰਦੇ ਹਨ ਕਿ ਬਾਬੂ ਜੀ ਨੂੰ ਕਿਸੇ ਤਰ੍ਹਾਂ ਦਾ ਕੋਈ ਮਾਨਸਿਕ ਕਸ਼ਟ ਨਾ ਹੋਵੇ। ਉਹ ਇਹ ਵੀ ਮੰਨਦੇ ਹਨ ਕਿ ਉਨ੍ਹਾਂ ਦੇ ਸੁਭਾਅ ਵਿੱਚ ਆਏ ਪਰਿਵਾਰਤਨ ਦਾ ਕਾਰਣ ਮਾਂ ਦਾ ਅਚਾਨਕ ਚਲੇ ਜਾਣਾ ਹੈ। ਇਕੱਲਾਪਨ ਉਨ੍ਹਾਂ ਨੂੰ ਖਾਂਦਾ ਜਾ ਰਿਹਾ ਹੈ। ਪਰ ਭਰਾ ਦੇ ਇਕੱਲੇ ਜਤਨਾਂ ਨਾਲ ਤਾਂ ਅਸ਼ਾਂਤੀ ਘੱਟ ਨਹੀਂ ਸਕਦੀ। ਬਾਬੂ ਜੀ ਨੂੰ ਵੀ ਆਪਣੇ ਖੋਲ ਵਿੱਚੋਂ ਬਾਹਰ ਨਿਕਲਣ ਦੀ ਲੋੜ ਹੈ। ਉਹ ਬਾਹਰ ਉਦੋਂ ਹੀ ਨਿਕਲ ਸਕਣਗੇ ਜੇ ਉਹ ਆਪ ਨਿਕਲਣਾ ਚਾਹੁੰਣਗੇ। ਪਰਿਵਾਰ ਵਿੱਚ ਸਿਰਫ ਆਪਣੇ ਮਾਨ ਸਨਮਾਨ ਬਾਰੇ ਹੀ ਨਹੀਂ ਸੋਚਦੇ ਰਹਿਣਗੇ। ਉਹ ਉਨ੍ਹਾਂ ਸਾਹਮਣੇ ਹਨ ਹੀ ਕੀ, ਜੋ ਉਨ੍ਹਾਂ ਨੂੰ ਪਰਿਵਾਰ ਦੇ ਮਾਇਨੇ ਸਮਝਾਉਣ? ਭਾਜੀ ਤਾਂ ਇਥੋਂ ਤਕ ਤਕ ਸੋਚ ਰਹੇ ਹਨ ਕਿ ਬਾਬੂ ਜੀ ਉਥੇ ਹੀ ਰਹਿਣ, ਜਿੱਥੇ ਉਨ੍ਹਾਂ ਦਾ ਮਨ ਲੱਗਾ ਰਹੇ ਤੇ ਉਹ ਖੁਸ਼ ਰਹਿਣ। ਉਨ੍ਹਾਂ ਨੇ ਪਤਾ ਕਰ ਲਿਆ ਹੈ ਕਿ ਨੋਇਡਾ ਦੇ ਸੈਕਟਰ ਪਚਵੰਜਾ ਵਿੱਚ ਕੋਈ ਅਨੰਦ ਨਿਕੇਤਨ ਬਿਰਧ ਆਸ਼ਰਮ ਹੈ, ਕਿਉਂ ਨਾ ਉਨ੍ਹਾਂ ਦੇ ਰਹਿਣ ਦੀ ਵਿਵਸਥਾ ਉਥੇ ਹੀ ਕਰ ਦਿੱਤੀ ਜਾਏ। ਹਮਉਮਰਾਂ ਦੀ ਜਮਾਤ ਵਿੱਚ ਬਾਬੂ ਜੀ ਦਾ ਮਨ ਵੀ ਲੱਗਾ ਰਹੇਗਾ। ਭਾਜੀ ਜਗ੍ਹਾ ਵੇਖ ਆਏ ਹਨ। ਉਹ ਦੱਸ ਰਹੇ ਸਨ ਕਿ ਜਗ੍ਹਾ ਬਹੁਤ ਸੁਹਣੀ ਹੈ। ਭੋਜਨ ਆਦਿ ਦੀ ਵਿਵਸਥਾ ਬਹੁਤ ਵਧੀਆ ਹੈ। ਉਨ੍ਹਾਂ ਨੂੰ ਉਥੇ ਰਖਣ ਦੇ ਨਿਰਣੇ ਨਾਲ ਭਾਜੀ ਉਤੇ ਵਾਧੂ ਦਾ ਖਰਚਾ ਪੈ ਜਾਏਗਾ, ਪਰ ਫਿਰ ਵੀ ਭਾਜੀ ਉਹ ਖਰਚ ਖੁਸ਼ੀ ਨਾਲ ਚੁੱਕਣ ਲਈ ਤਿਆਰ ਹਨ।

ਹਰਿਦੁਆਰ ਦੇ ਕਿਸੇ ਆਸ਼ਰਮ ਬਾਰੇ ਵੀ ਭਾਜੀ ਦੇ ਮਿੱਤਰ ਰਾਜੀਵ ਰਾਇਜਾਦਾ ਨੇ ਉਨ੍ਹਾਂ ਨਾਲ

ਚਰਚਾ ਕੀਤੀ ਹੈ।ਆਸ਼ਰਮ ਇਕਦਮ ਗੰਗਾ ਕਿਨਾਰੇ ਹੈ।ਆਸ਼ਰਮ ਤੋਂ ਬਾਹਰ ਨਾ ਵੀ ਨਿਕਲਣਾ ਚਾਹੁੰਣ ਤਾਂ ਵੀ ਆਰਾਮ ਨਾਲ ਕਮਰੇ ਦੀ ਖਿੜਕੀ ਵਿਚੋਂ ਸ਼ਾਮ ਦੀ ਮਨੋਹਰ ਆਰਤੀ ਵੇਖੀ ਜਾ ਸਕਦੀ ਹੈ। ਭਾਜੀ ਨੂੰ ਅੱਗੇ ਦੀ ਵੀ ਚਿੰਤਾ ਹੋ ਰਹੀ ਹੈ। ਇਕ-ਅੱਧ ਮਹੀਨੇ ਦੇ ਅੰਦਰ ਅਮਰੀਕਾ ਵਾਲੀ ਕੰਪਨੀ ਦਾ ਨਿਯੁਕਤੀ-ਪੱਤਰ ਵੀ ਉਨ੍ਹਾਂ ਨੂੰ ਮਿਲ ਸਕਦਾ ਹੈ।ਮਾਂ ਜ਼ਿੰਦਾ ਸੀ ਤਾਂ ਗੱਲ ਹੋਰ ਸੀ।ਹੁਣ ਉਨ੍ਹਾਂ ਨੂੰ ਇਕੱਲਿਆ ਕਾਨਪੁਰ ਛੱਡ ਕੇ ਜਾਣਾ ਕਿਸੇ ਵੀ ਤਰੀਕੇ ਠੀਕ ਨਹੀਂ...।

ਬਾਬੂ ਜੀ ਦੇ ਹਥੋਂ ਟੈਲੀਫੋਨ ਦਾ ਰਿਸੀਵਰ ਡਿੱਗ ਪਿਆ।

ਰਿਸੀਵਰ ਫਰਸ਼ ਡਿੱਗਣ ਦੀ ਆਵਾਜ਼ ਸੁਣ ਕੇ ਸੁਨੈਨਾ ਟੈਲੀਫੋਨ ਵੱਲ ਦੌੜੀ। ਪਰ ਬਾਬੂ ਜੀ ਨੇ ਪਿੱਛੇ ਮੁੜ ਕੇ ਨਹੀਂ ਦੇਖਿਆ।

ਉਹ ਆਪਣੇ ਅੰਦਰ ...ਹੋਰ ਅੰਦਰ...ਹੋਰ ਅੰਦਰ ਧੱਸਦੇ ਜਾ ਰਹੇ ਸਨ। ਉਨ੍ਹਾਂ ਦੀਆਂ ਖੜਾਵਾਂ ਦੀ ਖੜ-ਖੜ ਵਿਹੜੇ ਨੂੰ ਪਾਰ ਕਰਕੇ ਚੌਂਕੇ ਵੱਲ ਵੱਧਦੀ ਜਾ ਰਹੀ ਹੈ। ਗਾਂ ਦਾ ਹਿੱਸਾ ਕੱਢ ਕੇ ਚੌਂਕੇ ਵਿੱਚ ਸਭ ਤੋਂ ਪਹਿਲੀ ਥਾਲੀ ਉਨ੍ਹਾਂ ਦੀ ਹੀ ਪਰੋਸੀ ਜਾਏਗੀ। ਉਹ ਘਰ ਦੇ ਬੁਜ਼ੁਰਗ ਹਨ...।

ਉਹ ਕੌਣ?

ਉਨ੍ਹਾਂ ਦੇ ਬੱਪਾ ਹੋਰ ਕੌਣ?

## ਚੌਥੀ ਗੈਰ ਮੌਜੂਦਗੀ

### ਫਲੂ

ਪਾਸਾ ਮਾਰਦੇ ਹੀ ਬਾਬੂ ਜਸਵੰਤ ਸਿੰਘ ਨੂੰ ਆਪਣੀ ਛੇ-ਫੁਟੀ ਦੇਹ ਥਰੱਡ ਡਿਗਰੀ ਦੀ ਮਾਰ ਝੇਲਦੀ ਮਹਿਸੂਸ ਹੋਈ। ਜੋੜਾਂ ਨੇ ਅਜਿਹੀ ਬਗਾਵਤ ਕਰ ਦਿੱਤੀ ਸੀ, ਜੋ ਅੱਜ ਤੋਂ ਪਹਿਲਾਂ ਕਦੇ ਨਹੀਂ ਕੀਤੀ ਸੀ। ਉਨ੍ਹਾਂ ਨੂੰ ਆਪ ਸਮਝ ਵਿੱਚ ਨਹੀਂ ਆ ਰਿਹਾ ਸੀ ਬਿਨਾਂ ਕਿਸੇ ਨਿੱਛ ਜ਼ੁਕਾਮ ਦੇ ਹੀ ਬੁਖਾਰ ਨੇ ਉਨ੍ਹਾਂ ਉਤੇ ਧਾਵਾ ਕਿਵੇਂ ਬੋਲ ਦਿੱਤਾ ਸੀ। ਕਈ ਵਾਰ ਛੋਟੀ-ਮੋਟੀ ਲਾਪ੍ਰਵਾਹੀ ਕਰ ਬੈਠਦੇ ਹਨ, ਜਿਸ ਕਾਰਣ ਕਦੇ-ਕਦੇ ਉਨ੍ਹਾਂ ਨੂੰ ਪਰੇਸ਼ਾਨੀ ਝੇਲਣੀ ਪੈ ਜਾਂਦੀ ਹੈ, ਉਂਜ ਉਨ੍ਹਾਂ ਨੂੰ ਆਪਣੀ ਨਿਰੋਗੀ ਕਾਇਆ 'ਤੇ ਮਾਣ ਹੀ ਹੈ। ਮਾਣ ਕਰਨ ਦੇ ਕੁਝ ਕਾਰਣ ਮੌਜੂਦ ਵੀ ਹਨ। ਕਾਨਪੁਰ ਦੇ ਜਾਣ-ਪਛਾਣ ਤੇ ਸੰਗੀ-ਸਾਥੀਆਂ ਵਿਚੋਂ ਕੁਝ ਹਮਉਮਰ ਹਾਣੀਆਂ ਦੇ ਨਾਂ ਬਾਬੂ ਜਸਵੰਤ ਸਿੰਘ ਗਿਣਵਾ ਸਕਦੇ ਹਨ, ਜਿਨ੍ਹਾਂ ਨੂੰ ਪੰਜਾਹਵਾਂ ਵਰ੍ਹਾਂ ਪਾਰ ਕਰਦੇ ਹੀ ਬਾਈਪਾਸ ਸਰਜਰੀ ਕਰਵਾਉਣੀ ਪਈ। ਲੱਤਾਂ ਉਤੇ ਪਲਾਸਤਰ ਚੜ੍ਹਨਾ ਤਾਂ ਜਿਵੇਂ ਆਮ ਹੀ ਗੱਲ ਹੋ ਗਈ ਹੈ, ਚੰਗਾ, ਠੀਕ ਹੈ... ਠੀਕ ਹੈ !" ਬਾਬੂ ਜਸਵੰਤ ਸਿੰਘ ਨੇ ਆਪਣੇ ਆਪ ਨੂੰ ਆਪਣੀ ਵਡਿਆਈ ਕਰਨ ਤੋਂ ਰੋਕਿਆ ਤੇ ਘੁੰਮਦੇ ਸਿਰ ਨੂੰ ਹੱਥਾਂ ਨਾਲ ਦਬਾਉਣ ਦੀ ਕੋਸ਼ਿਸ਼ ਕੀਤੀ। ਜੇ ਹੁਣ ਤਕ ਠੀਕ ਰਹੇ ਹਨ ਤਾਂ ਖੈਰ ਕਿਉਂ ਨਹੀਂ ਮਨਾਉਂਦੇ। ਆਖਿਰ ਕਿੱਥੇ ਨਰਿੰਦਰ ਦੀ ਮਾਂ ਬੈਠੀ ਹੈ, ਜੋ ਪਬਾਂ ਭਾਰ ਬੈਠ ਉਨ੍ਹਾਂ ਦੀ ਸੇਵਾ ਸੰਭਾਲ ਕਰ ਆਪਣੇ ਆਪ ਨੂੰ ਧੰਨ ਸਮਝੇਗੀ।

ਡਾਕਟਰ ਅਨੁਰਾਗ ਸਖਤ ਹਿਦਾਇਤ ਦੇ ਕੇ ਗਏ ਹਨ ਕਿ ਉਨ੍ਹਾਂ ਨੂੰ ਪੀਣ ਲਈ ਕੋਸਾ ਪਾਣੀ ਹੀ ਪੀਣ ਲਈ ਦਿੱਤਾ ਜਾਏ। ਸੁਨੈਨਾ ਨੇ ਗਰਮ ਪਾਣੀ ਥਰਮਸ ਵਿੱਚ ਭਰ ਕੇ ਮੇਜ਼ ਤੇ ਲਿਆ ਕੇ ਰੱਖ ਦਿੱਤਾ। ਜਦੋਂ ਵੀ ਉਨ੍ਹਾਂ ਨੂੰ ਪਿਆਸ ਲੱਗੇ ਘੁੱਟ ਦੋ ਘੁੱਟ ਹੀ ਸਹੀ ਆਪ ਪੀ ਲੈਣ। ਉਨ੍ਹਾਂ ਨੇ ਇਤਰਾਜ਼ ਕੀਤਾ ਕਿ ਉਨ੍ਹਾਂ ਨੂੰ ਕਾਫੀ ਪਹਿਲਾਂ ਤੋਂ ਹੀ ਥਰਮਸ ਦੀ ਚਾਹ ਤੇ ਦੁੱਧ ਨਹੀਂ ਸੁਹਾਂਦੇ। ਸੁਨੈਨਾ ਨੇ ਸ਼ਾਂਤ ਆਵਾਜ਼ ਵਿੱਚ ਜਵਾਬ ਦਿੱਤਾ , "ਥਰਮਸ ਘਟਿਆ ਹੋਣ ਤੇ ਹੀ ਅਜਿਹਾ ਹੁੰਦਾ ਹੈ।' ਇਹੀ ਬਹੁਤ ਹੈ ਕਿ ਸਵੇਰੇ ਟਾਮੀ ਨੂੰ ਫਾਰਿਗ ਕਰਵਾ ਕੇ ਵਾਪਸ ਆਉਣ ਤੇ ਬਾਬੂ ਜੀ ਦੀਆਂ ਉਲਟੀ ਕਰਨ ਦੀਆਂ ਆਵਾਜ਼ਾਂ ਨੇ ਸੁਨੈਨਾ ਨੂੰ ਚਿੰਤਿੰਤ ਕਰ ਦਿੱਤਾ ਸੀ। ਇਸ ਲਈ ਸੌਂ ਰਹੇ ਨਰਿੰਦਰ ਨੂੰ ਉਠਾ ਕੇ ਉਸ ਨੇ ਉਸ ਨੂੰ ਬਾਬੂ ਜੀ ਕੋਲ ਭੇਜਿਆ। ਬਾਥਰੂਮ ਤੋਂ ਬਿਸਤਰ ਵੱਲ ਲੈ ਜਾ ਕੇ ਲੰਮਾ ਪਾਉਂਦੇ ਮਹਿਸੂਸ ਕੀਤਾ ਕਿ ਉਨ੍ਹਾਂ ਦੀ ਉਲਟੀ ਨੂੰ ਸਿਰਫ ਬਦਹਜ਼ਮੀ ਮੱਥੇ ਨਹੀਂ ਮੜਿਆ ਜਾ ਸਕਦਾ। ਉਨ੍ਹਾਂ ਦੀ ਦੇਹ ਤਪ ਰਹੀ ਸੀ। ਥਰਮਾਮੀਟਰ 'ਤੇ ਬੁਖਾਰ ਸੌ ਤੋਂ ਉਪਰ ਆਇਆ । ਜ਼ਾਹਿਰ ਹੈ, ਬੁਖਾਰ ਚੜ੍ਹ ਰਿਹਾ ਸੀ।



ਨਰਿੰਦਰ ਨੇ ਡਾਕਟਰ ਅਨੁਰਾਗ ਚਤੁਰਵੇਦੀ ਨੂੰ ਫੋਨ ਕਰਕੇ ਕਲੀਨਿਕ ਜਾਣ ਤੋਂ ਪਹਿਲਾਂ ਘਰੋਂ ਬਾਬੂ ਜੀ ਨੂੰ ਦੇਖ ਦੇ ਜਾਣ ਦੀ ਮਿੰਨਤ ਕੀਤੀ। ਡਾਕਟਰ ਅਨੁਰਾਗ ਨੇ ਉਨ੍ਹਾਂ ਦਾ ਮੁਆਇਨਾ ਕਰਦੇ ਹੀ ਐਲਾਨ ਕਰ ਦਿੱਤਾ ਕਿ ਉਨ੍ਹਾਂ ਨੂੰ 'ਫਲੂ' ਹੋਇਆ ਹੈ। ਉਨ੍ਹਾਂ ਫਲੂ ਲਈ ਦਵਾਈਆਂ ਲਿਖ ਦਿੱਤੀਆਂ ਹਨ, ਪਰ ਸਾਵਧਾਨੀ ਲਈ ਜ਼ਰੂਰੀ ਹੈ ਕਿ ਝੱਟ ਕੋਲੇਸਟ੍ਰਾਲ, ਯੂਰੀਆਂ, ਸ਼ੂਗਰ ਆਦਿ ਦੀ ਜਾਂਚ ਕਰਵਾ ਲੈਣੀ ਚਾਹੀਦੀ ਹੈ। ਇਹ ਵੀ ਜਾਣਕਾਰੀ ਦੇ ਦਿੱਤੀ ਕਿ 'ਅਰੋੜਾ ਕੇਮਿਸਟ' ਕੋਲ ਅੱਠ ਵਜੇ ਦੇ ਕਰੀਬ ਐਸ. ਕੇ. ਲੈਬ ਤੋਂ ਇਕ ਪੈਥਾਲਾਜਿਸਟ ਆਉਂਦਾ ਹੈ। ਆ ਹੀ ਗਿਆ ਹੋਣਾ ਹੈ। ਫੋਨ ਕਰ ਕੇ ਨਰਿੰਦਰ ਉਸ ਨੂੰ ਘਰ ਬੁਲਾ ਲੈਣ। ਸ਼ਾਮ ਨੂੰ ਪੰਜ ਵਜੇ ਰਿਪੋਰਟ ਉਥੇ ਹੀ ਆ ਜਾਂਦੀ ਹੈ। ਉਹ ਕੇਮਿਸਟ ਨੂੰ ਫੋਨ ਕਰਕੇ ਰਿਪੋਰਟ ਆਪਣੇ ਦਵਾਖਾਨੇ ਹੀ ਮੰਗਵਾ ਲੈਣਗੇ। ਲੋੜ ਅਨੁਸਾਰ ਜੇ ਦਵਾਈ ਬਦਲਣੀ ਹੋਈ ਤਾਂ ਬਦਲ ਵੀ ਦੇਣਗੇ। ਬਲੱਡ ਪ੍ਰੈਸ਼ਰ ਮਾਮੂਲੀ ਜਿਹਾ ਵਧਿਆ ਹੋਇਆ ਹੈ। ਉਸ ਦੀ ਦਵਾਈ ਖਾ ਹੀ ਰਹੇ ਹਨ। ਵਧਾਉਣ ਦੀ ਲੋੜ ਮਹਿਸੂਸ ਨਹੀਂ ਹੋ ਰਹੀ।

ਕਲ੍ਹ ਸਵੇਰੇ ਹੀ ਬਾਬੂ ਜੀ ਨੂੰ ਲੱਗਣ ਲੱਗ ਪਿਆ ਸੀ ਕਿ ਸ਼ਾਲੂ ਦੀ ਦਿੱਤੀ ਸੂਚਨਾ ਤੋਂ ਮਾਨਸਿਕ ਸੰਕਟ ਤੋਂ ਪਾਰ ਪਾਉਣਾ ਆਸਾਨ ਨਹੀਂ ਸੀ। ਕਈ ਘੰਟੇ ਉਹ ਸਾਹਸੱਤ ਹੀਣ ਪਏ ਰਹੇ ਸਨ। ਚੋਟ 'ਤੇ ਚੋਟ। ਇਕ ਤਾਂ ਕਰਨਲ ਸਵਾਮੀ ਦੀ ਗੈਰ ਮੌਜੂਦਗੀ ਹੀ ਉਨ੍ਹਾਂ ਨੂੰ ਲਗਾਤਾਰ ਅਸਥਿਰ ਕਰ ਰਹੀ ਸੀ, ਉਪਰੋਂ ਉਨ੍ਹਾਂ ਨੂੰ ਬਨਵਾਸ ਦੇਣ ਦਾ ਆਪਣੀ ਹੀ ਔਲਾਦਾਂ ਦਾ ਖੜਯੰਤਰ? ਦਵੰਦ ਵਿੱਚ ਪਏ ਸੋਚਦੇ ਰਹੇ ਕਿ ਕੋਈ ਪਿਤਾ ਆਪਣੇ ਹੀ ਪਰਿਵਾਰ ਲਈ ਤ੍ਰਿਸਕਾਰ ਦਾ ਵਿਸ਼ਾ ਕਿਵੇਂ ਹੋ ਸਕਦਾ ਹੈ। ਉਨ੍ਹਾਂ ਲਈ ਅਜੇ ਕਿਸੇ ਨੇ ਕੀਤਾ ਹੀ ਕੀ ਹੈ? ਨਾ ਰੁਪਏ-ਪੈਸਿਆਂ ਦੀ ਕਮੀ, ਨਾ ਕੋਈ ਅਸਾਧ ਰੋਗੀ ਹਨ ਜੋ ਨੂੰਹ-ਪੁੱਤਰ ਦੀ ਜਵਾਨੀ ਉਤੇ ਬੋਝ ਬਣ ਰਹੇ ਹੈ। ਸ਼ਾਲੂ ਨੇ ਸੁਣ ਕਿਵੇਂ ਲਿਆ? ਵਿਰੋਧ ਨਹੀਂ ਕੀਤਾ? ਇਹ ਨਹੀਂ ਕਿਹਾ ਕਿ ਭਾਜੀ, ਬਾਬੂ ਜੀ ਨੂੰ ਆਪਣੇ ਨਾਲ ਅਮਰੀਕਾ ਕਿਉਂ ਨਹੀਂ ਲੈ ਜਾਂਦੇ? ਕਿਹੜਾ ਉਹ ਜਾਣ ਲਈ ਮਨ੍ਹਾ ਕਰਦੇ। ਆਖਿਰ ਕਾਨਪੁਰ ਛੱਡ ਉਹ ਦਿੱਲੀ ਆਉਣ ਲਈ ਰਾਜ਼ੀ ਨਹੀਂ ਹੋਏ ਸਨ। ਸਮਝ-ਬੁਝ ਕੇ ਹੀ ਉਨ੍ਹਾਂ ਹਿਲਣ ਦਾ ਮਨ ਬਣਾਇਆ ਸੀ। ਲਾਡਲੀ ਧੀ ਤੋਂ ਵਿਖਾਵਾ ਦੇ ਤੌਰ ਤੇ ਵੀ ਇਹ ਨਹੀਂ ਕਿਹਾ ਗਿਆ ਕਿ ਜੇ ਭਰਾ ਦੇ ਘਰ ਜਗ੍ਹਾ ਨਹੀਂ ਤਾਂ ਨਾ ਸਹੀ, ਆਪਣੇ ਬਾਬੂ ਜੀ ਨੂੰ ਉਹ ਆਪਣੇ ਕੋਲ ਰਖ ਲਵੇਗੀ। ਉਨ੍ਹਾਂ ਦੀ ਸੇਵਾ ਕਰ ਆਪਣੇ ਆਪ ਨੂੰ ਧੰਨ ਸਮਝੇਗੀ। ਬਾਬੂ ਜੀ ਨੇ ਵੀ ਕਿਹੜਾ ਦੋਵਾਂ ਦੀ ਪਾਲਨਾ ਵਿੱਚ ਕੋਈ ਫਰਕ ਕੀਤਾ ਸੀ।

ਸੋਚਾਂ ਬਾਬੂ ਜੀ ਦਾ ਪਿੱਛਾ ਨਹੀਂ ਛੱਡ ਰਹੀਆਂ। ਵਾਰ-ਵਾਰ ਉਹੀ ਗੱਲਾਂ ਉਹੀ ਚੋਭਾਂ, ਉਹੀ ਸੱਟਾਂ...। ਪਰ ਇਨ੍ਹਾਂ ਸੋਚਾਂ ਨਾਲ ਕਿਸੇ ਹੋਰ ਦਾ ਕੀ ਵਿਗੜੇਗਾ, ਤਬੀਅਤ ਤਾਂ ਉਨ੍ਹਾਂ ਦੀ ਹੀ ਵਿਗੜੇਗੀ। ਅਚਾਨਕ ਬਿਸਤਰ ਤੋਂ ਉੱਠ ਕੇ ਬਾਬੂ ਜਸਵੰਤ ਸਿੰਘ ਤੁਰ ਪਏ। ਇਹ ਸੋਚਦੇ ਹੋਏ ਕਿ ਕੁਝ ਦੇਰ ਉਹ ਇਸ ਛਤ ਦੀ ਕੈਦ ਤੋਂ ਮੁਕਤ ਹੋ ਸਕਣ। ਬਿਨਾਂ ਉਦੇਸ਼ ਦੀ ਭਟਕਣ ਉਨ੍ਹਾਂ ਨੂੰ ਸੁਖ ਹੀ ਦੇਂਦੀ ਹੈ। ਪੈਰਾਂ ਵਿੱਚ ਚੱਪਲਾਂ ਫਸਾ ਘਰੋਂ ਬਾਹਰ ਨਿਕਲ ਆਏ। ਪਿਛੋਂ ਸੁਨੈਨਾ ਨੇ ਹੌਲੀ ਜਿਹੀ ਆਵਾਜ਼ ਮਾਰੀ। ਪਰ ਵਾਜ਼ ਦੇ ਖੋਖਲੇਪਨ ਤੋਂ ਉਹ ਜਾਣੂ ਹਨ। ਉਨ੍ਹਾਂ ਨੂੰ ਪਤਾ ਹੈ ਕਿ ਬੂਹਾ ਖੋਲ੍ਹ ਕੇ ਮਿੰਤਨ ਨਹੀਂ ਕਰੇਗੀ ਕਿ ਐਨ ਬੱਚਿਆਂ ਦੇ ਘਰ ਆਉਣ ਵੇਲੇ ਉਹ ਕਿਥੇ, ਕਿਸ ਪਾਸੇ ਤੁਰ ਪਏ ਹਨ?

ਬਾਬੂ ਜੀ ਨੇ ਸਵੈ ਨੂੰ ਚਿੱਲਾ ਪਿੰਡ ਵੱਲ ਵੱਧਦੇ ਦੇਖਿਆ। ਸੱਜੇ ਪਾਸੇ ਪੈਟ੍ਰੋਲ ਪੰਪ ਉਤੇ ਪੈਟ੍ਰੋਲ ਭਰਵਾਉਣ ਲਈ ਤਿੰਨ-ਚਾਰ ਗੱਡੀਆਂ ਹੀ ਲਾਈਨ ਵਿੱਚ ਖੜੀਆਂ ਨਜ਼ਰ ਆਈਆਂ। ਦੂਸਰੇ ਪੈਟ੍ਰੋਲ ਪੰਪ ਉਤੇ ਸੀ. ਐਨ. ਜੀ. ਗੈਸ ਭਰਵਾਉਣ ਲਈ ਆਟੋ ਰਿਕਸ਼ਾ ਦੀ ਲੰਮੀ ਲਾਈਨ ਲੱਗੀ ਦਿਸੀ। ਖੱਬੇ ਪਾਸਿਓ ਉਠ ਰਹੀ ਬਦਬੂ ਕਾਰਣ ਧਿਆਨ ਕੂੜੇਘਰ ਵੱਲ ਗਿਆ। ਝੱਟ ਜ਼ੇਬ੍ਹ ਵਿਚੋਂ ਰੁਮਾਲ ਕੱਢ ਕੇ ਨੱਕ 'ਤੇ ਰੱਖਿਆ। ਗਾਵਾਂ ਦਾ ਝੁੰਡ ਖਿਲਰੇ ਕੂੜੇ ਵਿਚੋਂ ਆਪਣਾ ਚਾਰਾ ਲੱਭ ਰਿਹਾ ਸੀ।

'ਰੀਵਰਸਾਇਡ ਵਿਊ' ਦੇ ਬੋਰਡ ਨਿਕਟ ਪਹੁੰਚਦੇ ਹੀ ਹਵਾ ਦੀ ਤਾਜ਼ਗੀ ਨਾਲ ਬਦਬੂ ਭੱਜ ਗਈ। ਉਨ੍ਹਾਂ ਨੂੰ ਇਸ ਗੱਲ ਨਾਲ ਖੁਸ਼ੀ ਹੋਈ ਕਿ ਇਹ ਬਦਬੂ ਉਹ ਬਦਬੂ ਨਹੀਂ ਸੀ, ਜਿਸ ਬਦਬੂ ਨੇ ਕਾਫੀ ਦਿਨਾਂ ਤੋਂ ਉਨ੍ਹਾਂ ਨੂੰ ਕਿਸੇ ਵੀ ਗੰਧ-ਸੁਗੰਧ ਦੇ ਕਾਬਿਲ ਨਹੀਂ ਛੱਡਿਆ ਸੀ। ਰੁਮਾਲ ਜੇਬ੍ਹ ਅੰਦਰ ਸਮੇਟ ਦਿੱਤਾ। ਬਾਬੂ ਜੀ ਹੁਣ ਸ਼ਿਖਰ ਅਪਾਟਮੈਂਟਸ ਦੇ ਸਾਹਮਣੇ ਨਵੇਂ ਸਿਰਜਿਤ ਤੇ ਕਰੀਬ ਕਰੀਬ ਖਾਲੀ ਪਏ

'ਆਸ਼ਿਆਨਿਆਂ' ਵੱਲ ਚਲਨ ਲੱਗ ਪਏ ਸਨ। ਉਦੋਂ ਹੀ ਸੜਕ ਦੇ ਦੂਜੇ ਪਾਸਿਓਂ ਆਈ ਸਕੂਲ ਬਸ ਨੇ ਉਡੀਕ ਰਹੀ ਭੀੜ ਵਿੱਚ ਖਲਬਲੀ ਮਚਾ ਦਿੱਤੀ। ਮਲਏ-ਨਿਲਏ ਵੀ ਹੋ ਸਕਦੇ ਹੈ, ਘਰ ਆ ਗਏ ਹੋਣਗੇ। ਉਨ੍ਹਾਂ ਦੀਆਂ ਬੱਸਾਂ ਵੀ ਸ਼ਾਇਦ ਇਧਰੋਂ ਹੀ ਘੁੰਮ ਕੇ ਨਿਕਲਦੀ ਹੋਣੀ ਹੈ। ਦਿੱਸੀ ਨਹੀਂ ਉਨ੍ਹਾਂ ਨੂੰ। ਹੋ ਸਕਦਾ ਹੈ ਰਾਹ ਵਿੱਚ ਉਨ੍ਹਾਂ ਕੋਲੋਂ ਲੰਘੀ ਵੀ ਹੋਵੇ। ਰਾਮਵਤੀ ...ਨ... ਫਿਰ ਉਹੀ ਗਲਤੀ...।

ਕਾਤਿਆਇਨੀ ਕੁਮਦਨੀ ਵੀ ਇਸੇ ਵੇਲੇ ਆਪਣੇ ਸਕੂਲ ਤੋਂ ਮੁੜਦੀਆਂ ਹੋਣਗੀਆਂ। ਕੀ ਉਹ ਵੀ ਆਪਣੇ ਗੇਟ 'ਤੇ ਬਸ ਤੋਂ ਉਤਰਦੀਆਂ ਹੋਣਗੀਆਂ।

ਬਾਬੂ ਜੀ ਇਕਦਮ ਸੋਚਣ ਲੱਗ ਪਏ। ਛੋਟੀਆਂ ਬੱਚੀਆਂ ਕਾਤਿਆਇਨੀ-ਕੁਮਦਨੀ ਨੂੰ ਤਾਂ ਸ਼ਾਇਦ ਰਿਕਸ਼ੇ 'ਤੇ ਬੈਠਣਾ ਵੀ ਨਸੀਬ ਨਹੀਂ ਹੁੰਦਾ ਹੋਣਾ, ਹਾਲਾਂਕਿ ਉਨ੍ਹਾਂ ਨੂੰ ਇਸ ਗੱਲ ਦਾ ਅੰਦਾਜ਼ਾ ਹੈ ਕਿ ਸਕੂਲ ਘਰ ਦੇ ਬਹੁਤਾ ਨਜ਼ਦੀਕ ਨਹੀਂ ਹੋਣਾ। ਕੰਮ ਤੋਂ ਵਿਹਲੀ ਹੋ ਕੇ ਛੋਟੇ ਮੁੰਡੇ ਨੂੰ ਆਪਣੇ ਕੁੱਛੜ ਚੁੱਕ ਸੁਨਗੁਨਿਆਂ ਨੂੰ ਭੱਜਦੇ-ਭੱਜਦੇ ਉਨ੍ਹਾਂ ਨੂੰ ਲੈਣ ਜਾਣਾ ਪੈਂਦਾ ਹੋਣਾ ਹੈ। ਇਹ ਵੀ ਹੋ ਸਕਦਾ ਹੈ ਕਿ ਕੰਮ ਤੋਂ ਫੁਰਸਤ ਨਾ ਮਿਲਣ ਕਾਰਣ ਦੋਵੇਂ ਕੁੜੀਆਂ ਨੂੰ ਇਹ ਸਮਝਾਇਆ ਹੋਵੇ ਕਿ ਉਹ ਦੋਵੇਂ ਇਕ-ਦੂਜੇ ਦਾ ਹੱਥ ਪਕੜ ਕੇ ਗਲੀਆਂ-ਗਲੀਆਂ 'ਚੋਂ ਹੁੰਦੀਆਂ ਹੋਈਆਂ ਘਰ ਪਹੁੰਚ ਜਾਇਆ ਕਰਨ। ਇਹ ਸਥਿਤੀ ਹੈ ਤਾਂ ਖਤਰਨਾਕ-ਕਿਉਂਕਿ ਤੰਗ ਗਲੀਆਂ ਵਿੱਚ ਦੌੜਦੇ ਰਿਕਸ਼ੇ, ਮਾਰੂਤੀ ਆਦਿ ਕਦੋਂ ਕਿਸ ਨੂੰ ਟੱਕਰ ਮਾਰ ਜਾਣ-ਕਿਸੇ ਨੂੰ ਕੀ ਪਤਾ।

ਬਾਬੂ ਜਸਵੰਤ ਸਿੰਘ ਨੇ ਅਚਾਨਕ ਸਵੈਟਰ ਦੇ ਅੰਦਰ ਕੁੜਤੇ ਦੀ ਉਪਰਲੀ ਜ਼ੇਬ੍ਹ ਨੂੰ ਟਟੋਲਿਆ। ਸ਼ੁਕਰ ਹੈ, ਪਰਸ ਉਸ ਵਿੱਚ ਪਿਆ ਸੀ। ਕੱਢ ਕੇ ਦੇਖਿਆ। ਕਿੰਨੇ ਰੁਪਏ ਹਨ? ਸੌ-ਸੌ ਦੇ ਸੱਤ ਨੋਟ ਸਨ। ਪਲ ਕੁ ਪਹਿਲਾਂ ਦਿਮਾਗ ਵਿੱਚ ਆਏ ਆਪਣੇ ਇਕ ਵਿਚਾਰ ਨੂੰ ਅਸਲੀ ਜਾਮਾ ਪਵਾਉਣ ਲਈ ਉਨ੍ਹਾਂ ਆਟੋਰਿਕਸ਼ਾ ਲੱਭਣਾ ਚਾਹਿਆ। ਆਟੋ ਰਿਕਸ਼ਾ ਸਾਹਮਣਿਓਂ ਹੀ ਆਉਂਦਾ ਵਿਖਾਈ ਦਿੱਤਾ।

ਆਟੋਵਾਲੇ ਨੂੰ ਉਨ੍ਹਾਂ ਨੇ ਪਾਕੇਟ -3 ਚਲਣ ਦਾ ਆਦੇਸ਼ ਦਿੱਤਾ। ਆਟੋ ਵਿੱਚ ਬੈਠਣ 'ਤੇ ਚੰਗੀ ਧੁਪ ਦੇ ਬਾਵਜੂਦ ਠੰਡੀ ਹਵਾ ਲੱਗਣ ਤੇ ਉਨ੍ਹਾਂ ਨੂੰ ਪਤਾ ਲੱਗਾ ਕਿ ਜਲਦਬਾਜ਼ੀ ਕਾਰਣ ਉਨ੍ਹਾਂ ਗਲੇ ਵਿੱਚ ਮਫਲਰ ਵੀ ਨਹੀਂ ਪਾਇਆ ਸੀ, ਨਾ ਆਪਣੀ ਵਰ੍ਹਿਆਂ ਪੁਰਾਣੀ ਹੁਣ ਤਕ ਲਾਲ ਇਮਲੀ ਵਾਲੀ ਗਰਮ ਲੋਈ ਹੀ ਮੋਢਿਆਂ 'ਤੇ ਪਾਈ ਸੀ।

ਪਾਕੇਟ-3 ਪਹੁੰਚ ਕੇ ਬਾਬੂ ਜੀ ਨੇ ਮਾਰਕੀਟ ਵਿੱਚ ਪੋਸਟ ਆਫਿਸ ਸਾਹਮਣੇ ਆਟੋ ਰੁਕਵਾਇਆ। ਆਟੋ ਵਾਲੇ ਨੂੰ ਉਥੇ ਹੀ ਰੁਕਣ ਲਈ ਕਿਹਾ। ਕੁਝ ਹੀ ਦੇਰ ਦਾ ਕੰਮ ਸੀ, ਉਨ੍ਹਾਂ ਮੁੜ ਕੇ ਘਰ ਹੀ ਜਾਣਾ ਸੀ। ਰੁਕਣ ਦੇ ਜੋ ਵੀ ਕਹੇਗਾ ਤਾਂ ਉਹ ਉਸ ਨੂੰ ਹੋਰ ਪੈਸੇ ਵੀ ਦੇ ਦੇਣਗੇ।

ਬਾਬੂ ਜੀ ਨੇ ਸੋਚਿਆ ਕਿ ਪੰਜ ਸੌ ਰੁਪਏ ਦਾ ਮਨੀਆਰਡਰ ਉਹ ਸੁਨਗੁਨਿਆ ਦੇ ਨਾਂ ਆਪਣੇ ਘਰ ਦੇ ਸਿਰਨਾਵੇਂ 'ਤੇ ਹੀ ਭੇਜਣਗੇ। ਡਾਕੀਆਂ ਉਸ ਨੂੰ ਪਹਿਚਾਣਦਾ ਹੈ। ਜੇ ਉਸ ਪੁਰਾਣੇ ਹਰੀਰਾਮ ਦਾ ਤਬਾਦਲਾ ਨਾ ਹੋ ਗਿਆ ਹੋਇਆ ਤਾਂ। ਹਰੀਰਾਮ ਨਾ ਵੀ ਹੋਇਆ, ਤਾਂ ਵੀ ਕੋਈ ਪਰੇਸ਼ਾਨੀ ਨਹੀਂ ਆਏਗੀ। ਸੁਨਗੁਨਿਆਂ ਨੂੰ ਆਪਣਾ ਨਾਂ ਲਿਖਣਾ ਆਉਂਦਾ ਹੈ। ਖਾਲੀ ਵਕਤ ਵਿੱਚ ਬਿਠਾ ਕੇ ਨਰਿੰਦਰ ਦੀ ਮਾਂ ਨੇ ਉਸ ਨੂੰ ਲਿਖਣਾ ਸਿਖਾਇਆ ਸੀ। ਉਨ੍ਹਾਂ ਨੂੰ ਲੱਗਦਾ ਹੈ, ਭੁੱਲੀ ਨਹੀਂ ਹੋਣੀ। ਜੇ ਭੁੱਲ ਗਈ ਹੋਈ ਤਾਂ ਅਗੂੰਠਾ ਲੱਗਾ ਕੇ ਮਨੀਆਰਡਰ ਲੈ ਲਵੇਗੀ। ਮੁਸ਼ਕਿਲ ਬਸ ਸੁਨਗੁਨਿਆਂ ਦੇ ਸਵੈਮਾਣ ਦੀ ਹੈ। ਫਿਰ ਉਹ ਕੀ ਕਰਨ...? ਬਾਬੂ ਜਸਵੰਤ ਸਿੰਘ ਨੇ ਸੋਚਿਆ, ਉਹ ਮਨੀਆਰਡਰ ਦੇ ਇਹ ਪੈਸੇ ਉਹ ਕਾਤਿਆਇਨੀ ਆਸਰੇ ਅਤੇ ਕੁਮੁਦਿਨੀ ਆਸਰੇ ਦੀ ਪੜ੍ਹਾਈ-ਲਿਖਾਈ ਲਈ ਖਰਚ ਕਰੇ। ਉਨ੍ਹਾਂ ਦੀ ਗੁਜਾਰਿਸ਼ ਹੈ ਕਿ ਸੁਨਗੁਨਿਆਂ ਉਨ੍ਹਾਂ ਨੂੰ ਸਕੂਲੋਂ ਆਉਣ-ਜਾਣ ਲਈ ਮਹੀਨੇ ਦੇ ਹਿਸਾਬ ਨਾਲ ਰਿਕਸ਼ਾ ਲੱਗਵਾ ਦੇਵੇ। ਉਨ੍ਹਾਂ ਨੂੰ ਪੈਦਲ ਨਾ ਆਉਣ-ਜਾਣ ਦੇਵੇ। ਗਲੀ-ਮੁਹੱਲਿਆਂ ਵਿਚ ਵੀ ਟ੍ਰੈਫਿਕ ਕਿਹੜਾ ਘੱਟ ਹੁੰਦਾ ਹੈ। ਜੇ ਕਿਤੇ ਪੜ੍ਹਾਈ ਵਿੱਚ ਕਮਜ਼ੋਰ ਲੱਗਣ ਤਾਂ ਸੌ-ਦੋ ਸੌ ਰੁਪਏ ਦੇ ਕੇ ਉਨ੍ਹਾਂ ਦੀ ਟਿਊਸ਼ਨ ਵੀ ਰਖਵਾ ਦੇਵੇ।

ਰੁਪਏ ਮੋੜਨ ਬਾਰੇ ਨਾ ਸੋਚੇ। ਉਨ੍ਹਾਂ ਦੇ ਦਿਲ ਨੂੰ ਠੇਸ ਲੱਗੇਗੀ। ਆਪਣੇ ਬਾਬੂ ਜੀ ਨੂੰ ਉਹ ਖੁਸ਼ ਨਹੀਂ ਦੇਖਣਾ ਚਾਹੁੰਦੀ...!

ਆਖਰੀ ਲਾਈਨਾਂ ਲਿਖਕੇ ਬਾਬੂ ਜੀ ਨੇ ਕੱਟ ਦਿੱਤੀਆਂ। ਪਤਾ ਨਹੀਂ ਕੀ ਸੋਚਕੇ। ਪਤਾ ਨਹੀਂ ਕਿਹੋ



ਜਿਹਾ ਡਾਕੀਆਂ ਹੋਵੇ। ਹਰੀਰਾਮ ਦੀ ਗੱਲ ਹੋਰ ਹੈ।

ਇਹ ਵੀ ਲਿਖ ਦਿੱਤਾ-ਉਹ ਹਰ ਮਹੀਨੇ ਨਿਯਮਿਤ ਪੰਜ ਸੌ ਰੁਪਏ ਭੇਜਿਆ ਕਰਨਗੇ, ਤਾਂ ਕਿ ਬੱਚਿਆਂ ਦੀ ਪੜ੍ਹਾਈ ਵਿੱਚ ਕੋਈ ਰੁਕਾਵਟ ਨਾ ਆਏ।

ਦਰਵਾਜ਼ਾ ਮਲਏ ਨੇ ਖੋਲ੍ਹਿਆ। ਨਰਾਜ਼ ਹੋਇਆ, ਦਾਦੂ ਖਾਣ ਦੇ ਵੇਲੇ ਕਿੱਥੇ ਚਲੇ ਗਏ ਸਨ? ਮੰਮੀ ਚਿੰਤਾ ਕਰ ਰਹੀ ਸੀ, ਦੱਸ ਕੇ ਵੀ ਨਹੀਂ ਗਏ।

ਉਨ੍ਹਾਂ ਦੀ ਰੋਟੀ ਮੇਜ਼ ਉਤੇ ਪਈ ਸੀ। ਬੱਚੇ ਰੋਟੀ ਖਾ ਚੁੱਕੇ ਸਨ। ਸੁਨੈਨਾ ਨੇ ਉਨ੍ਹਾਂ ਨੂੰ ਦੇਖ ਕੇ ਪੁੱਛਿਆ, ਕੀ ਉਹ ਉਨ੍ਹਾਂ ਦੀ ਰੋਟੀ ਪਾ ਲਿਆਵੇ। ਰੋਟੀ ਖਾਣ ਦੀ ਇੱਛਾ ਨਹੀਂ ਰਹੀ ਸੀ, ਪਰ ਫਿਰ ਵੀ ਉਨ੍ਹਾਂ ਐਨਾ ਹੀ ਕਿਹਾ, "ਜੇ ਦਾਲ-ਚਾਵਲ ਬਣੇ ਹਨ ਤਾਂ ਉਹ ਦੋ-ਚਾਰ ਬੁਰਕੀਆਂ ਖਾ ਲੈਣਗੇ।

ਰੋਟੀ ਖਾ ਕੇ ਆਰਾਮ ਕਰਨ ਦੀ ਇੱਛਾ ਨਾਲ ਅਜੇ ਬਿਸਤਰੇ 'ਤੇ ਲੰਮੇ ਪਏ ਹੀ ਸਨ ਕਿ ਸੁਨੈਨਾ ਨੇ ਉਨ੍ਹਾਂ ਦੇ ਕਮਰੇ ਦਾ ਬੂਹਾ ਭੇੜ ਕੇ ਟੀ. ਵੀ. ਚਲਾ ਲਿਆ। ਭੇੜੇ ਹੋਏ ਦਰਵਾਜ਼ੇ ਦੇ ਬਾਵਜੂਦ ਲੋਕਸਭਾ ਵਿੱਚ 'ਪੋਟੋ' ਨੂੰ ਲੈ ਕੇ ਚਲ ਰਹੇ ਬੇਸਿਰ ਦੇ ਹੰਗਾਮੇ ਨੇ ਉਨ੍ਹਾਂ ਨੂੰ ਹੋਰ ਵੀ ਪਰੇਸ਼ਾਨ ਕਰ ਦਿੱਤਾ। ਟਾਮੀ ਦੀ ਜੰਜ਼ੀਰ ਖੁਲ੍ਹਣ ਦੀ ਵੀ ਆਵਾਜ਼ ਆਈ। 'ਪੋਟੋ' ਦੇ ਜੁੱਤ ਪਤਾਣ ਵਿੱਚ ਟਾਮੀ ਦੀ ਵੀ ਦਿਲਚਸਪੀ ਹੋ ਸਕਦੀ ਹੈ-ਉਨ੍ਹਾਂ ਨੂੰ ਵਿਸ਼ਵਾਸ ਨਹੀਂ ਹੋ ਰਿਹਾ ਸੀ। ਸੁਨੈਨਾ ਵੈਸੇ ਤਾਂ ਉਨ੍ਹਾਂ ਦਾ ਖਿਆਲ ਰੱਖਦੀ ਹੈ। ਰੱਖ ਰਹੀ ਹੈ। ਅਚਾਨਿਕ ਐਮ. ਟੀ. ਵੀ. ਦੀ ਕਾਵਾਂ ਰੌਲੀ ਸ਼ੁਰੂ ਹੋ ਗਈ। ਵਿਗਿਆਪਨਾਂ ਦੌਰਾਨ ਉਹ ਟਾਮੀ ਲਈ ਹੀ ਚੈਨਲ ਬਦਲ ਰਹੀ ਹੈ। ਦੋਵੇਂ ਬੱਚੇ ਕਿਸੇ ਮਿੱਤਰ ਘਰ ਗਏ ਹਨ-ਪੜ੍ਹਨ ਲਈ।

"ਬਾਬੂ ਜੀ, ਮੂੰਹ ਖੋਲ੍ਹੋ? ਥਰਮਾਮੀਟਰ ਲਗਾਉਣਾ ਹੈ।"

"ਕਿਉਂ ?" ਸੁਨੈਨਾ ਨੂੰ ਆਪਣੇ ਸਿਰ੍ਹਾਣੇ ਖੜੇ ਦੇਖ ਬਾਬੂ ਜੀ ਨੂੰ ਥੋੜਾ ਅਚੰਭਾ ਹੋਇਆ।

"ਬੁਖਾਰ ਨਹੀਂ ਦੇਖਣਾ ਤੁਹਾਡਾ?"

ਬਾਬੂ ਜੀ ਕਲ੍ਹ ਦੀਆਂ ਘਟਨਾਵਾਂ ਤੋਂ ਬਾਹਰ ਨਿਕਲ ਆਏ। ਫੌਰਨ ਉਨ੍ਹਾਂ ਮੂੰਹ ਖੋਲ੍ਹ ਦਿੱਤਾ। ਮੂੰਹ ਵਿੱਚ ਥਰਮਾਮੀਟਰ ਲੱਗਾ ਕੇ ਆਪ ਸੁਨੈਨਾ ਕਮਰੇ ਤੋਂ ਬਾਹਰ ਨਿਕਲ ਗਈ। 'ਫਲੂ' ਹੋ ਗਿਆ ਉਨ੍ਹਾਂ ਨੂੰ ਜ਼ਬਰਦਰਤੀ ਦੀ ਨਿਗਰਾਨੀ ਉਨ੍ਹਾਂ ਉੱਤੇ ਆ ਪਈ। ਨੇੜੇ ਆਉਣਾ ਉਸ ਦੀ ਮਜਬੂਰੀ ਹੈ। ਡਾਕਟਰ ਅਨੁਰਾਗ ਚਤੁਰਵੇਦੀ ਦਾ ਖਾਸ ਨਿਰਦੇਸ਼ ਜੋ ਹੈ।

ਸ਼ਾਮ ਵੇਲੇ ਉਸ ਨੇ ਬਕਾਇਦਾ ਬੁਖਾਰ ਚਾਰਟ ਵੇਖਣਾ ਹੈ।

"ਕਿੰਨਾ ਹੈ?"

"ਕਾਫੀ ਹੈ, ਬਾਬੂ ਜੀ।"

"ਫਿਰ ਵੀ...।" ਉਨ੍ਹਾਂ ਦੀਆਂ ਪਲਕਾਂ ਤਪੀਆਂ ਹੋਈਆਂ ਲੱਗ ਰਹੀਆਂ ਹਨ।

"ਇਕ ਸੌ ਦੋ ਤੋਂ ਉਪਰ ਹੈ।"

ਸੁਨੈਨਾ ਨੇ ਵਾਪਸ ਜਾਣ ਤੋਂ ਪਹਿਲਾਂ ਪੁੱਛਿਆ-"ਦੁਪਹਿਰ ਵੇਲੇ ਉਹ ਕੀ ਖਾਣਾ ਚਾਹੁੰਣਗੇ? ਦੁੱਧ ਵਿੱਚ ਦਲੀਆਂ ਬਣਾ ਦੇਵਾਂ?" ਮਨ ਵਿੱਚ ਉਨ੍ਹਾਂ ਨੇ ਸੋਚਿਆ। ਬੁਖਾਰ ਵਿੱਚ ਮਿੱਠਾ ਦਲੀਆ ਖਾ ਸਕਦਾ ਹੈ ਕੋਈ? ਲੂਣਾ ਬਣਾ ਦੇਵੇ ਮੂੰਗੀ ਦੀ ਦਾਲ ਵਾਲਾ। ਪਰ ਉਨ੍ਹਾਂ ਦੀ ਖਾਮੋਸ਼ੀ ਨੂੰ ਸੁਨੈਨਾ ਨੇ ਸਹਿਮਤੀ ਸਮਝਿਆ। ਦੁਬਾਰਾ ਪੁੱਛਣ ਦੀ ਲੋੜ ਵੀ ਉਸਨੇ ਨਾ ਸਮਝੀ।

ਅੱਧੀ ਰਾਤ ਵੇਲੇ ਪੇਸ਼ਾਬ ਕਰਨ ਲਈ ਉਠਦਿਆਂ ਬਾਬੂ ਜੀ ਨੂੰ ਆਪਣਾ ਪਿੰਡਾ ਟੁੱਟਦਾ ਲੱਗਾ ਸੀ। ਆਟੋ 'ਤੇ ਹਵਾ ਲੱਗ ਗਈ ਹੋਣੀ ਹੈ। ਸੋਚਿਆ, ਸਵੇਰੇ ਨਾਸ਼ਤੇ ਵੇਲੇ ਇਕ-ਦੋ ਡਿਸਪ੍ਰਿਨ ਲੈ ਲੈਣਗੇ। ਠੀਕ ਹੋ ਜਾਣਗੇ। ਰਾਤੀ ਫਿਰ ਉਹ ਇਕਦਮ ਸੌਂ ਵੀ ਗਏ।

ਸਵੇਰੇ ਟਾਮੀ ਨੂੰ ਫਾਰਿਗ ਕਰਾਉਣਾ ਉਨ੍ਹਾਂ ਲਈ ਮੁਸ਼ਕਿਲ ਹੋ ਰਿਹਾ ਸੀ। ਬਾਬੂ ਜੀ ਤੋਂ ਉਠਿਆ ਹੀ ਨਹੀਂ ਜਾ ਰਿਹਾ ਸੀ।

ਸ਼ਾਮੀ ਉਨ੍ਹਾਂ ਨੇ ਆਪਣੇ ਬਾਰੇ ਡਾ. ਅਨੁਰਾਗ ਤੋਂ ਬੇਸਬਰਾ ਹੋ ਕੇ ਪੁੱਛਿਆ ਉਨ੍ਹਾਂ ਦਾ ਬੁਖਾਰ ਕਿਥੋਂ ਤਕ ਉਤਰ ਜਾਏਗਾ? ਤੈਅ ਸੀ ਕਿ ਅੱਜ ਸੈਰ ਲਈ ਨਿਕਲਣ ਤੋਂ ਪਹਿਲਾਂ ਉਹ ਕਰਨਲ ਸਵਾਮੀ ਦਾ ਐਡਰੇਸ ਨਾਲ ਲੈ ਕੇ ਜਾਣਗੇ ਤੇ ਨੋਂਇਡਾ ਦੇ ਛੱਬੀ ਸੈਕਟਰ ਪਹੁੰਚ ਕੇ ਉਨ੍ਹਾਂ ਦਾ ਘਰ ਲੱਭ ਲੈਣਗੇ।

"ਬਸ ਅੰਕਲ। ਜਲਦੀ ਹੀ ਠੀਕ ਹੋ ਜਾਏਗਾ। ਇਹੀ ਕੋਈ ਛੇ-ਸੱਤ ਦਿਨ ਹੀ ਲੱਗਣਗੇ। ਬਿਹਤਰ ਇਹੀ ਹੈ ਕਿ ਬਿਮਾਰੀ ਬਾਰੇ ਤੁਸੀਂ ਬਹੁਤਾ ਨਾ ਸੋਚੋ।"

ਉਦੋਂ ਤਕ ਬਾਬੂ ਜੀ ਬਿਸਤਰੇ 'ਤੇ ਹੀ ਪਏ ਰਹਿਣਗੇ?

ਦਵਾਈ ਦਾ ਅਸਰ ਹੋ ਰਿਹਾ ਹੈ। ਸਿਰ ਦਰਦ ਹੁਣ ਥੋੜਾ ਠੀਕ ਲੱਗ ਰਿਹਾ ਹੈ। ਨੀਂਦਰ ਜਿਹੀ ਆ ਰਹੀ ਹੈ।

ਨਾਸਾਂ ਵਿੱਚ ਜਾਣੀ-ਪਛਾਣੀ ਮਹਿਕ ਭਰ ਰਹੀ ਹੈ। ਨਜਲ ਡ੍ਰਾਪਸ ਦੀ ਖੁਸ਼ਬੂ ਹੈ? ਨਹੀਂ ਕਿਸੇ ਨੇ ਉਨ੍ਹਾਂ ਦੇ ਸਿਰ੍ਹਾਣੇ ਚਿੱਟੇ ਮੋਤੀਏ ਦੇ ਫੁੱਲਾਂ ਦਾ ਗੁਲਦਸਤਾ ਲਿਆ ਕੇ ਸਜਾ ਦਿੱਤਾ ਹੈ। ਬਾਬੂ ਜੀ ਲੰਮੇ-ਲੰਮੇ ਸਾਹ ਲੈ ਰਹੇ ਹਨ... ਮਹਿਕ ਪੌੜੀਆਂ ਉਤਰ ਰਹੀ ਹੈ। ਇਕ ਇਕ ਕਰਕੇ...।

"ਤੁਹਾਡਾ ਸੰਘ ਕਿਉਂ ਬੈਠਾ ਹੋਇਆ ਹੈ?" ਅਲੀਗੜ੍ਹ ਤੋਂ ਸ਼ਿਵਾਨੀ ਸੀ ਫੋਨ 'ਤੇ।

"ਅੱਜ ਕਿਉਂਕਿ ਉਹ ਸਿਰਫ ਤੁਹਾਨੂੰ ਹੀ ਸੁਣਨਾ ਚਾਹੁੰਦਾ ਹੈ।"

"ਤੇ ਜੇ ਮੈਂ ਕਿਹਾ ਕਿ ਐਨੀ ਦੂਰੋਂ ਅਸੀਂ ਤੁਹਾਨੂੰ ਸੁਣਨ ਲਈ ਹੀ ਫੋਨ ਕੀਤਾ ਹੈ?"

"ਫਿਰ ਠੀਕ ਹੈ, ਕੁਝ ਆਪਣੇ ਵਲੋਂ ਬੋਲੋ, ਕੁਝ ਸਾਡੇ ਵਲੋਂ ਬੋਲੋ, ਬੋਲਣਾ ਤਾਂ ਤੁਹਾਨੂੰ ਹੀ ਪਏਗਾ।"

"ਮਜ਼ਾਕ ਛੱਡੋ...।"

"ਟਾਨਸਿਲਸ ਫੁੱਲੇ ਹੋਏ ਹਨ।"

"ਡਾਕਟਰ ਨੂੰ ਵਿਖਾਇਆ?"

"ਵਿਖਾਇਆ... ਲੱਗ ਰਿਹਾ ਹੈ ਕਿ ਅਜੇ ਹੋਰ ਵੱਧ ਰਿਹਾ ਹੈ...।"

"ਫਿਰ ਮਜ਼ਾਕ। ਕੋਲ ਕੋਈ ਹੈ?"

"ਹੈ.. ਹੁਣੇ-ਹੁਣੇ ਕੋਈ ਆਇਆ ਹੈ।"

"ਕੌਣ?"

"ਤੂੰ।"

"ਔਹ ਹੋ...।"

"ਕਾਨਪੁਰ ਸੂਚਨਾ ਦੇਣਾ ਵੈਦੇਹੀ ਨੂੰ ਬੇਵਜ਼੍ਹਾ ਪਰੇਸ਼ਾਨ ਕਰਨਾ ਹੀ ਹੋਏਗਾ। ਨਰਿੰਦਰ ਅਤੇ ਸ਼ਾਲਿਨੀ ਦੀਆਂ ਛਿਮਾਹੀ ਪਰੀਖਿਆਵਾਂ ਸਿਰ 'ਤੇ ਹਨ। ਚਿੰਤਾ ਦੀ ਕੋਈ ਗੱਲ ਨਹੀਂ।"

"ਤੁਹਾਡੇ ਤੋਂ ਬੋਲਿਆ ਨਹੀਂ ਜਾ ਰਿਹਾ ਤੇ...।" ਆਵਾਜ਼ ਵਿੱਚ ਚਿੰਤਾ ਸਾਫ ਝਲਕ ਰਹੀ ਸੀ।

"ਕੇਤਕੀ ਆਉਂਦੀ ਹੈ। ਪੁੱਠਾ-ਸਿੱਧਾ ਜੋ ਵੀ ਸਮਝ ਆਉਂਦਾ ਹੈ ਬਣਾ ਕੇ ਰੱਖ ਜਾਂਦੀ ਹੈ।"

"ਸਵੇਰੇ ਕਿੰਨੇ ਵਜੇ ਆਉਂਦੀ ਏ...?"

"ਸੱਤ ਦੇ ਆਸ-ਪਾਸ।"

"ਇਸ ਵੇਲੇ ਕੀ ਵਜਿਆ ਹੈ? ਘੜੀ ਹੈ ਸਾਹਮਣੇ?"

"ਦੀਵਾਰ ਤੇ ਹੈ... ਸ਼ਾਮ ਦੇ ਸਵਾ ਸੱਤ ਹੋ ਰਹੇ ਸਨ।"

"ਸਵੇਰੇ ਤੁਹਾਡੇ ਕੋਲ ਪਹੁੰਚ ਜਾਵਾਂਗੀ। ਰਾਤ ਵੀ ਮੈਨੂੰ ਜਾਗ ਕੇ ਹੀ ਕੱਟਣੀ ਪੈਣੀ ਹੈ।"

"ਅਲੀਗੜ੍ਹ ਯੂਨੀਵਰਸਿਟੀ ਦੇ ਵਿਦਿਆਰਥੀਆਂ ਦਾ ਕੀ ਹੋਏਗਾ?"

"ਉਨ੍ਹਾਂ ਨੂੰ ਪਤਾ ਸੀ, ਤੁਸੀਂ ਬਿਮਾਰ ਪੈਣ ਵਾਲੇ ਹੋ... ਇਸ ਲਈ ਹੜਤਾਲ 'ਤੇ ਚਲੇ ਗਏ ਹਨ।"

ਰਾਤੀਂ ਬਾਰ੍ਹਾਂ ਵਜੇ ਦੇ ਕਰੀਬ ਆਗਰਾ ਦੇ ਨਿਊ ਸ਼ਾਹਗੰਜ ਵਾਲੇ ਉਨ੍ਹਾਂ ਦੇ ਘਰ ਦੀ ਘੰਟੀ ਵਜੀ। ਹੈਰਾਨ ਹੋਏ। ਇਸ ਵੇਲੇ ਕੌਣ ਹੋ ਸਕਦਾ ਹੈ? ਦਫਤਰ ਦੇ ਸਹਿਯੋਗੀ ਸ਼ਾਮੀ ਚੱਕਰ ਲੱਗਾ ਗਏ ਹਨ। ਗੁਆਂਢੀ? ਤਿੰਨ ਮਹੀਨੇ ਇਥੇ ਆਏ ਹੋ ਗਏ ਹਨ ਤੇ ਉਹ ਆਪਣੇ ਸੰਕੋਚ ਕਾਰਣ ਕਿਸੇ ਨਾਲ ਘੁਲ-ਮਿਲ ਨਹੀਂ ਸਕੇ। ਗੁਆਂਢੀ ਤਾਂ ਨਹੀਂ ਹੋ ਸਕਦੇ ਐਨੀ ਰਾਤ ਵੇਲੇ? ਦਰਵਾਜ਼ਾ ਖੋਲ੍ਹਿਆ ਤਾਂ ਸਾਹਮਣੇ ਸ਼ਿਵਾਨੀ ਨੂੰ ਖੜੇ ਦੇਖ ਹੱਕੇ-ਬੱਕੇ ਰਹਿ ਗਏ।

ਸ਼ਿਵਾਨੀ ਸਾਰੀ ਰਾਤ ਉਨ੍ਹਾਂ ਦੇ ਮੱਥੇ ਉਤੇ ਆਪਣਾ ਹੱਥ ਰਖੇ ਬੈਠੀ ਥੋੜੀ-ਥੋੜੀ ਦੇਰ ਬਾਅਦ ਬੁਲ੍ਹਾਂ ਨਾਲ ਮੱਥੇ ਨੂੰ ਛੂੰਹਦੀ ਰਹੀ।



"ਸਵੇਰੇ ਕੇਤਕੀ ਨੂੰ ਕੀ ਕਹੋਗੇ?"

"ਕੀ ਕਹਿਣਾ ਚਾਹੀਦਾ ਹੈ।"

"ਸੱਚ।"

"ਕਹਿ ਦੇਵਾਂ ਕੇਤਕੀ ਨੂੰ, ਇਹ ਮੇਰੀ ਦੋਸਤ ਹੈ ਅਤੇ ਮੈਂ ਇਸਨੂੰ ...।"

"ਕਹਿ ਦੇਣਾ। ਮੈਂ ਬਹੁਤ ਹਿੰਮਤੀ ਹਾਂ।"

ਹਿੰਮਤ ਅਚਾਨਕ ਪਰੰਪਰਾਵਾਂ ਦੇ ਗਹਿਣੇ ਕਿਉਂ ਚੜ੍ਹ ਗਈ ਸ਼ਿਵਾਨੀ। ਕਿਉਂ ਤੂੰ ਗਾਂ ਬਣ ਗਈ ਤੇ ਜਿੱਥੇ ਭਰਾ ਨੇ ਕਿਹਾ, ਸੱਤ ਫੇਰੇ ਪਾ ਲਵੇ? ਇਸ ਲਈ ਕਿ ਉਹੀ ਹਿੰਮਤ ਨਹੀਂ ਵਿਖਾ ਸਕੇ ਸਨ? ਪਰ ਉਨ੍ਹਾਂ ਆਪਣੇ ਬਾਰੇ ਤਾਂ ਅਜਿਹਾ ਦਾਵਾ ਕਦੇ ਕੀਤਾ ਹੀ ਨਹੀਂ ਸੀ... ਸ਼ਾਇਦ।

## ਪੰਜਵੀਂ ਗੈਰ ਮੌਜੂਦਗੀ
## ਸਿੰਟੇਕਸ ਦੀ ਟੈਂਕੀ

ਸੁੱਤੇ ਹੋਏ ਵੀ ਬਾਬੂ ਜਸਵੰਤ ਸਿੰਘ ਨੂੰ ਇੰਜ ਲੱਗ ਰਿਹਾ ਹੈ, ਜਿਵੇਂ ਉਹ ਜਾਗ ਰਹੇ ਹਨ। ਸੁੱਤੇ ਪਏ ਵੀ ਇੰਜ ਕਿਉਂ ਲੱਗਦਾ ਹੈ ਕਿ ਪਿੰਡੇ ਦਾ ਕੋਈ ਅੰਗ ਜਾਗਿਆ ਹੋਇਆ ਹੈ ਜਾਂ ਅਚਾਨਕ ਹੀ ਜਾਗ ਪਿਆ ਹੈ। ਜਾਗਦੇ ਹੀ ਉਨ੍ਹਾਂ ਨੂੰ ਲੱਗਾ ਕਿ ਪੇਸ਼ਾਬ ਆ ਰਿਹਾ ਹੈ। ਬੜੇ ਜ਼ੋਰ ਨਾਲ ਜਲਦੀ ਉੱਠਣ ਕਿੱਧਰੇ ਬਿਸਤਰਾ ਹੀ ਨਾ ਭਿੱਜ ਜਾਏ। ਕਦੇ ਖੰਘ ਐਨੀ ਜ਼ੋਰ ਦੀ ਛਿੜ ਪੈਂਦੀ ਹੈ ਕਿ ਲੱਗਦਾ ਹੈ ਕਿ ਬਲਗਮ ਥੁੱਕਣ ਲਈ ਉੱਠਣਾ ਬੜਾ ਜ਼ਰੂਰੀ ਹੋ ਗਿਆ ਹੈ। ਕਦੇ ਇਕ ਲੱਤ ਜਾਂ ਦੋਵੇਂ ਲੱਤਾਂ ਸੁੰਨ ਜਿਹੀਆਂ ਜਾਪਣ ਲੱਗ ਜਾਂਦੀਆਂ, ਇੰਜ ਕਿ ਪਾਸਾ ਮਾਰਨਾ ਵੀ ਔਖਾ ਲੱਗਣ ਲੱਗ ਪੈਂਦਾ ਹੈ।

ਫੋਨ ਦੀ ਘੰਟੀ ਵਜ ਰਹੀ ਹੈ...। ਲਗਾਤਾਰ ਵੱਜਦੀ ਜਾ ਰਹੀ ਹੈ। ਕਿਸਦਾ ਹੋ ਸਕਦਾ ਹੈ? ਬਾਬੂ ਜਸਵੰਤ ਸਿੰਘ ਬੇਚੈਨ ਹੋ ਗਏ। ਫੋਨ ਸੁਨੈਨਾ ਦੇ ਪੇਕਿਓਂ ਵੀ ਹੋ ਸਕਦਾ ਹੈ। ਸ਼ਾਲੂ ਦਾ ਵੀ ਹੋ ਸਕਦਾ ਹੈ। ਸ਼ਾਲੂ ਦਾ ਹੋਏਗਾ... ਉਨ੍ਹਾਂ ਨੂੰ ਅਸ਼ੰਕਾ ਹੋਈ। ਉਸ ਲਈ ਮੁਸ਼ਕਿਲ ਇਹੀ ਹੈ ਕਿ ਕਦੇ-ਕਦਾਈ ਹੀ ਸਹੀ, ਫੋਨ ਕਰਨ ਦੇ ਉਦੇਸ਼ ਨਾਲ ਹੀ ਤਾਂ ਉਹ ਹਰ ਵੇਲੇ ਪਤੀ ਦੇ ਦਫਤਰ ਜਾ ਕੇ ਨਹੀਂ ਬੈਠ ਸਕਦੀ। ਨਾ ਪਤੀ ਦੇ ਦਫਤਰੋਂ ਉਸ ਦਾ ਬਾਸ ਉਨ੍ਹਾਂ ਦੀ ਲੋੜ ਅਨੁਸਾਰ ਗੈਰ ਹਾਜ਼ਿਰ ਹੋ ਸਕਦਾ ਹੈ। ਪਤਾ ਨਹੀਂ ਕੀ ਵਕਤ ਹੋਣਾ ਏ? ਅੱਖਾਂ ਖੋਲ੍ਹ ਕੇ ਕਿਉਂ ਨਾ ਮੇਜ਼ 'ਤੇ ਪਈ ਅਲਾਰਮ ਘੜੀ ਵੇਖ ਲੈਣ। ਉਹ ਵਕਤ ਦਾ ਅੰਦਾਜ਼ਾ ਲਗਾਉਣ ਦੀ ਕੋਸ਼ਿਸ਼ ਕਰਨ ਲੱਗੇ। ਗੱਲਾਂ ਹੋ ਰਹੀਆਂ ਹਨ ਸ਼ਾਇਦ...। ਸ਼ਾਇਦ ਹੀ ਨਹੀਂ, ਸਚਮੁੱਚ ਸ਼ੁਰੂ ਹੋ ਗਈਆਂ ਹਨ। ਆਮ ਤੌਰ ਤੇ ਸੁਨੈਨਾ ਐਨਾ ਹੌਲੀ ਨਹੀਂ ਬੋਲਦੀ। ਉਨ੍ਹਾਂ ਨੇ ਸੁਣਿਆ ਨਹੀਂ। ਫੋਨ ਤੇ ਕੀ ਬੋਲ ਰਹੀ ਹੈ-ਨਹੀਂ ਸਮਝ ਆ ਰਹੀ। ਘੜੀ ਵਿੱਚ ਕੁਝ ਵਿਖਾਈ ਨਹੀਂ ਦੇ ਰਿਹਾ। ਅੱਖਾਂ ਖੋਲ੍ਹਦਿਆਂ ਹੀ ਤਪ ਰਹੀਆਂ ਹਨ। ਅੱਖਾਂ ਅੱਗੇ ਬਸ ਰੌਸ਼ਨੀ ਦੇ ਬਿੰਦੂ ਝਿਲਮਿਲਾ ਰਹੇ ਹਨ। ਅਜਿਹੇ ਬਿੰਦੂ ਜੋ ਬਚਪਨ ਵਿੱਚ ਹਾਣੀਆਂ ਨਾਲ ਪਕੜੇ ਜੁਗਨੂੰ ਜਿਹੇ ਲੱਗ ਰਹੇ ਹਨ। ਪਰ ਉਹ ਜੁਗਨੂੰ ਕਿਵੇਂ ਉਨ੍ਹਾਂ ਦੀਆਂ ਅੱਖਾਂ ਵਿੱਚ ਆ ਵਸੇ?

ਸੁਨੈਨਾ ਦੀ ਸਮਝ ਨਾ ਆਉਣ ਵਾਲੀ ਗੱਲ ਦੇ ਬਾਵਜੂਦ ਕੁਝ ਸ਼ਬਦ ਛਿੜਕ ਕੇ ਉਨ੍ਹਾਂ ਤਕ ਆ ਹੀ ਡਿੱਗੇ -ਸਿੰਟੇਕਸ ਦੀ ਟੈਂਕੀ ਚੋਰੀ, ਪਿਛਵਾੜਾ ਪੁਲਿਸ।

"ਮਤਲਬ? ਕੌਣ ਹੈ ਫੋਨ 'ਤੇ?"

ਕੁਝ ਹੀ ਦੇਰ ਪਹਿਲਾਂ ਸੀਤਾ ਬਾਈ ਉਨ੍ਹਾਂ ਦੇ ਕਮਰੇ ਵਿੱਚ ਪੋਚਾ ਮਾਰਨ ਆਈ ਸੀ।

ਪੋਚੇ ਦੀ ਬਾਲਟੀ ਸਰਕਾਉਣ ਦੀ ਕਨਫੋੜੂ ਆਵਾਜ਼ ਉਨ੍ਹਾਂ ਦੇ ਕੰਨਾਂ ਨੂੰ ਚੁਭ ਗਈ ਸੀ। ਸੌਂ ਰਹੇ ਸਨ ਨਹੀਂ ਤਾਂ ਰਜਾਈ 'ਚੋਂ ਮੂੰਹ ਕੱਢ ਕੇ ਉਸ ਨੂੰ ਜ਼ਰੂਰ ਡਾਂਟਦੇ। ਰਹਿਣ ਦੇ ਉਨ੍ਹਾਂ ਦੇ ਕਮਰੇ ਦੀ ਸਫਾਈ। ਵੇਖ ਨਹੀਂ ਰਹੀ, ਬਿਮਾਰ ਹਨ। ਰੌਲਾ ਬਰਦਾਸਤ ਨਹੀਂ ਹੋ ਰਿਹਾ ਉਨ੍ਹਾਂ ਤੋਂ। ਸੀਤਾਬਾਈ ਗਿਆਰਾਂ ਵਜੇ ਦੇ ਆਸ-ਪਾਸ ਝਾੜੂ-ਪੋਚਾ ਕਰਨ ਲਈ ਆਉਂਦੀ ਹੈ। ਬਾਰ੍ਹਾਂ ਵਜੇ ਹੋਣਗੇ। ਸੁਨਗੁਨਿਆਂ ਠੀਕ ਇਸੇ ਵੇਲੇ ਨੇਤਾ ਜੀ ਰਾਮ ਖਿਲਾਵਨ ਯਾਦਵ ਦੇ ਘਰ ਕੰਮ ਕਰਨ ਆਉਂਦੀ ਹੈ...।

ਸ਼ਾਮ ਵੇਲੇ ਬਾਬੂ ਜਸਵੰਤ ਸਿੰਘ ਜਾਗਦੇ ਪਏ ਸਨ, ਪਰ ਨੂੰਹ ਨੇ ਉਨ੍ਹਾਂ ਨੂੰ ਸੁੱਤਾ ਹੋਇਆ ਸਮਝਿਆ।

ਉਸ ਨੇ ਦਫਤਰੋਂ ਵਾਪਸ ਆਏ ਨਰਿੰਦਰ ਨੂੰ ਇਹ ਸੂਚਨਾ ਦਿੱਤੀ ਕਿ ਸੁਨਗੁਨਿਆਂ ਦਾ ਦਿਨ ਵੇਲੇ ਫੋਨ ਆਇਆ ਸੀ। ਬਾਬੂ ਜੀ ਨਾਲ ਗੱਲ ਕਰਨ ਲਈ ਬੜੀ ਮਿੰਨਤ ਕਰ ਰਹੀ ਸੀ। ਕਹਿ ਰਹੀ ਸੀ, ਬਾਬੂ ਜੀ ਨਾਲ ਇਕ ਮਿੰਟ ਗੱਲ ਕਰਵਾ ਦਿਓ। ਬੜੀ ਜ਼ਰੂਰੀ ਗੱਲ ਕਰਨੀ ਹੈ ਉਸ ਨੇ। ਦੱਸਣ 'ਤੇ ਕਿ ਬਾਬੂ ਜੀ ਫੋਨ 'ਤੇ ਨਹੀਂ ਆ ਸਕਦੇ ਉਹ ਬੁਖਾਰ ਨਾਲ ਤਪ ਰਹੇ ਸਨ–ਤਾਂ ਦੱਸਣ ਲੱਗੀ ਕਿ ਗਜਬ ਹੋ ਗਿਆ ਹੈ। ਬਾਬੂ ਜੀ ਨੇ ਪਾਣੀ ਪੀਣ ਦੀ ਵੱਡੀ ਟੈਂਕੀ ਲੱਗਵਾ ਕੇ ਸਿਟੇਕਸ ਦੀ ਜਿਹੜੀ ਛੋਟੀ ਟੈਂਕੀ ਉਤਾਰ ਕੇ ਪਿਛਵਾੜੇ ਰੱਖਵਾਈ ਸੀ–ਕੱਲ੍ਹ ਰਾਤ ਵੇਲੇ ਉਹ ਚੋਰੀ ਹੋ ਗਈ। ਸਵੇਰੇ ਪੁਲਿਸ ਚੌਕੀ ਜਾ ਕੇ ਉਸ ਨੇ ਚੋਰੀ ਦੀ ਰਿਪੋਰਟ ਲਿਖਵਾ ਦਿੱਤੀ ਹੈ। ਪੁਲਿਸ ਕੋਲ ਨੇਤਾ ਜੀ ਦਾ ਫੋਨ ਆ ਗਿਆ ਸੀ। ਪੁਲਿਸ ਨੇ ਭਰੋਸਾ ਦਿਵਾਇਆ ਹੈ ਕਿ ਚਿੰਤਾ ਦੀ ਕੋਈ ਗੱਲ ਨਹੀਂ। ਕੁਝ ਹੀ ਦਿਨਾਂ ਵਿੱਚ ਟੈਂਕੀ ਮਿਲ ਜਾਏਗੀ। ਕਠਿਨਾਈ ਇਕ ਹੀ ਹੈ। ਸ਼ਹਿਰ ਦੇ ਸਾਰੇ ਹੀ ਘਰਾਂ ਵਿੱਚ ਉਹੋ ਜਿਹੀਆਂ ਹੀ ਸਿਟੇਕਸ ਦੀਆਂ ਟੈਂਕੀਆਂ ਲੱਗੀਆਂ ਹੋਈਆਂ ਹਨ। ਜੇ ਚੋਰੀ ਕਰਨ ਵਾਲੇ ਨੇ ਰਾਤੋਂ ਰਾਤ ਹੀ ਉਸ ਨੂੰ ਆਪਣੇ ਘਰ ਲੱਗਵਾ ਲਿਆ, ਫਿਰ ਤਾਂ ਟੈਂਕੀ ਲੱਭਣਾ ਮੁਸ਼ਕਿਲ ਹੀ ਹੋ ਜਾਏਗਾ।

ਸੁਨਗੁਨਿਆਂ ਆਪਣੇ ਆਪ ਨੂੰ ਗੁਨਾਹਗਾਰ ਸਮਝ ਰਹੀ ਹੈ–ਬਾਬੂ ਜੀ ਨੂੰ ਕੀ ਮੂੰਹ ਵਿਖਾਏਗੀ। ਜ਼ਰਾ ਜਿੰਨਾ ਖੜਾਕ ਹੁੰਦੇ ਹੀ ਉਸ ਦੀ ਨੀਂਦ ਟੁੱਟ ਜਾਂਦੀ ਹੈ। ਕਲ੍ਹ ਰਾਤੀਂ ਪਤਾ ਨਹੀਂ ਕੀ ਹੋਇਆ, ਕੁਝ ਸੁਣਾਈ ਹੀ ਨਹੀਂ ਦਿੱਤਾ। ਸੁਨੈਨਾ ਨੇ ਝੱਟ ਆਪਣੀ ਰਾਏ ਦਿੱਤੀ, "ਚੰਟ ਚਾਲਾਕ ਸੁਨਗੁਨਿਆਂ ਦੀਆਂ ਗੱਲਾਂ ਤੋਂ ਉਸ ਨੂੰ ਸਾਫ ਲੱਗ ਰਿਹਾ ਸੀ ਕਿ ਆਪਣੀ ਕਰਤੂਤ 'ਉਤੇ ਪਰਦਾ ਪਾਉਣ ਦੀ ਕਹਾਣੀ ਬਣਾ ਰਹੀ ਹੈ। ਕੌਣ ਝਾਕਣ ਗਿਆ ਹੋਣਾ ਕਿ ਟੈਂਕੀ ਪਹਿਲਾਂ ਤੋਂ ਹੀ ਉਥੇ ਹੈ ਵੀ ਸੀ ਜਾਂ ਨਹੀਂ...।"

"ਘਰ ਲੁਟਵਾ ਕੇ ਕਮੀਨੀ ਕਿਸੇ ਦਿਨ ਇਹੀ ਕਹਾਣੀ ਦੁਹਰਾ ਦੇਵੇਗੀ, ਪਤਾ ਨਹੀਂ ਬਾਬੂ ਜੀ ਘਰ ਵੇਚ–ਵਾਚ ਕੇ ਕੰਮ ਕਿਉਂ ਨਹੀਂ ਮੁਕਾਉਂਦੇ।"

ਬਾਬੂ ਜਸਵੰਤ ਸਿੰਘ ਨੂੰ ਲੱਗਾ। ਉਹ ਉਥੋਂ ਹੀ ਚੀਖ ਕੇ ਸੁਨੈਨਾ ਨੂੰ ਚੇਤਾਵਨੀ ਦੇਣ ਕਿ ਉਹ ਇਕ ਮਾਮੂਲੀ ਜਿਹੀ ਟੈਂਕੀ ਲਈ ਸੁਨਗੁਨਿਆਂ ਨੂੰ ਸੁਨਗੁਨਿਆਂ ਨੂੰ ...ਸੁਣ...। ਉਨ੍ਹਾਂ ਦਾ ਸਿਰ ਘੁੰਮ ਰਿਹਾ ਹੈ ਜਾਂ ਭੁਚਾਲ ਆਇਆ ਹੋਇਆ ਹੈ। ਆਪਣਾ ਸਿਰ ਕਿਸ ਤਰ੍ਹਾਂ ਫੜਨ... ਉਨ੍ਹਾਂ ਦੇ ਹੱਥ ਕਿੱਥੇ ਚਲੇ ਗਏ।

## ਛੇਵੀਂ ਗੈਰ ਮੌਜੂਦਗੀ
## ਹੋਸ਼

ਬੱਚਿਆਂ ਨੂੰ ਸਕੂਲ ਤੋਰ ਜਦੋਂ ਸੁਨੈਨਾ ਬਾਬੂ ਜੀ ਦਾ ਬੁਖਾਰ ਵੇਖਣ ਆਈ ਤਾਂ ਉਹ ਉਸ ਵੇਲੇ ਇਕਦਮ ਹੋਸ਼ ਵਿੱਚ ਲੱਗੇ। ਸਗੋਂ ਆਰਾਮ ਨਾਲ ਬਾਥਰੂਮ ਜਾ ਦੈਨਿਕ ਕਾਰਜ਼ਾਂ ਤੋਂ ਨਿਪਟਦੇ ਵੀ ਦੇਖਿਆ। ਉਨ੍ਹਾਂ ਰੋਜ਼ ਵਾਂਗ ਹੀ ਪੁੱਛਿਆ–"ਬੁਖਾਰ ਕਿੰਨਾ ਹੈ?"

"੧੦੩ ਤੋਂ ਉੱਪਰ ਹੀ ਹੈ।"

"ਦਵਾਈ ਹੀ ਆਖਿਰ ਕਿੰਨੀ ਲਈ ਹੈ। ਸ਼ਾਇਦ ਇਕ–ਅੱਧ ਦਿਨ ਬਾਅਦ ਕੋਈ ਫਰਕ ਨਜ਼ਰ ਆਏਗਾ।"

ਦੂਸਰਾ ਸਵਾਲ ਉਨ੍ਹਾਂ ਨੇ ਕੀਤਾ, "ਕਲ੍ਹ ਨੌਇਡਾ ਤੋਂ ਉਨ੍ਹਾਂ ਦੇ ਮਿੱਤਰ ਕਰਨਲ ਸਵਾਮੀ ਦਾ ਕੋਈ ਫੋਨ ਤਾਂ ਨਹੀਂ ਆਇਆ?"

ਉਸਨੇ ਸਿਰ ਹਿਲਾ ਕੇ ਨਾਂਹ ਕਿਹਾ ਫਿਰ ਬੋਲੀ–"ਨਰਿੰਦਰ ਤੋਂ ਪੁੱਛ ਲੈਂਦੀ ਹਾਂ। ਰਾਤ ਨੂੰ ਕਾਫੀ ਫੋਨ ਆਏ ਸਨ। ਜੇ ਕੋਈ ਫੋਨ ਉਨ੍ਹਾਂ ਲਈ ਹੁੰਦਾ ਤਾਂ ਨਰਿੰਦਰ ਉਸ ਦਾ ਜ਼ਿਕਰ ਜ਼ਰੂਰ ਕਰਦੇ। ਸੁਨਗੁਨਿਆਂ ਦਾ ਫੋਨ ਜ਼ਰੂਰ ਆਇਆ ਸੀ। ਉਹ ਆਰਾਮ ਕਰ ਰਹੇ ਸਨ। ਜਗਾਉਣਾ ਉਸ ਨੇ ਠੀਕ ਨਾ ਸਮਝਿਆ। ਕੋਈ ਐਨੀ ਜ਼ਰੂਰੀ ਗੱਲ ਵੀ ਨਹੀਂ ਸੀ, ਸਿਰਫ ਹਾਲ–ਚਾਲ ਪੁੱਛਣ ਲਈ ਹੀ ਉਸ ਨੇ ਫੋਨ ਕੀਤਾ ਸੀ।

ਇਸ ਤੋਂ ਬਾਅਦ ਉਨ੍ਹਾਂ ਹੋਰ ਕੁਝ ਨਾ ਪੁੱਛਿਆ। ਉਨ੍ਹਾਂ ਦੇ ਚਿਹਰੇ ਦੇ ਭਾਵਾਂ ਤੋਂ ਇਹ ਵੀ ਪ੍ਰਤੀਤ ਨਾ ਹੋਇਆ ਕਿ ਉਹ ਉਸ ਤੋਂ ਕੁਝ ਹੋਰ ਜਾਨਣ ਲਈ ਉਤਸੁਕ ਹਨ। ਟੈਂਕੀ ਦੀ ਸੂਚਨਾ ਉਨ੍ਹਾਂ ਨੂੰ ਪਰੇਸ਼ਾਨ ਕਰ ਸਕਦੀ ਹੈ। ਅੱਜ ਟੈਂਕੀ ਗਈ, ਕਲ੍ਹ ਕੁਝ ਹੋਰ ਵੀ ਜਾ ਸਕਦਾ ਹੈ। ਇਹੀ ਸੋਚ ਕਿ ਉਸ ਨੇ ਦੱਸਣਾ ਠੀਕ ਨਾ ਸਮਝਿਆ। ਦਬੀ ਆਵਾਜ਼ ਵਿੱਚ ਉਸ ਨੇ ਸੁਨਗੁਨਿਆਂ ਨੂੰ ਇਸ ਗੱਲੋਂ ਸੁਣਾ ਦਿੱਤਾ ਸੀ ਕਿ ਮੁਫ਼ਤ ਵਿੱਚ



ਰਹਿਣ ਨੂੰ ਜਗ੍ਹਾ ਮਿਲੀ ਹੋਈ ਹੈ। ਇਹੀ ਦੇਖਭਾਲ ਕਰ ਰਹੀ ਹੈ ਉਹ?

ਸਵੇਰੇ ਉਹ ਇਕਦਮ ਹੋਸ਼ ਵਿੱਚ ਸਨ ਤੇ ਕਸ਼ਟ ਦੇ ਬਾਵਜੂਦ ਉਹ ਸਹਿਜ ਵਿਖਾਈ ਦੇ ਰਹੇ ਸਨ। ਥਰਮਾਮੀਟਰ ਲੱਗਾ ਕੇ ਨੂੰਹ ਦੇ ਮੁੜ ਜਾਣ ਵੇਲੇ ਬਾਬੂ ਜੀ ਨੇ ਉਸ ਨੂੰ ਰੋਕਦੇ ਹੋਏ ਸਿਰ੍ਹਾਣੇ ਦੇ ਹੇਠਾਂ ਤੋਂ ਪੰਜ–ਪੰਜ ਸੌ ਦੇ ਦਸ ਨੋਟ ਕੱਢ ਕੇ ਫੜਾ ਦਿੱਤੇ, "ਅਚਾਨਕ ਉਨ੍ਹਾਂ ਦੀ ਦਵਾਈ ਆਦਿ ਦਾ ਖਰਚਾ ਉਨ੍ਹਾਂ ਉਤੇ ਆ ਪਿਆ ਹੈ। ਰੱਖ ਲਵੇ। ਕੰਮ ਆਉਣਗੇ। ਉਨ੍ਹਾਂ ਕੋਲ ਪਏ ਹੀ ਹਨ।" ਸੁਨੈਨਾ ਉਸ ਵੇਲੇ ਉਪਰਲੇ ਮਨ ਤੋਂ ਨਹੀਂ, ਬਲਿਕ ਸੁਭਾਵਿਕ ਸੰਕੋਚ ਕਾਰਣ ਹੀ ਰੁਪਏ ਲੈਣ ਤੋਂ ਇਨਕਾਰ ਕਰ ਦਿੱਤਾ। ਖਰਚੇ ਦਾ ਕੀ ਹੈ –ਚਲ ਰਿਹਾ ਹੈ। ਚਲਦਾ ਰਹੇਗਾ। ਪਰ ਉਹ ਮੰਨੇ ਨਹੀਂ।

ਬੁਖਾਰ ਵੇਖਣ ਤੋਂ ਪਹਿਲਾਂ ਉਨ੍ਹਾਂ ਨੇ ਉਸ ਤੋਂ ਨਾਸ਼ਤੇ ਵਿੱਚ ਤਿੰਨ ਚਾਰ ਮੈਨੇਕੋ ਬਿਸਕੁਟ ਖਾਣ ਦੀ ਇੱਛਾ ਜਾਹਿਰ ਕੀਤੀ ਸੀ। ਬਿਸਕੁਟ ਉਸ ਨੇ ਪਲੇਟ ਵਿੱਚ ਲਿਆ ਕੇ ਰੱਖ ਦਿੱਤੇ। ਬਿਸਕੁਟ ਖਾਣ ਦੇ ਮਗਰੋਂ ਉਨ੍ਹਾਂ ਨੇ ਦਵਾਈ ਖਾਣੀ ਸੀ। ਪੰਦਰਾਂ–ਵੀਹ ਮਿੰਟ ਬਾਅਦ ਜਦੋਂ ਉਹ ਉਨ੍ਹਾਂ ਨੂੰ ਦਵਾਈ ਦੇਣ ਲਈ ਨੇੜੇ ਆਈ ਤਾਂ ਉਸ ਦੇ ਥਰਮਸ ਵਿਚੋਂ ਪਾਣੀ ਪਾਉਂਦਿਆਂ ਹੀ ਉਨ੍ਹਾਂ ਨੇ ਅਜੀਬ ਜਿਹਾ ਸਵਾਲ ਕੀਤਾ–

"ਤੂੰ ਨਰਸ ਏਂ?"

ਹੱਸੀ–ਮਜ਼ਾਕ ਦਾ ਕੋਈ ਰਿਸ਼ਤਾ ਉਨ੍ਹਾਂ ਵਿਚਕਾਰ ਕਦੇ ਨਹੀਂ ਬਣਿਆ ਸੀ। ਸੁਨੈਨਾ ਨੂੰ ਉਨ੍ਹਾਂ ਦੀ ਗੱਲ ਅਜੀਬ ਜਹੀ ਲੱਗੀ।

"ਮੈਂ ਸੁਨੈਨਾ ਹਾਂ ਬਾਬੂ ਜੀ–ਤੁਹਾਡੀ ਨੂੰਹ।"

"ਨੂੰਹ! ਉਨ੍ਹਾਂ ਬੇਭਰੋਸਗੀ ਨਾਲ ਇੰਜ ਦੇਖਿਆ, ਜਿਵੇਂ ਠੀਕ ਤਰ੍ਹਾਂ ਵਿਖਾਈ ਨਾ ਦੇ ਰਿਹਾ ਹੋਵੇ।

"ਕਦੋਂ ਆਈ ਏ ਕਾਨਪੁਰ ਤੋਂ? ਪਾਣੀ ਦੀ ਟੈਂਕੀ ਕਿਉਂ ਵੇਚ ਦਿੱਤੀ ਤੂੰ।" ਸੁਨੈਨਾ ਘਬਰਾ ਗਈ। ਦਵਾਈਆਂ ਮੁੱਠੀ ਵਿੱਚ ਦੱਬਾ ਆਪਣੇ ਬੈਡਰੂਮ ਵੱਲ ਭੱਜੀ। ਨਰਿੰਦਰ ਨੂੰ ਦੱਸਿਆ।

ਬਾਬੂ ਜੀ ਅਜੀਬ ਜਿਹੀਆਂ ਗੱਲਾਂ ਕਰ ਰਹੇ ਹਨ। ਦਿਮਾਗ ਤੇ ਕੋਈ ਅਸਰ ਹੋ ਗਿਆ ਲੱਗਦਾ ਹੈ। ਉਸ ਨੂੰ ਪਛਾਣ ਨਹੀਂ ਰਹੇ।

"ਦਵਾਈ ਦਿੱਤੀ?" ਨਰਿੰਦਰ ਨੇ ਪੁੱਛਿਆ ਤਾਂ ਉਸ ਨੇ ਹੱਥ ਖੜੇ ਕਰ ਦਿੱਤੇ। ਉਸ ਦੇ ਵੱਸ ਨਹੀਂ। ਇਹ ਰਹੀਆਂ ਦਵਾਈਆਂ। ਉਹੀ ਆ ਕੇ ਖੁਵਾਏ। ਉਸ ਨੂੰ ਡਰ ਲੱਗ ਰਿਹਾ ਹੈ। ਉਹ ਹੁਣ ਉਨ੍ਹਾਂ ਦੇ ਕਮਰੇ ਵਿੱਚ ਨਹੀਂ ਜਾਏਗੀ।

ਨਰਿੰਦਰ ਨੇ ਫੌਰਨ ਡਾਕਟਰ ਅਨੁਰਾਗ ਚਤੁਰਵੇਦੀ ਨੂੰ ਫੋਨ ਕੀਤਾ। ਡਾਕਟਰ ਅਨੁਰਾਗ ਨੇ ਆਉਂਦੇ ਹੀ ਉਨ੍ਹਾਂ ਤੋਂ ਪੁੱਛਿਆ, "ਅੰਕਲ ਆਪਣਾ ਨਾਂ ਦੱਸੋ?"

ਹੌਲੀ ਜਿਹੀ ਉਨ੍ਹਾਂ ਕਿਹਾ, "ਮੇਰਾ ਨਾਂ... ਤੁਸੀਂ ਦੱਸੋ ਮੇਰਾ ਨਾਂ ਕੀ ਹੈ? ਹਾਂ ਯਾਦ ਆਇਆ... ਹਰਿਹਰ ਤਾਂ ਨਹੀਂ ਹੈ?"

"ਹਰਿਹਰ ਹਨ ਕੋਈ?" ਡਾਕਟਰ ਅਨੁਰਾਗ ਨੇ ਨਰਿੰਦਰ ਤੋਂ ਪੁੱਛਿਆ।

"ਬਾਬੂ ਜੀ ਦੇ ਗਹਿਰੇ ਦੋਸਤ ਸਨ।"

"ਸਨ?"

"ਹਾਂ, ਹੁਣ ਨਹੀਂ ਹਨ। ਅਰਸਾ ਪਹਿਲੇ ਉਨ੍ਹਾਂ ਦੀ ਮੌਤ ਹੋ ਗਈ।"

ਦੋਵੇਂ ਬੈਠਕ ਵਿੱਚ ਆ ਗਏ। ਡਾਕਟਰ ਨੇ ਸੁਝਾਓ ਦਿੱਤਾ–"ਅੰਕਲ ਨੂੰ ਘਰ ਵਿੱਚ ਰੱਖਣਾ ਠੀਕ ਨਹੀਂ। ਉਨ੍ਹਾਂ ਨੂੰ ਤੁਰੰਤ ਨੌਇਡਾ –ਕੈਲਾਸ਼ ਹਸਪਤਾਲ ਵਿੱਚ ਦਾਖਿਲ ਕਰਵਾ ਦੇਣਾ ਚਾਹੀਦਾ ਹੈ। ਐਂਮਬੁਲੇਂਸ ਮੰਗਵਾ ਲਓ। ਉਹ ਨਰਿੰਦਰ ਨਾਲ ਚਲੇ ਚਲਣਗੇ। ਕੁਝ ਦਿਨ ਅੰਕਲ ਨੂੰ ਉਥੇ ਰੱਖਣ ਵਿੱਚ ਹਰਜ਼ ਨਹੀਂ। ਜ਼ਰੂਰੀ ਚੇਕਅੱਪ ਵੀ ਆਸਾਨੀ ਨਾਲ ਹੋ ਜਾਣਗੇ।

ਉਹ ਸਟ੍ਰੇਚਰ ਤੇ ਚੜਣ ਲਈ ਤਿਆਰ ਨਾ ਹੋਏ। ਨਰਿੰਦਰ ਨੇ ਮਨਾਇਆ। ਉਨ੍ਹਾਂ ਦੀ ਤਬੀਅਤ ਜ਼ਿਆਦਾ ਖਰਾਬ ਹੈ ਇਸ ਲਈ ਹਸਪਤਾਲ ਵਿਖਾਉਣ ਲਈ ਲੈ ਕੇ ਜਾ ਰਹੇ ਹਾਂ। ਵਿਖਾ ਕੇ ਵਾਪਸ ਆ ਜਾਵਾਂਗੇ। ਦੂਰ ਨਹੀਂ ਜਾਣਾ, ਬਾਹਰ ਨੋਇਡਾ ਵਿੱਚ ਹੀ ਹਸਪਤਾਲ ਹੈ।

ਨੌਇਡਾ ਦੇ ਨਾਂ ਤੋਂ ਉਨ੍ਹਾਂ ਦੇ ਮੁਰਝਾਏ ਹੋਏ ਚਿਹਰੇ ਤੇ ਇੰਜ ਰੌਣਕ ਆ ਗਈ ਜਿਵੇਂ ਉਨ੍ਹਾਂ ਦੀ ਮਨਪਸੰਦ ਜਗ੍ਹਾਂ ਤੇ ਲੈ ਜਾਇਆ ਜਾ ਰਿਹਾ ਹੋਵੇ। ਉਹ ਚੁਪਚਾਪ ਸਟ੍ਰੇਚਰ ਤੇ ਲੰਮੇ ਪੈ ਗਏ।

## ਤੇਰ੍ਹਵੀਂ ਗੈਰ ਮੌਜੂਦਗੀ

### ਝਟਕਾ

'ਫਲੂ' ਨੇ ਬੜਾ ਮਹਿੰਗਾ ਵੈਰ ਨਿਭਾਇਆ। ਛੇ ਦਿਨ ਕੈਲਾਸ਼ ਹਸਪਤਾਲ ਵਿੱਚ ਇਲਾਜ਼ ਕਰਵਾਉਣ ਮਗਰੋਂ ਜਦੋਂ ਬਾਬੂ ਜਸਵੰਤ ਸਿੰਘ ਨਰਿੰਦਰ ਦੇ ਘਰ ਵਾਪਸ ਆਏ ਤਾਂ ਟਾਮੀ ਨੇ ਉਨ੍ਹਾਂ ਦੇ ਪੈਰਾਂ ਨੂੰ ਚੱਟ, ਝੱਲੇ ਹੋ ਛਾਲਾਂ ਮਾਰਦੇ ਆਪਣੇ ਲਾਡ-ਪਿਆਰ ਦਾ ਪ੍ਰਗਟਾਵਾ ਕੀਤਾ। ਹਸਪਤਾਲ ਦੇ ਇਲਾਜ ਨੂੰ ਉਹ ਉਥੇ ਹੀ ਛੱਡ ਕੇ ਆਉਣਾ ਚਾਹੁੰਦੇ ਸਨ। ਖੁਸ਼ੀ ਹੋਈ ਕਿ ਟਾਮੀ ਨੇ ਉਨ੍ਹਾਂ ਦਾ ਨਿਘਾ ਸਵਾਗਤ ਕਰਕੇ ਉਨ੍ਹਾਂ ਦੇ ਇਸ ਜਤਨ ਵਿੱਚ ਪੂਰਾ ਸਹਿਯੋਗ ਦਿੱਤਾ।

ਕਲ੍ਹ ਸ਼ਾਮ ਨੂੰ ਹਿੰਮਤ ਕਰਕੇ ਗਰਮ ਕੱਪੜਿਆਂ ਨੂੰ ਆਪਣੇ ਉਤੇ ਚੰਗੀ ਤਰ੍ਹਾਂ ਵਲੇਟ ਕੇ ਬਾਬੂ ਜੀ ਥੋੜ੍ਹੀ ਦੇਰ ਲਈ ਹੇਠਾਂ ਉਤਰੇ। ਕਮਜ਼ੋਰ ਦੇਹ ਨੇ ਉਨ੍ਹਾਂ ਨੂੰ ਡਰਾਇਆ ਵੀ ਤੇ ਚੇਤਾਇਆ ਵੀ ਹੁਣ ਉਨ੍ਹਾਂ ਨੂੰ ਸੋਟੀ ਨਾਲ ਹੀ ਚਲਨਾ ਚਾਹੀਦਾ ਹੈ। ਪਰ ਉਨ੍ਹਾਂ ਹਿੰਮਤ ਨਾ ਛੱਡੀ। ਡਟੇ ਰਹੇ। ਭਾਵੇਂ ਉਹ ਕੀਰਤੀ ਅਪਾਰਟਮੈਂਟਸ ਨਾਲ ਲੱਗੇ ਬਗੀਚੇ ਵਿੱਚ ਪਹੁੰਚ, ਥਾਂ ਥਾਂ ਪਈਆਂ ਬੈਂਚਾਂ ਦੀ ਸਹੀ ਵਰਤੋਂ ਕਰਦੇ ਹੋਏ ਸੈਰ ਕੁਝ ਦੇਰ ਤੇ ਦੂਰ ਤਕ ਹੀ ਕਰ ਸਕੇ। ਜਾਮ ਹੋ ਗਏ ਜਿਸਮ ਦੇ ਜੋੜ ਨਖਰਿਆਂ ਨਾਲ ਹੀ ਖੁਲ੍ਹਣਗੇ। ਬਿਸਤਰੇ 'ਤੇ ਸੱਤ ਦਿਨ ਕਾਲੇ ਪਾਣੀ ਦੇ ਸੱਤ ਵਰ੍ਹਿਆਂ ਜਿਹੇ ਬੀਤੇ ਸਨ।

ਮੌਤ ਬਾਰੇ ਉਨ੍ਹਾਂ ਨੂੰ ਕਰਨਲ ਸਵਾਮੀ ਦਾ ਫਲਸਫਾ ਯਾਦ ਆਇਆ। ਸ਼ਾਇਦ 'ਫਲੂ' ਦੀ ਸ਼ਕਲ ਵਿੱਚ ਹੀ ਮੌਤ ਉਨ੍ਹਾਂ ਕੋਲ ਆਈ ਹੋਈ ਹੈ। ਪਰ ਉਹ ਮੌਤ ਦੇ ਇਸ ਵਿਕਰਾਲ ਰੂਪ ਨੂੰ ਝੱਲ ਹੀ ਗਏ। ਨਾ ਝੱਲ ਪਾਉਂਦੇ ਤਾਂ ਚਲੇ ਜਾਣ ਵਿੱਚ ਵੀ ਉਨ੍ਹਾਂ ਕੋਈ ਇਤਰਾਜ ਨਹੀਂ ਸੀ। ਹੁਣ ਕੁਝ ਕਰਨਾ ਬਾਕੀ ਹੀ ਨਹੀਂ ਰਿਹਾ ਸੀ। ਪਰ ਇਸ ਵਾਰ ਮੌਤ ਸਿਰਫ ਆਪਣੇ ਨਾਲ ਮੁਲਾਕਾਤ ਕਰਵਾ ਕੇ ਉਨ੍ਹਾਂ ਨੂੰ ਛੱਡ ਗਈ ਸੀ। ਅੱਗੇ ਦੇਖਿਆ ਜਾਏਗਾ...। ਮੌਤ ਦਾ ਕਿਹੜਾ ਰੂਪ ਚੁਣਨਾ ਪੈਣਾ ਹੈ। ਚੁਣਨਾ ਉਨ੍ਹਾਂ ਦੇ ਵੱਸ ਵਿੱਚ ਨਹੀਂ। ਕੁਝ ਸਾਹਸੀ ਹੀ ਚੁਣ ਪਾਉਂਦੇ ਹਨ-ਖੂਹ, ਬਾਉਲੀ, ਸਲਫਾਸ ਦੀਆਂ ਗੋਲੀਆਂ, ਪੱਖੇ ਦਾ ਡੰਡਾ, ਉੱਚੀ ਇਮਾਰਤ ਤੋਂ ਛਾਲ, ਨਦੀ, ਸਮੁੰਦਰ...!

ਉਪਰੋਂ ਉਹ ਭਾਵੇਂ ਜਿੰਨੇ ਮਰਜ਼ੀ ਤਰਕ ਦੇਣ। ਮੌਤ ਨੇ ਉਨ੍ਹਾਂ ਦੀਆਂ ਆਂਤਰਿਕ ਭਾਵਨਾਵਾਂ ਨੂੰ ਤਾੜ ਲਿਆ ਹੋਏਗਾ ਤੇ ਸ਼ਾਇਦ ਉਨ੍ਹਾਂ ਦਾ ਸਨਮਾਨ ਕਰਦੇ ਹੋਏ ਹੀ ਉਸ ਨੇ ਉਨ੍ਹਾਂ ਨੂੰ ਜੀਣ ਦਾ ਇਕ ਹੋਰ ਮੌਕਾ ਦਿੱਤਾ ਹੈ। ਕਰਨਲ ਸਵਾਮੀ ਨੂੰ ਮਿਲੇ ਬਿਨਾਂ ਹੀ ਚਲੇ ਜਾਂਦੇ ਤਾਂ ਉਨ੍ਹਾਂ ਨੂੰ ਸ਼ਿਕਾਇਤ ਹੀ ਰਹਿੰਦੀ।

ਅੱਜ ਉਨ੍ਹਾਂ ਦੇ ਪਹਿਲ ਕਰਨ ਦੀ ਸਵੇਰ ਹੈ-

ਉੱਠਦੇ ਹੀ ਉਨ੍ਹਾਂ ਤੈਅ ਕੀਤਾ ਕਿ ਅੱਜ ਨਾ ਉਹ ਕਰਨਲ ਸਵਾਮੀ ਦੇ ਘਰ ਫੋਨ ਲਗਾਉਣ ਵਿੱਚ ਸਮਾਂ ਬਰਬਾਦ ਕਰਨਗੇ ਤੇ ਨਾ ਹੀ ਮਯੂਰ ਵਿਹਾਰ ਦੀ ਪੁਲੀ ਤੇ ਬੈਠ ਕੇ ਉਨ੍ਹਾਂ ਦਾ ਰਾਹ ਤੱਕਦੇ ਮਾੜੀਆਂ ਤੇ ਹਾਦਸੇ ਭਰੀਆਂ ਸੋਚਾਂ ਵਿੱਚ ਗ਼ਰਕ ਹੋਣਗੇ। ਕਲ੍ਹ ਸ਼ਾਮ ਦੀ ਸੈਰ ਨੇ ਉਨ੍ਹਾਂ ਅੰਦਰ ਇਕ ਫੁਰਤੀ ਭਰ ਦਿੱਤੀ ਸੀ। ਸਰੀਰ ਵਿੱਚ ਅਜਿਹੀ ਕਮਜ਼ੋਰੀ ਹੈ, ਪਰ ਉਹ ਇਸ ਕਮਜ਼ੋਰੀ ਨੂੰ ਆਪਣੇ ਉਪਰ ਹਾਵੀ ਨਹੀਂ ਹੋਣ ਦੇਣਗੇ। ਸਿੱਧਾ ਉਨ੍ਹਾਂ ਦੇ ਘਰ ਹੀ ਜਾ ਕੇ ਧਾਵਾ ਬੋਲ ਦੇਣਗੇ। ਉਨ੍ਹਾਂ ਕਿਹੜਾ ਪੈਦਲ ਚਲ ਕੇ ਜਾਣਾ ਹੈ...।

ਉਨ੍ਹਾਂ ਨੋਇਡਾ ਲਈ ਆਟੋਰਿਕਸ਼ਾ ਕਰ ਲੈਣਾ ਬਿਹਤਰ ਸਮਝਿਆ। ਉਸ ਨਾਲ ਪਹਿਲਾਂ ਹੀ ਇਹ ਤੈਅ ਕਰ ਲਿਆ ਕਿ ਉਥੇ ਉਸ ਨੂੰ ਘੰਟਾ-ਡੇਢ ਘੰਟਾ ਰੁਕਣਾ ਵੀ ਪੈ ਸਕਦਾ ਹੈ। ਉਨ੍ਹਾਂ ਨੂੰ ਪਤਾ ਹੈ ਕਿ ਕਰਨਲ ਸਵਾਮੀ ਉਨ੍ਹਾਂ ਨੂੰ ਬਗੈਰ ਨਾਸ਼ਤੇ-ਪਾਣੀ ਦੇ ਆਉਣ ਨਹੀਂ ਦੇਣਗੇ। ਜੇ ਕਿਤੇ ਉਹ ਕਿਸੇ ਰਿਸ਼ਤੇਦਾਰੀ ਵਿੱਚ ਜਾ ਕੇ ਵੀ ਅਜੇ ਨਾ ਮੁੜੇ ਹੋਏ, ਜਿਸਦੀ ਉਮੀਦ ਘੱਟ ਹੀ ਹੈ, ਤਾਂ ਵੀ ਉਨ੍ਹਾਂ ਦਾ ਪਰਿਵਾਰ ਉਨ੍ਹਾਂ ਨੂੰ ਬਿਠਾਏ ਬਗੈਰ ਨਹੀਂ ਮੰਨੇਗਾ। ਉਨ੍ਹਾਂ ਦੀ ਵੀ ਘੱਟ ਇੱਛਾ ਨਹੀਂ ਉਨ੍ਹਾਂ ਸਾਰਿਆਂ ਨੂੰ ਮਿਲਣ ਦੀ। ਸਗੋਂ ਇਕ-ਇਕ ਦਾ ਨਾਂ ਲੈ ਕੇ ਤੇ ਉਸ ਦੀਆਂ ਖਾਸੀਅਤਾਂ ਦਾ ਜ਼ਿਕਰ ਕਰਕੇ ਉਹ ਉਨ੍ਹਾਂ ਨੂੰ ਹੈਰਤ ਵਿੱਚ ਪਾ ਦੇਣਗੇ। ਹੋ ਸਕਦਾ ਹੈ, ਇਕ-ਅੱਧ ਨੂੰ ਪਹਿਚਾਨਣ ਵਿੱਚ ਉਹ ਗਲਤੀ ਕਰਨ। ਅਜਿਹਾ ਹੋਣ 'ਤੇ ਉਹ ਬੇਤੁਕਲਫ਼ ਹੋ ਆਪ ਹੀ ਉਸ ਬਾਰੇ ਪੁੱਛ ਲੈਣਗੇ। ਕਿੰਨੀ ਵਾਰ ਤੈਅ ਹੋਇਆ ਸੀ ਕਰਨਲ ਸਵਾਮੀ ਨਾਲ ਕਿ



ਆਉਂਦੇ ਐਤਵਾਰ ਉਨ੍ਹਾਂ ਦੇ ਘਰ ਜਾਣ ਦਾ ਪ੍ਰੋਗਰਾਮ ਪੱਕਾ। ਆਪਣੀ ਨੂੰਹ ਨੂੰ ਉਹ ਕਹਿ ਕੇ ਆਉਣ ਕਿ ਉਹ ਦੁਪਹਿਰ ਦਾ ਭੋਜਨ ਆਪਣੇ ਮਿੱਤਰ ਦੇ ਘਰ ਕਰਨਗੇ। ਇਹ ਤਾਂ ਉਨ੍ਹਾਂ ਵਲੋਂ ਹੀ ਸੀ। ਹੋ ਸਕਦਾ ਹੈ ਕਿ ਉਨ੍ਹਾਂ ਦੀਆਂ ਨੂੰਹਾਂ ਉਨ੍ਹਾਂ ਨੂੰ ਰਾਤ ਦੀ ਰੋਟੀ ਖੁਵਾਏ ਬਗੈਰ ਵਾਪਸ ਹੀ ਨਾ ਆਉਣ ਦੇਣ? ਭਲਾ ਅੱਪੂ ਦੇ ਦੋਸਤ ਕਿਹੜਾ ਰੋਜ਼-ਰੋਜ਼ ਆਉਂਦੇ ਹਨ। ਅਜਿਹੀ ਹਾਲਤ ਵਿੱਚ ਉਹ ਘਰ ਫੋਨ ਕਰ ਕੇ ਇਤਲਾਹ ਦੇ ਦੇਣਗੇ। ਵਾਪਸੀ ਦਾ ਫਿਕਰ ਉਹ ਨਾ ਕਰਨ। ਸ੍ਰੀਨਾਰਾਇਣ ਉਨ੍ਹਾਂ ਨੂੰ ਜੋਂਗਾ ਰਾਹੀਂ ਘਰ ਛੱਡ ਜਾਏਗਾ।

ਅਚਾਨਕ ਕੋਈ ਨਾ ਕੋਈ ਅੜਚਨ ਆ ਜਾਂਦੀ ਤੇ ਉਨ੍ਹਾਂ ਦਾ ਬਣਿਆ-ਬਣਾਇਆ ਪ੍ਰੋਗਰਾਮ ਟਲ ਜਾਂਦਾ।

ਅਚਾਨਕ ਪਤਾ ਲੱਗਦਾ ਕਿ ਠੀਕ ਉਸੇ ਦਿਨ ਉਨ੍ਹਾਂ ਦੀ ਵਿਚਕਾਰਲੀ ਨੂੰਹ ਅਨੁਸ਼੍ਰੀ ਨੂੰ ਖਜੁਰਾਹੋ ਨਿਤ੍ਯ ਮਹਾਉਤਸਵ ਵਿੱਚ ਸ਼ਾਮਿਲ ਹੋਣ ਲਈ ਮੱਧ-ਪ੍ਰਦੇਸ ਜਾਣਾ ਪੈ ਰਿਹਾ ਹੈ। ਉਸ ਦੀ ਫਲਾਇਟ ਦੁਪਹਿਰ ਢਾਈ ਵਜੇ ਦੀ ਹੈ। ਉਸ ਦੀਆਂ ਦੋ ਜ਼ਿੱਦਾਂ ਹਨ। ਇਕ-ਅੱਪੂ ਉਸ ਨੂੰ ਛੱਡਣ ਏਅਰਪੋਰਟ ਚਲਣਗੇ, ਦੂਜੀ-ਉਨ੍ਹਾਂ ਦੇ ਪਿਆਰੇ ਮਿੱਤਰ ਨੂੰ ਉਹ ਵੀ ਮਿਲਣਾ ਚਾਹੁੰਦੀ ਹੈ। ਜੇ ਉਨ੍ਹਾਂ ਦੇ ਮਿੱਤਰ ਉਸ ਦੇ ਪਿਛੋਂ ਘਰ ਆਉਣਗੇ, ਤਾਂ ਉਹ ਉਨ੍ਹਾਂ ਨਾਲ ਮੁਲਾਕਾਤ ਕਿਵੇਂ ਕਰੇਗੀ? ਚੰਗਾ ਇਹੀ ਹੈ ਕਿ ਉਸ ਦੇ ਖੁਜਰਾਹੋ ਨ੍ਰਿਤ ਮਹਾਂਉਤਸਵ ਤੋਂ ਵਾਪਸ ਆਉਣ ਮਗਰੋਂ ਹੀ ਅੱਪੂ ਆਪਣੇ ਮਿੱਤਰ ਨੂੰ ਘਰ ਰੋਟੀ ਲਈ ਬੁਲਾਉਣ। ਅਨੁਸ਼੍ਰੀ ਉਨ੍ਹਾਂ ਦੀ ਗਿਲੀਗਡੂ ਦੀ ਮਾਂ ਹੈ। ਉਸ ਦੀ ਗੱਲ ਟਾਲਣਾ ਉਨ੍ਹਾਂ ਦੇ ਵੱਸ ਵਿੱਚ ਨਹੀਂ। ਕੋਈ ਗੱਲ ਨਹੀਂ। ਅਗਲੇ ਹਫਤੇ ਦਾ ਪ੍ਰੋਗਰਾਮ ਬਣਾ ਲੈਣਗੇ। ਘਰ ਵਿੱਚ ਸਾਰੇ ਹੀ ਉਨ੍ਹਾਂ ਨੂੰ ਮਿਲਣ ਲਈ ਉਤਾਵਲੇ ਬੈਠੇ ਹਨ।

ਉਨ੍ਹਾਂ ਬੜੇ ਉਤਸਾਹ ਨਾਲ ਬਾਬੂ ਜਸਵੰਤ ਸਿੰਘ ਨੂੰ ਅਨੁਸ਼੍ਰੀ ਬਾਰੇ ਦੱਸਿਆ। ਅਨੁਸ਼੍ਰੀ ਭਰਤਨਾਟਿਅੰਮ ਦੀ ਨਿਪੁੰਨ ਨਰਤਕੀ ਹੈ। ਖਜੁਰਾਹੋ ਨਿਤ੍ਯ ਮਹਾਂਉਤਸਵ ਵਿੱਚ ਸੱਦਾ ਪਾ ਕੇ ਉਹ ਆਪਣੇ ਆਪ ਨੂੰ ਧੰਨ ਧੰਨ ਮਹਿਸੂਸ ਕਰ ਰਹੀ ਹੈ। ਉਸ ਦੀ ਵਰ੍ਹਿਆਂ ਦੀ ਮੁਰਾਦ ਪੂਰੀ ਹੋ ਗਈ। ਉਸ ਦੇ ਗੁਰੂ ਜੀ ਐਸ. ਐਨ. ਪਿਲਲਈ ਲਗਾਤਾਰ ਜਤਨ ਕਰਦੇ ਰਹੇ ਕਿ ਅਨੁਸ਼੍ਰੀ ਨੂੰ ਇਸ ਪ੍ਰਤਿਸ਼ਠਿਤ ਖੁਜਰਾਹੋ ਮਹਾਂਉਤਸਵ ਵਿੱਚ ਨਿਤ੍ਯ ਪ੍ਰਦਰਸ਼ਿਤ ਕਰਨ ਦਾ ਮੌਕਾ ਮਿਲੇ। ਕਲਾ ਜਗਤ ਵਿੱਚ ਫੈਲੀ ਰਾਜਨੀਤੀ ਕਾਰਣ ਗੁਰੂ ਪਿਲਲਈ ਕਾਫੀ ਨਾਰਾਜ਼ ਹਨ ਕਿ ਇਸ ਦੇਸ਼ ਵਿੱਚ ਕਲਾ ਦੇ ਪੁਜਾਰੀਆਂ ਦੀ ਕੋਈ ਇੱਜ਼ਤ ਨਹੀਂ। ਭਾਂਡ-ਨਟ ਰਾਸ਼ਟਰੀ ਮਾਨ-ਸਨਮਾਨ ਲੁੱਟ ਰਹੇ ਹਨ। ਇਹ ਸੱਚ ਹੈ ਕਿ ਉਨ੍ਹਾਂ ਦੇ ਪਰਿਵਾਰ ਲਈ ਇਹ ਸ਼ੁਭ ਅਵਸਰ ਦਸ਼ਹਿਰੇ ਦੀਵਾਲੀ ਤੋਂ ਘੱਟ ਨਹੀਂ।

ਗਿਲੀਗਡੂ ਬੇਸਬਰੀ ਨਾਲ ਐਤਵਾਰ ਦੇ ਆਉਣ ਦਾ ਰਾਹ ਤੱਕਦੀਆਂ ਪਈਆਂ ਹਨ। ਜ਼ਿੱਦ ਕੀਤੀਆਂ ਬੈਠੀਆਂ ਹਨ ਕਿ ਉਹ ਵੀ ਮਾਂ ਨੂੰ ਛੱਡਣ ਏਅਰਪੋਰਟ ਨਾਲ ਜਾਣਗੀਆਂ। ਕਾਤਿਆਇਨੀ ਆਪਣੇ ਪਿਛਲੇ ਜਨਮ ਦਿਨ ਵਾਲੀ ਗੁਲਾਬੀ ਫਰਾਕ ਪਾ ਕੇ ਜਾਣਾ ਚਾਹੁੰਦੀ ਹੈ। ਕੁਮੁਦਨੀ ਜੀਂਨਸ ਦੇ ਉੱਪਰ ਕਾਲਾ ਕੋਟ। ਕਿਉਂ ਜਾਣਾ ਏਂ ਭਈ? ਮਾਂ ਨੂੰ ਹਵਾਈ ਜਹਾਜ ਵਿੱਚ ਚੜ੍ਹਦੇ ਵੇਖਣਾ ਚਾਹੁੰਦੀਆਂ ਹਨ। ਕਰਨਲ ਸਵਾਮੀ ਨੇ ਉਨ੍ਹਾਂ ਨੂੰ ਸਮਝਾਉਣ ਦੀ ਬੜੀ ਕੋਸ਼ਿਸ਼ ਕੀਤੀ ਕਿ ਉਨ੍ਹਾਂ ਏਅਰਪੋਰਟ ਚਲਣਾ ਹੈ, ਚਲਣ। ਪਰ ਉਹ ਮਾਂ ਨੂੰ ਹਵਾਈ ਜਹਾਜ਼ ਵਿੱਚ ਚੜ੍ਹਦਾ ਨਹੀਂ ਵੇਖ ਸਕਣਗੀਆਂ, ਦੋਨਾਂ ਨੇ ਆਪਣੀ ਤੋਤਲੀ ਜ਼ੁਬਾਨ ਵਿੱਚ ਆਪਣੇ ਤਰਕਾਂ ਰਾਹੀਂ ਉਨ੍ਹਾਂ ਨੂੰ ਹਰਾਉਣ ਦੀ ਕੋਸ਼ਿਸ਼ ਕੀਤੀ। ਅੱਪੂ ਉਨ੍ਹਾਂ ਨੂੰ ਬੁੱਧੂ ਬਣਾ ਰਹੇ ਹਨ। ਦੋਨਾਂ ਨੇ ਫਿਲਮਾਂ ਵਿੱਚ ਦੇਖਿਆ ਹੈ-ਬਾਲਕੋਨੀ ਵਿੱਚ ਖੜੇ ਲੋਕ ਹਵਾਈ ਜਹਾਜ਼ ਵਿੱਚ ਚੜ੍ਹ ਰਹੇ ਆਪਣੇ ਰਿਸ਼ਤੇਦਾਰਾਂ ਨੂੰ ਟਾ-ਟਾ ਕਰ ਰਹੇ ਹੁੰਦੇ ਹਨ। ਉਨ੍ਹਾਂ ਸਮਝਾਇਆ-ਪੁਰਾਣੀਆਂ ਫਿਲਮਾਂ ਵਿੱਚ ਵੇਖਿਆ ਹੋਏਗਾ। ਕਿਸੇ ਨਵੀਂ ਫਿਲਮ ਦਾ ਨਾਂ ਦੱਸੋ? ਦੋਵੇਂ ਇਕਦਮ ਚੁੱਪ। ਉਨ੍ਹਾਂ ਦੇ ਮਾਸੂਮ ਚਿਹਰੇ ਹਵਾ-ਨਿਕਲੇ ਗੁਬਾਰੇ ਵਾਂਗ ਲਟਕ ਗਏ।

ਕਰਨਲ ਸਵਾਮੀ ਤੋਂ ਦੋਵਾਂ ਦੀ ਉਦਾਸੀ ਵੇਖੀ ਨਾ ਗਈ। ਉਨ੍ਹਾਂ ਨੂੰ ਕਹਿਣਾ ਹੀ ਪਿਆ ਦਿਲ ਛੋਟਾ ਨਾ ਕਰਨ। ਉਹ ਵਾਇਦਾ ਕਰਦੇ ਹਨ, ਆਉਂਦੀ ਗਰਮੀ ਦੀਆਂ ਛੁਟੀਆਂ ਵਿੱਚ ਉਹ ਉਨ੍ਹਾਂ ਨੂੰ ਮਾਂ ਸਮੇਤ ਉਨ੍ਹਾਂ ਦੇ ਮਾਮੇ ਦੇ ਘਰ ਬੰਗਲੌਰ ਹਵਾਈ ਜਹਾਜ਼ ਤੋਂ ਹੀ ਭੇਜਣਗੇ। ਉਨ੍ਹਾਂ ਦੀਆਂ ਲਾਡਲੀਆਂ ਗਿਲੀਗਡੂ ਆਸਮਾਨ ਵਿੱਚ ਪਰੀਆਂ ਵਾਂਗ ਉੱਡਣਗੀਆਂ।

"ਇਸ ਮਾਮਲੇ ਵਿੱਚ ਸ੍ਰੀ ਨਾਰਾਇਣ..." ਕਰਨਲ ਸਵਾਮੀ ਕੁਝ ਕਹਿੰਦੇ ਹੋਏ ਠਿਠਕੇ। ਜਿਵੇਂ ਝਿਝਕ

ਰਹੇ ਹੋਣ ਜਾਂ ਉਹ ਦੁਚਿਤੀ ਵਿੱਚ ਪੈ ਗਏ ਹੋਣ ਬੋਲਣ ਜਾਂ ਨਾ ਬੋਲਣ।

ਉਨ੍ਹਾਂ ਨੇ ਪਰਤਾ ਨਾ ਲਾਇਆ। ਕੁਝ ਹੀ ਦੇਰ ਬਾਅਦ ਆਪ ਹੀ ਕਹਿਣ ਲੱਗੇ। ਉਨ੍ਹਾਂ ਦੀ ਆਵਾਜ਼ ਵਿੱਚ ਅੰਦਰੂਨੀ ਪੀੜਾ ਮਹਿਸੂਸ ਕੀਤੀ ਜਾ ਰਹੀ ਸੀ।

ਸ਼੍ਰੀ ਨਾਰਾਇਣ ਇਸ ਪੱਖ ਵਿੱਚ ਨਹੀਂ ਸੀ ਕਿ ਅਨੁਸ਼੍ਰੀ ਆਪਣੇ ਗੁਰੂ ਜੀ ਪਿਲਲਈ ਜੀ ਨਾਲ ਖੁਜਰਾਹੋ ਨਿਤ੍ਰ ਮਹਾਂਉਤਸਵ ਵਿੱਚ ਜਾਏ। ਬੁੱਢਾ ਠਰਕੀ ਹੈ? ਉਸ ਦੇ ਨਾਲ ਜਾਣ ਦੀ ਲੋੜ ਕੀ ਹੈ? ਗਾਇਕਾ ਸਾਵਿਤਰੀ ਅੰਮਾ ਆਪਣੇ ਸਾਜ਼ੋ-ਸਾਮਾਨ ਨਾਲ ਜਾਏਗੀ ਹੀ। ਇਕ ਗੁਰੂ ਜੀ ਮੰਜੀਰਾ ਟੁਣਕਾਉਣ ਲਈ ਮੰਚ 'ਤੇ ਨਹੀਂ ਹੋਣਗੇ ਤਾਂ ਕੀ ਮੰਜ਼ੀਰਾ ਨਹੀਂ ਟੁਣਕੇਗਾ?

ਗੁਰੂ ਜੀ ਦਾ ਪਿਛੋਕੜ ਕਾਫੀ ਰੋਮਾਨੀ ਹੈ। ਉਨ੍ਹਾਂ ਦੀ ਪਹਿਲੀ ਪਤਨੀ ਉਨ੍ਹਾਂ ਦੀ ਸ਼ਿਸ਼ ਸੀ। ਦੂਸਰੀ ਪਹਿਲੀ ਪਤਨੀ ਦੀ ਛੋਟੀ ਭੈਣ ਹੈ ਛੋਟੀ ਭੈਣ, ਉਹ ਵੀ ਉਨ੍ਹਾਂ ਦੀ ਸ਼ਿਸ਼ਾ ਹੈ। ਅਨੁਸ਼੍ਰੀ ਦੀਆਂ ਖਾਹਿਸ਼ਾਂ ਨੂੰ ਉਤਸਾਹ ਦੇਣਾ ਅਤੇ ਉਸ ਵਿੱਚ ਦਿਲਚਸਪੀ ਲੈਣ ਦੀ ਉਨ੍ਹਾਂ ਦੀ ਆਦਤ ਸ਼੍ਰੀ ਨਾਰਾਇਣ ਨੂੰ ਬਿਲਕੁਲ ਪਸੰਦ ਨਹੀਂ। ਨਤੀਜਾ-ਦੋਵਾਂ ਵਿੱਚ ਆਪਸ ਵਿੱਚ ਤਣਾਓ।

ਸ੍ਰੀ ਨਾਰਾਇਣ ਅੰਤਰਮੁਖੀ ਹੈ। ਆਪਣੇ ਮਨੋਭਾਵਾਂ ਨੂੰ ਖੁਲ੍ਹ ਕੇ ਪ੍ਰਗਟ ਕਰਨ ਤੋਂ ਮੂੰਹ ਛੁਪਾਉਂਦਾ ਹੈ। ਉਨ੍ਹਾਂ ਨੂੰ ਲੱਗਾ ਕਿ ਉਪਰੋਂ ਉਹ ਅਨੁਸ਼੍ਰੀ ਅਤੇ ਗੁਰੂ ਪਿਲਲਈ ਦੇ ਸੰਬੰਧਾਂ ਪ੍ਰਤੀ ਜਿਹੋ ਜਿਹੀ ਨਿਰਪੱਖਤਾ ਵਿਖਾਉਂਦਾ ਹੈ-ਅੰਦਰ ਦਾ ਸੱਚ ਨਹੀਂ। ਅੰਦਰੋਂ ਉਹ ਇਹੀ ਚਾਹੁੰਦਾ ਹੈ ਕਿ ਅਨੁਸ਼੍ਰੀ ਮਾਧਵੀ ਭਾਬੀ ਵਾਂਗ ਕਲਾ ਨੂੰ ਤਿਆਗ ਆਪਣੀ ਗ੍ਰਹਿਸਥੀ ਪ੍ਰਤੀ ਹੀ ਸਮਰਪਿਤ ਹੋਵੇ। ਖੁਜਰਾਹੋ ਨਿਤ੍ਰ ਮਹਾਂਉਤਸਵ ਨੂੰ ਲੈ ਕੇ ਉਨ੍ਹਾਂ ਵਿਚਕਾਰ ਹਫਤੇ ਤਕ ਮੂੰਹ ਸੁਜੇ ਰਹੇ। ਅਨੁਸ਼੍ਰੀ ਨੇ ਫੈਸਲਾ ਲੈ ਲਿਆ। ਜੀਵਨ ਵਿੱਚ ਆਏ ਇਸ ਸੁਨਿਹਰੀ ਮੌਕੇ ਨੂੰ ਉਹ ਕੋਰੀ ਭਾਵੁਕਤਾ ਕਾਰਣ ਵਿਅਰਥ ਨਹੀਂ ਜਾਣ-ਦੇਵੇਗੀ। ਖੁਜਰਾਹੋ ਨਿਤ੍ਰ ਸਮਾਰੋਹ ਦੀ ਪ੍ਰਸਿੱਧੀ ਅੰਤਰਰਾਸ਼ਟਰੀ ਹੈ। ਉਸ ਨੂੰ ਜੇ ਕੋਈ ਰੋਕ ਸਕਦਾ ਹੈ ਤਾਂ ਉਹ ਹਨ ਅੱਪੂ। ਅੱਪੂ ਕਹਿ ਦੇਣਗੇ ਕਿ ਹੁਣ ਉਸ ਨੇ ਪੈਰਾਂ 'ਚ ਘੁੰਗਰੂ ਨਹੀਂ ਬੰਨ੍ਹਣੇ ਤਾਂ ਉਹ ਉਸੇ ਪਲ ਨਿਸ਼ਚਾ ਕਰ, ਨਿਤ੍ਰ ਨੂੰ ਹਮੇਸ਼ਾ ਲਈ ਭੁੱਲ ਜਾਏਗੀ, ਭੁਲਾਉਣ ਦਾ ਜਤਨ ਕਰੇਗੀ।

ਮਾਮਲੇ ਨੇ ਨਾਜ਼ੁਕ ਮੋੜ ਲੈ ਲਿਆ। ਕਰਨਲ ਸਵਾਮੀ ਨੂੰ ਲੱਗਾ ਕਿ ਕਿਸੇ ਨਤੀਜੇ ਤੇ ਪਹੁੰਚਣ ਤੋਂ ਪਹਿਲਾਂ ਉਨ੍ਹਾਂ ਨੂੰ ਆਪਣੇ ਪੁੱਤਰ ਨਾਲ ਗੱਲ ਕਰਨੀ ਚਾਹੀਦੀ ਹੈ। ਉਸ ਨੇ ਮਨ ਨੂੰ ਫਰੋਲਣਾ ਹੋਏਗਾ। ਆਖਿਰ ਉਹ ਕੀ ਚਾਹੁੰਦਾ ਹੈ।

ਰਾਤ ਨੂੰ ਘੰਟਾ ਡੇਢ ਘੰਟਾ ਦੋਵੇਂ ਪਿਓ-ਪੁੱਤਰ ਸੜਕਾਂ ਉਤੇ ਟਹਿਲਦੇ ਰਹੇ ਤੇ ਗੱਲ ਬਾਤ ਕਰਦੇ ਰਹੇ। ਸ਼੍ਰੀ ਨਾਰਾਇਣ ਨੇ ਆਪਣਾ ਪੱਖ ਸਪਸ਼ਟ ਕੀਤਾ। ਅਨੁਸ਼੍ਰੀ ਦਾ ਗੁਰੂ ਪਿਲਲਈ ਦੇ ਇਸ਼ਾਰਿਆਂ ਤੇ ਨੱਚਣਾ ਉਸ ਨੂੰ ਤਕਲੀਫ਼ ਦੇਂਦਾ ਹੈ। ਇਥੋਂ ਤਕ ਕਿ ਉਹ ਕਿਸੇ ਵੀ ਨਿਰਣੇ ਤੋਂ ਪਹਿਲਾਂ ਉਸ ਨਾਲ ਕੋਈ ਸਲਾਹ-ਮਸ਼ਵਰਾ ਨਹੀਂ ਕਰਦੀ। ਗੁਰੂ ਜੀ ਦਾ ਆਦੇਸ਼ ਹੀ ਉਸ ਲਈ ਸਭ ਤੋਂ ਉੱਪਰ ਹੈ। ਗੁਰੂ ਜੀ ਦੀ ਦ੍ਰਿਸ਼ਟੀ ਵਿੱਚ ਉਸਦੀ ਘਰ-ਗ੍ਰਹਿਸਥੀ ਦਾ ਕੋਈ ਮਹੱਤਵ ਨਹੀਂ। ਉਹ ਚਾਹੁੰਦੇ ਹਨ ਕਿ ਅਨੁਸ਼੍ਰੀ ਆਪਣਾ ਸਾਰਾ ਸਮਾਂ ਨਿਤ੍ਰ-ਸਾਧਨਾ ਵੱਲ ਲੱਗਾਏ। ਕਾਤਿਆਇਨੀ-ਕੁਮੁਦਨੀ ਵੀ ਨਿਤ੍ਰ ਅੱਗੇ ਉਸ ਲਈ ਪਿੱਛੇ ਹਨ। ਅੱਪੂ ਨੂੰ ਪਤਾ ਨਹੀਂ, ਉਹ ਦੱਸਣਾ ਵੀ ਨਹੀਂ ਚਾਹੁੰਦਾ ਸੀ ਕਿ ਕਾਤਿਆਇਨੀ-ਕੁਮੁਦਨੀ ਦੇ ਗਰਭ ਧਾਰਣ ਵੇਲੇ ਉਸ ਦੇ ਗੁਰੂ ਪਿਲਲਈ ਨੇ ਅਨੁਸ਼੍ਰੀ ਨੂੰ ਗਰਭਪਾਤ ਲਈ ਕਿੰਨਾ ਉਕਸਾਇਆ ਸੀ। ਫਿਟਕਾਰਿਆ ਸੀ। ਜੇ ਮਾਂ ਬਣਨਾ ਹੀ ਉਸਦੇ ਜੀਵਨ ਦਾ ਮਕਸਦ ਹੈ ਤਾਂ ਉਹ ਹੋਰ ਦੋ ਚਾਰ ਬੱਚੇ ਪੈਦਾ ਕਰਕੇ ਘਰ ਬੈਠ ਜਾਏ। ਪਾਲੇ ਆਪਣੇ ਬੱਚੇ। ਦੇਸ਼ ਦੀ ਸਿੱਖਰਲੀ ਨਤ੍ਰਕੀ ਬਣਨ ਦਾ ਸੁਪਨਾ ਵੇਖਣਾ ਛੱਡ ਦੇਵੇ। ਉਸ ਸਥਾਨ 'ਤੇ ਪਹੁੰਚ ਕੇ ਵੀ ਤਾਂ ਬੱਚੇ ਪੈਦਾ ਕੀਤੇ ਜਾ ਸਕਦੇ ਹਨ। ਕਿਹੜੀ ਜਲਦੀ ਪਈ ਹੈ? ਕਿਹੜੀ ਉਸਦੀ ਉਮਰ ਬੀਤਦੀ ਜਾ ਰਹੀ ਹੈ। ਬੱਚੀਆਂ ਨੂੰ ਅਨੁਸ਼੍ਰੀ ਨੇ ਜਨਮ ਦਿੱਤਾ ਤਾਂ ਸਿਰਫ ਉਸ ਦੀ ਚੇਤਾਵਨੀ ਦੇ ਡਰ ਕਾਰਣ। ਉਸ ਨੇ ਸਾਫ-ਸਾਫ ਕਹਿ ਦਿੱਤਾ ਸੀ, ਜਿਸ ਦਿਨ ਗਰਭਪਾਤ ਕਰਵਾਉਣ ਜਾਏਗੀ, ਵਾਪਸ ਆ ਕੇ ਕਮਰੇ ਵਿੱਚ ਉਸ ਦੀ ਲਾਸ਼ ਲਟਕਦੀ ਵੇਖੇਗੀ।

ਉਨ੍ਹਾਂ ਨੇ ਆਪਣੇ ਬੇਟੇ ਨੂੰ ਸਮਝਾਇਆ ਪਤਨੀ ਨੂੰ ਸਮਝਣ ਤੋਂ ਪਹਿਲਾਂ ਆਪਣੇ ਆਪ ਨੂੰ ਸਮਝਣਾ ਜ਼ਰੂਰੀ ਹੈ। ਸਵੈ ਨੂੰ ਸਮਝ ਕੇ ਹੀ ਕਿਸੇ ਨੂੰ ਸਮਝਿਆ ਜਾ ਸਕਦਾ ਹੈ। ਇਹ ਅਨੁਸ਼੍ਰੀ ਦੀ ਲਗਨ ਹੀ ਹੈ ਜੋ ਉਸ ਨੂੰ ਗੁਰੂ ਦੇ ਆਦੇਸ਼ ਦਾ ਸਨਮਾਨ ਕਰਨ ਲਈ ਪ੍ਰੇਰਿਤ ਕਰਦੀ ਹੈ। ਰਹੀ ਗੱਲ ਕਾਤਿਆਇਨੀ-ਕੁਮੁਦਨੀ ਦੀ



ਗੱਲ ਤਾਂ ਇਹ ਉਸ ਦੀ ਈਰਖਾ ਹੈ ਜੋ ਉਹ ਅਨੁਸ਼੍ਰੀ ਦੇ ਆਚਰਣ ਵਿੱਚ ਆਪਣੇ ਬੱਚਿਆਂ ਲਈ ਮੋਹਹੀਣੇ ਭਾਵ ਲੱਭ ਲੈਂਦੀ ਹੈ। ਉਨ੍ਹਾਂ ਨੇ ਅਜਿਹਾ ਕੁਝ ਮਹਿਸੂਸ ਨਹੀਂ ਕੀਤਾ। ਬੱਚੀਆਂ ਉਸ ਦੀ ਜਾਨ ਹਨ। ਫਿਰ ਘਰ ਵਿੱਚ ਹੋਰ ਸਭ ਵੀ ਤਾਂ ਹਨ, ਉਨ੍ਹਾਂ ਦੀ ਦੇਖਭਾਲ ਲਈ। ਪਰਿਵਾਰ ਦਾ ਅਰਥ ਇਹੀ ਹੁੰਦਾ ਹੈ। ਪਰਿਵਾਰ ਇਕ ਤਾਕਤ ਹੀ ਹੁੰਦਾ ਹੈ ਜਿਸ ਕਾਰਣ ਬੰਦਾ ਕੋਈ ਅਣਹੋਣੀ ਮਾਰ ਵੀ ਝੱਲ ਲੈਂਦਾ ਹੈ ਤੇ ਮੱਥੇ ਤੇ ਤਿਓੜੀ ਵੀ ਨਹੀਂ ਆਉਂਦੀ। ਉਨ੍ਹਾਂ ਨੂੰ ਲੱਗਦਾ ਹੈ ਕਿ ਕਾਤਿਆਇਨੀ ਕੁਮੁਦਨੀ ਅਜੇ ਛੋਟੀਆਂ ਹਨ ਤਾਂ ਕੀ ਹੋਇਆ-ਉਨ੍ਹਾਂ ਨੂੰ ਵੀ ਇਸ ਗੱਲ ਦਾ ਅਹਿਸਾਸ ਹੋਣਾ ਚਾਹੀਦਾ ਹੈ ਕਿ ਉਨ੍ਹਾਂ ਦੀ ਮਾਂ ਕੋਈ ਮਾਮੂਲੀ ਇਸਤਰੀ ਨਹੀਂ ਹੈ। ਦੇਸ਼ ਦੀ ਪ੍ਰਸਿੱਧ ਕਲਾਕਾਰ ਹੈ। ਰਹੀ ਗੱਲ ਸਤੁੰਲਨ ਦੀ ਤਾਂ ਉਨ੍ਹਾਂ ਨੂੰ ਲੱਗਦਾ ਹੈ ਕਿ ਇਸ ਬਾਰੇ ਗਹਿਰਾਈ ਨਾਲ ਵਿਚਾਰ ਕਰਨ ਦੀ ਲੋੜ ਹੈ, ਆਪਸੀ ਵਿਚਾਰ-ਵਟਾਂਦਰਾ ਕਰਨ ਦੀ ਲੋੜ ਹੈ। ਇਕਤਰਫਾ ਸੋਚ ਨਾਲ ਕਦੇ ਸਤੁੰਲਨ ਪੈਦਾ ਨਹੀਂ ਹੁੰਦਾ।

ਘਰ ਦੀ ਸੰਸਦ ਬੁਲਾਣੀ ਪਈ। ਘਰ ਦੇ ਸਾਰੇ ਜੀਅ ਬੈਠੇ। ਉਨ੍ਹਾਂ ਕਾਤਿਆਇਨੀ-ਕੁਮੁਦਨੀ ਨੂੰ ਵੀ ਕੋਲ ਬਿਠਾ ਲਿਆ।

ਉਨ੍ਹਾਂ ਅਨੁਸ਼੍ਰੀ ਨੂੰ ਇਕ ਹੀ ਗੱਲ ਕਹੀ-ਪੰਜ ਮਿੰਟ ਅੱਖਾਂ ਬੰਦ ਕਰ, ਇਕਾਗਰ ਮਨ ਹੋ ਕੇ ਆਪਣੇ ਅੰਦਰ ਝਾਕੇ। ਅੰਤਰਮਨ ਦੀ ਆਵਾਜ਼ ਸੁਣੇ। ਅੰਤਰਮਨ ਕੀ ਕਹਿੰਦਾ ਹੈ। ਅੰਦਰਲਾ ਉਹੀ ਕਹਿੰਦਾ ਹੈ ਜੋ ਸਹੀ ਹੁੰਦਾ ਹੈ। ਉਹੀ ਸੱਚ ਹੁੰਦਾ ਹੈ। ਭੁਲਾਵੇ ਰਹਿਤ। ਇਕਦਮ ਦਬਾਓ ਤੋਂ ਪਰ੍ਹੇ।

ਸਾਰਿਆਂ ਦੀਆਂ ਅੱਖਾਂ ਅੰਤਰ-ਧਿਆਨ ਹੋਈ ਅਨੁਸ਼੍ਰੀ ਉਤੇ ਟਿਕ ਗਈਆਂ ਪੰਜ ਮਿੰਟ ਤੋਂ ਉਪਰ ਹੋ ਗਏ। ਉਨ੍ਹਾਂ ਨੇ ਉਸ ਨੂੰ ਅੱਖਾਂ ਖੋਲ੍ਹਣ ਲਈ ਕਿਹਾ।

ਅਚਾਨਕ ਅਨੁਸ਼੍ਰੀ ਜ਼ੋਰ-ਜ਼ੋਰ ਦੀ ਰੋ ਪਈ। ਸਾਰੇ ਹੱਕੇ-ਬੱਕੇ ਰਹਿ ਗਏ। "ਨਿਤ੍ਰ ਦੇ ਬਿਨਾਂ ਮੈਂ ਨਹੀਂ ਜੀ ਸਕਦੀ, ਅੱਪੂ...।"

ਸ਼੍ਰੀਨਾਰਾਇਣ ਨੇ ਕੁਝ ਕਹਿਣ ਲਈ ਮੂੰਹ ਖੋਲ੍ਹਣਾ ਚਾਹਿਆ। ਪਰ ਅੱਪੂ ਨੇ ਹੱਥ ਚੁੱਕ ਕੇ ਉਸ ਨੂੰ ਬੋਲਣ ਤੋਂ ਮਨ੍ਹਾ ਕਰ ਦਿੱਤਾ।

"ਅਨੁਸ਼੍ਰੀ ਨੇ ਸੱਚ ਕਹਿਣ ਦੀ ਹਿੰਮਤ ਵਿਖਾਈ ਹੈ-ਮਾਧਵੀ ਜਿਸ ਸੱਚ ਨੂੰ ਕਦੇ ਨਹੀਂ ਕਹਿ ਸਕੀ। ਸਾਨੂੰ ਸੱਚ ਦਾ ਆਦਰ ਕਰਨਾ ਸਿੱਖਣਾ ਚਾਹੀਦਾ ਹੈ।"

ਸਵੇਰੇ ਸੈਰ 'ਤੇ ਜਾਣ ਤੋਂ ਪਹਿਲਾਂ ਸ੍ਰੀ ਨਾਰਾਇਣ ਨੇ ਆ ਕੇ ਉਨ੍ਹਾਂ ਦੇ ਪੈਰ ਛੂਹੇ। ਪਿੱਛੇ ਅਨੁਸ਼੍ਰੀ ਵੀ ਖਲੋਤੀ ਸੀ। ਉਸ ਵੀ ਪੈਰਾਂ ਤੇ ਮੱਥਾ ਟੇਕਿਆ ਤੇ ਕਿਹਾ, "ਅੱਪੂ, ਮੈਨੂੰ ਤੁਹਾਡਾ ਅਸ਼ੀਰਵਾਦ ਚਾਹੀਦਾ ਹੈ।"

ਸ੍ਰੀ ਨਾਰਾਇਣ ਨੇ ਖੁਸ਼ਖਬਰੀ ਦੇ ਦਿੱਤੀ। ਐਤਵਾਰ ਨੂੰ ਸਵੇਰ ਦੀ ਸੈਰ ਤੋਂ ਮੁੜਣ ਮਗਰੋਂ ਉਨ੍ਹਾਂ ਘਰ ਪੂਜਾ ਹੋਏਗੀ। ਅਨੁਸ੍ਰੀ ਦੀ ਸਫਲਤਾ ਦੀ ਕਾਮਨਾ ਲਈ।

ਬਾਬੂ ਜਸਵੰਤ ਸਿੰਘ ਨੇ ਕਰਨਲ ਸਵਾਮੀ ਨੂੰ ਉਲਾਂਭਾ ਦਿੱਤਾ। ਮਾਧਵੀ ਦੀ ਚਰਚਾ ਉਹ ਅਕਸਰ ਉਨ੍ਹਾਂ ਨਾਲ ਕਰਦੇ ਰਹੇ ਪਰ ਕਦੇ ਵੀ ਅਨੁਸ਼੍ਰੀ ਦੀ ਨਿਤ੍ਰ-ਕੌਸ਼ਲਤਾ ਦਾ ਜ਼ਿਕਰ ਨਹੀਂ ਕੀਤਾ। ਕਿਉਂ?

ਕਰਨਲ ਸਵਾਮੀ ਨੇ ਹਮੇਸ਼ਾ ਵਾਂਗ ਹੀ ਜਾਣਿਆ-ਪਛਾਣਿਆ ਠਹਾਕਾ ਲਗਾਇਆ...।" "ਕਿਵੇਂ ਕਰਦੇ ਦੋਸਤ! ਪੁੱਤਰ ਲਈ ਹੀ ਨਹੀਂ ਉਸ ਦੇ ਬਾਪ ਲਈ ਵੀ ਉਹ ਹਮੇਸ਼ਾ ਗਿਲੀਗਡੂ ਦੀ ਮਾਂ ਹੀ ਵਧੇਰੇ ਬਣੀ ਰਹੀ।"

ਅਚਾਨਕ ਆਟੋਰਿਕਸ਼ਾ ਦਾ ਸੱਜੇ ਪਾਸੇ ਟੰਗਿਆ ਹੋਇਆ ਪਰਦਾ ਖੁਲ੍ਹ ਗਿਆ ਤੇ ਅਚਾਨਕ ਤੇਜ਼ ਹਵਾ ਨੇ ਬਾਬੂ ਜਸਵੰਤ ਸਿੰਘ ਦੇ ਚਿਹਰੇ ਨੂੰ ਛੂੰਹ ਲਿਆ। ਉਨ੍ਹਾਂ ਨੂੰ ਪਰਦਾ ਬੰਨ੍ਹਣ ਦੀ ਕੋਈ ਡੋਰੀ ਨਜ਼ਰ ਨਹੀਂ ਆਈ। ਆਟੋ ਵਾਲੇ ਤੋਂ ਪੁੱਛਣ ਤੇ ਉਸ ਨੇ ਜਵਾਬ ਦਿੱਤਾ, ਡੋਰੀ ਹੈ ਨਹੀਂ। ਉਨ੍ਹਾਂ ਸੱਜੇ ਪਾਸੇ ਦੇ ਪਰਦੇ ਨੂੰ ਆਪਣੇ ਲੱਤ ਨਾਲ ਦਬਾ ਲਿਆ। ਉਨ੍ਹਾਂ ਨੂੰ ਲੱਗਾ ਕਿ ਆਟੋ ਵਿੱਚ ਬੈਠਦੇ ਹੀ ਪਰਦਾ ਚੁਕਵਾ ਦੇਣਾ ਚਾਹੀਦਾ ਸੀ। ਹਵਾ ਵਿੱਚ ਐਨੀ ਠੰਡਕ ਨਹੀਂ ਸੀ, ਪਰ ਉਨ੍ਹਾਂ ਨੂੰ ਕੁਝ ਜ਼ਿਆਦਾ ਹੀ ਮਹਿਸੂਸ ਹੋ ਰਹੀ ਸੀ। ਕਾਰਣ -ਅਜਿਹੇ ਬਿਮਾਰੀ ਤੋਂ ਉਠੇ ਹਨ, ਇਸੇ ਲਈ ਸੋਚਿਆ ਆਪਣਾ 'ਮੰਕੀ ਕੈਪ' ਪਾ ਕੇ ਨਿਕਲਦੇ ਪਰ ਆਪਣਾ ਹੀ ਵਿਚਾਰ ਹਾਸਾ ਭਰਿਆ ਲੱਗਾ। ਪਹਿਲੀ ਵਾਰ ਕਰਨਲ ਸਵਾਮੀ ਦੇ ਘਰ ਜਾ ਰਹੇ ਸਨ। ਨੂੰਹਾਂ ਉਨ੍ਹਾਂ ਦੀ ਸ਼ਕਲ ਵੇਖ ਕੇ ਹੱਸ ਨਹੀਂ ਪੈਣਗੀਆਂ? ਇਹ ਨਾ ਸਮਝ ਲੈਣ ਕਿ ਘਰ ਕੋਈ ਚੌਂਕੀਦਾਰ ਆਇਆ ਹੈ।

"ਭਈ, ਠੰਡ ਕਾਰਣ ਘਰ ਵਿੱਚ ਸਿਮਟ ਕੇ ਬੈਠਣਾ ਮੇਰੇ ਲਈ ਮੁਸ਼ਕਿਲ ਹੈ, ਮਿ. ਸਿੰਘ। ਸਵੇਰ ਦੀ ਸੈਰ ਜਨੰਤ ਹੁੰਦੀ ਹੈ। ਹਾਫ਼ ਪੈਂਟ ਦੀ ਜ਼ੇਬ੍ਹ ਵਿੱਚ ਬ੍ਰਾਂਡੀ ਦਾ 'ਪੌਣਾ' ਪਿਆ ਹੁੰਦਾ ਹੈ। ਜ਼ਰਾ ਠੰਡ ਵੱਧ ਲੱਗੀ ਕਿ ਪੌਣੇ ਤੋਂ ਘੁੱਟ ਭਰ, ਠੰਡ ਨੂੰ ਪਰ੍ਹੇ ਧੱਕਾਂ ਮਾਰ ਦਿੱਤਾ।"

ਬਾਬੂ ਜਸਵੰਤ ਸਿੰਘ ਮੁਸਕਰਾ ਪਏ। ਅਜੀਬ ਖੁਸ਼ਰਹਿਣਾ ਸੁਭਾਅ ਹੈ ਕਰਨਲ ਸਵਾਮੀ ਦਾ। ਬਲਕਿ ਖੁਸ਼ ਰਹਿਣਾ ਸ਼ਬਦ ਵੀ ਉਨ੍ਹਾਂ ਦੇ ਜੀਵਨ-ਚਰਿਤਰ ਨੂੰ ਪੂਰੀ ਤਰ੍ਹਾਂ ਬਿਆਨ ਨਹੀਂ ਕਰ ਪਾਉਂਦਾ। ਜਦਕਿ ਉਹ ਲਫਜ਼ਾਂ ਨੂੰ ਸਹੀ ਮੌਕੇ ਤੇ ਬਿਆਨ ਕਰ ਹੀ ਨਹੀਂ ਪਾਉਂਦੇ। ਸ਼ਿਵਾਨੀ ਸਾਹਮਣੇ ਵੀ ਇੰਜ੍ਹ ਹੀ ਹੁੰਦਾ ਸੀ। ਬਾਅਦ ਵਿੱਚ ਕਵਿਤਾ ਫੁੱਟ ਨਿਕਲਦੀ ਸੀ ਤਾਂ ਉਨ੍ਹਾਂ ਨੂੰ ਲੱਗਦਾ ਸੀ ਕਿ ਹੁਣ ਉਸ ਨੂੰ ਜੜ੍ਹ ਸਮੇਤ ਪੁੱਟ ਕੇ ਬਾਹਰ ਸੁੱਟ ਦੇਣ।

ਨਾਗਾਰਜੁਨ ਸੁਸਾਇਟੀ ਪਾਰ ਕਰਦੇ ਹੀ ਆਟੋ ਰਿਕਸ਼ਾ ਵਾਲੇ ਨੂੰ ਵਾਜ਼ ਮਾਰ ਕੇ ਉਸ ਨੂੰ ਕਿਹਾ ਕਿ ਕਿਸੇ ਚੰਗੀ ਮਿਠਾਈ ਦੀ ਦੁਕਾਨ ਤੇ ਜ਼ਰਾ ਆਟੋ ਰੋਕ ਲਵੇ।

ਖਾਲੀ ਹੱਥ ਭਰੇ-ਪੂਰੇ ਪਰਿਵਾਰ ਵਿੱਚ ਜਾਣਾ ਚੰਗਾ ਨਹੀਂ ਲੱਗਾ। ਗਿਲੀਗਡੂ ਲਈ ਡਾਇਮੰਡ ਸ਼ੇਪਵਾਲੀ ਕਾਜੂ ਦੀ ਬਰਫੀ ਲੈ ਲੈਣੀ ਚਾਹੀਦੀ ਹੈ। ਕਰਨਲ ਸਵਾਮੀ ਨੇ ਉਨ੍ਹਾਂ ਦੀ ਪਸੰਦ ਬਾਰੇ ਦੱਸਿਆ ਸੀ। ਉਹ ਕਾਜੂ ਦੀ ਬਰਫੀ ਨਹੀਂ ਮੰਗਦੀ-ਡਾਇਮੰਡ ਸ਼ੇਪਵਾਲੀ ਬਰਫੀ ਖਾਣ ਦੀ ਇੱਛਾ ਪ੍ਰਗਟ ਕਰਦੀ ਹੈ। ਹੋਰ ਕੀ ਪਸੰਦ ਹੈ ਉਨ੍ਹਾਂ ਨੂੰ? ਯਾਦ ਕਰਨ ਦੀ ਚੇਸ਼ਟਾ ਕੀਤੀ ਉਨ੍ਹਾਂ ਨੇ। ਆਖਿਰ ਉਹ ਉਨ੍ਹਾਂ ਦੇ ਦਾਦੂ ਨੰਬਰ ਦੋ ਹਨ। ਕਰਨਲ ਸਵਾਮੀ ਨੇ ਉਨ੍ਹਾਂ ਸਾਹਮਣੇ ਬਾਬੂ ਜਸਵੰਤ ਸਿੰਘ ਦਾ ਐਨਾ ਵਿਸ਼ਾਲ ਖ਼ਾਕਾ ਖਿੱਚਿਆ ਹੈ-ਲਾਈਕ ਜ਼ਿਰਾਫ! ਗਿਲੀਗਡੂ ਅਟਕਲਾ ਲਗਾਉਣ ਦੀ ਕੋਸ਼ਿਸ਼ ਕਰਦੀਆਂ ਹਨ-ਬਟਨ ਜਿਹੀਆਂ ਅੱਖਾਂ ਹਿਲਾਉਂਦੀਆਂ ਹੋਈਆਂ। ਗੋਲ ਚੱਕਰ ਪਾਰ ਕਰਦੇ ਹੋਏ ਨਿਰੂਲਾਜ਼ ਵੱਲ ਵਧੇ ਤਾਂ ਅਚਾਨਕ ਯਾਦ ਆ ਗਿਆ ਗਿਲੀਗਡੂ ਨੂੰ ਨਿਰੂਲਾਜ਼ ਦੀ ਆਈਸਕ੍ਰੀਮ ਤੇ ਚਾਕਲੇਟ ਕੇਕ ਬਹੁਤ ਪਸੰਦ ਹੈ। ਜਿਸ ਰਾਤ ਉਹ ਦੋਵੇਂ ਨਿਰੂਲਾਜ ਬਾਰ ਵਿੱਚ ਬੈਠੇ ਸਨ, ਵਾਪਸੀ ਵਿੱਚ ਕਰਨਲ ਸਵਾਮੀ ਨੇ ਉਨ੍ਹਾਂ ਲਈ ਵਿਸ਼ੇਸ਼ ਤੌਰ ਤੇ ਪੈਕ ਕਰਵਾਇਆ ਸੀ। ਉਨ੍ਹਾਂ ਨੂੰ ਲੱਗਾ, ਉਨ੍ਹਾਂ ਨੂੰ ਵੀ ਚਾਕਲੇਟ ਕੇਕ ਅਤੇ ਆਈਸਕ੍ਰੀਮ ਗਿਲੀਗਡੂ ਲਈ ਪੈਕ ਕਰਵਾ ਲੈਣੀ ਚਾਹੀਦੀ ਹੈ। ਅੱਗੇ ਮਿਠਾਈ ਦੀ ਦੁਕਾਨ ਦਿੱਸੇਗੀ ਤਾਂ ਮਿਠਾਈ ਵੀ ਲੈ ਲੈਣਗੇ।

ਕਰਨਲ ਸਵਾਮੀ ਦਾ ਘਰ ਲੱਭਣ, ਵਿੱਚ ਆਈਸਕ੍ਰੀਮ ਪਿਘਲ ਨਹੀਂ ਜਾਏਗੀ? ਖਾਸੀ ਠੰਡ ਹੈ। ਗਰਮੀ ਦੇ ਦਿਨ ਹੁੰਦੇ ਤਾਂ ਗੱਲ ਹੋਰ ਸੀ। ਕੇਕ ਕਾਫੀ ਵੱਡਾ ਉਨ੍ਹਾਂ ਨੇ ਲੈ ਲਿਆ ਹੈ-ਕਰੀਬ ਦੋ ਕਿਲੋ ਦਾ। ਬਹਾਨਾ ਬੱਚਿਆਂ ਦਾ ਹੁੰਦਾ ਹੈ, ਤੇ ਖਾਂਦਾ ਸਾਰਾ ਘਰ ਪਰਿਵਾਰ ਹੈ।

ਕਰਨਲ ਸਵਾਮੀ ਨਾਲ ਹੁੰਦੇ ਤਾਂ ਜ਼ਰੂਰ ਹੀ ਬਾਰ ਵਿੱਚ ਖਿੱਚ ਕੇ ਲੈ ਜਾਂਦੇ... "ਚਲੋ ਅੱਡਾ ਮਾਰੀਏ ਥੋੜੀ ਦੇਰ।"

ਚਾਰੋਂ ਪਾਸੇ ਅੱਖਾਂ ਘੁੰਮਾਉਣ ਦੇ ਬਾਵਜੂਦ ਉਨ੍ਹਾਂ ਨੂੰ ਮਿਠਾਈ ਦੀ ਕੋਈ ਦੁਕਾਨ ਨਾ ਦਿੱਸੀ। ਉਨ੍ਹਾਂ ਨੂੰ ਮਾਯੂਸੀ ਹੋਈ।

"ਕਿਹੜੇ ਸੈਕਟਰ 'ਚ ਜਾਣਾ ਹੈ ਬਾਬੂ ਜੀ?" ਆਟੋਵਾਲੇ ਨੇ ਬਗੈਰ ਪਿੱਛੇ ਮੁੜੇ ਹੀ ਉਨ੍ਹਾਂ ਤੋਂ ਪੁੱਛਿਆ।

"ਛੱਬੀ।"

"ਉਹ ਪਰਲੇ ਪਾਸੇ ਹੈ ਛੱਬੀ, ਬਾਬੂ ਜੀ। ਬਲਾਕ ਕਿਹੜੇ ਜਾਣਾ ਹੈ?"

"ਈ।"

ਗੋਲ ਖੰਭਾਂ ਉਤੇ ਟਿਕੀਆਂ ਬਾਲਕੋਨੀਆਂ ਵਾਲੇ ਫਲੈਟਾਂ ਨੇ ਉਨ੍ਹਾਂ ਨੂੰ ਅਕਾਰਸ਼ਿਤ ਕੀਤਾ। ਗੇਟ ਅੰਦਰ ਦਾਖਿਲ ਹੁੰਦੇ ਹੀ ਹਰਿਆਲੀ ਭਰੇ ਬਗੀਚਿਆਂ ਨਾਲ ਮੁਲਕਾਤ ਹੋਈ। ਮਨ-ਤਨ ਪ੍ਰਸੰਨ ਹੋ ਗਿਆ।

"ਈ ਬਲਾਕ ਕਿਥੇ ਹੈ-ਕਿਸੇ ਤੋਂ ਪੁੱਛ ਲੈ ਭਾਈ। ਭਟਕਦਿਆਂ ਐਵੇਂ ਵਕਤ ਜਾਇਆ ਹੋਏਗਾ।"

ਸਾਹਮਣਿਓ ਇਕ ਔਰਤ ਆ ਰਹੀ ਸੀ। ਆਟੋਵਾਲੇ ਦੇ ਪੁੱਛਣ ਤੇ ਉਸ ਦੱਸਿਆ-"ਇਹ 'ਜੀ' ਬਲਾਕ ਹੈ। ਗਲਤ ਆ ਗਏ ਹੋ। ਗੇਟ ਅੰਦਰ ਵੜਦੇ ਹੀ ਜਿਹੜੀ ਸੱਜੇ ਪਾਸੇ ਵੱਲ ਪਹਿਲੀ ਗਲੀ ਮੁੜਦੀ ਹੈ, ਉਸ ਪਾਸੇ ਮੁੜਨਾ ਹੈ। ਗਲੀ ਖਤਮ ਹੁੰਦੇ ਹੀ 'ਈ' ਬਲਾਕ ਸ਼ੁਰੂ ਹੋ ਜਏਗਾ।"

'ਈ' ਬਲਾਕ ਸ਼ੁਰੂ ਹੋ ਗਿਆ।

ਆਟੋ ਵਾਲੇ ਨੂੰ ਕਰਨਲ ਸਵਾਮੀ ਦਾ ਫਲੈਟ ਨੰਬਰ ਦੱਸਿਆ-"੩੦੩"ਵਿੱਚ ਜਾਣਾ ਹੈ।"



ਮੌੜਵੀਆਂ ਗਲੀਆਂ ਵਿੱਚ ਵਾਧੂ ਚੱਕਰ ਨਹੀਂ ਮਾਰਨੇ ਪਏ।

"ਉਹ ਰਿਹਾ ਬਾਬੂ ਜੀ, '੩੦੩' ਡ੍ਰਾਈਵਰ ਨੇ ਕਿਲ੍ਹਾ ਫਤਿਹ ਕਰਨ ਵਾਲੇ ਭਾਵ ਨਾਲ ਇੰਜਣ ਨੂੰ ਬੰਦ ਕਰ ਦਿੱਤਾ।

ਬਾਬੂ ਜਸਵੰਤ ਸਿੰਘ ਦੇ ਉਤਰੇ ਹੋਏ ਚਿਹਰੇ ਉਤੇ ਖੁਸ਼ੀ ਝਲਕਣ ਲੱਗ ਪਈ। ਡ੍ਰਾਈਵਰ ਨੂੰ ਕਹਿਣ ਲੱਗੇ-

"ਜ਼ਰਾ ਉਤਰਣ ਵਿੱਚ ਮੇਰੀ ਮਦਦ ਕਰੋ।"

ਆਟੋ ਵਾਲੇ ਨੇ ਝੱਟ ਉਨ੍ਹਾਂ ਦੇ ਹੱਥੋਂ ਕੇਕ ਦਾ ਡਿੱਬਾ ਤੇ ਆਈਸਕ੍ਰੀਮ ਦਾ ਪੈਕ ਫੜ ਲਿਆ। ਫਿਰ ਖਾਲੀ ਹੱਥ ਵਧਾ ਕੇ ਉਤਰਣ ਵਿੱਚ ਉਨ੍ਹਾਂ ਦੀ ਸਹਾਇਤਾ ਕੀਤੀ। ਪੌੜੀਆਂ ਚੜ੍ਹਨ ਤੋਂ ਪਹਿਲਾਂ ਬਾਬੂ ਜੀ ਨੇ ਸਿਰ ਚੁੱਕ ਕੇ ਇਹ ਵੇਖਣ ਦੀ ਕੋਸ਼ਿਸ਼ ਕੀਤੀ ਕਿ ਆਖਿਰ ਕਰਨਲ ਸਵਾਮੀ ਦਾ ਮਕਾਨ ਕਿਸ ਮੰਜ਼ਿਲ ਤੇ ਹੈ।

"ਤੀਸਰੀ ਮੰਜ਼ਿਲ 'ਤੇ ਹੈ ਬਾਬੂ ਜੀ, ਸਾਮਾਨ ਉਥੇਂ ਤਕ ਛੱਡ ਦੇਵਾਂ?"

ਜਵਾਬ ਵਿੱਚ ਬਾਬੂ ਜੀ ਨੇ ਆਪਣੇ ਬਾਰੇ ਸੋਚਿਆ, ਬਿਮਾਰੀ ਤੋਂ ਉਠੀ ਉਨ੍ਹਾਂ ਦੀ ਕਮਜ਼ੋਰ ਕਾਇਆ ਨੂੰ ਤੀਸਰੀ ਮੰਜ਼ਿਲ ਤੇ ਚੜ੍ਹਣ ਵਿੱਚ ਦਿੱਕਤ ਹੋ ਸਕਦੀ ਹੈ। ਪਰ ਕੋਈ ਚਾਰਾ ਨਹੀਂ, ਚੜ੍ਹਨਾ ਤਾਂ ਪਏਗਾ ਹੀ। ਕੇਕ ਦਾ ਡਿੱਬਾ ਜ਼ਰੂਰ ਤੰਗ ਕਰੇਗਾ। ਇਕ ਤਾਂ ਉਸ ਨੂੰ ਸਾਵਧਾਨੀ ਨਾਲ ਲੈ ਕੇ ਜਾਣਾ ਪਏਗਾ, ਨਾਲ ਕਿਧਰੇ ਆਈਸਕ੍ਰੀਮ ਨਾ ਖਰਾਬ ਹੋ ਜਾਵੇ। ਉਨ੍ਹਾਂ ਨੇ ਉਸ ਉਤੇ ਦੋਵੇਂ ਜੁੜਵਾਂ ਬੱਚੀਆਂ ਦੇ ਨਾਂ ਲਿਖਵਾ ਦਿੱਤੇ ਹਨ, ਜਿਉਂ ਹੀ ਗਿਲੀਗਡੂ ਕੇਕ ਦਾ ਡਿੱਬਾ ਖੋਲ੍ਹਣ, ਕੇਕ ਉਤੇ ਆਪਣਾ ਨਾਂ ਲਿਖਿਆ ਦੇਖ ਖੁਸ਼ੀ ਨਾਲ ਚੀਖ ਪੈਣਾ ਬਾਬੂ ਜੀ ਵੀ ਉਨ੍ਹਾਂ ਦੇ ਅੱਪੂ ਵਾਂਗ ਉਨ੍ਹਾਂ ਉਤੇ ਨਿਹਾਲ ਹੋਣਾ ਚਾਹੁੰਦੇ ਹਨ।

ਕਰਨਲ ਸਵਾਮੀ ਲਈ ਉਨ੍ਹਾਂ ਨੇ ਕੁਝ ਨਹੀਂ ਲਿਆ। ਫੁੱਲ ਹੀ ਲੈ ਲੈਂਦੇ? ਜਾਂ ਉਨ੍ਹਾਂ ਦੀ ਮਨਪਸੰਦ ਵਿਸਕੀ-ਰਾਇਲ ਚੈਲੈਂਜ ਹਾਲਾਂਕਿ ਸ਼ਰਾਬ ਦੀ ਉਨ੍ਹਾਂ ਨੂੰ ਕਮੀ ਨਹੀਂ ਹੈ। ਕੈਂਟੀਨ ਤੋਂ ਮਿਲਣ ਵਾਲਾ ਉਨ੍ਹਾਂ ਦਾ ਕੋਟਾ ਉਨ੍ਹਾਂ ਨੂੰ ਹੀ ਨਹੀਂ, ਪਰਿਚਿਤਾਂ ਦੀਆਂ ਜ਼ਰੂਰਤਾ ਨੂੰ ਵੀ ਪੂਰਾ ਕਰਦਾ ਹੈ। ਪਹਿਲਾਂ ਸੁੱਝਿਆ ਨਹੀਂ! ਹੁਣ ਪਛਤਾਉਣ ਦੀ ਲੋੜ ਨਹੀਂ...।

ਡ੍ਰਾਈਵਰ ਉਨ੍ਹਾਂ ਦੇ ਪਿੱਛੇ ਹੀ ਚੜ੍ਹ ਰਿਹਾ ਸੀ। ਕਰਨਲ ਸਵਾਮੀ ਨਾਲ ਮੁਲਾਕਾਤ ਕਰਨ ਦੀ ਉਤੇਜਨਾ ਨੇ ਅਨਜਾਣੇ ਹੀ ਜਿਵੇਂ ਉਨ੍ਹਾਂ ਦੇ ਪੈਰਾਂ ਵਿੱਚ ਤਾਕਤ ਭਰ ਦਿੱਤੀ। ਮਹਿਸੂਸ ਕੀਤਾ ਕਿ ਉਹ ਫਜ਼ੂਲ ਹੀ ਡਰ ਰਹੇ ਸਨ। ਕਮਜ਼ੋਰੀ ਜਬਰਦਸਤ ਹੈ, ਪਰ ਫਿਰ ਵੀ ਐਨੀ ਨਹੀਂ ਕਿ ਪੌੜੀਆਂ ਹੀ ਨਾ ਚੜ੍ਹ ਸਕਣ ਹੇਠਾਂ ਉਨ੍ਹਾਂ ਨੂੰ ਇਕ ਸ਼ਰਾਰਤ ਵੀ ਸੁੱਝੀ ਸੀ ਕਿ ਕਿਉਂ ਨਾ ਕਰਨਲ ਸਵਾਮੀ ਨੂੰ 'ਵਾਜ਼ ਲੱਗਾ ਕੇ ਹੇਠਾਂ ਆਉਣ ਲਈ ਮਜ਼ਬੂਰ ਕਰਨ। ਅਗਲੇ ਹੀ ਪਲ ਉਨ੍ਹਾਂ ਨੂੰ ਆਪਣੇ ਬਚਪਨੇ 'ਤੇ ਹਾਸਾ ਆ ਗਿਆ। ਰਿਟਾਇਡ ਸਿਵਿਲ ਇੰਜਨੀਅਰ ਬਾਬੂ ਜਸਵੰਤ ਸਿੰਘ ਸਠਿਆ ਗਏ ਹੋਣ? ਇੱਜ਼ਤਦਾਰਾਂ ਦਾ ਇਲਾਕਾ ਹੈ। ਉਨ੍ਹਾਂ ਦੇ ਇਸ ਉਜੱਡਪਨ 'ਤੇ ਕਿਸੇ ਨੇ ਆਪਣੀ ਬਾਲਕਨੀ ਤੋਂ ਮੂੰਹ ਕੱਢ ਕੇ ਕੋਈ ਅਯੋਗ ਟਿਪਣੀ ਕਰ ਦਿੱਤੀ ਤਾਂ ਮੂੰਹ ਕਿੱਥੇ ਲੁਕਾਉਣਗੇ।

ਪੌੜੀਆਂ ਕਾਫੀ ਚੌੜੀਆਂ ਹਨ ਤੇ ਆਰਾਮ ਦਾਇਕ ਵੀ।

ਉਨ੍ਹਾਂ ਦੇ ਬਾਲਕਨੀ ਵਾਲੇ ਕਮਰੇ ਬਾਰੇ ਸੁਣ ਕੇ ਕਰਨਲ ਸਵਾਮੀ ਨੂੰ ਬਹੁਤ ਮਾੜਾ ਲੱਗਾ। ਉਨ੍ਹਾਂ ਨੇ ਸੁਝਾਓ ਦਿੱਤਾ, ਜੇ ਉਨ੍ਹਾਂ ਦਾ ਫਲੈਟ ਛੋਟਾ ਹੈ ਤੇ ਪੁੱਤਰ ਨੂੰ ਕਹਿ ਕੇ ਨੌਇਡਾ ਵਿੱਚ ਮਕਾਨ ਲੈ ਲੈਣ। ਓਨੀ ਕੀਮਤ ਵਿੱਚ ਨੌਇਡਾ ਵਿੱਚ ਕਾਫੀ ਵੱਡਾ ਫਲੈਟ ਮਿਲ ਜਾਏਗਾ। ਨਵਾਂ ਫਲਾਈਓਵਰ ਸ਼ੁਰੂ ਹੋ ਗਿਆ ਹੈ। ਟੋਲਟੈਕਸ ਭਰੋ ਤੇ ਮਿੰਟਾਂ ਵਿੱਚ ਸਾਊਥ ਦਿੱਲੀ ਪਹੁੰਚ ਜਾਓ। ਇਕ ਤੋਂ ਇਕ ਵਧੀਆਂ ਰੇਸਟੋਰੈਂਟ ਹਨ। ਪਾਰਕਸ, ਕਲੱਬ, ਗੋਲਫ, ਜਿੱਥੇ ਚਾਹੋ ਜਦੋਂ ਚਾਹੋ, ਉਥੇ ਬੈਠੋ ਮਸਤੀ ਕਰੋ, ਮੌਜਾਂ ਮਾਣੋ, ਜਿਵੇਂ ਕਿ ਉਹ ਰਹਿੰਦੇ ਹਨ। ਜਿਨ੍ਹਾਂ ਬਜ਼ੁਰਗ ਦਰਖਤਾਂ ਦੀ ਕਮੀ ਉਹ ਮਯੂਰ ਵਿਹਾਰ ਫੇਜ-1 ਵਿੱਚ ਮਹਿਸੂਸ ਕਰਦੇ ਹਨ-ਨੌਇਡਾ ਵਿੱਚ ਉਹ ਵੱਧ ਫੁੱਲ ਰਿਹਾ ਹੈ। ਉਨ੍ਹਾਂ ਨੂੰ ਪਤਾ ਸੀ ਕਿ ਇਸ ਬਾਬਤ ਨਰਿੰਦਰ ਨਾਲ ਗੱਲ ਕਰਨਾ ਫਜ਼ੂਲ ਹੋਏਗਾ। ਕੇਪਿਟਲ ਫੀਵਰ ਤੋਂ ਕੋਈ ਬਚ ਨਹੀਂ ਸਕਦਾ। ਕਾਨਪੁਰ ਵਾਲਾ ਘਰ ਚੌਗੁਣਾ ਹੈ। ਬਾਪ ਦੇ ਬੁਢਾਪੇ ਦਾ ਖਿਆਲ ਕਰ ਕੇ ਉਥੇ ਵੀ ਰਿਹਾ ਜਾ ਸਕਦਾ ਸੀ। ਯੋਗਤਾ ਕਾਰਣ ਉਹ ਉਥੇ ਵੀ ਰੋਜ਼ਗਾਰ ਲੱਭ ਸਕਦਾ ਸੀ। ਪਰ ਉਹੋ ਇੱਛਾ ਹੁੰਦੀ ਤਾਂ ਨਾ। ਇੱਛਾ ਦੇ ਨਾਲ ਫਰਜ਼ ਦੀ ਭਾਵਨਾ ਵੀ।

‘ਔਹ ਹੋ !’ ਉਸ ਮੋਟੇ ਤਣੇ ਵਾਲੇ ਦਰਖਤਾਂ ਵੱਲ ਉਨ੍ਹਾਂ ਦਾ ਧਿਆਨ ਹੀ ਨਹੀਂ ਗਿਆ। ਜਿਨ੍ਹਾਂ ਦੀਆਂ ਸ਼ਾਖਾਵਾਂ ’ਤੇ ਸੈਕੜੇ ਤੋਤੇ ਸਾਰਾ ਦਿਨ ਰੌਲਾ ਪਾਈ ਰੱਖਦੇ ਹਨ ਅਤੇ ਉਹ ਦਰਖਤ ਠੀਕ ਕਰਨਲ ਸਵਾਮੀ ਦੇ ਘਰ ਦੇ ਸਾਹਮਣੇ ਹੀ ਹੈ, ਉਨ੍ਹਾਂ ਨੇ ਦੱਸਿਆ ਹੀ ਸੀ। ਤੋਤੇ ਵੀ ਵੇਖਾਂਗੇ। ਹੋ ਸਕਦਾ ਹੈ ਕਿ ਉਨ੍ਹਾਂ ਦੇ ਘਰ ਦੀ ਬਾਲਕੋਨੀ ਵਿੱਚ ਬੈਠ ਕੇ ਹੀ ਵੇਖੀਏ...।

ਉਖੜੇ ਸਾਹਾਂ ਕਾਰਣ ਬਾਬੂ ਜੀ ਨੂੰ ਦੂਸਰੀ ਮੰਜ਼ਿਲ ਤੇ ਕੁਝ ਪਲ ਲਈ ਰੁਕਣਾ ਹੀ ਪਿਆ।

ਘੜੀ ’ਤੇ ਵਕਤ ਦੇਖਿਆ। ਗਿਲੀਗਡੂ ਸਕੂਲ ਤੋਂ ਮੁੜ ਆਈਆਂ ਹੋਣਗੀਆਂ? ਸਵਾ ਗਿਆਰਾਂ ਹੋ ਰਹੇ ਹਨ। ਕਰਨਲ ਸਵਾਮੀ ਨੇ ਦੱਸਿਆ ਸੀ ਕਿ ਉਨ੍ਹਾਂ ਦੇ ਮੁੜਣ ਦਾ ਸਮਾਂ, ਪਰ ਜ਼ੋਰ ਦੇਣ ’ਤੇ ਵੀ ਕੁਝ ਯਾਦ ਨਹੀਂ ਆ ਰਿਹਾ ਇਹ ਬੁਢਾਪਾ ਵੀ... ਕੁਝ ਯਾਦ ਹੀ ਨਹੀਂ ਰਹਿੰਦਾ।

ਬਾਬੂ ਜਸਵੰਤ ਸਿੰਘ ਦਿਲੋਂ ਚਾਹੁੰਦੇ ਸਨ ਕਿ ਦਰਵਾਜ਼ਾਂ ਖੁਲ੍ਹਦੇ ਹੀ ਕਰਨਲ ਸਵਾਮੀ ਦੇ ਪਿੱਛੇ ਉਹ ਲੁੱਕੀਆਂ ਗਾਲ੍ਹੜਾਂ ਵਾਂਗ ਗਰਦਨ ਹਿਲਾਉਂਦੀਆਂ ਉਨ੍ਹਾਂ ਵੱਲ ਹੈਰਾਨੀ ਨਾਲ ਦੇਖਦੀਆਂ ਹੋਈਆਂ ਮਿਲਣ। ਉਹ ਝੱਟ ਕੇਕ ਦਾ ਡਿੱਬਾ ਉਨ੍ਹਾਂ ਵੱਲ ਵਧਾ ਕੇ ਕਹਿਣਗੇ-ਪਹਿਚਾਣਿਆ ਨਹੀਂ? ਉਹ ਹਨ ਉਨ੍ਹਾਂ ਦੇ ਦਾਦੂ ਨੰਬਰ ਦੋ। ਉਨ੍ਹਾਂ ਲਈ ਹੀ ਲਿਆਏ ਹਨ, ਨਿਰੂਲਾਜ਼ ਤੋਂ ਉਨ੍ਹਾਂ ਦਾ ਮਨਪਸੰਦ ਚਾਕਲੇਟ ਕੇਕ ਅਤੇ ਕਾਸਟਾ ਆਈਸਕ੍ਰੀਮ ਟੇਸਟੀ-ਟੇਸਟੀ। ਤੀਸਰੀ ਮੰਜ਼ਿਲ ’ਤੇ ਪਹੁੰਚ ਕੇ ਬਾਬੂ ਜੀ ਡ੍ਰਾਈਵਰ ਨੂੰ ਧੰਨਵਾਦ ਦੇਂਦੇ ਹੋਏ, ਕੇਕ ਅਤੇ ਆਈਸਕ੍ਰੀਮ ਉਸ ਦੇ ਹੱਥੋਂ ਲੈ ਕੇ ਤੈਅ ਕੀਤਾ ਕਿ ਉਹ ਉਦੋਂ ਤਕ 303 ਨੰਬਰ ਦੀ ਘੰਟੀ ਨਹੀਂ ਵਜਾਉਣਗੇ, ਜਦੋਂ ਤਕ ਕਿ ਆਪਣੀ ਸਾਹਾਂ ਦੀ ਧੌਂਕਣੀ ਤੇ ਕਾਬੂ ਨਾ ਪਾ ਲੈਣ। ਕੁਝ ਪਲ ਸੁਸਤਾਉਣ ਮਗਰੋਂ ਉਨ੍ਹਾਂ 303 ਨੰਬਰ ਦੀ ਘੰਟੀ ’ਤੇ ਉਂਗਲ ਰਖੀ। ਉਨ੍ਹਾਂ ਦੇਖਿਆ ਆਹਮੋ-ਸਾਹਮਣੇ ਸਿਰਫ ਦੋ ਹੀ ਫਲੈਟ ਨਜ਼ਰ ਆ ਰਹੇ ਸਨ। ੩੦੨ ਉਤੇ ਮਿ. ਐਮ. ਐਨ. ਸ੍ਰੀਵਾਸਤਵ ਦੀ ਨੇਮ ਪਲੇਟ ਲੱਗੀ ਹੋਈ ਸੀ ਤੇ ੩੦੩ ਉਤੇ ਉਨ੍ਹਾਂ ਦੇ ਗ੍ਰੇਟ ਗ੍ਰੇਟ ਮਿੱਤਰ ਕਰਨਲ ਸਵਾਮੀ ਦੀ।

ਬੇਸਬਰੀ ਨਾਲ ਉਨ੍ਹਾਂ ਘੰਟੀ ਉਤੇ ਉਂਗਲ ਰਖੀ। ਸਾਹਾਂ ਦਾ ਕੀ ਹੈ। ਉਨ੍ਹਾਂ ਵਿੱਚ ਕਰਨਲ ਸਵਾਮੀ ਨਾਲ ਹੋਣ ਵਾਲੀ ਭੇਂਟ ਦੀ ਉਤੇਜਨਾ ਵੀ ਲੁਕੀ ਹੋਈ ਹੈ। ਤੇਰ੍ਹਾਂ ਦਿਨ ਦੋਵਾਂ ਵਿਚਕਾਰ ਤੇਰ੍ਹਾਂ ਵਰ੍ਹਿਆਂ ਵਾਂਗ ਗੁਜ਼ਰੇ ਸਨ। ਕੋਈ ਵੀ ਆਹਟ ਬੂਹੇ ਦੇ ਨੇੜੇ ਸੁਣਾਈ ਨਾ ਦਿੱਤੀ। ਦੁਬਾਰਾ ਘੰਟੀ ਵਜਾਈ। ਫਿਰ ਤੀਜੀ ਵਾਰ। ਲੈਚ ਵੱਲ ਦੇਖਿਆ। ਲੈਚ ਤੋਂ ਪਤਾ ਨਾ ਲੱਗਾ ਸਕਿਆ ਕਿ ਰਹਿਣ ਵਾਲੇ ਅੰਦਰ ਹਨ ਜਾਂ ਨਹੀਂ। ਉਤਸਾਹ ਠੰਡਾ ਪੈਣ ਲੱਗਾ। ਸੋਚਣ ਲੱਗੇ। ਸਾਰੇ ਪਰਿਵਾਰ ਸਮੇਤ ਕਿੱਥੇ ਚਲੇ ਗਏ? ਫਿਰ ਉਹੀ ਸ਼ਿਕਾਇਤ ਸਿਰ ਚੁੱਕਣ ਲੱਗੀ। ਜੇ ਜਾਣਾ ਹੀ ਸੀ ਤਾਂ ਘਟੋ-ਘੱਟ ਉਨ੍ਹੰ ਨੂੰ ਫੋਨ ’ਤੇ ਇਤਲਾਹ ਕਰਕੇ ਤਾਂ ਜਾਂਦੇ। ਪਹਿਲੀ ਵਾਰ ਉਨ੍ਹਾਂ ਨੂੰ ਕਰਨਲ ਸਵਾਮੀ ਦੇ ਬੇਗਾਨੇਪਨ ਤੇ ਕ੍ਰੋਧ ਆਇਆ। ਹੇਠਾਂ ਉਤਰ ਜਾਣ ਜਾਂ ਗੁਆਂਢੀ ਦੀ ਘੰਟੀ ਵਜਾ ਕੇ ਹੀ ਹਾਲਾਤ ਜਾਣ ਲੈਣਾ। ਇਹ ਵੀ ਸੰਭਵ ਹੈ ਕਿ ਨੌਇਡਾ ਵਿੱਚ ਹੀ ਕਿਤੇ ਸਾਰੇ ਪਰਿਵਾਰ ਸਮੇਤ ਗਏ ਹੋਣ। ਗੁਆਂਢ ਵਿੱਚ ਘੱਟੋ-ਘੱਟ ਹਾਜ਼ਿਰੀ ਦਰਜ਼ ਕਰਾ ਉਨ੍ਹਾਂ ਨੂੰ ਇਤਲਾਹ ਤਾਂ ਕੀਤੀ ਜਾ ਸਕਦੀ ਹੈ ਕਿ ਉਹ ਉਨ੍ਹਾਂ ਨੂੰ ਮਿਲਣ ਉਨ੍ਹਾਂ ਦੇ ਘਰ ਆਏ ਸਨ। ਉਹ ਉਨ੍ਹਾਂ ਦਾ ਹਾਲ-ਚਾਲ ਜਾਨਣ ਲਈ ਕਿੰਨੇ ਉਤਾਵਲੇ ਰਹੇ ਸਨ। ਕਿੰਨਾ ਮਿਸ ਕਰ ਰਹੇ ਹਨ ਉਨ੍ਹਾਂ ਨੂੰ।

ਜੇ ਇਹ ਗੁਆਂਢੀ ਵੀ ਬਾਬੂ ਜਸਵੰਤ ਸਿੰਘ ਦੀ ਬਾਲਕੋਨੀ ਦੇ ਸਾਹਮਣੇ ਵਾਲੇ ਗੁਆਂਢੀਆਂ ਜਿਹੇ ਹੋਏ ਫਿਰ?

ਝਿਝਕ ਕੇ ਰੁਕ ਗਏ। ਫਿਰ ਸੋਚਿਆ, ਗੁਆਂਢੀ ਭਲੇ ਵੀ ਹੋ ਸਕਦੇ ਹਨ। ਉਹ ਕਿਹੜਾ ਦਾਵਤ ਖਾਣ ਆਏ ਹਨ?

ਉਨ੍ਹਾਂ ਹਿੰਮਤ ਕਰਕੇ ਮਿ. ਐਮ. ਐਨ ਸ਼੍ਰੀਵਾਸਤਵ ਦੇ ਘਰ ਦੀ ਘੰਟੀ ਦਬਾ ਹੀ ਦਿੱਤੀ।

ਆਹਟ ਨੇ ਭਰੋਸਾ ਦਿਲਾਇਆ ਦਰਵਾਜ਼ਾ ਖੁਲ੍ਹਿਆ ਖਿਚੜੀ ਵਾਲਾਂ ਵਾਲੀ ਸੁਚੱਜੀ ਸੁਘੜ ਵੱਡੀ ਉਮਰ ਦੀ ਔਰਤ ਜਿਸ ਨੂੰ ਸੁੰਦਰ ਕਿਹਾ ਜਾ ਸਕਦਾ ਸੀ-ਹੈਰਤ ਭਰੀ ਸਾਹਮਣੇ ਖੜੀ ਦਿੱਸੀ।

“ਹਾਂ ਜੀ?”

ਬਾਬੂ ਜਸਵੰਤ ਸਿੰਘ ਝਿਝਕੇ।

“ਜੀ ਮੈਂ ਕਰਨਲ ਸਵਾਮੀ ਦਾ ਦੋਸਤ ਜਸਵੰਤ ਸਿੰਘ ਹਾਂ। ਮੈਂ ਉਨ੍ਹਾਂ ਨੂੰ ਮਿਲਣ ਆਇਆ ਹਾਂ।”

“ਕਿਥੋਂ ਆਏ ਹੋ ਤੁਸੀਂ?”



“ਨੇੜਿਓ ਹੀ, ਮਯੂਰ ਵਿਹਾਰ ਤੋਂ। ਦਰਅਸਲ ਉਹ ਬਹੁਤ ਦਿਨਾਂ ਤੋਂ ਸੈਰ ਤੇ ਨਹੀਂ ਆਏ। ਸੋਚਿਆ, ਚਲ ਕੇ ਮਿਲ ਆਵਾਂ... ਘਰ ਵਿੱਚ ਕੋਈ ਨਹੀਂ ਹੈ?”

ਔਰਤ ਦਾ ਸੁਰ ਥੋੜਾ ਤਲਖ ਭਰਿਆ ਹੋ ਗਿਆ।

“ਤੁਸੀਂ ਉਨ੍ਹਾਂ ਦੇ ਦੋਸਤ ਹੋ ਤੇ ਤੁਹਾਨੂੰ ਪਤਾ ਨਹੀਂ?”

“ਜੀ...।”

“ਤੁਹਾਡੇ ਦੋਸਤ ਕਰਨਲ ਸਵਾਮੀ ਹੁਣ ਇਸ ਦੁਨੀਆਂ ਵਿੱਚ ਨਹੀਂ ਰਹੇ...।”

“ਕੀ ਮਤਲਬ?”

“ਖੱਤਮ ਹੋ ਗਏ। ਰੱਬ ਨੂੰ ਪਿਆਰੇ ਹੋ ਗਏ...।”

ਬਾਬੂ ਜਸਵੰਤ ਸਿੰਘ ਨੂੰ ਸਮਝ ਹੀ ਨਹੀਂ ਆਇਆ ਕਿ ਉਨ੍ਹਾਂ ਦਾ ਸਿਰ ਘੁੰਮ ਰਿਹਾ ਹੈ ਜਾਂ ਇਮਾਰਤ ਘੁੰਮ ਰਹੀ ਹੈ। ਜਾਂ ਸਿਰਫ ਉਸ ਘਰ ਦੀ ਦੇਹਰੀ, ਜਿੱਥੇ ਉਹ ਖੜੇ ਹਨ। ਟੇਕ ਲੈਣ ਲਈ ਉਨ੍ਹਾਂ ਨੇ 302 ਦੇ ਘਰ ਦੀ ਦੀਵਾਰ ਵੱਲ ਹੱਥ ਵਧਾਇਆ।

ਔਰਤ ਉਨ੍ਹਾਂ ਦੇ ਲੜਖੜਾਉਣ ਤੋਂ ਪਹਿਲਾਂ ਹੀ ਸੁਚੇਤ ਹੋ ਗਈ। ਉਸ ਨੇ ਹੱਥ ਵਧਾ ਕੇ ਬਾਬੂ ਜਸਵੰਤ ਸਿੰਘ ਨੂੰ ਅੰਦਰ ਆਉਣ ਦਾ ਸੱਦਾ ਦਿੱਤਾ, “ਆਓ ਜੀ, ਅੰਦਰ ਆ ਕੇ ਬੈਠੋ।”

ਉਨ੍ਹਾਂ ਨੂੰ ਸੋਫੇ ਤੇ ਚੰਗੀ ਤਰ੍ਹਾਂ ਬਿਠਾ ਕੇ ਔਰਤ ਉਨ੍ਹਾਂ ਲਈ ਪਾਣੀ ਲੈਣ ਰਸੋਈ ਵੱਲ ਚਲੀ ਗਈ। ਉਨ੍ਹਾਂ ਦੇ ਹੱਥੋਂ ਸਾਮਾਨ ਲੈ ਕੇ ਉਸ ਨੇ ਉਨ੍ਹਾਂ ਦੇ ਨੇੜੇ ਹੀ ਸੌਫੇ ਤੇ ਰੱਖ ਦਿੱਤਾ।

ਪਾਣੀ ਠੰਡਾ ਸੀ। ਬਾਬੂ ਜਸਵੰਤ ਸਿੰਘ ਨੇ ਇਸ਼ਾਰੇ ਨਾਲ ਉਨ੍ਹਾਂ ਨੂੰ ਕੋਸਾ ਪਾਣੀ ਲਿਆਉਣ ਲਈ ਕਿਹਾ।

ਔਰਤ ਕੋਸਾ ਪਾਣੀ ਹੀ ਨਹੀਂ ਲਿਆਈ ਸਗੋਂ ਉਸ ਵਿੱਚ ਦੋ ਚਮਚਾਂ ਗਲੋਕੋਜ਼ ਵੀ ਘੋਲ ਲਿਆਈ। ਪਾਣੀ ਪੀ ਕੇ ਉਹ ਸੋਫੇ ਦੀ ਪਿੱਠ ਨਾਲ ਟੇਕ ਲੱਗਾ ਕੇ ਨਿਢਾਲ ਹੀ ਹੋ ਗਏ।

ਉਨ੍ਹਾਂ ਦੀ ਅਜਿਹੀ ਹਾਲਤ ਵੇਖ ਔਰਤ ਨੇ ਕਿਹਾ,

“ਮੈਂ ਥੋੜੀ ਕਾਫੀ ਬਣਾ ਲਿਆਉਂਦੀ ਹਾਂ। ਪੀ ਕੇ ਤੁਸੀਂ ਠੀਕ ਮਹਿਸੂਸ ਕਰੋਗੇ।”

ਬਾਬੂ ਜੀ ਭਾਵਹੀਣ ਹੋਏ ਉਸ ਨੂੰ ਮਨਾ ਵੀ ਨਾ ਕਰ ਸਕੇ।

ਰਸੋਈ ਵੱਲ ਜਾਂਦੇ-ਜਾਂਦੇ ਔਰਤ ਫਿਰ ਮੁੜੀ ਤੇ ਚਿੰਚਿਤੰਤ ਹੋ ਕੇ ਪੁੱਛਿਆ, “ਤੁਸੀਂ ਠੀਕ ਤਾਂ ਹੋ ਨਾ। ਕਿਤੇ ਡਾਕਟਰ ਬੁਲਾਉਣ ਦੀ ਲੋੜ ਤਾਂ ਨਹੀਂ...।”

“ਨਹੀਂ-ਨਹੀਂ ਮੈਂ ਠੀਕ ਹਾਂ। ਮੇਰਾ ਅਜੇ ਹਿਸਾਬ-ਕਿਤਾਬ ਹੋਣਾ ਬਾਕੀ ਹੈ ਮਿਸਿਜ ਸ਼੍ਰੀਵਾਸਤਵ।”

ਬਾਬੂ ਜੀ ਨੂੰ ਤੁਰੰਤ ਮਹਿਸੂਸ ਹੋਇਆ ਕਿ ਉਨ੍ਹਾਂ ਦੇ ਅਟਪਟੇ ਵਾਕ ਨੇ ਮਿਸਿਜ ਸ਼੍ਰੀ ਵਾਸਤਵ ਨੂੰ ਕਿਤੇ ਹੋਰ ਪਰੇਸ਼ਾਨ ਤਾਂ ਨਹੀਂ ਕਰ ਦਿੱਤਾ। ਉਨ੍ਹਾਂ ਦੀ ਮਨੋਸਥਿਤੀ ਹੀ ਅਜਿਹੀ ਹੋ ਰਹੀ ਹੈ। ਫਿਰ ਵੀ ਉਹ ਇਸ ਗੱਲੋਂ ਸੁਚੇਤ ਹੋ ਗਏ ਕਿ ਕਿਸੇ ਅਜਨਬੀ ਇਸਤਰੀ ਨੂੰ ਆਪਣੇ ਲਈ ਬਿਨਾਂ ਵਜ੍ਹਾ ਫਿਕਰ ਵਿੱਚ ਪਾਉਣਾ, ਠੀਕ ਨਹੀਂ ਹੋਏਗਾ।

ਉਨ੍ਹਾਂ ਨੇ ਜਿਵੇਂ ਸਫਾਈ ਦਿੱਤੀ, “ਇਸ ਅਣਹੋਣੀ ਨੂੰ ਝੇਲਣ ਦੀ ਹਿੰਮਤ ਪੈਦਾ ਕਰ ਰਿਹਾ ਹਾਂ।”

ਮਿਸਿਜ਼ ਸ੍ਰੀਵਾਸਤਵ ਸਿਰਫ ਉਨ੍ਹਾਂ ਲਈ ਹੀ ਨਹੀਂ, ਕਾਫੀ ਆਪਣੇ ਲਈ ਵੀ ਬਣਾ ਕੇ ਲੈ ਆਈ। ਸੋਚਿਆ ਹੋਣਾ, ਇਕੱਠੇ ਕਾਫੀ ਪੀਂਦਿਆਂ ਬਾਬੂ ਜਸਵੰਤ ਸਿੰਘ ਓਪਰਾਪਨ ਮਹਿਸੂਸ ਨਹੀਂ ਕਰਨਗੇ, ਸਗੋਂ ਥੋੜਾ ਸਹਿਜ ਹੋ ਜਾਣਗੇ, ਜਿਸ ਦੀ ਉਨ੍ਹਾਂ ਨੂੰ ਇਨ੍ਹਾਂ ਨਾਜ਼ੁਕ ਪਲਾਂ ਵਿੱਚ ਲੋੜ ਵੀ ਸੀ।

“ਕਦੋਂ ਗੁਜ਼ਰ ਗਏ...?”

“ਅੱਜ ਉਨ੍ਹਾਂ ਨੂੰ ਗਏ ਬਾਰ੍ਹਾਂ ਦਿਨ ਹੋ ਗਏ। ਤੀਹ ਨਵੰਬਰ ਸਵੇਰੇ...।”

“ਭਾਈ ਸਾਹਬ, ਹਮੇਸ਼ਾ ਵਾਂਗ ਖੁਸ਼ੀ-ਖੁਸ਼ੀ ਸਵੇਰ ਦੀ ਸੈਰ ਲਈ ਨਿਕਲੇ। ਸੱਤ-ਅੱਠ ਪੌੜੀਆਂ ਉਤਰਦੇ ਹੀ ਉਨ੍ਹਾਂ ਦੀ ਛਾਤੀ ਵਿੱਚ ਅਚਾਨਕ ਭਿਆਨਕ ਦਰਦ ਹੋਇਆ। ਦਰਦ ਨਾਲ ਬੇਹਾਲ ਹੋ ਉਹ ਪੌੜੀਆਂ ਤੇ ਹੀ ਬੈਠ ਗਏ। ਕੁਝ ਦੇਰ ਬਾਅਦ ਹਿੰਮਤ ਕਰਕੇ ਉਨ੍ਹਾਂ ਸਾਡੇ ਘਰ ਦੀ ਘੰਟੀ ਵਜਾਈ। ਸ੍ਰੀਵਾਸਤਵ ਨੇ ਬੂਹਾ ਖੋਲ੍ਹਿਆ। ਉਨ੍ਹਾਂ ਨੂੰ ਪਸੀਨੇ ਵਿੱਚ ਤਰ ਵੇਖ ਉਨ੍ਹਾਂ ਨੇ ਕਿਸੇ ਤਰ੍ਹਾਂ ਸੋਫੇ ਤੇ ਲੰਮਾ ਪਾਇਆ ਅਤੇ ਫੌਰਨ ਫੈਮਿਲੀ ਡਾਕਟਰ ਨੂੰ ਫੋਨ ਕੀਤਾ। ਉਨ੍ਹਾਂ ਨੂੰ ਦੇਖਦੇ ਹੀ ਡਾਕਟਰ ਨੇ ਕਹਿ ਦਿੱਤਾ-

"ਭਾਈ ਸਾਹਬ ਨੂੰ ਦਿਲ ਦਾ ਦੌਰਾ ਪਿਆ ਹੈ। ਨਰਸਿੰਗ ਹੋਮ ਦੇ ਚੱਕਰਾਂ ਵਿੱਚ ਵੇਲਾ ਨਾ ਗਵਾਉਣ ਸਿੱਧਾ ਲੈ ਜਾ ਕੇ ਐਮਰਜੈਂਸੀ -ਅਪੋਲੋ ਵਿੱਚ ਦਾਖਿਲ ਕਰਵਾ ਦਿਓ।'ਅਪੋਲੋ' ਲੈ ਜਾਂਦੇ ਹੀ ਰਸਤੇ ਵਿੱਚ ਉਨ੍ਹਾਂ ਨੂੰ ਦੂਸਰਾ ਸੀਵਿਅਰ ਅਟੈਕ ਹੋਇਆ ਅਤੇ ਉਸ ਅਟੈਕ ਨੂੰ ਭਾਈ ਸਾਹਬ ਝੇਲ ਨਹੀਂ ਪਾਏ...।"

ਉਸ ਵੇਲੇ ਕਿੱਥੇ ਸਨ ਬਾਬੂ ਜਸਵੰਤ ਸਿੰਘ?

ਉਹ ਉਸ ਵੇਲੇ ਮਯੂਰ ਵਿਹਾਰ ਵਾਲੀ ਪੁਲੀ 'ਤੇ ਉਨ੍ਹਾਂ ਦੀ ਉਡੀਕ ਕਰ ਰਹੇ ਸਨ। ਉਨ੍ਹਾਂ ਦੀਆਂ ਅੱਖਾਂ ਭਰ ਆਈਆਂ। ਇੰਜ ਵੀ ਮੌਤ ਆਉਂਦੀ ਹੈ। ਇਸ ਰੂਪ ਵਿੱਚ। ਪੌੜੀਆਂ 'ਤੇ। ਉਨ੍ਹਾਂ ਹੀ ਪੌੜੀਆਂ ਨੂੰ ਪਾਰ ਕਰਕੇ ਉਪਰ ਆਏ ਹਨ ਉਹ।

"ਘਰ ਵਿੱਚ... ਨੂੰਹਾਂ ਬੱਚੇ ਸਾਰੇ ਕਿੱਥੇ ਗਏ ਹੋਏ ਸਨ?"

"ਕਿਹੜੀ ਨੂੰਹ ਤੇ ਬੱਚੇ।" ਮਿਸਿਜ ਸ੍ਰੀਵਾਸਤਵ ਨੂੰ ਬਾਬੂ ਜਸਵੰਤ ਸਿੰਘ ਦੇ ਪ੍ਰਸ਼ਨ ਨੇ ਅਚੰਭਿਤ ਕਰ ਦਿੱਤਾ।

"ਮਾਧਵੀ, ਅਨੁਸ੍ਰੀ, ਗਿਲੀਗਡੂ, ਬੇਟਾ ਸ੍ਰੀਨਾਰਾਇਣ...।"

"ਪਿਛਲੇ ਅੱਠ ਵਰ੍ਹਿਆਂ ਤੋਂ ਅਸੀਂ ਭਾਈ ਸਾਹਿਬ ਨੂੰ ਇਕੱਲੇ ਹੀ ਰਹਿੰਦੇ ਦੇਖਿਆ ਹੈ।"

ਬਾਬੂ ਜਸਵੰਤ ਸਿੰਘ ਨੂੰ ਲੱਗਾ ਕਿ ਕਿਸੇ ਨੇ ਉਨ੍ਹਾਂ ਨੂੰ ਤੀਸਰੀ ਮੰਜ਼ਿਲ ਤੋਂ ਚੁੱਕ ਕੇ ਹੇਠਾਂ ਸੁੱਟ ਦਿੱਤਾ ਹੋਵੇ...।

ਹੱਕੇ-ਬੱਕੇ ਹੋਏ ਉਹ ਮਿਸਿਜ ਸ੍ਰੀਵਾਸਤਵ ਦੇ ਬੁੱਲ੍ਹਾਂ ਦਾ ਖੁਲਣਾ-ਬੰਦ ਹੋਣਾ ਦੇਖਦੇ ਰਹੇ। ਇਹ ਕੀ ਕਹਿ ਰਹੀ ਹੈ, ਬੀਬੀ। ਭੁੱਲਣ ਦਾ ਰੋਗ ਉਨ੍ਹਾਂ ਨੂੰ ਅਜੇ ਸ਼ੁਰੂ ਨਹੀਂ ਹੋਇਆ।

ਮਿਸਿਜ਼ ਸ੍ਰੀਵਾਸਤਵ ਦੱਸ ਰਹੀ ਸੀ, ਜੋ ਉਹ ਦੱਸ ਰਹੀ ਸੀ... ਉਹ ਧੂੰਏ ਦੇ ਗੁਬਾਰ ਵਾਂਗ ਬਾਬੂ ਜੀ ਦੇ ਸਿਰ ਉਤੇ ਚੜ੍ਹਦਾ ਜਾ ਰਿਹਾ ਸੀ। ਚੌਰਾਨਵੇਂ ਦੀ ਗੱਲ ਹੋਣੀ ਹੈ। ਪਤਨੀ ਦੀ ਮੌਤ ਮਗਰੋਂ ਕਰਨਲ ਸਵਾਮੀ ਇਕ-ਦਮ ਇਕੱਲੇ ਹੋ ਗਏ ਸਨ। ਤਿੰਨ ਪੁੱਤਰਾਂ ਨੇ ਉਦੋਂ ਤਕ ਨਵੀਂ ਨੌਕਰੀਆਂ ਲੈ ਨਵੇਂ ਭਵਿੱਖ ਦੀ ਤਲਾਸ਼ ਵਿੱਚ ਨਵੇਂ ਸ਼ਹਿਰਾਂ ਵਿੱਚ ਆਪਣਾ ਡੇਰਾ ਬਣਾ ਲਿਆ ਸੀ। ਖੋਖਲੇ ਵਾਇਦਿਆਂ ਦੇ ਢੇਰ 'ਤੇ ਪੁੱਤਰਾਂ ਨੇ ਕਰਨਲ ਸਵਾਮੀ ਨੂੰ ਬਿਠਾਇਆ ਹੋਇਆ ਸੀ ਕਿ ਜਲਦੀ ਹੀ ਉਹ ਆਪਣੇ ਅੱਪੂ ਨੂੰ ਆਪਣੇ ਕੋਲ ਬੁਲਾ ਲੈਣਗੇ। ਬੰਗਲੌਰ, ਹੈਦਰਾਬਾਦ ਵਿੱਚ ਕੁਝ ਹੀ ਸਮੇਂ ਵਿੱਚ ਉਨ੍ਹਾਂ ਦੇ ਆਪਣੇ ਛੋਟੇ ਮੋਟੇ ਫਲੈਟ ਵੀ ਹੋ ਗਏ ਸਨ। ਪਿਛਲੀਆਂ ਗਰਮੀਆਂ ਵਿੱਚ ਵਿਚਕਾਰਲਾ ਸ੍ਰੀਨਾਰਾਇਣ ਹੈਦਰਾਬਾਦ ਤੋਂ ਆਇਆ ਸੀ। ਆਇਆ ਉਹ ਕਿਸੇ ਖਾਸ ਮਕਸਦ ਨਾਲ ਹੀ ਸੀ। ਉਸ ਦਾ ਕਹਿਣਾ ਸੀ ਕਿ ਇਕੱਲੇ ਅੱਪੂ ਦਾ ਨੌਇਡਾ ਵਿੱਚ ਚਾਰ ਕਮਰਿਆਂ ਵਾਲੇ ਫਲੈਟ ਵਿੱਚ ਰਹਿਣਾ ਫਜ਼ੂਲ ਹੀ ਹੈ। ਕਿਉਂ ਨਹੀਂ ਉਹ ਇਸ ਫਲੈਟ ਨੂੰ ਵੇਚ ਕੇ ਇਸ ਤੋਂ ਮਿਲਣ ਵਾਲੀ ਰਕਮ ਨੂੰ ਤਿੰਨੋਂ ਭਰਾਵਾਂ ਵਿੱਚ ਵੰਡ ਦੇਂਦੇ? ਉਨ੍ਹਾਂ ਦੇ ਫਲੈਟ ਕਾਫੀ ਛੋਟੇ ਹਨ। ਤਿੰਨਾਂ ਨੇ ਆਪਣੇ ਆਪਣੇ ਸ਼ਹਿਰ ਵਿੱਚ ਪਲਾਟ ਖਰੀਦੇ ਹੋਏ ਹਨ ਤੇ ਹੁਣ ਇਸ ਗੱਲ ਦੀ ਜ਼ਰੂਰਤ ਮਹਿਸੂਸ ਹੋ ਰਹੀ ਹੈ ਕਿ ਉਹ ਆਪਣੇ ਪਲਾਟਾਂ ਉਤੇ ਆਪਣੇ ਮਨਪਸੰਦ ਬੰਗਲੇ ਨਿਰਮਾਣ ਕਰ, ਛੇਤੀ ਹੀ ਖੁਲ੍ਹੇ ਘਰਾਂ ਵਿੱਚ ਪਹੁੰਚ ਕੇ ਖੁਲ੍ਹ ਕੇ ਰਹਿ ਸਕਣ। ਖੁਲ੍ਹ ਕੇ ਰਹਿਣ ਲਈ ਉਨ੍ਹਾਂ ਨੂੰ ਤਗੜੀ ਰਕਮ ਦੀ ਲੋੜ ਹੈ। ਲੋਨ ਦੇ ਚੱਕਰ ਵਿੱਚ ਉਹ ਫੱਸਣਾ ਨਹੀਂ ਚਾਹੁੰਦੇ। ਫਸੱਣ ਵੀ ਕਿਉਂ ਜਦੋਂ ਸਾਧਨ ਘਰ ਵਿੱਚ ਮੌਜੂਦ ਹਨ।

ਕਰਨਲ ਸਵਾਮੀ ਪਹਿਲਾਂ ਹੀ ਰਾਜਨਗਰ ਸਥਿਤ ਗਾਜ਼ਿਆਬਾਦ ਵਾਲੇ ਕੀਮਤੀ ਫਲੈਟ ਨੂੰ ਵੇਚਕੇ ਉਨ੍ਹਾਂ ਨੂੰ ਫਲੈਟ ਖਰੀਦਣ ਵਿੱਚ ਮਦਦ ਦੇ ਚੁੱਕੇ ਸਨ। ਉਨ੍ਹਾਂ ਨੇ ਸ੍ਰੀਨਾਰਾਇਣ ਦਾ ਇਹ ਪ੍ਰਸਤਾਵ ਠੁਕਰਾ ਦਿੱਤਾ। ਕ੍ਰੋਧਿਤ ਹੋਏ ਸ੍ਰੀਨਾਰਾਇਣ ਨੇ ਬਾਪ ਉਤੇ ਹੱਥ ਚੁੱਕ ਲਿਆ। ਕਰਨਲ ਸਵਾਮੀ ਦੇ ਰੋਣ ਚੀਖਣ ਦੀ ਦਰਦ ਭਰੀ ਆਵਾਜ਼ ਸੁਣ ਕੇ ਮਿਸਟਰ ਅਤੇ ਮਿਸਿਜ ਸ੍ਰੀਵਾਸਤਵ ਦਾ ਦਿਲ ਦਹਿਲ ਗਿਆ। ਦਰਵਾਜ਼ਾ ਭੰਨ ਦਿੱਤਾ। ਸ੍ਰੀਨਾਰਾਇਣ ਤੋਂ ਉਨ੍ਹਾਂ ਨੇ ਦਰਵਾਜ਼ਾ ਖੋਲ੍ਹਣ ਦੀ ਮਿੰਨਤ ਕੀਤੀ। ਪਰ ਸ੍ਰੀਨਾਰਾਇਣ ਨੇ ਉਨ੍ਹਾਂ ਨੂੰ, ਉਨ੍ਹਾਂ ਦੇ ਆਪਸੀ ਮਾਮਲਿਆਂ ਵਿੱਚ ਦਖਲ ਨਾ ਦੇਣ ਦੀ ਧਮਕੀ ਦਿੱਤੀ। ਘਬਰਾ ਕੇ ਸ੍ਰੀਵਾਸਤਵ ਨੇ ਸੌ ਨੰਬਰ ਡਾਇਲ ਕਰ ਕੇ ਪੁਲਿਸ ਨੂੰ ਸਹਾਇਤਾ ਲਈ ਬੁਲਾ ਲਿਆ। ਪੁਲਿਸ ਨੇ ਆ ਕੇ ਦਰਵਾਜ਼ਾ ਖੁਲਵਾਇਆ। ਲਹੂ-ਲੁਹਾਣ ਹੋਏ ਕਰਨਲ ਸਵਾਮੀ ਨੂੰ 'ਕੈਲਾਸ਼ ਹਸਪਤਾਲ ਵਿੱਚ ਦਾਖਿਲ ਕਰਵਾਇਆ ਗਿਆ। ਬੋਲਣ ਦੇ ਕਾਬਿਲ ਹੁੰਦੇ ਹੀ ਉਨ੍ਹਾਂ ਨੇ ਪੁੱਤਰ ਦੇ ਵਿਰੁੱਧ ਐਫ. ਆਈ. ਆਰ. ਦਰਜ਼ ਕਰਾਉਣ ਲਈ ਮਨਾ ਕਰ ਦਿੱਤਾ। ਸ੍ਰੀ ਨਾਰਾਇਣ ਨੇ ਅੱਪੂ ਦੇ ਪੈਰ ਫੜ ਕੇ ਮਾਫੀ ਜੋ ਮੰਗ ਲਈ ਸੀ।



ਬਾਬੂ ਜਸਵੰਤ ਸਿੰਘ ਨੇ ਅਨੁਸ਼੍ਰੀ ਦਾ ਜ਼ਿਕਰ ਕੀਤਾ। ਉਸਦਾ ਕਿੱਸਾ ਵੀ ਸੁਣ ਲਵੋ। ਘੱਟ ਦੁਖਦਾਈ ਨਹੀਂ। ਡੇਢ ਸਾਲ ਦੀਆਂ ਮਾਸੂਮ ਜੁੜਵਾਂ ਧੀਆਂ ਨੂੰ ਛੱਡ ਉਸ ਨੇ ਆਪਣੇ ਨਿਤ੍ਰ ਗੁਰੂ ਨਾਲ ਡੰਕੇ ਦੀ ਚੋਟ 'ਤੇ ਰਹਿਣਾ ਸ਼ੁਰੂ ਕਰ ਦਿੱਤਾ। ਬੱਚੀਆਂ ਨੂੰ ਜਤਨ ਨਾਲ ਉਨ੍ਹਾਂ ਦੀ ਦਾਦੀ ਨੇ ਹੀ ਪਾਲਿਆ ਪੋਸਿਆ। ਇੱਥੇ ਏ. ਪੀ. ਜੇ ਸਕੂਲ ਵਿੱਚ ਨਰਸਰੀ ਵਿੱਚ ਉਨ੍ਹਾਂ ਨੂੰ ਦਾਖਿਲ ਕਰਾਇਆ। ਉਨ੍ਹਾਂ ਦੀ ਦਾਦੀ ਦੇ ਗੁਜ਼ਰ ਜਾਣ ਮਗਰੋਂ ਸ੍ਰੀਨਾਰਾਇਣ ਬੱਚੀਆਂ ਨੂੰ ਆ ਕੇ ਲੈ ਗਿਆ। ਉਸੇ ਦੌਰਾਨ ਉਸ ਨੇ ਕਰਨਲ ਸਵਾਮੀ ਦੀ ਇੱਛਾ ਦੇ ਵਿਰੁੱਧ ਜਾ ਕੇ ਦੂਸਰਾ ਵਿਆਹ ਕਰ ਲਿਆ ਤੇ ਬੱਚੀਆਂ ਨੂੰ ਹੈਦਰਾਬਾਦ ਵਿੱਚ ਹੀ ਹੋਸਟਲ ਵਿੱਚ ਪਾ ਦਿੱਤਾ। ਬੱਚੀਆਂ ਦੀਆਂ ਤਸਵੀਰਾਂ ਕਰਨਲ ਸਵਾਮੀ ਨੇ ਆਪਣੇ ਸਾਰੇ ਘਰ ਵਿੱਚ ਲੱਗਾਈਆਂ ਹੋਈਆਂ ਹਨ। ਬੱਚੀਆਂ ਪਿਤਾ ਤੋਂ ਛੁਪ-ਛੁਪ ਕੇ ਕਦੇ ਕਦੇ ਉਨ੍ਹਾਂ ਨੂੰ ਫੋਨ ਕਰਦੀਆਂ ਹੁੰਦੀਆਂ ਸਨ। ਕਰਨਲ ਸਵਾਮੀ ਸ੍ਰੀ ਨਾਰਾਇਣ ਤੋਂ ਛੁਪ ਕੇ ਹੈਦਰਾਬਾਦ ਬੱਚੀਆਂ ਨੂੰ ਮਿਲਣ ਅਕਸਰ ਜਾਇਆ ਕਰਦੇ ਸਨ। ਹੋਟਲ ਵਿੱਚ ਹੀ ਰਹਿੰਦੇ ਸਨ। ਕਿਸੇ ਰਿਸ਼ਤੇਦਾਰ ਨੂੰ ਭਿਣਕ ਤੱਕ ਨਹੀਂ ਲੱਗਣ ਦੇਂਦੇ ਸਨ। ਦੱਸਿਆ ਸੀ ਉਨ੍ਹਾਂ ਨੇ। ਹੋਸਟਲ ਦੀ ਵਾਰਡਨ ਮਿਲਟਰੀ ਦੇ ਉਨ੍ਹਾਂ ਦੇ ਇਕ ਜਿਗਰੀ ਦੋਸਤ ਦੀ ਵਿਧਵਾ ਹੈ...।

"ਅਜਿਹੀ ਕਸਾਈ ਔਲਾਦ ਤੋਂ ਤਾਂ ਬੰਦਾ ਔਂਤਰਾ ਹੀ ਚੰਗਾ। ਸਾਨੂੰ ਇਸ ਗੱਲ ਦਾ ਕੋਈ ਗਮ ਨਹੀਂ ਕਿ ਸਾਡੀ ਕੋਈ ਔਲਾਦ ਨਹੀਂ...।" ਮਿਸਿਜ ਸ਼੍ਰੀਵਾਸਤਵ ਦਾ ਗੱਚ ਭਰ ਆਇਆ।

ਉਨ੍ਹਾਂ ਲੋਕਾਂ ਨੇ ਉਨ੍ਹਾਂ ਨੂੰ 'ਮੋਰਚਰੀ' ਵਿੱਚ ਰੱਖ ਦਿੱਤਾ ਸੀ।

ਵੱਡੇ ਪੁੱਤਰ ਅਤੇ ਉਸ ਦੀ ਪਤਨੀ ਮਾਧਵੀ ਨੂੰ ਬੰਗਲੌਰ ਇਤਲਾਹ ਦਿੱਤੀ।

ਬੜੀ ਮੁਸ਼ਕਿਲ ਨਾਲ ਸੰਗੀਤ ਨਾਟਕ ਅਕਾਦਮੀ ਤੋਂ ਮਾਧਵੀ ਜੀ ਦਾ ਬੰਗਲੌਰ ਦਾ ਟੇਲੀਫੋਨ ਨੰਬਰ ਮਿਲਿਆ। ਮਿਸਿਜ ਸ੍ਰੀਵਾਸਤਵ ਨੂੰ ਯਾਦ ਆਇਆ ਕਿ ਪਿਛਲੇ ਵਰ੍ਹੇ ਉਸ ਨੂੰ ਅਕਾਦਮੀ ਸਨਮਾਨ ਨਾਲ ਸਨਮਾਨਿਤ ਕੀਤਾ ਗਿਆ ਸੀ। ਘਰ ਵਿੱਚ ਨਜ਼ਰ ਮਾਰਨ ਦੇ ਬਾਵਜੂਦ ਉਨ੍ਹਾਂ ਨੂੰ ਐਡਰੇਸ ਆਦਿ ਦੀ ਕੋਈ ਡਾਇਰੀ ਨਾ ਲੱਭੀ। ਸ਼ਾਮ ਦੀ ਫਲਾਇਟ ਤੋਂ ਹੀ ਪਤੀ-ਪਤਨੀ ਦਿੱਲੀ ਆ ਗਏ। ਉਨ੍ਹਾਂ ਨੇ ਹੀ ਦੱਸਿਆ ਕਿ ਦੋਵੇਂ ਬਾਕੀ ਭਰਾ ਆਪਣੇ ਕੰਮਾਂ ਕਾਰਣ ਦਾਹ ਸੰਸਕਾਰ ਵਿੱਚ ਸ਼ਾਮਿਲ ਨਹੀਂ ਹੋ ਸਕਣਗੇ। ਗੱਡੀ ਰਾਹੀਂ ਸਮੇਂ ਤੇ ਪਹੁੰਚਣਾ ਮੁਸ਼ਕਿਲ ਹੈ। ਹਵਾਈ ਕਿਰਾਇਆ ਉਨ੍ਹਾਂ ਦੀ ਪਹੁੰਚ ਤੋਂ ਬਾਹਰ ਹੈ। ਪਹਿਲੀ ਨੂੰ ਕਰਨਲ ਸਵਾਮੀ ਦਾ ਦਾਹ ਸੰਸਕਾਰ ਕਰ ਦਿੱਤਾ ਗਿਆ। ਚੌਥੇ ਤਕ ਰੁਕਣ ਲਈ ਉਨ੍ਹਾਂ ਕੋਲ ਸਮਾਂ ਨਹੀਂ ਸੀ। ਫੁੱਲ ਚੁਣ ਕੇ ਉਹ ਬੰਗਲੌਰ ਚਲੇ ਗਏ। ਦੱਸਿਆ ਕਿ ਉਨ੍ਹਾਂ ਲੋਕਾਂ ਵਿਚਕਾਰ ਕਾਫੀ ਭਾਰੀ ਕਰਮਕਾਂਡ ਕੀਤਾ ਜਾਂਦਾ ਹੈ। ਜੋ ਵੀ ਹੋਏਗਾ ਹੁਣ ਉਥੇ ਹੀ ਕਰ ਲੈਣਗੇ। ਆਖਿਰ ਸਾਰੀ ਰਿਸ਼ਤੇਦਾਰੀ ਵੀ ਉਥੇ ਹੀ ਹੈ।

ਘਰੋਂ ਕੀ ਚੁੱਕ ਕੇ ਲੈ ਗਏ ਹਨ, ਕੀ ਨਹੀਂ-ਇਸ ਬਾਰੇ ਮਿਸਿਜ਼ ਸ਼੍ਰੀਵਾਸਤਵ ਨੂੰ ਕੁਝ ਪਤਾ ਨਹੀਂ। ਜਾਨਣ ਦੀ ਲੋੜ ਵੀ ਨਹੀਂ ਸੀ। ਵੱਡੇ ਪੁੱਤਰ ਨੇ ਸ੍ਰੀਵਾਸਤਵ ਜੀ ਅੱਗੇ ਇਲਤਜ਼ਾ ਕੀਤੀ, ਜਿੱਥੇ ਉਨ੍ਹਾਂ ਐਨੀ ਮਦਦ ਕੀਤੀ ਹੈ, ਥੋੜੀ ਹੋਰ ਕਰਨ। ਉਨ੍ਹਾਂ ਘਰ ਵੇਚਣਾ ਹੈ। ਆਲੇ-ਦੁਆਲੇ ਦੇ ਪ੍ਰਾਪਟੀ ਡੀਲਰਾਂ ਨੂੰ ਕਹਿ ਦੇਣ ਕਿ 303 ਵਿਕਾਊ ਹੈ। ਉਨ੍ਹਾਂ ਨੂੰ ਬੰਗਲੌਰ ਦਾ ਫੋਨ ਨੰਬਰ ਦੇ ਦੇਣ। ਸਹੀ ਪ੍ਰਸਤਾਵ ਮਿਲਦੇ ਹੀ ਉਹ ਫੌਰਨ ਆ ਜਾਣਗੇ। ਉਸੇ ਵੇਲੇ ਡੈਥ-ਸਰਟੀਫਿਕੇਟ ਲੈ ਕੇ ਬੈਂਕ ਆਦਿ ਦਾ ਕੰਮ ਵੀ ਨਿਪਟਾ ਜਾਣਗੇ। ਸਾਮਾਨ ਵੀ ਵੇਚਣਾ ਹੋਏਗਾ। ਉਨ੍ਹਾਂ ਲੋਕਾਂ ਦੇ ਕਿਸੇ ਕੰਮ ਦਾ ਨਹੀਂ। ਸਗੋਂ ਉਨ੍ਹਾਂ ਨੂੰ ਹੈਰਾਨੀ ਹੈ ਕਿ ਅੱਪੂ ਅਜੇ ਤਕ ਬਲੈਕ ਐਂਡ ਵਾਈਟ ਟੀ. ਵੀ. ਨਾਲ ਹੀ ਕਿਵੇਂ ਗੁਜ਼ਾਰਾ ਕਰ ਰਹੇ ਸਨ?

ਸ਼ਾਮ ਚਾਰ ਵਜੇ ਦੇ ਕਰੀਬ ਝੁੱਗੀਆਂ-ਝੌਂਪੜੀਆਂ ਦੇ ਬੱਚੇ ਆਉਂਦੇ ਸਨ ਕਰਨਲ ਸਵਾਮੀ ਕੋਲ ਪੜ੍ਹਨ ਲਈ। ਆਪਣੀ ਆਮਦਨੀ ਦਾ ਕਰੀਬ ਅੱਧਾ ਹਿੱਸਾ ਉਹ ਉਨ੍ਹਾਂ ਬੱਚਿਆਂ ਦੀਆਂ ਜ਼ਰੂਰਤਾਂ ਉਤੇ ਹੀ ਖਰਚ ਕਰਦੇ ਹੁੰਦੇ ਸਨ। ਖਾਣਾ ਵੀ ਆਪ ਬਣਾਉਂਦੇ ਸਨ। ਇੱਡਲੀ ਐਨ੍ਹੀ ਨਰਮ ਬਣਾਉਂਦੇ ਸਨ ਕਿ ਚੰਗਿਆਂ ਚੰਗਿਆਂ ਤੋਂ ਵੀ ਨਾ ਬਣੇ। ਬੱਚਿਆਂ ਨੂੰ ਬੜੇ ਚਾਅ ਨਾਲ ਖਵਾਉਂਦੇ ਸਨ ਮੇਦੂ ਬੜਾ ਅਤੇ ਇੱਡਲੀ।

ਰੋਜ਼ ਵਾਂਗ ਪੜ੍ਹਨ ਆਏ ਬੱਚੇ ਆਪਣੇ ਮਾਸਟਰ ਜੀ ਦੀ ਮੌਤ ਦੀ ਖਬਰ ਸੁਣ ਕੇ ਸੁੰਨ ਹੀ ਹੋ ਗਏ। ਦੂਸਰੇ ਦਿਨ ਉਨ੍ਹਾਂ ਦੀ ਨਿਰਜਿੰਦ ਦੇਹ ਨਾਲ ਲਿਪਟ-ਲਿਪਟ ਕੇ ਰੋਏ। ਐਨਾ ਰੋਏ ਕਿ ਅਰਥੀ ਹੀ ਨਹੀਂ ਉਠਣ ਦੇ ਰਹੇ ਸਨ। ਉਨ੍ਹਾਂ ਦੇ ਮਾਪਿਆਂ ਨੇ ਬੜੀ ਮੁਸ਼ਕਿਲ ਨਾਲ ਉਨ੍ਹਾਂ ਨੂੰ ਰੋਕਿਆ।

ਮਿਸਿਜ ਸ਼੍ਰੀਵਾਸਤਵ ਵੀ ਆਪਣੇ ਆਪ ਨੂੰ ਰੋਕ ਨਾ ਸਕੀ। ਮੂੰਹ ਫੇਰ ਉਸ ਨੇ ਆਪਣੀਆਂ ਅੱਖਾਂ ਪੂੰਝੀਆਂ।

ਆਪਣੀਆਂ ਅੱਖਾਂ ਦੀ ਨਮੀ ਛੁਪਾਉਣ ਲਈ ਬਾਬੂ ਜਸਵੰਤ ਸਿੰਘ ਅਚਾਨਕ ਉੱਠ ਖੜੇ ਹੋਏ ਤੇ ਮੂੰਹ ਹੇਠਾਂ ਕੀਤੇ ਹੀ ਹੱਥ ਜੋੜ ਕੇ ਬੋਲੇ, "ਚੰਗਾ, ਮੈਂ ਚਲਦਾ ਹਾਂ ਭੈਣ ਜੀ...।"

"ਬੰਗਲੌਰ ਵਿੱਚ ਅੱਜ ਤੇਰ੍ਹਵੀ ਕੀਤੀ ਜਾ ਰਹੀ ਹੋਏਗੀ। ਪ੍ਰਾਰਥਨਾ ਕਰੋ। ਜੇ ਪ੍ਰਮਾਤਮਾ ਕਿਤੇ ਹੈ ਤਾਂ ਭਾਈ ਸਾਹਿਬ ਦੀ ਆਤਮਾ ਨੂੰ ਸ਼ਾਂਤੀ ਦੇਵੇ...।"

"ਠਹਿਰੋ ਜੀ...।" ਅਗਲੇ ਹੀ ਪਲ ਮਿਸਿਜ ਸ੍ਰੀਵਾਸਤਵ ਨੇ ਕੇਕ ਦਾ ਡਿੱਬਾ ਅਤੇ ਆਈਸਕ੍ਰੀਮ ਦਾ ਪੈਕ ਉਨ੍ਹਾਂ ਵੱਲ ਵਧਾਇਆ , "ਤੁਹਾਡੇ ਡਿੱਬੇ...।"

"ਬਸਤੀ ਦੇ ਬੱਚੇ ਹੁਣ ਨਹੀਂ ਆਉਂਦੇ?"

"ਹੁਣ ਕਿਸ ਕੋਲ ਆਉਣਗੇ? ਉਨ੍ਹਾਂ ਦੇ ਮਾਸਟਰ ਜੀ ਤਾਂ ਰਹੇ ਨਹੀਂ?"

"ਤੁਸੀਂ ਬਸਤੀ ਤਕ ਜਾ ਸਕਦੇ ਹੋ?"

ਇਕ ਪਲ ਮਿਸਿਜ਼ ਸ਼੍ਰੀਵਾਸਤਵ ਖਾਮੋਸ਼ ਰਹੀ, ਫਿਰ ਬੋਲੀ,

"ਜਾ ਸਕਦੀ ਹਾਂ...।"

"ਜੇ ਜਾ ਸਕਦੇ ਹੋ ਤਾਂ ਇਹ ਕੇਕ ਉਨ੍ਹਾਂ ਨੂੰ ਵੰਡ ਦੇਣਾ... ਤੇਰ੍ਹਵੀਂ ਦੇ ਪ੍ਰਸਾਦ ਤੋਂ ਉਹ ਕਿਉਂ ਵਾਂਝੇ ਰਹਿਣ।"

ਉਨ੍ਹਾਂ ਦੇ ਹੇਠਾਂ ਉਤਰਣ ਤਕ ਮਿਸਿਜ ਸ਼੍ਰੀਵਾਸਤਵ ਪੌੜੀਆਂ ਵਿੱਚ ਹੀ ਖੜੀ ਰਹੀ।

ਰੇਲਿੰਗ ਦੇ ਸਹਾਰੇ ਪੌੜੀਆਂ ਉਤਰਦੇ ਹੋਏ ਬਾਬੂ ਜਸਵੰਤ ਸਿੰਘ ਹਰ ਪੌੜੀ ਤੇ ਸਹਿਮਦੇ ਰਹੇ। ਕਿਹੜੀ ਪੌੜੀ ਸੀ ਆਖਿਰ ਉਹ? ਉਸ ਪੌੜੀ 'ਤੇ ਪੈਰ ਨਹੀਂ ਰੱਖਣਾ ਚਾਹੁੰਦੇ ਸਨ। ਉਸ ਨੂੰ ਹੱਥ ਨਾਲ ਛੂੰਹਣਾ ਚਾਹੁੰਦੇ ਸਨ। ਜਾਨ ਕਿਧਰੇ ਵੀ ਨਿਕਲੀ ਹੋਵੇ... ਸਾਹ ਇੱਥੋਂ ਹੀ ਮੁੱਕਣੇ ਸ਼ੁਰੂ ਹੋਏ ਸਨ...।

## ਆਖਰੀ ਨਿਰਵਾਣ

ਹੇਠਾਂ ਉਤਰਦੇ ਹੀ ਬਾਬੂ ਜਸਵੰਤ ਸਿੰਘ ਨੇ ਉਸ ਮੋਟੇ ਤਣੇ ਵਾਲੇ ਦਰਖਤ ਨੂੰ ਲੱਭਿਆ ਤੇ ਉਨ੍ਹਾਂ ਨੂੰ ਮਿਲਣ ਤੁਰ ਪਏ। ਦਰਖਤ ਦੂਰ ਨਹੀਂ ਸਨ। ਉਨ੍ਹਾਂ ਨੂੰ ਮਿਲੇ ਬਿਨਾਂ ਕਿਵੇਂ ਚਲੇ ਜਾਂਦੇ, ਜਿਨ੍ਹਾਂ ਦੀ ਸ਼ਰਣ ਵਿੱਚ ਅਨੇਕ ਪੰਛੀਆਂ ਦਾ ਵਸੇਬਾ ਸੀ। ਉਨ੍ਹਾਂ ਦੀ ਵਿਵਿਸਥਾ ਤੇ ਚਹਿਚਾਹਟ ਦੀ ਚਰਚਾ ਸੁਣ ਕੇ ਉਨ੍ਹਾਂ ਨੂੰ ਆਪਣਾ ਕਾਨਪੁਰ ਵਾਲਾ ਘਰ ਯਾਦ ਆ ਜਾਂਦਾ ਸੀ, ਜਿਸ ਦੇ ਇਕਦਮ ਸਾਹਮਣੇ ਵੱਡਾ ਬੋਹੜ ਸੀ...।

ਕਿੰਨੀ ਵਾਰ ਕਰਨਲ ਸਵਾਮੀ ਨੇ ਉਨ੍ਹਾਂ ਪੰਛੀਆਂ ਤੇ ਤੋਤਿਆਂ ਨੂੰ ਸ਼ਿਕਾਰੀਆਂ ਦੇ ਘਾਤ ਤੋਂ ਬਚਾਇਆ ਸੀ। ਇਕ-ਅੱਧ ਨੂੰ ਪੁਲਿਸ ਤੋਂ ਵੀ ਪਕੜਵਾਇਆ ਸੀ। ਸੈਕਟਰ ਛੱਬੀ ਦੇ ਚੌਂਕੀਦਾਰਾਂ ਨੂੰ ਉਨ੍ਹਾਂ ਸਖਤ ਹਿਦਾਇਤ ਦਿੱਤੀ ਹੋਈ ਸੀ ਕਿ ਕਿਸੇ ਅਜਿਹੇ ਆਦਮੀ ਨੂੰ ਕਾਲੌਨੀ ਅੰਦਰ ਵੜਨ ਨਾ ਦੇਣ, ਜਿਸ ਨੂੰ ਵੇਖ ਇਹ ਸ਼ਕ ਹੋਵੇ ਕਿ ਉਹ ਐਨਾ ਵੱਡਾ ਝੋਲਾ ਕਿਉਂ ਲਟਕਾ ਕੇ ਆਇਆ ਹੈ।

ਸੁੱਕਾ ਪਿਆ ਤੇ ਬਾਹਾਂ ਵਿੱਚ ਨਾ ਸਮਾਉਣ ਵਾਲੇ ਨਿੰਮ ਦੇ ਤਣੇ ਉਤੇ ਸਿਰ ਸੁੱਟ ਕੇ ਬਾਬੂ ਜਸਵੰਤ ਸਿੰਘ ਖੜੇ ਰਹੇ। ਉਨ੍ਹਾਂ ਕਦੇ ਕਰਨਲ ਸਵਾਮੀ ਦੀ ਛਾਤੀ ਉਤੇ ਆਪਣਾ ਸਿਰ ਨਹੀਂ ਰਖਿਆ ਸੀ। ਪਰ ਜੇ ਕਦੇ ਰੱਖਦੇ ਤਾਂ ਸ਼ਾਇਦ ਐਨੀ ਹੀ ਸ਼ਾਂਤੀ ਮਹਿਸੂਸ ਹੁੰਦੀ।

ਉਨ੍ਹਾਂ ਆਲੇ-ਦੁਆਲੇ ਦੇ ਸਾਰੇ ਦਰਖਤਾਂ ਨੂੰ ਭਰੀਆਂ ਅੱਖਾਂ ਨਾਲ ਦੇਖਿਆ। ਉਨ੍ਹਾਂ ਵਿਚਕਾਰ ਮਿ. ਸਿੰਘ ਨੂੰ ਉਹੀ ਅਹਿਸਾਸ ਹੋ ਰਿਹਾ ਸੀ ਜੋ ਕਰਨਲ ਸਵਾਮੀ ਨੂੰ ਮਿਲ ਕੇ ਹੁੰਦਾ ਸੀ। ਇਕ ਖੁਲ੍ਹੇਪਨ ਦਾ। ਉਨ੍ਹਾਂ ਇੰਜ ਹੱਥ ਜੋੜੇ ਜਿਵੇਂ ਦਰਖਤਾਂ ਤੋਂ ਹੀ ਨਹੀਂ ਆਪਣੇ ਪਿਆਰੇ ਮਿੱਤਰ ਤੋਂ ਹੀ ਆਖਰੀ ਵਿਦਾ ਲੈ ਰਹੇ ਹੋਣ।

ਆਟੋਰਿਕਸ਼ਾ ਵਿੱਚ ਬੈਠਿਆਂ ਉਨ੍ਹਾਂ ਨੂੰ ਅਚਾਨਕ ਸਾਰੀਆਂ ਚੀਜ਼ਾਂ ਦੋ ਦੋ ਨਜ਼ਰ ਆਉਣ ਲੱਗ ਪਈਆਂ। ਇੰਜ ਕਿਉਂ ਹੋਣ ਲੱਗ ਪਿਆ? ਉਹ ਵੀ ਅਚਾਨਕ?

ਮੋਤਿਆਬਿੰਦ ਦਾ ਆਪਰੇਸ਼ਨ ਕਰਵਾਏ ਕਈ ਵਰ੍ਹੇ ਬੀਤ ਗਏ ਹਨ। ਉਦੋਂ ਦੇ ਉਨ੍ਹਾਂ ਦੇ ਅੱਖਾਂ ਦੇ ਲੈਂਸ ਠੀਕ ਕੰਮ ਕਰ ਰਹੇ ਹਨ? ਚਸ਼ਮੇ ਦਾ ਨੰਬਰ ਵੀ ਤਿੰਨ ਵਰ੍ਹਿਆਂ ਤੋਂ ਠੀਕ ਜਾ ਰਿਹਾ ਹੈ। ਪਹਿਲਾਂ ਕਦੇ ਅਜਿਹੀ ਸ਼ਿਕਾਇਤ ਨਹੀਂ ਹੋਈ? ਹੁਣ ਕਿਉਂ?

ਉਨ੍ਹਾਂ ਡ੍ਰਾਈਵਰ ਤੋਂ ਪੁੱਛਿਆ। ਕਿਧਰੇ ਉਸ ਨੂੰ ਵੀ ਉਨ੍ਹਾਂ ਵਾਂਗ ਇਕ ਦੀ ਥਾਂ ਦੋ ਦੋ ਚੀਜਾਂ ਤਾਂ ਨਹੀਂ



ਦਿੱਸ ਰਹੀਆਂ? ਕਿੱਧਰੇ ਲੈਂਸ ਤਾਂ ਨਹੀਂ ਖਿਸਕ ਗਿਆ ਆਪਣੀ ਥਾਂ ਤੋਂ?

ਡ੍ਰਾਈਵਰ ਨੇ ਸਾਈਡ ਵਿੱਚ ਲੱਗੇ 'ਰਿਅਰਵਿਊ' ਵਿੱਚ ਗੌਰ ਨਾਲ ਤੱਕਿਆ। ਫਿਰ ਕਿਹਾ-"ਬਾਬੂ ਸਭ ਠੀਕ ਹੈ। ਤੁਸੀਂ ਆਪਣੀਆਂ ਭਰੀਆਂ ਅੱਖਾਂ ਚੰਗੀ ਤਰ੍ਹਾਂ ਪੂੰਝ ਲਵੋ।"

"ਉੱਪਰ ਵਾਲੇ ਨੇ ਜਿਸ ਦੀ ਜਿੰਨੀ ਲਿਖੀ ਹੁੰਦੀ ਹੈ ਬਾਬੂ ਜੀ ਓਨੀ ਹੀ ਭੋਗਣੀ ਹੁੰਦੀ ਹੈ।" ਉਨ੍ਹਾਂ ਦੇ ਵਹਿੰਦੇ ਹੰਝੂ ਵੇਖ ਉਹ ਸਮਝ ਚੁੱਕਾ ਸੀ ਕਿ ਕੋਈ ਅਣਹੋਣੀ ਵਾਪਰ ਚੁੱਕੀ ਹੈ ਤੇ ਬਾਬੂ ਜੀ ਤੋਂ ਇਹ ਸਭ ਸਹਿਣ ਨਹੀਂ ਹੋ ਰਿਹਾ।

ਡ੍ਰਾਈਵਰ ਦੀ ਗੱਲ ਸੁਣ ਬਾਬੂ ਜੀ ਦੇ ਹੱਥ ਆਪਣੇ ਆਪ ਆਪਣੀਆਂ ਅੱਖਾਂ ਵੱਲ ਵਧ ਗਏ। ਵਹਿੰਦੇ ਹੰਝੂਆਂ ਤੋਂ ਸਪਸ਼ਟ ਹੋ ਗਿਆ। ਡ੍ਰਾਈਵਰ ਗਲਤ ਨਹੀਂ ਕਹਿ ਰਿਹਾ ਸੀ। ਉਨ੍ਹਾਂ ਨੂੰ ਯਾਦ ਨਹੀਂ ਆ ਰਿਹਾ ਸੀ ਇਸ ਪਹਿਲਾਂ ਕਦੇ ਉਨ੍ਹਾਂ ਦੀਆਂ ਅੱਖਾਂ ਨੇ ਐਨੇ ਹੰਝੂ ਵਹਾਏ ਹੋਣਗੇ।

ਰੁਮਾਲ ਲੱਭਣ ਲਈ ਉਨ੍ਹਾਂ ਕੋਟ ਦੀ ਜ਼ੇਬ੍ਹ ਫਰੋਲੀ। ਉਨ੍ਹਾਂ ਦੀ ਮੁੱਠੀ ਵਿੱਚ ਇਹ ਰੁਮਾਲ ਕਾਗਜ਼ ਵਰਗਾ ਕੋਮਲ ਕਿਉਂ ਲੱਗ ਰਿਹਾ ਹੈ?

ਇਹ ਠੀਕ ਹੈ ਕਿ ਕਦੇ ਉਨ੍ਹਾਂ ਨੂੰ ਕਲਫ਼ ਲੱਗੇ ਰੁਮਾਲ ਚੁੱਕਣ ਦੀ ਆਦਤ ਰਹੀ ਸੀ। ਪਰ ਵਕਤ ਨਾਲ ਉਨ੍ਹਾਂ ਕਲਫ਼ ਦੀ ਥਾਂ ਪ੍ਰੈਸ ਕੀਤਾ ਰੁਮਾਲ ਹੀ ਚੁੱਕਣ ਦਾ ਸਮਝੌਤਾ ਕਰ ਲਿਆ। ਨੂੰਹ ਨੂੰ ਉਨ੍ਹਾਂ ਕਿਹਾ ਵੀ। ਕਲਫ਼ ਦੀ ਭਾਵੇਂ ਲੋੜ ਨਹੀਂ, ਸਿਰਫ ਰੁਮਾਲ ਪ੍ਰੈਸ ਕਰਵਾ ਦਿਆ ਕਰੇ। ਨੂੰਹ ਨੇ ਇਕਦਮ ਜਵਾਬ ਦਿੱਤਾ ਸੀ, "ਪ੍ਰੈਸ ਬਹੁਤ ਮਹਿੰਗੀ ਹੈ ਦਿੱਲੀ ਵਿੱਚ ਛੋਟੇ ਜਿਹੇ ਰੁਮਾਲ ਦੇ ਵੀ ਪ੍ਰੈਸਵਾਲਾ ਦੋ ਰੁਪਏ ਲੱਗਾ, ਲਵੇਗਾ। ਇੱਥੇ ਸੈਕੜੇ ਦਾ ਹਿਸਾਬ ਚਲਦਾ ਹੈ, ਛੋਟੇ-ਵੱਡੇ ਕੱਪੜੇ ਦਾ ਨਹੀਂ।"

ਰੁਮਾਲ ਦੇ ਨਾਲ ਹੀ ਇੱਕ ਤਹਿ ਕੀਤਾ ਕਾਗਜ਼ ਬਾਬੂ ਜਸਵੰਤ ਸਿੰਘ ਦੇ ਹੱਥ ਆ ਲੱਗਾ। ਉਹ ਹੈਰਾਨ ਹੋ ਗਏ। ਉਨ੍ਹਾਂ ਰੁਮਾਲ ਨਾਲ ਅੱਖਾਂ ਪੂੰਝ, ਕਾਗਜ਼ ਖੋਲ੍ਹ ਕੇ ਦੇਖਿਆ। ਉਨ੍ਹਾਂ ਨੂੰ ਯਾਦ ਆਇਆ -ਕੋਟ ਦੀ ਜ਼ੇਬ ਵਿੱਚ ਉਨ੍ਹਾਂ ਕਾਗਜ਼ ਦੇ ਇਕ ਪੁਰਜ਼ੇ ਤੇ ਕਰਨਲ ਸਵਾਮੀ ਦਾ ਫੋਨ ਨੰਬਰ ਤੇ ਘਰ ਦਾ ਐਡਰੈਸ ਲਿਖ ਕੇ ਰਖਿਆ ਸੀ।

ਪਰ ਇਹ ਕਾਗਜ਼ ਤਾਂ ਕੋਈ ਹੋਰ ਸੀ। ਟੈਲੀਫੋਨ ਨੰਬਰ ਤੇ ਸਿਰਨਾਵੇਂ ਦੀ ਥਾਂ, ਕੁਝ ਹੋਰ ਹੀ ਲਿਖਿਆ ਨਜ਼ਰ ਆਇਆ। ਔਹ ਰੱਬਾ! ਇਹ ਤਾਂ ਅਨਿਮਾ ਦਾਸ ਦੀ ਗੁਆਚੀ ਹੋਈ ਲੰਮੀ ਕਵਿਤਾ ਸੀ। ਕਿੰਨਾ ਲੱਭਿਆ ਸੀ ਉਨ੍ਹਾਂ ਨੇ ਇਸ ਲੰਮੀ ਕਵਿਤਾ ਨੂੰ। ਪਰ ਲੁੱਕਾ-ਛਿਪੀ ਖੇਡਦੀ ਇਹ ਕਵਿਤਾ ਪਹਿਲਾਂ ਉਨ੍ਹਾਂ ਦੇ ਹੱਥ ਹੀ ਨਹੀਂ ਲੱਗੀ ਸੀ। ਫਿਰ ਠੀਕ ਤਰ੍ਹਾਂ ਨਾਲ ਨਾ ਕਰਨਲ ਸਵਾਮੀ ਨੂੰ ਕੁਝ ਯਾਦ ਆਇਆ ਸੀ ਤੇ ਨਾ ਹੀ ਉਨ੍ਹਾਂ ਨੂੰ। ਪਰ ਕਰਨਲ ਸਵਾਮੀ ਨੇ ਐਨਾ ਜ਼ਰੂਰ ਕਿਹਾ ਸੀ-ਜੇ ਕਿਸੇ ਦਿਨ ਅਚਾਨਕ ਉਨ੍ਹਾਂ ਦੀ ਭੇਂਟ ਅਨਿਮਾ ਦਾਸ ਦੀ ਕਵਿਤਾ ਨਾਲ ਹੋ ਜਾਏ ਤਾਂ ਉਹ ਉਸ ਨੂੰ ਪੜ੍ਹ ਜ਼ਰੂਰ ਲੈਣ।

ਅੱਖਾਂ ਫਿਰ ਵਹਿ ਤੁਰੀਆਂ। ਕਾਗਜ਼ਾਂ ਨੂੰ ਮੱਥੇ ਨਾਲ ਲੱਗਾ, ਫਿਰ ਕੰਬਦੇ ਬੁਲ੍ਹਾਂ ਨਾਲ ਛੂੰਹਾ, ਬਾਬੂ ਜਸਵੰਤ ਸਿੰਘ ਨੇ ਵਾਅਦਾ ਕੀਤਾ, "ਕਵਿਤਾ ਮਿਲ ਗਈ ਦੋਸਤ। ਮਿਲ ਗਈ... ਹੁਣ ਇਸ ਨੂੰ ਗੁੰਮਣ ਨਹੀਂ ਦੇਵਾਂਗਾ। ਹਮੇਸ਼ਾ ਸੰਭਾਲ ਕੇ ਰਖਾਂਗਾ। ਮਨ ਲੱਗਾ ਕੇ ਪੜ੍ਹਾਂਗਾ। ਇਕ-ਇਕ ਤੁਕ ਨੂੰ ਡੁੱਬ ਕੇ। ਫਿਰ ਦੋਸਤ ਤੈਨੂੰ ਦੱਸਾਂਗਾ, ਕਿਹੋ ਜਿਹੀ ਲੱਗੀ ਅਨਿਮਾਦਾਸ ਦੀ ਇਹ ਲੰਮੀ ਕਵਿਤਾ। "ਕਰਨਲ ਸਵਾਮੀ ਉਤਸੁਕਤਾ ਨਾਲ ਇਸ ਕਵਿਤਾ ਬਾਰੇ ਜਾਣਨਾ ਚਾਹੁੰਦੇ ਸਨ।"

ਪਰ ਬਾਬੂ ਜੀ ਪੜ੍ਹਨਗੇ ਕਦੋਂ? ਰਾਤ ਨੂੰ? ਰਾਤ ਤਾਂ ਬਹੁਤ ਦੂਰ ਹੈ। ਉਸ ਦੂਰੀ ਨੂੰ ਭਰਨ ਲਈ ਹੁਣ ਸਮਾਂ ਬਰਬਾਦ ਨਹੀਂ ਕਰਨਗੇ। ਉਹ ਬੇਸਬਰੇ ਹੋ ਗਏ? ਹੁਣੇ ਕਿਉਂ ਨਹੀਂ? ਉਨ੍ਹਾਂ ਦੀ ਐਨਕ ਕੋਲ ਹੀ ਹੈ। ਪੜ੍ਹ ਸਕਦੇ ਹਨ। ਉਨ੍ਹਾਂ ਨੂੰ ਪੜ੍ਹ ਹੀ ਲੈਣੀ ਚਾਹੀਦੀ ਹੈ।

ਉਨ੍ਹਾਂ ਅੱਖਾਂ ਪੂੰਝੀਆਂ ਤੇ ਅਨਿਮਾ ਦਾਸ ਦੀ ਲੰਮੀ ਕਵਿਤਾ ਪੜ੍ਹਨੀ ਸ਼ੁਰੂ ਕਰ ਦਿੱਤੀ-

ਬਾਬੂ ਜਸਵੰਤ ਸਿੰਘ ਵਲਦ ਠਾਕੁਰ ਸਮਰੇਂਦਰ ਬਹਾਦਰ ਸਿੰਘ-ਪਿੰਡ ਸਗਵਰ, ਪੋਸਟ ਸਰਵਰ, ਜ਼ਿਲ੍ਹਾ ਉੱਨਾਵ (ਉਤਰ ਪ੍ਰਦੇਸ਼) ਆਪਣੇ ਜੀਵਨ ਦੀ ਵਸੀਅਤ ਬਦਲ ਰਹੇ ਹਨ। ਉਹ ਸਦੀਆਂ ਤੋਂ ਚਲੀ ਆ ਰਹੀ ਖਾਨਦਾਨੀ ਪਰੰਪਰਾ ਨੂੰ ਬਦਲਣਾ ਚਾਹੁੰਦੇ ਹਨ। ਉਸ ਨੂੰ ਨਵੇਂ ਸਿਰ੍ਹੇ ਤੋਂ ਨਵੇਂ ਹਰਫਾਂ ਵਿੱਚ ਲਿਖਣਾ ਚਾਹੁੰਦੇ ਹਨ। ਉਨ੍ਹਾਂ ਨੂੰ ਸਮਝ ਵਿੱਚ ਨਹੀਂ ਆਉਂਦਾ ਕਿ ਲੋਕ ਆਪਣੀ ਵਸੀਅਤ ਬਦਲਣ ਦਾ ਜ਼ੋਖਿਮ ਕਿਉਂ ਨਹੀਂ ਲੈਂਦੇ। ਉਨ੍ਹਾਂ ਨੂੰ ਇਹ ਕਿਉਂ ਸਮਝ ਵਿੱਚ ਨਹੀਂ ਆਉਂਦਾ ਕਿ ਵਸੀਅਤ ਬਦਲੇ ਬਿਨਾਂ ਉਨ੍ਹਾਂ

ਦੇ ਜੀਵਨ ਵਿੱਚ ਗਤੀ ਸੰਭਵ ਨਹੀਂ।

ਕੁਝ ਵੀ ਹੋਵੇ, ਬਾਬੂ ਜਸਵੰਤ ਸਿੰਘ ਆਪਣੇ ਜੀਵਨ ਦੀ ਗਤੀ ਨੂੰ ਜੜ੍ਹ ਨਹੀਂ ਹੋਣ ਦੇਣਾ ਚਾਹੁੰਦੇ। ਉਨ੍ਹਾਂ ਨੇ ਹੁਣੇ-ਹੁਣੇ ਨਿਸ਼ਚਾ ਕੀਤਾ ਹੈ ਕਿ ਗਲੈਕਸੋ ਆਪਾਰਟਮੈਂਟਸ ਪਹੁੰਚਣ ਤੋਂ ਪਹਿਲਾਂ ਉਹ ਆਟੋ ਨੂੰ ਨਿਰਮਾਣ ਵਿਹਾਰ ਵਾਲੀ ਮਾਰਕੀਟ ਵਿੱਚ ਰੁਕਵਾਉਣਗੇ।" ਗੋਇਲ ਟ੍ਰੇਵਲ ਏਜੰਟ ਤੋਂ ਪਰਸੋਂ ਸਵੇਰ ਦੀ ਸ਼ਤਾਬਦੀ ਦਾ ਕਾਨਪੁਰ ਦਾ ਟਿਕਟ ਲੈਣਗੇ। ਫਿਰ ਐਸ. ਟੀ. ਡੀ. ਬੂਥ ਤੋਂ ਨੇਤਾ ਜੀ ਰਾਮ ਖਿਲਾਵਨ ਯਾਦਵ ਦੇ ਘਰ ਫੋਨ ਕਰ ਸੁਨਗੁਨਿਆਂ ਨਾਲ ਗੱਲ ਕਰਵਾਉਣ ਲਈ ਕਹਿਣਗੇ। ਇਸ ਵੇਲੇ ਇਕ ਵੱਜਣ ਵਾਲਾ ਹੈ। ਅਜੇ ਸੁਨਗੁਨਿਆਂ ਉਨ੍ਹਾਂ ਦੇ ਘਰ ਦੁਪਹਿਰ ਦਾ ਕੰਮ ਕਰ ਰਹੀ ਹੋਏਗੀ॥

ਬਾਬੂ ਜੀ ਸੁਨਗੁਨਿਆਂ ਨੂੰ ਕਹਿਣਾ ਚਾਹੁੰਦੇ ਹਨ-ਆਪਣੇ ਅਤੇ ਉਨ੍ਹਾਂ ਦੇ ਰਿਸ਼ਤੇ ਨੂੰ ਉਹ ਜੋ ਵੀ ਨਾਂ ਦੇਣਾ ਚਾਹੇ, ਉਨ੍ਹਾਂ ਨੂੰ ਸਵੀਕਾਰ ਹੋਏਗਾ। ਚੋਣ ਉਸ ਨੇ ਕਰਨੀ ਹੈ, ਉਨ੍ਹਾਂ ਨੇ ਨਹੀਂ। ਉਨ੍ਹਾਂ ਨੂੰ ਇਹ ਵੀ ਪਤਾ ਹੈ ਕਿ ਨਾਂ ਉਹੀ ਚੁਣ ਕੇ ਦੇ ਸਕਦੀ ਹੈ। ਸੱਚ ਕਹਿਣ ਤਾਂ, ਉਹ ਹੁਣ ਤਕ ਅਨਾਮ ਰੂਪ ਨਾਲ ਹੀ ਉਸ ਨੂੰ ਅੰਦਰ ਜੀਉਂਦੇ ਰਹੇ ਹਨ। ਅੱਗੇ ਵੀ ਸ਼ਾਇਦ ਇਸੇ ਰੂਪ ਵਿੱਚ ਜੀਉਂਦੇ ਰਹਿੰਦੇ ਜੇ ਉਨ੍ਹਾਂ ਦੀ ਮੁਲਾਕਾਤ ਅਚਾਨਕ ਅਣਿਮਾ ਦਾਸ ਦੀ ਲੰਮੀ ਕਵਿਤਾ ਨਾਲ ਨਾ ਹੋ ਗਈ ਹੁੰਦੀ।

ਬਾਬੂ ਜਸਵੰਤ ਸਿੰਘ ਸੁਨਗੁਨਿਆਂ ਨੂੰ ਕਹਿਣਗੇ... ਅੱਜ ਉਹ ਸਿਰਫ ਉਨ੍ਹਾਂ ਦੀ ਹੀ ਸੁਣੇ, ਸਿਰਫ ਉਨ੍ਹਾਂ ਦੀ ਹੀ? ਅੱਜ ਉਹ ਜੋ ਕਹਿਣਾ ਚਾਹੁੰਦੇ ਹਨ, ਸ਼ਾਇਦ ਫਿਰ ਕਦੇ ਉਹ ਕਹਿ ਨਾ ਸਕਣ ਜੀਵਨ ਦਾ ਇਹ ਨਵਾਂ ਪੜਾਵ ਆਪਣੀ ਗਿਲੀਗਡੂ ਕਾਤਿਆਇਨੀ-ਕੁਮੁਦਨੀ ਨਾਲ ਬਿਤਾਉਣਾ ਚਾਹੁੰਦੇ ਹਨ। ਉਹ ਕਾਨਪੁਰ ਵਾਲੇ ਘਰ ਦੇ ਸਾਹਮਣੇ ਵਾਲੇ ਬੋਹੜ ਨੂੰ ਆਪਣੇ ਘਰ ਵਸਾਉਣਾ ਚਾਹੁੰਦੇ ਹਨ। ਉਹ ਭੁੱਲ ਨਹੀਂ ਪਾਉਂਦੇ ਕਿ ਮੂੰਹ ਹਨੇਰੇ ਉਨ੍ਹਾਂ ਦੇ ਉੱਠਣ ਤੋਂ ਪਹਿਲਾਂ ਇਕ ਚਿੜੀ ਚੂਕਦੀ ਹੈ, ਫਿਰ ਖੇਡਦੀ ਹੋਈ ਦੂਸਰੀ ਨੂੰ ਜਗਾਉਂਦੀ ਹੈ, ਫਿਰ ਤੀਸਰੀ, ਚੌਥੀ, ਪੰਜਵੀ ਨੂੰ ਤੇ ਫਿਰ ਸੈਕੜੇ ਚਿੜੀਆਂ ਜੋ ਅਦਭੁੱਤ ਲੈਅ-ਤਾਲ ਨਾਲ ਆਸਮਾਨ ਵਿੱਚ ਕੋਰਸ ਗਾਉਂਦੀਆਂ ਹਨ, ਉਸ ਚਹਿਚਹਾਹਟ ਨਾਲ ਉਨ੍ਹਾਂ ਦਾ ਰੋਮ ਰੋਮ ਅਨੰਦਿਤ ਹੋ ਜਾਂਦਾ ਹੈ।

ਉਹ ਸੁਨਗੁਨਿਆਂ ਨੂੰ ਇਹ ਵੀ ਕਹਿਣਾ ਚਾਹੁੰਦੇ ਹਨ ਕਿ ਕਾਨਪੁਰ ਪਹੁੰਚਦੇ ਹੀ ਉਹ ਆਪਣੇ ਜਾਣਕਾਰ ਐਡਵੋਕੇਟ ਮੁੰਨਾ ਸਿੰਘ ਕੁਸ਼ਵਾਹਾ ਨੂੰ ਫੌਰਨ ਮਿਲਣਗੇ। ਉਨ੍ਹਾਂ ਤੋਂ ਆਪਣੀ ਨਵੀਂ ਵਸੀਅਤ ਬਣਵਾਉਣਗੇ। ਉਸ ਨੂੰ ਰਜਿਸਟਡ ਕਰਵਾਉਣਗੇ ਕਿ ਕਾਨਪੁਰ ਵਾਲਾ ਘਰ ਉਨ੍ਹਾਂ ਦੇ ਪੁਰਖਿਆਂ ਦੀ ਜਾਇਦਾਦ ਨਹੀਂ, ਉਨ੍ਹਾਂ ਦੀ ਆਪਣੀ ਸਿਰਜਿਤ ਜਾਇਦਾਦ ਹੈ। ਉਨ੍ਹਾਂ ਦੇ ਨਾ ਰਹਿਣ ਤੇ ਉਸ ਘਰ ਤੇ ਇਕ ਇਕੋ ਹੱਕ ਸੁਨਗੁਨਿਆਂ ਦਾ ਹੀ ਰਹੇਗਾ। ਉਹ ਉਸ ਦੇ ਨਾਂ ਤੋਂ ਬੈਂਕ ਵਿੱਚ ਇਕ ਨਵਾਂ ਲਾਕਰ ਵੀ ਲੈਣਾ ਚਾਹੁੰਦੇ ਹਨ, ਤਾਂ ਕਿ ਬਾਅਦ ਵਿੱਚ ਕਿਸੇ ਕਾਰਣ ਕੋਈ ਵੀ ਵਿਵਾਦ ਖੜਾ ਨਾ ਹੋਵੇ। ਕਿਸੇ ਚੁਣੌਤੀ ਦਾ ਜੇ ਸਾਮ੍ਹਣਾ ਕਰਨਾ ਵੀ ਪਿਆ ਤਾਂ ਉਹ ਜਾਣਦੇ ਹਨ ਕਿ ਸੁਨਗੁਨਿਆਂ ਚੁਣੌਤੀਆਂ ਦਾ ਸਾਮ੍ਹਣਾ ਕਰਨ ਵਿੱਚ ਸਮਰੱਥ ਹੈ।

ਨਰਿੰਦਰ ਬਾਰੇ ਉਹ ਜਾਣਦੇ ਹਨ। ਉਨ੍ਹਾਂ ਦੇ ਇਸ ਅਚਾਨਕ ਬਦਲੇ ਹੋਏ ਰਵਈਏ ਤੋਂ ਉਸਨੂੰ ਧੱਕਾ ਜ਼ਰੂਰ ਲੱਗੇਗਾ। ਉਨ੍ਹਾਂ ਨੂੰ ਘ੍ਰਿਣਾ ਕਰਨ ਲੱਗੇਗਾ। ਉਹ ਹੋ ਸਕਦਾ ਹੈ ਕਿ ਉਨ੍ਹਾਂ ਦੀ ਮੌਤ ਮਗਰੋਂ ਵਾਲ ਲਾਹੁਣੇ ਤਾਂ ਦੂਰ-ਸੰਸਕਾਰ ਆਦਿ ਵਿੱਚ ਵੀ ਸ਼ਾਮਿਲ ਨਾ ਹੋਵੇ। ਜੋ ਕੁਝ ਹੋ ਰਿਹਾ ਹੈ ਤੇ ਜੋ ਕੁਝ ਹੋਏਗਾ। ਉਸ ਲਈ ਉਹ ਆਪ ਹੀ ਜ਼ਿੰਮੇਵਾਰ ਹੋਣਾ ਚਾਹੁੰਦੇ ਹਨ। ਉਹ ਸੁਨਗੁਨਿਆਂ ਨੂੰ ਸਾਫ-ਸਾਫ ਕਹਿ ਕੇ ਜਾਣਗੇ ਤੇ ਆਪਣੀ ਵਸੀਅਤ ਵਿੱਚ ਵੀ ਸਪਸ਼ਟ ਲਿਖਵਾ ਦੇਣਗੇ ਕਿ ਸੁਨਗੁਨਿਆਂ ਦਾ ਪੁੱਤਰ ਰਾਮਰਤਨ ਨਹੀਂ ਅਭਿਸ਼ੇਕ ਆਸਰੇ ਹੀ ਉਨ੍ਹਾਂ ਦਾ ਦਾਹ-ਸੰਸਕਾਰ ਕਰੇਗਾ।

"ਹਾਂ, ਦੁਪਹਿਰ ਦੀ ਰੋਟੀ ਸੁਨਗੁਨਿਆਂ ਉਨ੍ਹਾਂ ਲਈ ਜ਼ਰੂਰ ਬਣਾ ਕੇ ਰਖੇ। ਸ਼ਤਾਬਦੀ ਵਿੱਚ ਉਹ ਸਿਰਫ ਨਾਸ਼ਤਾ ਹੀ ਕਰਨਗੇ। ਉਨ੍ਹਾਂ ਨੂੰ ਕੀ ਪਸੰਦ ਹੈ, ਉਸ ਨੂੰ ਪਤਾ ਹੀ ਹੈ।"

ਸੁਨਗੁਨਿਆਂ ਨੂੰ ਹੋਰ ਵੀ ਬਹੁਤ ਕੁਝ ਕਹਿਣ ਦਾ ਮਨ ਕਰ ਰਿਹਾ ਹੈ। ਢੇਰ ਸਾਰੀਆਂ ਗੱਲਾਂ ਹਨ। ਪਰ ਇਹ ਸੋਚ ਕੇ ਆਪਣੇ ਆਪ ਨੂੰ ਰੋਕ ਲਿਆ। ਕਿ ਹੁਣ ਕਹਿਣ ਸੁਣਨਾ ਉਨ੍ਹਾਂ ਵਿਚਕਾਰ ਚਲਦਾ ਹੀ ਰਹੇਗਾ। ਬਹੁਤਾ ਉਤਾਵਲਾਪਨ ਠੀਕ ਨਹੀਂ। ਫੋਨ ਉਤੇ ਬਸ ਐਨਾ ਹੀ ਤੇ ਇਥੋਂ ਤੱਕ ਹੀ...।੦

(ਸਮਾਪਤ)



## ਪੰਜਾਬੀ ਨਾਵਲ

# ਅੰਤਹੀਣ

## ਦੇਸ ਰਾਜ ਕਾਲੀ




ਦੇਸ ਰਾਜ ਕਾਲੀ, ਦੁਆਬੇ ਦੇ ਲੋਕਾਂ ਦਾ ਪੰਜਾਬੀ ਗਲਪ ਵਿਚ ਨਵਾਂ ਚਿੰਤਨ, ਨਵੀਂ ਸੋਚ ਲੈ ਕੇ ਆਉਣ ਵਾਲਾ ਨੌਜਵਾਨ ਗਲਪਕਾਰ ਹੈ। ਉਹ ਦੁਆਬੇ ਦੇ ਇਕ ਅਜਿਹੇ ਪਿੰਡ ਵਿਚ ਪੈਦਾ ਹੋਇਆ ਜਿਸ ਪਿੰਡ ਨੂੰ ਉਸਦੇ ਦੇਖਦਿਆਂ ਦੇਖਕਿਆਂ ਸ਼ਹਿਰ ਨੇ ਆਪਣੇ ਅੰਦਰ ਸਮੋ ਲਿਆ। ਉਸ ਦੇ ਅੰਦਰ ਪਾਤਰਾਂ ਦੇ ਤੇਜੀ ਨਾਲ ਬਦਲਦੇ ਵਿਹਾਰ ਅਤੇ ਟਕਰਾਓ ਨੂੰ ਸਮਝਣਾ ਇਕ ਚਣੌਤੀ ਵੀ ਸੀ ਤੇ ਨਵਾਂ ਤਜ਼ਰਬਾ ਵੀ। ਉਹਦੇ ਮੁਹਰੇ ਖੰਡਿਤ ਮਨੁੱਖ ਦੇ ਕਈ ਪਸਾਰ ਆਉਣ ਲੱਗੇ, ਇਨ੍ਹਾਂ ਪਸਾਰਾ ਨੂੰ ਉਹ ਸਹਿ ਸੁਭਾਅ ਹੀ ਆਪਣੀਆਂ ਕਹਾਣੀਆਂ ਅਤੇ ਹੁਣ ਨਾਵਲਾਂ ਵਿਚ ਫੜਨ ਲੱਗ ਪਿਆ। ਇਸ ਖੰਡਿਤ ਮਨੁੱਖ ਨੂੰ ਫੜਨ ਲਈ ਉਸ ਨੇ ਨਿਵੇਕਲੀ ਗਲਪੀ ਭਾਸ਼ਾ ਦੀ ਵਰਤੋ ਕੀਤੀ। ਇਹ ਯਤਨ ਉਸ ਦਾ ਸਹਿਜ ਸੀ ਅਤੇ ਅਚੇਤ ਵੀ। ਉਸ ਦੇ ਪਹਿਲੇ ਨਾਵਲ 'ਪਰਣੇਸ਼ਵਰੀ' ਨੇ ਪਾਠਕਾਂ ਦਾ ਧਿਆਨ ਖਿਚਿਆ ਹੈ। ਉਸ ਦਾ ਇਹ ਦੂਜਾ ਨਾਵਲ ਹੈ। ਤੇ ਤੀਜਾ ਨਾਵਲ 'ਪ੍ਰਥਮ ਪੌਰਾਣ' ਵੀ ਉਸ ਨੇ ਲਿਖ ਲਿਆ ਹੈ। ਜਿਸ ਵਿਚ ਉਸ ਨੇ ਔਰਤ, ਦਲਿਤ ਦੀ ਸਮਾਜਿਕ ਸਥਿਤੀ ਅਤੇ ਮਾਨਸਿਕਤਾ ਦੇ ਨਾਲ-ਨਾਲ ਮਾਨਵੀ ਵਿਹਾਰ ਦੀਆਂ ਜੜ੍ਹਾਂ ਪੌਰਾਣਿਕ ਪੀਰੀਅਡ ਵਿਚ ਲੱਭਣ ਦੀ ਕੋਸ਼ਿਸ਼ ਕੀਤੀ ਹੈ।

ਨਾਵਲ 'ਅੰਤਹੀਣ' ਵਿਚ ਉਸ ਨੇ ਬਿਖਰੇ ਹੋਏ ਵਿਅਕਤਿੱਤਵ ਵਾਲੇ ਬੰਦੇ ਦੀਆਂ ਬੇਤਰਤੀਬੀਆਂ ਨੂੰ ਅਨੇਕਾਂ ਕੋਣਾਂ ਤੋਂ ਫੜਨ ਦਾ ਸਫਲ ਜਤਨ ਕੀਤਾ ਹੈ। ਉਸ ਨੇ ਮਨੁੱਖ ਨੂੰ ਚਾਰੇ ਕੋਣਾਂ ਤੋਂ ਦੇਖਣ ਲਈ ਆਪਣੇ ਚਿੰਤਨ ਵਾਲੀ ਟਾਰਚ ਦੀ ਰੌਸ਼ਨੀ ਮਨੁੱਖ 'ਤੇ ਮਾਰੀ ਹੈ। ਇਹ ਹੁਣ ਪਾਠਕ ਦੇ ਹੱਥ ਵਿਚ ਹੈ ਕਿ ਉਹ ਖੰਡਿਤ ਮਨੁੱਖ ਨੂੰ ਕਿਨਾਂ ਕੁ ਦੇਖ ਸਕਦਾ ਹੈ ਅਤੇ ਅਣ-ਦੇਖਿਆ ਮਹਿਸੂਸ ਕਰ ਸਕਦਾ ਹੈ।

ਇਹ ਨਾਵਲ ਨਵੀਂ ਸੋਚ ਦਾ ਹੋਣ ਕਰਕੇ ਪੰਜਾਬੀ ਗਲਪ ਵਿਚ ਵੀ ਨਵਾਂ ਤਜਰਬਾ ਹੈ। ਪੂੰਜੀਵਾਦੀ ਦੌਰ ਵਿਚ ਬੰਦੇ ਦੇ ਜਗੀਰੂ ਸੰਸਕਾਰ ਕਿਵੇਂ ਖੰਡਤ ਹੁੰਦੇ ਹਨ, ਇਹ ਨਾਵਲ ਪੜ੍ਹ ਕੇ ਪਤਾ ਲੱਗ ਸਕਦਾ ਹੈ। ਉਸ ਦੇ ਇਸ ਨਾਵਲ ਵਿਚ ਪਾਤਰ ਅਨੇਕਾਂ ਦਵੰਦਾਂ ਤੇ ਦੁਬਿਧਾਵਾ ਦਾ ਸ਼ਿਕਾਰ ਹੋ ਕੇ ਡੀਪਰੈਸ਼ਨ ਦਾ 'ਕਸ਼ਟ' ਭੋਗਦੇ ਹਨ। ਮਨੁੱਖ ਦੀ ਇਕੱਲਤਾ ਨਾਵਲ ਵਿਚ ਕੇਂਦਰੀ ਥੀਮ ਵਜੋਂ ਉਭਰਦੀ ਹੈ। ਦੇਸ ਰਾਜ ਕਾਲੀ ਪੰਜਾਬੀ ਵਿਚ ਇਕ ਵਿਲੱਖਣ ਸ਼ੈਲੀਕਾਰ ਵਜੋਂ ਉਭਰ ਰਿਹਾ ਹੈ।

ਦੇਸ ਰਾਜ ਕਾਲੀ ਦਾ ਜਨਮ ੧੯੭੧ ਦਾ ਹੈ। ਜਿਲ੍ਹਾ ਜਲੰਧਰ ਦੇ ਮਿੱਠਾਪੁਰ ਵਿਚ ਉਸ ਦਾ ਬਚਪਨ ਬੀਤੀਆਂ। ਉਸ ਨੇ ਪੱਤਰਕਾਰੀ ਵਿਚ ਵੀ ਆਪਣੀ ਅਲੱਗ ਪਹਿਚਾਣ ਬਣਾਈ। ਉਸ ਨੇ ਗਦਰ ਲਹਿਰ ਬਾਰੇ ਵੀ ਤਿੰਨ ਪੁਸਤਕਾਂ ਲਿਖੀਆਂ। ਉਸ ਦੇ ਹੁਣ ਤਕ ਤਿੰਨ ਕਹਾਣੀ ਸੰਗ੍ਰਹਿ ਚਾਨਣ ਦੀ ਲੀਕ (੧੯੯੨), ਕੱਥ-ਕਾਲੀ (੧੯੯੬), ਅਤੇ ਫ਼ਕੀਰੀ (੨੦੦੫) ਛਪ ਚੁੱਕੇ ਹਨ। ਉਸ ਨੂੰ ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ ਦਾ ਕਰਤਾਰ ਸਿੰਘ ਧਾਲੀਵਾਲ ਯੁਵਾ ਪੁਰਸਕਾਰ ਵੀ ਮਿਲ ਚੁੱਕਾ ਹੈ। ਅੱਜ ਕੱਲ ਉਹ ਦੈਨਿਕ ਭਾਸਕਰ ਦੇ ਮੈਗਜ਼ੀਨ ਸੈਕਸਨ ਵਿਚ ਬਤੌਰ ਚੀਫ਼ ਸਬ-ਐਡੀਟਰ ਕੰਮ ਕਰ ਰਿਹਾ ਹੈ।

**-ਭਗਵੰਤ ਰਸੂਲਪੁਰੀ**

## ੧

ਇਸ ਨਾਵਲ ਨੂੰ ਪੜ੍ਹੋ ਨਾ, ਦੇਖੋ ਤੇ ਮਹਿਸੂਸ ਕਰੋ। ਤੁਸੀਂ ਵੈਸੇ ਇਸਨੂੰ ਪੜ੍ਹ ਸਕਦੇ ਹੀ ਨਹੀਂ। ਤੁਸੀਂ ਸਿਰਫ ਮਹਿਸੂਸ ਕਰ ਸਕਦੇ ਹੋ। ਪਤਾ ਕਿਵੇਂ?ਤੁਸੀਂ ਇੰਜ ਕਰੋ ਆਪਣੇ ਸਿਰ 'ਤੇ ਸੱਜੇ ਹੱਥ ਦੀ ਹਥੇਲੀ ਰੱਖੋ। ਹੁਣ ਅੱਖਾਂ ਬੰਦ ਕਰ ਲਓ। ਕੁਝ ਮਹਿਸੂਸ ਕਰੋ। ਪਤਾ ਅਹੁ ਜਿਹੜਾ ਰਿਟਾਇਰਡ ਪ੍ਰੋਫੈਸਰ ਹੈ, ਉਹ ਕੀ ਮਹਿਸੂਸ ਕਰ ਰਿਹਾ ਹੈ ? ਮੈਂ ਦੱਸਦਾ ਹਾਂ।

ਇਹ ਰਿਟਾਇਰਡ ਪ੍ਰੋਫੈਸਰ ਅੱਜ ਕੱਲ੍ਹ ਪ੍ਰਾਚੀਨ ਇਤਿਹਾਸ ਉਪਰ ਕੰਮ ਕਰ ਰਿਹਾ ਹੈ। ਸਿਰਜਕ ਹੈ। ਇਸ ਨੂੰ ਅੱਜ ਨਵੀਂ ਗੱਲ ਪਤਾ ਲੱਗੀ ਹੈ ਕਿ ਜਨਜਾਤੀਆਂ ਦੇ ਲੋਕ ਕਿਸੇ ਦੇਵੀ-ਦੇਵਤੇ ਦੀ ਝੂਠੀ ਮੂਰਤੀ ਪੂਜਾ ਵਿੱਚ ਯਕੀਨ ਨਹੀਂ ਸਨ ਰੱਖਦੇ। ਉਹ ਤਾਂ ਆਪਣੇ ਮਨ 'ਚ ਉਸ ਦੇਵਤੇ ਨੂੰ ਧਿਆਉਂਦੇ ਸਨ ਤੇ ਪੂਰੀ ਸ਼ਰੀਰਕ ਪ੍ਰਕ੍ਰਿਆ ਰਾਹੀਂ (ਨ੍ਰਿਤ ਰਾਹੀਂ ਖਾਸ ਕਰਕੇ) ਉਸਦਾ ਸਾਕਾਰ ਰੂਪ ਪ੍ਰਗਟ ਕਰਦੇ। ਜੇ ਹਵਾ ਦੀ ਲੋੜ ਹੁੰਦੀ ਤਾਂ ਔਰਤਾਂ ਦੇ ਪੈਰੀਂ ਪੌਣ ਹੁੰਦੀ, ਜੇ ਅਗਨ ਪ੍ਰਚੰਡ ਕਰਨੀ ਹੁੰਦੀ ਤਾਂ ਮਰਦਾਂ ਦੇ ਸੀਨਿਆਂ 'ਚ ਅੰਗਿਆਰ ਦਹਿਕਦੇ। ਹੁਣ ਪ੍ਰੋਫੈਸਰ ਦੇ ਜ਼ਿਹਨ 'ਚ ਉਹੀ ਨ੍ਰਿਤ ਹੋ ਰਹੇ ਹਨ। ਉਸਦੇ ਚਿਹਰੇ ਦੇ ਭਾਵ ਹੀ ਦੱਸ ਰਹੇ ਹਨ ਕਿ ਉਹ ਕੀ ਮਹਿਸੂਸ ਕਰ ਰਿਹਾ ਹੈ। ਇਹ ਜਨਜਾਤੀ ਲੋਕਾਂ ਦੇ ਮਾਨਸਿਕ ਸਹਿਜ ਨੂੰ ਮਹਿਸੂਸ ਕਰਕੇ ਆਨੰਦਿਤ ਹੋ ਰਿਹਾ ਹੈ।

ਨਹੀਂ ਯਕੀਨ ? ਚਲੋ ਆਪਾਂ ਉਸ ਪ੍ਰੋਫੈਸਰ ਨੂੰ ਪੁੱਛ ਲੈਂਦੇ ਹਾਂ। ਵੈਸੇ ਅਜੇ ਉਸਨੂੰ ਛੇੜੀਏ ਨਾ ਕਿਉਂਕਿ ਉਸਦੀ ਅਵਸਥਾ ਚਿੰਤਨ ਵਾਲੀ ਹੈ। ਉਸਨੂੰ ਪਰੇਸ਼ਾਨ ਨਹੀਂ ਕਰਨਾ ਚਾਹੀਦਾ। ਉਸਨੂੰ ਏਕਾਂਤ ਚਾਹੀਦਾ ਹੈ। ਆਪਾਂ ਸ਼ੋਰ ਨਾ ਹੀ ਪਾਈਏ। ਤੁਸੀਂ ਵੀ ਬਾਹਲੇ ਉਤਾਵਲੇ ਨਾ ਹੋਵੋ। ਮੇਰੀ ਗੱਲ ਦਾ ਯਕੀਨ ਮੰਨੋ, ਉਹ ਇਹੀ ਸੋਚ ਰਿਹਾ ਹੈ। ਨਹੀਂ ਤਾਂ ਕੋਈ ਗੱਲ ਨਹੀਂ, ਜਦੋਂ ਉਹ ਧਿਆਨ 'ਚੋਂ ਬਾਹਰ ਆਉਣਗੇ, ਆਪਾਂ ਉਹਨਾਂ ਨੂੰ ਪੁੱਛ ਲਵਾਂਗੇ। ਜਾਂ ਸ਼ਾਇਦ ਉਹ ਇਸ ਸਾਰੇ ਕੁਝ ਨੂੰ ਕਾਗਜ਼ ਦੇ ਸੀਨੇ ਉੱਤੇ ਸੁੱਚੇ ਮੋਤੀਆਂ ਵਾਂਗ ਵਿਛਾ ਹੀ ਦੇਵੇ।

ਚਲੋ, ਇਹਨਾਂ ਗੱਲਾਂ 'ਚ ਪੈਣ ਦੀ ਲੋੜ ਨਹੀਂ। ਗੱਲ ਤਾਂ ਆਪਾਂ ਇਹ ਕਰ ਰਹੇ ਸੀ ਕਿ ਇਹ ਨਾਵਲ ਪੜ੍ਹੋ ਨਾ, ਮਹਿਸੂਸ ਕਰੋ। ਹੁਣ ਤੁਸੀਂ ਆਪੇ ਦੱਸੋ ਕਿ ਤੁਸੀਂ ਖ਼ੁਦ ਨਾਵਲ ਪੜ੍ਹ ਰਹੇ ਹੋ ? ਬਿਲਕੁਲ ਨਹੀਂ। ਜਨਾਬ ਤੁਸੀਂ ਮਹਿਸੂਸ ਕਰ ਰਹੇ ਹੋ। ਕਿਵੇਂ? ਉਹ ਤੁਸੀਂ ਆਪੇ ਸੋਚੋ। ਹੁਣ ਜਿਸ ਪ੍ਰੋਫੈਸਰ ਦੀ ਆਪਾਂ ਉਡੀਕ ਕਰ ਰਹੇ ਹਾਂ ਧਿਆਨ 'ਚੋਂ ਬਾਹਰ ਆਉਣ ਦੀ। ਉਹਨਾਂ ਬਾਰੇ ਤੁਸੀਂ ਮਹਿਸੂਸ ਹੀ ਕਰ ਰਹੇ ਹੋ। ਉਸਦੀ ਸਰੀਰਕ ਕਿਰਿਆ ਤਾਂ ਸ਼ੁਨਯ ਹੈ। ਸਿਰਫ ਮਾਨਸਿਕ ਕਿਰਿਆ ਹੈ। ਉਸ ਕਿਰਿਆ ਬਾਰੇ ਮੈਂ ਕਿਆਫ਼ਾ ਲਾ ਰਿਹਾ ਹਾਂ ਅਤੇ ਤੁਸੀਂ ਕੀ ਕਰ ਰਹੇ ਹੋ? ਤੁਸੀਂ ਜਨਾਬ ਮਹਿਸੂਸ ਕਰ ਰਹੇ ਹੋ।

ਯਾਰ ਇਹ ਕੋਈ ਬੁਝਾਰਤ ਤਾਂ ਹੈ ਨਹੀਂ। ਜਿਹੜੇ ਨਾਵਲ ਨੂੰ ਤੁਸੀਂ ਪੜ੍ਹਨ ਦਾ ਦਾਅਵਾ ਕਰਨ ਲੱਗ ਪਏ ਹੋ, ਇਸਨੂੰ ਤੁਸੀਂ ਪੜ੍ਹ ਸਕਦੇ ਹੀ ਨਹੀਂ। ਵੈਸੇ ਮੈਂ ਤੁਹਾਡੇ ਨਾਲ ਬਹਿਸਣਾ ਨਹੀਂ ਚਾਹੁੰਦਾ। ਤੁਹਾਨੂੰ ਆਪ ਪਤਾ ਹੋਣਾ ਚਾਹੀਦਾ ਹੈ ਕਿ ਜਦੋਂ ਵੀ ਕਦੇ ਕਿਸੇ ਇੱਕ ਨੁਕਤੇ ਨੂੰ ਲੈ ਕੇ ਫਸਵੀਂ ਬਹਿਸ ਹੁੰਦੀ ਹੈ ਤਾਂ ਇਕੋ ਗੱਲ ਨੂੰ ਵਾਰ-ਵਾਰ ਰਿੜਕਿਆ ਜਾਂਦਾ ਹੈ। ਇਸ ਨਾਲ ਬੋਰੀਅਤ ਪੈਦਾ ਹੁੰਦੀ ਹੈ। ਮੈਂ ਨਹੀਂ ਚਾਹੁੰਦਾ ਕਿ ਤੁਸੀਂ ਬੋਰ ਹੋਵੋ। ਕਿਉਂਕਿ ਨਾਵਲ ਲੰਮਾ ਹੈ ਇਸ ਲਈ ਬਹੁਤੀ ਥਾਂਈਂ ਬੋਰੀਅਤ ਦੀ ਸੰਭਾਵਨਾ ਤਾਂ ਭਾਵੇਂ ਹੈ, ਪਰੰਤੂ ਖਾਹ-ਮਖਾਹ ਦੀ ਬੋਰੀਅਤ ਤੁਹਾਡੇ ਉੱਤੇ ਕਿਉਂ ਥੋਪੀ ਜਾਵੇ!

ਚਲੋ, ਹੁਣ ਏਦਾਂ ਕਰਦੇ ਆਂ ਕਿ ਉਸ ਪ੍ਰੋਫੈਸਰ ਦੇ ਉੱਠਣ ਤੋਂ ਪਹਿਲਾਂ ਆਪਣੇ ਕੁਝ ਹੋਰ ਆਲੇ-ਦੁਆਲੇ ਇਸੇ ਨਾਵਲ ਨੂੰ ਪੜ੍ਹ ਰਹੇ, ਨਹੀਂ ਸੱਚ ਮਹਿਸੂਸ ਕਰ ਰਹੇ ਲੋਕਾਂ ਬਾਰੇ ਗੱਲ ਕਰਦੇ ਹਾਂ। ਵੈਸੇ ਇਸਨੂੰ ਪੜ੍ਹਨ ਵਾਲਿਆਂ, ਨਹੀਂ ਮਹਿਸੂਸ ਕਰਨ ਵਾਲਿਆਂ ਵਿਚ ਇਸ ਵਿਚਲੇ ਪਾਤਰ ਵੀ ਹਨ। ਇਹਨਾਂ ਪਾਤਰਾਂ ਤੋਂ ਰਤਾ ਕੁ ਬਚਕੇ ਰਹਿਣਾ ਹੋਵੇਗਾ। ਇਹ ਬੜੇ ਖੂੰਖਾਰ ਵੀ ਹਨ, ਪਿਆਰੇ ਵੀ, ਸਹਿਜ ਵੀ, ਅਹੰਕਾਰੀ



ਵੀ, ਗਿਆਨੀ ਵੀ, ਅਗਿਆਨੀ ਵੀ, ਡਰਦੇ ਵੀ ਹਨ, ਡਰਾਉਂਦੇ ਵੀ ਹਨ, ਮੁਹੱਬਤ ਵੀ ਕਰਦੇ ਹਨ, ਡਾਂਗੋ-ਸੋਟੀ ਵੀ ਹੁੰਦੇ ਹਨ, ਨਸ਼ੇ ਸਾਰੇ ਜਹਾਨ ਦੇ ਕਰਦੇ ਹਨ, ਕਈ ਵੈਸ਼ਨੋ ਵੀ ਹਨ, ਭਾਂਤ-ਭਾਂਤ ਏਨੀ ਹੈ ਕਿ ਤੁਸੀਂ ਹੈਰਾਨ ਰਹਿ ਜਾਵੋ। ਇੱਕ ਅੱਧ ਬਾਰੇ ਮੈਂ ਦੱਸਦਾ ਹਾਂ।

ਇਹਨਾਂ ਪਾਤਰਾਂ ਵਿੱਚ ਇੱਕ ਪਾਤਰ ਰਿਟਾਇਰਡ ਇੰਜੀਨੀਅਰ ਹੈ ਮਿਸਟਰ ਕਲੇਰ। ਇਹਨਾਂ ਦੀ ਬਜ਼ੁਰਗ ਪਤਨੀ ਹੈ, ਨੀਮ ਪਾਗਲ। ਔਲਾਦ ਦਾ ਇਹਨਾਂ ਮੂੰਹ ਨਹੀਂ ਵੇਖਿਆ। ਜੋ ਕੁਦਰਤ ਨੂੰ ਮਨਜ਼ੂਰ। ਕਲੇਰ ਸਾਹਿਬ ਅੱਜ-ਕੱਲ੍ਹ ਸੇਵਾ ਮੁਕਤੀ ਵਾਲਾ ਜੀਵਨ ਬਤੀਤ ਕਰ ਰਹੇ ਹਨ। ਸਾਰੇ ਨਾਵਲ ਵਿੱਚ ਇਹ ਜਿਸ ਰੂਪ 'ਚ ਆਏ ਹਨ ਉਹ ਇਹ ਹੈ ਕਿ ਇਹ ਘਰ ਦੀ ਕੋਈ ਨਾ ਕੋਈ ਚੀਜ਼ ਪੁਰਜਾ-ਪੁਰਜਾ ਕਰ ਲੈਂਦੇ ਹਨ। ਧੁੱਪੇ ਸੁੱਕਣਾ ਪਾ ਦਿੰਦੇ ਹਨ। ਸਫਾਈ ਕਰਦੇ ਹਨ। ਤੇਲ ਵਗੈਰਾ ਲਾਉਂਦੇ ਹਨ। ਫਿਰ ਜੋੜ ਦਿੰਦੇ ਹਨ ਅਤੇ ਉਸਨੂੰ ਉਸਦੀ ਥਾਂ ਸਿਰ ਟਿਕਾ ਦਿੰਦੇ ਹਨ। ਇਸ ਵਕਤ ਇਹਨਾਂ ਨੇ ਟੇਬਲ ਫੈਨ ਖੋਲ੍ਹਿਆ ਹੋਇਆ ਹੈ ਅਤੇ ਉਸਦੇ ਪੁਰਜਿਆਂ ਦੀ ਸਫਾਈ ਕਰ ਰਹੇ ਹਨ। ਪੂਰੇ ਨਾਵਲ ਵਿੱਚ ਇਹ ਜਨਾਬ ਇਸੇ ਤਰ੍ਹਾਂ ਦੇ ਕਿਸੇ ਕੰਮ 'ਚ ਰੁੱਝੇ ਦਿਸਦੇ ਹਨ। ਇਹ ਇਕ ਵੀ ਡਾਇਲਾਗ ਨਹੀਂ ਬੋਲਦੇ। ਇਹ ਕਿਤੇ ਨਹੀਂ ਜਾਂਦੇ ਲੱਭਦੇ। ਘਰ ਦੀ ਛੱਤ ਇਹਨਾਂ ਦਾ ਪੱਕਾ ਟਿਕਾਣਾ ਹੈ। ਸਾਰੇ ਨਾਵਲ ਵਿੱਚ ਉੱਥੇ ਹੀ ਮਿਲਣਗੇ। ਇਹਨਾਂ ਦੇ ਕਰੈਕਟਰ 'ਚੋਂ ਨਾਵਲਕਾਰ ਕੁਝ ਕੱਢ ਸਕਿਆ ਹੈ ਜਾਂ ਨਹੀਂ, ਮੈਂ ਇਹ ਨਹੀਂ ਕਹਿੰਦਾ। ਪਰ ਇਹ ਪਾਤਰ ਹਨ। ਇਹ ਵੀ ਤੁਹਾਡੇ ਵਾਂਗ ਹੀ "ਨਾਵਲ ਪੜ੍ਹ ਰਿਹਾ ਹਾਂ" ਦਾ ਦਾਅਵਾ ਕਰ ਰਹੇ ਹਨ, ਪਰੰਤੂ ਮੈਨੂੰ ਪਤਾ ਹੈ ਇਹ ਨਾਵਲ ਪੜ੍ਹ ਹੀ ਨਹੀਂ ਸਕਦੇ। ਜੇ ਇਹ ਕੁਝ ਹੋਰ ਕਰ ਸਕਣ ਦੇ ਸਮਰੱਥ ਹੁੰਦੇ ਤਾਂ ਮੈਂ ਪੂਰੇ ਨਾਵਲ 'ਚ ਇਹਨਾਂ ਨੂੰ ਇੱਕੋ ਰੂਪ 'ਚ ਹੀ ਕਿਉਂ ਚਿਤਰਦਾ?

## ੨

ਵਿਆਹ ਤੋਂ ਦੂਸਰੇ ਦਿਨ ਹੀ ਘਰ ਦਾ ਮਾਹੌਲ ਗ਼ਮਗੀਨ ਹੋ ਗਿਆ ਹੈ। ਜਲੰਧਰੀ ਨੇ ਪੀਣੀ ਸ਼ੁਰੂ ਕਰ ਦਿੱਤੀ ਹੈ। ਇਹ ਇੱਕ ਵਾਰੀ ਪੀਣੀ ਸ਼ੁਰੂ ਕਰ ਦੇਵੇ ਤਾਂ ਚਾਰ-ਚਾਰ ਪੰਜ-ਪੰਜ ਦਿਨ ਲਗਾਤਾਰ ਈ ਕੰਮ ਚੱਲਦਾ ਹੈ। ਤਦੇ ਪਹਿਲਾਂ ਵਿਆਹ ਨਹੀਂ ਸੀ ਹੋ ਰਿਹਾ। ਹੁਣ ਹੋ ਗਿਆ ਤਾਂ ਇਸਨੂੰ ਫੇਰ ਦੌਰਾ ਪੈ ਗਿਆ। ਨਵੀਂ ਨਵੇਲੀ ਦੇ ਲਾਗੇ ਵੀ ਨਹੀਂ ਗਿਆ। ਛੋਟੀ ਭੈਣ ਵਿਲਕ ਰਹੀ ਹੈ ਕਿ ਇਹਦਾ ਘਰ ਕਿਸੇ ਤਰ੍ਹਾਂ ਵੱਸ ਜਾਵੇ। ਪਰ ਇਹ ਹੁਣ ਨਹੀਂ ਸੁਣਨ ਲੱਗਾ।

ਇਹਦਾ ਬਾਪ ਸੰਤ ਰਾਮ ਭੁੱਖਾ ਵੀ ਹੁਣ ਤਾਂ ਸਾਹ ਸਤ ਹੀਣ ਜਾਪ ਰਿਹਾ ਹੈ। ਪਹਿਲਾਂ ਉਹਦਾ ਦਬਕਾ ਚੱਲਦਾ ਸੀ। ਭਰਾ ਉਹਦਾ ਖੁਸ਼ ਹੈ। ਉਹ ਤੇ ਭਰਜਾਈ ਤਾਂ ਚਾਹੁੰਦੇ ਹੀ ਨਹੀਂ ਸਨ ਕਿ ਉਸਦਾ ਵਿਆਹ ਹੋਵੇ। ਛੋਟੀ ਚਾਹੁੰਦੀ ਸੀ, ਤਦੇ ਉਸਨੇ ਕਿਸੇ ਨਾ ਕਿਸੇ ਤਰ੍ਹਾਂ ਦੂਰੋਂ ਨੇੜਿਉਂ ਢੋਅ ਬਣਾ ਹੀ ਲਿਆ। ਪਰ ਹੁਣ ਇਹ ਜੇ ਇਹਨਾਂ ਲੱਛਣਾ ਤੋਂ ਬਾਜ ਨਾ ਆਇਆ ਤਾਂ ਪਤਾ ਨਹੀਂ ਕੀ ਬਣੇ।

ਇਸਨੂੰ ਕੌਣ ਸਮਝਾ ਸਕਦਾ ਹੈ? ਸਾਰੇ ਰਿਸ਼ਤੇਦਾਰਾਂ ਨੇ ਮਿੰਨਤਾਂ-ਤਰਲੇ ਪਾਏ ਹਨ। ਘਰ 'ਚ ਸਿਰਫ ਦੋ ਜੀਅ ਤੜਫ ਰਹੇ ਹਨ, ਛੋਟੀ ਤੇ ਨਵੀਂ ਵਿਆਹੀ ਆਈ ਕੁੜੀ। ਉਹਦੇ ਗਰੀਬ ਮਾਂ-ਬਾਪ ਤਾਂ ਅਜੇ ਪਿੱਛੇ ਮਿਲਣ ਵੀ ਨਹੀਂ ਆ ਸਕੇ। ਉਹ ਡੁਸਕ ਰਹੀ ਹੈ। ਉਸਨੂੰ ਤਾਂ ਅਜੇ ਆਪਣੇ-ਆਪ ਦੀ ਵੀ ਸੁਧ ਨਹੀਂ। ਕੀ ਬਣੇਗਾ ਇਸ ਘਰ ਦਾ?

ਇਹਨੇ ਸਾਲੇ ਨੇ ਮਾਰ ਲਿਆ। ਸਾਡਾ ਯਾਰ ਈ ਹੈ ਇਹ। ਆਪਣੇ ਆਪ ਨੂੰ ਕਾਮਰੇਡ ਕਹਾਉਂਦਾ ਤੇ ਜੇ ਇਹਦੀਆਂ ਕਰਤੂਤਾਂ ਬਾਰੇ ਦੱਸੀਏ ਤਾਂ ......। ਹੁਣ ਆਹ ਨਵਾਂ ਈ ਪੰਗਾ ਸਹੇੜ ਕੇ ਬੈਠ ਗਿਆ ਹੈ। ਹੁਣ ਇਹ ਆਪਣੀ ਆਈ ਤੋਂ ਟਲਨ ਨਹੀਂ ਲੱਗਾ। ਇਹਦੀ ਛੋਟੀ ਭੈਣ ਦਾ ਸੁਨੇਹਾ ਮਿਲਿਆ ਹੈ। ਉਹ ਵਿਚਾਰੀ ਤੜਪ ਰਹੀ ਹੈ। ਪਰ ਅਸੀਂ ਹੁਣ ਕੀ ਕਰੀਏ?

ਨਾਲੇ ਗਿਰਧਾਰੀ ਦੇ ਤਾਂ ਇਹਦੀ ਇਹ ਹਰਕਤ ਰਾਸ ਈ ਆ ਜਾਣੀ ਹੈ। ਉਹ ਤਾਂ ਵਿਆਹ ਵਾਲੇ ਦਿਨ ਈ ਕੋਈ ਨਾ ਕੋਈ ਅੜਿੱਕਾ ਪਾਉਣਾ ਚਾਹੁੰਦਾ ਸੀ। ਕਿਹੜੇ ਪਾਪੜ ਨ੍ਹੀਂ ਵੇਲੇ ਉਸਨੇ ਕਿ ਇਹ ਕਿਸੇ ਨਾ ਕਿਸੇ ਤਰ੍ਹਾਂ ਵਧੀਆ ਵਿਆਹ ਕਰਨ ਤੇ ਉਹ ਉਧਾਰ ਪੈਸੇ ਦੇਣ ਨੂੰ ਵੀ ਤਿਆਰ ਹੈ। ਉਹ ਤਾਂ

ਇਹਨੇ ਸਿਆਣਪ ਵਰਤ ਲਈ। ਪਹਿਲਾਂ ਭੈਣਾਂ ਦੇ ਵਿਆਹ ਮੌਕੇ ਉਸ ਕੋਲੋਂ ਫੜੇ ਪੈਸੇ ਭੁੱਖਾ ਸਾਹਿਬ ਕੋਲੋਂ ਮੋੜੇ ਨਹੀਂ ਸਨ ਗਏ ਤਾਂ ਸਾਲ ਦੇ ਅੰਦਰ-ਅੰਦਰ ਹੀ ਗਿਰਧਾਰੀ ਨੇ ਇਹਨਾਂ ਦੀਆਂ ਸੜਕ ਨਾਲ ਲੱਗਦੀਆਂ ਚਾਰ ਦੁਕਾਨਾਂ ਆਪਣੇ ਨਾਂ ਕਰਵਾ ਲਈਆਂ ਸਨ।

ਇਹ ਗਿਰਧਾਰੀ ਲਾਲ ਹੈ ਤਾਂ ਇਹਨਾਂ ਦਾ ਮਾਮਾ ਈ, ਪਰ ਖੋਟਾ ਬਹੁਤ ਹੈ। ਇਹਨੇ ਚਮੜੇ ਦੇ ਵਪਾਰ ਨਾਲ ਲੱਖਾਂ ਰੁਪਿਆ ਕਮਾਇਆ ਹੈ। ਪਰ ਨੀਤ ਨਹੀਂ ਭਰਦੀ। ਆਪਣੀ ਹੀ ਭੈਣ ਦੇ ਬੱਚਿਆਂ ਨੂੰ ਨੰਗ-ਧੜੰਗ ਵੇਖ ਕੇ ਖੁਸ਼ੀ ਮਹਿਸੂਸ ਕਰਦਾ ਹੈ। ਉਹਨਾਂ ਦੀ ਹਰ ਖੁਸ਼ੀ 'ਚ ਖਲਲ ਪਾਵੇਗਾ। ਇਹਦੀ ਸਾਈਕੀ ਅਜੀਬ ਹੈ।

ਵਿਆਹ ਵਾਲੀ ਰਾਤ ਅਸੀਂ ਸਾਰੇ ਮਲੰਗ ਇਕੱਠੇ ਹੋ ਗਏ। ਡੀਜੇ ਚੱਲ ਰਿਹਾ। 'ਸਾਂਭਾ ਡਾਂਸ' ਹੋ ਰਿਹਾ। ਭਾਂਤ-ਭਾਂਤ ਦੀਆਂ ਅਵਾਜ਼ਾਂ ਕੱਢ ਰਹੇ ਹਾਂ। ਫਿਰ ਜਿਹੜਾ ਜਲਵਾ ਜਲੰਧਰੀ ਨੇ ਵਿਖਾਇਆ, ਉਹਨੇ ਤਾਂ ਕਮਾਲ ਈ ਕਰ ਦਿੱਤੀ। ਯਾਰ ਏਨਾ ਸੰਜਮ। ਸਰੀਰ ਦੇ ਅੰਗਾਂ 'ਤੇ ਏਨੀ ਪਕੜ। ਉਹਦਾ ਅੰਗ-ਅੰਗ ਕੁਝ ਕਹਿ ਰਿਹਾ ਸੀ ਤੇ ਕੀ ਕਹਿ ਰਿਹਾ ਸੀ ਇਸ ਉੱਤੇ ਉਹਦੀ ਪਕੜ ਸੀ। ਇਹਨੇ ਕਿੰਨੀ ਸਾਧਨਾ ਕੀਤੀ ਹੋਵੇਗੀ। ਅਸੀਂ ਸਾਰੇ ਹੈਰਾਨ ਸਾਂ ਕਿ ਜਿਸਨੂੰ ਸ਼ਰਾਬੀ-ਕਬਾਬੀ ਤੇ ਉਖੜਿਆ ਸਮਝਦੇ ਰਹੇ ਸਾਂ, ਉਹਦਾ ਆਪਣੇ ਆਪ ਉੱਤੇ ਏਨਾ ਕਾਬੂ ਹੈ।

ਪਰ ਗਿਰਧਾਰੀ ਨੇ ਆ ਕੇ ਗੰਦ ਪਾ ਦਿੱਤਾ। ਅਖੇ ਬਰਾਤੇ ਦੋ ਕਾਰਾਂ ਨਹੀਂ ਤੁਸੀਂ ਲਿਜਾ ਸਕੇ, ਹੁਣ ਕਿਹਨੂੰ ਦਿਖਾਉਂਦੇ ਪਏ ਹੋ? ਕਈ ਮਿੱਤਰ ਗੁੱਸਾ ਖਾ ਗਏ ਸੀ, ਪਰ ਫਿਰ ਵਿਆਹ 'ਚ ਦਖਲ ਹੁੰਦਾ ਦੇਖਕੇ ਚੁੱਪ ਕਰ ਗਏ। ਇਹ ਵੀ ਸਿਆਸਤ ਵਰਤ ਗਿਆ। ਇਹਨੇ ਗਿਰਧਾਰੀ ਦੇ ਗੋਡੇ ਫੜ ਲਏ ਤੇ ਕਲਾਵਾ ਭਰਕੇ ਪਰ੍ਹਾਂ ਨੂੰ ਲੈ ਗਿਆ। ਜਲੰਧਰੀ ਦੀ ਛੋਟੀ ਭੈਣ ਬਹੁਤ ਡਰ ਗਈ ਸੀ। ਉਹਨੇ ਮਿੰਨਤਾਂ ਕਰਕੇ ਸਾਰਿਆਂ ਨੂੰ ਤੋਰ ਦਿੱਤਾ।ਪਰ ਹੁਣ ਇਹਦਾ ਕੀ ਕਰੀਏ? ਇਹ ਪੀਣ ਕਿਉਂ ਲੱਗ ਗਿਆ? ਚਲੋ ਦੇਖਦੇ ਹਾਂ।

ooooo

ਕਲੇਰ ਸਾਹਿਬ, ਉਹੀ ਆਪਣੇ ਰਿਟਾਇਰਡ ਇੰਜੀਨੀਅਰ, ਸਮਾਨ ਖੋਲ੍ਹ ਕੇ ਬੈਠਣ ਵਾਲੇ, ਉਹਨਾਂ ਦੀ ਪਤਨੀ ਨੂੰ ਸ਼ੱਕ ਹੋ ਗਿਆ ਹੈ ਕਿ ਗੁਆਂਢਣ ਟੂਣੇ ਕਰਨ ਲੱਗ ਪਈ ਹੈ। ਉਹ ਹੁਣੇ ਗਲੀ ਵਿੱਚੋਂ ਲੰਘੀ ਹੈ। ਕਲੇਰ ਸਾਹਿਬ ਦੀ ਪਤਨੀ ਨੇ ਪਾਣੀ ਦੀ ਬਾਲਟੀ ਭਰੀ ਹੈ। ਗਲੀ ਵਾਲੀ ਸਰਦਲ 'ਤੇ ਡੋਲ੍ਹ ਦਿੱਤੀ ਹੈ। ਉਹਨੂੰ ਵਹਿਮ ਹੋ ਗਿਆ ਸੀ ਕਿ ਉਸਦਾ ਪਰਛਾਵਾਂ ਜ਼ਰੂਰ ਸਰਦਲ 'ਤੇ ਪੈ ਗਿਆ ਹੋਣਾ ਹੈ।

## ੩

ਇਹ ਸਿਟੀ ਫਾਇਨਾਂਸ ਹੈ। ਸ਼ਹਿਰ ਦੇ ਬਹੁਤ ਸਾਰੇ ਕਾਰੋਬਾਰ ਨੂੰ ਪ੍ਰਭਾਵਿਤ ਕਰ ਰਿਹਾ ਹੈ। ਕੁਝ ਸਖ਼ਤ ਹਦਾਇਤਾਂ 'ਤੇ ਚੱਲਦਾ ਹੈ, ਸਲਮਜ਼ 'ਚ ਕਰਜ਼ੇ ਨਹੀਂ ਦਿੰਦਾ। ਖੂਬਸੂਰਤੀ ਇਸ ਗੱਲ 'ਚ ਜ਼ਿਆਦਾ ਹੈ ਕਿ ਇੱਥੇ ਸਾਰੇ ਚਿਹਰੇ ਤਾਜ਼ਾ ਹਨ ਤੇ ਸੋਚਾਂ ਨਵੀਆਂ। ਝੁਰੜੀਆਂ ਵਾਲਾ ਚਿਹਰਾ ਨਜ਼ਰ ਨਹੀਂ ਆਉਂਦਾ। ਨਵਾਂਪਣ ਇੱਥੇ ਉੱਡਿਆ ਫਿਰਦਾ ਹੈ। ਧਰਤੀ ਪੱਬ ਨਹੀਂ ਲੱਗ ਰਿਹਾ।

"ਮੁਝੇ ਦੇਖਨਾ ਹੈ ਤੋ ਜੀਅ ਭਰ ਕੇ ਦੇਖੋ, ਨਾ ਫਿਰ ਹਮੇ ਕਹਿਨਾ ਕਿ ਕਮ ਦੇਖਤੇ ਹੈਂ।" ਲਓ ਜੀ, ਇਹ ਆ ਗਈ ਐ ਦਿਵਿਯਾ। ਕਮਾਲ ਦੀ ਕੁੜੀ ਹੈ। ਕੰਪਿਊਟਰ ਸੈਕਸ਼ਨ ਦੀ ਇੰਚਾਰਜ ਹੈ। ਖਾਂਦੇ-ਪੀਂਦੇ ਘਰ ਦੀ ਹੈ। 'ਮੌਜ ਕਰੋ' ਇਹਦਾ ਤਕੀਆ ਕਲਾਮ ਹੈ। ਆਉਂਦੇ ਹੀ ਰਾਜੇਸ਼ ਸਾਹਮਣੇ ਆਪਣਾ ਕਲਰਡ ਮੋਬਾਇਲ ਕਰੇਗੀ ਤੇ ਕੋਈ ਨਾ ਕੋਈ ਨਿਊਡ ਸੀਨ ਵਿਖਾ ਦੇਵੇਗੀ। ਇਹਦੀ 'ਸ਼ੁਭ ਪ੍ਰਭਾਤ' ਇਉਂ ਹੀ ਹੁੰਦੀ ਹੈ।

"ਰਾਜੇਸ਼ ਪੜ੍ਹ। ਸਾਲਿਆ ਕਿਸੇ ਨੇ ਦਿਲੋਂ ਭੇਜਿਆ ਇਹ ਮੈਸੇਜ਼। ਪੜ੍ਹ।"

"ਮੈਂ ਨਹੀਂ ਪੜ੍ਹਦਾ, ਤੈਨੂੰ ਸਵੇਰੇ-ਸਵੇਰੇ ਹੋਰ ਕੰਮ ਈ ਨਹੀਂ।"

"ਤੂੰ ਪੜ੍ਹ ਤਾਂ ਸਹੀ। ਐਵੇਂ ਬੋਲੀ ਤੁਰਿਆ ਜਾਂਦਾ। ਦਿਲੋਂ ਭੇਜਿਆ ਕਿਸੇ ਨੇ।"



"ਯਾਰ ਜਦ ਮੈਂ ਕਹਿ ਦਿੱਤਾ ਨਹੀਂ ਪੜ੍ਹਨਾ। ਤੂੰ ਆਪਣੇ ਟੇਬਲ 'ਤੇ ਤੁਰ ਜਾ। ਮੈਨੂੰ ਐਵੇਂ ਖਿਝਾ ਨਾ।"

"ਨਹੀਂ ਪੜ੍ਹਨਾ?"

"ਨਹੀਂ!"

"ਫੇਰ ਐਂ ਕਰ, ਅਹੁ ਸਾਹਮਣੇ ਟੇਬਲ ਵੱਲ ਵੇਖ। ਮੀਨਾ ਕੂਹਣੀਆਂ ਭਾਰ ਝੁਕੀ ਖੜ੍ਹੀ ਹੈ। ਉਹਦੀ ਟਾਈਟ ਜ਼ੀਨ। ਭਾਰੇ ਚਿਤੜ। ਐਂ ਕਰ, ਬਲੇਡ ਲੈ ਤੇ ਜੀਨ ਨੂੰ ਪਿਛਿਉਂ ਜਾ ਕੇ ਚੀਰਾ ਦੇ-ਦੇ। ਫੇਰ ਦੇਖੀਂ ਕਿਵੇਂ ਫੁੱਲ ਵਾਂਗ ਦ੍ਰਿਸ਼ ਖਿੜਦਾ ....... !"

ਦਿਵਿਯਾ ਦੀ ਆਮਦ ਬਾਰੇ ਇਸੇ 'ਠਹਾਕੇ' ਤੋਂ ਦਫਤਰ ਨੂੰ ਪਤਾ ਲੱਗਦਾ ਹੈ। ਇਹ ਕਦੇ ਉਦਾਸ ਨਹੀਂ ਵੇਖੀ ਗਈ। ਰਾਜੇਸ਼ ਨੂੰ ਪਤਾ ਨਹੀਂ ਕੀ ਸਮਝਦੀ ਹੈ। ਉਸਨੂੰ ਤਾਂ ਆਉਂਦੇ ਜਾਂਦੇ ਟਿੱਚਰ ਕਰਦੀ ਹੀ ਰਹਿੰਦੀ ਹੈ। ਪਰ ਕਮਾਲ ਦੀ ਗੱਲ ਇਹ ਵੀ ਹੈ ਕਿ ਕਿਸੇ ਵੀ ਮਹਿਫਿਲ 'ਚ ਇਹਨਾਂ ਦੀ ਸਾਂਝ ਦਾ ਚਟਕਾਰੇ ਲੈ ਕੇ ਜ਼ਿਕਰ ਨਹੀਂ ਹੁੰਦਾ।

ਸਿਟੀ ਫਾਇਨਾਂਸ ਦੇ ਹੋਰ ਪਾਤਰਾਂ ਵਿੱਚੋਂ ਮੀਨਾ ਸਾਡਾ ਹਿੱਸਾ ਹੈ ਤੇ ਅਮਨ ਵੀ। ਇਹ ਚਾਰੇ ਪਾਤਰ ਸਾਡੇ ਲਈ ਅਹਿਮ ਹਨ ਕਿਉਂਕਿ ਰਾਜੇਸ਼ ਸਾਡੇ ਨਾਵਲ ਦੇ ਆਪਣੇ ਆਪ ਨੂੰ ਮਹਾਂ-ਕਿਰਦਾਰ ਕਹਿਣ ਵਾਲੇ ਦਾ ਡੂੰਘਾ ਦੋਸਤ ਹੈ। ਦੋਵੇਂ ਸ਼ਹਿਰ ਦੇ ਉਸ ਕੋਨੇ 'ਚ ਰਹਿੰਦੇ ਹਨ, ਜਿੱਥੇ ਦੇਸ਼ ਵੰਡ ਪਿਛੋਂ ਰਫੂਜੀਆਂ ਨੂੰ ਟਿਕਾਇਆ ਗਿਆ ਸੀ। ਇਹ ਕੈਂਪ ਦੇ ਨਾਂਅ ਨਾਲ ਮਸ਼ਹੂਰ ਹੈ। ਇੱਥੇ ਬਹੁਤੇ ਲੋਕ ਸਿਆਲਕੋਟੋਂ ਆ ਕੇ ਟਿਕੇ ਹੋਏ ਹਨ। ਅੱਤ ਦੀ ਗਰੀਬੀ ਹੈ। ਲੋਕ ਕੁਰਬਲ-ਕੁਰਬਲ ਕਰਦੇ ਹਨ। ਸਾਰੇ ਰਾਹਾਂ 'ਤੇ ਕਬਜ਼ੇ ਕਰ ਕੇ ਬਾਥਰੂਮ ਵਗੈਰਾ ਬਣਾਏ ਹੋਏ ਹਨ। ਖੁੱਡਿਆਂ ਵਰਗਿਆਂ ਘਰਾਂ 'ਚ ਪਤਾ ਨਹੀਂ ਕਿੰਨੇ-ਕਿੰਨੇ ਲੋਕ ਤੁੜੇ ਪਏ ਹਨ। ਪਰ ਰਾਜੇਸ਼ ਹੁਰਾਂ ਦਾ ਘਰ ਬਾਹਵਾ ਖੁੱਲ੍ਹਾ-ਡੁੱਲ੍ਹਾ ਹੈ। ਬਾਪ ਇਸਦਾ ਐਕਸਾਈਜ਼ 'ਚ ਸੀ। ਮੋਟੀ ਕਮਾਈ ਸੀ। ਚੰਗਾ ਘਰ ਪਾ ਲਿਆ। ਨਿਆਣੇ ਪੜ੍ਹਾ ਲਏ। ਰਾਜੇਸ਼ ਨੇ ਕੰਪਿਊਟਰ ਇੰਜਨੀਅਰਿੰਗ ਕਰ ਹਈ। ਥੋੜ੍ਹੀ ਦੇਰ ਭਟਕਿਆ ਹੈ, ਹੁਣ ਸਿਟੀ ਫਾਇਨਾਂਸ ਵਿੱਚ ਫਿੱਟ ਹੈ।

ਰਾਜੇਸ਼ ਕਰਕੇ ਹੀ ਸਾਨੂੰ ਦਿਵਿਯਾ, ਮੀਨਾ ਤੇ ਅਮਨ ਦੇ ਨਾਲ-ਨਾਲ ਉਸ ਭਾਪੇ ਜਿਹੇ ਸੁਖਵਿੰਦਰ ਦਾ ਵੀ ਧਿਆਨ ਰੱਖਣਾ ਪਵੇਗਾ, ਜਿਹੜਾ ਕਦੇ-ਕਦੇ ਮੀਨਾ ਦੇ ਭਾਰੀ ਚਿਤੜਾਂ ਨੂੰ ਆਪਣਾ ਸੈਕਸ ਸਿੰਬਲ ਦੱਸਦਾ ਹੈ। ਉਦੋਂ ਰਾਜੇਸ਼ ਨੂੰ ਬਹੁਤ ਚੁੱਭਦਾ ਹੈ, ਇਸ 'ਚੋਭ' ਦੇ ਕਾਰਨ ਵੀ ਲੱਭਾਂਗੇ। ਹਾਲ ਦੀ ਘੜੀ ਤਾਂ ਇਹਨਾਂ ਬਾਰੇ ਸਿਰਫ ਧਿਆਨ ਰੱਖਣ ਲਈ ਸੁਚੇਤ ਹੋਇਆ ਜਾਵੇ।

ਵੈਸੇ ਇਹ ਪਾਤਰ ਹਨ ਬੜੇ ਕਮਾਲ ਦੇ। ਇਹਨਾਂ ਦੀਆਂ ਕਿੱਟੀ ਮਹਿਫਲਾਂ ਵੇਖਣ ਵਾਲੀਆਂ ਹੁੰਦੀਆਂ ਹਨ। ਚੁਟਕਲੇ ਨਵੇਂ ਤੋਂ ਨਵੇਂ ਉਭਰਦੇ ਹਨ। ਪਹਿਲਿਆਂ ਵਾਂਗ ਇੱਕ ਝੂਠੀ ਨੈਤਿਕਤਾ 'ਕੁੜੀ-ਮੁੰਡੇ' ਵਾਲੀ ਤਾਂ ਇਹਨਾਂ ਮੂਲੋਂ ਹੀ ਤੋੜ ਦਿੱਤੀ ਹੈ। ਇਹ ਨਵੇਂ ਚਿੰਤਨ ਦੇ ਹਾਣੀ ਹਨ। ਇਹ ਤਾਜ਼ਾ ਹਨ। ਭਾਵੇਂ ਕਿਤੇ-ਕਿਤੇ ਇਹਨਾਂ ਦੀਆਂ ਅੱਖਾਂ 'ਚ ਥਕਾਵਟ ਦਿਸਦੀ ਹੈ, ਬੁੱਲ੍ਹਾਂ 'ਤੇ ਖੁਸ਼ਕੀ ਭਾ ਮਾਰਦੀ ਹੈ, ਪਰ ਫਿਰ ਵੀ ਇਹ ਨਵੇਂ ਹਨ। ਮੂੰਹ 'ਤੇ ਪਾਣੀ ਦੇ ਛਿੱਟੇ ਮਾਰਦਿਆਂ ਹੀ ਤਾਜ਼ਗੀ ਆ ਜਾਂਦੀ ਹੈ। ਪਰਸ 'ਚੋਂ ਲਿਪਸਟਿਕ ਨਿਕਲ ਕੇ ਬੁੱਲ੍ਹਾਂ ਨੂੰ ਮੁੜ ਚਮਕਾ ਜਾਂਦੀ ਹੈ। ਪਰਸ ਆਪਣੇ ਆਪ ਕੰਘੀ-ਸ਼ੀਸ਼ਾ ਬਣ ਜਾਂਦਾ ਹੈ। ਫਿਰ ਮੋਬਾਇਲ ਹੱਥ 'ਚ ਆ ਜਾਂਦਾ ਹੈ ਤੇ ਸਕਿੰਟਾਂ ਵਿੱਚ ਵਧੀਆ ਜਿਹਾ ਮੈਸੇਜ਼ ਟਾਈਪ ਹੋ ਕੇ ਹਵਾ 'ਚ ਉੱਡ ਜਾਂਦਾ ਹੈ।

## ੪

ਮੈਂ ਇਸ ਨਾਵਲ ਦਾ 'ਬਿੱਗ ਬੀ' ਜਾਣੀ ਮਹਾਂ ਕਿਰਦਾਰ ਹਾਂ। ਆਹ ਜਿਹੜੀ ਗੱਲ ਮੈਂ ਇਸ ਨਾਵਲ ਦੇ ਲੇਖਕ ਬਾਰੇ ਤੁਹਾਡੇ ਨਾਲ ਕਰਨੀ ਚਾਹੁੰਦਾ ਹਾਂ, ਇਹ ਕੋਈ ਚੁਗਲੀ ਨਹੀਂ ਹੈ। ਮੈਂ ਠੋਕ ਵਜਾ ਕੇ ਕਹਿ ਸਕਦਾਂ ਕਿ ਸਾਡੇ ਇਹਦੇ ਬਾਰੇ ਇਹ ਵਿਚਾਰ ਹਨ। ਅਸੀਂ ਕਿਤੇ ਇਹਨੂੰ ਜਾਣਦੇ ਨਹੀਂ ਹਾਂ। ਦਲਿਤਾਂ ਦੇ ਨਾਂਅ 'ਤੇ ਸਾਹਿਤ 'ਚ ਗੰਦ ਪਾਉਣ ਡਿਹੈ। ਸਮਾਜ ਨੂੰ ਸਮਝਦਾ ਈ ਨਹੀਂ, ਗੱਲਾਂ ਕਰੂ ਅਸਮਾਨ ਨੂੰ

ਟਾਕੀ ਲਾਉਣ ਦੀਆਂ। ਪ੍ਰੋ. ਕਾਂਗ ਨੇ ਚੰਗਾ ਇਹਨਾਂ ਬਾਰੇ ਬਣਾਇਆ ਹੋਇਐ, ਅਖੇ, "ਇਹ ਸਾਰੇ ਦਲਿਤ-ਚੇਤਨਾ, ਦਲਿਤ-ਚੇਤਨਾ ਗਾਉਂਦੇ ਫਿਰਦੇ ਐ ਢੋਲਕੀ ਲੈ ਕੇ।" ਉਹ ਵਾਹਵਾ ਰੰਗ ਬੰਨ੍ਹਦਾ ਇਹਨਾਂ ਦੀਆਂ ਗੱਲਾਂ ਦੱਸਦਿਆਂ।

ਵੈਸੇ ਜਿਸ ਨਾਵਲ ਦੇ ਇਹ ਲਿਖਣ ਦੀ ਗੱਲ ਕਰ ਰਿਹੈ ਉਸੇ 'ਚ ਜਿੱਥੇ ਬੇਈਮਾਨੀ ਵਰਤ ਰਿਹੈ, ਮੈਂ ਉਹ ਤੁਹਾਨੂੰ ਦੱਸ ਦਿੰਦਾਂ। ਇਹਨੇ ਆਪਣੀ ਸਾਰੀ ਕਹਾਣੀ ਇੱਕ ਲਾਇਬ੍ਰੇਰੀ ਦੁਆਲੇ ਬੁਣ ਲਈ ਹੈ। ਸਮੇਤ ਮੇਰੇ, ਸਾਰੇ ਕਿਰਦਾਰਾਂ ਨੂੰ ਉੱਥੇ ਇਕੱਠੇ ਕਰ ਦਿੱਤਾ ਹੈ। ਉੱਥੇ ਦਾ ਮਾਹੌਲ ਸਿਰਜ ਰਿਹਾ। ਆਲਾ-ਦੁਆਲਾ ਇਕਦਮ ਪਛਾਣ ਚਿੰਨ੍ਹ ਸਾਫ-ਸਪਸ਼ਟ ਦਿੰਦਾ ਹੈ। ਪਰ ਇਹ ਉਸ ਅਸਲੀ ਥਾਂ ਤੋਂ ਕਿਨਾਰਾ ਕਰ ਗਿਆ ਹੈ, ਜਿੱਥੇ ਦੀ ਅਸਲੀਅਤ ਹੈ, ਜਿੱਥੇ ਅਸਲ ਵਿੱਚ ਇਹ ਕਿਰਦਾਰ ਜੁੜਦੇ ਹਨ। ਉੱਥੇ ਛਿੱਤਰਾਂ ਤੋਂ ਡਰਦਾ ਹੈ, ਜਾਂ ਉੱਥੇ ਇਹਦੇ ਬਾਰੇ ਕੀ ਗੱਲਾਂ ਚੱਲਦੀਆਂ ਨੇ, ਕਿਤੇ ਉਹ ਵੀ ਨਾ ਲਿਖਣੀਆਂ ਪੈ ਜਾਣ। ਨਾਲੇ ਉੱਥੇ ਕਈਆਂ ਦੇ ਨਕਸ਼ ਜੇ ਪਛਾਣ 'ਚ ਆ ਗਏ ਤਾਂ ਇਹਦੇ ਕਈ ਝੂਠਾਂ ਦੇ ਭਾਂਡੇ ਵੀ ਉਹਨਾਂ ਚੌਰਾਹੇ 'ਚ ਭੰਨ ਦੇਣੇ ਨੇ। ਹੁਣ ਇਹ ਆਪਣੇ ਕਿਰਦਾਰਾਂ ਨੂੰ ਇਕ ਫਰਜ਼ੀ ਲਾਇਬ੍ਰੇਰੀ 'ਚ ਲੈ ਜਾਵੇਗਾ। ਫਿਰ ਉਹਨਾਂ ਨੂੰ ਬੇਪਛਾਣ ਕਰੇਗਾ। ਉਹਨਾਂ ਦੇ ਹਰ ਨਕਸ਼ ਨੂੰ ਨਵੇਂ ਸਿਰੇ ਤੋਂ ਘੜੇਗਾ। ਨਵੇਂ ਖਿਆਲ ਉਹਨਾਂ ਦੇ ਮੱਥਿਆਂ 'ਚ ਭਰੇਗਾ। ਪਰ ਭੜਾਸ ਉਹਨਾਂ ਅਸਲੀ ਕਿਰਦਾਰਾਂ ਪ੍ਰਤੀ ਹੀ ਮਨ 'ਚੋਂ ਕੱਢੇਗਾ। ਡਰਪੋਕ ਸਿਰੇ ਦਾ ਹੈ। ਅਸੀਂ ਕਿਹੜਾ ਇਹਨੂੰ ਜਾਣਦੇ ਨਹੀਂ।

ਨਹੀਂ ਤਾਂ ਇਹਦਾ ਇੱਕ ਪੱਖ ਹੋਰ ਮੈਂ ਤੁਹਾਨੂੰ ਵਿਖਾ ਦਿੰਦਾ ਹਾਂ। ਤੁਸੀਂ ਹੈਰਾਨ ਹੀ ਰਹਿ ਜਾਵੋਗੇ। ਚਲੋ ਤੁਸੀਂ ਯਕੀਨ ਨਹੀਂ ਮੰਨਣਾ, ਇੰਝ ਕਰਦੇ ਹਾਂ, ਇਹਦੀ ਅੱਜ ਦੀ ਸ਼ਾਮ ਕਿਵੇਂ ਗੁਜ਼ਰਦੀ ਹੈ, ਇਸ ਬਾਰੇ ਇਹਦਾ ਪਿੱਛਾ ਕਰਦੇ ਹਾਂ। ਉਸ ਤੋਂ ਪਹਿਲਾਂ ਤੁਹਾਨੂੰ ਇਹ ਜਾਣਕਾਰੀ ਮੈਂ ਦੇ ਦਿਆਂ ਕਿ ਇਹਨੇ ਇੱਕ ਪ੍ਰਾਈਵੇਟ ਅਕਾਦਮੀ ਵਿੱਚ ਪੜ੍ਹਾਉਂਦੇ ਵੇਲੇ ਆਪਣੀ ਹੀ ਵਿਦਿਆਰਥਣ ਸੈੱਟ ਕਰ ਲਈ ਤੇ ਉਹਦੇ ਨਾਲ ਵਿਆਹ ਕਰਵਾ ਲਿਆ। ਵਿਆਹ ਇਹਦਾ ਅੰਤਰਜਾਤੀ ਹੋਇਆ ਹੈ। ਪਰ ਉਹ ਕੁੜੀ ਬਹੁਤ ਹੀ ਨੇਕ ਹੈ, ਇਹਦੇ ਪ੍ਰਤੀ ਪੂਰੀ ਤਰ੍ਹਾਂ ਸਮਰਪਿਤ ਹੈ। ਦੋ ਬੱਚੇ ਵੀ ਹਨ। ਗੁਜ਼ਾਰਾ ਵੀ ਠੀਕ-ਠਾਕ ਚੱਲ ਰਿਹਾ ਹੈ। ਆਪ ਇੱਕ ਪੰਜਾਬੀ ਦੇ ਅਖਬਾਰ 'ਚ ਨੌਕਰੀ ਕਰਦਾ ਹੈ। ਸ਼ਾਮ ਨੂੰ ਸਾਡੇ ਸਾਰਿਆਂ ਕੋਲ ਉੱਥੇ ਵੀ ਆਉਂਦਾ ਹੈ, ਜਿਸ ਥਾਂ ਨੂੰ ਇਹਨੇ ਨਾਵਲ ਵਿੱਚ ਇੱਕ ਲਾਇਬ੍ਰੇਰੀ ਦਾ ਰੂਪ ਦੇ ਕੇ ਇੱਕ ਹੋਰ ਝੂਠ ਸਿਰਜਿਆ ਹੈ।

ਸ਼ਾਮ ਦਾ ਵਕਤ ਹੈ। ਅਸੀਂ ਸਾਰਿਆਂ ਨੇ ਆਪਣੇ ਮਿੱਤਰ ਕੇਸਰ ਦੇ ਘਰ ਜਾ ਕੇ ਦਾਰੂ ਪੀਣ ਦਾ ਪ੍ਰੋਗਰਾਮ ਬਣਾ ਲਿਆ ਹੈ। ਸਿਆਲ ਹੋਣ ਕਰਕੇ ਹਨ੍ਹੇਰਾ ਵਾਹਵਾ ਗਾੜ੍ਹਾ ਹੈ। ਇਹਦੀ ਖਿਆਲੀ ਲਾਇਬ੍ਰੇਰੀ 'ਚੋਂ ਨਿਕਲ ਤੁਰੇ ਹਾਂ। ਇਸ ਸ਼ਹਿਰ ਦੇ ਜਿਹਨਾਂ ਕੋਨਿਆਂ 'ਚੋਂ ਲੰਘ ਕੇ ਜਾਣਾ ਹੈ, ਅੱਜ ਕੱਲ੍ਹ ਉਹਨਾਂ ਸੁੰਨੇ ਕੋਨਿਆਂ ਵਿੱਚ ਖੁਸਰੇ ਜਾਂ ਕਹਿ ਲਓ ਖੁਸਰਿਆਂ ਦੇ ਭੇਸ 'ਚ ਮੁੰਡੇ ਫਿਰਦੇ ਰਹਿੰਦੇ ਹਨ। ਅਸੀਂ ਤਿੰਨ ਮੋਟਰ ਸਾਈਕਲਾਂ 'ਤੇ ਹਾਂ। ਇਹ ਲੇਖਕ ਸਾਹਿਬ ਆਪਣੇ ਮੋਟਰ ਸਾਈਕਲ 'ਤੇ ਹਨ। ਇਹ ਲੇਖਕ ਸਾਹਿਬ ਆਪਣੇ ਮੋਟਰ ਸਾਈਕਲ ਉੱਤੇ ਇਕੱਲੇ ਹੀ ਹਨ (ਯਾਦ ਰੱਖਿਓ, ਇਸਦੇ ਮੋਟਰ ਸਾਈਕਲ ਦੀਆਂ ਕਿਸ਼ਤਾਂ ਕਿਵੇਂ ਨਿਬੜੀਆਂ ਹਨ ਉਹ ਵੀ ਤੁਹਾਡੇ ਨਾਲ ਕਿਤੇ ਸਾਂਝਾ ਕਰਾਂਗਾ। ਆਪਣੇ ਆਪ 'ਚ ਉਹ ਵੀ ਗੱਲ ਇਹਦੀ ਸ਼ਖਸੀਅਤ ਦਾ ਅਹਿਮ ਹਿੱਸਾ ਹੈ।)

ਅਸੀਂ ਜਿਥੋਂ ਦੀ ਲੰਘ ਰਹੇ ਹਾਂ ਦੋ ਖੁਸਰੇ ਪੱਟੜੀ 'ਤੇ ਖੜ੍ਹੇ ਹਨ। ਕੇਸਰ ਨੇ 'ਚਟਕਾਰਾ' ਮਾਰਿਆ ਹੈ। ਖੁਸਰਿਆਂ ਨੇ ਤਾੜੀ ਮਾਰੀ ਹੈ। ਅਸੀਂ ਹੱਸ ਪਏ ਹਾਂ। "ਕਿਉਂ ਮੱਲਿਆ, ਲੈ ਕੇ ਚੱਲਣਾ?"

"ਤੁਰੇ ਚਲੋ ਓਏ?" ਇਹਨੇ ਰੌਣਕ ਜਿਹੀ ਨਾਲ ਕਿਹੈ।

ਅਗਾਂਹ ਆ ਕੇ ਇਹਨੂੰ ਪਤਾ ਨਹੀਂ ਕੀ ਹੋਇਐ। "ਯਾਰ ਮੈਨੂੰ ਯਾਦ ਆ ਗਿਆ, ਇੱਕ ਖ਼ਬਰ ਫੜਾ ਆਵਾਂ। ਤੁਸੀਂ ਪਹੁੰਚੋ ਮੈਂ ਅੱਧੇ ਘੰਟੇ ਤੱਕ ਆਇਆ।" ਕਹਿ ਕੇ ਉਹਨੀਂ ਪੈਰੀਂ ਇਹ ਵਾਪਸ ਹੋ ਗਿਐ।

"ਮੈਨੂੰ ਲੱਗਦਾ ਦਾਲ 'ਚ ਕੁਝ ਕਾਲਾ ਹੈ।"

"ਦਾਲ ਈ ਕਾਲੀ ਲੱਗਦੀ ਐ।"



"ਚਲੋ ਫੇ ਦੇਖੀਏ ਤਮਾਸ਼ਾ!" ਅਸੀਂ ਵੀ ਮੁੜ ਪਏ ਹਾਂ। ਉਹੀ ਗੱਲ ਹੋਈ ਹੈ, ਜਿਸਦਾ ਸਾਨੂੰ ਸ਼ੱਕ ਸੀ। ਇਹ ਖੁਸਰਿਆਂ ਨਾਲ ਗੱਲਾਂ ਕਰ ਰਿਹਾ ਹੈ। ਇੱਕ ਨੂੰ ਮਨਾ ਲਿਆ ਹੈ ਤੇ ਮੋਟਰ ਸਾਈਕਲ ਪਿੱਛੇ ਬਿਠਾ ਲਿਆ ਹੈ। ਪਰ੍ਹਾਂ ਨੂੰ ਜਾਵੇਗਾ ਗਰਾਉਂਡ ਵੱਲ ਨੂੰ। ਸਾਡਾ ਕਿਆਫਾ ਸਹੀ ਹੈ। ਇਹਨੇ ਮੋਟਰ ਸਾਈਕਲ ਦੀ ਰੇਸ ਵਧਾ ਲਈ ਹੈ। ਉਂਝ ਇਹ ਹੌਲੀ-ਹੌਲੀ ਚਲਾ ਕੇ ਈ ਖੁਸ਼ ਹੈ। ਪਤਾ ਨਹੀਂ ਕਿੱਧਰ ਲਿਜਾਵੇ। ਐਵੇਂ ਸੜਕ 'ਤੇ ਕਿਉਂ ਭਜਾਈ ਫਿਰਦਾ ਹੈ! ਲਓ, ਹੁਣ ਫਸਿਆ ਲਓ। ਸਾਹਮਣੇ ਨਾਕਾ ਲੱਗਿਆ ਹੋਇਆ। ਪੁਲਸ ਵਾਲਿਆਂ ਨਹੀਂ ਛੱਡਣਾ। ਬੇਇਜ਼ਤੀ ਕਰਵਾਏਗਾ। ਬਚ ਗਿਆ, ਉਰਾਂ ਤੋਂ ਈ ਖੱਬੇ ਪਾ ਲਿਆ ਹੈ। ਹਾਂ ਸੱਚ, ਅੱਗੇ ਜਾ ਕੇ ਖੇਤ ਜਿਹੇ ਆਉਂਦੇ ਹਨ। ਅਸੀਂ ਮੋਟਰ ਸਾਈਕਲ ਹੌਲੀ ਕਰ ਲਏ ਹਨ। ਇਹਨੇ ਮੋਟਰ ਸਾਈਕਲ ਰੋਕੀ ਹੈ। ਖੁਸਰਾ ਉਤਰਿਆ ਹੈ। ਬੁੱਕਲ ਜਿਹੀ ਮਾਰਦਾ ਕਾਹਲੇ ਕਦਮੀਂ ਖੇਤਾਂ ਵੱਲ ਸਰਕ ਗਿਆ ਹੈ। ਮੋਟਰ ਸਾਈਕਲ ਦੀ ਰੇਸ ਪੂਰੇ ਜ਼ੋਰ ਨਾਲ ਦੇ ਕੇ ਇਹ ਦੌੜ ਗਿਆ ਹੈ।

"ਓ ਤੁਹਾਡੀ!" ਅਸੀਂ ਪਿੱਛੇ ਹੀ ਬਰੇਕਾਂ ਮਾਰ ਲਈਆਂ ਹਨ।

ਲਓ ਜੀ, ਆਹ ਹੈ ਇਸਦੀ ਕਰਤੂਤ। ਅੱਗੇ ਆਪਣੀ ਗੱਲ ਸੁਣਾਉਂਦਾ ਹੁੰਦਾ ਕਿ ਕਿਵੇਂ ਸੜਕ ਕਿਨਾਰੇ-ਖੜ੍ਹੀਆਂ ਧੰਦਾ ਕਰਨ ਵਾਲੀਆਂ ਕੋਲੋਂ ਕਿੰਨੀ ਵਾਰ ਪੈਸੇ ਖੁਹਾ ਚੁੱਕਿਆ ਹੈ। ਕਰਦਾ-ਕਰਾਉਂਦਾ ਕੁਝ ਨਹੀਂ। ਬਸ ਚਸਕਾ ਕੀ ਹੈ, ਇਹ ਸਮਝ ਨਹੀਂ ਆਉਂਦਾ। ਹੋਰ ਵੀ ਕਈ ਪਾਸੇ ਖਿਲਾਰਾ ਪਾਇਆ ਹੋਇਆ! ਚਲੋ, ਆਪਾਂ ਬਹੁਤੀਆਂ ਗੱਲਾਂ 'ਚ ਨਹੀਂ ਆਉਂਦੇ। ਵੈਸੇ ਇਹਦੇ ਬਾਰੇ ਵੀ ਤੁਹਾਨੂੰ ਖਬਰ ਹੋਣੀ ਚਾਹੀਦੀ ਹੈ। ਉਂਝ ਮੈਂ ਇਹ ਚੁਗਲੀ ਨਹੀਂ ਕਰ ਰਿਹਾ, ਇਹਦੇ ਬਾਰੇ ਇਹਦੇ ਮੂੰਹ 'ਤੇ ਕਹਿਣ ਲਈ ਤਿਆਰ ਹਾਂ। ਵਿਚਾਰਧਾਰਕ ਮਸਲਿਆਂ 'ਤੇ ਆ ਜਾਵੇ ਮੇਰੇ ਨਾਲ। ਬਹਿਸ ਕਰਕੇ ਵੇਖ ਲਵੇ। ਰਾਈਟਰ ਬਣਿਆ ਫਿਰਦਾ। ਆ ਜਾਵੇ। ਉਹ ਗੱਲ ਤਾਂ ਕਰਕੇ ਵੇਖੇ। ਕਰ ਈ ਨਹੀਂ ਸਕਦੈ। ਭਾਈ ਜਦੋਂ ਤੱਕ ਕਿਸੇ ਗੱਲ ਦਾ ਮਟੀਰੀਅਲ ਬੇਸ ਨਹੀਂ ਤੁਸੀਂ ਸਮਝਦੇ, ਤੁਸੀਂ ਗੱਲ ਕਰ ਹੀ ਨਹੀਂ ਸਕਦੇ।

## ੫

ਅੱਜ ਦੋ ਕਮਾਲ ਦੀਆਂ ਘਟਨਾਵਾਂ ਵਾਪਰੀਆਂ ਹਨ।

ਸਾਡਾ ਇੱਕ ਗਾਇਕ ਦੋਸਤ ਹੈ ਬਖਸ਼ੀ ਬਿੱਲਾ। ਉਹਦੇ ਦਫਤਰ ਬੈਠੇ ਸਾਂ। ਉਹਦੇ ਦਫਤਰ 'ਚ ਜਿਹੜਾ ਚਾਹ-ਪਾਣੀ ਪਿਆਉਣ ਵਾਲਾ ਰੱਖਿਆ ਹੋਇਆ, ਉਹ ਬਹੁਤ ਕਮਾਲ ਦਾ ਆਦਮੀ ਹੈ। 'ਖੁਸ਼ ਕੀਤਾ ਈ ਉਸਤਾਦ ਜੀ' ਉਹਦਾ ਤਕੀਆ ਕਲਾਮ ਹੈ। ਵੈਸੇ ਬਖਸ਼ੀ ਬਿੱਲੇ ਨੇ ਇਹਨੂੰ ਰੱਖਿਆ ਨਹੀਂ ਹੋਇਆ, ਇਹ ਆਪੇ ਆ ਗਿਆ ਸੀ, ਹੌਲੀ-ਹੌਲੀ ਦਫਤਰ ਦਾ ਹਿੱਸਾ ਬਣ ਗਿਆ ਤੇ ਹੁਣ ਰੌਣਕ ਦਾ ਕਾਰਨ ਵੀ। ਬਖਸ਼ੀ ਇਹਨੂੰ ਦੋ-ਚਾਰ ਛਿੱਲੜ ਵੀ ਦੇ ਛੱਡਦਾ ਹੈ। ਪਹਿਲਾਂ ਪਤਾ ਨਹੀਂ ਕਿਸੇ ਟਰੱਕ ਡਰਾਇਵਰ ਨਾਲ ਵੀ ਇਹ ਰਹਿੰਦਾ ਰਿਹਾ ਹੈ। ਬਹੁਤ ਸਾਰੀਆਂ ਕਹਾਣੀਆਂ ਆਪਣੀ ਜ਼ਿੰਦਗੀ ਦੀਆਂ ਸੁਣਾਉਂਦਾ ਰਹਿੰਦਾ ਹੈ।

ਅੱਜ ਜਦੋਂ ਬਖਸ਼ੀ ਦਫਤਰ ਆਇਆ ਤਾਂ ਮੈਨੂੰ ਬਹੁਤ ਉਦਾਸ ਲੱਗਿਆ। ਮੇਰੇ ਹੱਥ ਮਿਲਾਉਂਦਿਆਂ ਵੀ ਉਹਨੇ ਉਹ ਗਰਮਜੋਸ਼ੀ ਨਾ ਵਿਖਾਈ, ਜਿਹੜੀ ਪਹਿਲਾਂ ਮੈਂ ਮਹਿਸੂਸ ਕਰਦਾ ਹੁੰਦਾ ਸੀ।

"ਕੀ ਹੋਇਆ ਬਾਬਿਓ? ਉਦਾਸ ਲੱਗ ਰਹੇ ਓ!"

"ਹਾਂ ਜੀ, ਭਾਜੀ! ਪਿਤਾ ਜੀ ਸਵੇਰੇ ਪੂਰੇ ਹੋ ਗਏ ........।"

ਬਖਸ਼ੀ ਨੇ ਗੱਲ ਅਜੇ ਪੂਰੀ ਨਹੀਂ ਸੀ ਕੀਤੀ ਕਿ ਇਹ ਬੋਲ ਪਿਆ,

"ਖੁਸ਼ ਕੀਤਾ ਈ ਉਸਤਾਦ ਜੀ। ਕਦੋਂ ਪੂਰੇ ਹੋਏ?"

ਉੱਥੇ ਉਦਾਸੀ ਦੀ ਥਾਂ ਖੜਕਿੱਲੀ ਪੈ ਗਈ।

ਦੂਜੀ ਘਟਨਾ ਨਹੀਂ ਦ੍ਰਿਸ਼ ਹੈ। ਦ੍ਰਿਸ਼ ਵੀ ਐਨਾ ਕਮਾਲ ਦਾ ਕਿ ਕੈਮਰੇ 'ਚ ਕੈਦ ਕੀਤਾ ਜਾਵੇ ਤਾਂ ਸੁਆਦ ਆ ਜਾਵੇ।

ਨੀਵੇਂ ਮੁਹੱਲੇ ਵਾਲੀ ਗਲੀ ਦੇ ਕੂਹਣੀ ਮੋੜ 'ਤੇ ਮੰਦਰ ਬਣਿਆ ਹੋਇਆ ਹੈ। ਇਸ ਮੰਦਰ ਅੰਦਰ

ਭਗਵਾਨ ਸ਼ਿਵ ਦੀ ਕਾਫੀ ਵੱਡੀ ਮੂਰਤੀ ਸਥਾਪਤ ਕੀਤੀ ਹੋਈ ਹੈ। ਭਗਤ ਜਨ ਟਾਵਾਂ-ਟਾਵਾਂ ਹੀ ਇੱਥੇ ਆਉਂਦਾ ਹੈ। ਪੰਡਤਾਣੀ ਜੀ ਮੰਦਰ ਦੀ ਸਾਫ-ਸਫਾਈ ਕਰਕੇ ਬਾਹਰ ਆ ਕੇ ਧੁੱਪੇ ਬੈਠ ਜਾਂਦੀ ਹੈ। ਪੰਡਿਤ ਜੀ ਟਿਕ ਕੇ ਨਹੀਂ ਬੈਠਦੇ।

ਅੱਜ ਜਦੋਂ ਦਫਤਰ ਜਾ ਰਿਹਾ ਸੀ ਤਾਂ ਉੱਥੇ ਜੋ ਦ੍ਰਿਸ਼ ਵੇਖਿਆ ਕਮਾਲ ਸੀ। ਇੱਕ ਬੀਬੀ ਮੂਰਤੀ ਦੇ ਚਰਨਾਂ 'ਚ ਬੈਠੀ ਸੀ। ਅਗਰਬੱਤੀ ਧੁਖ ਰਹੀ ਸੀ। ਮੰਦਰ ਦਾ ਆਭਾ ਮੰਡਲ ਦਿਲ-ਖਿੱਚਣ ਵਾਲਾ ਸੀ। ਬੀਬੀ ਦੇ ਸਾਹਮਣੇ ਪਈ ਥਾਲੀ 'ਚ ਫ਼ਲ ਪਏ ਸਨ। ਕਮਾਲ ਇਹ ਸੀ ਕਿ ਬੀਬੀ ਆਪਣੇ ਮੋਬਾਇਲ ਉੱਤੇ ਕਿਸੇ ਨਾਲ ਗੱਲਾਂ ਕਰ ਰਹੀ ਸੀ।

ਕਲਿੱਕ!

ਮੇਰੇ ਦਿਮਾਗ ਵਿੱਚ ਫੋਟੋ ਖਿੱਚੀ ਗਈ। ਫੇਰ ਸੋਚਿਆ, ਇਹ ਫੋਟੋ ਜਦੋਂ ਅਖਬਾਰ 'ਚ ਛਪ ਕੇ ਲੋਕਾਂ ਸਾਹਮਣੇ ਜਾਵੇਗੀ ਤਾਂ ਲੋਕ ਵਿਗਿਆਨ ਦੀ ਕਾਢ ਦੇ ਬਲਿਹਾਰੇ ਜਾਣਗੇ।

ਇਸਦੀ ਕੈਪਸ਼ਨ ਹੋਵੇਗੀ, 'ਰੱਬ ਨਾਲ ਗੱਲਾਂ'।

## ੬

ਅੱਜ ਲਾਇਬ੍ਰੇਰੀ ਬਾਰੇ ਗੱਲ ਕਰਨ ਦਾ ਬਹੁਤ ਢੁੱਕਵਾਂ ਮੌਕਾ ਹੈ। ਸ਼ਾਮ ਦੇ ਪੰਜ ਕੁ ਵੱਜੇ ਹਨ। ਸ਼ਹਿਰ ਦੀ ਐਨ ਸੰਘਣੀ ਬੱਖੀ 'ਚ ਬਣੀ ਇਸ ਗੋਲ ਇਮਾਰਤ 'ਚ ਅੰਦਰ ਸੂਲੀ ਲਟਕੀਆਂ ਕਿਤਾਬਾਂ ਦੇ ਅੰਬਾਰਾਂ ਪਿੱਛੇ ਭਾਵੇਂ ਚਾਰ ਕੁ ਕਰਮਚਾਰੀ ਬੈਠੇ ਹੋਣ, ਬਾਹਰ ਸੁੰਨ-ਮਸਾਣ ਪੱਸਰੀ ਹੋਈ ਹੈ। ਹਾਂ, ਉਹ ਨਾਟਕਕਾਰ ਜ਼ਰੂਰ ਇੱਕ ਪਾਸੇ ਨੁੱਕਰ ਜਿਹੀ 'ਚ ਇਕੱਲਾ ਹੀ ਬੈਠਾ ਸਿਗਰਟ ਪੀ ਰਿਹਾ ਹੈ। ਇਹਦੇ ਤੋਂ ਹੀ ਖੁੰਦਕ ਖਾ ਕੇ ਸਾਡੇ ਨਾਵਲ ਦੇ ਕਿਰਦਾਰਾਂ ਨੇ 'ਨਾਟਕ' ਕਰਨ ਦਾ ਵਿਚਾਰ ਬਣਾਇਆ ਹੈ। ਵੈਸੇ ਉਹ ਇਹ ਵੀ ਸਮਝਦੇ ਹਨ ਕਿ ਨਾਟਕ ਹੀ ਇੱਕ ਅਜਿਹਾ ਹਥਿਆਰ ਹੈ, ਜਿਸ ਜ਼ਰੀਏ ਲੋਕਾਂ ਨੂੰ ਸੁਚੇਤ ਕੀਤਾ ਜਾ ਸਕਦਾ ਹੈ। ਉਹਨਾਂ ਦੇ ਸੀਨਿਆਂ 'ਚ ਅੱਗ ਹੈ, ਉਹ ਲੜਨਾ ਚਾਹੁੰਦੇ ਹਨ। ਕਈ ਵਾਰ ਕੰਢੇ ਵੀ ਸਾੜਦੇ ਹਨ, ਕਈ ਵਾਰ ਕਿਸੇ ਕੰਮ 'ਚ ਕਾਮਯਾਬ ਵੀ ਹੋ ਜਾਂਦੇ ਹਨ। ਬਹੁਤੀ ਵਾਰ ਇੱਕ-ਦੂਜੇ ਵਿੱਚ ਨੁਕਸ ਹੀ ਕੱਢਦੇ ਹਨ।

ਲਾਇਬ੍ਰੇਰੀ ਦਾ ਬਾਕੀ ਬਿਰਤਾਂਤ ਦੱਸਣ ਦੀ ਥਾਂ ਇਸ ਸਿਗਰਟ ਪੀ ਰਹੇ ਨਾਟਕਕਾਰ ਬਾਰੇ ਗੱਲ ਕਰ ਲੈਂਦੇ ਹਾਂ। ਇਹਨੂੰ ਕਈ ਵਰ੍ਹੇ ਹੋ ਗਏ ਹਨ ਆਪਣਾ ਥੀਏਟਰ ਗਰੁੱਪ ਬਣਾਇਆ ਹੋਇਆ ਹੈ। ਕਦੇ-ਕਦੇ ਥੀਏਟਰ ਡੇ ਉਪਰ ਨਾਟਕ ਕਰ ਲੈਂਦਾ ਹੈ, ਇਸੇ ਲਾਇਬ੍ਰੇਰੀ ਦੀ ਸਟੇਜ ਤੋਂ। ਚਾਰ ਕੁ ਦਰਸ਼ਕ ਵੀ ਇਕੱਠੇ ਕਰ ਲੈਂਦਾ ਹੈ, ਪਰੰਤੂ ਨਾਟਕ ਕਦੇ ਵੀ ਅਸਰਦਾਰ ਨਹੀਂ ਰਹੇ। ਦਰਅਸਲ ਇਹ ਆਪ ਜਿਹੋ-ਜਿਹੀ ਜ਼ਿੰਦਗੀ ਜਿਉਂਦਾ ਹੈ, ਉਹੋ-ਜਿਹੇ ਹੀ ਨਾਟਕ ਕਰਦਾ ਹੈ, ਮੱਧ ਵਰਗੀ ਸੋਚਾਂ ਨੂੰ ਲੈ ਕੇ ਤੁਰਨ ਵਾਲੇ। ਇਸੇ ਕਰਕੇ ਬਹੁਤੀ ਪ੍ਰਸ਼ੰਸਾ ਇਹਦੀ ਕਦੇ ਹੋਈ ਨਹੀਂ। ਇਹ ਭਾਈ ਸਾਹਿਬ ਆਪਣੇ ਬਾਪ ਵਾਲਾ ਈ ਦੁਕਾਨਦਾਰੀ ਦਾ ਕਿੱਤਾ ਕਰਦਾ ਹੈ। ਬਾਪ ਰੋਅਬ ਵਾਲਾ ਹੈ ਤੇ ਇਹ ਦੱਬੂ ਕਿਸਮ ਦਾ ਬੰਦਾ। ਉਹਦੇ ਸਾਹਮਣੇ ਸਿਗਰਟ ਨਹੀਂ ਪੀਂਦਾ। ਉੱਚੀ ਨਹੀਂ ਬੋਲਦਾ। ਇਥੋਂ ਤੱਕ ਕਿ ਘਰਵਾਲੀ ਨਾਲ ਵੀ ਨਹੀਂ ਲੜਦਾ। ਇੱਥੇ ਆ ਕੇ ਉੱਚੀ-ਉੱਚੀ ਰੌਲਾ ਪਾਵੇਗਾ। ਅਸੀਂ ਕਦੇ ਨਹੀਂ ਇਹੋ-ਜਿਹਾ ਡਾਇਰੈਕਟਰ ਵੇਖਿਆ ਜਿਹੜਾ ਆਪਣੇ ਕਿਰਦਾਰਾਂ ਨੂੰ ਹਮੇਸ਼ਾ ਕਿੱਲ੍ਹ ਕੇ ਬੋਲਣ ਲਈ ਹੀ ਆਖੇ। ਫਿਰ ਇਹ ਸ਼ਾਮ ਨੂੰ ਵਿਹਲਾ ਹੋ ਕੇ ਸੈਰ ਕਰੇਗਾ। ਸੈਰ ਵੀ ਪਾਰਕ 'ਚ ਨਹੀਂ ਕਰਦਾ, ਸਗੋਂ ਬਿਲਡਿੰਗ ਦੇ ਆਲੇ-ਦੁਆਲੇ ਹੀ ਕਰਦਾ ਹੈ, ਫਰਸ਼ ਉੱਤੇ। ਅਸੀਂ ਬਹੁਤ ਵਾਰ ਟੋਕਿਆ ਹੈ ਕਿ ਪਾਰਕ ਸਾਹਮਣੇ ਹੈ, ਉਸ 'ਚ ਸੈਰ ਕਰ। ਪਰ ਇਹ ਹੱਸ ਕੇ ਟਾਲ ਜਾਂਦਾ ਹੈ।

ਇਸ ਮਹਾਸ਼ੇ ਉੱਪਰ ਇੱਕ ਵਾਰ ਕਹਾਣੀ ਲਿਖਣ ਦੀ ਸੋਚੀ ਸੀ। ਉਸ ਕਹਾਣੀ ਦਾ ਸਿਰਲੇਖ ਸੋਚਿਆ ਸੀ 'ਮੈਨੂੰ ਮੇਰਾ ਕੁੱਤਾ ਸਮਝਦਾ ਹੈ'। ਆਈਡੀਆ ਇਹ ਸੀ ਕਿ ਇਸਦੇ ਕਿਰਦਾਰ ਨੂੰ ਉਘਾੜਿਆ ਜਾਵੇ, ਨਾਲ ਹੀ ਇਹ ਵਿਖਾਇਆ ਜਾਵੇ ਕਿ ਘਰ ਵਾਲੇ ਇਹਦੇ ਏਨੇ ਕਰੂਰ ਹਨ ਕਿ ਇਹਦੀਆਂ ਭਾਵਨਾਵਾਂ ਨੂੰ ਹੀ ਨਹੀਂ ਸਮਝਦੇ। ਇਹ ਆਪਣਾ ਗੁੱਸਾ ਘਰ ਰੱਖੇ ਹੋਏ ਕੁੱਤੇ ਨੂੰ ਠੁੱਡ ਮਾਰ ਕੇ ਕੱਢਦਾ ਹੈ।



ਕੁੱਤਾ 'ਚਊਂ-ਚਊਂ' ਕਰਦਾ ਬਾਹਰ ਦੌੜ ਜਾਂਦਾ ਹੈ। ਪਰੰਤੂ ਜਦੋਂ ਇਹ ਘਰੋਂ ਬਾਹਰ ਨਿਕਲਣ ਲੱਗਦਾ ਹੈ ਤਾਂ ਕੁੱਤਾ ਇਸਦੇ ਪੈਰ ਚੱਟਣ ਲੱਗ ਜਾਂਦਾ ਹੈ। ਇਹਨੂੰ ਕੁੱਤੇ ਉੱਤੇ ਬਹੁਤ ਪਿਆਰ ਆਉਂਦਾ ਹੈ। ਇਹਨੂੰ ਲੱਗਦਾ ਹੈ ਕਿ ਮੈਨੂੰ ਮੇਰਾ ਕੁੱਤਾ ਸਮਝਦਾ ਹੈ।

ਪਰ ਇਸਨੂੰ ਬੁਲਾਏ ਬਗ਼ੈਰ ਹੀ ਆਪਾਂ ਲਾਇਬ੍ਰੇਰੀ ਬਾਰੇ ਗੱਲ ਕਰਦੇ ਹਾਂ। ਇਸ ਗੋਲ ਬਿਲਡਿੰਗ ਵਿੱਚ ਪਾਰਕ ਹੈ, ਵੱਡਾ ਹਾਲ ਹੈ, ਹਾਲ ਦੀ ਸਟੇਜ ਬਾਹਵਾ ਖੁੱਲ੍ਹੀ ਹੈ। ਮਹੀਨੇ 'ਚ ਕਈ ਪ੍ਰੋਗਰਾਮ ਹੁੰਦੇ ਹਨ, ਸਿਆਸੀ ਵੀ ਤੇ ਸਾਹਿਤਕ ਵੀ। ਪੜ੍ਹਨ ਵਾਲੇ ਵੀ ਆਉਂਦੇ ਹਨ ਤੇ ਧੁੱਪ ਸੇਕਣ ਵਾਲੇ ਵੀ। ਸਾਡੇ ਸਾਰੇ ਕਿਰਦਾਰ ਇਥੋਂ ਦੇ ਰੈਗੂਲਰ ਪਾਠਕ ਹਨ। ਇਥੋਂ ਦੇ ਚੌਕੀਦਾਰ ਨਾਲ ਵੀ ਸਾਂਝ ਰੱਖਦੇ ਹਨ ਤੇ ਲਾਇਬ੍ਰੇਰੀਅਨ ਨਾਲ ਵੀ। ਹੋਰ ਵੀ ਬਹੁਤ ਕੁਝ ਇਸ ਨਾਲ ਜੁੜਿਆ ਹੋਇਆ ਹੈ। ਗੇਟ ਦੇ ਨਾਲ ਹੀ ਬਣੇ ਚਾਹ ਦੇ ਖੋਖੇ ਵਾਲੇ ਬਿੱਲੇ ਕੋਲ ਵੀ ਬਹੁਤ ਸਾਰਿਆਂ ਦੇ ਰਾਜ਼ ਹਨ। ਉਸ ਨਾਲ ਵੀ ਕਦੇ, ਗੱਲ ਕਰਕੇ ਵੇਖ ਲਵਾਂਗੇ, ਵੈਸੇ ਉੱਥੇ ਜਾਂਦੇ-ਆਉਂਦੇ ਕਿਰਦਾਰਾਂ ਦੇ ਝਲਕਾਰੇ ਤਾਂ ਨਾਵਲ ਵਿੱਚ ਆਮ ਹੀ ਮਿਲ ਜਾਣਗੇ। ਇੱਥੇ ਇੱਕ ਰਿਟਾਇਰਡ ਲਾਇਬ੍ਰੇਰੀਅਨ ਵੀ ਆਉਂਦਾ ਹੈ। ਉਹ ਕਮਾਲ ਦਾ ਬੰਦਾ ਹੈ।

ਰਿਟਾਇਰਡ ਲਾਇਬ੍ਰੇਰੀਅਨ ਤੋਂ ਹੀ ਇੱਕ ਗੱਲ ਹੋਰ ਯਾਦ ਆ ਗਈ ਇਸੇ ਤਰ੍ਹਾਂ ਦੇ ਬੰਦੇ ਦੀ। ਉਹ ਬਾਬੇ ਲੋਕ ਸਨ। ਰੇਡੀਓ ਸਟੇਸ਼ਨ 'ਤੇ ਅਫਸਰ ਸਨ। ਸਾਰੀ ਉਮਰ ਬੜਾ ਕੰਮ ਕੀਤਾ। ਲੋਕਾਂ ਵਿੱਚ ਨਾਮ ਵੀ ਬਣਾ ਲਿਆ। ਅਖੀਰ ਰਿਟਾਇਰਡ ਹੋ ਗਏ। ਕਮਾਲ ਇਹ ਹੋਇਆ ਕਿ ਉਹ ਚਾਰਜ ਨਾ ਦੇਣ ਅਗਲੇ ਅਫਸਰ ਨੂੰ। ਰੋਜ਼ ਆ ਕੇ ਉਸੇ ਕੁਰਸੀ 'ਤੇ ਬੈਠ ਜਾਇਆ ਕਰਨ। ਕੰਮ 'ਚ ਸਲਾਹਾਂ ਦੇਈ ਤੁਰੇ ਜਾਣ। ਸਾਰਾ ਦਫਤਰ ਪਰੇਸ਼ਾਨ ਹੋ ਗਿਆ। ਬਜ਼ੁਰਗ ਸਨ, ਕੋਈ ਔਖਾ ਹੋ ਕੇ ਕਹੇ ਵੀ ਨਾ, ਫਿਰ ਪਤਾ ਨਹੀਂ ਕਿਵੇਂ ਉਹਨਾਂ ਨੂੰ ਅਸਲੀ ਰੂਪ 'ਚ ਵਿਦਾ ਕੀਤਾ ਗਿਆ। ਉਸ ਮਗਰੋਂ ਤਾਂ ਉਹ ਮਹਾਰਾਜ ਆਪਣੇ ਹੋਸ਼ ਹੀ ਗਵਾ ਬੈਠੇ। ਕਮਲ਼ੇ ਹੋਏ ਸੜਕਾਂ 'ਤੇ ਤੁਰੇ ਫਿਰਿਆ ਕਰਨ। ਆਪਣੇ ਹੀ ਘਰ ਦਾ ਪਤਾ ਭੁੱਲ ਜਾਇਆ ਕਰਨ। ਬਸ ਕੁਝ ਦਿਨਾਂ 'ਚ ਹੀ ਤੁਰਦੇ ਬਣੇ।

ਪਰ ਇਸ ਲਾਇਬ੍ਰੇਰੀਅਨ ਨੇ ਆਪਣੇ ਆਪ ਨੂੰ ਬਚਾ ਲਿਆ ਹੈ। ਬਚਾ ਵੈਸੇ ਕਾਹਦਾ ਲਿਆ, ਇਹ ਵੀ ਤਾਂ ਕਮਲੀਆਂ ਈ ਮਾਰਦਾ ਹੈ। ਇੱਥੇ ਲਾਇਬ੍ਰੇਰੀ ਵਾਲੇ ਸਾਰੇ ਈ ਇਹਦੇ ਤੋਂ ਦੁਖੀ ਹਨ। ਖਾਹ-ਮਖਾਹ ਉਹਨਾਂ ਦੇ ਕੰਮ 'ਚ ਦਖਲ ਦਿੰਦਾ ਹੈ। ਅੱਜ ਵੀ ਹੇਠਲੇ ਕਰਮਚਾਰੀਆਂ ਨੂੰ ਆਪਣੇ ਹੇਠ ਹੀ ਸਮਝਦਾ ਹੈ। ਉਹ ਮੂੰਹ 'ਤੇ ਭਾਵੇਂ ਕੁਝ ਨਾ ਕਹਿਣ ਪਿੱਠ ਪਿੱਛੇ ਬਹੁਤ ਨਿੰਦਿਆ ਕਰਦੇ ਹਨ। ਚਲੋ ਇਹਦੇ ਬਾਰੇ ਬਾਕੀ ਫੇਰ ਕਦੇ ਗੱਲ ਕਰਾਂਗੇ।

ਯਾਦ ਰੱਖਿਓ, ਇਹ ਲਾਇਬ੍ਰੇਰੀ ਸਾਡੇ ਨਾਵਲ ਦੀ ਕਰਮਭੂਮੀ ਹੈ। ਇੱਥੇ ਹੀ ਸਾਰੇ ਕਿਰਦਾਰ ਇਕੱਠੇ ਹੋਣਗੇ। ਨਾਟਕ ਦੀਆਂ ਵਿਉਂਤਾਂ ਬਣਾਉਣਗੇ। ਸ਼ਰਾਬ ਪੀਣ ਲਈ 'ਅਮਰੀਕਨ ਵੇਅ' ਕਰਨਗੇ। ਕਾਫਲਾ ਇਥੋਂ ਹੀ ਤੁਰਿਆ ਕਰੇਗਾ। ਬਾਹਰੋਂ ਆਉਣ ਵਾਲੇ ਇਹਨਾਂ ਦੇ ਮਿੱਤਰ ਵੀ ਇਹਨਾਂ ਨੂੰ ਲੱਭਣ ਇੱਥੇ ਹੀ ਆਉਣਗੇ। ਰੌਣਕਾਂ ਲੱਗੀਆਂ ਰਹਿਣਗੀਆਂ। ਆਪਾਂ ਵੇਖਾਂਗੇ ਹੀ। ਹਾਲ ਦੀ ਘੜੀ ਇਹਦਾ ਬਹੁਤਾ ਵਿਸਥਾਰ ਨਹੀਂ ਦਿੰਦੇ।

oooooo

ਕਲੇਰ ਸਾਹਿਬ ਦੀ ਪਤਨੀ ਨੂੰ ਤਾਂ ਜਿਵੇਂ ਸ਼ੌਦਾਅ ਹੀ ਹੋ ਗਿਆ ਹੈ, ਉਹਨੇ ਵਾਪਸ ਮੁੜਦੀ ਗਵਾਂਢਣ ਦਾ ਪ੍ਰਛਾਵਾਂ ਫੇਰ ਘਰ ਦੀ ਸਰਦਲ 'ਤੇ ਪੈ ਗਿਆ ਸਮਝ ਲਿਆ ਹੈ। ਬਾਥਰੂਮ 'ਚ ਗਈ ਹੈ। ਪਾਣੀ ਦੀ ਬਾਲਟੀ ਭਰ ਕੇ ਡੋਲ੍ਹ ਦਿੱਤੀ ਹੈ। ਰੱਬ ਖ਼ੈਰ ਕਰੇ!

## ੭

ਕੱਲ੍ਹ ਲਾਇਬ੍ਰੇਰੀ 'ਚ ਸੁੰਨ ਕਿਉਂ ਵਰਤੀ ਰਹੀ, ਇਸ ਬਾਰੇ ਅੱਜ ਪਤਾ ਲੱਗਾ ਹੈ। ਕੱਲ੍ਹ ਤਾਂ ਕੈਂਪ 'ਚ ਹੋਰ ਹੀ ਭਾਣਾ ਵਰਤ ਗਿਆ। ਗਲ਼ੀ ਦੇ ਗੁੰਡਿਆਂ ਨੇ ਯੋਗੀ ਯਾਨੀਂ ਸਾਡੇ ਮਹਾਂ ਕਿਰਦਾਰ ਦੀ ਵੱਡੀ ਭੈਣ ਨੂੰ ਸਕੂਲੋਂ ਆਉਂਦੇ ਘੇਰ ਲਿਆ। ਛੇੜਖਾਨੀ ਕੀਤੀ ਤਾਂ ਉਹਨੇ ਇੱਕ ਦੇ ਥੱਪੜ ਕੱਢ ਮਾਰਿਆ। ਬਸ

ਉਸੇ ਨੂੰ ਲੈ ਕੇ ਉਹ ਇਹਨਾਂ ਦੇ ਪੇਸ਼ ਪੈ ਗਏ। ਉੱਥੇ ਤਾਂ ਲੜਾਈਆਂ ਹੁੰਦੀਆਂ ਵੀ ਏਨੀਆਂ ਘਿਨਾਉਣੀਆਂ ਨੇ ਕਿ ਤੁਸੀਂ ਦਹਿਲ ਜਾਂਦੇ ਹੋ। ਬੰਦੇ ਦੇ ਛੁਰਾ-ਛੁਰਾ ਖੋਭਣਾ ਤਾਂ ਆਮ ਹੀ ਗੱਲ ਹੈ। ਇਹ ਸਾਰੇ ਉੱਥੇ ਹੀ ਪਹੁੰਚੇ ਹੋਏ ਸਨ।

ਵੈਸੇ ਹਨ ਇਹ ਸਾਰੇ ਕਮਾਲ ਦੇ ਬੰਦੇ। ਪਤਾ ਨਹੀਂ ਕਿਵੇਂ ਉਹਨਾਂ ਗੁੰਡਿਆਂ ਵਿੱਚੋਂ ਵੀ ਜੇਤੂ ਹੋ ਕੇ ਨਿਕਲ ਆਏ। ਨਾਲੇ ਸਾਡੇ ਬਾਬਿਆਂ ਨੇ ਵੀ ਆਪਣਾ ਰੰਗ ਕਹਿੰਦੇ ਵਿਖਾ ਦਿੱਤਾ। ਪੁਲਸ ਨੂੰ ਸੂਚਿਤ ਕੀਤਾ ਗਿਆ। ਸਥਾਨਕ ਲੀਡਰਾਂ ਨੂੰ ਸੂਚਿਤ ਕੀਤਾ ਗਿਆ। ਮੁਹੱਲੇ ਦੀਆਂ ਬੀਬੀਆਂ ਨੂੰ ਇਹਨਾਂ ਨੇ ਤਿਆਰ ਕਰ ਲਿਆ। ਉਹ ਆਪਣੇ ਨਿੱਕੇ-ਮੋਟੇ ਹਥਿਆਰਾਂ ਨਾਲ ਲੈਸ ਹੋ ਗਈਆਂ ਸਨ।

"ਹਰਾਮਜ਼ਾਦਾ ਲੰਘੇ ਤਾਂ ਸਹੀ ਗਲੀ ਵਿੱਚੋਂ। ਡੱਕਰੇ ਕਰ ਦੇਣੇ ਉਹਦੇ।" ਕਿਸੇ ਵੀ ਔਰਤ ਦੇ ਮਨ 'ਚ ਘੁੰਗਰੀ ਬਦਮਾਸ਼ ਦੀ ਦਹਿਸ਼ਤ ਨਹੀਂ ਸੀ।

"ਨਾਲ਼ੀ ਦਾ ਪਾਣੀ ਨਾ ਪਿਆਇਆ ਤਾਂ ਕਹਿ ਦਿਓ।"

ਫਿਰ ਕਹਿੰਦੇ ਇਹ ਸਾਰੇ ਸ਼ਹਿ ਲਾ ਕੇ ਬੈਠੇ ਰਹੇ। ਗਲੀ ਦੇ ਦੂਸਰੇ ਕਿਨਾਰੇ ਜਾ ਕੇ ਘੁੰਗਰੀ ਬਦਮਾਸ਼ ਦੇ ਹਮਾਇਤੀਆਂ ਨਾਲ ਬਹਿਸ ਵੀ ਕਰ ਆਏ। ਇਹਨਾਂ ਦੀ ਦਹਿਸ਼ਤ ਉਲਟੀ ਬਦਮਾਸ਼ ਟੋਲੀ ਉਪਰ ਪੈ ਗਈ।

ਅਹੁ ਆ ਹੀ ਰਹੇ ਨੇ ਸਾਰੇ। ਹੁਣੇ ਸਾਰੀ ਗੱਲ ਦਾ ਪਤਾ ਲੱਗ ਜੂ।

"ਓਏ ਤੂੰ ਕੱਲ੍ਹ ਕਿੱਥੇ ਸੀ?"

"ਤੇ ਤੁਸੀਂ ਕੀ ਚੰਦ ਚਾੜ੍ਹ ਕੇ ਆਏ ਓ!"

"ਅਸੀਂ ਤਾਂ ਜੋ ਕਰਨਾ ਕਰ ਦਿੱਤਾ। ਤੂੰ ਦੱਸ, ਤੂੰ ਕਿੱਥੇ ਸੀ?"

"ਮੈਂ ਤਾਂ ਇੱਥੇ ਆਇਆ ਸੀ। ਤੁਸੀਂ ਕੋਈ ਵੀ ਹੈ ਨੀ ਸੀ।"

"ਤੈਨੂੰ ਗੱਲ ਦਾ ਪਤਾ ਲੱਗ ਗਿਆ ਹੋਣਾ।"

"ਪਤਾ ਤਾਂ ਲੱਗ ਗਿਆ, ਪਰ ਅੱਗੇ ਤੋਂ ਤਾਂ ਤੁਹਾਨੂੰ ਧਿਆਨ ਰੱਖਣਾ ਪਊ।"

"ਧਿਆਨ ਕਾਹਦਾ। ਕੁੜੀ ਨੂੰ ਕਹਿ ਦਿੱਤਾ ਦੋ ਦਿਨ ਸਕੂਲ ਨਾ ਜਾਹ। ਉਹ ਅਗੋਂ ਕਹਿੰਦੀ ਡਰ ਕੇ ਥੋੜ੍ਹਾ ਰਹਿਣਾ। ਮੈਂ ਤਾਂ ਟੰਗਾਂ ਭੰਨ ਦਊਂ। ਉਹ ਜਾ ਰਹੀ ਆ। ਅੱਜ ਗਈ ਆ। ਅਸੀਂ ਕਿਹਾ ਕਿ ਨਾਲ ਚੱਲਦੇ ਆਂ। ਉਹ ਕਹਿੰਦੀ ਪਰਵਾਹ ਨਾ ਕਰੋ। ਹੁਣ ਦੇਖਦੇ ਹਾਂ। ਅਜੇ ਤੱਕ ਤਾਂ ਕੋਈ ਮਾੜੀ ਖਬਰ ਨਹੀਂ।"

"ਓਏ ਉਹਨੇ ਹੁਣ ਕੋਈ ਸਟੈੱਪ ਚੁੱਕਣਾ ਹੀ ਨਹੀਂ। ਉਹ ਡਰ ਗਿਆ। ਨਾਲੇ ਬਾਬਿਆਂ ਨੇ ਉਹਨਾਂ ਦੇ ਗੁਰੂ ਨੂੰ ਫੋਨ ਖੜਕਾ ਦਿੱਤਾ, ਉਹਨੇ ਵੀ ਸਮਝਾ ਦਿੱਤਾ ਹੋਣਾ।" ਅਲੀ ਬੋਲਿਆ ਹੈ।

"ਪਰ ਧਿਆਨ ਤਾਂ ਰੱਖਣਾ ਈ ਪਊ। ਅਵੇਸਲੇ ਹੋਣ ਦੀ ਤਾਂ ਲੋੜ ਨਹੀਂ।"

"ਓ ਕਾਹਨੂੰ ਯਾਰ। ਕੋਈ ਚਿੰਤਾ ਨਹੀਂ। ਤੁਸੀਂ ਇਸ ਟੌਪਿਕ ਨੂੰ ਹੁਣ ਨਾ ਈ ਛੇੜੋ। ਸਾਲਾ, ਸਾਰੀ ਰਾਤ ਇਹੀ ਗੱਲਾਂ ਕਰ-ਕਰ ਮਨ ਅੱਕਿਆ ਪਿਆ।" ਯੋਗੀ ਉਦਾਸ ਲੱਗ ਰਿਹਾ।

"ਚਲੋ ਛੱਡੋ ਫੇਰ।"

ਗੱਲਬਾਤ ਬੰਦ! ਕਮਾਲ ਐ! ਕਿਸੇ ਨੇ ਫੜ੍ਹ ਨਹੀਂ ਮਾਰੀ। ਕੋਈ ਦਾਅਵਾ ਨਹੀਂ ਕਰ ਰਿਹਾ ਕਿ "ਮੈਂ ਆਹ ਕੀਤਾ, ਮੈਂ ਔਹ ਕੀਤਾ।" ਸਾਰੇ ਇਕਦਮ ਚੁੱਪ! ਇਹ ਭਾਣਾ ਕੀ ਵਾਪਰਿਆ ਹੈ! ਏਨੀ ਖਾਮੋਸ਼ੀ? ਯਾਰ ਇਸ ਚੁੱਪ ਤੋਂ ਤਾਂ ਡਰ ਲੱਗਣ ਲੱਗ ਪਿਆ ਹੈ। ਕਿਤੇ ਇਹ ਮੈਨੂੰ ਕੋਈ ਗੁੱਝੀ ਸਜ਼ਾ ਤਾਂ ਨਹੀਂ ਦੇ ਰਹੇ। ਕਿਤੇ ਇਹਨਾਂ ਦੇ ਮਨ 'ਚ ਹੋਵੇ ਕਿ ਮੈਂ ਪਤਾ ਲੱਗਣ ਦੇ ਬਾਵਜੂਦ ਕਾਇਰਾਂ ਵਾਂਗ ਚੁੱਪ ਕਿਉਂ ਰਿਹਾ? ਕਿਉਂ ਨਹੀਂ ਸਵੇਰੇ ਹੀ ਯੋਗੀ ਦੇ ਘਰ ਪਹੁੰਚ ਗਿਆ? ਕਿਉਂ ਨਹੀਂ ਉਸਦੀ ਮਾਂ ਨੂੰ, ਭੈਣ ਨੂੰ ਜਾ ਕੇ ਮਿਲਿਆ। ਨਾਲੇ ਰਾਤ ਹੀ ਉਹਨਾਂ ਨੂੰ ਲੱਭਣ ਦੀ ਕੋਸ਼ਿਸ਼ ਕਿਉਂ ਨਹੀਂ ਕੀਤੀ। ਹੁਣ ਫੇਰ ਉਸ ਕੋਲ ਇੱਕੋ ਨੁਕਤਾ ਆ ਜਾਵੇਗਾ, "ਓਏ ਤੈਨੂੰ ਤਾਂ ਅਸੀਂ ਜਾਣਦੇ ਹਾਂ!"



ooooooo

ਠਹਿਰੋ! ਦੇਖੋ ਉਹ ਰਿਟਾਇਰਡ ਪ੍ਰੋਫੈਸਰ ਧਿਆਨ ਵਿੱਚੋਂ ਜਾਗਿਆ ਹੈ। ਉਸਨੇ ਕਲਮ ਚੁੱਕੀ ਹੈ। ਸਾਫ ਪੇਪਰ ਦੀ ਹਿੱਕ 'ਤੇ ਲਿਖ ਦਿੱਤਾ ਹੈ। 'ਜਿਹੜੀਆਂ ਜਨਜਾਤੀਆਂ ਦੇ ਲੋਕ ਆਪਣੇ ਪਿਤਰ ਦਰਖਤ ਨੂੰ ਮੰਨਦੇ ਹਨ, ਉਸ ਦਰਖਤ ਕੋਲੋਂ ਲੰਘਦਿਆਂ ਉਹਨੂੰ ਨਮਸਕਾਰ ਕਰਦੇ ਹਨ ਅਤੇ ਉਹਨਾਂ ਦੀਆਂ ਔਰਤਾਂ ਘੁੰਢ ਕੱਢ ਲੈਂਦੀਆਂ ਹਨ।' ਉਹ ਫਿਰ ਧਿਆਨ 'ਚ ਚਲਿਆ ਗਿਆ ਹੈ।

## ੮

ਦੁੱਲਾ ਪਿੰਡੀਓ ਤੁਰ ਪਿਆ।

ਇਹ ਦੁੱਲਾ ਹੈ ਸਾਗਰ। ਭੂਮੀ ਤੇ ਜਲ ਸੰਭਾਲ ਮਹਿਕਮੇ ਵਿੱਚ ਹੈ। ਏਰੀਆ ਹੈ ਕੰਢੀ ਦਾ। ਉਹ ਏਰੀਆ ਜਿੱਥੇ ਕਾਮਰੇਡ ਦਰਸ਼ਨ ਸਿੰਘ ਕੈਨੇਡੀਅਨ ਨੇ ਆਪਣਾ ਪਸੀਨਾ ਵਹਾਇਆ ਹੈ, ਲੋਕਾਂ ਲਈ ਸੰਘਰਸ਼ ਕਰਦਿਆਂ। ਉਸਦੇ ਲਾਏ ਬੂਟਿਆਂ ਤੇ ਪਾਏ ਪੂਰਨਿਆਂ ਦਾ ਫਾਇਦਾ ਇਸਨੂੰ ਵੀ ਮਿਲ ਜਾਂਦਾ ਹੈ। ਕਾਮਰੇਡ ਕੈਨੇਡੀਅਨ ਅੱਤਵਾਦ ਦੀ ਭੇਟ ਚੜ੍ਹ ਗਏ ਸਨ।

ਆਪਾਂ ਇੰਝ ਕਰੀਏ। ਪਹਿਲਾਂ ਦੋ ਮਿੰਟ ਕਾਮਰੇਡ ਕੈਨੇਡੀਅਨ ਜੀ ਵਾਸਤੇ ਮੌਨ ਖੜ੍ਹੇ ਹੋਈਏ!

'ਦੋ'

'ਧੰਨਵਾਦ'

ਸਾਗਰ ਦੀ ਗੱਲ ਕਰ ਰਹੇ ਸੀ, ਉਸਦੇ ਆਉਣ ਦੀ ਖ਼ਬਰ ਮੈਨੂੰ ਹੋ ਗਈ ਹੈ। ਉਹ ਸਿੱਧਾ ਮੇਰੇ ਕੋਲ ਹੀ ਆ ਰਿਹਾ ਹੈ। ਆਪਣੇ ਸੁਭਾਅ ਮੁਤਾਬਿਕ ਇਸ ਸ਼ਹਿਰ 'ਚ ਕਰਨ ਵਾਲੇ ਸਾਰੇ ਕੰਮਾਂ ਦਾ ਪੂਰਾ ਖਾਕਾ ਉਸ ਤਿਆਰ ਕਰ ਲਿਆ ਹੈ। ਮੇਰੇ ਕੋਲ ਆਵੇਗਾ। ਕੰਢੀ ਵਿੱਚ ਪਾਣੀ ਦੀ ਕਿੱਲਤ ਅਤੇ ਬਾਰਸ਼ਾਂ ਦੇ ਪਾਣੀ ਨੂੰ ਤਲਾਬ ਬਣਾ ਕੇ, ਬੰਨ੍ਹ ਲਾ ਕੇ ਰੋਕਣ ਬਾਰੇ ਇੱਕ ਪੂਰਾ ਫੀਚਰ ਉਹ ਬਣਾ ਕੇ ਲਿਆ ਰਿਹਾ ਹੈ। ਨਾਲ ਉਹਨਾਂ ਦੇ ਮਹਿਕਮੇ ਵੱਲੋਂ ਕੀਤੇ ਕਾਰਜਾਂ ਦੇ ਸਾਰਥਕ ਸਿੱਟਿਆਂ ਦੀਆਂ ਫੋਟੋ ਵੀ ਹਨ। ਉਹਨੇ ਰਾਤ ਫੋਨ ਕਰਕੇ ਦੱਸ ਦਿੱਤਾ ਸੀ। ਇਸ ਤੋਂ ਉਪਰੰਤ ਉਸਨੇ ਦੋ-ਤਿੰਨ ਹੋਰ ਸਾਥੀਆਂ ਨੂੰ ਮਿਲਣਾ ਹੈ, ਜਿਸ ਕਰਕੇ ਉਸਨੂੰ ਮੇਰੇ ਮੋਟਰ ਸਾਈਕਲ ਦੀ ਲੋੜ ਹੋਵੇਗੀ। ਬਾਅਦ ਵਿੱਚ ਉਹਨੇ ਦੁਪਹਿਰ ਦਾ ਖਾਣਾ ਇਕੱਠੇ ਖਾਣ ਵਾਸਤੇ ਵੀ ਕਹਿ ਦਿੱਤਾ ਸੀ। ਉਹਦਾ ਭਾਵ ਸੀ ਕਿ ਅਸੀਂ ਮੀਟ ਖਾਵਾਂਗੇ। ਸਾਗਰ ਸਾਹਿਬ ਬ੍ਰਾਹਮਣ ਪਰਵਾਰ 'ਚੋਂ ਹਨ। ਬੜੇ ਭਲੇ ਇਨਸਾਨ ਹਨ। ਘਰ 'ਚ ਮੀਟ ਨਹੀਂ ਬਣਦਾ। ਜਦੋਂ ਕਦੇ ਏਧਰ ਆਉਂਦੇ ਹਨ, ਸਾਡੇ ਨਾਲ ਮੀਟ ਜ਼ਰੂਰ ਖਾਂਦੇ ਹਨ। ਪਰ ਜਦੋਂ ਉਹ ਇਸ ਖਾਣੇ ਦੇ ਪੈਸੇ ਦਿੰਦੇ ਹਨ ਤਾਂ ਮਨ 'ਚ ਕਈ ਵਿਚਾਰ ਆਉਣ ਲੱਗ ਪੈਂਦੇ ਹਨ। ਕਿਤੇ ਇਹ ਇਸ ਸਾਰੇ ਕੁਝ ਦੇ ਬਹਾਨੇ ਸਾਨੂੰ ਰਿਸ਼ਵਤ ਤਾਂ ਨਹੀਂ ਦਿੰਦਾ? ਐਵੇਂ ਮੀਟ ਖਵਾ ਕੇ ਆਰਟੀਕਲ ਲਵਾਉਣਾ ਚਾਹੁੰਦਾ ਹੋਵੇ! ਹੋ ਵੀ ਸਕਦਾ ਹੈ, ਕਿਉਂਕਿ ਮੈਨੂੰ ਹਰ ਵਾਰ ਲੱਗਿਆ ਹੈ ਕਿ ਇਸ ਵਿੱਚ ਨਾਂਅ ਛਪਾਉਣ ਦੀ ਬੜੀ ਤਮ੍ਹਾਂ ਹੈ। ਇਹਦਾ ਨਾਂਅ ਜੇ ਹਫਤਾ ਭਰ ਨਾ ਛਪੇ ਤਾਂ ਇਹ ਛਟਪਟਾਉਂਦਾ ਹੈ। ਇਹ ਕਈਆਂ ਨੂੰ ਆਦਤ ਹੁੰਦੀ ਹੈ। ਉਹ ਆਪਣਾ ਅਖਬਾਰ 'ਚ ਨਾਂਅ ਛਪਿਆ ਵੇਖ ਕੇ ਬਹੁਤ ਖੁਸ਼ ਹੁੰਦੇ ਹਨ। ਇਹ ਤਾਂ ਬਾਹਲਾ ਈ ਖੁਸ਼ ਹੁੰਦਾ ਹੈ।

ਲਓ ਜੀ, ਸਾਗਰ ਸਾਹਿਬ ਆ ਗਏ ਹਨ।

"ਹੋਰ ਸੁਣਾਓ!"

"ਬਸ ਠੀਕ ਐ, ਜਿਵੇਂ ਤੈਨੂੰ ਪਹਿਲਾਂ ਈ ਦੱਸਿਆ ਹੋਇਆ। ਕੰਮ ਕਰਕੇ ਭੋਜਨ ਆਪਾਂ ਕੱਠਿਆਂ ਕਰਨਾ। ਕੋਈ ਹੋਰ ਮਿੱਤਰ ਵੀ ਹੋਵੇ ਤਾਂ ਚੰਗਾ ........।"

"ਭੋਜਨ ਤਾਂ ਕਰ ਲਵਾਂਗੇ, ਪਹਿਲਾਂ ਕੰਮ ਨਬੇੜ ਲਈਏ। ਭੋਜਨ ਵੈਸੇ ਤਾਂ ਦੋ ਰੋਟੀਆਂ ਨਾਲ ਲੈ ਕੇ ਆਇਆ ਹੋਇਆਂ ......."

"ਓ ਇਹ ਨਹੀਂ ਚੱਲਣੀਆਂ, ਕਿਤੇ ਵਧੀਆ ਥਾਂ ਚੱਲਾਂਗੇ। ਨਾਲੇ ਮੇਰੀ ਫੇਰੀ ਸਫਲ ਹੋ ਜੂ ....।"

"ਚਲੋ, ਕੰਮ ਦਿਖਾਓ।"

"ਆਹ ਤਾਂ ਹੈ ਆਰਟੀਕਲ ਤੇਰੇ ਮਤਲਬ ਦਾ ਕੰਢੀ 'ਚ ਬਾਰਸ਼ਾਂ ਦਾ ਪਾਣੀ ਰੋਕ ਕੇ ਤਲਾਬ ਭਰਨ ਬਾਰੇ। ਇਸ 'ਚ ਕਿਹਾ ਗਿਆ ਕਿ ਜੇਕਰ ਅਸੀਂ ਕੰਢੀ ਬਾਰਸ਼ ਦੇ ਪਾਣੀ ਦੀ ਬੂੰਦ-ਬੂੰਦ ਬਚਾ ਲਈਏ ਤਾਂ ਪੰਜਾਬ ਬਚਾਇਆ ਜਾ ਸਕਦਾ, ਇਹਦੇ ਨਾਲ ਵਣ ਵਧਣਗੇ। ਬਾਰਸ਼ਾਂ 'ਚ ਸਹਾਈ ਹੋਣਗੇ। ਮੌਸਮ, ਵਾਤਾਵਰਨ ਵਧੀਆ ਰਹੇਗਾ। ਤੈਨੂੰ ਤਾਂ ਖਬਰ ਹੈ ਹੀ ਕਿ ਕਿਵੇਂ ਪੰਜਾਬ ਦੇ ਧਰਤੀ ਹੇਠਲੇ ਪਾਣੀ ਦੀ ਤੱਗੀ ਦਿਨੋਂ-ਦਿਨ ਹੇਠਾਂ ਸਰਕਦੀ ਜਾ ਰਹੀ ਹੈ। ਪੰਜਾਬ ਨੇ ਬੰਜਰ ਬਣ ਜਾਣਾ। ਹੁਣ ਸਾਨੂੰ ਇਸ ਬਾਰੇ ਲੋਕਾਂ ਨੂੰ ਸੁਚੇਤ ਕਰਨ ਦੀ ਲੋੜ ਹੈ।

" ...ਅਤੇ ਆਹ ਤਸਵੀਰਾਂ ਹਨ, ਸਾਡੇ ਮਹਿਕਮੇ ਵੱਲੋਂ ਬਣਵਾਏ ਤਲਾਬ ਦੀਆਂ। ਅਸੀਂ ਬੰਨ੍ਹ ਮਾਰ ਕੇ ਦੋ ਬਾਰਸ਼ਾਂ ਦਾ ਪਾਣੀ ਤਲਾਬ 'ਚ ਇਕੱਠਾ ਕਰ ਲਿਆ। ਇੱਥੇ ਕੁਝ ਵੀ ਨਹੀਂ ਸੀ, ਦੋ ਵਰ੍ਹਿਆਂ 'ਚ ਹੀ ਇੱਥੇ ਨੇੜੇ-ਤੇੜੇ ਸਿੰਚਾਈ ਲਈ ਪਾਣੀ ਵੀ ਮੌਜੂਦ ਹੋ ਗਿਆ ਅਤੇ ਦਰਖਤ ਵੀ ਹਰੇ-ਭਰੇ ਹੋ ਗਏ। ਹੋਰ ਤਾਂ ਹੋਰ ਇੱਥੇ ਉਹ ਪੰਛੀ ਵੀ ਮੁੜ ਆਏ ਹਨ, ਜਿਹੜੇ ਸੋਕੇ ਕਰਕੇ ਪਰਵਾਸ ਕਰ ਗਏ ਸਨ। ਕੱਲ੍ਹ ਈ ਇੱਕ ਬਜ਼ੁਰਗ ਨੇ ਮੈਨੂੰ ਦੱਸਿਆ ਕਿ ਉਸਨੇ ਇਹਨਾਂ ਦਰਖਤਾਂ ਉੱਤੇ ਪੰਛੀਆਂ ਦੀਆਂ ਉਹ ਆਵਾਜ਼ਾਂ ਸੁਣੀਆਂ ਹਨ, ਜਿਹੜੀਆਂ ਬਾਰਾਂ ਵਰ੍ਹੇ ਪਹਿਲਾਂ ਸੁਣਦਾ ਹੁੰਦਾ ਸੀ।"

"ਚਲੋ ਇਹ ਤਾਂ ਮੈਂ ਰੱਖ ਲੈਨਾਂ, ਆਪਾਂ ਦੂਜੇ ਕੰਮ ਕਰ ਆਈਏ, ਫੇਰ ਮੈਂ ਅਖਬਾਰ ਦਾ ਵੀ ਕੋਈ ਕੰਮ ਕਰਨੈ...।"

ਅਸੀਂ ਦਫਤਰ ਦੀਆਂ ਪੌੜੀਆਂ ਰਾਹੀਂ ਹੇਠਾਂ ਖਿਸਕ ਆਏ।

0000000

ਹੁਣ ਇਸਦੀ ਆਮਦ ਦਾ ਮੈਨੂੰ ਹੋਰ ਕੋਈ ਫਾਦਿਆ ਹੋਇਆ ਹੋਵੇ ਜਾਂ ਨਾ, ਇੱਕ ਫਾਇਦਾ ਹੋ ਗਿਆ ਕਿ ਹੇਠਾਂ ਆ ਕੇ ਮੈਂ ਜੋ ਦ੍ਰਿਸ਼ ਵੇਖਿਆ, ਉਹ ਕਮਾਲ ਸੀ। ਹੁਣ ਜੇ ਇਹ ਨਾ ਆਉਂਦਾ ਤਾਂ ਮੈਂ ਹੇਠਾਂ ਨਹੀਂ ਸੀ ਉਤਰਨਾ, ਹੇਠਾਂ ਨਾ ਉਤਰਦਾ ਤਾਂ ਦ੍ਰਿਸ਼ ਨਹੀਂ ਸੀ ਦਿਸਣਾ।

ਦ੍ਰਿਸ਼ ਸੀ, ਸਾਡੇ ਸਭ ਤੋਂ ਸੀਨੀਅਰ ਸਹਾਇਕ ਸੰਪਾਦਕ ਸਾਹਿਬ ਦੇ ਗੰਨਮੈਨ ਹੇਠਾਂ ਸ਼ੈੱਡ 'ਚ ਆਪਣੀ ਪੁਲਸ ਵਾਲੀ ਜਿਪਸੀ ਨੇੜੇ ਬੈਠੇ ਰੇਤੇ ਨਾਲ ਰੌਂਦ ਮਾਂਜ ਰਹੇ ਸਨ। ਮੇਰੇ ਦਿਮਾਗ਼ 'ਚ ਇੱਕ ਦਮ 'ਕਲਿੱਕ' ਹੋਇਆ। ਉਹਨਾਂ ਦੀ ਤਸਵੀਰ ਬਣ ਗਈ। ਅੱਤਵਾਦ ਵੇਲੇ ਆਪਣੀ ਕਲਮ ਦੇ ਹਥਿਆਰ ਨਾਲ ਲੜਾਈ ਦੇਣ ਵਾਲੇ ਇਸ ਸੰਪਾਦਕ ਦੀ ਸੁਰਖਿਆ ਵਾਸਤੇ ਕੰਮ ਆਉਣ ਵਾਲੇ ਇਹਨਾਂ ਰੌਂਦਾਂ ਨੂੰ ਜੰਗ ਲੱਗ ਗਿਆ ਸੀ। ਵਾਹ, ਓਏ ਸਮਿਆਂ!

## ੯

ਤੁਸੀਂ ਕਹੋਗੇ ਕਿ ਇਹ ਸਾਨੂੰ ਨਾਵਲ ਵਰਗੀ ਕਥਾ ਰਸ ਵਾਲੀ ਵਿਧਾ ਤੋਂ ਵਿਛੁੰਨ ਕੇ ਅਜੀਬੋ-ਗਰੀਬ ਦ੍ਰਿਸ਼ ਤੇ ਵਿਅਕਤਿਤਵ ਵਿਖਾ ਕੇ ਸੰਵੇਦਨਹੀਣ ਬਣਾ ਰਿਹਾ ਹੈ। ਇਹ ਸਾਨੂੰ ਕਿਸੇ ਪਾਤਰ ਨਾਲ ਜੁੜਨ ਨਹੀਂ ਦੇ ਰਿਹਾ। ਅਸੀਂ ਕਿਸੇ ਪਾਤਰ ਪ੍ਰਤੀ ਕੀ ਭਾਵਨਾ ਰੱਖੀਏ, ਇਹ ਤਾਂ ਕੇਵਲ ਬਿਰਤਾਂਤ ਹੀ ਉਪਜਾਉਂਦਾ ਹੈ? ਪਰ ਇਸ ਨਾਵਲ 'ਚ ਬਿਰਤਾਂਤ ਤਾਂ ਆਉਣ ਹੀ ਨਹੀਂ ਦਿੱਤਾ ਜਾ ਰਿਹਾ। ਫਿਰ ਸਾਡੀ ਸੰਵੇਦਨਾ ਸਾਹਮਣੇ ਪ੍ਰਸ਼ਨ ਚਿੰਨ੍ਹ ਲੱਗ ਜਾਵੇਗਾ? ਤੁਸੀਂ ਬਿਲਕੁਲ ਠੀਕ ਸੋਚ ਰਹੇ ਹੋ, ਪਰ ਮੈਂ ਕੀ ਕਰਾਂ? ਮੇਰਾ ਵਾਹ ਹੀ ਅਜਿਹੇ ਪਾਤਰਾਂ ਨਾਲ ਪੈਂਦਾ ਹੈ। ਜਿਹੜੇ ਸਮੇਂ ਨੂੰ ਅੱਖੀਂ ਵੇਖਿਆ ਤੇ ਹੱਡੀਂ ਹੰਢਾਇਆ ਹੈ, ਉਥੇ ਬਿਰਤਾਂਤ ਦੀ ਗੁੰਜਾਇਸ਼ ਹੀ ਨਹੀਂ ਹੈ। ਹਾਂ ਇਹ ਮੇਰੀ ਮਾਨਸਿਕਤਾ ਵੀ ਹੋ ਸਕਦੀ ਹੈ।

ਹੁਣ ਕੱਲ੍ਹ ਦੀ ਹੀ ਗੱਲ ਲਵੋ। ਕੱਲ੍ਹ ਮੈਂ ਇੱਕ ਹਿੰਦੀ ਅਖਬਾਰ ਦੇ ਮੇਰੇ ਨਵੇਂ-ਨਵੇਂ ਬਣੇ ਮਿੱਤਰ ਨਾਲ ਉਧਰ ਨਿਕਲ ਗਿਆ, ਜਿਧਰ ਉਹ ਕਿਰਾਏ ਦੇ ਮਕਾਨ 'ਚ ਰਹਿੰਦੇ ਹਨ। ਦੁਪਹਿਰਾ ਸੀ। ਉਹਨੇ ਕਿਡਨੀ ਹਸਪਤਾਲ ਨੇੜ੍ਹੇ ਇੱਕ ਢਾਬੇ ਮੂਹਰੇ ਮੋਟਰ ਸਾਇਕਲ ਰੋਕ ਦਿੱਤੀ।

"ਪਹਿਲਾਂ ਪਰੌਂਠਾ ਛਕ ਲਈਏ ਇੱਕ-ਇੱਕ।"



"ਚੱਲ!"

ਅਸੀਂ ਉਸ ਢਾਬੇ 'ਚ ਵੜ ਗਏ। ਪਰੌਂਠੇ ਆ ਗਏ। ਏਨੇ ਨੂੰ ਇੱਕ ਬਿਮਾਰ ਮੁੰਡਾ ਤੇ ਉਸਦੀ ਮਾਂ ਹੱਥ 'ਚ ਝੋਲਾ ਜਿਹਾ ਫੜੀ ਆ ਗਏ। ਜਵਾਨ-ਜਹਾਨ ਪੁੱਤ ਨੂੰ ਮੋਢਿਓਂ ਫੜੀ ਉਹ ਮਾਂ ਅੰਦਰ ਵੜੀ। ਬਿਲਕੁਲ ਸਾਹਮਣੀਆਂ ਕੁਰਸੀਆਂ ਉੱਤੇ ਬੈਠ ਗਏ। ਮੇਰਾ ਧਿਆਨ ਉਹਨਾਂ ਵਿੱਚ ਹੀ ਸੀ। ਦਹੀਂ ਦੀ ਡੱਬੀ ਮੰਗਵਾਈ। ਮਾਂ ਨੇ ਇੱਕ ਦਵਾਈ ਦਾ ਚਮਚਾ ਦਹੀਂ 'ਚ ਮਿਕਸ ਕੀਤਾ। ਪੁੱਤਰ ਦੇ ਮੂੰਹ 'ਚ ਚਮਚੇ ਪਾਉਣ ਲੱਗੀ। ਮੈਨੂੰ ਉਸਦਾ ਮੱਥਾ ਤਣਿਆ ਜਾਪਿਆ। ਇਹਦਾ ਅਪ੍ਰੇਸ਼ਨ ਹੋਇਆ ਹੋਵੇਗਾ। ਪਤਾ ਨਹੀਂ ਕਿੰਨੇ ਕੁ ਪੈਸੇ ਲੱਗ ਗਏ ਹੋਣੇ ਨੇ। ਮਾਂ-ਬਾਪ ਨੇ ਕਰਜ਼ਾ ਚੁਕਿਆ ਹੋਣਾ। ਹੋ ਸਕਦਾ ਇਹਦਾ ਬਾਪ ਹੋਵੇ ਈ ਨਾ। ਕੋਈ ਰਿਸ਼ਤੇਦਾਰ ਵੀ ਨਾ ਬਹੁੜਿਆ ਹੋਵੇ। ਹੋ ਸਕਦਾ ਅਜੇ ਵੀ ਇਹ ਰਾਜ਼ੀ ਹੋਵੇ ਕਿ ਨਾ, ਇਸਦਾ ਫਿਕਰ ਮਾਂ ਨੂੰ ਖਾ ਰਿਹਾ ਹੋਵੇ...।

ਮੇਰੇ ਤੋਂ ਬਰਦਾਸ਼ਤ ਨਹੀਂ ਹੋਇਆ। ਮੈਂ ਡਿਪਰੈਸ਼ਨ 'ਚ ਆ ਗਿਆ। ਫਟਾਫਟ ਬਾਹਰ ਨਿਕਲ ਆਇਆ। ਉਹ ਮਿੱਤਰ ਵੀ ਸਹਿਜੇ-ਸਹਿਜੇ ਬਾਹਰ ਆ ਗਿਆ।

"ਯਾਰ ਤੁਸੀਂ ਇਥੇ ਹਰ ਰੋਜ਼ ਰੋਟੀ ਖਾਂਦੇ ਹੋ?"

"ਹੋਰ ਕੀ?"

"ਯਾਰ ਤੁਹਾਨੂੰ ਡਿਪਰੈਸ਼ਨ ਨਹੀਂ ਹੁੰਦਾ। ਇੱਥੇ ਤਾਂ ਮਰੀਜ਼ ਹੀ ਆਉਂਦੇ ਹਨ। ਬੁਝੇ ਹੋਏ ਚਿਹਰੇ, ਉਦਾਸ, ਕੋਇਆਂ 'ਚ ਹੰਝੂਆਂ ਦਾ ਪਾਣੀ ਸੁੱਕਿਆ ਹੋਇਆ। ਕਈ ਮਾਵਾਂ ਨੇ ਪੁੱਤਾਂ ਨੂੰ ਬਾਹੋਂ ਫੜਿਆ ਹੁੰਦਾ ਹੈ। ਕੋਈ ਬਾਪ ਆਪਣੀ ਧੀ ਨੂੰ ਆਸਰਾ ਦਿੰਦਾ ਹੈ, ਕਿਸੇ ਦਾ ਕੋਈ ਰਿਸ਼ਤੇਦਾਰ, ਜਿਹੜਾ ਦਵਾਈ ਲੈਣ ਜੋਗਾ ਵੀ ਨਹੀਂ ਹੁੰਦਾ ਇਲਾਜ ਖੁਣੋਂ ਵਾਪਸ ਮੁੜਦਿਆਂ ਦੋ ਰੁਪਏ ਚਾਹ 'ਤੇ ਖਰਚਦਾ ਵੀ ਤ੍ਰਭਕਦਾ ਹੈ। ਉਸਦੇ ਸਾਹਮਣੇ ਮੌਤ ਹੁੰਦੀ ਹੈ। ਯਾਰ ਇਹ ਤੁਹਾਡੇ ਮਨਾਂ ਨੂੰ ਕੁਝ ਨਹੀਂ ਕਰਦੇ....।"

ਉਹਨੇ ਸੱਚੀ ਗੱਲ ਅਣਸੁਣੀ ਹੀ ਕਰ ਦਿੱਤੀ, ਕਿਉਂਕਿ ਉਸਦੀ ਮੰਗੇਤਰ ਦਾ ਫੋਨ ਆ ਗਿਆ।

"ਲੈ ਹੋਰ ਕੀ, ਅਸੀਂ ਸ਼ੇਵ-ਸ਼ੂਵ ਕਰਵਾ ਕੇ ਕੁੜੀਆਂ ਦੇ ਕਾਲਜ ਵੱਲ ਗੇੜੀ ਮਾਰਾਂਗੇ। ਫਿਰ ਦਫਤਰ ਜਾ ਕੇ ਦੋ-ਤਿੰਨ ਝੂਠੀਆਂ ਖਬਰਾਂ ਬਣਾਵਾਂਗੇ। ਸ਼ਾਮ ਨੂੰ ਇੱਕ ਮਹਿਫਿਲ ਹੈ। ਯਾਰਾਂ ਨੂੰ ਸੱਦਾ ਆਇਆ ਹੋਇਆ...।"

ਹੁਣ ਦੱਸੋ ਮੈਂ ਕੀ ਕਰਾਂ?

## ੧੦

ਲਾਇਬ੍ਰੇਰੀ 'ਚ ਆਉਣ ਵਾਲੇ ਉਸ 'ਇਕੱਲਤਾ ਦੇ ਮਾਰੇ' ਡਾਇਰੈਕਟਰ ਨਾਲ ਕਈ ਮੁੰਡੇ ਕੁੜੀਆਂ ਆਉਂਦੇ ਨੇ। ਉਹਨਾਂ ਦੀਆਂ ਜੜ੍ਹਾਂ ਬਾਰੇ ਬਹੁਤਾ ਕੁਝ ਸਾਡੇ 'ਚੋਂ ਕਿਸੇ ਨੂੰ ਨਹੀਂ ਪਤਾ। ਇੱਕ ਬਹੁਤ ਹੀ ਉੱਚਾ-ਲੰਮਾ ਮੁੰਡਾ ਖੁਲ੍ਹੇ ਹੱਡਾਂ ਪੈਰਾਂ ਵਾਲਾ, ਕੰਮ ਕੀ ਕਰਦੈ ਕਿਸੇ ਨੂੰ ਨਹੀਂ ਪਤਾ, ਪਰ ਉਹ ਕਦੇ ਕਾਰ ਵਿੱਚ, ਕਦੇ ਬੁਲਿਟ ਮੋਟਰ ਸਾਈਕਲ ਉੱਤੇ ਤੇ ਕਦੀ ਪੈਦਲ ਇੱਥੇ ਆਉਂਦਾ ਹੈ। ਸ਼ਰਾਬੀਆਂ 'ਚ ਸੱਭ ਤੋਂ ਮੂਹਰੇ ਹੁੰਦਾ। ਪਰਿਵਾਰ ਕੀ ਕਰਦੈ ਉਸ ਦਾ, ਪਤਾ ਇਸ ਬਾਰੇ ਵੀ ਕਿਸੇ ਨੂੰ ਨਹੀਂ। ਕਦੇ-ਕਦੇ ਟੀ.ਵੀ. 'ਚ ਨਾਟਕਾਂ 'ਚ ਉਸਦਾ ਛੋਟਾ-ਮੋਟਾ ਕਿਰਦਾਰ ਦਿਸ ਜਾਂਦਾ ਹੈ। ਇਹਨਾਂ ਦੀ ਹੀ ਜੁੰਡਲੀ 'ਚ ਆਉਂਦੇ ਨੇ ਲੰਮੇ ਵਾਲਾਂ ਵਾਲੇ ਸੰਗੀਤਕਾਰ, ਕੋਰੀਓਗਰਾਫਰ ਤੇ ਆਪਣੇ ਤਿੱਖੇ ਵਿਅੰਗ ਬਾਣਾਂ ਨਾਲ ਦੂਜਿਆਂ ਨੂੰ ਵਿੰਨ੍ਹਣ ਵਾਲੇ ਸ਼ੰਕਰ ਸਾਹਬ। ਆਪ ਸਾਰੀ ਉਮਰ ਕਿਤੇ ਸੈਟ ਨਹੀਂ ਹੋ ਸਕੇ। ਆਪਣੇ ਸੰਗੀਤਕਾਰ ਹੋਣ ਉੱਤੇ ਮਾਣ ਕਰਦੇ ਨੇ। ਕਈ ਪ੍ਰਾਈਵੇਟ ਸਕੂਲਾਂ ਦੇ ਨਿਆਣਿਆਂ ਨੂੰ ਸਲਾਨਾ ਸਮਾਗਮ ਲਈ ਤਿਆਰ ਕਰਨ ਦਾ ਠੇਕਾ ਲੈਂਦੇ ਰਹਿੰਦੇ ਨੇ। ਫਿਰ ਘਰਦਿਆਂ ਨੇ ਧੱਕੇ ਨਾਲ ਵਿਆਹ ਕਰ ਦਿੱਤਾ। ਦੂਸਰੇ ਮਹੀਨੇ ਈ ਆਪਣੇ ਉੱਤੇ ਤੇਜ਼ਾਬ ਪਾ ਲਿਆ। ਸ਼ਕਲ ਡਰਾਉਣੀ ਹੋ ਗਈ। ਵਹੁਟੀ ਪੇਕੇ ਦੌੜ ਗਈ। ਅੱਜ-ਕੱਲ੍ਹ ਕਿਸੇ ਹੋਟਲ ਵਿਚ ਗਾਉਣ-ਵਜਾਉਣ ਦਾ ਕੰਮ ਸ਼ੁਰੂ ਕੀਤਾ ਹੋਇਆ ਹੈ। ਮੰਗਣ ਦੀ ਆਦਤ ਸ਼ਾਇਦ ਹਟ ਗਈ ਹੈ, ਸਗੋਂ

ਕਈ ਤਾਂ ਕਹਿੰਦੇ ਨੇ ਆਪਣੇ ਸਾਥੀਆਂ ਨੂੰ ਵੀ ਪਿਆਉਂਦਾ ਹੈ। ਪਰ ਮੈਨੂੰ ਯਕੀਨ ਨਹੀਂ ਆਉਂਦਾ ਕਿਉਂਕਿ ਜੇ ਇੰਝ ਹੁੰਦਾ ਤਾਂ ਉਸਨੂੰ ਮੇਰੇ ਪੈਸੇ ਜ਼ਰੂਰ ਮੋੜਨੇ ਚਾਹੀਦੇ ਸਨ, ਜਿਹੜੇ ਵਿਆਹ ਮੌਕੇ ਮੇਰੇ ਕੋਲੋਂ ਲੈ ਕੇ ਗਿਆ ਸੀ। ਮੈਂ ਹੈਰਾਨ ਸਾਂ, ਸਵੇਰੇ ਇਹਨੇ ਬਰਾਤ ਲੈ ਕੇ ਜਾਣਾ ਸੀ ਤੇ ਸ਼ਾਮ ਵੇਲੇ ਦੋਸਤਾਂ/ਵਾਕਫਾਂ ਕੋਲੋਂ ਸੌ-ਸੌ ਰੁਪਏ ਮੰਗਦਾ ਫਿਰਦਾ ਸੀ।

ਠਹਿਰੋ ! ਮੈਂ ਪੇਸ਼ਾਬ ਕਰ ਆਵਾਂ।

0000000

ਸਾਲਾ ਪੇਸ਼ਾਬ ਕਰ ਆਂਵਾਂ ਦਾ। ਦੂਜਿਆਂ ਨੂੰ ਕਿਵੇਂ ਫੁੱਦੂ ਬਣਾਈ ਜਾਂਦਾ। ਸਾਲਾ ਸ਼ੰਕਰ ਦੀ ਗੱਲ ਦੱਸ ਗਿਆ ਤੇ ਜਿਹੜੀ ਆਪਣੀ ਐ? ਉਹ ਕਾਹਨੂੰ ਦੱਸਣੀ ਹੋਈ? ਸਾਲੇ ਦੁੱਧ ਧੋਤੇ ਬਣੇ ਫਿਰਦੇ ਨੇ।

ਬੁਰਾ ਨਾ ਮੰਨਿਓ ! ਕੀ ਕਿਹੈ, ਮੈਂ ਕੌਣ ਹਾਂ? ਮੈਂ ਉਹੀ ਹਾਂ, ਜਿਹਨੂੰ ਇਹ ਆਪਣੇ ਨਾਵਲ ਦਾ 'ਬਿੱਗ ਬੀ' ਕਹਿੰਦੈ, ਮਹਾਂਕਿਰਦਾਰ। ਮੈਂ ਤੁਹਾਡੇ ਨਾਲ ਤਾਂ ਗੱਲ ਕਰਨ ਲੱਗ ਗਿਆਂ ਕਿਉਂਕਿ ਇਹ ਇੱਕ ਪਾਸੜ ਗੱਲਾਂ ਕਰੀ ਜਾਂਦਾ ਏ। ਮੈਨੂੰ ਐਸੇ ਬੰਦਿਆਂ ਤੋਂ ਬੜੀ ਖੁੰਦਕ ਏ। ਯਾਰ ਆਪਣੇ ਬਾਰੇ ਵੀ ਦੱਸੋ। ਇਹਦਾ ਇਕ ਯਾਰ ਏ ਨਾਵਲਕਾਰ। ਉਹ ਐਨ ਆਰ ਆਈ ਏ। ਉਹਦੇ ਨਾਲ ਰਲ੍ਹ ਕੇ ਇੱਕ ਮੈਗਜ਼ੀਨ ਕੱਢਣਾ ਸ਼ੁਰੂ ਕਰ ਦਿੱਤਾ। ਉਹਨੀ ਦਿਨੀਂ ਇਹਦਾ ਬੜਾ ਮੰਦਾ ਹਾਲ ਸੀ। ਘਰ ਦੇ ਝੱਲਦੇ ਨਹੀਂ ਸਨ। ਉਹ ਬਦੇਸ਼ੋ ਪੈਸੇ ਭੇਜਦਾ ਸੀ ਤੇ ਇਹ ਇਧਰੋਂ ਮੈਗਜ਼ੀਨ ਕੱਢਦਾ ਸੀ। ਵਿੱਚੋਂ ਵਾਹਵਾ ਠੂੰਗਾ ਮਾਰਦਾ ਰਿਹਾ। ਫਿਰ ਉਹਨੇ ਕੰਪਿਊਟਰ ਲਈ ਪੈਸੇ ਭੇਜੇ। ਇਹ ਖਾ ਗਿਆ। ਪਰ ਇੱਕ ਗੱਲ ਇਹਦੀ ਸਿਫਤ ਵਾਲੀ ਏ ਕਿ ਇਹ ਸਾਰੇ ਦੋਸਤਾਂ 'ਤੇ ਖਰਚ ਬਹੁਤ ਖੁੱਲ੍ਹਾ ਕਰਦਾ, ਭਾਵੇਂ ਉਧਾਰ ਫੜਕੇ ਈ ਕਿਉਂ ਨਾ ਕਰੇ। ਅੱਛਾ, ਉਸ ਦੋਸਤ ਨੇ ਇਹਦੇ ਤੋਂ ਪਿੱਛਾ ਛੁਡਾ ਲਿਆ। ਪੈਸੇ ਫਿਰ ਕਾਫੀ ਖਾ ਗਿਆ ਸੀ। ਉਹਨੇ ਹੋਰ ਕਈਆਂ ਨਾਲ ਚਰਚਾ ਛੇੜੀ। ਪਰ ਹੱਥ ਪੱਲੇ ਕੁਝ ਨਾ ਪਿਆ। ਫੇਰ ਉਹਨੇ ਗੁੰਡੇ ਭੇਜ ਦਿੱਤੇ। ਉਹ ਘਰੇ ਆ ਧਮਕੇ। ਇਹ ਡਰ ਗਿਆ। ਇਹਨੇ ਇੱਕ ਸ਼ਰਾਬੀ ਪਟਵਾਰੀ ਮਿੱਤਰ ਤੋਂ ਦਸ ਹਜ਼ਾਰ ਫੜਿਆ ਤੇ ਗੁੰਡਿਆਂ ਦੇ ਹਵਾਲੇ ਕਰ ਦਿੱਤਾ। ਬਾਅਦ ਵਿੱਚ ਪਟਵਾਰੀ ਦਾ ਐਕਸੀਡੈਂਟ ਹੋ ਗਿਆ। ਉਹ ਪੈਸੇ ਤੋਂ ਆਤਰ ਹੋ ਗਿਆ। ਉਹਦੇ ਘਰਵਾਲੀ ਇਹਦੇ ਦਫਤਰ 'ਚ ਆ ਕੇ ਬੁਰਾ ਭਲਾ ਬੋਲ ਕੇ ਗਈ। ਇਹਨੇ ਗੱਲ ਕਿਸੇ ਤਰ੍ਹਾਂ ਕਾਬੂ ਕਰ ਲਈ। ਦਫਤਰ 'ਚ ਵੈਸੇ ਇਸਦੀ ਇੱਜ਼ਤ ਹੈ। ਲਾਈਕ ਵੀ ਬਹੁਤ ਹੈ, ਪਰ ਸਿਰਫ ਪੱਤਰਕਾਰੀ ਦੇ ਮਾਮਲੇ 'ਚ। ਅੱਛਾ ਜੀ, ਉਹ ਤੀਵੀਂ ਬੜੀ ਚੰਟ ਆ। ਕਿਸੇ ਸਰਕਾਰੀ ਦਫਤਰ 'ਚ ਕੰਮ ਕਰਦੀ ਆ। ਪਿਆਰ ਵਿਆਹ ਕਰਵਾਇਆ ਉਹਨੇ, ਬੋਲਦੀ ਸ਼ਰਮ ਨੀ ਕਰਦੀ। ਇਹ ਹੋਰ ਡਰ ਗਿਆ। ਆਪਣੇ ਇੱਕ ਹੋਰ ਰਿਸ਼ਤੇਦਾਰ ਤੋਂ ਪੈਸੇ ਫੜ ਲਏ। ਉਹਨੇ ਦੇ ਤਾਂ ਦਿੱਤੇ, ਪਰ ਅੱਜ ਤੱਕ ਵਿਲਕ ਰਿਹਾ ਏ। ਹੁਣ ਤਾਂ ਉਹਨੇ ਮੰਗਣੇ ਈ ਛੱਡ ਦਿੱਤੇ। ਇਹਨੇ ਪਹਿਲਾਂ ਥੋੜ੍ਹੇ ਜਿਹੇ ਮੋੜੇ ਵੀ, ਪਰ ਫਿਰ ਕੰਨਾਂ ਘੇਸਲ ਹੀ ਮਾਰ ਗਿਆ...।

ਹੁਣ ਇਹਦੇ ਤੋਂ ਕੋਈ ਪੁੱਛੇ, ਪਈ ਇਹ ਸਾਰੀ ਰਾਮ ਕਹਾਣੀ ਕਿਹਨੇ ਸੁਣਾਉਣੀ ਆਂ?

000000000

ਕੁਝ ਹਿੱਲਿਆ ਲੱਗਦਾ ਇਥੋਂ। ਜਾਂ ਤਾਂ ਵਰਕਾ ਭਰ ਜ਼ਮੀਨ ਉੱਤਾਂਹ ਨੂੰ ਉੱਭਰ ਆਈ ਐ ਜਾਂ ਫਿਰ ਅਕਾਸ਼ ਹੇਠਾਂ ਸਰਕ ਆਇਆ ਹੈ। ਇੱਕ ਵਰਕੇ ਦਾ ਫਰਕ ਪੈ ਗਿਆ ਹੈ ਨਾਵਲ ਵਿੱਚ ! ਆਖਿਰ ਕੀ ਹੋਇਆ ਹੈ? ਚਲੋ ਛੱਡੋ ਮੈਨੂੰ ਭੁਲੇਖਾ ਪਿਆ ਹੋਣਾ, ਕੀ ਲੈਣਾ ਇਹਨਾਂ ਗੱਲਾਂ 'ਚੋਂ।

ਹਾਂ, ਸੱਚ ਆਪਾਂ ਲਾਇਬ੍ਰੇਰੀ 'ਚ ਆਉਣ ਵਾਲੇ ਕਰੈਕਟਰਾਂ ਦੀ ਗੱਲ ਕਰ ਰਹੇ ਸੀ। ਇਹਨਾਂ ਵਿੱਚ ਪਹਿਲਾਂ-ਪਹਿਲ ਇੱਕ ਕੁੜੀ ਆਉਂਦੀ ਹੁੰਦੀ ਸੀ। ਬਹੁਤ ਹੀ ਖੂਬਸੂਰਤ। ਇਹ ਕਹਿੰਦੇ ਸਨ ਕਿ ਮਾਡਲ ਹੈ। ਉਸਦੇ ਪਹਿਰਾਵੇ ਨਾਲ ਸਾਡੇ ਗਰੁੱਪ 'ਚੋਂ ਅੱਧਿਆਂ ਦੇ ਦਿਲ ਉਹਦੇ ਸਾਹ 'ਚ ਧੜਕਦੇ ਸਨ। ਬੜੀ ਬੋਲਡ ਸੀ। ਸੋਹਣੀ ਰੱਜ ਕੇ। ਉਹਦਾ ਨਾਮ ਕਈਆਂ ਨਾਲ ਜੋੜਿਆ ਜਾਂਦਾ ਰਿਹਾ। ਫਿਰ ਇੱਕ ਸਕੂਟਰ ਮਕੈਨਿਕ ਉਹਨੂੰ ਲੈਣ ਆਉਣ ਲੱਗ ਪਿਆ। ਕਈ ਵਾਰ ਬਜ਼ਾਰ ਦੇ ਕਿਸੇ ਕੋਨੇ 'ਚ ਵੀ ਉਹ ਉਸੇ



ਸਕੂਟਰ ਮਕੈਨਿਕ ਨਾਲ ਫਿਰਦੀ ਨਜ਼ਰ ਆਈ। ਕਿਸੇ ਨੂੰ ਵੀ ਸਮਝ ਨਹੀਂ ਸੀ ਆ ਰਹੀ ਕਿ ਏਨੀ ਸੋਹਣੀ ਕੁੜੀ ਇਸ ਮਕੈਨਿਕ ਨਾਲ ਕਿਵੇਂ ਫਿਰਦੀ ਰਹਿੰਦੀ ਆ। ਉਸ ਕੁੜੀ ਦੇ ਪਿਛੋਕੜ ਦੀ ਘੋਖ ਕਰਨ ਦੀ ਗੱਲ ਕੀਤੀ ਗਈ। ਮਕੈਨਿਕ ਦਾ ਪਤਾ ਕੀਤਾ ਗਿਆ। ਸਾਰੀ ਖੋਜ ਤੋਂ ਬਾਅਦ ਯੋਗੀ ਸਾਹਿਬ ਨੇ ਸਿੱਟਾ ਕੱਢਿਆ, "ਉਹ ਤਾਂ ਕੰਜਰ ਦੱਲਾ ਆ !"

ਤੇ ਅਸੀਂ ਸਾਰੇ 'ਧੱਕ' ਕਰਕੇ ਰਹਿ ਗਏ ਸਾਂ। ਸਾਨੂੰ ਵੈਸੇ ਉਮੀਦ ਵੀ ਇਹੀ ਸੀ। ਪਰ ਇਸ ਡਾਇਰੈਕਟਰ ਦੀ ਗੱਲ ਸਾਨੂੰ ਕਦੇ ਸਮਝ ਨਹੀਂ ਪੈਂਦੀ ਕਿ ਇਹ ਇਹੋ-ਜਿਹੀਆਂ ਕੁੜੀਆਂ ਹੀ ਕਿਉਂ ਨਾਟਕ 'ਚ ਲੈਂਦਾ ਹੈ? ਜਾਂ ਸਾਰੇ ਪਾਸੇ ਈ ਇਹੋ ਗੱਲ ਹੈ। ਬੇਰੁਜ਼ਗਾਰੀ ਨੇ ਨੌਜਵਾਨ ਅਸੁਰੱਖਿਅਤ ਕਰ ਦਿਤੇ ਨੇ ਤੇ ਅਸੁਰੱਖਿਅਤਾ ਨੇ ਫਰਸਟ੍ਰੇਸ਼ਨ ਵਧਾ ਦਿੱਤੀ ਹੈ। ਇਹੀ ਫਰਸਟ੍ਰੇਸ਼ਨ ਸੈਕਸੂਅਲ ਹਿਰਾਸਮੈਂਟ ਜਾਂ ਇਹੋ-ਜਿਹੇ ਧੰਦਿਆਂ 'ਚ ਪੈ ਕੇ ਨਿਕਲਦੀ ਹੈ।

ਚੰਗਾ ਯਾਰ, ਇਹ ਲੋਕ ਤਾਂ ਆਏ ਕੋਈ ਨੀ। ਮੈਨੂੰ ਕੰਮ ਯਾਦ ਆ ਗਿਆ। ਮੈਂ ਕਰ ਹੀ ਆਵਾਂ। ਚੰਗਾ ਕੱਲ੍ਹ ਮਿਲਦੇ ਹਾਂ। ਕੱਲ੍ਹ ਆਪਾਂ ਆਪਣੇ ਬੰਦਿਆਂ ਬਾਰੇ ਗੱਲਾਂ ਕਰਾਂਗੇ। ਇਹਨਾਂ ਤੋਂ ਅਸੀਂ ਕੀ ਲੈਣਾ। ਵੈਸੇ ਵੀ ਸਾਡੀ ਸੋਚ ਇਹਨਾਂ ਨਾਲ ਕਿਤੇ ਮੇਚ ਨਹੀਂ ਖਾਂਦੀ। ਸਾਡੇ ਬੰਦੇ ਸਮਾਜ ਦੀ ਸਮਝ ਰੱਖਦੇ ਆ। ਬਦਲਣਾ ਚਾਹੁੰਦੇ ਨੇ ਸਮਾਜ ਨੂੰ। ਆਪਾਂ ਉਹਨਾਂ ਦੀ ਗੱਲ ਕਰਾਂਗੇ।

0000000

ਮੈਂ ਇਹਨੂੰ ਪੋਤੜਿਆਂ ਤੱਕ ਜਾਣਦਾ ਹਾਂ. ਤੁਹਾਨੂੰ ਕਿਹਾ ਸੀ ਨਾ ਕਿ ਇਹ ਇੰਟੈਲੀਜੈਂਟ ਬਹੁਤ ਏ? ਵੇਖਿਆ, ਮੈਂ ਇੱਕੋ ਸਫਾ ਇਹਦੇ ਬਾਰੇ ਲਿਖਕੇ ਨਾਵਲ 'ਚ ਲੁਕੋ ਦਿੱਤਾ ਤਾਂ ਕਿਵੇਂ ਇਹਨੂੰ 'ਕਾਗਜ਼' ਭਰ ਫਰਕ ਦਾ ਵੀ ਅਹਿਸਾਸ ਹੋ ਗਿਆ ਸੀ। ਤਦੇ ਤਾਂ ਸਾਡੀ ਯਾਰੀ ਆ ਇਹਦੇ ਨਾਲ।

ਠਹਿਰੋ ! ਉਹ ਫਿਰ ਮੁੜ ਆਇਆ।

0000000

ਲੱਗਦਾ ਏਧਰ ਬਿੱਗ ਬੀ ਆਇਆ ਹੋਣਾ। ਪੈਰਾਂ ਦੇ ਨਿਸ਼ਾਨ ਤਾਂ ਉਹਦੇ ਈ ਨੇ। ਚੱਲੋ ਛੱਡੋ !

ਅਹੁ ਵੇਖੋ ! ਕਲੇਰ ਸਾਹਬ ਨੇ ਆਪਣੇ ਮਕਾਨ ਦੀ ਛੱਤ 'ਤੇ ਅੱਜ ਸਿਲਾਈ ਮਸ਼ੀਨ ਖੋਲ੍ਹੀ ਹੋਈ ਹੈ। ਉਹਦਾ ਸਿੱਡਲ ਘਸ ਗਿਆ ਸੀ। ਬਜ਼ਾਰੋਂ ਨਵਾਂ ਲਿਆ ਕੇ ਬਦਲਿਆ ਹੈ। ਹੁਣ ਐਨ ਚਮਕਾ ਕੇ ਧੁੱਪੇ ਰੱਖ ਦਿੱਤੀ ਹੈ। ਉਹਨਾਂ ਦੇ ਘਰਵਾਲੀ ਨੇ ਪਾਣੀ ਦੀ ਬਾਲਟੀ ਭਰ ਕੇ ਕੋਲ ਹੀ ਰੱਖ ਲਈ ਹੈ। ਉਹਨੂੰ ਉਮੀਦ ਹੈ ਕਿ ਗਵਾਂਢਣ ਫੇਰ ਗੇੜਾ ਮਾਰੇਗੀ ਤੇ ਥੜ੍ਹੀ ਉੱਤੇ ਪਛਾਵਾਂ ਪਵੇਗਾ, ਮਨਹੂਸ ਪਛਾਵਾਂ...।

## ੧੧

"ਓਏ ਇਹ ਕੋਈ ਸਕ੍ਰਿਪਟ ਆ? ਸੁਆਹ? ਤੁਸੀਂ ਕਾਮਰੇਡਾਂ ਦੇ ਈ ਮਗਰ ਪੈਣਾ? ਇਹਨੂੰ ਨਹੀਂ ਸਕ੍ਰਿਪਟ ਕਹਿੰਦੇ...।" ਲਾਇਬ੍ਰੇਰੀ ਖਾਮੋਸ਼ ਹੈ। ਸਿਰਫ ਸਾਡੀ ਆਵਾਜ਼ ਗੂੰਜ ਰਹੀ ਹੈ।

"ਤੇ ਹੋਰ ਕਿਵੇਂ ਦੀ ਹੁੰਦੀ ਆ ਸਕ੍ਰਿਪਟ?" ਗੰਡਾਸੇ ਦੇ ਵਾਰ ਵਰਗੀ ਅਵਾਜ਼ ਹੈ ਅਲੀ ਦੀ।

"ਜੇ ਤੁਸੀਂ ਲਿਖਣਾ ਈ ਐ ਤਾਂ ਅਹੁ ਫਰੀਡਮ ਫਾਈਟਰ ਬਾਰੇ ਲਿਖ ਲਓ। ਉਹ ਦੋਵੇਂ ਜੀਅ ਫਰੀਡਮ ਫਾਈਟਰ ਦੀ ਪੈਨਸ਼ਨ ਲੈਂਦੇ ਆ। ਦੋਵੇਂ ਪਿਛਿਉਂ ਵੀ ਖਾਂਦੇ ਪੀਂਦੇ ਘਰ ਦੇ ਸਨ। ਕਿਰਤੀ ਪਾਰਟੀ ਵਾਲਿਆਂ ਨਾਲ ਰਲ ਕੇ ਦੇਸ਼ ਭਗਤ ਹੋ ਗਏ। ਕੰਮ ਕਰਦੇ ਰਹੇ। ਲੀਡਰ ਵੀ ਰਹੇ। ਦੋਨਾਂ ਨੇ ਵਿਆਹ ਕਰਵਾ ਲਿਆ। ਵਿਆਹ ਵੀ ਅਜੀਬ ਹਾਲਤ 'ਚ ਹੋਇਆ। ਆਪ ਇਹ ਫੜਿਆ ਗਿਆ ਤੇ ਜੇਲ੍ਹ ਹੋ ਗਈ। ਉਹ ਆਈ ਤੇ ਮੁਲਾਕਾਤ ਵੇਲੇ ਈ ਗਲ 'ਚ ਫੁੱਲਾਂ ਦਾ ਹਾਰ ਪਾ ਗਈ। ਛੇ ਮਹੀਨੇ ਬਾਅਦ ਜਦੋਂ ਇਹ ਜੇਲ੍ਹ 'ਚੋਂ ਬਾਹਰ ਆਇਆ ਉਹ ਕਿਸੇ ਐਜੀਟੇਸ਼ਨ 'ਚ ਅੰਦਰ ਚਲੇ ਗਈ। ਦੋਵੇਂ ਦੋ ਵਰ੍ਹਿਆਂ ਬਾਅਦ ਇਕੱਠੇ ਸੁੱਤੇ। ਪਿਛੋਂ ਇਹਦੇ ਕੁੜੀ ਹੋਈ ਤਾਂ ਇਹ ਤਰੀਕ ਭੁਗਤਣ ਕਿਸੇ ਹੋਰ ਸ਼ਹਿਰ ਗਿਆ ਹੋਇਆ ਸੀ। ਜੱਚਾ-ਬੱਚਾ

ਸਾਂਭਣ ਵਾਲਾ ਕੋਈ ਨਹੀਂ ਸੀ। ਹੁਣ ਉਸ ਕੁੜੀ ਨੇ ਲਹਿਰਾਂ-ਬਹਿਰਾਂ ਕੀਤੀਆਂ ਹੋਈਆਂ ਨੇ। ਅਤੇ ਨਾਟਕ ਦਾ ਸਿਖਰ ਤਾਂ ਇਹ ਹੈ ਕਿ ਸਾਰੀ ਉਮਰ ਕਿਰਤੀਆਂ ਲਈ ਲੜਨ ਵਾਲੇ ਇਹ ਦੋਵੇਂ ਹੁਣ ਕਿਰਤੀਆਂ ਦੀ ਲੁੱਟ ਕਿਵੇਂ ਕਰ ਰਹੇ ਹਨ। ਇਹਨਾਂ ਨੇ ਇੱਕ ਤੀਵੀਂ ਕੰਮ-ਕਾਰ ਲਈ ਰੱਖੀ ਹੋਈ ਆ। ਬਾਰਾਂ ਘੰਟੇ ਉਹ ਇਹਨਾਂ ਦੀ ਸੇਵਾ ਕਰਦੀ ਆ। ਤਿੰਨ ਸਾਲ ਹੋ ਗਏ ਨੇ ਇਹਨੂੰ ਮੰਜੇ ਨਾਲ ਮੰਜਾ ਹੋਇਆਂ। ਬੁੱਢੀ ਦਾ ਉਂਝ ਦਿਮਾਗ ਖਰਾਬ ਆ। ਅੱਛਾ ਕੰਮ ਵਾਲੀ ਅੱਧਾ ਘੰਟਾ ਲੇਟ ਹੋ ਜਾਵੇ ਤਾਂ ਉਹਦੇ ਪੈਸੇ ਕੱਟ ਲੈਂਦੇ ਨੇ। ਉਹ ਵਿਚਾਰੀ ਕੁੜ੍ਹਦੀ ਰਹਿੰਦੀ ਆ। ਇਹ ਪਤੰਦਰ ਉਹਦੇ ਤੋਂ ਉਹ ਕੰਮ ਕਰਵਾਉਂਦਾ ਬਈ ਦੱਸਦਿਆਂ ਸ਼ਰਮ ਆਵੇ। ਕਦੇ ਕਹੂ ਮੇਰੇ ਤੋਂ ਨਾਲਾ ਨਹੀਂ ਖੁੱਲ੍ਹਦਾ। ਕਦੇ ਕਹੂ ਮੇਰਾ ਪਿੰਡਾ ਮਲ-ਮਲ ਨੁਹਾ ਦੇ। ਕਦੇ ਕਹੂ ਮੈਨੂੰ ਆਸਰਾ ਦੇ ਕੇ ਪਿਸ਼ਾਬ ਕਰਵਾ ਦੇ, ਕਿਤੇ ਮੈਂ ਬਾਥਰੂਮ 'ਚ ਨਾ ਡਿੱਗ ਪਵਾਂ। ਕਦੇ ਕੁਛ.... ਕਦੇ ਕੁਛ...।"

"ਪਰ ਤੈਨੂੰ ਇਹ ਸਾਰੀਆਂ ਗੱਲਾਂ ਕਿਥੋਂ ਪਤਾ ਲੱਗੀਆਂ?" ਯੋਗੀ ਹੈ।

"ਮੈਨੂੰ ਉਸ ਤੀਵੀਂ ਨੇ ਆਪ ਦੱਸੀਆਂ। ਹਾਂ ਸੱਚ, ਇਸ ਨਾਟਕ 'ਚ ਸਭ ਤੋਂ ਵਧੀਆ ਕਰੈਕਟਰ ਉਸੇ ਤੀਵੀਂ ਦਾ ਹੋਵੇਗਾ। ਉਹਦਾ ਰਹੱਸ ਵੀ ਕੋਈ ਨਹੀਂ ਸਮਝ ਸਕਦਾ। ਉਹ ਅਜੀਬ ਔਰਤ ਹੈ। ਗਰੀਬੀ ਦੇ ਬਾਵਜੂਦ ਬਣ-ਠਣ ਕੇ ਰਹਿੰਦੀ ਆ। ਕੱਪ ਸ਼ੇਪ ਬਰਾਅ ਪਾਉਂਦੀ ਆ ਐਨ ਕੱਸਵੀਂ। ਹਲਕੇ ਜਿਹੇ ਰੰਗ ਦੀ ਲਿਪਸਟਿਕ ਲਾਉਂਦੀ ਆ। ਗੱਲਾਂ-ਬਾਤਾਂ ਤੋਂ ਕਿਸੇ ਹੋਰ ਈ ਸੂਬੇ ਦੀ ਲੱਗਦੀ ਆ, ਪਰ ਪੁੱਛਣ 'ਤੇ ਕਹੇਗੀ ਕਿ ਅਸੀਂ ਬੇਗੋਵਾਲ ਦੇ ਹਾਂ ਭੁਲੱਥ ਨੇੜੇ। ਓਧਰ ਹੀ ਕਿਤੇ ਇਹਦੇ ਬਜ਼ੁਰਗ ਈਸਾਈ ਹੋ ਗਏ। ਹੁਣ ਇਹ ਗਿਰਜੇ ਜਾਂਦੀ ਆ। ਕਿਸੇ ਨੂੰ ਕਹੇਗੀ ਕਿ ਵਿਧਵਾ ਹੈ, ਮੈਨੂੰ ਕਹਿੰਦੀ ਮੇਰੇ ਘਰਵਾਲਾ ਬਹੁਤ ਬਿਮਾਰ ਰਹਿੰਦੈ, ਕਿਸੇ ਨੂੰ ਕਹੇਗੀ ਉਹ ਬਾਹਰ ਨੌਕਰੀ ਕਰਦਾ, ਆਪਣੇ ਨਿਆਣੇ ਸੱਭ ਨੂੰ ਵੱਖੋ-ਵੱਖ ਗਿਣਾਵੇਗੀ...। ਹੈ ਨਾ ਭੇਦ ਭਰਿਆ ਪਾਤਰ...? ਕਮਾਲ ਐ ਯਾਰ...।"

0000000

ਮੈਂ ਬਿੱਗ ਬੀ ਹਾਂ। ਹੁਣੇ ਤੁਸੀਂ ਸਾਡੇ ਲੇਖਕ ਸਾਹਬ ਤੋਂ ਕਿਸੇ ਤੀਵੀਂ ਦੇ ਰਹੱਸ ਬਾਰੇ ਸੁਣ ਰਹੇ ਸੀ। ਇੱਕ ਰਹੱਸ ਮੈਂ ਇਹਦਾ ਤੁਹਾਨੂੰ ਦੱਸ ਦਿੰਦਾ ਹਾਂ। ਚੁੱਪ ਕਰਕੇ ਸੁਣ ਲਵੋ, ਇਹਨੂੰ ਕੰਨੋ-ਕੰਨ ਖ਼ਬਰ ਨਹੀਂ ਹੋਣੀ ਚਾਹੀਦੀ। ਰਹੱਸ ਇਹ ਹੈ ਕਿ ਸਾਡੇ ਲੇਖਕ ਸਾਹਬ ਉਸ ਤੀਵੀਂ ਨੂੰ ਫਸਾ ਚੁੱਕੇ ਹਨ। ਅਸੀਂ ਕਈ ਵਾਰ ਵੇਖਿਆ ਹੈ ਕਿ ਉਹ ਉਸਨੂੰ ਮੋਟਰ ਸਾਈਕਲ ਪਿੱਛੇ ਬਿਠਾ ਕੇ ਲਿਜਾ ਰਹੇ ਹੁੰਦੇ ਹਨ। ਮੋਟਰ ਸਾਈਕਲ ਦੀ ਬਰੇਕ ਵਾਰ-ਵਾਰ ਲਾਉਂਦੇ ਹਨ। ਉਹ ਇਹਦੇ ਨਾਲ ਮੰਮੇ ਰਗੜਦੀ ਪਿੱਛੇ ਮਸਤੀ ਕਰਦੀ ਰਹਿੰਦੀ ਹੈ। ਇਹ ਉਹਨੂੰ ਏਧਰ-ਓਧਰ ਘੁੰਮਾ ਕੇ ਜਿੱਥੇ ਉਹ ਕਹਿੰਦੀ ਹੈ, ਉੱਥੇ ਹੀ ਛੱਡ ਆਉਂਦੇ ਨੇ।

ਗੱਲ ਇਹ ਵੀ ਨਾਲ ਹੀ ਹੈ ਕਿ ਇਹ ਕਰਦੇ ਕਰਾਉਂਦੇ ਕੁਝ ਨਹੀਂ। ਸਾਲੇ ਨੂੰ ਪਤਾ ਨਹੀਂ ਕੀ ਠਰਕ ਹੈ? ਇੱਕ ਦਿਨ ਤਾਂ ਰੇਲਵੇ ਫਾਟਕ ਲੱਗੇ 'ਤੇ ਹੀ ਮੋਟਰ ਸਾਈਕਲ ਫਾਟਕ ਦੇ ਹੇਠੋਂ ਦੀ ਲੰਘਾ ਲਿਆ। ਦਿਮਾਗ ਪਤਾ ਨਹੀਂ ਕਿਸ ਪਾਸੇ ਲੱਗਿਆ ਸੀ । ਮਰ ਚੱਲਿਆ ਸੀ। ਥੋੜ੍ਹੀ ਜਿਹੀ ਫੇਟ ਮੋਟਰ ਸਾਈਕਲ ਨੂੰ ਵੱਜ ਹੀ ਗਈ। ਇਹਦੀ ਵੀ ਕੋਹਣੀ ਛਿੱਲੀ ਗਈ ਸੀ। ਉਹ ਆਪ ਪਹਿਲਾਂ ਈ ਦੂਜੇ ਪਾਸੇ ਜਾ ਕੇ ਖੜ੍ਹੀ ਹੋ ਗਈ ਸੀ। ਇਹਦੇ ਸੱਟ ਲੱਗੀ ਦੇਖ ਉਹ ਰਿਕਸ਼ਾ ਕਰਕੇ ਚਲੀ ਗਈ। ਫਿਰ ਕਈ ਦਿਨ ਇਹ ਉਹਨੂੰ ਗਾਲ੍ਹਾਂ ਕੱਢਦਾ ਰਿਹਾ ਸੀ। ਗੱਲ ਕਿਸੇ ਨੂੰ ਦੱਸੋ ਨਾ। ਬਸ ਇਹੀ ਕਹੀ ਜਾਵੇ, ਉਹ ਗਸ਼ਤੀ ਆ।

0000000

"ਕਿਉਂ ਤੂੰ ਇਹਦੇ ਨਾਲ ਗੱਲਾਂ ਕਰੀ ਜਾਂਦਾ ਏ ਯੋਗੀ? ਤੈਨੂੰ ਪਸੰਦ ਨਹੀਂ ਆਈ ਲੱਗਦੀ ਗੱਲ। ਜੇ ਇਹ ਨਹੀਂ ਤਾਂ ਹੋਰ ਦੱਸ ਦਿੰਦੇ ਆਂ, ਆਪਣੇ ਕੋਲ ਵਿਸ਼ਿਆਂ ਦਾ ਘਾਟਾ ਨਹੀਂ। ਰਸੂਲ ਹਮਜ਼ਾਤੋਵ ਕਹਿੰਦਾ, ਮੈਨੂੰ ਅੱਖਾਂ ਦਿਓ ਵਿਸ਼ੇ ਨਾ ਦੱਸੋ। ਇਸ ਲਈ ਸੁਣ। ਆਪਣੇ ਬਜ਼ੁਰਗ ਕਾਮਰੇਡ ਕੰਤੀ ਹੁਰੀਂ ਨੇ। ਉਹਨਾਂ ਦੀ ਗੱਲ ਹੈ। ਅੱਜ ਕਲ੍ਹ ਉਹ ਪਾਰਟੀ ਦਫਤਰ ਹੀ ਰਹਿ ਰਹੇ ਆ। ਉਹ ਪਿੱਛੋਂ ਲਾਹੌਰ ਦੇ ਜੰਮਪਲ ਆ। ਦੇਸ਼ ਵੰਡ ਤੋਂ ਪਹਿਲਾਂ ਹੀ ਉਹ ਰੇਲਵੇ 'ਚ ਭਰਤੀ ਹੋ ਗਏ ਸਨ। ਉੱਥੇ ਯੂਨੀਅਨ 'ਚ ਜਾ ਰਲੇ। ਛੇਤੀ



ਹੀ ਯੂਨੀਅਨ ਦੇ ਸਰਗਰਮ ਆਗੂ ਬਣ ਗਏ। ਫਿਰ ਉਹਨਾਂ ਦੇ ਸੰਘਰਸ਼ ਦੀ ਗਾਥਾ ਹੈ। ਫਿਰ ਦੇਸ਼ ਵੰਡ ਮੌਕੇ ਵੱਢ-ਟੁੱਕ ਹੋਣ ਲੱਗ ਪਈ। ਵੱਡੇ-ਵੱਡੇ ਸਿਆਸੀ ਆਗੂ ਅੱਗ ਲਾਊ ਤਕਰੀਰਾਂ ਕਰ ਰਹੇ ਸਨ। ਪਰ ਜਿਹੜੀ ਤਕਰੀਰ ਕਾਮਰੇਡ ਕੰਤੀ ਨੇ ਕੀਤੀ, ਉਹ ਇਤਿਹਾਸਕ ਤਕਰੀਰ ਸੀ। ਇਹਨਾਂ ਦੀ ਤਕਰੀਰ ਨੇ ਹਿੰਦੂ-ਸਿੱਖ, ਮੁਸਲਿਮ ਰੇਲਵੇ ਮੁਲਾਜ਼ਮਾਂ 'ਚ ਸਾਂਝ ਦਾ ਮਾਹੌਲ ਪੈਦਾ ਕਰ ਦਿੱਤਾ ਅਤੇ ਕਈ ਹਾਦਸੇ ਟਲ ਗਏ। ਇਹ ਏਧਰ ਆ ਗਏ। ਏਧਰ ਆਉਣ ਵੇਲੇ ਦੀ ਇੱਕ ਘਟਨਾ ਆਪਣੇ ਈ ਸ਼ਹਿਰ ਦੀ ਹੈ। ਆਹ ਹੁਣ ਸਾਡੀ ਅਖਬਾਰ ਦਾ ਜਿੱਥੇ ਦਫਤਰ ਆ, ਇਹ ਪਹਿਲਾਂ ਪਾਰਟੀ ਦਾ ਦਫਤਰ ਹੁੰਦਾ ਸੀ। ਅਖਬਾਰ ਵੀ ਪਾਰਟੀ ਹੀ ਚਲਾਉਂਦੀ ਸੀ। ਸਾਡੇ ਸੰਪਾਦਕ ਕੋਲ ਤਾਂ ਹੁਣੇ ਈ ਆਈ ਆ ਅਖਬਾਰ ਪੰਜ ਸੱਤ ਸਾਲ ਹੋਏ। ਵੈਸੇ ਇਹ ਵੀ ਆਪਣੇ ਆਪ 'ਚ ਇੱਕ ਨਾਟਕ ਹੀ ਹੈ। ਅੱਛਾ, ਇਹ ਰੇਲ ਗੱਡੀ ਤੋਂ ਉਤਰ ਦੋ ਜਣੇ ਪਾਰਟੀ ਦਫਤਰ ਵੱਲ ਆ ਰਹੇ ਸਨ। ਕੀ ਦੇਖਦੇ ਹਨ ਕਿ ਅਕਾਲੀਆਂ ਤੇ ਆਰ ਐਸ ਐਸ ਵਾਲਿਆਂ ਨੇ ਇਥੋਂ ਰਤਾ ਕੁ ਹਟਵੀਂ ਥਾਂ 'ਤੇ ਲੱਕੜਾਂ ਦੇ ਅਟਾਲ ਨੂੰ ਅੱਗ ਲਾਈ ਹੋਈ ਆ ਤੇ ਗੱਡੀਓਂ ਲਾਹ-ਲਾਹ ਕੇ ਮੁਸਲਮਾਨਾਂ ਨੂੰ ਉਸ ਅੱਗ 'ਚ ਸੁੱਟੀ ਜਾ ਰਹੇ ਸਨ। ਇਹ ਦਹਿਲ ਗਏ। ਡਰਦੇ-ਡਰਦੇ ਫਟਾਫਟ ਅੱਗੇ ਲੰਘ ਆਏ...।"

"ਪਰ ਯਾਰ ਇਹਦੇ 'ਚ ਨਾਟਕੀਅਤਾ ਕੀ ਹੈ। ਕਟਾਖਸ਼ ਕੀ ਹੈ?"

"ਕਟਾਖਸ਼ ਇਹ ਹੈ ਕਿ ਬਹੁਤ ਸਮਾਂ ਮਗਰੋਂ ਇਹ ਫੇਰ ਏਧਰ ਲੀਡਰ ਬਣ ਗਿਆ। ਵਾਹਵਾ ਪੈਸੇ ਕਮਾ ਲਏ। ਅਜ਼ਾਦੀ ਤੋਂ ਬਾਦ ਦੇ ਕਮਿਊਨਿਸਟ ਲੀਡਰਾਂ ਬਾਰੇ ਆਪਾਂ ਜਾਣਦੇ ਈ ਆਂ। ਇਹਦੇ ਬਾਰੇ ਸਾਡੀ ਅਖਬਾਰ ਦੇ ਪੁਰਾਣੇ ਬੰਦੇ ਦੱਸਦੇ ਆ ਕਿ ਇਹਨੇ ਅਖਬਾਰ ਦੇ ਦਫਤਰ ਆਉਣਾ ਤੇ ਕਈ ਸੀਨੀਅਰ ਐਡੀਟਰਾਂ ਦੀ ਕੁਰਸੀ 'ਤੇ ਬੈਠ ਕੇ ਜੁੱਤੀਆਂ ਸਮੇਤ ਪੈਰ ਟੇਬਲ 'ਤੇ ਰੱਖ ਲੈਣੇ...।"

"ਯਾਰ ਏਨਾ ਨਿਰਾਦਰ.. ਏਨੀ ਗਿਰਾਵਟ...।"

"ਤੇ ਹੋਰ ਕੀ...? ਪਰ ਹੁਣ ਦੀ ਗੱਲ ਦੱਸਦਾਂ। ਮੈਨੂੰ ਇਹਦੇ ਨਾਲ ਇੰਟਰਵਿਊ ਕੀਤੇ ਨੂੰ ਕਈ ਮਹੀਨੇ ਹੋ ਗਏ। ਹੁਣ ਮਰਨ ਕਿਨਾਰੇ ਪਿਆ। ਪੇਸ਼ਾਬ ਵਾਲੀ ਨਾਲੀ ਲੱਗੀ ਹੋਈ ਆ। ਪੇਸ਼ਾਬ ਨਾਲ ਭਰੇ ਉਹ ਲਿਫਾਫੇ ਜਿਹੇ ਨੂੰ ਫੜ ਕਈ ਵਾਰ ਸਾਡੇ ਐਡੀਟਰ ਨੂੰ ਮਿਲ ਚੁੱਕਿਆ, ਪਈ ਮੇਰੀ ਮੁਲਾਕਾਤ ਛਪਵਾ ਦਿਓ। ਉਹ ਮੈਨੂੰ ਕਹਿ ਦਿੰਦੇ ਨੇ ਤੇ ਮੈਂ 'ਆਈ ਗਈ' ਕਰ ਛੱਡਦਾਂ...।"

"ਤੇ ਇਸ ਨਾਟਕ ਦਾ ਨਾਮ ਹੋਵੇਗਾ 'ਵਾਹ ਓਏ ਸਮਿਆਂ'...।"

"ਕੁਝ ਵੀ ਹੋਵੇ। ਨਾਂਅ ਤਾਂ ਬਾਅਦ ਦੀ ਗੱਲ ਆ। ਪਹਿਲਾਂ ਤੁਸੀਂ ਸਾਰੇ ਮਿਲਕੇ ਵਿਚਾਰ ਕਰ ਲਵੋ।"

"ਯਾਰ ਮੇਰੀ ਇੱਕ ਹੋਰ ਸਲਾਹ ਹੈ। ਉਹ ਇਹ ਹੈ ਕਿ ਕਿਉਂ ਨਾ ਆਪਾਂ ਆਪੋ-ਆਪਣੇ ਜੀਵਨ ਦੀ ਕਹਾਣੀ ਸੁਣਾਈਏ। ਸੱਚੋ-ਸੱਚ। ਫਿਰ ਉਹਨਾਂ ਕਹਾਣੀਆਂ ਨੂੰ ਪਰੋਅ ਕੇ ਪੂਰਾ ਨਾਟਕ ਬਣਾ ਦਿੱਤਾ ਜਾਵੇ। ਆਪਾਂ ਕਿਹੜਾ ਕਾਮਰੇਡ ਕੰਤੀ ਤੋਂ ਕਿਤੇ ਘੱਟ ਆਂ...।"

"ਬਹੁਤ ਵਧੀਆ ਮਸ਼ਵਰਾ ਹੈ। ਮੈਂ ਤਾਂ ਉਹ ਕਹਾਣੀ ਵੀ ਸੁਣਾਊਂਗਾ ਜਿਹੜੀ ਸਾਡੇ ਨਾਲ ਭਗਤ ਸਿੰਘ ਦਾ ਲਿਟਰੇਚਰ ਪੜਦਿਆਂ ਲੁਧਿਆਣੇ ਘਟੀ ਸੀ। ਅਸੀਂ ਡੋਰ ਟੂ ਡੋਰ ਲਿਟਰੇਚਰ ਵੇਚ ਰਹੇ ਸਾਂ। ਪਹਿਲਾਂ ਅਸੀਂ ਅਗਲੇ ਦਾ ਬੂਹਾ ਖੜਕਾਉਂਦੇ। ਉਹਦੇ ਨਾਲ ਭਗਤ ਸਿੰਘ ਦੇ ਲਿਟਰੇਚਰ ਬਾਰੇ ਗੱਲਾਂ ਕਰਦੇ। ਫਿਰ ਉਹਨਾਂ ਨੂੰ ਦੱਸਦੇ ਕਿ ਸਿਰਫ 10 ਰੁਪਏ 'ਚ ਅਸੀਂ ਤੁਹਾਨੂੰ ਇਹ ਲਿਟਰੇਚਰ ਦੇਵਾਂਗੇ, ਜੋ ਕਿ ਕੌਸਟ ਪ੍ਰਾਈਜ਼ ਹੀ ਹੈ। ਇਹ ਸਾਡਾ ਮਿਸ਼ਨ ਹੈ...। ਇੱਕ ਥਾਂ ਇੱਕ ਬਹੁਤ ਹੀ ਸਾਊ ਆਦਮੀ ਨੇ ਗੇਟ ਖੋਲ੍ਹਿਆ। ਮੇਰੇ ਸਾਥੀ ਨੇ ਲਿਟਰੇਚਰ ਬਾਰੇ ਗੱਲ ਕਰਨੀ ਸ਼ੁਰੂ ਕਰ ਦਿਤੀ। ਉਹ ਆਦਮੀ ਪੂਰੇ ਧਿਆਨ ਨਾਲ ਸਾਡੀ ਗੱਲ ਸੁਣਨ ਲੱਗਾ। ਅਸੀਂ ਵੀ ਵਜਦ 'ਚ ਆਏ ਹੋਏ ਸੀ। ਕਿਸੇ ਨੂੰ ਵੀ ਪਤਾ ਨਹੀਂ ਲੱਗਿਆ ਕਿ ਪਿਛੋਂ ਹਵਾ ਦੇ ਦਬਾਅ ਨਾਲ ਕਦੋਂ ਗੇਟ ਆ ਕੇ ਉਹਦੀ ਪਿੱਠ 'ਚ ਵੱਜਿਆ ਤੇ ਉਹ ਉੱਚੀ ਥੜ੍ਹੀ ਤੋਂ ਮੂੰਹ ਭਾਰ ਸਾਡੇ ਮੂਹਰੇ ਡਿੱਗ ਪਿਆ...। ਅਸੀਂ ਨਾ ਹੱਸਣ ਜੋਗੇ, ਨਾ ਰੋਣ ਜੋਗੇ...।"

"ਹਾ...ਹਾ...ਹਾ...।"

"ਚਲੋ ਫੇਰ ਆਹ ਪੱਕੀ ਹੋ ਗਈ। ਆਪੋ ਆਪਣੀ ਕਹਾਣੀ, ਆਪੋ-ਆਪਣੀ ਜ਼ੁਬਾਨੀ।"

(ਚਲੋ ਹੁਣ ਮੇਰਾ ਵੀ ਛੁਟਕਾਰਾ ਹੋਇਆ, ਤੁਹਾਨੂੰ ਇਹਨਾਂ ਬਾਰੇ ਦੱਸਣ ਤੋਂ। ਹੁਣ ਇਹ ਆਪੇ ਤੁਹਾਨੂੰ ਆਪਣੇ ਬਾਰੇ ਦੱਸ ਦੇਣਗੇ। ਹਾਂ, ਜੇ ਕਿਧਰੇ ਕਿਸੇ ਨੇ ਕੋਈ ਗੜਬੜ ਕੀਤੀ, ਤਾਂ ਮੈਂ ਹਾਜ਼ਰ ਹਾਂ...!)

## ੧੨

ਮੈਂ ਤੁਹਾਨੂੰ ਕਿਹਾ ਸੀ ਕਿ ਨਹੀਂ, ਪਈ ਤੁਸੀਂ ਨਾਵਲ ਨੂੰ ਪੜ੍ਹ ਨਹੀਂ ਸਕਦੇ? ਇਹ ਗੱਲ ਮੈਨੂੰ ਪਤਾ ਸੀ ਤਾਂ ਹੀ ਮੈਂ ਕਿਹਾ ਸੀ। ਹੁਣ ਰਾਤੀਂ ਦਾਰੂ ਪੀਂਦਿਆਂ ਸਾਡੇ ਮਹਾ ਕਿਰਦਾਰ ਯਾਨੀ ਬਿਗ ਬੀ ਸਾਹਬ ਨੇ ਕਹਿ ਦਿੱਤਾ ਕਿ ਮੈਂ ਤਾਂ ਨਹੀਂ ਆਪਣੀ ਕਹਾਣੀ ਸੁਣਾਉਂਦਾ। ਚਲੋ ਨਾਟਕ ਦਾ ਤਾਂ ਜਿਵੇਂ-ਕਿਵੇਂ ਬੁੱਤਾ ਸਾਰ ਲਵਾਂਗੇ, ਪਰ ਜਿਹੜੀ ਰੌਚਕਤਾ ਤੁਸੀਂ ਭਾਲਦੇ ਹੋ ਜਾਂ ਜਿਵੇਂ ਮੈਂ ਸੁਰਖ਼ਰੂ ਹੋਣ ਦੀ ਸੋਚ ਰਿਹਾ ਸੀ, ਉਹ ਕਿਵੇਂ ਹੋਊ...।

ਖ਼ੈਰ! ਕੋਈ ਨਾ ਕੋਈ ਪ੍ਰਬੰਧ ਤਾਂ ਕਰਨਾ ਈ ਪਊ। ਚਲੋ ਇੰਝ ਕਰਦੇ ਆਂ, ਇਹਦੀ ਪੰਜ-ਛੇ ਦਿਨਾਂ ਦੀ ਰੋਜ਼ਮਰਾ ਜ਼ਿੰਦਗੀ ਦਾ ਪਿੱਛਾ ਕਰਦੇ ਹਾਂ। ਇਹ ਕੀ ਸੋਚਦਾ ਹੈ? ਕਿੱਥੇ ਜਾਂਦਾ ਹੈ? ਕੀ ਚਾਹੁੰਦਾ ਹੈ? ਕੀ ਕਰਦਾ ਹੈ? ਘਰਦਿਆਂ ਨਾਲ ਵਰਤਾਓ ਕਿਹੋ ਜਿਹਾ ਹੈ? ਹੁਣ ਤੁਸੀਂ ਆਪੇ ਧਿਆਨ ਰੱਖਿਓ ਸਾਰੀਆਂ ਗੱਲਾਂ ਦਾ। ਤਦੇ ਮੈਂ ਕਿਹਾ ਸੀ ਕਿ ਤੁਸੀਂ ਪੜ੍ਹ ਨਹੀਂ ਸਕਦੇ। ਪੜ੍ਹਨ ਵਾਲਾ ਸੌਂ ਵੀ ਸਕਦਾ ਹੈ, ਪਰ ਮਹਿਸੂਸ ਕਰਨ ਵਾਲਾ ਸੌਂ ਨਹੀਂ ਸਕਦਾ। ਤੁਸੀਂ ਮਹਿਸੂਸ ਕਰਿਓ....!

ooooooo

ਮੈਨੂੰ ਏਕਾਂਤ ਗਲੀਆਂ ਬੜੀਆਂ ਚੰਗੀਆਂ ਲੱਗਦੀਆਂ। ਚਾਰੇ ਪਾਸੇ ਖਮੋਸ਼ੀ। ਚੁਪ-ਚਾਪ ਖੜਵੀਆਂ ਕੋਠੀਆਂ। ਕਿਧਰੇ ਕੋਈ ਤਣਾਅ ਨਹੀਂ। ਪਰ ਪਤਾ ਨਹੀਂ ਕਦੇ-ਕਦੇ ਲਗਦੈ ਇਹਨਾਂ ਗਲੀਆਂ 'ਚੋਂ ਹੁਣੇ ਸ਼ੋਰ ਉਠੇਗਾ। ਕਿਸੇ ਔਰਤ ਦੀ ਚੀਕ ਇਸ ਸ਼ਾਂਤੀ ਨੂੰ ਭੰਗ ਕਰ ਦੇਵੇਗੀ। ਉਹਦੇ ਪਿੱਛੇ ਕੋਈ ਵਹਿਸ਼ੀ ਦਹਾੜਦਾ ਹੋਇਆ ਬਾਹਰ ਨਿਕਲੇਗਾ। ਖ਼ੂਨ ਹੀ ਖ਼ੂਨ.. ਚੀਕਾਂ... ਡਰ... ਸਹਿਮ... ਅਸੁਰੱਖਿਆ...?

ਮੈਂ ਠਠੰਬਰ ਗਿਆਂ, ਸਾਹਮਣਿਓਂ ਆਉਂਦੇ ਨੌਜਵਾਨ ਨੇ ਸਕੂਟਰ ਰੋਕਿਐ। ਇੰਜੈਕਸ਼ਨ ਲਿਐ ਤੇ ਫਿਰ ਸਕੂਟਰ ਸਟਾਰਟ ਕਰਕੇ ਅਗਾਂਹ ਚਲਿਆ ਗਿਐ।

ਮੇਰੀਆਂ ਨਾੜਾਂ 'ਚ ਜਿਵੇਂ ਜ਼ਹਿਰ ਘੁਲਦਾ ਜਾ ਰਿਹੈ। ਨਸ-ਨਸ ਫਟਣ ਨੂੰ ਕਰ ਰਹੀ ਐ। ਹੁਣੇ ਦਿਮਾਗ ਦੀ ਨਾੜੀ ਫਟੇਗੀ। ਖ਼ੂਨ ਬਹੇਗਾ ਤੇ ਬਸ...?

ਮੈਂ ਰੁਕਿਆ। ਆਪਣੇ ਆਪ ਨੂੰ ਸੰਭਾਲਣ ਦੀ ਕੋਸ਼ਿਸ਼ 'ਚ ਹਾਂ! ਕੋਈ ਗੱਲ ਨਹੀਂ, ਇਥੇ ਤਾਂ ਇਹ ਆਮ ਹੀ ਹੁੰਦਾ ਹੈ, ਹਰ ਨੌਜਵਾਨ ਨੂੰ ਕਿਸੇ ਨਾ ਕਿਸੇ ਨਸ਼ੇ ਦੀ ਲਤ ਐ। ਕਿਹਨੂੰ ਕੀ ਕਹੀਏ? ਪਰ ਇਹ ਇੰਜੈਕਸ਼ਨ ਵਾਲੀ ਤਾਂ ਬਾਹਲੀ ਘਿਨਾਉਣੀ ਹਾਲਤ ਐ। ਮੈਂ ਇਹ ਕਿਉਂ ਸੋਚੀ ਜਾ ਰਿਹਾਂ? ਮੈਨੂੰ ਆਪਣੇ ਆਪ ਨੂੰ ਸੰਭਾਲਣਾ ਚਾਹੀਦਾ। ਨਸ਼ੇ ਕਰਦੇ ਨੇ, ਖਾਣ ਖਸਮਾਂ ਨੂੰ, ਮੈਂ ਉਹਨਾਂ ਬਾਰੇ ਕਿਉਂ ਸੋਚਾਂ? ਪਰ ਪਤਾ ਨਹੀਂ ਕਿਉਂ ਜਿਵੇਂ ਦਹਿਲ ਗਿਆ ਹਾਂ। ਸੋਚ ਪਿੱਛਾ ਈ ਨਹੀਂ ਛੱਡਦੀ, ਸੁੰਨ ਹੋਣਾ ਚਾਹੀਦੈ ਮੈਨੂੰ, ਤਦੇ ਜੀਅ ਕਰਦੈ ਕਿ ਯੋਗਾ ਕਰਿਆ ਕਰਾਂ। ਜਦੋਂ ਜੀਅ ਚਾਹੇ ਆਪਣੇ ਆਪ ਨੂੰ ਸੁੰਨ ਸਮਾਧੀ 'ਚ ਲੀਨ ਕਰ ਲਵਾਂ। ਸਾਰੀ ਟੈਨਸ਼ਨ ਤੋਂ ਛੁਟਕਾਰਾ...।

"ਕਿਉਂ ਤਿਆਰ ਐਂ?" ਮੈਂ ਰਿਹਰਸਲ ਵਾਲੀ ਥਾਂ ਪਹੁੰਚ ਗਿਆ ਹਾਂ। ਪਤਾ ਨਹੀਂ ਰਸਤੇ 'ਚ ਕੀ ਕੁਝ ਆਇਆ। ਸੁੰਨੀਆਂ ਸੜਕਾਂ, ਸਕੂਟਰ ਵਾਲਾ ਨੌਜਵਾਨ, ਇੰਜੈਕਸ਼ਨ ਤੇ ਬਸ ਹੋਰ ਕੁਝ ਨਹੀਂ, ਆਦਮੀ ਕਈ ਵਾਰ ਕਿਸੇ ਖਾਸ ਬਿੰਦੂ 'ਤੇ ਕੇਂਦਰਤ ਕਿਉਂ ਹੋ ਜਾਂਦੈ? ਕਿਉਂ ਨਹੀਂ ਉਹਨੂੰ ਆਪਣੇ ਆਪ ਦੀ ਖਬਰ ਰਹਿੰਦੀ, ਉਹ ਉਸੇ ਗੱਲ ਬਾਰੇ ਹੀ ਕਿਉਂ ਸੋਚਦੈ? ਕੱਲ੍ਹ, ਮੈਂ ਆਪਣੇ ਜਾਣਕਾਰ ਬਜ਼ੁਰਗ ਕੋਲ ਗਿਆ ਸੀ। ਉਸਦੇ ਜੀਜੇ ਦਾ ਅਫਸੋਸ ਕਰਨ। ਬਜ਼ੁਰਗ ਆਪਣੀ ਭੈਣ ਦੇ ਘਰੇ ਈ ਸੀ, ਮੈਂ ਉਥੇ ਹੀ ਪਹੁੰਚ ਗਿਆ। ਉਸ ਬਜ਼ੁਰਗ ਦੀ ਬੀਵੀ ਪਿਛਲੇ ਕਈ ਸਾਲ ਤੋਂ ਬਿਮਾਰ ਐ, ਘਰ ਦਾ ਸਾਰਾ ਬੰਨ੍ਹਣ ਉਸੇ ਦੇ ਸਿਰ ਐ। ਨੌਕਰੀ



ਪੇਸ਼ਾ ਐ, ਪਰ ਬਿਮਾਰ ਰਹਿਣ ਕਰਕੇ ਉਹਦੇ ਘਰ ਦੀ ਹਾਲਤ ਨਿਘਾਰ ਵੱਲ ਜਾ ਰਹੀ ਹੈ। ਆਪ ਕੁਝ ਕਰਦਾ ਨਹੀਂ। ਬਾਲ ਬੱਚਾ ਹੈ ਕੋਈ ਨਹੀਂ। ਉਹ ਬਸ ਉਸੇ ਬਾਰੇ ਈ ਸੋਚੀ ਜਾਂਦੈ।

"ਬਸ ਅਜੇ ਇਸੇ ਦੇ ਦਫਤਰੋਂ ਸਾਰੇ ਆਈ ਜਾਂਦੇ ਨੇ।" ਉਹ ਚਿੰਤਾ 'ਚ ਬੋਲਿਆ।

ਮੈਂ ਉਹਦੇ ਚਿਹਰੇ ਵੱਲ ਤੱਕਿਆ ਤੇ ਫਿਰ ਰੋ ਰਹੀ ਉਹਦੀ ਬੀਵੀ ਵੱਲ। ਇਹਨੂੰ ਉਸੇ ਦੀ ਫਿਕਰ ਹੈ, 'ਜਿਹੜਾ ਮਰ ਗਿਆ' ਉਹ ਮਰ ਗਿਆ। ਇਹਨੂੰ ਉਹਦੇ ਨਾਲ ਕੋਈ ਵਾਸਤਾ ਨਹੀਂ, ਆਪਣੀ ਬੀਵੀ ਦੀ ਬਿਮਾਰੀ ਨਾਲ ਐ। ਇਹਦੇ ਤੋਂ ਹੁਣ ਉਹਦਾ ਰੋਣਾ ਨਹੀਂ ਝੱਲਿਆ ਜਾਂਦਾ। ਬਸ ਵੀ ਨਹੀਂ ਚੱਲਦਾ। ਚਾਹੁੰਦਾ ਵੀ ਐ ਕਿ ਸਾਰੇ ਇਹਨਾਂ ਕੋਲ ਅਫਸੋਸ ਕਰਨ ਆਉਣ। ਈਗੋ ਨੂੰ ਪੱਠੇ ਪੈਂਦੇ ਨੇ, ਤੇ ਇਹ ਵੀ ਚਾਹੁੰਦੈ ਕਿ ਨਾ ਆਉਣ। ਆਪਣੀ ਬੀਵੀ ਦੀ ਬਿਮਾਰੀ ਕਰਕੇ। ਬਸ ਇਹਦੀ ਸੋਚ ਇਕੋ ਬਿੰਦੂ 'ਤੇ ਕੇਂਦਰਤ ਐ। ਇਹਦੀ ਬੀਵੀ ਵੀ ਸ਼ਾਇਦ ਆਪਣੀ ਬਿਮਾਰੀ ਨੂੰ ਈ ਰੋਂਦੀ ਹੋਵੇ। ਇਕੱਲਤਾ ਵੀ ਖਟਕਦੀ ਹੋਵੇਗੀ, ਉਹਦੀ ਲੰਮੀ ਬਿਮਾਰੀ ਦਾ ਕਾਰਣ ਵੀ ਸ਼ਾਇਦ ਇਕੱਲਤਾ ਈ ਐ।

"ਚੱਲ ਆਪਾਂ ਕਾਰਡ ਹੀ ਤਿਆਰ ਕਰਵਾ ਲਿਆਈਏ?" ਮੈਨੂੰ ਲੱਗਿਆ ਇਹ ਇਸ ਸਥਿਤੀ ਤੋਂ ਛੁਟਕਾਰਾ ਪਾਉਣਾ ਚਾਹੁੰਦਾ ਐ, ਰੋਂਦੀ ਬੀਵੀ ਇਹਦੇ ਤੋਂ ਝੱਲੀ ਨਹੀਂ ਜਾਂਦੀ। ਇਹ ਸੋਚਦੈ ਕਿ ਕਾਰਡਾਂ ਦੇ ਪੱਜ ਵੀ ਜੇ ਬਾਹਰ ਨਿਕਲ ਜਾਈਏ ਤਾਂ...। ਪਰ ਮੈਂ ਇਹਦੀ ਗੱਲ ਦਾ ਹੁੰਗਾਰਾ ਕਿਉਂ ਨਹੀਂ ਦਿੱਤਾ? ਪਤਾ ਨਹੀਂ ਮੈਂ ਅਫਸੋਸ ਕਰਨ ਆਇਆ ਵੀ ਇਸ ਬਿੰਦੂ ਵੱਲ ਆਪਣੀ ਮਾਨਸਿਕਤਾ ਕੇਂਦਰਤ ਨਹੀਂ ਕਰ ਸਕਿਆ। ਮੈਂ ਉੱਠਿਆ। ਉਹਨਾਂ ਦੇ ਬਾਥਰੂਮ 'ਚ ਗਿਆ। ਮੈਨੂੰ ਜਿਵੇਂ ਇਕੱਲਤਾ ਖਟਕੀ ਹੋਵੇ। ਮੈਂ ਪਤਾ ਨਹੀਂ ਕੀ ਸੋਚ ਰਿਹਾ ਸਾਂ। ਅਨੇਕਾਂ ਜਿਸਮ ਮੇਰੇ ਸਾਹਮਣੇ ਨਗਨ ਸਨ, ਮੈਂ 'ਰਮਣ' ਕਰ ਰਿਹਾ ਸਾਂ। ਫਿਰ ਬਾਹਰ ਆ ਗਿਆ। ਉਹ ਸੋਚਾਂ ਪਤਾ ਨਹੀਂ ਕਿਧਰ ਚਲੇ ਗਈਆਂ। ਇਹਨੂੰ ਬਿਨਾਂ ਬੁਲਾਏ ਕੋਠੀ ਦੇ ਨਾਲ ਪਏ ਪਲਾਟ 'ਚ ਗਿਆ। ਉਥੇ ਕੂੜੇ ਕਰਕਟ ਦੇ ਢੇਰ ਕੋਲ ਚੂਹਾ ਮਰਿਆ ਪਿਆ ਸੀ, ਕਾਂ ਨੇ ਚੁੰਝ ਨਾਲ ਉਹਦਾ ਆਂਡਾ-ਪੇਟਾ ਬਾਹਰ ਕੱਢਿਆ ਹੋਇਆ ਸੀ...।

"ਆਪਾਂ ਧੰਨ-ਧੰਨ ਕਰਾਉਣੀ ਐ...।"

ਕਿਸੇ ਨੇ ਘਰੋੜ ਕੇ ਕਿਹੈ। ਮੈਂ ਡਰਿਆ ਪਿਆ ਹਾਂ। ਪਤਾ ਨਹੀਂ ਮਨ ਦੀ ਹਾਲਤ ਇਹੋ-ਜਿਹੀ ਕਿਉਂ ਐ। ਮੌਤ ਬਾਰੇ ਸੋਚਦਾ ਰਿਹਾ ਸ਼ਾਇਦ ਇਸੇ ਕਰਕੇ, ਜਾਂ ਹੋ ਸਕਦੈ ਕੁਝ ਅਚੇਤ 'ਚ ਈ ਪਿਆ ਹੋਵੇ। ਪਰ ਕੀ ? ਜ਼ਰੂਰੀ ਤਾਂ ਨਹੀਂ ਉਹ ਗੱਲ ਉਘੜ ਕੇ ਤੁਹਾਡੇ ਸਾਹਮਣੇ ਆਏ। ਬਸ ਪਤਾ ਨਹੀਂ ਤੁਹਾਡੀ ਝਿੱਲੀ ਕਦੋਂ ਕੰਬ ਜਾਵੇ। ਚਾਹੇ ਆਪਣੇ ਈ ਖਿਆਲਾਂ ਤੋਂ ਜਾਂ ਬਾਹਰੀ ਦਬਾਅ ਤੋਂ...। ਇਹ ਉਘੜੇ ਵੀ, ਜ਼ਰੂਰੀ ਨਹੀਂ ਹੁੰਦਾ। ਕਈ ਵਾਰ ਤਾਂ ਬਚਪਨ 'ਚ ਪਈਆਂ ਬਹੁਤ ਸਾਰੀਆਂ ਗੱਲਾਂ ਪਿਛਲੀ ਉਮਰ 'ਚ ਜਾ ਕੇ ਨਿਕਲਦੀਆਂ। ਪਤਾ ਈ ਨਹੀਂ ਲੱਗਦਾ, ਅਸੀਂ ਬਹੁਤ ਕੁਝ ਆਪਣੀ ਈਗੋ ਕਰਕੇ ਦਬਾ ਕੇ ਰੱਖੀ ਛੱਡਦੇ ਆਂ। ਫਿਰ ਉਹ ਪੱਕਦਾ ਰਹਿੰਦਾ। ਬਾਅਦ 'ਚ ਜਾ ਕੇ ਉਹੀ ਮਾਨਸਿਕ ਰੋਗ ਬਣਕੇ ਬਾਹਰ ਨਿਕਲਦੈ। ਪਰ ਮੈਂ ਕਿਉਂ ਦਹਿਲ ਗਿਆ ਹਾਂ? "ਭਰਾ ਕਿਥੇ ਗੁਆਚਿਐਂ ਤੂੰ?" ਅਲੀ ਦੀ ਅਵਾਜ਼ ਨੇ ਮੈਨੂੰ ਮੋੜ ਕੇ ਲਿਆਂਦਾ ਐ।

"ਕਿਤੇ ਨਹੀਂ। ਮੈਂ ਸੋਚ ਰਿਹਾ ਸੀ ਆਪਣੇ ਬਾਕੀ ਸਾਥੀ ਅਜੇ ਨਹੀਂ ਆਏ।"

"ਤਾਂ ਫੇਰ ਇਹਦੇ 'ਚ ਉਦਾਸ ਹੋਣ ਵਾਲੀ ਕਿਹੜੀ ਗੱਲ ਐ... ਉਦੋਂ ਤਕ ਆਪਾਂ ਆਪਣੇ ਰੋਲ ਦੀ ਰਿਹਸਲ ਕਰ ਲੈਂਦੇ ਆਂ."

"ਇਹ ਠੀਕ ਐ!"

"ਤੇਰਾ ਪਹਿਲਾ ਰੋਲ ਐ, ਈਲੀਟ ਕਲਾਸ ਦਾ। ਤੇਰੇ ਚਿਹਰੇ 'ਤੇ ਉਹੀ ਰੋਅਬ ਹੋਵੇ। ਅਸੀਂ ਕੱਪੜੇ ਤੇਰੇ ਉਸੇ ਕਲਾਸ ਵਾਲੇ ਪਵਾ ਦੇਵਾਂਗੇ। ਮੱਥੇ 'ਤੇ ਤਿਲਕ ਲਾ ਦੇਵਾਂਗੇ, ਜੋ ਬ੍ਰਾਹਮਣਵਾਦ ਦੀ ਨਿਸ਼ਾਨੀ ਹੋਵੇਗਾ। ਭਾਵ ਜਾਤ ਤੇ ਵਰਗ ਦੋਵੇਂ ਉੱਚੇ...। ਜਦੋਂ ਮੋਚੀ ਦਾ ਰੋਲ ਕਰਨ ਵਾਲਾ ਆਪਣੀ ਮਿੱਥੀ ਥਾਂ 'ਤੇ ਬੈਠ ਜਾਵੇ ਤਾਂ ਤੂੰ ਆਪਣੀ ਹੈਂਕੜ ਵਿੱਚ ਸਟੇਜ 'ਤੇ ਪ੍ਰਵੇਸ਼ ਕਰਨਾ ਹੈ। ਪੂਰੇ ਰੋਅਬ ਨਾਲ,

ਆਪਣਾ ਪੈਰ ਮੋਚੀ ਦੀ ਪਟੜੀ 'ਤੇ ਮਾਰਨਾ ਐ ਤੇ ਤੇਰੀ ਉਂਗਲ ਆਪਣੀ ਜੁੱਤੀ ਵੱਲ ਹੋਵੇ, ਬੋਲਣਾ ਤੈਂ ਕੁਝ ਨਹੀਂ, ਮੋਚੀ ਤੇ ਬਾਕੀ ਡਰ ਜਾਣਗੇ...। ਮੈਂ ਪਿਛੋਂ ਕਵਿਤਾ ਪੜ੍ਹਾਂਗਾ...

ਲੋਕ ਮਾਰੇ ਮਾਰੇ ਫਿਰਦੇ ਹਨ
ਹੈਂ ਜੀ ਹੈਂ ਜੀ ਕਰਦੇ ਹਨ
ਅਨ੍ਹੇਰੀਆਂ ਨੁੱਕਰਾਂ ਚ ਬਹਿੰਦੇ ਹਨ
ਉਹਨਾਂ ਨੂੰ ਦੱਸਿਆ ਜਾਂਦਾ ਹੈ
ਕਿ ਉਹ ਦੇਵਤੇ ਦੇ ਪੈਰਾਂ 'ਚੋਂ ਜੰਮਦੇ ਨੇ
ਸ਼ਕਤੀ ਮਾਰੀ ਮਾਰੀ ਫਿਰਦੀ ਹੈ
ਅੱਖਾਂ ਤੋਂ ਮੱਖੀਆਂ ਝੱਲਦੀ ਹੈ
ਨੀਵੀਂ ਪਾ ਪਾ ਤੁਰਦੀ ਹੈ
ਸ਼ਕਤੀ ਆਪਣੇ ਡੌਲਿਆਂ ਨੂੰ
ਲੱਤਾਂ ਨੂੰ
ਕੰਮ ਦੇ ਸੰਦ ਸਮਝਦੀ ਹੈ
ਏਦੂੰ ਵਧ ਕੁਝ ਨਹੀਂ
ਉਨ੍ਹਾਂ ਤੋਂ ਲੁਕਾਇਆ ਜਾਂਦੈ
ਕਿ ਉਹ ਸਭ ਦਰਾਵੜ ਸਨ।"

"ਚੰਗਾ ਠੀਕ ਐ, ਕਰਾਂ ਫੇ ਮੈਂ ਆਪਣੀ ਰਿਹਸਲ ਸ਼ੁਰੂ...।"

"ਹਾਂ।"

ਮੈਂ ਪੂਰੇ ਵੇਗ 'ਚ ਆ ਕੇ ਰਤਾ ਰੋਅਬ ਨਾਲ ਪੈਰ ਪੁੱਟਿਐ। ਥੋੜ੍ਹਾ ਅਗਾਂਹ ਵਧਿਆ ਹਾਂ.

"ਯਾਰ ਤੂੰ ਰਤਾ ਆਕੜ ਤਾਂ ਰੱਖ...। ਆਹ ਦੇਖ ਤੇਰੇ ਕੁੱਬ ਨਹੀਂ ਪੈਣਾ ਚਾਹੀਦਾ।"

ਕੀ ਸਮੇਂ ਨੇ ਏਨਾ ਦੀ ਅਸਰ ਕੀਤੈ ਮੇਰੇ ਸਰੀਰ 'ਤੇ? ਕੀ ਮੈਂ ਏਨਾ ਸੋਚਦਾਂ ਜੋ ਮੇਰੇ ਕੁੱਬ ਪੈਣ ਲੱਗ ਪਿਐ? ਪਰ ਮੈਂ ਤਾਂ ਕਦੇ ਸੋਚਿਆ ਨਹੀਂ। ਹਾਂ ਕਿਤੇ-ਕਿਤੇ ਸੋਚਦਾ ਹਾਂ। ਪਰ ਆਪਣੇ ਬਾਰੇ ਸੋਚਣਾ ਕਿਹੜਾ ਗੁਨਾਹ ਹੈ। ਪਰ ਜੋ ਸਰੀਰ ਦੀ ਹਾਲਤ ਐ, ਇਹਦੇ ਤੋਂ ਤਾਂ ਲੱਗਦੈ ਜਿਵੇਂ ਗੁਨਾਹ ਕਰ ਰਿਹਾ ਹੋਵਾਂ। ਮੈਨੂੰ ਤਾਂ ਅਹਿਸਾਸ ਈ ਅੱਜ ਹੋਇਐ। ਸਮਾਂ ਬੜਾ ਬਲਵਾਨ ਐ। ਪਤਾ ਨਹੀਂ ਕੀ ਮੇਰੇ ਹਿਰਦੇ 'ਚ ਟਸ ਟਸ ਕਰ ਰਿਹੈ। ਪਿਤਾ ਜੀ ਦੇ ਹੁੰਦਿਆਂ ਮੇਰੇ ਨਾਲ ਕਦੇ ਏਦਾਂ ਨਹੀਂ ਹੋਇਆ। ਬਸ ਸਮਾਂ ਐ...? ਹੈਂ ਇਹ ਕੀ? ਮੇਰੀਆਂ ਅੱਖਾਂ 'ਚੋਂ ਹੰਝੂ ਕਿਉਂ ਵਗਣ ਲੱਗ ਪਏ...?

oooooo

ਜਿਸ ਬਜ਼ੁਰਗ ਬਾਰੇ ਸਾਡੇ ਨਾਵਲ ਦੇ ਕਾਂਡ-ਵਿੱਚ ਯੋਗੀ ਨੇ ਕੁਝ ਕਮੈਂਟਸ ਦਿੱਤੇ ਨੇ, ਉਹਦੇ ਬਾਰੇ ਸਾਨੂੰ ਸਾਰਿਆਂ ਨੂੰ ਕੋਈ ਬਹੁਤਾ ਪਤਾ ਨਹੀਂ, ਪਰੰਤੂ ਸੁਣੀਆਂ-ਸੁਣਾਈਆਂ ਬਹੁਤ ਗੱਲਾਂ ਨੇ। ਵੈਸੇ ਉਹ ਆਰਟਿਸਟ ਰਿਹਾ ਹੈ। ਡੈਡੀਕੇਟਿਡ ਤੇ ਪਾਰਟੀ ਨਾਲ ਜੁੜਿਆ ਹੋਇਆ। ਕੁਝ ਓਪੇਰੇ ਖੇਡੇ ਨੇ ਇਹਨੇ ਜਵਾਨੀ ਵੇਲੇ। ਇਪਟਾ ਨਾਲ ਵੀ ਜੁੜਿਆ ਰਿਹਾ। ਇਸੇ ਕਲਾਕਾਰੀ 'ਚੋਂ ਘਰਵਾਲੀ ਮਿਲ ਗਈ, ਪੜ੍ਹੀ-ਲਿਖੀ ਤੇ ਨੌਕਰੀ ਉੱਤੇ ਲੱਗੀ ਹੋਈ। ਸੁਣਿਆ ਇਹਦੇ ਬਾਰੇ ਇਹ ਹੈ ਕਿ ਸਾਰੀ ਉਮਰ ਉਸੇ ਦੀ ਕਮਾਈ ਉੱਤੇ ਰਿਹਾ ਹੈ। ਆਪ ਪ੍ਰਗਤੀਸ਼ੀਲਤਾ ਦਾ ਝੰਡਾ ਚੁੱਕੀ ਫਿਰਦਾ ਰਿਹਾ ਤੇ ਘਰਵਾਲੀ ਨਾਲੇ ਨਿਆਣੇ ਪਾਲਦੀ ਰਹੀ ਤੇ ਨਾਲੇ ਕਮਾਈ ਕਰਦੀ ਰਹੀ। ਜੇਬ 'ਚ ਕਦੇ ਧੇਲਾ ਨੀ ਹੁੰਦਾ ਇਹਦੇ। ਹੋ ਸਕਦਾ ਈ ਨਹੀਂ। ਲਉ ਆਪਾਂ ਵੀ ਸੁਣੀ-ਸੁਣਾਈ ਉੱਤੇ ਯਕੀਨ ਕਰ ਗਏ।

ਪਰ ਇਹਦੇ ਬਾਰੇ ਜਾਣਦੇ ਵੀ ਤਾਂ ਬਹੁਤ ਕੁਝ ਨਹੀਂ ਨਾ ਅਸੀਂ। ਸਾਨੂੰ ਤਾਂ ਬਸ ਇਹ ਸਿਖਿਆ ਦਿੰਦਾ ਰਹਿੰਦਾ। ਗਾਹੇ-ਬਗਾਹੇ ਮਿਲਦਾ ਹੈ, ਆਪਣੇ ਆਪ ਨੂੰ ਪ੍ਰਵਚਨੀ ਬਜ਼ੁਰਗ ਸਮਝਣ ਲੱਗ ਜਾਂਦੈ।



ਕਈ ਮਿੱਤਰ 'ਸਾਲੀ ਲੇਂਜ਼' ਕਹਿ ਕੇ ਦੂਰ ਦੀ ਲੰਘਦੇ ਨੇ। ਮੈਂ ਰਤਾ ਕੁ ਇੱਜ਼ਤ ਕਰਦਾਂ। ਸਿਰਫ ਬਜ਼ੁਰਗ ਹੋਣ ਕਰਕੇ, ਨਹੀਂ ਤਾਂ ਇਹਦਾ ਵੈਸੇ ਬਿਹੇਵੀਅਰ ਹੈ ਬਹੁਤ ਮਾੜਾ। ਸੋਚ ਈ ਮਾੜੀ ਆ ਇਹਦੀ। ਕੰਜਰਾਂ ਨੇ ਆਪਣੀ ਕੁੜੀ ਦੀ ਵੀ ਲਾਈਫ ਬਰਬਾਦ ਕਰ ਲਈ। ਆਪਣੇ ਆਪ ਨੂੰ ਬਹੁਤ ਅਗਾਂਹਵਧੂ ਕਹਿੰਦੇ ਨੇ। ਕੁੜੀ ਦਾ ਵਿਆਹ ਕਿਸੇ ਹੋਰ ਜਾਤ ਦੇ ਮੁੰਡੇ ਨਾਲ ਕਰਨ ਲਈ ਰਾਜ਼ੀ ਹੋ ਗਏ। ਕੁੜੀ ਮੁੰਡੇ ਦਾ ਇਸ਼ਕ ਚੱਲ ਰਿਹਾ ਸੀ। ਮੁੰਡੇ ਵਾਲੇ ਰਾਜ਼ੀ ਨਹੀਂ ਸਨ। ਪਰੰਤੂ ਇਹਨਾਂ ਨੇ ਸਮਾਜ ਸਾਹਮਣੇ ਆਦਰਸ਼ ਪੇਸ਼ ਕਰ ਦਿੱਤਾ। ਵਿਆਹ ਇਹਨਾਂ ਆਪ ਕਰਵਾਇਆ। ਬਹੁਤ ਵਧੀਆ ਗੱਲ ਆ। ਮੁੰਡਾ ਵੀ ਨੌਕਰੀ ਕਰਦਾ, ਕੁੜੀ ਵੀ ਨੌਕਰੀ ਕਰਦੀ ਆ। ਵਧੀਆ ਜ਼ਿੰਦਗੀ ਤੁਰ ਪਈ। ਫਿਰ ਹੌਲੀ-ਹੌਲੀ ਮੁੰਡੇ ਨੇ ਆਪਣੇ ਘਰਦਿਆਂ ਨੂੰ ਮਨਾਉਣ ਦੀਆਂ ਮਸ਼ਕਾਂ ਸ਼ੁਰੂ ਕਰ ਦਿੱਤੀਆਂ। ਸੁਣਿਐ ਕਿ ਉਸੇ ਤੋਂ ਬਾਅਦ ਇਹਦੇ ਘਰਵਾਲੀ ਨੇ ਕਲੇਸ਼ ਪਾ ਦਿੱਤਾ ਉਹਨਾਂ ਦੇ ਘਰ। ਕਹਿੰਦੀ ਜਦ ਉਦੋਂ ਨਹੀਂ ਮੰਨੇ, ਹੁਣ ਮਿਲਣ ਦੀ ਕੀ ਤੁੱਕ। ਫਿਰ ਤਾਂ ਇਹਨੇ ਉਹ ਇਲਜ਼ਾਮ ਲਗਾਏ ਉਹਨਾਂ ਸਿਰ, ਉਹ ਸਿਆਪਾ ਖੜ੍ਹਾ ਕੀਤਾ ਕਿ ਹਾਲਾਤ ਇਹ ਪੈਦਾ ਹੋ ਗਏ ਬਈ ਕੁੜੀ ਮੁੰਡੇ ਦੀ ਤਲਾਕ ਦੀ ਨੌਬਤ ਆ ਗਈ। ਕੇਸ ਕਰ ਦਿੱਤਾ ਗਿਆ। ਜੱਜ ਨੇ ਕੁੜੀ ਮੁੰਡੇ ਨੂੰ ਆਪਸ ਵਿੱਚ ਬੈਠ ਕੇ ਗੱਲਬਾਤ ਨਬੇੜਨ ਲਈ ਕਿਹਾ ਤਾਂ ਇਹ ਵਿੱਚ ਫੇਰ ਆ ਬੈਠੀ। ਗੱਲ ਕਿਸੇ ਸਿਰੇ ਪੱਤਣ ਲੱਗਣ ਈ ਨਹੀਂ ਦਿੰਦੀ। "ਸਾਡੀ ਕੁੜੀ ਵੱਧ ਤਨਖਾਹ ਲੈਂਦੀ ਆ। ਵੱਧ ਪੜ੍ਹੀ-ਲਿਖੀ ਆ। ਅਸੀਂ ਉਹਨੂੰ ਹੇਠਾਂ ਨਹੀਂ ਲੱਗਣ ਦੇਣਾ। ਨਾਲੇ ਹੁਣ ਨਹੀਂ ਉਹ ਕੁੜੀਆਂ ਰਹੀਆਂ ਕਿ ਗੁਲਾਮੀ ਕਰਨ। ਕੁੜੀਆਂ ਹੁਣ ਸੰਘਰਸ਼ ਕਰ ਰਹੀਆਂ ਨੇ। ਹੁਣ ਨਵਾਂ ਜ਼ਮਾਨਾ ਹੈ। ਸਾਡੀ ਧੀ ਕਮਜ਼ੋਰ ਨਹੀਂ..." ਇਹ ਬਸ ਇਹੀ ਰਟ ਲਾਈ ਰੱਖਦੀ ਆ।

ਉਹਨੀ ਦਿਨੀਂ ਇਹ ਬਜ਼ੁਰਗ ਬਹੁਤ ਡਿਸਟਰਬ ਲੱਗਦਾ ਸੀ। ਇਹਨੇ ਔਰਤਾਂ ਦੇ ਅਧਿਕਾਰਾਂ ਉੱਤੇ, ਤਲਾਕ ਉੱਤੇ, ਕੁੜੀ ਮਾਰਾਂ ਉੱਤੇ ਬਹੁਤ ਲੇਖ ਅਖਬਾਰਾਂ 'ਚ ਛਪਵਾਏ। ਸਾਨੂੰ ਸਾਰਿਆਂ ਨੂੰ ਸਾਡੀਆਂ ਬੀਵੀਆਂ ਨਾਲ ਹੁੰਦੇ ਧੱਕੇ ਬਾਰੇ ਸੁਚੇਤ ਕਰਦਾ ਰਹਿੰਦਾ। ਇਕੱਲੇ-ਇਕੱਲੇ ਦੇ ਘਰ ਜਾ-ਜਾ ਸੂਹਾਂ ਲੈਂਦਾ ਕਿ ਆਪਣੀਆਂ ਬੀਵੀਆਂ ਨਾਲ ਅਸੀਂ ਕਿਹੋ-ਜਿਹਾ ਵਿਹਾਰ ਕਰਦੇ ਹਾਂ। ਕਈਆਂ ਦੇ ਘਰੀਂ ਤਾਂ ਇਹਦੇ ਕਰਕੇ ਫਸਾਦ ਵੀ ਪਏ। ਪਰ ਇਹ ਟਲਦਾ ਨਹੀਂ ਸੀ। ਕਈਆਂ ਨੇ ਇਹਦੇ ਨਾਲ ਲੜਾਈ ਵੀ ਕੀਤੀ, ਇਹਨੇ ਹੱਸ ਕੇ ਟਾਲ ਦਿੱਤਾ।

ਆਖਰ ਇਹਦੀ ਕੁੜੀ ਦਾ ਤਲਾਕ ਹੋ ਗਿਆ। ਹੁਣ ਉਹ ਆਪਣੀ ਗੋਦ ਇੱਕ ਬਾਲੜੀ ਨੂੰ ਲੈ ਕੇ ਉਦਾਸ ਇਕੱਲੀ ਰਹਿ ਰਹੀ ਹੈ। ਮੈਂ ਇਹਦੇ ਨਾਲ ਉਹਦੇ ਘਰ ਗਿਆ ਸੀ। ਜਿਹਦੇ ਵੱਲ ਵੇਖਿਆਂ ਭੁੱਖ ਲਹਿੰਦੀ ਸੀ, ਉਹ ਕਾਲਾ ਧੂੰਆਂ ਹੋਈ ਪਈ ਆ। ਮੇਰੇ ਨਾਲ ਗੱਲਾਂ ਕਰਦਿਆਂ ਉਹ ਗੱਲ-ਗੱਲ 'ਤੇ ਡੁਸਕਣ ਲੱਗ ਪੈਂਦੀ ਸੀ। ਸੁਣਿਆ ਹੈ ਕਿ ਉਹ ਆਪਣੇ ਘਰਵਾਲੇ ਨੂੰ ਮਿਲਣਾ ਚਾਹੁੰਦੀ ਹੈ। ਉਹਦੇ ਘਰਵਾਲਾ ਵੀ ਮਿਲਣਾ ਚਾਹੁੰਦਾ ਹੈ। ਪਰੰਤੂ ਇਹਨਾਂ ਦਾ ਬਹੁਤ ਸਖਤ ਪਹਿਰਾ ਹੈ। ਕੁੜੀ ਇਹਨਾਂ ਤੋਂ ਡਰਦੀ ਹੈ। ਉਹਦੀ ਮਾਨਸਿਕਤਾ ਦੀ ਸਮਝ ਨਹੀਂ ਲਗਦੀ। ਜਿਹੜੀ ਜ਼ਿੰਦਗੀ ਦੇ ਫੈਸਲੇ ਖ਼ੁਦ ਲੈਣ ਦੀ ਗੱਲ ਕਰਦੀ ਸੀ, ਇਹਨਾਂ ਦੇ ਦਾਬੇ ਹੇਠ ਹੈ। ਇਹ ਦਾਬਾ ਕਿਸੇ ਨੂੰ ਨਹੀਂ ਸਮਝ ਆਉਂਦਾ।

ਵੈਸੇ ਇਹ ਸਾਰੀਆਂ ਗੱਲਾਂ ਵੀ ਏਧਰੋਂ-ਓਧਰੋਂ ਸੁਣੀਆਂ-ਸੁਣਾਈਆਂ ਈ ਹਨ। ਸੁਣੀਆਂ-ਸੁਣਾਈਆਂ 'ਤੇ ਯਕੀਨ ਨਹੀਂ ਕਰਨਾ ਚਾਹੀਦਾ। ਮੈਂ ਤਾਂ ਬਿਲਕੁਲ ਯਕੀਨ ਨਹੀਂ ਕਰਦਾ।

## ੧੩

ਇਹ ਮੇਰਾ ਦੋਸਤ ਲੇਖਕ ਵੀ ਕਿੰਨਾ ਕਮਾਲ ਦਾ ਐ। ਮੈਨੂੰ ਲਗਦੈ ਜਿਵੇਂ ਇਹਦੀ ਹਰ ਸਤਰ ਮੇਰੇ ਬਾਰੇ ਲਿਖੀ ਹੋਵੇ। ਕਿੰਨਾ ਦਰਦ ਐ ਇਹਦੀ ਲੇਖਣੀ 'ਚ...। ਇਹ ਮਨੁੱਖ ਦੇ ਮਨ ਨੂੰ ਕਿੰਨੀ ਬਰੀਕੀ ਨਾਲ ਪੜ੍ਹਦੈ ਤੇ ਫਿਰ ਕਿੰਨੀ ਸ਼ਿੱਦਤ ਨਾਲ ਲਿਖਦੈ। ਇਹਦਾ ਹਰ ਪਾਤਰ ਮੈਨੂੰ ਮੇਰਾ ਆਪਾ ਜਾਪਦੈ, ਤਦੇ ਮੇਰੇ ਦਿਮਾਗ 'ਚੋਂ ਇਸ ਨਾਟਕ ਦੀ ਰਿਹਸਲ ਨਹੀਂ ਨਿਕਲ ਰਹੀ। ਮਾਂ ਹਰ ਵਕਤ ਕਹਿੰਦੀ ਰਹਿੰਦੀ ਐ ਕਿ ਮੈਂ ਕੋਈ ਚੱਜ ਦਾ ਕੰਮ ਕਰਾਂ। ਪਰ ਕੀ ਕਰਾਂ? ਨਾਲੇ ਇਹ ਵੀ ਤਾਂ ਚੱਜ ਦਾ ਈ ਕੰਮ ਆ। ਮਾਂ ਵਿਚਾਰੀ ਨੂੰ ਕੀ ਪਤਾ, ਬਈ ਸਿਰਜਣਾ ਕੀ ਹੁੰਦੀ ਐ? ਸਾਹਿਤ ਦਾ ਮਹੱਤਵ ਕੀ ਐ? ਕਲਾ ਸਮਾਜ ਖਾਤਰ ਕੀ ਕਰਦੀ

ਐ? ਲੋਕਾਂ ਨਾਲ ਕਿਵੇਂ ਜੁੜਿਆ ਜਾ ਸਕਦੈ? ਸਿਰਫ ਨਿੱਜ ਈ ਬਹੁਤ ਕੁਝ ਨਹੀਂ ਹੁੰਦਾ। ਮੈਂ ਇਹ ਸਾਰੀਆਂ ਗੱਲਾਂ ਇਸੇ ਲੇਖਕ ਤੋਂ ਸਿੱਖੀਆਂ ਨੇ। ਇਹਦੀ ਲੇਖਣੀ ਤੋਂ, ਇਹਦੀ ਜ਼ਿੰਦਗੀ ਤੋਂ। ਵਾਹ! ਕਿਆ ਲਿਖਦੈ, ਜਿਵੇਂ ਸਾਖਸ਼ਾਤ ਨਾਟਕ ਹੋ ਰਿਹਾ ਹੋਵੇ।

ਮੈਂ ਚੁਬਾਰੇ ਤੋਂ ਹੇਠਾਂ ਉਤਰ ਕੇ ਛੋਟੀ ਕੋਲ ਗਿਆਂ।

"ਛੋਟੀ ਅੱਜ ਬਾਬਿਆਂ ਨੇ ਆਸਣ ਭੁੰਜੇ ਈ ਲਾਏ ਨੇ...।"

"ਤੂੰ ਜ਼ਮੀਨ 'ਤੇ ਰਹੇ ਤਾਂ ਤੈਨੂੰ ਪਤਾ ਹੋਵੇ। ਅਸੀਂ ਅੱਜ ਸਫੈਦੀ ਕਰਵਾ ਰਹੇ ਸੀ। ਸਾਰਾ ਕੁਝ ਤੈਨੂੰ ਬਾਹਰ ਖਿਲਰਿਆ ਨਹੀਂ ਦਿਖ ਰਿਹਾ...।" ਛੋਟੀ ਤਲਖ ਐ ਜਾਂ ਮੇਰੇ ਹਾਲਾਤ ਤੋਂ ਵਾਕਫ ਐ, ਕਹਿ ਨਹੀਂ ਸਕਦਾ। ਪਰ ਮੇਰੇ ਨਾਲ ਉਹਦੀ ਬਣਦੀ ਬਹੁਤ ਐ। "ਪਰ ਲੜਦੇ ਕਾਹਤੋਂ ਓ, ਮੈਂ ਤਾਂ ਤੈਨੂੰ ਇਕ ਗੱਲ ਦੱਸਣ ਆਇਆ ਸੀ। ਪਤਾ ਨਹੀਂ ਕਵਿਤਾ ਪੜ੍ਹਦੇ-ਪੜ੍ਹਦੇ ਤੇਰਾ ਖਿਆਲ ਕਿੱਥੋਂ ਆ ਗਿਆ। ਪਤਾ ਨਹੀਂ ਕੀ-ਕੀ ਸੋਚਾਂ ਆਈ ਗਈਆਂ। ਹੁਣ ਆਹ ਕਵਿਤਾ ਐ, ਮੈਂ ਤੈਨੂੰ ਸੁਣਾਉਣ ਆਇਆਂ...।"

"ਸੁਣਾ ਲੈ ਭਰਾਵਾ... ਤੂੰ ਵੀ ਸਿਤਮ ਢਾਹ ਲੈ...।" ਉਹਨੇ ਮਜ਼ਾਕ ਨਾਲ ਕਿਹੈ?

"...!" ਮੈਨੂੰ ਲੱਗਦੈ ਵੱਡੀ ਵਾਲੀ ਗੱਲ ਕਰਕੇ ਉਦਾਸ ਹੈ।

ਮਾਂ ਵੀ ਕਈ ਬਾਰ ਅਜੀਬ ਈ ਗੱਲਾਂ ਕਰਨ ਲੱਗ ਪੈਂਦੀ ਐ। ਬੜਾ ਸੋਹਣਾ ਵੱਡੀ ਦਾ ਰਿਸ਼ਤਾ ਹੋ ਰਿਹਾ ਸੀ। ਮੁੰਡਾ ਪੜ੍ਹਿਆ ਲਿਖਿਆ ਨੌਕਰੀ ਕਰ ਰਿਹਾ। ਭਲਾ ਹੋਰ ਕੀ ਚਾਹੀਦਾ ਸੀ ਇਹਨੂੰ। ਅਖੇ ਜੋੜ ਮੇਲ ਨੀ ਲੱਗਦਾ। ਪਤਾ ਨਹੀਂ ਇਹਨੂੰ ਮੁੰਡੇ 'ਚ ਕੀ ਕੁਚੱਜ ਨਜ਼ਰ ਆਇਆ। ਮੈਨੂੰ ਤਾਂ ਸਮਝ ਨਹੀਂ ਪਈ। ਭਲਾ ਇਹਨੂੰ ਕਿਹੜਾ ਪਤਾ ਨਹੀਂ ਪਈ ਧੀਆਂ ਦਰੋਂ ਤੋਰਨੀਆਂ ਕਿੰਨੀਆਂ ਔਖੀਆਂ ਨੇ। ਫੇਰ ਇਹੋ ਜਿਹੇ ਸਮੇਂ 'ਚ...। ਇਹਨੂੰ ਇਹ ਰਿਸ਼ਤਾ ਮਨਜ਼ੂਰ ਕਰ ਲੈਣਾ ਚਾਹੀਦਾ ਸੀ।

"ਵੇ ਅਜੇ ਤੁਸੀਂ ਕਮਾਉਣ ਨਹੀਂ ਲੱਗੇ ਜੋ ਮੈਨੂੰ ਅਕਲਾਂ ਦੇਵੋ...। ਜਦੋਂ ਕਰਨ ਲੱਗ ਜਾਵੋਗੇ, ਆਪਣੀ ਮਰਜ਼ੀ ਕਰ ਲਿਓ, ਮੈਂ ਬਸ ਉਥੇ ਰਿਸ਼ਤਾ ਨਹੀਂ ਕਰਨਾ।" ਮਾਂ ਮੇਰੇ ਵੱਲ ਹੱਥ ਕਰ ਕੇ ਕਹਿ ਰਹੀ ਸੀ।

"ਪਰ ਤੁਸੀਂ ਵੱਡੀ ਨੂੰ ਪੁੱਛ ਲਓ!" ਪਤਾ ਨਹੀਂ ਕਿਉਂ ਮੈਨੂੰ ਲੱਗ ਰਿਹਾ ਸੀ ਵੱਡੀ ਵੀ ਮੇਰੇ ਵਾਂਗ ਹੀ ਸੋਚਦੀ ਹੋਵੇਗੀ।

"ਪੁੱਛਿਆ ਹੋਇਆ ਮੈਂ...ਤੁਸੀਂ ਆਪਣੀ ਸਿਆਣਪ ਆਪਣੇ ਕੋਲ ਹੀ ਰੱਖੋ, ਮੈਨੂੰ ਨਹੀਂ ਲੋੜ।"

ਯਾਰ ਕੀ ਵੈਲਯੂ ਆ ਸਾਡੀ ਆਖਰ ਘਰ 'ਚ ...? ਕਿਉਂ ਨਹੀਂ ਮਾਂ ਸਾਡੀ ਸੁਣਦੀ? ਫੇਰ ਭਲਾ ਮੁੰਡੇ ਕਿਤੇ ਛੇਤੀ ਲੱਭ ਪੈਂਦੇ ਨੇ। ਪਰ ਮਾਂ ਨੇ ਕਿਹੜਾ ਹੁਣ ਆਪਣੇ ਫੈਸਲੇ ਤੋਂ ਹਟਣਾ ਐ।

"ਵਧੀਐ ਕਵਿਤਾ ਤੇਰੀ, ਚਲ ਹੁਣ ਪੈ ਜਾ...।" ਛੋਟੀ ਨਹੀਂ ਮਾਂ ਬੋਲੀ ਐ।

ਕੀ ਮਾਂ ਵੀ ਸੁਣਦੀ ਰਹੀ ਸੀ ਇਹ ਕਵਿਤਾ, ਉਹਨੂੰ ਵੀ ਸਮਝ ਪਈ ਹੋਣੀ ਆ, ਉਹਦਾ ਵੀ ਦਿਲ ਡੋਲਿਆ ਹੋਣਾ। ਮੈਂ ਮਾਂ ਕੋਲ ਜਾ ਪੈਂਦਾ ਹਾਂ।

"ਤੂੰ ਉਪਰ ਈ ਜਾਹ ਮੰਜੇ 'ਤੇ ਪੈ ਜਾ...।"

"ਕਿਉਂ ਮੈਂ ਨਹੀਂ ਆਪਣੀ ਮਾਂ ਨਾਲ ਪੈ ਸਕਦਾ।"

ਮਾਂ ਬੋਲੀ ਨਹੀਂ। ਸ਼ਾਇਦ ਚੁੱਪ 'ਚ ਈ ਇਹਦਾ ਜਵਾਬ ਐ। ਚੁੱਪ 'ਚ ਬਹੁਤ ਸਾਰੇ ਭੇਦ ਨੇ। ਇਹ ਭੇਦ ਖੁੱਲ੍ਹਣੇ ਨਹੀਂ ਚਾਹੀਦੇ। ਬਸ ਇਹ ਭੇਦ ਹੀ ਰਹਿਣ। ਖੁੱਲ੍ਹ ਜਾਣ 'ਤੇ ਸਾਰਾ ਮਜ਼ਾ ਕਿਰਕਿਰਾ ਹੋ ਜਾਂਦੈ। ਕਿਉਂਕਿ ਅਸੀਂ ਸ਼ਬਦਾਂ ਨਾਲ ਉਹ ਕੁਝ ਨਹੀਂ ਦੱਸ ਸਕਦੇ। ਬਹੁਤ ਕੁਝ ਰਹਿ ਜਾਂਦੈ। ਜਾਂ ਫਿਰ ਇਸ ਲੇਖਕ ਵਰਗਾ ਕੋਈ ਹੋਵੇ। ਕਮਾਲ ਕਰ ਦੇਵੇ। ਸਾਰੇ ਦਾ ਸਾਰਾ ਦਰਦ ਉਲੱਦ ਕੇ ਤੁਹਾਡੇ ਸਾਹਮਣੇ ਢੇਰੀ ਕਰ ਦੇਵੇ। ਪਰ ਇਹ ਸਾਰੇ ਨਹੀਂ ਕਰ ਸਕਦੇ। ਪਰ ਸਾਰੇ ਚੁੱਪ ਰਹਿ ਕੇ ਭੇਦ ਦਾ ਅਨੰਦ ਦੇਣ ਵਿਚ ਵੀ ਮਾਹਰ ਨਹੀਂ ਹੋ ਸਕਦੇ। ਪਰ ਉਂਝ ਬੰਦਾ ਵੀ ਕੀ ਚੁੱਪ ਹੁੰਦੈ? ਕਦੇ ਨਹੀਂ, ਹੁਣ ਮੈਂ ਕੁਝ ਨਹੀਂ ਬੋਲ ਰਿਹਾ। ਪਰ ਬਹੁਤ ਕੁਝ ਬੋਲੀ ਜਾ ਰਿਹਾ ਹਾਂ। ਜਾਂ ਮੇਰਾ ਪ੍ਰੇਤ ਬੋਲਦਾ ਹੋਣੈ, ਮਾਂ ਵੀ ਚੁੱਪ ਐ। ਪਰ ਉਹ ਪਾਸੇ ਲੈ ਰਹੀ ਐ... ਕੀ ਉਹ ਕਵਿਤਾ ਬਾਰੇ ਤਾਂ ਨਹੀਂ ਸੋਚ ਰਹੀ। ਜਾਂ ਮੇਰੇ ਵਾਰੇ, ਵੱਡੀ ਵਾਰੇ। ਅਭੀ ਬਾਰੇ ਜਾਂ ਛੋਟੀ ਬਾਰੇ, ਪਿਤਾ ਜੀ



ਬਾਰੇ ਵੀ ਸੋਚ ਸਕਦੀ ਐ, ਕੱਲ੍ਹ ਈ ਤਾਂ ਉਹ ਇਮਤਿਹਾਨ 'ਚੋਂ ਲੰਘੀ ਐ। ਜੇ ਪਿਤਾ ਜੀ ਜਿਉਂਦੇ ਹੁੰਦੇ ਤਾਂ ਹੋ ਸਕਦਾ ਸੀ ਫੈਸਲਾ ਕੱਲ੍ਹ ਤੋਂ ਅਲੱਗ ਹੁੰਦਾ। ਜਾਂ ਉਹ ਫੈਸਲੇ ਨੂੰ ਠੋਕ ਵਜਾ ਕੇ ਦੱਸਦੀ। ਅੱਜ ਖਵਰੇ ਉਹ ਫੈਸਲੇ 'ਤੇ ਪਛਤਾ ਈ ਰਹੀ ਐ। ਕੀ ਪਤਾ ਡਰ ਰਹੀ ਹੋਵੇ, ਪਰ ਉਹਨੇ ਤਾਂ ਆਪਣੀ ਧੀ ਦੀ ਜ਼ਿੰਦਗੀ ਖਾਤਰ ਈ ਲਿਐ ਇਹ ਫੈਸਲਾ। ਹੋ ਸਕਦੈ ਉਹਨੂੰ ਇਹ ਵਿਆਹ ਠੀਕ ਨਾ ਲੱਗਿਆ ਹੋਵੇ। ਕੁਝ ਕਸਰ ਲੱਗੀ ਹੋਊ, ਆਖਰ ਉਹਦਾ ਵੀ ਤਾਂ ਅਨੁਭਵ ਐ, ਸਾਨੂੰ ਅਜੇ ਏਨੀ ਅਕਲ ਕਿੱਥੇ। ਅਸੀਂ ਤਾਂ ਬਸ ਜੋ ਮੂੰਹ ਆਇਆ ਉਹ ਕਹਿ ਦਿੰਦੇ ਆਂ। ਮਾਂ ਨੂੰ ਚੁੱਪ ਦੇ ਭੇਦ ਦੀ ਖਬਰ ਐ। ਉਹ ਬਹੁਤਾ ਚੁੱਪ ਈ ਰਹਿੰਦੀ ਐ। ਕਦੇ-ਕਦੇ ਉਹਦੀਆਂ ਅੱਖਾਂ ਦੇ ਹੰਝੂ ਇਸ ਚੁੱਪ ਨੂੰ ਤੋੜਦੇ ਨੇ...।

"ਮਾਂ, ਇਹ ਮਾਂ ਤੂੰ ਰੋ ਰਹੀ ਐਂ?" ਮੇਰੇ ਹੱਥ ਮਾਂ ਦੀਆਂ ਪਲਕਾਂ 'ਤੇ ਕਿਵੇਂ ਚਲੇ ਗਏ? "ਤੈਨੂੰ ਵੀ ਨੀਂਦ ਨਹੀਂ ਆ ਰਹੀ!"

"ਨਹੀਂ।"

"ਤੂੰ ਜਾਹ ਮੰਜੇ 'ਤੇ ਸੌਂ ਜਾ, ਤੈਨੂੰ ਭੁੰਜੇ ਨੀਂਦ ਨਹੀਂ ਆਉਣੀ।" ਪਤਾ ਨਹੀਂ ਕਿਉਂ ਮੇਰੇ ਤੋਂ ਮਾਂ ਦਾ ਕਹਿਣਾ ਨਹੀਂ ਮੋੜ ਹੋਇਆ।

## ੧੪

"ਵੇ ਚੱਲ ਉੱਠ ਦਿਨ ਚੜ੍ਹ ਆਇਐ...।" ਛੋਟੀ ਨੇ ਮੇਰੇ ਤੋਂ ਖੇਸੀ ਖਿੱਚੀ ਐ।

"ਓਏ ਠਹਿਰ ਜਾ...!"

"ਠਹਿਰ ਜਾ ਨੀ, ਆਹ ਆਪਣਾ ਨਿਕਸੁੱਕ ਵੀ ਬਾਹਰ ਕੱਢ ਕੇ ਰੱਖ ਲੈ, ਸਫੈਦੀ ਵਾਲਿਆਂ ਨੇ ਆ ਜਾਣੈ... ਜੇ ਅਸੀਂ ਰੱਖਿਆ ਤਾਂ ਤੂੰ ਕਹਿਣੈ ਮੇਰੀ ਫਲਾਣੀ ਚੀਜ਼ ਗੁਆ 'ਤੀ ਤੇ ਫਲਾਣੀ...।" ਇਹ ਪਤਾ ਨਹੀਂ ਕਿਹੜੀਆਂ ਸੋਚਾਂ 'ਚ ਐ। ਦਰਦ ਤਾਂ ਇਹਦੇ ਵੀ ਕਿਸੇ ਕੋਨੇ 'ਚ ਟਸ-ਟਸ ਕਰਦਾ ਹੋਊ।

"ਛੋਟੀ ਤੈਨੂੰ ਕੱਲ ਦੀ ਗੱਲ ਦੱਸਦਾਂ... ਮੈਂ ਰਿਹਸਲ ਤੋਂ ਬਾਅਦ ਪਰਾਂ ਨੂੰ ਨਿਕਲ ਗਿਆ, ਸੁੰਨ-ਮਸਾਣ ਸੜਕ ਸੀ, ਕੋਈ ਨਹੀਂ ਓਧਰ...। ਇੱਕ ਗਿਰਜਾ ਐ ਸੁੰਨਾ ਜਿਹਾ, ਦੋ ਤਿੰਨ ਕੋਠੀਆਂ ਨੇ। ਇੱਕ ਬਹੁਤ ਪੁਰਾਣੀ ਕੋਠੀ ਐ ਅਜ਼ਾਦੀ ਤੋਂ ਪਹਿਲਾਂ ਦੀ ਹੋਣੀ ਆ, ਉਹਦੇ 'ਤੇ ਲਿਖਿਐ 'ਦਿਲ ਫਿਜ਼ਾ...!' ਮੈਂ ਓਧਰ ਜਾ ਰਿਹਾ ਸੀ। ਸਿਗਰਟ ਮੇਰੇ ਹਥ 'ਚ ਸੀ, ਥੋੜ੍ਹਾ ਜਿਹਾ ਅੱਗੇ ਗਿਆ ਤਾਂ ਪਿਛਿਓਂ ਇੱਕ ਜ਼ਨਾਨੀ ਆ ਕੇ ਕਹਿੰਦੀ, "ਸੈਰ ਕਰ ਰਹੇ ਓ!" ਮੈਂ ਦੰਗ ਰਹਿ ਗਿਆ, "ਆਜੋ-ਆਜੋ ਕੋਈ ਦੇਖ ਲਊ।" ਮੈਂ ਸੋਚਿਆ ਬਈ ਦੇਖ ਲਊ ਤਾਂ ਫੇਰ ਕੀ ਐ? ਮੈਂ ਕੋਈ ਗੁਨਾਹ ਕਰ ਰਿਹਾਂ? ਮੈਂ ਨਾ ਤੈਨੂੰ ਜਾਣਦਾ ਤੇ ਨਾ ਤੂੰ ਮੈਨੂੰ, ਫੇਰ ਖਾਹ ਮਖਾਹ ਈ...। ਤੇ ਉਹਨੇ ਦੋ-ਤਿੰਨ ਵਾਰ ਟਰਾਈ ਕੀਤੀ। ਮੈਂ ਕਿੱਥੇ ਉਹਦੇ ਹੱਥ ਆਉਣ ਵਾਲਾ ਸੀ।"

"ਤਦੇ ਤਾਂ ਮੈਂ ਤੈਨੂੰ ਕਿਹਾ ਪਈ ਨਹਾ-ਧੋ ਕੇ ਰਿਹਾ ਕਰ, ਲੋਕੀ ਸ਼ਕਲ ਤੋਂ ਈ ਅੰਦਾਜ਼ਾ ਲਾਉਂਦੇ ਆ? ਵਧੀਆ ਬਣਕੇ ਰਹੇ ਤਾਂ ਲੋਕ ਏਦਾਂ ਤਾਂ ਨਾ ਸੋਚਣ...!"

ਓਏ ਇਹ ਕੀ? ਛੋਟੀ ਹੋਰ ਈ ਟੋਣਾ ਲਾ ਗਈ। ਵੈਸੇ ਗੱਲ ਤਾਂ ਉਹਦੀ ਵੀ ਠੀਕ ਐ, ਪਰ ਮੇਰਾ ਕੀ ਕਸੂਰ ਐ, ਚਿੱਤ ਈ ਨਹੀਂ ਕਰਦਾ, ਜਿਵੇਂ ਜ਼ਿੰਦਗੀ ਜਿਉਣ ਨੂੰ ਈ ਦਿਲ ਨਹੀਂ ਕਰਦਾ...। ਹੇਠਾਂ ਈ ਚੱਲਦੇ ਆਂ। ਨਹੀਂ ਤਾਂ ਛੋਟੀ ਨੇ ਫੇਰ ਆ ਧਮਕਣੈ, ਪਤਾ ਨਹੀਂ ਕੀ-ਕੀ ਛਟੰਕੀਆਂ ਮਾਰਦੀ ਰਹਿੰਦੀ ਐ, ਗੱਲ ਪਤਾ ਨਹੀਂ ਕਿਥੋਂ ਉਤਰਦੀ ਆ, ਕੱਲ੍ਹ ਮੈਨੂੰ ਗੱਲ ਸੁਣਾਈ ਅਖੇ "ਮੈਂ ਕਾਲਜ ਤੋਂ ਆਉਂਦੀ ਪਈ ਸੀ, ਰਸਤੇ 'ਚ ਇੱਕ ਹੈਂਡੀਕੈਪਡ ਮੁੰਡਾ ਕਿਸੇ ਸਾਈਕਲ ਦੇ ਪਿੱਛੇ ਬੈਠਾ ਸੀ। ਅਖੇ ਭੀੜ ਜਿਹੀ ਵਿੱਚ ਉਹਨੇ ਆਪਣੀ ਡੁੱਡੀ ਲੱਤ ਮੇਰੇ ਸਾਇਕਲ 'ਚ ਮਾਰੀ, ਮੈਨੂੰ ਛੇੜਨ ਲਈ। ਮੈਂ ਸੋਚਾਂ ਬਈ ਇਹ ਕਮਾਲ ਦੀ ਗੱਲ ਹੋਈ...!"

ਦੇਖ ਸਾਡੇ ਨਿਆਣੇ ਵੀ ਸਾਲੇ ਸਾਈਕੀ ਨੋਟ ਕਰਦੇ ਆ। ਬੰਦੇ ਦੀਆਂ ਬਰੀਕ-ਬਰੀਕ ਤੰਦਾਂ ਵੀ ਇਹ ਸਮਝ ਲੈਂਦੇ ਨੇ। ਇਹਨਾਂ ਬਰੀਕ ਤੰਦਾਂ ਨੂੰ, ਸਾਰੇ ਹੀ ਮਹਿਸੂਸ ਕਰਦੇ ਨੇ। ਉਹਨਾਂ ਦੀ ਜ਼ਿੰਦਗੀ ਦਾ ਇਹ ਹਿੱਸਾ ਨੇ। ਉਹਨਾਂ ਨਾਲ ਇਹ ਗੱਲਾਂ ਹੁੰਦੀਆਂ ਹਨ। ਉਹ ਫੜ੍ਹਦੇ ਵੀ ਨੇ ਇਹਨਾਂ ਸੋਚਾਂ ਨੂੰ, ਪਰ ਲੇਖਕ ਵਾਂਗ ਲਿਖਤ 'ਚ ਕੈਦ ਨਹੀਂ ਕਰ ਸਕਦੇ। ਬਸ ਲੇਖਕ ਹੀ ਹੁੰਦੈ ਜੋ ਸ਼ਬਦਾਂ ਦੇ ਜਾਦੂ ਨਾਲ ਇਸ ਸੱਭ ਕਾਸੇ

ਨੂੰ ਕੈਦ ਕਰ ਲੈਂਦਾ।

ਹੇਠਾਂ ਤਾਂ ਪੂਰੀ ਤਰ੍ਹਾਂ ਸਫਾਈ ਅਭਿਆਨ ਚੱਲ ਰਿਹੈ। ਸਾਰੇ ਆਪੋ-ਆਪਣੇ ਕਿੱਤੇ ਲੱਗੇ ਹੋਏ ਹਨ। ਕੋਈ ਕੁਝ ਕਰ ਰਿਹਾ, ਕੋਈ ਕੁਝ। ਲੱਗਦੈ ਅੱਜ ਚਾਹ ਤਾਂ ਆਪ ਬਨਾਉਣੀ ਪਊ। ਕਿਸੇ ਨੂੰ ਵੀ ਕਿਹਾ ਤਾਂ ਉਹਨੇ ਇਹੀ ਕਹਿਣਾ ਪਈ ਤੈਨੂੰ ਦਿਸਦਾ ਨਹੀਂ, ਅਸੀਂ ਸਫਾਈ ਕਰ ਰਹੇ ਆਂ ਤੇ ਤੂੰ ਵਿੱਚ ਆਪਣੀ ਈ ਟੰਗ ਅੜਾਉਣ ਲੱਗ ਪਿਐਂ। ਸਿੱਧੇ ਰਸੋਈ 'ਚ ਈ ਚੱਲਦੇ ਆਂ।

ਚਾਹ ਤਾਂ ਰੱਖ ਦਿੱਤੀ ਐ, ਪਰ ਹੁਣ ਦੁੱਧ ਨਹੀਂ ਲੱਭਦਾ। ਲੱਗਦਾ ਇਹਨੀਂ ਚਾਹ ਬਣਾ ਕੇ ਸਾਰਾ ਦੁੱਧ ਈ ਖਤਮ ਕਰ ਦਿੱਤੈ। ਪਰ ਮੇਰੇ ਲਈ ਕਿਉਂ ਨਹੀਂ ਚਾਹ ਬਣਾਈ ਇਹਨਾਂ। ਪਹਿਲਾਂ ਤਾਂ ਮਾਂ ਉਪਰ ਈ ਦੇ ਜਾਂਦੀ ਸੀ। ਅੱਜ ਕੀ ਹੋਇਆ? ਚਲੋ ਕੋਈ ਨਹੀਂ ਨਿੰਬੂ ਪਾ ਕੇ ਪੀ ਲਵਾਂਗੇ। ਦੁੱਧ ਨਹੀਂ ਤਾਂ ਨਾ ਸਹੀ...! "ਵੇ ਚਾਹ ਰੱਖਣ ਲੱਗਿਐਂ ਤਾਂ ਸਾਰਿਆਂ ਲਈ ਰੱਖ ਲਈਂ। ਅਭੀ ਦੁੱਧ ਲੈਣ ਗਿਐ।" ਮਾਂ ਨੇ ਕਿਹੈ ਤਾਂ ਮੇਰੇ ਮਨ ਨੂੰ ਕੁਝ ਢਾਰਸ ਜਿਹੀ ਮਿਲੀ ਹੈ, ਚਲੋ ਇਹ ਵੀ ਚੰਗਾ ਹੋਇਆ। ਇਸੇ ਪੱਜ ਸਫਾਈ ਅਭਿਆਨ ਵਿੱਚ ਮੈਂ ਵੀ ਸ਼ਾਮਲ ਹੋ ਜਾਵਾਂਗਾ। ਬਿਨਾ ਕਿਸੇ ਕਲੇਸ਼ ਦੇ। ਲਓ ਜੀ ਚੱਕੋ ਸਭ ਕੁਝ। ਮੈਂ ਕੂੜਾ ਵੀ ਸੁਟਵਾ ਸਕਦਾਂ। ਕੀ ਲੋੜ ਐ ਜਮਾਂਦਾਰਨੀ ਨੂੰ ਕਹਿਣ ਦੀ। ਮੈਂ ਆਪੇ ਸੁੱਟ ਆਵਾਂਗਾ। ਪੈਸਿਆਂ ਦਾ ਬੋਝ ਵੀ ਨਾ ਰਹੂ।

ਇਹ ਅਭੀ ਵੀ ਬੜੀ ਚੀਜ਼ ਐ। ਇਹ ਦੁੱਧ ਲੈਣ ਸਵੇਰੇ-ਸਵੇਰੇ ਐਵੇਂ ਨਹੀਂ ਜਾਂਦਾ। ਇਹਦੀ ਮਸ਼ੂਕ ਦਾ ਘਰ ਵੀ ਇਸੇ ਰਸਤੇ 'ਚ ਆ, ਇਹ ਦੁੱਧ ਦੇ ਬਹਾਨੇ ਉਹਦੇ ਦਰਸ਼ਨ ਵੀ ਕਰ ਆਉਂਦਾ ਹੋਣਾ। ਪਰ ਹੁਣ ਤਾਂ ਇਹ ਉਦੋਂ ਦਾ ਕਾਫੀ ਸੁਧਰ ਗਿਐ, ਜਦੋਂ ਦਾ ਇਹਦੇ 'ਤੇ ਕੇਸ ਹੋਇਆ ਸੀ। ਕੁੜੀ ਇਹੀ ਸੀ। ਇਹਨਾਂ ਦਾ ਮਿਲਣਾ ਰੋਜ਼ ਹੁੰਦਾ ਸੀ। ਪਤਾ ਨਹੀਂ ਕਿਹੜੀਆਂ-ਕਿਹੜੀਆਂ ਤਰਕੀਬਾਂ ਸੋਚਦੇ ਰਹਿੰਦੇ ਮਿਲਣ ਦੀਆਂ। ਉਮਰ ਹੀ ਇਹ ਇਹੋ ਜਿਹੀ ਹੁੰਦੀ ਆ। ਇਹਨੂੰ ਸਾਲੇ ਨੂੰ ਸਿਆਲ 'ਚ ਵੀ ਠੰਢ ਨਹੀਂ ਲੱਗਦੀ। ਫੇਰ ਇਹ ਫਸ ਗਿਆ। ਬਾਹਵਾ ਲੜਾਈ ਹੋਈ, ਪਿਤਾ ਜੀ ਉਦੋਂ ਜਿਉਂਦੇ ਸਨ। ਉਹਨਾਂ ਸਟੈਂਡ ਲੈ ਲਿਆ। ਮੈਨੂੰ ਕਹਿੰਦੇ "ਮਿੱਤਰਾ ਇਹਨੇ ਕੁੜੀ ਦੀ ਤੋਏ-ਤੋਏ ਕਰਵਾ ਦਿੱਤੀ ਐ, ਹੁਣ ਭਾਵੇਂ ਕੁਝ ਹੋ ਜਾਵੇ, ਆਪਾਂ ਗਊ ਹੱਤਿਆ ਨਹੀਂ ਹੋਣ ਦੇਣੀ। ਕੁੜੀ ਦਾ ਵਿਆਹ ਇਹਦੇ ਨਾਲ ਕਰਵਾ ਦੇਣਾ ਐ।"

"ਚਲੋ ਠੀਕ ਐ।"

ਪਰ ਸਾਡੀ ਗੱਲ ਨਹੀਂ ਬਣ ਸਕੀ। ਕੁੜੀ ਅਜੇ ਨਬਾਲਗ ਸੀ। ਇਸੇ ਕਰਕੇ ਇਹ ਕੇਸ ਕੁੜੀ ਵਾਲਿਆਂ ਦੇ ਪੱਖ 'ਚ ਚਲਿਆ ਗਿਆ। ਉਹਨੀ ਦਿਨੀਂ ਤਾਂ ਇਹਦੀ ਹਾਲਤ ਵੇਖਣ ਵਾਲੀ ਸੀ। ਇਹਦੇ ਕਿਸੇ ਮਿੱਤਰ ਨੇ ਕਹਿ ਦਿੱਤਾ ਪਈ ਉਹ ਕੁੜੀ ਤਾਂ ਹੁਣ ਕਿਸੇ ਹੋਰ ਨਾਲ ਐ ਤਾਂ ਇਹਨੇ ਸਿੱਧਾ ਈ ਕੁੜੀ ਨੂੰ ਜਾ ਕੇ ਪੁੱਛ ਲਿਆ। ਜਦੋਂ ਅਜਿਹੀ ਗੱਲ ਨਾ ਹੋਣ ਦੀ ਪੁਸ਼ਟੀ ਹੋ ਗਈ ਤਾਂ ਇਹਨੇ ਆਪਣਾ ਮਿੱਤਰ ਢਾਅ ਲਿਆ। ਉਹਨੂੰ ਉਹ ਕੁਟਾਪਾ ਚਾੜ੍ਹਿਆ ਪਈ ਤਮਾਮ ਉਮਰ ਯਾਦ ਕਰੇ।

"ਲਓ ਜੀ ਗਰਮਾ ਗਰਮ ਚਾਹ...।" ਗਲਾਸ ਮੇਰੇ ਹੱਥ 'ਚ ਨੇ...।

"ਚਲ ਬਸ ਕਰ ਹੁਣ, ਸਾਰਿਆਂ ਨੂੰ ਪਤੈ ਬਈ ਚਾਹ ਤੂੰ ਬਣਾਈ ਐ...। ਤੇਰੇ ਰੌਲਾ ਪਾਉਣ ਨਾਲ ਜ਼ਿਆਦਾ ਨਹੀਂ ਲੱਗ ਜਾਣਾ...।" ਛੋਟੀ ਦਾ ਲਹਿਜਾ ਅਜੇ ਵੀ ਉਹੀ ਐ, ਜਿਹਦੇ ਬਾਰੇ ਅੰਦਾਜ਼ਾ ਲਾਉਣਾ ਬੇਵਕੂਫੀ ਹੀ ਹੋਵੇਗੀ।

## ੧੫

"ਸਾਥੀ ਮੈਂ ਕਹਿਨਾਂ ਪਈ ਅਜ਼ਾਦੀ ਨਹੀਂ ਮਿਲੀ!"

"ਯਾਰ ਕਿਵੇਂ ਨਹੀਂ ਮਿਲੀ ਅਜ਼ਾਦੀ। ਅਜ਼ਾਦੀ ਤੋਂ ਤੁਸੀਂ ਭਾਵ ਕੀ ਲੈਂਦੇ ਓ?"

"ਅਸੀਂ ਅਜ਼ਾਦੀ ਤੋਂ ਭਾਵ ਲੈਂਦੇ ਆਂ ਡਸੀਜ਼ਨ ਲੈਣ ਦੀ ਅਜ਼ਾਦੀ। ਫੈਸਲੇ ਲੈਣ ਦੀ ਅਜ਼ਾਦੀ! ਕੀ ਅੱਜ ਅਸੀਂ ਆਪਣੇ ਤੌਰ 'ਤੇ ਫੈਸਲੇ ਲੈ ਲੈਂਦੇ ਆਂ? ਫੇਰ ਕਾਹਦੀ ਅਜ਼ਾਦੀ ਹੋਈ...?" ਦੋਵੇਂ ਦੋਸਤ ਉਲਝੇ ਪਏ ਨੇ। ਮੈਂ ਹੁੰਗਾਰਾ ਨਹੀਂ ਦੇ ਰਿਹਾ।

ਮੈਨੂੰ ਆਪਣੇ ਘਰ ਦੀਆਂ ਨਿੱਕੀਆਂ-ਨਿੱਕੀਆਂ ਚੀਜ਼ਾਂ ਬਾਰੇ ਅੱਜ ਈ ਪਤਾ ਲੱਗਿਐ। ਮੇਰੀਆਂ



ਕੈਸਟਾਂ ਕਿੱਥੇ ਪਈਆਂ ਨੇ। ਮੇਰੇ ਮੈਗਜ਼ੀਨ ਜਿਸ ਰੈਕ 'ਚ ਪਏ ਨੇ, ਉਹਦੀ ਇੱਕ ਲੱਤ ਨੂੰ ਘੁਣ ਲੱਗ ਗਿਐ। ਮੈਂ ਕਈ ਥਾਂ ਕੰਧ ਉੱਤੇ ਸਿਗਰਟ ਮਸਲ ਕੇ ਬੁਝਾਈ ਹੋਈ ਐ, ਜਿਸਦਾ ਨਿਸ਼ਾਨ ਅਜੇ ਵੀ ਕਾਇਮ ਐ। ਸੀਮਿੰਟ ਕਿੱਥੋਂ ਉਤਰਿਆ ਹੋਇਐ। ਮੰਜੇ 'ਚ ਕਿੰਨਾ ਘੱਟਾ ਐ, ਛੋਟਾ ਜਿਹਾ ਚੁਬਾਰਾ ਹੀ ਮੇਰੀ ਮਲਕੀਅਤ ਐ। ਜਰਦੇ ਦੀਆਂ ਪੁੜੀਆਂ ਵੀ ਉਥੋਂ ਨਿਕਲੀਆਂ ਨੇ। ਕਿਸੇ ਨੇ ਨਹੀਂ ਵੇਖੀਆਂ। ਮੈਂ ਲੁਕਾ ਦਿਤੀਆਂ। ਸਾਹਮਣੇ ਜੰਗਲਾ ਐ। ਉਹੀ ਜੰਗਲਾ ਜਿਹਦੇ ਉਰਲੇ ਪਾਸੇ ਡਿਗੀ ਸਲੈਕਸ ਮੇਰੇ ਮਜ਼ਾਕ ਦਾ ਕਾਰਣ ਬਣੀ ਸੀ। ਭਲਾ ਮੈਨੂੰ ਕੀ ਪਤਾ ਸੀ ਕਿ ਗਵਾਂਢੀਆਂ ਦੀ ਦਸਵੀਂ 'ਚ ਪੜ੍ਹਦੀ ਕੁੜੀ ਮੇਰੇ ਪ੍ਰਤੀ ਉਲਾਰ ਐ। ਉਹ ਤਾਂ ਮੈਂ ਜਦੋਂ ਸ਼ਾਮ ਨੂੰ ਚੁਬਾਰੇ 'ਚ ਚੜ੍ਹਦਾ ਤਾਂ ਟੇਪ ਰਿਕਾਰਡ ਲਾ ਦਿੰਦੀ। ਗੀਤ ਗਾਉਂਦੀ, 'ਸੁਣ ਚਰਖੇ ਦੀ ਮਿੱਠੀ-ਮਿੱਠੀ ਘੂਕ, ਮਾਹੀਆ ਮੈਨੂੰ ਯਾਦ ਆਂਵਦਾ। ਮੇਰੇ ਦਿਲ ਵਿਚ ਉੱਠਦੀ ਏ ਹੂਕ, ਮਾਹੀਆ ਮੈਨੂੰ ਯਾਦ ਆਂਵਦਾ।' ਹੁਣ ਇਹਦਾ ਮੈਨੂੰ ਕੀ ਪਤਾ, ਉਸ ਸ਼ਾਮ ਰਤਾ ਹਨ੍ਹੇਰਾ ਜਿਹਾ ਹੋਇਆ ਤਾਂ ਉਹ ਉਪਰ ਆ ਗਈ। ਉਹਨਾਂ ਦੇ ਘਰ ਕੋਈ ਹੈ ਨਹੀਂ ਸੀ, ਸਿਰਫ ਛੋਟਾ ਭਰਾ ਸੀ। ਉਹ ਜੰਗਲਾ ਟੱਪ ਕੇ ਉਰਾਂ ਆ ਗਈ। ਮੈਂ ਅਜੇ ਜਾਗਦਾ ਈ ਪਿਆ ਸਾਂ।

"ਕੀ ਗੱਲ ਐ।" ਉਹਨੇ ਮੇਰੇ ਵੱਲ ਝਾਕਿਆ। ਮੇਰੇ ਤੋਂ ਉਹਦੀਆਂ ਅੱਖਾਂ ਦਾ ਸਾਹਮਣਾ ਨਹੀਂ ਕਰ ਹੋਇਆ।

"ਮੈਂ ਸੋਚਿਆ ਸਾਡਾ ਕੱਪੜਾ ਨਾ ਕੋਈ ਏਧਰ ਡਿੱਗ ਪਿਆ ਹੋਵੇ।"

"ਇਥੇ ਕਿੱਥੇ ਐ?" ਮੈਂ ਟੁੱਟ ਕੇ ਪਿਆ।

"ਆਹ ਵਾ...।" ਉਹਨੇ ਜੰਗਲੇ ਤੋਂ ਹੇਠਾਂ ਡਿੱਗੀ ਮੇਰੀ ਸਲੈਕਸ ਨੂੰ ਹੱਥ ਪਾ ਲਿਆ।

"ਇਟ ਇਜ਼ ਮਾਈ ਸਲੈਕਸ।" ਮੈਂ ਉਹਦੇ ਤੋਂ ਸਲੈਕਸ ਖੋਹ ਕੇ ਹੇਠਾਂ ਉਤਰ ਗਿਆ। ਬਾਅਦ ਵਿਚ ਇਹ ਗੱਲ ਆਪਣੇ ਮਿੱਤਰਾਂ ਨੂੰ ਦੱਸੀ ਤਾਂ ਉਹ ਮੇਰੇ ਨਾਲ ਮਜ਼ਾਕ ਕਰਦੇ ਰਹੇ। ਅਜੇ ਵੀ ਕੋਈ ਨਾ ਕੋਈ 'ਇਟਜ਼ ਮਾਈ ਸਲੈਕਸ' ਕਹਿ ਕੇ ਛੇੜ ਦਿੰਦੈ।

ਪਰ ਉਦੋਂ ਪਤਾ ਨਹੀਂ ਮੇਰੇ ਮਨ 'ਚ ਕੀ ਸੀ। ਮੈਂ ਅਜੀਬ ਜਿਹੀ ਹਾਲਤ 'ਚ ਫਸਿਆ ਹੋਇਆ ਸਾਂ। ਫੈਸਲਾ ਈ ਨਹੀਂ ਕਰ ਸਕਿਆ।

"ਤੇਰੀ ਫੈਸਲੇ ਵਾਲੀ ਗੱਲ ਨਾਲ ਸਹਿਮਤ ਹਾਂ, ਪਰ ਅਜ਼ਾਦੀ ਤਾਂ ਮਿਲੀ ਹੋਈ ਐ। ਇਹਨੂੰ ਇੰਝ ਕਹਿ ਲਈਏ ਬਈ ਮੁਕੰਮਲ ਅਜ਼ਾਦੀ ਨਹੀਂ ਮਿਲੀ ਤਾਂ ਠੀਕ ਰਹੂ...।"

"ਚੱਲੋ ਇਹਦੀ ਗੱਲ ਮੰਨ ਲਵੋ। ਫੇਰ ਵੀ ਉਮਰ 'ਚ ਸਿਆਣੈ ਆਪਣੇ ਨਾਲੋਂ...।"

ਉਹਨੇ ਮੇਰੇ ਵੱਲ ਵਿਅੰਗ ਨਾਲ ਤੱਕਿਐ।

"ਫੇਰ ਕੀ ਹੋਇਆ, ਨਾਲੇ ਪੱਕ ਜੂ...।"

"ਪੱਕਣਾ-ਪੁਕਣਾ ਤੈਂ ਕਾਹਦਾ ਐ, ਉਂਝ ਈ ਤੇਰੇ 'ਚ ਸੱਤਿਆ ਨਹੀਂ...।"

"ਐਵੇਂ ਨਾ ਫਿਕਰ ਕਰ, ਮੇਰੇ 'ਚ ਸੱਤਿਆ ਵੀ ਐ ਤੇ ਇੱਛਿਆ ਵੀ...।"

ਅਜੀਬ ਹਾਲਤ ਸੀ ਪੰਡਤਾਂ ਦੀ ਨੂੰਹ ਦੀ। ਅਖੇ ਉਹਦੀ ਕਾਮ-ਇਛਿਆ ਈ ਨਹੀਂ ਸੀ, ਬੜਾ ਰੌਲਾ ਪਿਆ ਪਿੰਡ 'ਚ। ਭਲਾ ਇਹ ਕਿਵੇਂ ਹੋ ਜਾਂਦਾ ਹੋਊ! ਕੋਈ ਸਮਝ ਨਹੀਂ ਆਉਂਦੀ। ਸਾਈਕੀ 'ਤੇ ਕੋਈ ਅਸਰ ਹੁੰਦਾ ਹੋਊ, ਪਰ ਕੁੜੀਆਂ 'ਚ ਤਾਂ ਇਹ ਘੱਟ ਈ ਸੁਣਿਐ। ਉਹਦਾ ਤਾਂ ਬਾਹਲਾ ਮੰਦਾ ਹਾਲ ਸੀ, ਬਾਹਮਣ ਸਾਲਾ ਮਰਦਾ ਜਾਂਦਾ ਸੀ। ਉਹ ਹੱਥ ਬੰਨ੍ਹੀ ਜਾਵੇ ਬਈ ਮੇਰੇ ਕੋਲੋਂ ਨਹੀਂ ਹੋ ਸਕਦਾ ਕੁਝ ਵੀ...। ਬਾਹਮਣ ਕਹੇ ਮੈਂ ਕੀ ਕਰਾਂ? ਪਤਾ ਨਹੀਂ ਕਿਹੜੇ-ਕਿਹੜੇ ਉਪਾਅ ਕਰਦੇ ਰਹੇ, ਕੋਈ ਪਾਂਡਾ ਪਤਾ ਨਹੀਂ ਕੀ-ਕੀ ਕਰ-ਕਰ ਦਿੰਦਾ ਰਿਹਾ। ਅਖੇ, ਆਟੇ ਦੀਆਂ ਮੱਛੀਆਂ ਜਿਹੀਆਂ ਬਣਾ ਕੇ ਜਲ ਪ੍ਰਵਾਹ ਕਰੋ। ਉਹਨਾਂ ਦੀਆਂ ਅੱਖਾਂ ਵੀ ਬਣਾਵੋ, ਹੋਰ ਪਤਾ ਨਹੀਂ ਕੀ-ਕੀ ਕਰਦੇ ਰਹੇ। ਪਰ ਉਹ ਕੁੜੀ ਦੀ ਇੱਛਾ ਕਿੱਥੇ ਜਾਗੀ, ਬਾਹਵਾ ਮਾੜੀ ਹਾਲਤ ਐ, ਇਹ ਤਾਂ...। ਬੰਦੇ ਦੇ ਦਿਮਾਗ 'ਚ ਪਤਾ ਨਹੀਂ ਕੀ-ਕੀ ਆਉਂਦਾ ਹੋਊ...।

"ਓਏ ਆਪਾਂ ਰਿਹਸਲ ਵੀ ਕਰਨੀ ਆ ਕਿ ਨਹੀਂ?"

“ਚੱਲੋ ਛੱਡੋ ਯਾਰ, ਅਜੇ ਕੀ ਕਰਨੀ ਆ...।”

## ੧੬

“ਛੋਟੀ ਕਿਵੇਂ ਐਂ ਫੇਰ ਉਹਨਾਂ ਦਾ ...?” ਪਿਛਲੇ ਕਈ ਦਿਨਾਂ ਤੋਂ ਸਾਡੀ ਛੱਤ ’ਚ ਚਿੜੀਆਂ ਆਲ੍ਹਣਾ ਪਾ ਰਹੀਆਂ। ਸਾਡੇ ਸਾਰੇ ਘਰਦਿਆਂ ਨੂੰ ਇਹਦਾ ਚਾਅ ਹੈ। ਛੋਟੀ ਤਾਂ ਵਾਰ-ਵਾਰ ਦੇਖਣ ਜਾਂਦੀ ਐ।

“ਅੱਜ ਵਾਹਵਾ ਪਰਾਲੀ ਲਿਆਈ ਆ ਕਿਤੋਂ ਲੱਭ ਕੇ...।” ਭਲਾ ਛੋਟੀ ਨੂੰ ਕਾਹਦਾ ਚਾਅ ਹੈ?

“ਚਿੜੀ ਈ ਲਿਆਈ ਹੋਣੀ ਆ...। ਚਿੜਾ ਤਾਂ ਸਾਲਾ ਮੇਰੇ ਵਾਂਗ ਲੰਡਰ ਈ ਆ...।”

“ਤਾਵੀਂ ਉਹਨੇ ਵਿਆਹ ਤਾਂ ਕਰ ਲਿਆ... ਤੂੰ ਤਾਂ ਉਹ ਵੀ ਨਹੀਂ ਕਰਾਇਆ।” ਵੱਡੀ ਨੂੰ ਬਸ ਮੇਰੇ ਤੋਂ ਚਿੜ੍ਹ ਐ, ਮੈਸ ਨੂੰ ਵੇਖ ਕੇ ਇਹ ਸੜਦੀ ਐ। ਚੰਗੀ ਭਲੀ ਹੁੰਦੀ ਸੀ, ਕੀ ਮੈਂ ਇਹਦੇ ਵਿਆਹ ’ਚ ਰੋੜਾ ਬਣਦਾ ਆਂ? ਇਕ ਦਿਨ ਕਹਿੰਦੀ ਅਖੇ “ਅਗਲੇ ਸੋਚਦੇ ਨੇ ਇਹਦਾ ਭਰਾ ਤਾਂ ਕੁਝ ਕਰਦਾ ਨਹੀਂ...। ਤੂੰ ਪੈਸਾ ਨਾ ਦੇਣਾ ਹੋਊ ਨਾ ਦੇਵੀਂ ਪਰ ਕੁਝ ਕਰ ਤਾਂ ਸਹੀਂ...। ਅਗਲੇ ਕੁਝ ਦੇਖਦੇ ਵੀ ਆ...।” ਸਾਲੇ ਜੇ ਇਹ ਦੇਖਦੇ ਆ ਤਾਂ ਉਹਨਾਂ ਦੇ ਅਸੀਂ ਕੁੜੀ ਜ਼ਰੂਰ ਦੇਣੀ ਆ। ਸਾਨੂੰ ਕੀ ਲੋੜ। ਵਿਆਹ ਹੋਜੂ ਕੁੜੀ, ਜਿਹੜੇ ਕੰਜਰ ਦੇਖਣ ਆਏ ਈ ਭਰਾ ਦਾ ਸਟੇਟਸ ਵੇਖਦੇ ਆ ਉਹ ਬਾਅਦ ’ਚ ਕੀ ਕਰਨਗੇ? ਭੁੱਖੇ ਸਾਲੇ ਕਿਸੇ ਥਾਂ ਦੇ। ਵੱਡੀ ਨੂੰ ਮੇਰੀ ਮਜਬੂਰੀ ਸਮਝਣੀ ਚਾਹੀਦੀ ਆ। ਇਹਨਾਂ ਦਾ ਕੀ ਖਿਆਲ ਆ ਮੈਂ ਘਰ ਬਾਰੇ ਸੋਚਦਾ ਈ ਨਹੀਂ। ਪਰ ਮੈਂ ਆਪਣੇ ਦਿਲ ਦੀ ਗੱਲ ਵੀ ਤਾਂ ਇਹਨਾਂ ਨੂੰ ਨਹੀਂ ਦੱਸਦਾ, ਜੇ ਦੱਸ ਵੀ ਦਿਆਂ ਤਾਂ ਇਹ ਹੋਰ ਦੁਖੀ ਈ ਹੋਣਗੀਆਂ। ਮਾਂ ਸਮਝਦੀ ਐ ਮੇਰੇ ਦਰਦ ਨੂੰ ...। ਪਰ ਮੈਂ ਉਹਨੂੰ ਵੀ ਕਿੰਨਾ ਕੁ ਦੁਖੀ ਕਰੀ ਜਾਂਵਾਂ। ਮੇਰੀ ਹੁਣ ਉਮਰ ਉਹਦਾ ਦਰਦ ਵੰਡਾਉਣ ਦੀ ਐ, ਪਰ ਮੈਂ ਕਰ ਵੀ ਕੀ ਸਕਦਾਂ?

“ਅੱਜ ਤਾਂ ਮਾਂ ਨੇ ਵੀ ਕੱਖ-ਕੁੱਖ ਹੂੰਝ ਦਿੱਤੇ?”

“ਚਿੜੀਆਂ ਨੂੰ ਤਾਂ ਨਹੀਂ ਕਿਹਾ ਕੁਝ...?”

“ਨਹੀਂ ਉਹਨੂੰ ਵੀ ਚੰਗੀਆਂ ਲੱਗਦੀਆਂ ਨੇ?”

“ਤੈਨੂੰ ਕਿਵੇਂ ਪਤੈ...?”

“ਆਪਣੀ ਮਾਂ ਦਾ ਤਾਂ ਚਿਹਰਾ ਈ ਇਹੋ-ਜਿਹੈ, ਜੋ ਕੁਝ ਮਰਜ਼ੀ ਪੜ੍ਹ ਲਵੋ।”

“ਤੂੰ ਧਿਆਨ ਰੱਖਿਆ ਫੇਰ...।”

“ਹੋਰ ਕੀ, ਮੈਂ ਦੇਖ ਔਹ ਦਾਣੇ ਰੱਖ ਤੇ ਆ ਪਰ੍ਹਾਂ... ਬਈ ਇਹ ਵਿਚਾਰੀ ਪਤਾ ਨਹੀਂ ਕਿੱਥੇ-ਕਿੱਥੇ ਫਿਰਦੀ ਹੋਣੀ ਆ, ਇਥੋਂ ਵੀ ਖਾ ਖੂ ਲਿਆ ਕਰੂ...।”

‘ ‘ਫੇਰ ਆਈ ਇੱਥੇ...।”

“ਹੋਰ ਕੀ... ਪਰ ਥੋੜ੍ਹੇ ਈ ਖਾਧੇ...।”

‘ ‘ਚਲੋ ਕੋਈ ਨੀ ਹੌਲੀ-ਹੌਲੀ ਗਿੱਝ ਜਾਊ ...।” ਪਰ ਲੱਗਦੈ ਉਹਨੇ ਗਿੱਝਣਾ ਨਹੀਂ, ਭਲਾ ਜਿਹੜੀ ਚੀਜ਼ ਉਹਨਾਂ ਖੇਤਾਂ ’ਚੋਂ ਲੱਭਣੀ ਆ, ਉਹ ਇਥੋਂ ਕਿੱਥੇ ਮਿਲਦੀ ਇਹਨਾਂ ਨੂੰ ...। ਉਥੇ ਆਪਣੀ ਮਰਜ਼ੀ ਨਾਲ ਕਦੇ-ਏਧਰ ਉਡਾਰੀ ਮਾਰ ਲਈ ਕਦੇ ਉਧਰ... ਚੁਗੀ ਜਾਓ। ਸਾਰਾ ਜਹਾਨ ਤੁਹਾਡਾ...। ਕੋਈ ਬੰਧਸ਼ ਨਹੀਂ। ਘਰ ’ਚ ਰਹਿੰਦੇ ਵੀ ਜੌਨਰ ਬਿਮਾਰੀ ਦਾ ਖੌ ਈ ਬਣਦੇ। ਪਰ ਚਿੜੀਆਂ ਤਾਂ ਹਮੇਸ਼ਾਂ ਘਰ ’ਚ ਈ ਆਲ੍ਹਣੇ ਪਾਉਂਦੀਆਂ ਨੇ, ਇਹ ਪਤਾ ਨਹੀਂ ਬੰਦਿਆਂ ਨਾਲ ਕਿਉਂ ਏਨਾ ਘੁਲ-ਮਿਲ ਕੇ ਰਹਿਣਾ ਚਾਹੁੰਦੀਆਂ ਨੇ! ਬਾਕੀ ਜਨੌਰ ਅਜੇ ਦੂਰ ਰਹਿੰਦੇ ਆ! ਕਈ ਚਿੜੀਆਂ ਤਾਂ ਤੁਹਾਡੇ ਮੋਢਿਆਂ ’ਤੇ ਆ ਕੇ ਬਹਿ ਜਾਂਦੀਆਂ ਨੇ...।

“ਦੇਖੀਏ ਫੇਰ...।”

“ਚੱਲ ਦੇਖੀਏ।”

“ਇਹ ਅੱਜ ਪਰਾਲੀ ਲਈ ਆਉਂਦੀ ਆ, ਪਤਾ ਨਹੀਂ ਕਿੱਥੋਂ ਲਿਆਉਂਦੀ ਆ...।”



“ਆਹੋ ਆਪਣੇ ਲਾਗੇ ਤਾਂ ਕਿਤੇ ਨਹੀਂ, ਨਾਲੇ ਪਰਾਲੀ ਦਾ ਮੌਸਮ ਵੀ ਨਹੀਂ, ਤਾਂ ਇਹ ਕਿੱਥੋਂ ਲਈ ਆਉਂਦੀ ਆ...?”

“ਆਹੋ, ਆਹ ਤਾਂ ਮੈਂ ਸੋਚਿਆ ਈ ਨਹੀਂ। ਭਲਾ ਪਰਾਲੀ ਦਾ ਮੌਸਮ ਤਾਂ ਕਦੋਂ ਦਾ ਲੰਘ ਗਿਆ, ਫੇਰ ਇਹ ਕਿਥੋਂ...।”

“ਬਈ ਅਗਲੇ ਦੀ ਮਿਹਨਤ ਆ...।”

“ਨਾਲੇ ਕੁੜੀਆਂ-ਚਿੜੀਆਂ ਇਹੋ ਜਿਹੇ ਹੈਰਾਨ ਕਰਨ ਵਾਲੇ ਕੰਮ ਈ ਕਰਦੀਆਂ ਹੁੰਦੀਆਂ।”

“ਆਹੋ! ਮੈਂ ਤੈਨੂੰ ਉਸ ਲੇਖਕ ਦੀ ਕਵਿਤਾ ਸੁਣਾਵਾਂ ਕੁੜੀਆਂ ਬਾਰੇ...?”

“ਸੁਣਾ...।”

“ਸੁਣ... ਉਹ ਜਾਣਦੀਆਂ ਹਨ<br>
ਕੁੜੇਲੀ ਇੱਕ ਸੱਪਣੀ ਦਾ ਨਾਂ ਏ<br>
ਸੱਭ ਤੋਂ ਵੱਧ ਜ਼ਹਿਰ ਵਾਲੀ ਸੱਪਣੀ<br>
ਫਿਰ ਵੀ ਇਹ ਉਹਨਾਂ ਦੇ ਪਿੰਡ ਦਾ ਨਾਂ ਏ ਤੇ ਉਹ ਕਾਲਾ ਪਹਿਨਦੀਆਂ ਹਨ। ਉਹ ਜਾਣਦੀਆਂ ਹਨ...।”

“ਬੰਦਾ ਤਾਂ ਤੂੰ ਸਿਆਣੈ ... ਪਰ ਰੱਬ ਨੇ ਤੇਰਾ ਬਹੁਤਾ ਸਾਥ ਨਹੀਂ ਦਿੱਤਾ...।” ਛੋਟੀ ਦੀ ਮਜ਼ਾਕ ਕਰਨ ਦੀ ਆਦਤ ਬੜੀ ਭੈੜੀ ਐ। ਪਰ ਮੈਨੂੰ ਚੰਗੀ ਲੱਗਦੀ ਐ। ਇਹ ਕਦੇ ਉਦਾਸ ਨਹੀਂ ਲੱਗੀ ਮੈਨੂੰ। ਪਰ ਕਦੇ ਤਾਂ ਉਦਾਸ ਹੁੰਦੀ ਈ ਹੋਵੇਗੀ, ਜਦੋਂ ਇਕੱਲੀ ਹੁੰਦੀ ਹੋਣੀ ਆ ਉਦੋਂ ਉਦਾਸ ਹੁੰਦੀ ਹੋਊ! ਪਰ ਇਕੱਲ ਤਾਂ ਬਾਹਲਾ ਹੀ ਖਤਰਨਾਕ ਹੁੰਦੈ। ਪਰ ਕੀ ਪਤਾ ਨਾ ਉਦਾਸ ਹੁੰਦੀ ਹੋਵੇ। ਪਰ ਜੇ ਇਹ ਚਿੜੀ ਨੂੰ ਵੇਖ ਕੇ ਖੁਸ਼ ਹੁੰਦੀ ਆ ਤਾਂ ਉਦਾਸ ਵੀ ਹੁੰਦੀ ਹੋਊ। ਪਰ ਕੀ ਕੀਤਾ ਜਾ ਸਕਦੈ, ਨੌਕਰੀ ਦਾ ਨਾ...।

“ਯਾਰ ਆਹ ਹੁਣ ਕਦੋਂ ਦੀ ਇਹ ਆਈ ਈ ਨਹੀਂ...।” ਹੁਣ ਲਗਦੈ ਕਿ ਉਹਦੀ ਤੱਕਣੀ ਉਦਾਸ ਐ। ਪਰ ਲੱਗਦਾ ਈ ਐ, ਮੇਰੇ ਮਨ ਦੀ ਗਲਤੀ ਹੋ ਸਕਦੀ ਐ। ਛੋਟੀ ਦੀਆਂ ਅੱਖਾਂ ’ਚ ਤਾਂ ਚਮਕ ਲੱਗਦੀ ਐ, ਪਰ ਅਵਾਜ਼ ’ਚ ਉਦਾਸੀ ਝਲਕੀ ਆ।

“ਕਿਉਂ ਤੂੰ ਉਹਦੇ ਬਿਨਾਂ ਉਦਾਸ ਹੋ ਗਈ?”

“ਨਹੀਂ... ਪਰ ਉਹਦੇ ਨਿੱਕੇ-ਨਿੱਕੇ ਕੰਮ ਮੈਨੂੰ ਬਾਹਲੇ ਪਸੰਦ ਆ...। ਉਹਦੀਆਂ ਨਿੱਕੀਆਂ-ਨਿੱਕੀਆਂ ਅੱਖਾਂ, ਲੱਤਾਂ, ਚੁੰਜ...। ਭੱਜੀ ਫਿਰਦੀ ਆ, ਚਿੜੇ ਨੂੰ ਕੁਝ ਕਹਿੰਦੀ ਵੀ ਆ, ਪਰ ਬਾਹਲਾ ਕਾਹਲੀ ਵਿੱਚ...। ਲੜਨ ਵਰਗਾ ਨਹੀਂ ਹੁੰਦਾ, ਤੇਜ ਹੁੰਦਾ ਆ... ਪਤਾ ਨਹੀਂ ਕੀ ਕਹਿੰਦੀ ਹੋਊ...।”

“ਕਹਿੰਦੀ ਹੋਊ ਕਮਲਿਆ ਤੂੰ ਵੀ ਕੁਝ ਕਰ ਲੈ, ਛੋਟੀ ਦੇਖੀ ਜਾਂਦੀ ਆ ਮਾਂ ਕੋਲ ਸ਼ਿਕਾਇਤ ਲਾ ਦੂ...।”

“ਆਹੋ, ਤੁਹਾਨੂੰ ਹੋਰ ਕੋਈ ਕੰਮ ਨੀ... ਜਾਹ ਨੀ ਮਰ ਲਾ ਰੋਟੀ ਵੀ ਲਾਹੁਣੀ ਆ...।” ਵੱਡੀ ਦਾ ਪਾਰਾ ਨੀ ਡਿੱਗਦਾ ਹੇਠਾਂ।

“ਓ ਤੂੰ ਕਾਨੂੰ ਸਾਡੇ ਨਾਲ ਲੜੀ ਜਾਨੀ ਐਂ...। ਬਸ ਐਵੇਂ ਸੜੀ ਰਹੂ...। ਤੇਰਾ ਵਿਆਹ ਨਹੀਂ ਹੁੰਦਾ ਤਾਂ ਸਾਡਾ ਕਸੂਰ ਆ...।”

“ ...।” ਲੈ ਕੁਝ ਨਹੀਂ ਬੋਲੀ, ਚੁੱਪ ਰਹਿਣਾ ਵੀ ਬਾਹਲਾ ਖਤਰਨਾਕ ਹੁੰਦੈ, ਬੰਦੇ ਦੇ ਦਿਮਾਗ ਦੀ ਨਾੜੀ ਫਟ ਸਕਦੀ ਆ ਸੋਚ-ਸੋਚ ਕੇ। ਬਸ ਆਪਣੇ ਮਨ ਦਾ ਗੁਭ-ਗੁਭਾਟ ਬਾਹਰ ਕੱਢ ਦੇਣਾ ਚਾਹੀਦਾ। ਵੱਡੀ ਪਤਾ ਨਹੀਂ ਕਿਉਂ ਕਦੇ ਨਹੀਂ ਖੋਲ੍ਹਦੀ ਆਪਣੇ ਦਿਲ ਦੀ ਘੁੰਡੀ। ਪਰ ਅਸੀਂ ਕਿਹੜਾ ਖੋਲ੍ਹਦੇ ਆਂ, ਐਵੇਂ ਜੱਭਲੀਆਂ ਮਾਰੀ ਜਾਣਾ ਤਾਂ ਦਿਲ ਦੀਆਂ ਮਰੋੜੀਆਂ ਖੋਲ੍ਹਣਾ ਨਹੀਂ ਹੁੰਦਾ।

## ੧੭

“ਤੂੰ ਆਇਆ ਨਹੀਂ ਬਈ ਦੋ ਦਿਨ ਮਿੱਤਰਾ...।” ਲੱਗਦੈ ਅਲੀ ਬਾਹਲਾ ਈ ਸੀਰੀਅਸ ਆ। ਕਮਾਲ ਐ। ਚਲੋ ਵਧੀਆ ਗੱਲ ਆ ਇਹਦਾ ਧਿਆਨ ਏਸ ਪਾਸੇ ਲੱਗਾ।

“ਯਾਰ ਮੈਂ ਮਾਂ ਦੀ ਪੈਨਸ਼ਨ ਬਾਰੇ ਚੰਡੀਗੜ੍ਹ ਗਿਆ ਸੀ। ਯਾਰ ਕਾਹਦਾ ਐ ਏਹ ਦੇਸ਼। ਸਾਲਿਆਂ ਅਜੇ ਤੱਕ

ਰਿਪੋਰਟ ਨੀ ਤਿਆਰ ਕੀਤੀ। ਕਦੇ ਕੋਈ ਸਰਟੀਫਿਕੇਟ ਲੈ ਆਵੋ, ਕਦੇ ਕੋਈ। ਕੱਲ੍ਹ ਪਤਾ ਕੀ ਹੋਇਆ ਮੈਂ ਉਥੇ ਜਾ ਕੇ ਬਾਹਲਾ ਈ ਗਰਮ ਹੋ ਗਿਆ। ਮੈਡਮ ਕਹਿੰਦੀ ਓਧਰ ਅਫਸਰ ਨੂੰ ਜਾ ਕੇ ਮਿਲੋ। ਮੈਂ ਉਹਦੇ ਕੋਲ ਚਲਿਆ ਗਿਆ। ਪਾਰਾ ਆਪਣਾ ਚੜ੍ਹਿਆ ਹੋਇਆ। ਯਾਰ ਪਤਾ ਨਹੀਂ ਮੈਨੂੰ ਕੀ ਹੋਇਆ, ਮੈਂ ਉਹਨੂੰ ਉੱਚੀ-ਉੱਚੀ ਕਹਿਣ ਲੱਗ ਪਿਆ ਬਈ ਲੈ ਤੂੰ ਰਿਸ਼ਵਤ ਮੇਰੇ ਕੋਲੋਂ। ਬੋਲ ਤੈਨੂੰ ਕਿੰਨੇ ਪੈਸੇ ਦਿਆਂ। ਬੋਲ! ਉਹ ਕਹੇ ਕਾਕਾ ਕੀ ਹੋਇਆ ਤੈਨੂੰ, ਮੈਂ ਕਹਾਂ ਨਹੀਂ ਤੂੰ ਰਿਸ਼ਵਤ ਲੈ। ਫੇਰ ਮੈਂ ਡਾਹਢਾਂ ਮਾਰ ਕੇ ਰੋਣ ਲੱਗ ਪਿਆ। ਯਾਰ ਪਤਾ ਨਹੀਂ ਕੀ ਹੋਇਆ ਮੈਨੂੰ? ਫੇਰ ਕਹਿੰਦੇ ਨੇ ਅਖੇ ਇਹ ਪੀੜ੍ਹੀ ਫਰਸਟ੍ਰੇਟ ਆ। ਯਾਰ ਫਰਸਟ੍ਰੇਟ ਨਾ ਹੋਵੇ ਤਾਂ ਹੋਰ ਕੀ ਹੋਵੇ? ਕੀ ਦਿਸਦਾ ਹੈ ਜਿਹਦੀ ਖਾਤਰ ਲੜੇ, ਭਵਿੱਖ ਕੀ ਐ ਇਸ ਪੀੜ੍ਹੀ ਦਾ। ਬਸ ਇਹੀ ਬਈ ਆਪਣੇ ਖੋਲ 'ਚ ਵੜੀ ਜਾਵੋ? ਸਾਰੇ ਆਪੋ ਆਪਣੇ ਖੋਲ 'ਚ ਵੜੇ ਹੋਏ ਨੇ, ਕਿਸੇ ਨੂੰ ਦੂਜੇ ਨਾਲ ਕੋਈ ਵਾਸਤਾ ਨਹੀਂ। ਬਸ ਉਹਨਾਂ ਦਾ ਪੈਸੇ ਕਮਾਉਣ ਤੋਂ ਛੁੱਟ ਹੋਰ ਕੋਈ ਏਮ ਨਹੀਂ। ਪੈਸਾ ਉਹ ਚਾਹੇ ਮਰਡਰ ਕਰਕੇ ਕਮਾਉਣ...। ਬਸ ਉਹ ਰੋਬਟ ਬਣ ਗਏ ਨੇ।"

"ਇਹਨਾਂ ਨੂੰ ਸਮਾਂ ਈ ਬਣਾ ਰਿਹਾ ਇਹੋ ਜਿਹੇ।"

"ਅਲੀ ਤੇਰੀ ਗੱਲ ਨਾਲ ਮੈਂ ਸਹਿਮਤ ਆਂ, ਪਰ ਅਜੇ ਤੂੰ ਏਸ ਸਮੇਂ ਦਾ ਕੀ ਰੂਪ ਦੇਖਿਆ। ਅਜੇ ਤਾਂ ਤੂੰ ਦੇਖੀਂ, ਤੂੰ ਪੜ੍ਹਿਐ ਨਾ ਬਈ ਜਦੋਂ ਬੰਦੇ ਨੇ ਆਪਣੀ ਪੂਛ ਦੀ ਵਰਤੋਂ ਛੱਡ ਦਿੱਤੀ ਤਾਂ ਉਸਦੀ ਪੂਛ ਅਲੋਪ ਹੋ ਗਈ। ਹੁਣ ਬੰਦੇ ਦਾ ਦਿਲ ਅਲੋਪ ਜਾਣੈ, ਕੋਈ ਜਜ਼ਬਾਤ ਨਹੀਂ। ਬਸ ਰੋਬਟ ਦੀ ਤਰ੍ਹਾਂ ਕੰਮ ਕਰੋ।"

"ਯਾਰ ਇਹ ਤਾਂ ਹੁਣੇ ਈ ਹੋ ਗਿਆ ਆਹ ਦੇਖਿਆ ਨਹੀਂ ਚੰਗੇ ਭਲੇ ਮੁੰਡੇ ਡੋਰ-ਟੂ-ਡੋਰ ਜਾਂਦੇ ਨੇ। ਉਹਨਾਂ ਟਾਈ ਲਾਈ ਹੁੰਦੀ ਆ, ਸਾਲੀ ਏਡੀ ਗਰਮੀ 'ਚ ਟਾਈ...। ਉਹੀ ਡਰੈੱਸ...। ਕੁੜੀਆਂ ਵੀ ਉਹਨਾਂ ਦੇ ਇਸ਼ਾਰਿਆਂ 'ਤੇ ਚੱਲਦੀਆਂ ਨੇ। ਕੋਈ ਕਰੀਏਸ਼ਨ ਨਹੀਂ, ਬਸ ਉਹਨਾਂ ਨੂੰ ਤਾਂ ਪ੍ਰੋਡਕਟ ਚਾਹੀਦੇ ਨੇ। ਫੇਰ ਜਦੋਂ ਬੰਦੇ ਦੀ ਕਰੀਏਟਿਵਟੀ ਈ ਖਤਮ ਹੋ ਜਾਣੀ ਐ ਤਾਂ ਉਹਦੀ ਮੌਤ ਕਿਹੜੀ ਪਿੱਛੇ ਰਹਿ ਜਾਂਦੀ ਐ...? ਤੁਹਾਨੂੰ ਮਜ਼ੇ ਦੀ ਗੱਲ ਦੱਸਦਾਂ, ਉਥੋਂ ਮੈਂ ਫਿਰ ਸੁਖਮਣਾ ਝੀਲ ਕੰਢੇ ਚਲਿਆ ਗਿਆ। ਉਥੇ ਪਰ੍ਹਾਂ ਜਿਹੇ ਜਾ ਕੇ ਪਾਣੀ ਦੇ ਕੰਢੇ ਬਹਿ ਗਿਆ। ਮੇਰੀ ਨਿਗਾਹ ਆਪਣੇ ਖੋਲ 'ਚ ਵੜੇ ਘੋਗਿਆ 'ਤੇ ਈ ਟਿਕੀ ਰਹੀ। ਮੈਨੂੰ ਉਹ ਆਪਣਾ ਆਪ ਲੱਗੇ। ਬਾਹਰ ਤੁਰਦੇ ਫਿਰਦੇ ਸਾਰੇ ਬੰਦੇ ਮੁਰਦੇ ਲੱਗਣ...। ਮੈਂ ਦੋ ਤਿੰਨ ਵਾਰ ਝਟਕਿਆ ਆਪਣੇ ਆਪ ਨੂੰ...। ਪਰ ਪਤਾ ਨਹੀਂ ਮਨ 'ਚ ਕੀ ਸੀ। ਬਸ ਘੋਗੇ, ਮੁਰਦੇ-ਮੁਰਦੇ, ਘੋਗੇ। ਸਾਰੀ ਰਾਤ ਮੇਰੇ ਖਿਆਲਾਂ 'ਚ ਇਹੀ ਰਹੇ? ਮੈਂ ਕੱਲ੍ਹ ਬਹੁਤ ਇਕੱਲਤਾ ਮਹਿਸੂਸ ਕੀਤੀ-ਬਾਹਲਾ ਈ ਇਕੱਲਾ...?"

"ਇਕੱਲਤਾ ਮਹਿਸੂਸ ਹੋਵੇ ਵੀ ਕਿਵੇਂ ਨਾ। ਯਾਰ ਇਸ ਸਿਸਟਮ ਦੀ ਦੇਣ ਈ ਇਹ ਹੈ। ਹਰ ਮਨੁੱਖ ਨੂੰ ਇਹੋ ਜਿਹਾ ਮਿਜ਼ਾਜ ਦਿਓ ਕਿ ਉਹ ਆਪਣੇ ਖੋਲ ਅੰਦਰ ਚਲਿਆ ਜਾਵੇ। ਦੂਜਿਆਂ ਤੋਂ ਬੇਖਬਰ...। ਘੋਗਿਆਂ ਵਾਂਗ। ਬਸ ਉਹਨਾਂ ਮਨੁੱਖਾਂ ਨੂੰ ਇਕੱਲੇ ਕਰਨਾ ਐ। ਇਕੱਲੇ 'ਤੇ ਰਾਜ ਕਰਨਾ ਬਾਹਲਾ ਸੌਖੈ...। ਗੁਲਾਮ ਈ ਗੁਲਾਮ ਹੋਣਗੇ...।"

ਗੁਲਾਮ ਈ ਗੁਲਾਮ ਜਾਂ ਮੁਰਦੇ ਈ ਮੁਰਦੇ? 'ਫਰੀਦਾ ਬਾਰ ਪਰਾਏ ਬੈਸਣਾ ਸਾਈਂ ਮੁਝੇ ਨਾ ਦੇਹ, ਜੇ ਤੂੰ ਏਵੇਂ ਰੱਖਸੀ ਤਾ ਜਿਉ ਸਰੀਰੋ ਲੇਹੁ...।" ਮਰਨਾ ਚੰਗਾ ਗੁਲਾਮੀ ਨਾਲੋਂ ਤਾਂ। ਪਰ ਜਦੋਂ ਬੰਦੇ 'ਚ ਦਿਲ ਵੀ ਨਹੀਂ ਹੋਣਾ ਫੇਰ ਉਹ ਅਜ਼ਾਦੀ ਤੇ ਗੁਲਾਮੀ ਬਾਰੇ ਕਿਵੇਂ ਸੋਚੂ? ਉਹ ਤਾਂ ਬਸ ਕੰਮ ਕਰਿਆ ਕਰੂ। ਉਹਨਾਂ ਨੂੰ ਪ੍ਰੋਡਕਟ ਚਾਹੀਦਾ ਹੋਊ। ਇਹ ਪ੍ਰੋਡਕਟ ਹੋਵੇਗਾ। ਕੰਪਨੀਆਂ ਇਹਨੂੰ ਮਸ਼ੀਨ ਦੀ ਤਰ੍ਹਾਂ ਵਰਤਣਗੀਆਂ। ਲੋੜ ਮੁਤਾਬਿਕ ਗਰੀਸ ਕਰ ਲਈ। ਜਦੋਂ ਉਹਨਾਂ ਨੂੰ ਲੱਗਿਆ ਇਹਨੂੰ ਸੈਕਸ ਦੀ ਲੋੜ ਐ, ਪਰ ਰੋਬਟ ਨੂੰ ਸੈਕਸ ਦੀ ਲੋੜ ਕਿਥੋਂ ਮਹਿਸੂਸ ਹੋਊ? ਉਹ ਤਾਂ ਰਿਮੋਟ ਕੰਟਰੋਲ ਨਾਲ ਚੱਲੂ...।

"ਆਹ ਦੇਖ ਤਾਂ ਹੁਣੇ ਤੋਂ ਈ ਇਹਨਾਂ ਬੰਦੇ ਨੂੰ ਰਿਮੋਟ ਕੰਟਰੋਲ ਨਾਲ ਚਲਾਉਣਾ ਸ਼ੁਰੂ ਕਰ ਦਿੱਤੈ...। ਆਹ ਸੇਲਜ਼ ਮੈਨ ਨੇ ਜਿਹੜੇ ਮੁੰਡੇ...। ਉਹਨਾਂ ਦੇ ਲੱਕ ਨਾਲ ਸਿਸਟਮ ਬੱਝੇ ਹੋਏ ਨੇ...। ਉਹਨਾਂ ਦਾ ਰਿਮੋਟ ਕੰਪਨੀ ਕੋਲ ਐ, ਜਦੋਂ ਚਿੱਤ ਕਰਦੈ ਉਹਨਾਂ ਨੂੰ ਬੁਲਾ ਲੈਂਦੇ ਨੇ। ਉਹ ਭਾਵੇਂ ਇਹਨਾਂ ਤੋਂ ਚਾਲੀ ਕਿਲੋਮੀਟਰ ਦੂਰ ਹੋਣ...।"

"ਤਾਂ ਹੋਰ ਕੀ... ਇਹ ਤਾਂ ਅਜੇ ਦੇਖਿਓ ਬਈ ਕੀ-ਕੀ ਰੰਗ ਦਿਖਾਏ ਮਾਟੀ। ਪਰ ਹੁਣ ਜਦ



ਕੋਈ ਨੁਕਤਾ ਈ ਨਜ਼ਰ ਨਹੀਂ ਆ ਰਿਹਾ। ਕੋਈ ਆਦਰਸ਼ ਨਹੀਂ। ਕੋਈ ਭਵਿੱਖ ਨਹੀਂ ਤਾਂ ਕੀਤਾ ਵੀ ਕੀ ਜਾ ਸਕਦੈ?"

"ਯਾਰ ਇੰਝ ਤਾਂ ਨਾ ਕਹਿ। ਭਾਵੇਂ ਕੁਝ ਵੀ ਨਹੀਂ, ਪਰ ਥੋੜ੍ਹੀ ਬਹੁਤ ਤੇ ਜ਼ਿਹਨ ਮੈਂ ਨਾਰਾਜ਼ਗੀ ਰਹੇ...!"

## ੧੮

"ਯਾਰ ਰਿਹਸਲ ਤੋਂ ਪਹਿਲਾਂ ਮੇਰੀ ਇੱਕ ਗੱਲ ਸੁਣੋ...। ਬਾਹਲੀ ਮਜ਼ੇ ਆਲੀ ਆ। ਮੈਂ ਕੱਲ ਦਾ ਇਹ ਦੋਏ ਗੱਲਾਂ ਆਪਣੇ ਦਿਲ 'ਚ ਚੁੱਕੀ ਫਿਰਦਾਂ ਤੁਹਾਨੂੰ ਦੱਸਣ ਖਾਤਰ...।"

"ਤਾਂ ਦੱਸ ਲੈ...।"

"ਕੱਲ ਨਾ ਸ਼ਾਮ ਕੁ ਜਿਹੀ ਨੂੰ ਮੇਰਾ ਦਿਲ ਤੇਜ਼-ਤੇਜ਼ ਧੜਕਿਆ ਤੇ ਫੇਰ ਮੈਨੂੰ ਪਸੀਨਾ ਆ ਗਿਆ। ਏਦਾਂ ਮੇਰੇ ਨਾਲ ਪਹਿਲਾਂ ਵੀ ਹੋ ਚੁੱਕਿਆ ਦੋ ਕੁ ਵਾਰ...। ਕੱਲ੍ਹ ਮੈਨੂੰ ਬਾਹਲਾ ਮਹਿਸੂਸ ਹੋਇਆ। ਮੈਂ ਸੋਚਿਆ ਕਿ ਬਿਮਾਰੀ ਖਤਰਨਾਕ ਈ ਲੱਗਦੀ ਐ, ਡਾਕਟਰ ਕੋਲ ਜਾਣਾ ਚਾਹੀਦਾ। ਮੈਂ ਆਪਣੇ ਇੱਕ ਦੋਸਤ ਡਾਕਟਰ ਕੋਲ੍ਹ ਹਸਪਤਾਲ ਚਲਿਆ ਗਿਆ। ਉਹਨੂੰ ਜਾ ਕੇ ਆਪਣੀ ਹਾਲਤ ਦੱਸੀ। ਸਾਰੇ ਟੈਸਟ ਵਗੈਰਾ ਹੋਏ। ਮਗਰੋਂ ਉਹ ਕਹਿੰਦਾ ਪਈ ਇਹਦੇ ਤਿੰਨ ਕਾਰਣ ਹੁੰਦੇ ਆ। ਇੱਕ ਤਾਂ ਸ਼ਰਾਬ ਜਾਂ ਸਮੋਕਿੰਗ, ਦੂਜਾ ਸੋਚਣਾ ਤੇ ਤੀਜਾ ਦਿਮਾਗੀ ਪ੍ਰੇਸ਼ਾਨੀ...। ਤੁਹਾਨੂੰ ਇਹਨਾਂ ਤਿੰਨਾਂ 'ਚੋਂ...। ਮੈਂ ਪੈਂਦੀ ਸੱਟੇ ਉਹਦੀ ਗੱਲ ਟੋਕ ਕੇ ਕਿਹਾ, ਯਾਰ ਪੀਂਦਾ ਪੂੰਦਾ ਤਾਂ ਮੈਂ ਬਾਹਲੀ ਨਹੀਂ, ਹੋਇਆ ਕਦੇ-ਕਦੇ। ਸਮੋਕਿੰਗ ਵੀ ਲਗਾਤਾਰ ਨਹੀਂ। ਆਹ ਪਿਛਲੇ ਦੋ ਕੁ ਮਹੀਨਿਆਂ ਤੋਂ ਈ ਲਗਾਤਾਰ ਹੋਇਆ ਆਂ। ਹਾਂ ਸੋਚ-ਸੋਚ ਕੇ ਪ੍ਰੇਸ਼ਾਨ ਕਈ ਵਾਰ ਜ਼ਰੂਰ ਹੋ ਜਾਂਦਾ ਆਂ...। ਤਾਂ ਉਹ ਕਹਿੰਦਾ ਕੀ ਸੋਚਦੇ ਹੋ? ਮੈਂ ਕਿਹਾ ਜਿਵੇਂ ਆਹ ਪਿਛਲੇ ਦਿਨਾਂ 'ਚ ਚਿੜੀਆਂ ਨੇ ਸਾਡੇ ਘਰ ਆਲ੍ਹਣਾ ਪਾਇਆ। ਸਾਡੇ ਸਾਰੇ ਟੱਬਰ ਦੀ ਰੁਚੀ ਇਹਦੇ 'ਚ ਸੀ। ਅਸੀਂ ਸਾਰੇ ਉਹਨਾਂ ਦੇ ਨਿੱਕੇ-ਨਿੱਕੇ ਕੰਮ ਦੇਖਦੇ। ਉਹ ਕਿਵੇਂ ਪਰਾਲੀ ਲੈ-ਲੈ ਆਉਂਦੇ ਆ। ਖਵਰੇ ਕਿੱਥੋਂ ਲਿਆਉਂਦੇ ਹੋਣਗੇ। ਸਾਡੇ ਬਿਮਾਰ ਜਿਹੇ ਪਏ ਘਰ 'ਚ ਜਿਵੇਂ ਕੁਝ ਧੜਕਣ ਲੱਗ ਪਿਆ ਸੀ। ਸਾਡੀ ਮਾਂ ਵੀ ਖੁਸ਼ ਸੀ। ਉਹ ਵੀ ਜਿੰਨਾ ਕੱਖਾਂ ਦਾ ਗੰਦ ਪੈ ਜਾਂਦਾ, ਵਗੈਰ ਮੱਥੇ ਤਿਊੜੀ ਪਾਇਆਂ ਹੂੰਝ ਦਿੰਦੀ। ਛੋਟੀ ਭੱਜੀ ਫਿਰਦੀ, ਬਾਹਲੀ ਰੌਣਕ-ਰੌਣਕ ਲੱਗਦੀ ਸੀ। ਫੇਰ ਇੱਕ ਦਿਨ ਸਾਡੀ ਮਾਸੀ ਆ ਗਈ। ਉਹਦਾ ਦਿਮਾਗ ਕੁਝ ਖਰਾਬ ਐ। ਉਹਨੇ ਗੰਦ ਪੈਂਦਾ ਦੇਖ ਕੇ ਉਹ ਆਲ੍ਹਣਾ ਲਾਹ ਮਾਰਿਆ। ਮੈਂ ਦੋ-ਤਿੰਨ ਦਿਨ ਉਸੇ ਆਲ੍ਹਣੇ ਬਾਰੇ ਸੋਚਦਾ ਰਿਹਾ। ਬਈ ਉਹ ਹੁਣ ਚਿੜੀਆਂ ਕੀ ਸੋਚਣਗੀਆਂ। ਜੇ ਮੰਨ ਲਉ ਅਸੀਂ ਘਰੋਂ ਕਮਾਈ ਕਰਨ ਗਏ ਹੋਈਏ ਤੇ ਆਉਂਦਿਆਂ ਨੂੰ ਸਾਡਾ ਘਰ ਢਾਹ ਦਿੱਤਾ ਗਿਆ ਹੋਵੇ ਤਾਂ ਤੁਹਾਡੇ ਦਿਲ 'ਤੇ ਕੀ ਬੀਤੂ...? ਬਸ ਇਹੀ ਸੋਚ ਕੇ ਮੈਂ ਪ੍ਰੇਸ਼ਾਨ ਹੋ ਗਿਆ। ਤਾਂ ਡਾਕਟਰ ਪਤਾ ਕੀ ਕਹਿੰਦਾ 'ਅਰੇ ਯਾਰ ਤੂੰ ਤੋ ਐਡਮਿਟ ਹੋ ਜਾ। ਸੱਚ ਮੇ ਯਾਰ ਤੂੰ ਐਡਮਿਟ ਹੋ ਜਾ...।'

"ਸਾਲਿਆ ਜਦ ਕਮਲਿਆਂ ਵਾਂਗ ਉਹਦੇ ਨਾਲ ਗੱਲਾਂ ਕਰੇਂਗਾ ਤਾਂ ਅਗਲੇ ਇਹੀ ਕਹਿਣਗੇ।"

"ਨਹੀਂ ਮੈਂ ਸੋਚਦਾਂ ਇਹ ਬੰਦੇ ਸਾਲੇ ਕਾਹਦੇ ਆ। ਇਹ ਪ੍ਰੈਕਟੀਕਲ ਕਦੇ ਹੁੰਦੇ ਈ ਨਹੀਂ, ਬੱਸ ਥਿਊਰੈਟੀਕਲ...।"

"ਤੇ ਦੂਜੀ ਗੱਲ ਜਿਹੜੀ ਸੀ...?"

ਅਲੀ ਮੇਰੀਆਂ ਗੱਲਾਂ ਸੁਣਨ 'ਚ ਬਾਹਲੀ ਦਿਲਚਸਪੀ ਦਿਖਾਉਂਦੈ। ਵਿਚਾਰੇ ਦਾ ਇਹਦਾ ਹਾਲ ਵੀ ਮੇਰੀ ਤਰ੍ਹਾਂ ਈ ਐ। ਹੁੰਦਾ ਇਹਦੇ ਨਾਲ ਵੀ ਏਦਾਂ ਦੀ ਹੋਣੈ। ਹਾਂ ਇਹਨੇ ਹੁਣ ਰਤਾ ਅਧਿਆਤਮਵਾਦੀ ਹੋਣ ਦਾ ਮਖੌਟਾ ਪਾ ਕੇ ਆਪਣੀਆਂ ਫਰਸਟ੍ਰੇਸ਼ਨਜ਼ ਨੂੰ ਢੱਕ ਲਿਐ। ਸਗੋਂ ਇਹਦੀ ਹਾਲਤ ਤਾਂ ਮੇਰੇ ਨਾਲੋਂ ਵੀ ਭੈੜੀ ਹੋਣੀ ਆ...।

"ਉਹ ਇਹ ਹੋਇਆ ਪਈ ਕੱਲ੍ਹ, ਉਹਦੇ ਤੋਂ ਬਾਅਦ ਮੈਂ ਜਦੋਂ ਘਰ ਆਇਆ ਤਾਂ ਆਉਂਦਿਆਂ ਨੂੰ ਇੱਕ ਤਰਕਸ਼ੀਲਾਂ ਦਾ ਕੇਸ ਆਇਆ ਹੋਇਆ। ਉਹ ਜੋੜੀ ਬਾਹਲੀ ਸੋਹਣੀ ਉਪਰ ਬੈਠੀ ਚਾਹ ਪੀਣ ਲੱਗੀ ਹੋਈ। ਮੈਂ ਸੋਚਿਆ ਇਹ ਕਿਹੜੇ ਪ੍ਰਹੁਣੇ ਆ ਗਏ। ਬਾਅਦ 'ਚ ਛੋਟੀ ਨੇ ਦੱਸਿਆ ਪਈ ਤੈਨੂੰ ਈ

ਮਿਲਣ ਆਏ ਨੇ। ਤਰਕਸ਼ੀਲਾਂ ਵਾਲਾ ਕੋਈ ਕੰਮ ਹੋਣੈ। ਉਹਨਾਂ ਨੂੰ ਪੁੱਛਿਆ ਤਾਂ ਉਹਨਾਂ ਚਿਹਰਿਆਂ ਦੇ ਹੇਠਾਂ ਯਾਰ ਕਿੰਨੇ ਜ਼ਖਮ ਸੀ! ਉਹ ਕੁੜੀ ਤਾਂ ਦੱਸਦੇ-ਦੱਸਦੇ ਰੋਣ ਲੱਗ ਪਈ। ਕਹਿੰਦੀ ਇਹਨਾਂ ਨੂੰ ਰਾਤ ਨੂੰ ਪਤਾ ਨਹੀਂ ਕੀ ਹੁੰਦਾ ਐ। ਸਾਡੇ ਵਿਆਹ ਨੂੰ ਅਜੇ ਛੇ ਮਹੀਨੇ ਵੀ ਨਹੀਂ ਹੋਏ। ਇਹ ਉਦੋਂ ਦੇ ਕੰਮ 'ਤੇ ਵੀ ਨਹੀਂ ਜਾਂਦੇ। ਰਾਤ ਨੂੰ ਕਦੇ ਆਪਣੇ ਦੁਆਲੇ ਮਿੱਟੀ ਦਾ ਤੇਲ ਛਿੜਕ ਲੈਂਦੇ ਨੇ। ਕਦੇ ਕਹਿੰਦੇ ਨੇ ਮੇਰੀਆਂ ਗੋਡਿਆਂ ਤੋਂ ਹੇਠੋਂ ਲੱਤਾਂ ਕੰਮ ਨੀ ਕਰਦੀਆਂ। ਅਸੀਂ ਕਈ ਬਾਬਿਆਂ ਕੋਲ ਵੀ ਗਏ ਆਂ, ਪਰ ਇਹਨਾਂ ਨੂੰ ਆਰਾਮ ਨਹੀਂ ਆਉਂਦਾ... । ਮੈਂ ਸੁਣਕੇ ਹੈਰਾਨ, ਸੋਚਾਂ ਇਹਦਾ ਕੀ ਕਰਾਂ। ਫੇਰ ਉਹਨੂੰ ਪੁੱਛਿਆ, ਉਹ ਕਹਿੰਦਾ ਬਸ ਜੀ ਪਤਾ ਈ ਨਹੀਂ ਲੱਗਦਾ, ਜੇ ਤੁਹਾਡੇ ਕੋਲ ਕੁਝ ਹੈ ਤਾਂ ਸਾਡਾ ਉਪਾਅ ਕਰ ਦਿਓ, ਅਸੀਂ ਤਾ ਬਾਹਲੇ ਈ ਤੰਗ ਆਂ... । ਮੈਂ ਉਹਨੂੰ ਵੱਖਰਾ ਲਿਜਾ ਕੇ ਪੁੱਛਿਆ...? ਉਹ ਕਹਿੰਦਾ ਭਾਜੀ ਕੀ ਗੱਲ ਕਰਦੇ ਓ... । ਮੈਂ ਫੇਰ ਕਿਹਾ ਪਈ ਅਸੀਂ ਸੋਸਾਇਟੀ ਦੇ ਡਾਕਟਰ ਤੇ ਬਾਕੀ ਮੈਂਬਰਾਂ ਨਾਲ ਗੱਲਬਾਤ ਕਰਕੇ ਤੁਹਾਨੂੰ ਦੱਸਾਂਗੇ। ਇਹ ਮਾਨਸਿਕ ਗੁੰਝਲ ਈ ਆ, ਹੌਲੀ-ਹੌਲੀ ਪਤਾ ਲੱਗ ਜੂ। ਤੁਸੀਂ ਹੁਣ ਵੀਰਵਾਰ ਨੂੰ ਆਜਿਓ।"

"ਉਹ ਸਾਲਾ ਸੈਕਸੁਅਲੀ ਫ੍ਰਸਟ੍ਰੇਟ ਆ, ਹੋਰ ਕੀ...?" ਅਲੀ ਇੰਝ ਕਿਵੇਂ ਸੋਚਦੈ।

"ਪਰ ਉਹ ਕਿੱਦਾਂ? ਚੰਗੀ ਭਲੀ ਨੌਕਰੀ ਕਰਦਾ ਐ, ਵਿਆਹ ਹੋ ਗਿਆ, ਹੋਰ ਹੁਣ ਕੀ ਕਸਰ ਰਹਿ ਗਈ।" ਲੇਖਕ ਬੋਲਿਐ, "ਯਾਰ ਮੈਂ ਤੁਹਾਨੂੰ ਦੱਸਦਾਂ ਜਿਵੇਂ ਮੈਨੂੰ ਲੱਗਾ, ਉਹਦੀ ਤੀਵੀਂ ਉਹਦੇ ਤੋਂ ਕਈ ਗੁਣਾ ਵੱਧ ਸੋਹਣੀ ਆ, ਉਹ ਉਹਦੇ ਕਰਕੇ ਇਨਫੀਰੀਅਰਟੀ ਕੰਪਲੈਕਸ ਦਾ ਸ਼ਿਕਾਰ ਹੋ ਗਿਆ। ਇਹ ਸੈਕਸੂਅਲ ਕਮਜ਼ੋਰ ਹੋ ਗਿਆ, ਫ੍ਰਸਟ੍ਰੇਸ਼ਨ ਦੇ ਕਾਰਨ... । ਤਦੇ ਨੌਕਰੀ ਨੀ ਜਾਂਦਾ, ਬਈ ਪਿਛੋਂ ਇਹ ਕਿਸੇ ਹੋਰ ਨਾਲ ਨਾ ਗੰਢ ਲਵੇ। ਮੈਨੂੰ ਤਾਂ ਹੋਰ ਕੁਝ ਨਜ਼ਰ ਨਹੀਂ ਆਉਂਦਾ।" "ਚਲੋ ਕੋਈ ਨੀ ਹੁਣ ਉਹ ਜ਼ਨਾਨੀ ਨੇ ਤੇਰੇ ਤੱਕ ਪਹੁੰਚਣ ਦਾ ਰਸਤਾ ਕੱਢ ਲਿਐ। ਹੁਣ ਤੂੰ ਆਪਣੀ ਖੈਰ ਮਨਾ... ।"

"ਚੱਲ ਕੋਈ ਨੀ, ਮੈਂ ਮਨਾ ਲੂੰ... । ਤੇ ਹੁਣ ਕਰੀਏ ਰਿਹਸਲ ਸ਼ੁਰੂ... ।"

' 'ਹਾਂ... ਹਾਂ... ।"

ooooooo

"ਆਪਾਂ ਇੱਕ ਸੂਤਰਧਾਰ ਦੇ ਡਾਇਲੌਗ ਵੀ ਬੁਲਵਾਉਣੇ ਨੇ, ਕਵਿਤਾਵਾਂ ਤਾਂ ਪਿੱਛਿਓਂ ਦੇਖ ਕੇ ਵੀ ਪੜ੍ਹੀਆਂ ਜਾ ਸਕਦੀਆਂ ਨੇ। ਅਲੀ ਤੂੰ ਏਸ ਗੱਲੋਂ ਹੁਸ਼ਿਆਰ ਹੋ ਜਾ ਤੂੰ ਬਾਕੀ ਰੋਲਾਂ ਦੇ ਨਾਲ ਸੂਤਰਧਾਰ ਦਾ ਵੀ ਕੰਮ ਸਾਰਨੈ... । ਤੇਰੀ ਹਾਜ਼ਰੀ ਨੇ ਇਸ ਨਾਟਕ ਦੀ ਕੰਟੀਨਿਊਟੀ ਨੂੰ ਬਣਾਈ ਰੱਖਣਾ ਐ... । ਅੱਜ ਪਹਿਲਾਂ ਤੂੰ ਹੀ ਸ਼ੁਰੂ ਕਰ... । ਸਟਾਰਟਿੰਗ ਤੋਂ... । ਤੈਨੂੰ ਯਾਦ ਨੇ ਡਾਇਲਾਗ... । ਤਾਂ ਠੀਕ ਐ, ਹੁਣ ਤੂੰ ਸੂਤਰਧਾਰ ਦੀ ਮੁਦਰਾ 'ਚ ਖੱਬੇ ਪਾਸਿਓਂ ਪ੍ਰਵੇਸ਼ ਕਰਨਾ ਐ...?"

'ਬੱਲੇ ਓਏ, ਕਮਾਲ ਕਰਤੀ ਤੂੰ ਸਮਝਾਉਣ ਲੱਗਿਆਂ।" ਯਾਰ ਇਹ ਲੇਖਕ ਪਤਾ ਨਹੀਂ ਕਿਵੇਂ ਸੋਚਦੈ ਰਹਿੰਦੈ। ਅਸਲ 'ਚ ਅਜੇ ਵੀ ਕੁਝ ਕਰੀਏਟਿਵ ਲੋਕ ਤਾਂ ਹੈਗੇ ਆ।"ਲਓ ਫਿਰ ਮੇਰੀਆਂ ਊਣਤਾਈਆਂ ਦਾ ਧਿਆਨ ਰੱਖਿਓ?"

ਕਮਾਲ ਐ ਅਲੀ ਦੀ, ਯਾਰ ਪੂਰਾ ਸੂਤਰਧਾਰ ਲੱਗੂ ਇਹ ਤਾਂ। ਵਾਹਵਾ... !

"ਏਸ ਸੁਹਾਣੀ ਧਰਤ 'ਤੇ ਅਨੇਕਾਂ ਜ਼ਲਜ਼ਲੇ ਆਏ। ਲੋਕ ਸ਼ਕਤੀ ਫਨਾਹ ਕਰ ਦਿੱਤੀ ਗਈ। ਪਰ ਕਿਧਰੇ ਕੁਝ ਧੜਕਦਾ ਰਿਹਾ। ਸਮੇਂ ਦੀ ਮਾਰ ਹੇਠ ਕੁਝ ਸਹਿਕਦਾ ਰਿਹਾ। ਉਹ ਫੇਰ ਉੱਠਿਆ। ਝੱਖੜ ਦੀ ਮਾਰ ਸਹਿਣ ਲਈ। ਫੇਰ ਡਿੱਗਣ ਲਈ ਤੇ ਫੇਰ ਉੱਠਣ ਲਈ... ।"

ਵਾਹਵਾ, ਕਿੰਨੀ ਕਮਾਲ ਨਾਲ ਉਹ ਸਟੇਜ ਤੋਂ ਅਲੋਪ ਹੋਇਐ। ਕਿਸੇ ਝੱਖੜ ਦੇ ਝੁਲਣ ਦਾ ਸੰਕੇਤ ਦੇ ਕੇ। ਕਮਾਲ ਐ।

"ਫੇਰ ਇਹਦੇ ਪਿਛੋਂ ਹਨ੍ਹੇਰੀ ਝੁੱਲਣ ਦੀ ਮੱਧਮ ਜਿਹੀ ਅਵਾਜ਼ ਵੀ ਆਵੇਗੀ।"

"ਜੇ ਯਾਰ ਆਪਾਂ ਇਹਦੇ ਪਿਛੋਂ ਝੱਖੜ ਵਿਚੋਂ ਦੀ ਲੋਕਾਂ ਦੇ ਡਰਦੇ ਮਾਰੇ ਨਿਕਲਦੀਆਂ ਚੀਕਾਂ ਦੀ ਮੱਧਮ ਜਿਹੀ ਆਵਾਜ਼ ਵੀ ਭਰ ਦੇਈਏ ਤਾਂ... ।"

"ਤਦ ਤਾਂ ਸੋਨੇ 'ਤੇ ਸੁਹਾਗਾ... ।"

"ਫੇਰ ਵੀ ਨਖੱਟੂ ਵੀ ਕਦੇ ਕੰਮ ਦੀ ਗੱਲ ਕਰ ਦਿੰਦੈ... ।"

"ਇਹ ਠੀਕ ਐ। ਆਪਣੀ ਤਰੀਫ ਆਪੇ ਕਰ ਲਵੋ, ਅਗਲੇ ਨੂੰ ਲੱਗੇ ਆਪਣੇ ਆਪ ਨੂੰ ਨਖੱਟੂ ਕਹਿ ਰਿਹੈ।"

"ਚੱਲੋ ਅਗਲੇ ਸੀਨ ਦੀ ਰਿਹਸਲ ਸ਼ੁਰੂ ਕਰੋ... ।"

"ਅਲੀ ਤੂੰ ਫਾਇਲ ਇਹਦੀ ਇੰਝ ਵਗਾਹ ਕੇ ਮਾਰਨੀ ਆ ਬਈ ਉਹਦੇ ਵਿਚਲੇ ਕਾਗਜ਼ ਹਵਾ 'ਚ ਉਡਦੇ ਨਜ਼ਰ ਆਉਣ... ।"

ਜੇ ਮੈਂ ਜਜ਼ਬਾਤੀ ਹੋ ਕੇ ਅਲੀ ਢਾਹ ਲਿਆ? ਉਦੋਂ ਜੇ ਮੈਨੂੰ ਅਲੀ ਸੱਚਮੁੱਚ ਈ ਅਫਸਰ ਲੱਗਿਆ। ਚਲੋ ਇਹਦੇ ਨਾਲ ਨਾਟਕ 'ਚ ਹੋਰ ਰੰਗ ਭਰ ਜਾਊ। ਪਰ ਮੈਂ ਇਹੋ ਜਿਹਾ ਕਿਉਂ ਸੋਚਣ ਲੱਗ ਪੈਂਦਾ...?

## ੧੯

"ਮਾਂ ਤੂੰ ਦੱਸ ਮੈਨੂੰ, ਮੈਂ ਜਦੋਂ ਏਦਾਂ ਆਉਂਦਾ ਤੈਨੂੰ ਚੰਗਾ ਲੱਗਦੈ...?"

ਮਾਂ ਬੋਲੀ ਕਿਉਂ ਨਹੀਂ, ਮੇਰਾ ਸ਼ਰਾਬ ਪੀ ਕੇ ਆਉਣਾ ਇਹਨੂੰ ਬਿਲਕੁਲ ਨਹੀਂ ਚੰਗਾ ਲੱਗਦਾ ਹੋਣਾ। ਬਹੁਤ ਦੁਖੀ ਹੁੰਦੀ ਹੋਣੀ ਆ ਇਹ ਮੇਰੀ ਹਾਲਤ 'ਤੇ... । ਮਾਂ ਆਖਰ ਮਾਂ ਈ ਹੁੰਦੀ ਆ, ਉਸ ਲੇਖਕ ਨੇ ਵੀ ਇੱਕ ਥਾਂ ਲਿਖਿਆ ਸੀ।

'ਮੇਰਾ ਇੱਕ ਪ੍ਰੋਗ੍ਰਾਮ 'ਚ ਸਨਮਾਨ ਹੋਣਾ ਸੀ। ਉਦੋਂ ਮੈਂ ਸ਼ਰਾਬ ਪੀ ਕੇ ਬਾਹਲਾ ਖੌਰੂ ਪਾਉਂਦਾ ਹੁੰਦਾ ਸੀ। ਉਸ ਪ੍ਰੋਗ੍ਰਾਮ 'ਤੇ ਮੇਰੀ ਮਾਂ ਨੂੰ ਵੀ ਲਿਆਂਦਾ ਗਿਆ। ਉਹਨੂੰ ਸਟੇਜ 'ਤੇ ਚੜ੍ਹਕੇ ਬੋਲਣ ਲਈ ਕਿਹਾ ਤਾਂ ਉਹ ਬੋਲੀ "ਭਾਈ ਮੈਂ ਕੀ ਬੋਲਣਾ ਆ। ਇਹ ਜੋ ਕਰਦਾ ਚੰਗਾ ਈ ਕਰਦਾ ਐ... । ਪਰ ਇਹਦੀ ਉਮਰ ਬੀਤਦੀ ਜਾਂਦੀ ਆਂ... ।"

"ਮਾਂ ਆਖਰ ਮਾਂ ਈ ਹੁੰਦੀ ਆ। ਮੈਂ ਸੋਚਦਾ ਸੀ ਪਈ ਮਾਂ ਮੇਰੀ ਸ਼ਕਾਇਤ ਲਾਊਗੀ, ਪਰ ਉਹਨੇ ਕਿਹਾ ਬਈ ਜੋ ਕਰਦਾ ਚੰਗਾ ਈ ਕਰਦਾ, ਕਮਾਲ ਐ। ਉਹਨੂੰ ਮੇਰੇ ਖੌਰੂ ਪਾਉਣ ਦਾ ਖਿਆਲ ਨਹੀਂ ਸਗੋਂ ਮੇਰੀ ਬੀਤਦੀ ਜਾਂਦੀ ਉਮਰ ਦੀ ਚਿੰਤਾ ਐ।"

ਹੁੰਦਾ ਵੀ ਏਦਾਂ ਈ ਆ, ਪਰ ਮਾਵਾਂ ਨੂੰ ਸਿਰਫ ਇਹੀ ਚਿੰਤਾ ਕਿਉਂ ਹੁੰਦੀ ਐ? ਆਪਣੇ ਪੁੱਤ ਦੇ ਜਵਾਨ ਹੋਣ ਬਾਰੇ ਬਾਹਲੀ ਭਾਵੁਕਤਾ ਹੁੰਦੀ ਐ। ਧੀਆਂ ਬਾਰੇ ਵੀ ਹੁੰਦੀ ਆ, ਪਰ ਉਥੇ ਉਹਦੀ ਚਿੰਤਾ ਰਤਾ ਵੱਧ ਹੁੰਦੀ ਆ। ਮੁੰਡਿਆਂ ਦਾ ਤਾਂ ਪਤਾ ਈ ਹੁੰਦਾ ਬਈ ਲੰਡਰਾਂ ਨੇ ਕੀ ਕਰਨਾ ਆ। ਪਰ ਫੇਰ ਵੀ ਧਿਆਨ ਜ਼ਰੂਰ ਹੁੰਦਾ ਮਾਂ ਨੂੰ। ਉਹ ਆਂਟੀ ਸਾਹਮਣੇ ਬਿਊਟੀ ਪਾਰਲਰ ਵਾਲੀ ਜਦੋਂ ਮੇਰੇ 'ਤੇ ਟਰਾਈ ਮਾਰਨ ਲੱਗੀ ਸੀ ਤਾਂ ਮੈਂ ਸਮਝਦਾ ਸੀ, ਪਈ ਸਿਰਫ ਮੈਨੂੰ ਪਤੈ, ਸੋ ਚੱਲਣ ਦੇਈਏ। ਇੱਕ ਦਿਨ ਮੈਂ ਉਹਦੇ ਗਲਮੇ ਵਿੱਚੀ ਝਾਕ ਰਿਹਾ ਸੀ, ਮਾਂ ਉਥੇ ਹੈਨੀ ਸੀ, ਵਿਹਲੇ ਟਾਇਮ ਉਹ ਸਾਡੇ ਘਰ ਜੁ ਆ ਜਾਂਦੀ, ਮੇਰੀ ਮੌਜ ਲੱਗ ਜਾਂਦੀ, ਓਦਣ ਉਹ ਕਹਿੰਦੀ, 'ਐਵੇਂ ਕੀ ਝਾਕੀ ਜਾਨੈ, ਕਿਸੇ ਦਿਨ ਚੰਗੀ ਤਰ੍ਹਾਂ ਈ ਦੇਖ ਲੀਂ!' ਮੈਂ ਲਾਲ ਹੋ ਗਿਆ। ਪਰ ਮੈਨੂੰ ਥੋੜ੍ਹੀ ਫੇਰ ਖੁਲ੍ਹ ਮਿਲਗੀ, ਫੇਰ ਪੰਜਵੇਂ ਕੁ ਦਿਨ ਉਹਨੇ ਕਿਤੇ ਜਾਣਾ ਸੀ ਤਾਂ ਉਹਨੇ ਸਵੇਰੇ-ਸਵੇਰੇ ਈ ਚੁਬਾਰੇ ਚੜ੍ਹ ਕੇ ਮੇਰੇ ਤੋਂ ਖੇਸੀ ਲਾਹ ਕੇ ਵਗਾਹ ਮਾਰੀ "ਵੇ ਉੱਠ ਵੀ, ਦੁਪਹਿਰ ਤੱਕ ਸੁੱਤਾ ਰਹਿਨੈ... ।" ਮੇਰੀ ਹਾਲਤ ਜਿਹੜੀ ਓਸ ਵੇਲੇ ਸੀ, ਉਹ ਮੈਂ ਈ ਜਾਣਦਾਂ। ਕੱਛੇ ਬਨੈਣ ਵਿੱਚ... ਮੈਨੂੰ ਲੁੱਕਣ ਨੂੰ ਥਾਂ ਨਹੀਂ ਸੀ ਲੱਭਦੀ।

ਮੈਨੂੰ ਇੱਕ ਦਿਨ ਮਾਂ ਨੇ ਕਹਿਤਾ ਸੀ, "ਤੂੰ ਉਹਨੂੰ ਨਾ ਬੁਲਾਇਆ ਕਰ, ਨਾ ਕਿਤੇ ਲੈ ਕੇ ਜਾਇਆ ਕਰ।" ਹੌਲੀ-ਹੌਲੀ ਮਾਂ ਨੇ ਉਹਦੇ ਨਾਲ ਮਿਲਣਾ ਛੱਡ ਦਿੱਤਾ। ਫੇਰ ਉਹ ਖਿਝਣ ਲੱਗ ਪਈ। ਮੈਨੂੰ ਟੁੱਟ-ਟੁੱਟ ਪੈਂਦੀ। ਕੁੜੀਆਂ ਨੂੰ ਵੀ ਉਹਦੇ ਲਾਗੇ ਖੜ੍ਹਨ ਨਾ ਦਿੰਦੀ। ਉਹਨੂੰ ਵੀ ਅਹਿਸਾਸ ਹੋ ਗਿਆ। ਉਹਨੇ ਵੀ ਘੱਟ ਕਰਤਾ ਆਉਣਾ ਜਾਣਾ। ਫੇਰ ਤਾਂ ਉਹਦੇ ਨਾਲ ਪਤਾ ਨਹੀਂ ਕੀ ਘਟਿਆ, ਉਹਨੇ ਦੁਕਾਨ ਈ ਬੰਦ ਕਰਤੀ ਸੀ... ।

"ਚੱਲ ਸੌਂ ਜਾ ਕੇ ਹੁਣ...।"

"ਨਹੀਂ ਅੱਜ ਮੈਂ ਤੇਰੇ ਕੋਲ ਈ ਸੌਣੈ... ਤੂੰ ਮਾਰ ਮੇਰੇ ... ਤੂੰ ਕਹਿ ਮੈਂ ਤੈਨੂੰ ਚੰਗਾ ਨੀ ਲੱਗਦਾ, ਕਹਿ ਮੈਨੂੰ...।"

"ਵੇ ਜਾਹ ਤੂੰ ਪੈ ਜਾ ਕੇ...।"

"ਤੂੰ ਵੱਡੀ ਬੋਲ...। ਤੇਰੇ ਵਿਆਹ ਵੇਲੇ ਦਾਜ 'ਚ ਮੈਂ ਡਾਇਵੋਰਸ ਦੇ ਕਾਗਜ਼ ਨਾਲ ਈ ਦੇ ਦੇਣੇ, ਤੇਰੀ ਨਹੀਂ ਕਿਸੇ ਨਾਲ ਬਣਨੀ...।"

"ਤੈਨੂੰ ਹੋਰ ਕੰਮ ਵੀ ਹੈ ਕੋਈ...।"

"ਚੱਲ ਨੀ ਤੂੰ ਵੀ ਨਾ ਖਿਝਿਆ ਕਰ ਫੇਰ...। ਮਜ਼ਾਕ ਈ ਕਰਦੇ ਆ ਸਾਰੇ ਤੈਨੂੰ, ਐਵੇਂ ਖਿਝੀ ਰਹਿੰਦੀ ਐਂ...?"

' 'ਚੱਲ ਛੱਡ ਤੂੰ ਮਾਂ ਇਹਨੂੰ...। ਇਹਦਾ ਵਿਆਹ ਆਪਾਂ ਰਾਜਿਆਂ ਦੇ ਕਰਨੈ। ਮੈਂ ਆਪਣੀ ਭੈਣ ਦੇ ਵਿਆਹ 'ਚ ਭੰਗੜਾ ਪਾਊਂ...। ਹੁਣ ਮੇਰੀ ਦੁਸ਼ਮਣ ਗਈ...। ਆਹ ਮਰ ਗਿਆ।"

ਕਿਉਂ ਮਾਰਿਐ ਵੱਡੀ ਨੇ ਮੇਰੇ? ਜ਼ੋਰ ਦੀ ਮਾਰਿਐ! ਪਤਾ ਨਹੀਂ ਭਰਾ 'ਤੇ ਗੁੱਸਾ ਐ ਜਾਂ ਆਪਣੀ ਕਿਸਮਤ 'ਤੇ। ਪਹਿਲਾਂ ਵੈਸੇ ਇਹ ਐਨੀ ਨਹੀਂ ਸੀ ਖਿਝਦੀ। ਹੁਣ ਪਤਾ ਨਹੀਂ ਕਿਉਂ ਖਿਝਦੀ ਐ।

"ਚੱਲ ਸੌਂ ਜਾ ਮੇਰਾ ਪੁੱਤ ਫੇ...।"

"ਨਹੀਂ ਮੈਂ ਤਾਂ ਤੇਰੇ ਕੋਲ ਈ ਸੌਣੈ...।"

"ਅੱਛਾ ਸੌਂ ਜਾ ਫੇ।"

"ਤੇਰੇ ਵਾਲੇ ਬੈੱਡ 'ਤੇ ਈ ਪੈਣੈ।"

"ਚੰਗਾ ਬਾਬਾ...।"

ਮਾਂ ਨੇ ਨਾਂਹ ਕਿਉਂ ਨਹੀਂ ਕੀਤੀ? ਜੇ ਮੈਂ ਉਲਟੀ ਕਰ ਦਿਆਂ? ਪਰ ਫੇਰ ਮਾਂ ਕਾਹਦੀ ਹੋਈ। ਜਵਾਨ ਪੁਤ ਵੀ ਉਹਦੇ ਲਈ ਉਹੀ ਬਿਸਤਰੇ 'ਤੇ ਮੂਤਣ ਵਾਲਾ ਲੋਲ੍ਹਾ ਈ ਆ। ਬੜੀਆਂ ਗੱਲਾਂ ਕਰਦੀ ਐ ਮਾਂ ਕਈ ਵਾਰ ਮੇਰੇ ਬਚਪਨ ਦੀਆਂ! ਪਤਾ ਨਹੀਂ ਉਦੋਂ ਉਹ ਕੀ ਭਾਲਦੀ ਹੋਵੇਗੀ ਆਪਣੇ ਅਤੀਤ 'ਚੋਂ। ਪਿਓ ਨਾਲ ਬਿਤਾਈਆਂ ਚੰਗੀਆਂ ਘੜੀਆਂ, ਬਸ ਅਤੀਤ ਈ ਰਹਿ ਗਿਐ ਇਹਦੇ ਪੱਲੇ। ਹੁਣ ਤਾਂ ਕੁਝ ਨਹੀਂ। ਬਸ ਖੁਰਦੀ ਜਾ ਰਹੀ ਐ। ਕਿਸੇ ਦਾ ਦਰਦ ਬਰਦਾਸ਼ਤ ਨਹੀਂ ਹੁੰਦਾ। ਕਿਸੇ ਦੇ ਕੋਈ ਮਰ ਜਾਵੇ ਇਹ ਰੋਣੋਂ ਨਹੀਂ ਹਟਦੀ। ਹਟੇ ਵੀ ਕਿਵੇਂ, ਰਹਿ ਕੀ ਗਿਆ ਇਹਦੇ ਕੋਲ। ਬੰਦਾ ਕਦੇ ਦੂਜਿਆਂ ਨੂੰ ਥੋੜੀ ਰੋਂਦਾ, ਉਹ ਤਾਂ ਆਪਣਿਆਂ ਨੂੰ ਰੋਂਦੈ। ਰਾਤ ਨੂੰ ਸੌਣ ਲੱਗਿਆਂ ਗੋਲੀਆਂ ਦਾ ਥੱਬਾ ਖਾ ਲੈਂਦੀ ਐ, ਪਤਾ ਨਹੀਂ ਕੀ-ਕੀ ਸੋਚਦੀ ਰਹਿੰਦੀ ਐ। ਬਿਮਾਰੀ ਇਹਦਾ ਪਿੱਛਾ ਨਹੀਂ ਛੱਡਦੀ। ਪਹਿਲਾਂ ਕਦੇ ਬਿਮਾਰੀ ਇਹਦੇ ਨੇੜੇ ਨਹੀਂ ਸੀ ਢੁੱਕਦੀ। ਸਮੇਂ ਦਾ ਨਹੀਂ ਪਤਾ ਲੱਗਦਾ, ਕੀ-ਕੀ ਰੰਗ ਵਿਖਾਉਂਦੈ।

"ਤੂੰ ਸੁੱਤੀ ਨੀ ਮਾਂ...।"

"ਨਹੀਂ...।"

ਹੈਂ! ਮੇਰੇ ਅੰਦਰੋਂ ਜਿਵੇਂ ਕੁਝ ਟੁੱਟਿਐ, ਕਿਉਂ ਇਹਨੇ ਸਿਰਫ 'ਨਹੀਂ' ਕਿਹੈ। ਇਹਨੇ ਹੋਰ ਕੁਝ ਕਿਉਂ ਨਹੀਂ ਕਿਹਾ। ਕਿੰਨਾ ਦਰਦ ਐ ਇਸ 'ਨਹੀਂ' 'ਚ, ਕਿੱਡੀ ਵੱਡੀ ਕਹਾਣੀ। ਉਹੀ ਲੇਖਕ ਲਿਖ ਸਕਦੈ ਇਹਨੂੰ ਤਾਂ...!

oooooo

ਠਹਿਰੋ-ਠਹਿਰੋ! ਕਲੇਰ ਸਾਹਬ ਹਿੱਲੇ ਨੇ, ਅੱਜ ਸ਼ਾਇਦ ਉਹਨਾਂ ਦੇ ਲੱਕ 'ਚ ਦਰਦ ਹੈ। ਦੇਖਦੇ ਹਾਂ ਕੀ ਕਰਦੇ ਨੇ। ਸ਼ਾਇਦ ਟਲ ਹੀ ਜਾਣ। ਪਰ ਲੱਗਦਾ ਨਹੀਂ। ਕੰਬਦੇ ਹੱਥਾਂ ਨਾਲ ਪ੍ਰੈਸ ਚੁੱਕ ਲਈ ਹੈ। ਪੇਚਕਸ ਵੀ। ਲਓ ਜੀ ਖੁੱਲ੍ਹ ਗਿਆ ਨਟ।

ਅੱਛਾ! ਅੱਜ ਪ੍ਰੈਸ ਦੀ ਵਾਰੀ ਹੈ।

ooooooo



ਆਪਾਂ ਯਾਰ ਇਸ ਮਹਾਂ ਕਿਰਦਾਰ ਦੀਆਂ ਗੱਲਾਂ ਪਿੱਛੇ ਪਏ ਰਹੇ, ਸਿਟੀ ਫਾਇਨਾਂਸ ਵੱਲ ਤਾਂ ਧਿਆਨ ਈ ਨਹੀਂ ਦਿੱਤਾ। ਮੈਂ ਤੁਹਾਨੂੰ ਕਿਹਾ ਸੀ ਕਿ ਤੁਸੀਂ ਧਿਆਨ ਰੱਖਣਾ, ਇਹ ਸਾਰੇ ਪਾਤਰ ਬਹੁਤ ਕਮਾਲ ਦੇ ਹਨ, ਇਹਨਾਂ ਦੇ ਇਸ਼ਕ, ਰੋਸੇ, ਗਿਲੇ-ਛਿਕਵੇ, ਮਰਿਆਦਾਵਾਂ, ਸੱਭ ਅਜੀਬ ਹਨ। ਰਤਾ ਕੁ ਵੀ ਸਮਾਂ ਲੰਘ ਗਿਆ ਤਾਂ ਇਹਨਾਂ ਦਾ ਪਲ 'ਚ ਤੋਲਾ, ਪਲ 'ਚ ਮਾਸਾ ਸੁਭਾਅ ਸਮਝ ਨਹੀਂ ਲੱਗਣਾ। ਹੁਣ ਤੁਸੀਂ ਹੈਰਾਨ ਹੋਵੋਗੇ ਕਿ ਬਿਗ ਬੀ ਸਾਹਬ ਆਪਣੇ ਘਰਦਿਆਂ ਨਾਲ, ਛੋਟੀ ਨਾਲ ਜੋ ਮੇਰੇ ਬਾਰੇ ਗੱਲਾਂ ਕਰਦਾ ਹੈ, ਉਹਨਾਂ 'ਚ ਮੇਰੇ ਪ੍ਰਤੀ ਪਿਆਰ ਤੇ ਆਦਰ ਹੈ। ਉਹ ਮੈਨੂੰ ਵਧੀਆ ਲੇਖਕ ਸਿੱਧ ਕਰਦਾ ਹੈ, ਪਰੰਤੂ ਕਈ ਵਾਰ ਉਹ ਬਿਲਕੁਲ ਮੇਰੇ ਉਲਟ ਬੋਲਦਾ ਹੈ। ਮੇਰੇ ਮੂੰਹ ਉੱਤੇ ਤਾਂ ਕਦੇ ਮੇਰੀ ਤਾਰੀਫ ਕਰਦਾ ਹੀ ਨਹੀਂ। ਇਹਨਾਂ ਦਾ ਬਹੁਤ ਬਾਰੀਕੀ ਨਾਲ ਅਧਿਐਨ ਕਰਨਾ ਪੈਂਦਾ ਹੈ, ਇਹ ਕੋਈ ਮੁਣਸ਼ੀ ਪ੍ਰੇਮ ਚੰਦ ਜਾਂ ਗੁਰਦਿਆਲ ਸਿੰਘ ਦੇ ਪਾਤਰ ਨਹੀਂ, ਇਹ ਮਰਜ਼ੀ ਦੇ ਮਾਲਕ ਨੇ। ਮਜਾਲ ਐ ਤੁਸੀਂ ਇਹਨਾਂ ਨੂੰ ਆਪਣੀ ਉਂਗਲ ਫੜਾ ਲਵੋ। ਖ਼ੈਰ! ਸਿਟੀ ਫਾਈਨਾਂਸ 'ਚ ਬਹੁਤ ਕੁਝ ਵਾਪਰ ਚੁੱਕਿਆ ਹੈ।

ਮੀਨਾ ਦਾ ਰਿਸ਼ਤਾ ਭਾਵੇ ਸੁਖਵਿੰਦਰ ਨਾਲ ਹੋ ਚੁੱਕਿਆ ਹੈ। ਰਿਸ਼ਤਾ ਹੋਣ ਤੋਂ ਬਾਅਦ ਹੀ ਪਤਾ ਲੱਗਿਆ ਕਿ ਰਜੇਸ਼ ਮੀਨਾ ਨੂੰ ਮੁਹੱਬਤ ਕਰਦਾ ਸੀ। ਉਹਨੇ ਆਪਣੇ ਦਫਤਰ ਕਿਸੇ ਨਾਲ ਗੱਲ ਨਹੀਂ ਕੀਤੀ। ਸਾਡੇ ਮਿੱਤਰ ਜਲੰਧਰੀ ਨਾਲ ਗੱਲ ਕਰਕੇ ਗਿਆ ਹੈ। ਜਲੰਧਰੀ ਤੋਂ ਪ੍ਰਾਪਤ ਜਾਣਕਾਰੀ ਮੁਤਾਬਿਕ ਰਜੇਸ਼ ਸਾਹਿਬ ਦਾ ਮਨ ਦਫਤਰ ਵਿੱਚ ਨਹੀਂ ਲੱਗ ਰਿਹਾ। ਉਹ ਨੌਕਰੀ ਛੱਡਣਾ ਚਾਹੁੰਦਾ ਹੈ। ਜਲੰਧਰੀ ਨੇ ਉਸਨੂੰ ਦਿਲਾਸਾ ਦਿੱਤਾ ਹੈ। ਉਹਨੇ ਰਤਾ ਕੁ ਧੀਰਜ ਬੰਨ੍ਹਿਆ ਹੈ। ਇਸ ਸਮੇਂ ਦੌਰਾਨ ਕਵਿਤਾਵਾਂ ਨੇ ਉਸਦਾ ਬਹੁਤ ਸਾਥ ਦਿੱਤਾ ਹੈ, ਉਸਨੂੰ ਇੰਝ ਬਿਖਰਨ ਨਹੀਂ ਦਿੱਤਾ ਜਿਵੇਂ ਕੱਚ ਟੁੱਟ ਕੇ ਬਿਖਰਦਾ ਹੈ। ਦਿਵਿਯਾ ਦੇ ਮੋਬਾਇਲ ਤੋਂ ਵਿਖਾਏ ਜਾਣ ਵਾਲੇ ਨਿਊਡ ਮੈਸੇਜ਼ ਵੀ ਹਾਲ ਦੀ ਘੜੀ 'ਸਟਿੱਲ' ਹੋ ਗਏ ਹਨ। ਪਰੰਤੂ ਉਸ ਦਿਨ ਦੀ ਉਹ ਖੁਸ਼ ਜ਼ਿਆਦਾ ਨਜ਼ਰ ਆ ਰਹੀ ਹੈ। ਰਜੇਸ਼ ਉਸਨੂੰ ਹੋਰ ਨਫਰਤ ਕਰਨ ਲੱਗ ਪਿਆ ਹੈ। ਉਹਦੇ ਕਹਿਣ ਮੁਤਾਬਿਕ ਇਹ ਕੁੜੀ ਅਗਲੇ ਦੇ ਦੁੱਖ ਮੌਕੇ ਜ਼ਿਆਦਾ ਖੁਸ਼ ਹੁੰਦੀ ਹੈ। ਇਹਦਾ ਸੁਭਾਅ ਦੂਜੇ ਦੇ ਜ਼ਖਮਾਂ ਨੂੰ ਛਿੱਲਣ ਵਾਲਾ ਹੈ। ਇਹ ਕਰੂਅਲ ਹੈ। ਸਾਲੀ ਦੇ ਨੌਂਹ ਵੇਖੀਂ ਕਿੱਡੇ-ਕਿੱਡੇ ਹਨ। ਪਿਛਲੇ ਜਨਮ 'ਚ ਅਘੋਰੀ ਸਾਧ ਰਹੀ ਹੋਣੀ ਆ, ਮੁਰਦਿਆਂ ਦਾ ਮਾਸ ਖਾਣ ਵਾਲੀ।

ਦੂਸਰੇ ਪਾਸੇ ਸੁਖਵਿੰਦਰ ਭਾਪੇ ਦੀ ਸ਼ਾਦੀ ਦੇ ਦਿਨ ਬੱਝਣ ਤੋਂ ਬਾਅਦ ਅਮਨ ਦਫਤਰ ਛੱਡ ਕੇ ਜਾ ਚੁੱਕੀ ਹੈ। ਉਹਨੂੰ ਅਜੇ ਕਿਸੇ ਪਾਸੇ ਕੰਮ ਨਹੀਂ ਮਿਲਿਆ। ਭਟਕ ਰਹੀ ਹੈ। ਉਦਾਸ ਹੈ। ਸਾਡੇ ਕਿਸੇ ਵੀ ਬੰਦੇ ਨੂੰ ਨਹੀਂ ਮਿਲੀ ਅਤੇ ਨਾ ਹੀ ਸਿਟੀ ਫਾਈਨਾਂਸ ਦੇ ਕਿਸੇ ਬੰਦੇ ਨੂੰ ਮਿਲੀ ਹੈ। ਬਹੁਤ ਸਾਰਿਆਂ ਨੂੰ ਉਦਾਸ ਮੈਸੇਜ਼ ਆਏ ਹਨ। ਕਈਆਂ ਨੂੰ ਚੋਂਦੇ-ਚੋਂਦੇ ਮੈਸੇਜ ਵੀ ਆਏ ਹਨ, ਪਹਿਲਾਂ ਕਦੇ ਉਹਨੇ ਇਹੋ-ਜਿਹੇ ਮੈਸੇਜ ਨਹੀਂ ਸਨ ਭੇਜੇ।

ooooooo

ਠਹਿਰੋ! ਠਹਿਰੋ! ਪ੍ਰੋਫ਼ੈਸਰ ਸਾਹਬ ਨੇ ਧਿਆਨ ਪੁੱਟਿਆ ਹੈ। ਉਹਨਾਂ ਦੀ ਤੀਸਰੀ ਅੱਖ ਖੁਲ੍ਹ ਗਈ ਲੱਗਦੀ ਹੈ। ਨਹੀਂ ਸ਼ਾਇਦ ਅਤੀਤ ਦੀ ਖਿੜਕੀ ਖੁੱਲ੍ਹੀ ਹੈ। ਉਹ ਕੁਝ ਲਿਖ ਰਹੇ ਹਨ। ਪੜ੍ਹੋ-

"ਮੈਨੂੰ ਬਚਪਨ ਦੀਆਂ ਉਹ ਘਟਨਾਵਾਂ ਅਜੇ ਤਕ ਯਾਦ ਨੇ। ਅਸੀਂ ਨਿੱਕੇ ਹੁੰਦੇ ਉਸ ਸਾਧ ਦੇ ਤਕੀਏ 'ਚ ਚਲਿਆ ਜਾਇਆ ਕਰਦੇ ਸਾਂ, ਜਿਹੜਾ ਸਾਡੇ ਸਕੂਲ ਦੇ ਰਾਹ 'ਚ ਪੈਂਦਾ ਸੀ। ਉੱਥੇ ਜਾਣ ਦੇ ਦੋ ਕਾਰਨ ਸਨ, ਪਹਿਲਾ ਇਹ ਕਿ ਜਾਂਦਿਆਂ ਸਾਰ ਖਾਣ ਨੂੰ ਖੀਰ ਜਾਂ ਹੋਰ ਪ੍ਰਸ਼ਾਦ ਮਿਲਦਾ ਸੀ। ਦੂਸਰਾ ਇਹ ਕਿ ਕਈ ਵਾਰ ਉਹ ਸਾਧ ਸਾਡੇ ਗਲਾਂ 'ਚ ਚਿੱਟੇ ਕੜਕਦੇ ਨੋਟਾਂ ਦੇ ਹਾਰ ਪਾ ਦਿੰਦੇ। ਸਾਡੀਆਂ ਲਹਿਰਾਂ-ਬਹਿਰਾਂ ਹੋ ਜਾਂਦੀਆਂ। ਹੁਣ ਸੋਚਦਾ ਹਾਂ ਕਿ ਉਸ ਸਾਧ ਕੋਲ ਨੋਟ ਕਿਥੋਂ ਆਉਂਦੇ ਸਨ? ਉਹ ਤਾਂ ਕਿਸੇ ਨੂੰ ਆਪਣੇ ਆਪ ਨੂੰ ਮੱਥਾ ਵੀ ਨਹੀਂ ਸੀ ਟੇਕਣ ਦਿੰਦਾ। ਲੋਕ ਕਈ ਮੀਲ ਦੂਰੋਂ ਹੀ ਉਹਨਾਂ ਨੂੰ ਡੰਡਾਉਤ ਕਰਦੇ ਸਨ। ਨਜ਼ਦੀਕ ਆ ਕੇ ਡੰਡੌਤ ਕਰਨ ਵਲਿਆਂ ਜਾਂ ਮੱਥਾ ਟੇਕਣ ਵਾਲਿਆਂ ਪਿੱਛੇ ਉਹ ਸੰਮਾਂ ਵਾਲੀ ਡਾਂਗ ਲੈ ਕੇ ਦੌੜਦਾ ਸੀ। ਉਹਦਾ ਅਜੀਬ ਚਿਹਰਾ ਅਜੇ ਵੀ ਮੇਰੀਆਂ ਅੱਖਾਂ ਅੱਗੇ ਫੈਲਿਆ ਹੋਇਆ ਹੈ...।'

ਇਹ ਕੀ? ਪ੍ਰੋਫ਼ੈਸਰ ਨੇ ਸਾਰਾ ਕੁਝ ਮਿਟਾ ਕਿਉਂ ਦਿੱਤਾ? ਇਹ ਤਾਂ ਦਹਿਲ ਗਏ ਲੱਗਦੇ ਨੇ।

ਆਖਿਰ ਏਨਾ ਖ਼ੌਫ ਕਿੱਥੋਂ ਆ ਗਿਆ ਅਚਾਨਕ ਇਹਨਾਂ ਦੇ ਮਨ 'ਚ? ਕੋਈ ਆਲੇ-ਦੁਆਲੇ ਵੀ ਨਜ਼ਰ ਨਹੀਂ ਆ ਰਿਹਾ। ਮਨ ਨੂੰ ਪੜ੍ਹਨਾ ਬਹੁਤ ਮੁਸ਼ਕਿਲ ਹੈ। ਇਹ ਨਹੀਂ ਪੜ੍ਹਿਆ ਜਾ ਸਕਦਾ। ਚੰਗਾ ਹੋਇਆ ਆਪਾਂ ਏਧਰ ਧਿਆਨ ਮਾਰ ਲਿਆ, ਨਹੀਂ ਤਾਂ ਇਹ ਪਲ ਵੀ ਖਿਸਕ ਜਾਣੇ ਸਨ। ਆਖਰ ਅਸੀਂ ਖਿਸਕੇ ਹੋਏ ਪਲਾਂ ਨੂੰ ਮੁੜ ਕਿਵੇਂ ਸਾਖਸ਼ਾਤ ਕਰ ਸਕਦੇ ਹਾਂ? ਬਿਲਕੁਲ ਨਹੀਂ, ਇਹ ਪਲ ਮੁੜ ਜ਼ਿੰਦਾ ਨਹੀਂ ਕੀਤੇ ਜਾ ਸਕਦੇ। ਕੁਝ ਹੋਰ ਹੋਣੇ ਨੇ। ਮੈਂ ਵੀ ਲਿਖਾਂ ਤਾਂ ਵੀ ਹੋਰ ਹੋਣੇ ਨੇ। ਪ੍ਰਸੰਗ ਤੋਂ ਟੁੱਟੇ ਹੋਏ, ਸਥਿਤੀ ਤੋਂ ਟੁੱਟੇ ਹੋਏ, ਇੱਕ ਜ਼ਰਦ ਪੱਤੇ ਵਾਂਗ, ਜਿਹੜਾ ਥੋੜ੍ਹੀ ਦੇਰ ਬਾਅਦ ਆਪਣੀ ਹੋਂਦ ਗਵਾ ਲਵੇਗਾ।

0000000

ਕਲੇਰ ਸਾਹਬ ਦੀ ਪਤਨੀ ਨੇ ਗਵਾਂਢਣ ਦਾ ਪ੍ਰਛਾਵਾਂ ਥੜ੍ਹੀ 'ਤੇ ਪੈਂਦਿਆਂ ਵੇਖ ਲਿਆ ਹੈ। ਉਹ ਦੌੜ ਕੇ ਪਾਣੀ ਦੀ ਬਾਲਟੀ ਭਰ ਲਿਆਈ ਹੈ। ਥੜ੍ਹੀ ਉੱਤੇ ਦੇ ਮਾਰਿਆ ਹੈ। 'ਰਾਮ ਭਲੀ ਕਰੇ।' ਉਹਨੀਂ ਕਦਮੀ ਬਾਥਰੂਮ 'ਚ ਗਈ ਹੈ। 'ਧੜੱਮ'! ਡਿੱਗ ਪਈ ਹੈ। ਚੂਲਾ ਤੁੜਾ ਲਿਆ ਹੈ। ਪ੍ਰਛਾਵਾਂ ਆਪਣਾ ਕੰਮ ਕਰ ਗਿਆ ਹੈ।

## ੨੦

ਮੇਰਾ ਮਨ ਕਰਦੈ ਕਿ ਦੋ-ਤਿੰਨ ਉਹਨਾਂ ਕਾਮਰੇਡਾਂ ਬਾਰੇ ਇਸ ਨਾਵਲ 'ਚ ਜ਼ਰੂਰ ਲਿਖਾਂ, ਜਿਹੜੇ ਕਿਸੇ ਨਾ ਕਿਸੇ ਤਰੀਕੇ ਸਾਡੇ ਸਾਰੇ ਕਰੈਕਟਰਾਂ ਨੂੰ ਪ੍ਰਭਾਵਿਤ ਕਰਦੇ ਹਨ। ਪ੍ਰਭਾਵਿਤ ਦਾ ਮਤਲਬ ਉਹਨਾਂ ਦੀ ਹੋਂਦ ਇਹਨਾਂ ਸਾਰੇ ਕਰੈਕਟਰਾਂ ਨੂੰ ਵਡਿਆਉਂਦੀ ਹੈ, ਨੌਕਰੀਆਂ ਲੱਭ ਕੇ ਦਿੰਦੀ ਹੈ, ਖਰਚੇ-ਪੱਠੇ ਦਾ ਮਸਲਾ ਵੀ ਹੱਲ ਕਰਵਾਉਂਦੀ ਹੈ, ਇਹਨਾਂ ਦੀ ਨੌਕਰੀ ਦੀ ਚਿੰਤਾ ਕਰਦੀ ਹੈ, ਕਈ ਵਾਰ ਇਹਨਾਂ ਤੋਂ ਫਾਇਦੇ ਉਠਾਉਂਦੀ ਹੈ, ਕਈ ਵਾਰ ਇਹਨਾਂ ਦੇ ਮੋਢਿਆਂ 'ਤੇ ਰੱਖ ਕੇ ਬੰਦੂਕ ਚਲਾਉਂਦੀ ਹੈ। ਇਹ ਲੋਕ ਹਨ ਵੀ ਕਮਾਲ ਦੇ। ਹਰ ਇੱਕ 'ਤੇ ਪੂਰਾ-ਪੂਰਾ ਨਾਵਲ ਲਿਖਿਆ ਜਾ ਸਕਦਾ।

ਹੁਣ ਜਿਹੜਾ ਕਾਮਰੇਡ ਕੁਲਵੰਤ ਕੈਨੇਡੀਅਨ ਮੇਰੇ ਲਈ ਕਈ ਜਗ੍ਹਾ ਸਹਾਈ ਹੋਇਆ ਹੈ, ਬਹੁਤ ਕਮਾਲ ਦਾ ਆਦਮੀ ਹੈ। ਸਾਰੀ ਉਮਰ ਕਾਮਿਆਂ ਦੇ ਸੰਘਰਸ਼ 'ਚ ਰਿਹਾ ਹੈ, ਆਗੂ ਬਣਕੇ। ਆਪਣੀ ਜਾਨ ਨੂੰ ਵੀ ਜ਼ੋਖ਼ਮ 'ਚ ਪਾਈ ਰੱਖਦਾ ਸੀ। ਪਰਮਾਣੂ 'ਚ ਮਜ਼ਦੂਰਾਂ ਦਾ ਲੀਡਰ ਰਿਹਾ। ਆਗੂਆਂ ਵਾਲੀ ਲੜਾਈ ਲੜਦਾ ਰਿਹਾ। ਦੂਜੇ ਕਈ ਤਿੰਨਾਂ ਕੁ ਮਹੀਨਿਆਂ ਹੀ 'ਚ ਠੰਡੇ ਹੋ ਕੇ ਬੈਠ ਜਾਂਦੇ ਸਨ, ਪਰੰਤੂ ਇਹ ਤਿੰਨ ਸਾਲ ਉੱਥੇ ਡਟਿਆ ਰਿਹਾ। ਆਖਰ ਪਾਰਟੀ ਨੇ ਏਧਰ ਭੇਜ ਦਿੱਤਾ। ਹੌਲੀ-ਹੌਲੀ ਇਹਨਾਂ ਦੀ ਪਿਤਾ ਪੁਰਖੀ ਜ਼ਮੀਨ ਦਾ ਮੁੱਲ ਪੈ ਗਿਆ। ਕਾਮਰੇਡ ਹੁਣ ਸਾਡੇ ਸ਼ਹਿਰ 'ਚ ਕਈ ਕਨਾਲਾਂ 'ਚ ਆਲੀਸ਼ਾਨ ਕੋਠੀ ਬਣਾ ਕੇ ਰਹਿ ਰਿਹਾ ਹੈ।

ਇਸ ਕਾਮਰੇਡ ਦੀ ਅਜੀਬ ਆਦਤ ਹੈ। ਪਹਿਲਾਂ ਇਹਨੇ ਸਾਡੇ ਇੱਕ ਗ਼ਰੀਬ ਸਾਹਿਤਕਾਰ ਨੂੰ ਆਪਣਾ ਪੁਰਾਣਾ ਵਧੀਆ ਕੋਟ-ਪੈਂਟ ਭੇਟ ਕਰ ਦਿੱਤਾ। ਉਸ ਗ਼ਰੀਬ ਲਈ ਸਿਆਲ ਕੱਟਣੇ ਸੌਖੇ ਹੋ ਗਏ। ਫਿਰ ਇਹ ਹਰ ਇੱਕ ਨੂੰ ਦੱਸਦਾ ਫਿਰੇ, "ਇਹ ਕੋਟ ਮੈਂ ਇਹਨੂੰ ਦਿੱਤਾ ਹੈ। ਨਾਲੇ ਇਹਨੂੰ ਕਿਹੈ ਕਿ ਹੁਣ ਸੰਭਾਲ ਕੇ ਰੱਖੇ। ਧੋ-ਧੂ ਲਿਆ ਕਰੇ। ਇਹ ਸਾਰੀ ਉਮਰ ਨੀ ਪਾਟਣ ਵਾਲਾ...।" ਮੈਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਮੈਂ ਸੋਚਾਂ, ਜੇ ਮੈਨੂੰ ਇਹਨੇ ਕੋਟ ਦੇ ਕੇ ਇਹੋ-ਜਿਹੀ ਗੱਲ ਕਹੀ ਹੁੰਦੀ ਤਾਂ ਮੈਂ ਕਦੋਂ ਦਾ ਕੋਟ ਲਾਹ ਕੇ ਇਹਦੇ ਘਰ ਵਗਾਹ ਮਾਰਨਾ ਸੀ। ਅੱਛਾ, ਕਮਾਲ ਇਹਦਾ ਏਸ ਗੱਲ 'ਚ ਵੀ ਆ ਕਿ ਸਾਹਿਤਕਾਰਾਂ ਨਾਲ ਪ੍ਰੇਮ ਕਰਦਾ। ਆਪ ਸਾਹਿਤ ਲਿਖਦਾ ਨਹੀਂ, ਪਰ ਆਪਣੇ ਘਰ ਹਰ ਤੀਜੇ ਮਹੀਨੇ ਸਾਹਿਤਕਾਰਾਂ ਨੂੰ ਇਕੱਠਾ ਕਰਕੇ ਕੋਈ ਨਾ ਕੋਈ ਸਮਾਗਮ ਰਚਾਈ ਰੱਖਦਾ ਹੈ।

ਮੇਰੇ ਨਾਲ ਵਾਹ ਪਿਆ ਤਾਂ ਮੈਨੂੰ ਬਹੁਤ ਪਿਆਰ ਕਰਨ ਲੱਗਿਆ। ਕਹਿ ਕਹਾ ਕੇ ਭਾਈ ਰਣਧੀਰ ਸਿੰਘ ਗ਼ਦਰੀ ਦੇ ਜੀਵਨ ਉੱਤੇ ਕਿਤਾਬ ਲਿਖਵਾ ਲਈ। ਉਸਦੀ ਛਪਾਈ ਲਈ ਚੈੱਕ ਕੱਟ ਕੇ ਦੇ ਦਿੱਤਾ। ਸ਼ਰਤ ਸਿਰਫ ਇਹ ਕਿ ਉਹ ਕਿਤਾਬ ਇਹਦੇ ਪਿਤਾ ਜੀ ਨੂੰ ਡੈਡੀਕੇਟ ਕੀਤੀ ਜਾਵੇ। ਮੈਨੂੰ ਕੀ ਸੀ। ਮੈਂ ਇਹਦੇ ਪਿਤਾ ਜੀ ਨੂੰ ਡੈਡੀਕੇਟ ਕਰ ਦਿੱਤੀ। ਦੋ ਸ਼ਬਦ ਲਿਖਣ ਨਾਲ ਮੇਰਾ ਕੀ ਘਸ ਜਾਣਾ ਸੀ। ਹਜ਼ਾਰਾਂ ਰੁਪਏ ਇਹਨੇ ਲਾ ਦਿੱਤੇ। ਪਰ ਮੈਂ ਇਸ ਗੱਲ ਦੀ ਮਰੋੜੀ ਬਾਰੇ ਸੋਚਦਾ ਰਿਹਾ। ਫੇਰ ਮੈਨੂੰ ਪਤਾ ਲੱਗਾ ਕਿ



ਇਹਦੇ ਪਿਤਾ ਭਾਈ ਸਾਹਿਬ ਦੇ ਸ਼ਰਧਾਲੂ ਸਨ। ਇਹਨਾਂ ਦੇ ਘਰੇ ਭਾਈ ਸਾਹਿਬ ਦੀ ਸਿਮਰਨੀ ਅਤੇ ਇੱਕ ਗਾਊਨ ਸੰਭਾਲਿਆ ਪਿਆ ਹੈ। ਇਹ ਇਹਦੇ ਪਿਤਾ ਦੀ ਧਰੋਹਰ ਹੈ। ਇਹ ਵੀ ਓਨੀ ਹੀ ਸ਼ਰਧਾ ਨਾਲ ਉਹਨੂੰ ਸੰਭਾਲ ਰਿਹਾ ਹੈ। ਮੇਰੇ ਮਨ 'ਚ ਕਈ ਸਵਾਲ ਪੈਦਾ ਹੋਏ, ਕਈ ਮਿਟੇ। ਫਿਰ ਇੱਕ ਸਤਰ ਆ ਕੇ ਟੈਂਟਾ ਈ ਮੁੱਕ ਗਿਆ, 'ਆਪਣੇ ਪਿਤਾ ਦਾ ਨਾਂਅ ਭਾਈ ਸਾਹਿਬ ਦੀ ਕਿਤਾਬ ਉੱਤੇ ਪੜ੍ਹ ਕੇ ਇਹਦੇ ਮਨ ਤੋਂ ਮਣਾਂ ਮੂੰਹੀਂ ਭਾਰ ਲੱਥ ਗਿਆ!'

ਪਰ ਮੇਰੇ ਮਨ 'ਚ ਇਹ ਫਿਕਰਾ ਕਿਉਂ ਆਇਆ? ਕਿਤੇ ਮੇਰੇ ਮਨ 'ਤੇ ਤਾਂ ਕੋਈ ਭਾਰ ਨਹੀਂ। ਕਿਉਂ ਮੈਂ ਗੱਲ ਇਹਦੇ ਨਾਲ ਜੋੜ ਲਈ। ਮੈਂ ਆਪਣੀ ਮਾਂ ਦਾ ਇਲਾਜ ਨਹੀਂ ਕਰਵਾ ਸਕਿਆ। ਉਹਨੂੰ ਮਰਨੋਂ ਬਚਾਇਆ ਜਾ ਸਕਦਾ ਸੀ। ਉਹ ਪਤਾ ਨਹੀਂ ਕਿਉਂ ਮਰ ਗਈ। ਦਰਅਸਲ ਉਹਨੇ ਧਾਰ ਲਿਆ ਸੀ ਕਿ ਉਹ ਮਰ ਜਾਵੇਗੀ। ਉਹ ਸੋਚ ਸਮਝ ਕੇ ਮਰੀ ਐ। ਪਰ ਮੈਂ ਉਹਨੂੰ ਬਚਾਅ ਸਕਦਾ ਸੀ! ਉਹ ਨਹੀਂ ਸੀ ਬਚਾਈ ਜਾ ਸਕਦੀ! ਉਹ ਬਚਣਾ ਨਹੀਂ ਸੀ ਚਾਹੁੰਦੀ, ਮਰਨਾ ਚਾਹੁੰਦੀ ਸੀ। ਪਰ ਕਾਹਤੋਂ? ਉਹਦੀ ਏਡੀ ਦੁਰਦਸ਼ਾ ਤਾਂ ਨਹੀਂ ਸੀ। ਬਿਮਾਰੀ ਵੀ ਏਡੀ ਤੰਗ ਕਰਨ ਵਾਲੀ ਨਹੀਂ ਸੀ। ਫਿਰ ਉਹਨੇ ਖਾਣਾ-ਪੀਣਾ ਕਿਉਂ ਛੱਡ ਦਿੱਤਾ ਸੀ? ਕਿਉਂ ਨਹੀਂ ਸੀ ਦਵਾਈ ਖਾਂਦੀ? ਪਰ ਜਿਸ ਦਿਨ ਪ੍ਰਾਣ ਪੂਰੇ ਹੋਏ ਸਨ, ਉਸ ਦਿਨ ਹਸਪਤਾਲ ਲੈ ਕੇ ਜਾਣ ਨੂੰ ਕਿਉਂ ਵਿਲਕ ਰਹੀ ਸੀ? ਉਹ ਵਿਲਕਦੀ ਝੱਲ ਨਹੀਂ ਸੀ ਹੁੰਦੀ। ਹੱਡੀਆਂ ਦੀ ਮੁੱਠ ਬਣ ਗਈ ਸੀ। ਆਵਾਜ਼ ਪਤਾ ਨਹੀਂ ਕਿਥੋਂ ਆ ਰਹੀ ਸੀ। ਅਵਾਜ਼ 'ਚ ਦਮ ਸੀ। ਤਿੱਖਾਪਣ ਸੀ, ਪਰ ਕੁਰਲਾਹਟ ਕਾਰਨ ਡਰਾਉਣੀ ਲੱਗ ਰਹੀ ਸੀ। ਉਹਦੀਆਂ ਅੱਖਾਂ ਪਹਿਲਾਂ ਮਰ ਗਈਆਂ ਸਨ। ਫਿਰ ਹੱਥ ਪੈਰ ਮਰ ਗਏ। ਦਿਲ ਸੱਭ ਤੋਂ ਬਾਦ 'ਚ ਮਰਿਆ। ਦਿਲ ਤਾਂ ਸਗੋਂ ਉਸਦੇ ਮਰੀ ਤੋਂ ਬਾਅਦ ਵੀ ਕਾਫੀ ਦੇਰ ਤੇਜ਼-ਤੇਜ਼ ਧੜਕਦਾ ਰਿਹਾ ਸੀ। ਪਤਾ ਨਹੀਂ ਖਵਰੇ ਪਹਿਲਾਂ ਦਿਲ ਮਰਿਆ ਹੋਣਾ, ਬਾਅਦ 'ਚ ਸਰੀਰ ਤੇ ਅਖੀਰ 'ਚ ਅੱਖਾਂ। ਅੱਖਾਂ 'ਚ ਤਾਂ ਮੈਂ ਵੇਖ ਹੀ ਨਹੀਂ ਸਾਂ ਸਕਿਆ। ਵੈਸੇ ਮੈਂ ਅੱਜ ਤੀਕ ਉਹਦੀਆਂ ਅੱਖਾਂ 'ਚ ਨਹੀਂ ਵੇਖ ਸਕਿਆ। ਪਤਾ ਨਹੀਂ, ਡਰ ਵੀ ਕੋਈ ਨਹੀਂ ਸੀ। ਹੋ ਸਕਦਾ ਮੇਰੇ ਕਿਤੇ ਜ਼ਿਹਨ 'ਚ ਇਹ ਗੱਲ ਹੋਵੇ ਕਿ ਇਹਦੀਆਂ ਅੱਖਾਂ ਨਿਰਜਿੰਦ ਹਨ। ਮੈਂ ਡਰਦਾ ਮਾਰਾ ਨਹੀਂ ਸਾਂ ਉਹਨਾਂ 'ਚ ਝਾਕਦਾ। ਮੈਂ ਉਹਦੇ ਕੋਲ ਝੂਠ ਵੀ ਬਹੁਤ ਬੋਲੇ ਹਨ। ਆਪਣੀਆਂ ਚੋਰੀਆਂ ਫੜੀਆਂ ਜਾਣ ਦੇ ਡਰੋਂ ਵੀ ਅੱਖਾਂ ਨਹੀਂ ਮੇਲ ਸਕਿਆ ਹੋਣਾ। ਪਰ ਅਖੀਰ ਵਾਰ ਤਾਂ ਉਹਦੀਆਂ ਅੱਖਾਂ ਵੇਖ ਈ ਸਕਦਾ ਸੀ। ਨਹੀਂ! ਨਹੀਂ ਵੇਖ ਸਕਿਆ। ਮਰੀ ਹੋਈ ਦੀਆਂ ਪਲਕਾਂ ਕਿਸੇ ਤੀਵੀਂ ਨੇ ਪੋਲੇ ਜਿਹੇ ਹੱਥਾਂ ਨਾਲ ਮੁੰਦ ਦਿੱਤੀਆਂ ਸਨ। ਮੈਨੂੰ ਉਹਦਾ ਚਿਹਰਾ ਸਹਿਜ ਹੋ ਗਿਆ ਜਾਪਿਆ ਸੀ। ਪਹਿਲਾਂ ਡਰ ਜਿਹਾ ਲੱਗਦਾ ਸੀ। ਅੱਖਾਂ ਮੁੰਦੀਆਂ ਗਈਆਂ ਤਾਂ ਡਰ ਕਫ਼ੂਰ ਹੋ ਗਿਆ। ਇਹਦਾ ਚਿਹਰਾ ਸਹਿਜ ਹੋ ਗਿਆ। ਇਹ ਚਿਹਰਾ ਮਰੇ ਹੋਏ ਬੰਦੇ ਦਾ ਬਿਲਕੁਲ ਨਹੀਂ ਸੀ। ਸਹਿਜ ਹੋ ਗਏ ਬੰਦੇ ਦਾ ਸੀ। ਆਪਣੀ ਮਰਜ਼ੀ ਪੁਗਾ ਗਏ ਬੰਦੇ ਦਾ। ਮੇਰੀ ਮਰਜ਼ੀ ਸੀ, ਮੈਂ ਮਰ ਗਈ।

ਪਰ ਮੈਂ ਇਹ ਸਾਰਾ ਕੁਝ ਕਿਉਂ ਸੋਚੀ ਜਾ ਰਿਹਾਂ?

0000000

ਖੈਰ ਗੱਲ ਤਾਂ ਮੈਂ ਦੋ-ਤਿੰਨ ਕਾਮਰੇਡਾਂ ਦੀ ਕਰ ਰਿਹਾ ਸੀ। ਇਹਨਾਂ ਵਿੱਚ ਈ ਇੱਕ ਐ ਬੂੰਡਾਲੇ ਦਾ ਕਾਮਰੇਡ ਕਰਤਾਰ ਸਿੰਘ। ਉਮਰ ਦੇ ਅਖੀਰਲੇ ਵਰ੍ਹੇ ਹੁਣ ਬਿਰਧ ਆਸ਼ਰਮ 'ਚ ਕੱਟ ਰਿਹਾ। ਕਮਾਲ ਦਾ ਬੰਦਾ ਉਹ ਵੀ। ਸਾਰੀ ਉਮਰ ਪਾਰਟੀ ਦੇ ਲੇਖੇ ਲਾ ਦਿੱਤੀ। ਪੁੱਤ ਬੇਕਰਤੂਤਾ ਨਿਕਲਿਆ, ਤਾਂ ਇਸ ਉਮਰੇ ਆਪਣੀ ਸਾਰੀ ਜ਼ਮੀਨ ਵੀ ਪਾਰਟੀ ਦਫਤਰ ਦੇ ਨਾਵੇਂ ਕਰ ਦਿੱਤੀ ਐ।

ਇਹ ਕਰਤਾਰ ਸਿੰਘ ਦੇਸ਼ ਭਗਤ ਕਰਮ ਸਿੰਘ ਚੀਮੇ ਹੁਰਾਂ ਦੇ ਪ੍ਰਭਾਵ ਹੇਠ ਕਾਮਰੇਡ ਬਣਿਆ ਸੀ। ਚੀਮੇ ਹੁਰਾਂ ਨੇ ਸਾਇਕਲ ਚੁੱਕ ਪਿੰਡੋ-ਪਿੰਡ ਘੁੰਮਣਾ, ਲੋਕਾਂ ਨੂੰ ਅੰਗਰੇਜ਼ਾਂ ਵਿਰੁੱਧ ਲਾਮਬੱਧ ਕਰਨਾ। ਉਦੋਂ ਇਹ ਨਿਆਣਾ ਸੀ। ਫਿਰ ਹੋਸ਼ ਸੰਭਾਲੀ ਤਾਂ ਬਾਬੇ ਚੀਮੇ ਦਾ ਝੋਲਾ ਫੜ ਉਹਦੇ ਮਗਰ-ਮਗਰ ਹੋ ਤੁਰਿਆ। ਜਦੋਂ ਉਹ ਗੋਡਿਆਂ ਦੇ ਦਰਦ ਤੋਂ ਆਤਰ ਹੋ ਗਏ ਤਾਂ ਉਹਨਾਂ ਲੇਡੀ ਸਾਈਕਲ ਲੈ ਲਿਆ। ਇਹਦੇ ਮਨ 'ਚ ਉਹਨਾਂ ਲਈ ਸਤਿਕਾਰ ਹੋਰ ਵਧ ਗਿਆ ਤੇ ਆਪਣਾ ਨਿਸ਼ਚਾ ਵੀ ਪੂਰਾ ਹੋ ਗਿਆ। ਪੱਕਾ-ਠੱਕਾ ਕਾਮਰੇਡ ਰਿਹਾ ਹੈ। ਹੁਣ ਵੀ ਬਿਰਧ ਆਸ਼ਰਮ 'ਚ ਸੱਭ ਤੋਂ ਵੱਧ ਸਿਆਸੀ ਤੌਰ 'ਤੇ ਸੁਚੇਤ

ਕਰਤਾਰ ਸਿੰਘ ਹੀ ਹੈ।

ਅੱਛਾ, ਇਹਦੀ ਜਿਹੜੀ ਗੱਲ ਦੀ ਮੈਨੂੰ ਸਮਝ ਨਹੀਂ ਪੈਂਦੀ, ਉਹ ਆ ਇਹਦਾ ਆਪਣੇ ਮੁੰਡੇ ਨਾਲ ਦੂਰ-ਨੇੜ ਦਾ ਰਿਸ਼ਤਾ। ਮੁੰਡਾ ਇਹਦਾ ਨਸ਼ਿਆਂ ਨੇ ਨੱਪਿਆ ਹੋਇਆ ਆ। ਉਹ ਏਡਾ ਕਮਾਲ ਦਾ ਨਸ਼ੇੜੀ ਆ ਕਿ ਕੋਕਾ ਕੋਲਾ ਨਾਲ ਭੁੱਕੀ ਖਾਣ ਕਰਕੇ ਕਿਹੋ-ਜਿਹੀ ਲਹਿਰ ਉੱਠਦੀ ਐ ਤੇ ਸ਼ਿਕੰਜਵੀ ਨਾਲ ਖਾਣ ਕਰਕੇ ਕਿਹੋ-ਜਿਹੀ ਲਹਿਰ ਉੱਠਦੀ ਹੈ, ਸੱਭ ਜਾਣਦਾ। ਹੋਰ ਵੀ ਨਸ਼ੇ ਬਹੁਤ ਕਰਦਾ। ਇਹਦੇ ਗਿੱਟਿਆਂ 'ਤੇ ਭੂਕਣੇ ਮਾਰਦੈ। ਗਾਲ੍ਹਾਂ ਕੱਢਦਾ ਇਹਨੂੰ। ਉਹਦੇ ਤੋਂ ਤੰਗ ਆ ਕੇ ਈ ਇਹਨੇ ਜ਼ਮੀਨ ਪਾਰਟੀ ਦੇ ਨਾਂਅ ਲੁਆ ਦਿੱਤੀ ਹੈ। ਪਰ ਕਿਤੇ-ਕਿਤੇ ਇਹਨੂੰ ਹੇਜ ਉੱਠਦਾ ਹੈ। ਇਹ ਪਾਈ-ਪਾਈ ਕਰਕੇ ਜੋੜੇ ਪੈਸੇ ਆਪਣੇ ਪੁੱਤ ਨੂੰ ਫੜਾ ਆਉਂਦਾ ਹੈ। ਕੁਝ ਦਿਨਾਂ ਬਾਅਦ ਪੁੱਤ ਫੇਰ ਆ ਕੇ ਇਹਦੇ ਗਿੱਟੇ ਸੇਕ ਜਾਂਦਾ ਹੈ। ਇਹ ਫਿਰ ਉਸਨੂੰ ਗਾਲ੍ਹਾਂ ਕੱਢਣੀਆਂ ਸ਼ੁਰੂ ਕਰ ਦਿੰਦਾ।

ਥੋੜ੍ਹੇ ਹੀ ਦਿਨਾਂ 'ਚ ਇਹ ਫਿਰ ਸਹਿਜ ਹੋ ਜਾਂਦਾ ਐ ਤੇ ਉਹਦੇ ਲਈ ਪੈਸੇ ਇਕੱਠੇ ਕਰਕੇ ਉਹਨੂੰ ਲੱਭਣ ਤੁਰ ਜਾਂਦਾ...।

ਖ਼ੈਰ, ਗੱਲਾਂ ਹੋਰ ਵੀ ਕਈ ਨੇ, ਪਰ ਮੈਂ ਇਹਨਾਂ ਨੂੰ ਨਾਵਲ 'ਚ ਨਾ ਹੀ ਲਵਾਂ ਤਾਂ ਵਧੀਆ ਰਹੇਗਾ। ਇਹ ਪਾਸੇ ਹੀ ਰੱਖਾਂ। ਇੰਝ ਵੀ ਕੀਤਾ ਜਾ ਸਕਦਾ ਹੈ ਕਿ ਇਹਨਾਂ ਬਾਰੇ ਕੁਝ ਗੱਲਾਂ ਫੁੱਟ-ਨੋਟਾਂ 'ਚ ਦੇ ਦੇਵਾਂ। ਪਰ ਨਾਵਲ ਦਾ ਬਿਰਤਾਂਤ ਡਿਸਟਰਬ ਹੋ ਜਾਊ। ਵੈਸੇ ਇਹਦੇ 'ਚ ਬਿਰਤਾਂਤ ਹੈ ਈ ਕਿੱਥੇ? ਪਰ ਫੇਰ ਵੀ, ਇਹ ਸਾਰੇ ਨਾਵਲ ਨੂੰ ਉਲਝਾ ਦੇਣਗੇ, ਜੇ ਲਕੀਰੀ ਜਿਹਾ ਨਾਵਲ ਹੁੰਦਾ ਤੇ ਪੜ੍ਹਨ ਵਾਲੀ ਚੀਜ਼ ਹੁੰਦਾ ਤਾਂ ਇਹਨਾਂ ਦੀਆਂ ਬਰੀਕ ਤੋਂ ਬਰੀਕ ਤੰਦਾਂ ਨਾਵਲ 'ਚ ਦਿੱਤੀਆਂ ਜਾ ਸਕਦੀਆਂ ਸਨ। ਪਰ ਹੁਣ ਤਾਂ ਇਹਨਾਂ ਤੋਂ ਮੁਆਫੀ ਈ ਮੰਗ ਲਈ ਜਾਵੇ ਤਾਂ ਠੀਕ ਐ।

ਕੀ? ਤੁਸੀਂ ਵੀ ਸਹਿਮਤ ਹੋ। ਚਲੋ ਚੰਗਾ ਫੇਰ। ਨਾਲੇ ਮੈਥੋਂ ਬਹੁਤਾ ਖਲਜਗਣ ਹੋਣਾ ਵੀ ਨਹੀਂ...!

## ੨੧

ਦੇਖੋ, ਪ੍ਰੋਫੈਸਰ ਕੇਸੀਂ ਨਹਾ ਕੇ ਹਟੇ ਨੇ, ਅੱਜ ਪੂਰੀ ਤਰ੍ਹਾਂ ਫਰੈਸ਼ ਲੱਗ ਰਹੇ ਨੇ। ਵੈਸੇ ਇਹਨਾਂ ਨਾਲ ਗੱਲਾਂ ਕਰੋਗੇ ਤਾਂ ਇਹ ਵਿੱਚ-ਵਿਚਾਲੇ ਰੋਲ-ਘਚੋਲਾ ਜਿਹਾ ਵੀ ਪਾ ਸਕਦੇ ਨੇ। ਪਰ ਜੇ ਇਹਨਾਂ ਨੂੰ ਆਪਣੇ ਈ ਮੂਡ 'ਚ ਰਹਿਣ ਦਿੱਤਾ ਜਾਵੇ ਤਾਂ ਆਪਾਂ ਨੂੰ ਬਹੁਤ ਕੁਝ ਸਮਝਾ ਦੇਣਗੇ। ਇਹ ਆਪਣੇ ਲਿਖਣ ਕਮਰੇ ਵੱਲ ਈ ਜਾ ਰਹੇ ਨੇ। ਕਿਆ ਤੋਰ ਐ! ਵਾਲ ਖੁਲ੍ਹੇ ਹੋਏ। ਦਾੜ੍ਹੀ ਸਾਫ, ਐਨ ਤਰੀਕੇ ਨਾਲ ਖਿਲਰੀ ਹੋਈ। ਕੋਈ ਫਿਲਾਸਫਰ ਲੱਗ ਰਹੇ ਨੇ। ਲੱਗ ਕੀ ਰਹੇ ਨੇ, ਹਨ ਈ। ਬੜੇ ਅਰਾਮ ਨਾਲ ਆਪਣੀ ਤਖ਼ਤੀ ਚੁੱਕੀ ਐ। ਲਿਖਣ ਬੈਠ ਗਏ ਨੇ। ਕੁਝ ਨੋਟਿਸ ਲੈ ਰਹੇ ਲੱਗਦੇ ਨੇ। ਚਲੋ ਦੇਖਦੇ ਆਂ।

'ਪੰਜਾਬ 'ਚ ਛੋਟੇ-ਛੋਟੇ ਗਣਰਾਜ ਸਨ। ਕਈ ਕਬੀਲੇ ਬਹੁਤ ਤਾਕਤਵਰ ਤੇ ਵੱਡੇ ਸਨ। ਮਲਵਈ ਬਹੁਤ ਵੱਡਾ ਕਬੀਲਾ ਸੀ। ਬੋਧੀ ਵਿਚਾਰਧਾਰਾ ਸੀ। ਸੰਗਮ ਸ਼ਰਣਮ ਗੱਛਾਮੀ! ਲੋਕ ਕਮਾਲ ਦੇ ਸਨ। ਲੜਾਕੂ ਵੀ ਸਨ। ਕਈ ਸੰਘ ਵਾਰ-ਵਾਰ ਟੁੱਟੇ, ਵਾਰ-ਵਾਰ ਬਣੇ। ਫਿਰ ਮੁਗਲ ਆ ਗਏ। ਪੰਜਾਬ ਦੀ ਬੱਲੇ-ਬੱਲੇ, ਆਰਟੀਜ਼ਨ ਕਲਾਸਾਂ ਭਾਰਤ ਦੇ ਦੂਜੇ ਕੋਨਿਆਂ 'ਚੋਂ ਵੀ ਮਾਈਗਰੇਟ ਕਰਕੇ ਏਧਰ ਆ ਗਈਆਂ। ਫਿਰ ਚੱਲ ਸੋ ਚੱਲ। ਪੰਜਾਬ 'ਚ ਕੋਈ ਜਾਤ ਐਸੀ ਨਹੀਂ, ਜਿਹੜੀ ਮਿਕਸ ਨਾ ਹੋਈ ਹੋਵੇ। ਫਿਰ ਰਣਜੀਤ ਸਿੰਘ ਨੇ ਕੁਹਾੜਾ ਫੇਰਿਆ। ਨਿਰਮਲੇ ਡੇਰਿਆਂ ਨੂੰ ਤਕੜਿਆਂ ਕੀਤਾ। ਉਦਾਸੀਆਂ ਦੇ ਡੇਰੇ ਵੀ ਬਾਹਵਾ ਸੇਵਾ ਪਾਣੀ ਲੈਂਦੇ ਰਹੇ। ਅੰਗੇਰਜ਼ਾਂ ਨੇ ਪੰਜਾਬ 'ਚ ਜੋ ਕੰਮ ਕੀਤੇ, ਉਹਨਾਂ ਬਾਰੇ ਅੱਜ ਚਰਚਾ ਹੋਣੀ ਬਾਕੀ ਆ। ਆਦਿ ਧਰਮ ਮੰਡਲ ਬਣਾ ਦਿੱਤਾ ਗਿਆ। ਅੰਗ੍ਰੇਜ਼ਾਂ ਦਾ ਥਾਪੜਾ ਮਿਲ ਗਿਆ। ਰਾਮਗੜ੍ਹੀਆਂ ਦੀ ਸੋਸਾਇਟੀ ਰਜਿਸਟਰ ਹੋ ਗਈ। ਅੰਗ੍ਰੇਜ਼ਾਂ ਦਾ ਥਾਪੜਾ ਮਿਲ ਗਿਆ। ਪੰਜਾਬ ਦੇ ਬ੍ਰਾਹਮਣ ਅਤੇ ਅੰਗ੍ਰੇਜ਼ੀ ਰਾਜ ਨੂੰ ਸਮਝਣਾ ਹੈ ਤਾਂ ਸ਼ਰਧਾ ਰਾਮ ਫਿਲੌਰੀ ਦੇ ਜੀਵਨ ਤੇ ਰਚਨਾਵਾਂ ਨੂੰ ਸਮਝ ਲਵੋ। ... ਜੈ ਮਾਤਾ ਦੀ...!

'ਲਓ ਜੀ, ਉਹਦੇ ਤੋਂ ਬਅਦ ਵੰਡ ਦਾ ਵੇਲਾ ਆ। ਪੰਜਾਬ 'ਚ ਨਫਰਤ ਜਾਗ ਉੱਠੀ। ਇਹ



ਕਈ ਦਹਾਕਿਆਂ ਦੀ ਦੱਬੀ ਪਈ ਸੀ। ਸੁਲਘਦੀ ਰਹੀ ਸੀ। ਭਾਂਬੜ ਬਣ ਗਈ। ਲਓ ਜੀ, ਬਾਬਾ ਜੀ ਆਜ਼ਾਦੀ ਮਿਲ ਗਈ, ਪੰਜਾਬ ਵੀ ਲੀਹੇ ਪੈ ਗਿਆ। ਅੰਨ ਉਪਜਣ ਲੱਗਾ, ਧੰਨ ਵਿਗਸਣ ਲੱਗਾ। ਫੇਰ ਜੀ ਓਧਰੋਂ ਹਰੀ ਕ੍ਰਾਂਤੀ ਦਾ ਸਿੱਟਾ ਆ ਗਿਆ, ਉਪਰੋਂ ਗਲੋਬਲਾਈਜੇਸ਼ਨ ਤੇ ਵਿੱਚੋਂ ਅੱਤਵਾਦ ਪੈਦਾ ਹੋ ਗਿਆ। ਇਹ ਬਹੁਤ ਔਖੇ ਕਰਨ ਵਾਲਾ ਦੌਰ ਹੈ। ਇਸ ਦੌਰ ਨੂੰ ਸਮਝਣਾ ਬਹੁ ਜ਼ਰੂਰੀ ਹੈ। ਇਸੇ ਦੌਰ ਦੇ ਲੋਕਾਂ 'ਚ ਅਸੁਰੱਖਿਅਤਾ ਆਈ। ਉਹ ਅਲਗਾਵਵਾਦ ਦਾ ਸ਼ਿਕਾਰ ਹੋਏ। ਉਹ ਇਕੱਲ ਹੰਢਾਉਣ ਲੱਗੇ। ਲਓ ਜੀ, ਬਾਬਾ ਜੀ, ਇਹ ਦੌਰ ਭਿਆਨਕ ਵੀ ਬੜਾ...!'

0000000

"ਪ੍ਰੋਫੈਸਰ ਸਾਹਿਬ ਮੈਂ ਅੱਜ ਕੱਲ੍ਹ ਇੱਕ ਨਾਵਲ ਲਿਖ ਰਿਹਾਂ। ਇਹ ਮੇਰੀ ਆਪਣੀ ਪੀੜ੍ਹੀ ਦਾ ਈ ਲੇਖਾ-ਜੋਖਾ ਆ! ਮੇਰੀ ਪੀੜ੍ਹੀ ਜਿਹੜੀ ਚੌਰਾਸੀ 'ਚ ਸੁਰਤ ਸੰਭਾਲਣ ਲੱਗਦੀ ਆ ਤੇ ਹੁਣ ਪਾਗਲ ਖਾਨੇ ਪਹੁੰਚਣ ਵਾਲੀ ਹੋਈ ਪਈ ਆ...!"

"ਬਹੁਤ ਚੰਗੀ ਗੱਲ ਏ। ਆਪਣੇ ਸਮੇਂ ਨੂੰ ਸਮਝਣਾ ਚਾਹੀਦਾ। ਇਹਦੇ ਬਾਰੇ ਲਿਖਣਾ ਵੀ ਚਾਹੀਦਾ। ਪਰ ਯਾਦ ਰੱਖਿਓ, ਇਸੇ ਸਮੇਂ 'ਚ ਹੁਣ ਮੁੜ ਵਿਚਾਰਾਂ ਹੋਣ ਲੱਗੀਆਂ ਨੇ। ਇਸੇ ਸਮੇਂ 'ਚ ਹੁਣ ਫੇਰ ਚਿੰਤਨ ਦੀਆਂ ਗੱਲਾਂ ਛਿੜ ਰਹੀਆਂ ਨੇ। ਮਾਰਕਸਵਾਦ ਵਾਲੇ ਵੀ ਨਵੀਆਂ ਗੱਲਾਂ ਕਰ ਰਹੇ ਨੇ। ਇਹਨਾਂ ਨੇ ਵੀ ਆਪਣੀ ਸੋਚ ਤੋਂ ਧੂੜ ਝਾੜੀ ਏ। ਹੋਰ ਵੀ ਬਹੁਤ ਸਾਰੇ ਲੋਕ ਗੱਲਾਂ ਕਰ ਰਹੇ ਨੇ। ਦਲਿਤਾਂ ਬਾਰੇ ਗੱਲਾਂ ਹੋ ਰਹੀਆਂ ਨੇ। ਇਤਿਹਾਸ ਬਾਰੇ ਗੱਲਾਂ ਤੁਰ ਪਈਆਂ ਨੇ। ਇਸ ਸੱਭ ਕੁਝ ਨੂੰ ਵੀ ਨਾਲ ਲੈਣਾ ਬਹੁਤ ਜ਼ਰੂਰੀ ਏ।"

"ਹਾਂ, ਤੁਹਾਡੀ ਗੱਲ ਠੀਕ ਹੈ। ਪਰ ਮੈਂ ਇਸ ਨਾਵਲ ਨੂੰ ਸਿਆਸਤ ਤੋਂ ਵੀ ਦੂਰ ਈ ਰੱਖਣਾ ਚਾਹੁੰਦਾਂ। ਮੇਰੇ ਇਸ ਨਾਵਲ ਦਾ ਕੋਈ ਵੀ ਕਿਰਦਾਰ ਸਿਆਸੀ ਨਹੀਂ...।"

"ਦਰਅਸਲ ਗੱਲ ਇਹ ਏਵੇਂ ਕਿ ਹੁਣ ਸਿਆਸਤ ਦਾ ਸਮਾਂ ਰਿਹਾ ਈ ਨਹੀਂ। ਹੁਣ ਸਿਆਸੀ ਲੋਕ ਤੁਹਾਨੂੰ ਮਿਲਣਗੇ ਹੀ ਨਹੀਂ। ਸਿਆਸਤ ਉੱਤੇ ਸਰਮਾਇਆ ਭਾਰੂ ਹੋ ਗਿਆ ਏ। ਹੁਣ ਸਰਮਾਏਦਾਰ ਲੋਕ ਸਿਆਸਤ 'ਚ ਆਉਣਗੇ। ਇਹਨਾਂ ਦੀ ਮਾਨਸਿਕਤਾ ਸਿਆਸੀ ਨਹੀਂ ਹੋ ਸਕਦੀ। ਇਹ ਸਿਆਸੀ ਹੋ ਈ ਨਹੀਂ ਸਕਦੇ। ਰੁਪਿਆਂ ਦੀਆਂ ਗੱਡੀਆਂ ਭਰ ਕੇ ਆਇਆ ਕਰਨਗੀਆਂ ਤੇ ਵੋਟਾਂ ਲੈ ਕੇ ਲਾਂਭੇ। ਫਿਰ ਦੇਸ਼ ਨੂੰ ਲੁੱਟਿਆ ਜਾਵੇਗਾ...। ਇਹ ਸੰਵੇਦਨਹੀਣ ਲੋਕਾਂ ਦਾ ਦੌਰ ਏ। ਕਿਸੇ ਦੇ ਸੰਵੇਦਨਾ ਨਹੀਂ ਜਾਗਦੀ। ਤੁਸੀਂ ਆਹ ਇਲੈਕਸ਼ਨ 'ਚ ਨਹੀਂ ਵੇਖਿਆ, ਕਿਵੇਂ ਇਸ ਸ਼ਰਾਬ ਬਨਾਉਣ ਵਾਲੇ ਸਰਮਾਏਦਾਰ ਨੇ ਪਾਣੀ ਵਾਂਗ ਪੈਸਾ ਵਹਾਇਆ ਤੇ ਸੀਟ ਜਿੱਤ ਗਿਆ। ਫਿਰ ਕਈ ਏਕੜਾਂ 'ਚ ਤੰਬੂ ਲਾ ਕੇ ਪਾਰਟੀ ਕੀਤੀ। ਘਟੀਆ ਸ਼ਰਾਬ ਲੋਕਾਂ ਨੂੰ ਪਿਲਾਈ। ਅੱਛਾ ਹੋਰ ਸੁਣੋ, ਲੋਕੀ ਅੰਨ੍ਹੀ ਸ਼ਰਾਬ ਪੀ ਕੇ ਰਾਹ 'ਚ ਡਿੱਗੇ ਫਿਰਨ। ਉਹਨਾਂ ਨੂੰ ਦੇਖੇ ਬਿਨਾਂ ਈ ਲਾਲ ਬੱਤੀ ਵਾਲੀਆਂ ਕਾਰਾਂ ਉਹਨਾਂ ਦੇ ਲਾਗਿਉਂ ਦੀ ਲੰਘੀ ਜਾਣ। ਪੰਮੀ ਬਾਈ ਨੱਚੀ ਜਾਵੇ...। ਦੇਖੋ, ਲੋਕ ਸ਼ਰਾਬ ਨਾਲ ਮਰ ਰਹੇ ਨੇ, ਪੰਮੀ ਬਾਈ ਨੱਚ ਰਿਹਾ ਏ। ਲੋਕ ਪਾਗਲ ਨੇ ਤਾਂ ਪੰਮੀ ਬਾਈ ਕੀ ਏ? ਉਹਨੂੰ ਨੱਚਣ ਤੋਂ ਸਿਵਾਏ ਹੋਰ ਕੁਝ ਆਉਂਦਾ ਈ ਨਹੀਂ...?"

000000

ਪ੍ਰੋਫੈਸਰ ਪਤਾ ਨਹੀਂ ਕੀ-ਕੀ ਬੋਲਦੇ ਰਹੇ ਨੇ। ਮੇਰਾ ਤਾਂ ਧਿਆਨ ਆਪਣੀ ਅਖਬਾਰ ਵੱਲ ਚਲਿਆ ਗਿਆ ਸੀ। ਇਸ ਸਰਮਾਏਦਾਰ ਨੇ ਕਈ ਅਖਬਾਰਾਂ ਨੂੰ ਪੈਸੇ ਨਾਲ ਖਰੀਦ ਲਿਆ ਸੀ। ਸਾਡੀ ਅਖਬਾਰ ਵੀ ਵਿਕ ਗਈ ਸੀ। ਇਸ ਬਾਰੇ ਖ਼ਬਰਾਂ ਬਣਾਉਣ ਤੇ ਇਸ਼ਤਿਹਾਰਾਂ ਦੇ ਪੈਸੇ ਲੈ ਕੇ ਆਉਣ ਦੀ ਮੇਰੀ ਡਿਊਟੀ ਸੀ। ਵੋਟਾਂ ਦੇ ਅਖੀਰਲੇ ਦਿਨੀਂ ਇਹਨਾਂ ਵੱਲ ਦੋ ਲੱਖ ਤੋਂ ਜ਼ਿਆਦਾ ਦੀ ਰਕਮ ਹੋ ਗਈ ਸੀ। ਮੇਰੀ ਮਾਂ ਨੂੰ ਫਿਰ ਅਟੈਕ ਹੋਇਆ ਤਾਂ ਮੈਨੂੰ ਹਸਪਤਾਲ ਆਉਣਾ ਪੈ ਗਿਆ। ਓਧਰ ਮੈਨੂੰ ਮਾਂ ਦੀ ਪਈ ਹੋਈ ਸੀ, ਏਧਰ ਸਾਡੇ ਜੀ ਐਮ ਨੂੰ ਪੈਸਿਆਂ ਦੀ ਪਈ ਸੀ।

ਫੋਨ ਆਉਂਦਾ, "ਤੁਸੀਂ ਹੁਣੇ ਜਾਓ ਤੇ ਉਹਨਾਂ ਕੋਲੋਂ ਪੈਸੇ ਲੈ ਕੇ ਆਓ। ਤੁਸਾਂ ਨੂੰ ਨਹੀਂ ਪਤਾ ਇਹ ਗੁੰਡੇ ਲੋਕ ਜੇ ਮੁੱਕਰ ਗਏ, ਆਪਾਂ ਫਸ ਜਾਵਾਂਗੇ...!" ਮੈਂ ਖ਼ੂਨ ਦੇ ਘੁੱਟ ਪੀ ਕੇ ਰਹਿ ਜਾਂਦਾ। ਮੇਰੇ ਮਨ

'ਚ ਆਉਂਦਾ ਇਹਨੂੰ ਕਹਾਂ, 'ਭੈਣ ਚੋਦਾ, ਤੇਰੇ ਨਾਲੋਂ ਤਾਂ ਵੱਧ ਸੰਵੇਦਨਸ਼ੀਲ ਨੇ ਗੁੰਡੇ। ਸਾਲਿਆ ਜੇ ਪੈਸੇ ਮਰ ਗਏ ਤਾਂ ਤੂੰ ਕਿਹੜਾ ਬੱਕਰੀ ਵੇਚੀ ਸੀ? ਸਾਲਾ ਪਾਗਲ ਨਾ ਹੋਵੇ ਤਾਂ।'

ਇਹ ਜੀ ਐਮ ਵੀ ਬਹੁਤ ਅਜੀਬ ਬੰਦਾ ਏ। ਪਾਕਿਸਤਾਨ ਤੋਂ ਉੱਜੜ ਕੇ ਇਹਨਾਂ ਦਾ ਟੱਬਰ ਏਧਰ ਆ ਵਸਿਆ। ਆਪ ਇਹ ਕਾਮਰੇਡੀ 'ਚ ਜਾ ਵੜਿਆ। ਪਿਓ ਇਹਦਾ ਹਿਕਮਤ ਕਰਦਾ ਸੀ। ਇਹ ਦੱਸਦਾ ਹੁੰਦਾ ਕਈ ਵਾਰ ਕਿ ਉਹ ਰੰਗਦਾਰ ਸ਼ੀਸ਼ਿਆਂ ਵਿੱਚੋਂ ਦੀ ਰੌਸ਼ਨੀ ਮਾਰ ਕੇ ਕੈਂਸਰ ਦਾ ਇਲਾਜ ਕਰਿਆ ਕਰਦਾ ਸੀ। ਨਾਲੇ ਇਹਦੀ ਮਾਂ ਦਾ ਟਣਾ!

ਅੱਛਾ, ਹੁਣ ਇਹਦੀ ਹਾਲਤ ਏਨੀ ਮਾੜੀ ਆ ਕਿ ਸਾਰੀ ਆਕੜ ਭੱਜ ਕੇ ਕਮਲੇਪਣ 'ਚ ਬਦਲ ਗਈ ਆ। ਅਖ਼ਬਾਰ 'ਚ ਪੁੱਛਦਾ ਕੋਈ ਨੀ। ਨਾ ਮਾਤਰ ਦਾ ਜੀ ਐਮ ਬਣਾਇਆ। ਚਲੋ ਸਾਰੀ ਉਮਰ ਲੇਖੇ ਲਾਈ ਆ, ਇੱਕ ਪਾਸੇ ਬੈਠਾ ਰਹੂ। ਇਹਨੂੰ ਕੰਮ ਕੋਈ ਹੈਨੀ, ਹੁਣ ਮੇਰੇ ਪਿੱਛੇ ਈ ਪਿਆ ਰਹੂ। ਮਾੜਾ ਬੰਦਾ ਏਨਾ ਆ ਕਿ ਕਈ ਵਰ੍ਹਿਆਂ ਤੋਂ ਹਰਨ੍ਹੀਆਂ ਵਾਲੇ ਪਤਾਲੂ ਲੰਗੋਟ ਨਾਲ 'ਤਾਂਹ ਚੜ੍ਹਾਈ ਫਿਰਦੈ, ਆਪ੍ਰੇਸ਼ਨ ਨਹੀਂ ਕਰਵਾਉਂਦਾ। ਆਲ-ਔਲਾਦ ਕੋਈ ਹੈ ਨਹੀਂ। ਹਨ੍ਹੇਰੇ ਜਿਹੇ ਖੰਡਰ ਮਕਾਨ 'ਚ ਰਹਿੰਦੈ। ਗਲੀ ਦਾ ਕੁੱਤਾ ਇਹਦੇ ਬੂਹੇ ਮੂਹਰੇ ਬੈਠਾ ਇਹਦੀ ਰਖਵਾਲੀ ਕਰਦੈ। ਸਾਲੇ ਨੂੰ ਜਿਵੇਂ ਕੋਈ ਚੁੱਕ ਕੇ ਲੈ ਜੂ...। ਅੱਛਾ, ਇੱਕ ਕੰਮ ਹੋਰ ਐ ਇਹਦਾ। ਕੰਜਰ ਦਫਤਰ ਦੇ ਵਿੱਚ ਈ, ਜ਼ਨਾਨੀਆਂ ਸਾਹਮਣੇ ਨਾਲਾ ਖੋਲ੍ਹ ਕੇ ਲੰਗੋਟ ਕੱਸਣ ਲੱਗ ਪਊ...!

ਭੈਣ ਦਾ ਯਾਰ, ਬੇਸ਼ਰਮ!

## ੨੨

ਵੈਸੇ ਇਹ ਕਾਂਡ ਸਿੱਧੇ ਰੂਪ 'ਚ ਸਾਡੇ ਨਾਵਲ ਦਾ ਹਿੱਸਾ ਨਹੀਂ, ਪਰ ਦੋ-ਤਿੰਨ ਵਾਕਿਆਤ ਯਾਦ ਆ ਗਏ ਨੇ। ਇਹਨਾਂ ਨੂੰ ਇਥੇ ਝਰੀਟ ਲੈਂਦੇ ਹਾਂ। ਕਿਤੇ ਨਾ ਕਿਤੇ ਤਾਂ ਕੰਮ ਆ ਹੀ ਜਾਣਗੇ। ਪਾਤਰਾਂ ਦੇ ਮਨ ਨੂੰ ਸਮਝਣ-ਸਮਝਾਉਣ ਲਈ ਸਹਾਈ ਹੋ ਸਕਦੇ ਨੇ। ਨਾ ਹੋਊ ਤਾਂ ਡਲੀਟ ਕਰ ਦਿਆਂਗੇ। ਪਰ ਮੇਰਾ ਖਿਆਲ ਹੈ ਕਿ ਜਿਹੜਾ ਵੀ ਵਿਚਾਰ ਆਵੇ, ਉਸਨੂੰ ਝਰੀਟ ਕੇ ਜ਼ਰੂਰ ਰੱਖ ਲਿਆ ਜਾਵੇ। ਇੱਕ ਵਾਰ ਆਇਆ ਵਿਚਾਰ ਮੁੜ ਉਸੇ ਰੂਪ 'ਚ ਆਉਣਾ ਸੰਭਵ ਨਹੀਂ ਹੁੰਦਾ। ਖ਼ੈਰ, ਸਾਡਾ ਤਾਂ ਨਾਵਲ ਵੀ ਇਹੋ-ਜਿਹਾ ਤੇ ਇਹਦੇ ਪਾਤਰ ਵੀ ਕਿ ਜੇ ਕਿਸੇ ਦਾ ਇੱਕ ਵਾਰ ਸਾਹ ਲੈਣਾ ਵੀ ਖੁੰਝ ਗਿਆ ਤਾਂ ਸਮਝੋ ਤੁਸੀਂ ਬਹੁਤ ਕੁਝ ਗਵਾ ਲਿਆ। ਸਾਹ ਲੈਣਾ ਵੀ ਮਹੱਤਵਪੂਰਨ ਹੈ ਕਿਸੇ ਪਾਤਰ ਦਾ।

ਲਉ ਜੀ, ਵਾਕਿਆ ਇਹ ਹੈ ਕਿ ਜਿਸ ਉਸਤਾਦ ਜੀ ਨੇ ਮੈਨੂੰ ਹਰਮੋਨੀਅਮ ਸਿਖਾਉਣੋਂ ਨਾਂਹ ਕਰ ਦਿੱਤੀ ਸੀ, ਕੱਲ੍ਹ ਉਸਨੂੰ ਕਿਸੇ ਨੇ ਉਸਦੀ ਚੌਬਾਰੀ ਜਿਹੀ 'ਚੋਂ ਬਾਰੀ ਥਾਣੀ ਹੇਠਾਂ ਸੁੱਟ ਦਿੱਤਾ। ਡਿੱਗਦੇ ਸਾਰ ਹੀ ਸਿਰ ਖੁੱਲ੍ਹ ਗਿਆ ਤੇ ਉਹ ਉੱਥੇ ਈ ਚੌਫਾਲ ਪੈ ਗਿਆ। ਰਾਤ ਗਹਿਰੀ ਹੋਣ ਕਰਕੇ ਕਿਸੇ ਨੂੰ ਪਤਾ ਨਹੀਂ ਲੱਗਿਆ। ਲੋਕਾਂ ਸਵੇਰੇ-ਸਵੇਰੇ ਦੇਖਿਆ। ਪੂਰੇ ਬਜ਼ਾਰ ਵਿੱਚ ਸਹਿਮ ਛਾ ਗਿਆ। ਪੁਲਸ ਨੂੰ ਇਤਲਾਹ ਦਿੱਤੀ ਗਈ। ਕੋਈ ਕਹਿ ਰਿਹਾ ਚੋਰ ਦਾ ਕੰਮ ਐ, ਕੋਈ ਕਹਿ ਰਿਹਾ ਚੋਰ ਨੇ ਇਹਦੇ ਤੋਂ ਕੀ ਲੈਣਾ ਸੀ।

ਇਹ ਉਸਤਾਦ ਜੀ ਅੰਨ੍ਹੇ ਸਨ। ਅੰਨ੍ਹੇ ਨਹੀਂ ਇਹਨਾਂ ਦੀਆਂ ਅੱਖਾਂ ਦੇ ਨਿਸ਼ਾਨ ਤੱਕ ਵੀ ਨਹੀਂ ਸਨ। ਬਸ ਮੱਥਾ ਹੀ ਮੱਥਾ ਸੀ, ਚੌੜਾ ਮੱਥਾ। ਨੱਕ, ਬੁੱਲ ਤੇ ਠੋਡੀ। ਨਾ ਭਰਵੱਟੇ, ਨਾ ਅੱਖਾਂ ਦੇ ਨਿਸ਼ਾਨ। ਬੜਾ ਅਜੀਬ ਲੱਗਦਾ ਸੀ। ਮੋਟਾ ਢਿੱਡ, ਮੋਟਾ ਘੋਨ-ਮੋਨ ਸਿਰ। ਚੌੜੇ ਕੰਨ, ਮੋਟਾ ਨੱਕ, ਅਜੀਬ, ਪਰ ਭਿਆਨਕ ਨਹੀਂ। ਕਦੇ-ਕਦੇ ਮੈਨੂੰ ਕਚਿਆਣ ਜਿਹੀ ਆਉਂਦੀ। ਇਹ ਹਰਮੋਨੀਅਮ ਸਿਖਾਉਂਦੇ ਸਨ। ਬਹੁਤੀਆਂ ਸ਼ਗਿਰਦ ਕੁੜੀਆਂ ਸਨ। ਮੁੰਡਿਆਂ ਨੂੰ ਆਨਾ-ਕਾਨੀ ਕਰ ਦਿੰਦੇ, ਕੁੜੀ ਦੇ ਪਿਛਾੜੀਉਂ ਬਾਂਹ ਵਲ ਕੇ ਉਹਦੀਆਂ ਉਂਗਲਾਂ ਹਰਮੋਨੀਅਮ ਦੇ ਬਟਨਾਂ 'ਤੇ ਤੈਰਦੀਆਂ। ਕੁੜੀ ਛੂਈਂ-ਮੂਈਂ ਹੋਈ ਜਾਂਦੀ। ਉਹਦੀ ਬਾਂਹ ਦਾ ਕਸਾਅ ਵਧਦਾ ਜਾਂਦਾ। ਹੋ ਸਕਦਾ, ਇਹ ਮੇਰੀ ਨਜ਼ਰ ਦਾ ਧੋਖਾ ਹੋਵੇ। ਪਰ ਲੱਗਦਾ ਮੈਨੂੰ ਇੰਝ ਹੀ ਸੀ।

ਜਦੋਂ ਮੈਂ ਉਹਨਾਂ ਕੋਲ ਹਰਮੋਨੀਅਮ ਸਿੱਖਣ ਗਿਆ, ਦੋ ਕੁ ਦਿਨਾਂ ਬਾਅਦ ਮੈਨੂੰ ਕਹਿੰਦੇ, "ਤੇਰੇ ਕੋਲੋਂ ਹਰਮੋਨੀਅਮ ਨਹੀਂ ਸਿਖਿਆ ਜਾਣਾ। ਤੂੰ ਤਬਲਾ ਵਧੀਆ ਵਜਾ ਲਵੇਂਗਾ। ਇਸ ਲਈ ਤਬਲਾ ਸਿੱਖ



ਕਿਸੇ ਕੋਲੋਂ।" ਲਓ ਜੀ, ਮੈਂ ਤੁਰ ਆਇਆ। ਹੋਰ ਕੀ ਕਰਦਾ। ਪਰ ਬਾਕੀ ਮੁੰਡਿਆਂ ਦੇ ਦੱਸਣ ਵਾਂਗ ਮੇਰਾ ਵੀ ਯਕੀਨ ਬੱਝ ਗਿਆ ਕਿ ਉਸਤਾਦ ਜੀ ਸਿਰਫ ਕੁੜੀਆਂ ਨੂੰ ਹੀ ਸਿਖਾਉਂਦੇ ਆ।

ਇਹ ਰਹਿੰਦੇ ਸਨ ਬਜ਼ਾਰ ਦੀ ਇੱਕ ਚੌਬਾਰੀ ਜਿਹੀ 'ਚ। ਇਹਨਾਂ ਦੇ ਇੱਥੇ ਆ ਕੇ ਟਿਕਣ ਦੀ ਵੀ ਅਜਬ ਕਹਾਣੀ ਹੈ। ਇਹਨਾਂ ਦੇ ਪਿਛੋਕੜ ਦਾ ਮੈਨੂੰ ਕੋਈ ਗਿਆਨ ਨਹੀਂ, ਪਰ ਸੁਣਿਆ ਹੈ ਕਿ ਇਹ ਪਹਿਲਾਂ ਮਸੀਤੇ ਰਿਹਾ ਕਰਦੇ ਸਨ। ਮਸੀਤ ਮੁੜ ਕੇ ਵੰਡ ਤੋਂ ਬਾਅਦ ਇੱਕ ਵਿਧਵਾ ਬ੍ਰਾਹਮਣੀ ਨੂੰ ਅਲਾਟ ਹੋ ਗਈ। ਉਹਦੇ ਚਾਰ ਧੀਆਂ ਸਨ। ਰੱਜ ਕੇ ਸੋਹਣੀਆਂ। ਉਹਨੇ ਆ ਕੇ ਮਸੀਤ ਨੂੰ ਮੰਦਰ ਬਣਾ ਲਿਆ। ਕਮਰਿਆਂ ਦੀ ਸਫਾਈ ਕਰ ਲਈ। ਫਿਰ ਹੌਲੀ-ਹੌਲੀ ਬ੍ਰਾਹਮਣੀ ਨੇ ਉਸਤਾਦ ਜੀ ਹੁਰਾਂ ਨੂੰ ਚੱਲਦਿਆਂ ਕਰ ਦਿੱਤਾ। ਇਹਨਾਂ ਨੇ ਆ ਕੇ ਬਜ਼ਾਰ ਵਿੱਚ ਇਹ ਚੌਬਾਰੀ ਜਿਹੀ ਲੈ ਲਈ। ਬੰਦੇ ਕਲਾਕਾਰ ਨੇ। ਆਪੇ ਪੂਰਾ ਬਜ਼ਾਰ ਘੁੰਮ ਲੈਂਦੇ ਸਨ ਤੇ ਆਪੇ ਫਸਵੀਆਂ-ਜਿਹੀਆਂ ਪੌੜੀਆਂ ਤੋਂ ਉਪਰ ਜਾਂਦੇ ਸਨ। ਹੁਣ ਆਹ ਰਾਤ ਕਿਸੇ ਨੇ ਪਤਾ ਨਹੀਂ ਕੀ ਚੰਦ ਚਾੜ੍ਹ ਦਿੱਤਾ। ਉਹਨਾਂ ਦੀ ਮੌਤ ਦਾ ਰਹੱਸ ਭਿਆਨਕ ਲੱਗ ਰਿਹੈ। ਉਹਨਾਂ ਦੀ ਸੜਕ 'ਚ ਪਟਕੀ ਲਾਸ਼ ਅੱਜ ਡਰਾਉਣੀ ਜਾਪ ਰਹੀ ਸੀ...!

ਦੂਜੀ ਗੱਲ! ਉਹ ਇਹ ਕਿ ਕਿਰਤੀ ਰਹੇ ਬਜ਼ੁਰਗਾਂ ਦੀ ਜਿਸ ਜੋੜੀ ਦੀ ਸੇਵਾ ਕਰ ਰਹੀ ਔਰਤ ਦੀ ਆਪਾਂ ਪਹਿਲਾਂ ਗੱਲ ਕੀਤੀ ਸੀ, ਉਹਦਾ ਇੱਕ ਹੋਰ ਰਹੱਸ ਖੁੱਲਿਆ ਹੈ। ਪਤਾ ਲੱਗਾ ਹੈ ਕਿ ਉਹਦੇ ਪਹਿਲੇ ਘਰ ਵਾਲੇ ਦੀ ਮੌਤ ਹੋ ਗਈ ਸੀ ਤੇ ਹੁਣ ਉਹ ਦੂਸਰੇ ਦੇ ਘਰ ਰਹਿ ਰਹੀ ਸੀ। ਪਹਿਲੇ ਤੋਂ ਇੱਕ ਮੁੰਡਾ ਤੇ ਇੱਕ ਕੁੜੀ ਸਨ। ਮੁੰਡਾ ਇਹਦੇ ਦੂਜੇ ਵਿਆਹ ਤੋਂ ਬਾਅਦ ਪਤਾ ਨਹੀਂ ਕਿੱਧਰ ਦੌੜ ਗਿਆ ਤੇ ਕੁੜੀ ਵਿਆਹੁਣਯੋਗ ਹੋਈ ਪਈ ਆ। ਦੂਜੇ ਘਰਵਾਲੇ ਦਿਉਂ ਇਹਦੇ ਹੁਣ ਫਿਰ ਨਿੱਕੀ ਜਿਹੀ ਕੁੜੀ ਆ। ਉਹ ਇਹਨੂੰ ਕੁੱਟਦਾ-ਮਾਰਦਾ ਤੇ ਬਦਚਲਣ ਕਹਿੰਦਾ ਆ।

ਚਲੋ ਬਾਕੀ ਤਾਂ ਜੋ ਹੈ ਸੋ ਹੈ, ਪਰ ਇਹਦੇ ਪਹਿਲੇ ਘਰ ਵਾਲੇ ਦੀ ਮੌਤ ਹੁਣ ਬਹੁਤ ਵੱਡਾ ਰਹੱਸ ਬਣ ਗਈ ਹੈ। ਕੀ ਇਹਨੇ ਤਾਂ ਨਹੀਂ ਮਰਵਾ ਦਿੱਤਾ ਹੋਊ, ਦੂਜੇ ਦੇ ਘਰ ਵਸਣ ਲਈ? ਜਾਂ ਇਸ਼ਕ 'ਚ ਅੰਨ੍ਹੀ ਹੋਈ ਨੇ। ਜਾਂ ਇਹਦੇ ਆਸ਼ਕ ਨੇ ਮਾਰ ਦਿੱਤਾ ਹੋਊ। ਕੀ ਉਹਦਾ ਪਿੱਛਾ ਨਾ ਹੋਊ ਕੋਈ! ਕਿਸੇ ਨੇ ਇਸ ਕਤਲ ਨੂੰ ਨਹੀਂ ਲਿਆ? ਕੀ ਪਤਾ ਕਿਸੇ ਨਾ-ਮੁਰਾਦ ਬਿਮਾਰੀ ਨੇ ਲੈ ਲਿਆ ਹੋਵੇ। ਪਰ ਏਡੇ ਮਿਹਨਤੀ ਲੋਕਾਂ ਦੇ ਹੱਡ ਨਰੋਏ ਹੁੰਦੇ ਆ, ਛੇਤੀ ਕਿਤੇ ਬਿਮਾਰੀ ਨਹੀਂ ਲੱਗਦੀ। ਪਰ ਜੋ ਵੀ ਹੈ-ਉਹਦੀ ਮੌਤ ਦੀ ਘੋਖ ਕਰਨੀ ਚਾਹੀਦੀ ਹੈ...!

ਤੀਜੀ ਗੱਲ ਆ ਬਾਈ ਜੀ ਸਾਡੇ ਪਾਤਰ ਅਲੀ ਦੀ। ਉਹਦੇ ਬਾਬਾ ਜੀ ਸਨ ਤਾਂ ਦੇਸ਼ ਭਗਤ, ਪਰੰਤੂ ਬਾਅਦ 'ਚ ਕਾਂਗਰਸ ਪਾਰਟੀ ਨਾਲ ਰਲ਼ ਕੇ ਸਿਆਸਤ 'ਚ ਉਤਰ ਆਏ। ਚੰਗਾ ਨਾਮਣਾ ਕਰ ਲਿਆ। ਦੇਸ਼ ਭਗਤੀ ਦੇ ਇਵਜ ਵਜੋਂ ਜ਼ਮੀਨ ਵੀ ਅਲਾਟ ਕਰਵਾ ਲਈ। ਉਹਨਾਂ ਦੀ ਘਰਵਾਲੀ ਬਿਸ਼ਨ ਕੌਰ ਦੇ ਜੀਵਨ ਉੱਤੇ ਬਹੁਤ ਕੁਝ ਲਿਖਿਆ ਜਾ ਸਕਦਾ ਹੈ। ਉਸ ਔਰਤ ਨੇ ਬਹੁਤ ਮਿਹਨਤ ਕੀਤੀ ਤੇ ਬਹੁਤ ਤਸ਼ੱਦਦ ਜਰਿਆ। ਬਚਪਨ ਵਿੱਚ ਉਹਦੇ ਪਿਓ ਦੀ ਮੌਤ ਹੋ ਗਈ। ਉਹ ਘਰ 'ਚ ਸੱਭ ਤੋਂ ਵੱਡੀ ਸੀ। ਪੂਰਾ ਟੱਬਰ ਉਹਨੇ ਈ ਪਾਲਿਆ। ਠੰਡੀਆਂ ਯੱਖ ਰਾਤਾਂ 'ਚ ਵੀ ਉਹ ਮਰਦਾਂ ਵਾਂਗ ਕਹੀ ਫੜੀ ਨੱਕੇ ਮੋੜਦੀ। ਫਿਰ ਵਿਆਹੀ ਆਈ ਤਾਂ ਘਰਵਾਲੇ ਦੇ ਕਹਿਰ ਦਾ ਸ਼ਿਕਾਰ ਹੋ ਗਈ। ਮਹਾਰਾਜ ਸਾਂਹਿਬ ਨੂੰ ਕਦੇ ਦਾਲ ਪਸੰਦ ਨਾ ਆਵੇ, ਕਦੇ ਰੋਟੀ। ਕਦੇ ਚਾਟੀ ਭੰਨ ਦੇਣ ਤੇ ਕਦੇ ਤੌੜੀ। ਇਹਨਾਂ ਭਾਂਡਿਆਂ ਦੇ ਨਾਲ ਈ ਬਿਸ਼ਨ ਕੌਰ ਦੇ ਪਾਸੇ ਵੀ ਭੱਜਣ। ਰਾਜਨੀਤੀ ਤੋਂ ਕਿਨਾਰਾ ਕਰਕੇ ਬੈਠੇ। ਘਰਵਾਲੇ ਨੇ ਡੱਖਾ ਦੋਹਰਾ ਨਾ ਕਰਨਾ। ਸਾਰੀ ਜ਼ਮੀਨ ਬੰਜਰ ਪਈ ਰਹੀ। ਬਿਸ਼ਨ ਕੌਰ ਨੇ ਕੱਤ ਕੇ, ਤੁੰਬ ਕੇ ਤੇ ਥੋੜ੍ਹੀ ਬਹੁਤ ਜ਼ਮੀਨ 'ਚੋਂ ਵੀ ਜੋ ਉਗਾ ਸਕੀ, ਉਗਾ ਕੇ, ਘਰ ਦਾ ਤੋਰਾ ਤੋਰਿਆ। ਫਿਰ ਇਹਦੇ ਘਰਵਾਲੇ ਨੇ ਇੱਕ ਹੋਰ ਵਿਆਹ ਕਰਵਾ ਲਿਆ। ਉਹਦੇ ਵੀ ਜੁਆਕ ਜ਼ੱਲਾ ਹੋ ਗਿਆ। ਥੋੜ੍ਹੀ ਦੇਰ ਬਾਅਦ ਉਹ ਮਰ ਗਿਆ।

ਪਰ ਇੱਕ ਗੱਲ ਜਿਹੜੀ ਬਹੁਤ ਹੀ ਅਹਿਮ ਹੈ, ਉਹ ਇਹ ਹੈ ਕਿ ਉਹਨੇ ਮਰਨ ਤੋਂ ਇੱਕ ਦਿਨ ਪਹਿਲਾਂ ਰਾਤ ਨੂੰ ਇਹਨੂੰ ਸੱਦਿਆ ਤੇ ਹੱਥ ਜੋੜ ਕੇ ਕਹਿਣ ਲੱਗਾ, "ਬਿਸ਼ਨ ਕੌਰੇ, ਮੈਂ ਤੈਨੂੰ ਬਹੁਤ ਦੁਖ ਦਿੱਤੇ ਨੇ। ਮੈਨੂੰ ਮੁਆਫ ਕਰ ਦੇਵੀਂ।" ਦੁੱਖ

ਦੀ ਗੱਲ ਤਾਂ ਇਹ ਵੀ ਹੋਈ ਕਿ ਉਹਦੇ ਮਰਨ ਤੋਂ ਬਾਅਦ ਮਿਲਣ ਵਾਲੀ ਪੈਨਸ਼ਨ ਵੀ ਇਹਦੀ ਸੌਂਕਣ ਈ ਲੈ ਗਈ...!

ooooooo

ਕਰਨਾ ਤਾਂ ਨਹੀਂ ਚਾਹੀਦਾ, ਪਰ ਮੇਰਾ ਮਨ ਕਰਦੈ ਕਿ ਲੱਗੇ ਦਾਅ ਆਪਣੇ ਪਾਤਰਾਂ ਦੇ ਇਸ਼ਕ ਦੀ ਗੱਲ ਵੀ ਤੁਹਾਡੇ ਨਾਲ ਕਰ ਈ ਲਵਾਂ। ਵੈਸੇ ਇਹਨਾਂ ਬਾਰੇ ਉਂਝ ਇਹੋ-ਜਿਹੀ ਕੋਈ ਗੱਲ ਮੈਂ ਨਾਵਲ ਵਿੱਚ ਲਈ ਨਹੀਂ, ਪੂਰੀ ਚਲਾਕੀ ਨਾਲ ਇਹ ਪੱਖ ਪਰ੍ਹੇ ਕੱਢ ਕੇ ਰੱਖ ਦਿੱਤਾ। ਜਿੱਦਾਂ ਮੱਖਣ 'ਚੋਂ ਵਾਲ ਕੱਢ ਦਈਦਾ ਹੈ। ਅੱਛਾ, ਸਫਾਈ ਏਸ ਕੰਮ 'ਚ ਤੁਹਾਡਾ ਹੁਨਰ ਨਹੀਂ ਕਰਦਾ, ਮੱਖਣ ਦੇ ਸੁਭਾਅ ਕਰਕੇ ਹੋ ਜਾਂਦੀ ਹੈ। ਵੈਸੇ ਤਾਂ ਇਹਨਾਂ ਦੇ ਇਸ਼ਕ ਬਾਰੇ, ਪੇਚਿਆਂ ਬਾਰੇ, ਕੁੜੀਆਂ ਨੂੰ ਲਿਖੇ ਪੱਤਰਾਂ ਬਾਰੇ ਜਾਂ ਜੋ ਜਲੰਧਰੀ ਵਲੋਂ ਕਿਸੇ ਕੁੜੀ ਨੂੰ ਸ਼ਿੰਗਾਰ ਕੇ ਦਿੱਤੇ ਤੋਹਫਿਆਂ ਅਤੇ ਉਹਨਾਂ 'ਤੇ ਲਿਖੇ ਸ਼ੇਅਰਾਂ ਬਾਰੇ ਗੱਲਾਂ ਕਰਨ ਲੱਗ ਜਾਈਏ ਤਾਂ ਸਫਿਆਂ ਦੇ ਸਫੇ ਭਰ ਜਾਣ। ਇੱਕ ਹੋਰ ਗੱਲ, ਜਲੰਧਰੀ ਸਾਹਬ ਨੇ ਕਿਵੇਂ ਇੱਕ ਕੁੜੀ ਨੂੰ ਇਸ਼ਕ ਕੀਤਾ ਤੇ ਫਿਰ ਆਪਣੀ ਆਖਰੀ ਖਾਹਸ਼ ਉਸਨੂੰ ਇਹ ਦੱਸੀ ਕਿ ਉਹ ਇੱਕ ਦਿਨ ਅੱਖਾਂ 'ਚ ਸੁਰਮਾ ਪਾ ਕੇ ਆਵੇ ਤੇ ਉਹਨੂੰ ਅੱਖ ਮਾਰੇ। ਵਾਹ! ਕਿਆ ਬਾਤ ਐ...!

ਏਦਾਂ ਈ ਸਾਡੇ ਯੋਗੀ ਜੀ ਨੇ ਪੇਚਾ ਪਾ ਲਿਆ। ਉਹਦਾ ਤਾਂ ਘਟਨਾਕ੍ਰਮ ਵੈਸੇ ਅਜੀਬ ਕਿਸਮ ਦਾ ਰਿਹਾ। ਜਿਹੜੇ ਲੰਮੇ ਜਿਹੇ ਕਾਮਰੇਡ ਦੀ ਆਪਾਂ ਪਿੱਛੇ ਇੱਕ ਗੱਲ ਕੀਤੀ ਸੀ, ਜਿਹਨੇ ਮੈਨੂੰ ਕਿਤਾਬ ਛਪਵਾਉਣ ਲਈ ਪੈਸੇ ਦਿੱਤੇ ਸਨ, ਉਹਨੇ ਇਹਨੂੰ ਇੱਕ ਥਾਂ ਨੌਕਰੀ ਲੈ ਦਿੱਤੀ ਸੀ। ਉੱਥੇ ਕੰਪਿਊਟਰ ਦਾ ਕੰਮ ਕਰਨ ਆਉਂਦੀ ਕੁੜੀ ਨਾਲ ਇਹਨੇ ਪੇਚਾ ਪਾ ਲਿਆ ਸੀ। ਬਸ ਚੌਵੀ ਘੰਟੇ ਉਹਦੀਆਂ ਈ ਗੱਲਾਂ। ਅੱਜ ਉਹਨੇ ਆਹ ਕਹਿ ਦਿੱਤਾ, ਅੱਜ ਔਹ ਕਹਿ ਦਿੱਤਾ। ਅੱਜ ਉਹਨੇ ਆਹ ਨੌਂਹ ਪਾਲਸ਼ ਲਾਈ ਸੀ। ਅੱਜ ਮੈਂ ਉਹਦੇ ਹੱਥ ਆਪਣੇ ਹੱਥਾਂ 'ਚ ਲੈ ਕੇ ਉਹਦੀ ਮਹਿੰਦੀ ਸਹਿਲਾਉਂਦਾ ਰਿਹਾ, ਉਹ ਅੱਖਾਂ ਬੰਦ ਕਰਕੇ ਬੈਠੀ ਰਹੀ। ਅੱਜ ਉਹਨੇ ਮੇਰੀ ਨਿੱਕੀ ਜਿਹੀ ਗੱਲ 'ਤੇ ਅੱਖਾਂ ਭਰ ਲਈਆਂ। ਅੱਜ ਮੈਂ ਉਹਨੂੰ ਚੂੜੀਆਂ ਚੜ੍ਹਾ ਕੇ ਦਿੱਤੀਆਂ। ਅੱਜ ਉਹ ਮੇਰੇ ਲਈ ਸਵੈਟਰ ਬੁਣਦੀ ਰਹੀ। ਅੱਜ ਉਹਨੇ ਮੇਰਾ ਹੱਥ ਚੁੰਮ ਲਿਆ। ਅੱਜ ਉਹ ਮੈਨੂੰ ਕਿਸੇ ਪੀਰ ਦੀ ਦਰਗਾਹ 'ਤੇ ਲੈ ਗਈ। ਅਸੀਂ ਦੋਵਾਂ ਨੇ ਸਿਜਦਾ ਕੀਤਾ। ਉਹਦੇ ਤੋਂ ਬਾਅਦ ਉਹਨੇ ਮੇਰੇ ਪੈਰਾਂ ਨੂੰ ਹੱਥ ਲਾ ਦਿੱਤੇ। ਮੈਂ ਦੰਗ ਰਹਿ ਗਿਆ। ਦਫਤਰ ਆ ਕੇ ਵੇਲਾ ਬਚਾਅ ਕੇ ਮੈਂ ਉਹਦਾ ਕਲਾਵਾ ਭਰ ਲਿਆ। ਉਹ ਚੁੱਪ ਚਾਪ ਮੇਰੇ ਸੀਨੇ ਨਾਲ ਲੱਗੀ ਰਹੀ। ਅਸੀਂ ਫੇਰ ਸਲਾਹ ਕੀਤੀ ਕਿ ਅੱਜ ਬਾਰਸ਼ 'ਚ ਭਿੱਜਿਆ ਜਾਏ। ਫਿਰ ਉਹਦੇ ਬੁੱਲ੍ਹ ਨੀਲੇ ਹੋ ਗਏ। ਉਹ ਕੰਬਣ ਲੱਗੀ। ਵੈਸੇ ਮੇਰੇ ਤੋਂ ਹੱਥ ਭਰ ਉੱਚੀ ਹੈ। ਉਗਲਾਂ ਰਵਾਂਹ ਦੀਆਂ ਫਲੀਆਂ ਨੇ। ਕੰਪਿਊਟਰ 'ਤੇ ਬਹੁਤ ਕਮਾਂਡ ਹੈ। ਪਟਿਆਲਾ ਯੂਨੀਵਰਸਿਟੀ ਤੋਂ ਜਰਨਲਿਜ਼ਮ ਦਾ ਡਿਪਲੋਮਾ ਕਰ ਰਹੀ ਹੈ। ਉਹਦੀ ਟਰੇਨਿੰਗ ਲੱਗੇਗੀ ਹਫਤੇ ਲਈ। ਉਦੋਂ ਉੱਥੇ ਜਾ ਕੇ ਚੰਗੀ ਤਰ੍ਹਾਂ ਮਿਲਾਂਗਾ ਉਹਨੂੰ। ਪਟਿਆਲਿਓਂ ਵਾਪਸ ਆ ਕੇ ਉਹਦੇ ਰੌਂਅ ਈ ਬਦਲ ਗਏ ਨੇ। ਉੱਥੇ ਕੋਈ ਮਾਡਲ ਮੁੰਡਾ ਮਿਲ ਗਿਆ, ਉਹਦੇ ਨਾਲ ਦੋਸਤੀ ਗੰਢ ਲਈ ਏ। ਉਹਦੇ ਨਾਲ ਖਿਚਾਈਆਂ ਫੋਟੋ ਮੈਨੂੰ ਦਿਖਾਉਂਦੀ ਏ। ਮੈਨੂੰ ਸਾੜਦੀ ਏ। ਮੇਰੇ ਸਾਹਮਣੇ ਭਾਵੇਂ ਇਹ ਗੱਲ ਮੰਨਦੀ ਨਹੀਂ, ਪਰ ਉਹਦੇ ਨਾਲ ਫੋਟੋ ਖਿਚਵਾਉਣ ਦੀ ਕੀ ਤੁੱਕ? ਮੈਨੂੰ ਲੱਗਦਾ ਇਹ ਕੁੜੀ ਮੌਕਾਪ੍ਰਸਤ ਐ। ਮੈਨੂੰ ਤਾਂ ਸ਼ੱਕ ਪੈਂਦਾ ਏ ਕਿ ਸਾਡੇ ਦਫਤਰ ਆਉਣ ਵਾਲੇ ਉਸ ਕਰਪਟ ਅਫਸਰ 'ਤੇ ਵੀ ਇਹ ਡੋਰੇ ਪਾਉਂਦੀ ਹੋਣੀ ਆ। ਨਹੀਂ ਤਾਂ ਉਹਦੇ ਨਾਲ ਸਾਂਝ ਗੰਢਣ ਦੀ ਵੀ ਕੀ ਲੋੜ ਆ। ਫੇਰ ਉਹਦੇ ਨਾਲ ਟੱਪ ਕੇ ਕਾਰ ਦੀ ਮੂਹਰਲੀ ਸੀਟ ਉੱਤੇ ਬੈਠ ਜਾਵੇਗੀ, "ਅੰਕਲ ਮੈਨੂੰ ਘਰ ਛੱਡ ਕੇ ਆਵੋ। ਅੱਜ ਨਹੀਂ ਮੈਂ ਰਿਕਸ਼ੇ 'ਚ ਜਾਣਾ।" ਅੱਜ ਫੇਰ, ਇਹਦਾ ਰੌਂਅ ਬਦਲਿਆ ਲੱਗਿਆ ਆ। ਹੁਣ ਉਸ ਮੁੰਡੇ ਦਾ ਇਹਨੂੰ ਫੋਨ ਨਹੀਂ ਆਉਂਦਾ। ਉਹਨੂੰ ਬੁਰਾ-ਭਲਾ ਕਹਿੰਦੀ ਹੈ। ਕਹਿੰਦੀ ਹੈ ਉਹ ਇਹਨੂੰ ਐਕਸਪਲਾਇਟ ਕਰਨਾ ਚਾਹੁੰਦਾ ਸੀ। ਉਹ ਕਹਿੰਦਾ ਕੁਝ ਹੋਰ ਸੀ, ਅੰਦਰ ਉਹਦੇ ਹੋਰ ਗੱਲ ਸੀ। ਪਰ ਮੇਰੇ ਮਨ 'ਚ ਤਾਂ ਕੋਈ ਗੱਲ ਨਹੀਂ। ਜਿੰਨਾ ਵੀ ਕਦੇ ਤੇ ਜਦੋਂ ਵੀ ਕਦੇ ਨੇੜੇ ਹੋਈ ਆ, ਇਹੀ ਹੋਈ ਆ।

ਲਓ ਜੀ, ਇਹਦਾ ਇਸ਼ਕ ਪੁਰਾਣ ਅਖੀਰ ਏਸ ਗੱਲ 'ਤੇ ਆ ਕੇ ਮੁੱਕਿਆ, "ਮੈਨੂੰ ਉੱਥੋਂ ਨੌਕਰੀ ਤੋਂ ਜਵਾਬ ਹੋ ਗਿਆ ਆ, ਉਹਦੇ ਕਰਕੇ ਅਤੇ ਉਹ ਸਾਫ ਮੁੱਕਰ ਗਈ ਆ!"

oooooo

ਅੱਜ ਸਵੇਰੇ ਮੰਡੀਉਂ ਸਬਜ਼ੀ ਲੈਣ ਗਿਆ। ਉੱਥੇ ਇੱਕ ਗੋਲੂ ਜਿਹਾ ਰੇੜ੍ਹੀ ਵਾਲਾ ਹੋਕਾ ਦੇਵੇ, "ਪੇੜ੍ਹੇ ਲੈ ਲਓ, ਪੇੜੇ ਲੈ ਲਓ... ਆ ਜਾਓ... ਪੇੜੇ ਲੈ ਲਓ... ਹਲਾਲ ਨਹੀਂ ਝਟਕੇ ਬੱਕਰੇ ਦਾ ਸਿਰ ਲੈ ਲਓ... ਪੇੜੇ ਲੈ ਲਓ...!" ਉਹ ਖਰਬੂਜੇ ਵੇਚ ਰਿਹਾ ਸੀ।

ਇੱਕ ਹੋਰ ਨੇ ਤਰਾਂ ਟਿਕਾਈਆਂ ਹੋਈਆਂ ਸਨ ਬਹੁਤ ਹੀ ਖ਼ੂਬਸੂਰਤ ਅੰਦਾਜ਼ 'ਚ, ਪਤਲੀਆਂ-ਪਤਲੀਆਂ। ਉਹ ਹੋਕਾ ਦੇ ਰਿਹਾ ਸੀ, "ਮਜਨੂੰ ਕੀ ਪਸਲੀਆਂ ਲੇ ਲੋ, ਲੈਲਾ ਕੀ ਉਂਗਲੀਆਂ ਲੇ ਲੋ... ਮਜਨੂੰ ਕੀ ਪਸਲੀਆਂ ਲੇ ਲੋ, ਲੈਲਾ ਕੀ ਉਂਗਲੀਆਂ ਲੇ ਲੋ...!"

ਅੱਗੇ ਜਾ ਕੇ ਇੱਕ ਸ਼ਰਾਬੀ ਸੀ। ਹੱਥ 'ਚ ਕੱਚ ਦਾ ਗਿਲਾਸ। ਚਮਚੇ ਨਾਲ ਉਹਨੂੰ ਟੁਣਕਾਰ ਰਿਹਾ ਸੀ, ਨਸ਼ੇ 'ਚ ਧੁੱਤ, "ਚਲੋ ਸੰਤਾਂ ਦੇ ਡੇਰੇ, ਜਿੱਥੇ ਭੁੱਜਦੇ ਬਟੇਰੇ ਨਾਲੇ ਛਕੀਦੀ-ਛਕਾਈਦੀ... ਫੜੋ ਸੰਤਾਂ ਦੇ ਭਾਂਡੇ, ਉੱਥੇ ਭੁੱਜਦੇ ਨੇ ਆਂਡੇ, ਨਾਲੇ ਛਕੀਦੀ-ਛਕਾਈਦੀ.. ਚੱਲੋ ਸੰਤਾਂ ਦੇ ਡੇਰੇ, ਜਿੱਥੇ ਭੁੱਜਦੇ ਬਟੇਰੇ, ਨਾਲੇ ਛਕੀਦੀ...!"

## ੨੩

ਆਪਣੀ ਪਹਿਲੀ ਗੱਲ, ਯਾਨੀ ਕਿਰਦਾਰਾਂ ਦੀ ਜ਼ਿੰਦਗੀ ਬਾਰੇ, ਉਹਨਾਂ ਵਲੋਂ ਆਪੇ ਦੱਸੀ ਜਾਣ ਵਾਲੀ ਗੱਲ 'ਤੇ ਆਉਂਦੇ ਹਾਂ। ਇਸ ਵਾਸਤੇ ਆਪਾਂ ਨੂੰ ਰਤਾ ਪਿਛਲੇ ਦਿਨਾਂ 'ਚ ਜਾਣਾ ਪਵੇਗਾ। ਚਲੋਂ ਇੰਝ ਸ਼ੁਰੂ ਕਰਦੇ ਹਾਂ ਕਿ ਜਿਵੇਂ ਵਿਚ-ਵਿਚਾਲੇ ਸਾਡੇ ਬਿੱਗ ਬੀ ਵਾਲੀਆਂ ਗੱਲਾਂ ਵਪਾਰੀਆਂ ਹੀ ਨਹੀਂ। ਉਸੇ ਦਿਨ ਦੇ ਘਟਨਾਕ੍ਰਮ ਤੋਂ ਸ਼ੁਰੂ ਕਰਦੇ ਹਾਂ।

ਸਭ ਤੋਂ ਪਹਿਲਾਂ ਸਾਡੀ ਇੱਕੋ ਇੱਕ ਕੁੜੀ ਪਾਤਰ ਅੰਜੂ ਆਈ ਹੈ। ਇਕ ਪ੍ਰਾਈਵੇਟ ਕਾਲਜ ਵਿੱਚ ਐਡਹਾਕ ਬੇਸ 'ਤੇ ਅੰਗ੍ਰੇਜ਼ੀ ਪੜ੍ਹਾਉਂਦੀ ਹੈ। ਪਿਤਾ ਪਹਿਲਾਂ ਫੌਜ 'ਚ ਸਨ। ਫਿਰ ਹੋਰ ਕਈ ਥਾਈਂ ਨੌਕਰੀ ਕੀਤੀ। ਅੱਜ ਕੱਲ ਬਦੇਸ਼ 'ਚ ਹਨ। ਸੱਭ ਤੋਂ ਪਹਿਲਾਂ ਮੇਰੇ ਸੰਪਰਕ ਵਿੱਚ ਮੇਰੀ ਮਸ਼ੂਕ ਰਾਹੀਂ ਆਈ। ਹੁਣ ਉਹਦੇ ਕੰਨ ਕੁਤਰਦੀ ਹੈ। ਇਹਦੇ ਜੀਵਨ ਦੇ ਬਹੁਤ ਸਾਰੇ ਗੁੱਝੇ ਭੇਦ ਮੈਂ ਜਾਣਦਾ ਹਾਂ, ਮੈਨੂੰ ਇਹਦੀ ਸਹੇਲੀ ਤੇ ਮੇਰੀ ਮਾਸ਼ੂਕ ਨੇ ਦੱਸੇ ਹਨ। ਬੜੀ ਸਦਮਿਆਂ ਭਰੀ ਹੈ ਇਹਦੀ ਜ਼ਿੰਦਗੀ। ਦੇਖੀਏ ਕੀ ਕਹਿਰ ਕਰ ਕੇ ਆਈ ਹੈ। ਵੈਸੇ ਇੱਕ ਜਾਣਕਾਰੀ ਮੈਂ ਤੁਹਾਨੂੰ ਦੇ ਦਿਆਂ ਕਿ ਪੈਂਤੀ ਸਾਲ ਦੇ ਕਰੀਬ ਹੋ ਗਈ ਹੈ, ਇਹਦਾ ਅਜੇ ਤਾਈਂ ਵਿਆਹ ਨਹੀਂ ਹੋਇਆ।

"ਲਓ ਜੀ ਮੈਂ ਤਾਂ ਤੁਹਾਡੇ ਲਈ ਕੰਮ ਸੌਖਾ ਕਰ ਦਿੱਤਾ। ਕਿਰਦਾਰਾਂ ਦੇ ਲਿਹਾਜ ਨਾਲ ਸਟੋਰੀ ਬਣਾ ਕੇ ਲੈ ਆਈ ਹਾਂ। ਪਰ ਦੁਖੀ ਨਾ ਹੋਇਓ, ਮੇਨ ਕਿਰਦਾਰ ਮੇਰਾ ਹੀ ਹੋਵੇਗਾ। ਮੈਂ ਪੂਰੀ ਕਹਾਣੀ ਲਿਖ ਲਿਆਈ ਹਾਂ। ਇਹਦਾ ਸਿਰਲੇਖ ਹੈ 'ਹਨੇਰੀ ਚਾਨਣੀ ਰਾਤ' ਸੋ ਤੁਹਾਨੂੰ ਸੁਣਾਉਂਦੀ ਹਾਂ।"

ਉਹਦੀ ਕਹਾਣੀ ਇਓਂ ਹੈ-

"ਆਈ... ਆ ਰਹੀ ਆਂ...!" ਪ੍ਰਿਯਾ ਨੇ ਜ਼ੋਰ ਦੀ ਆਵਾਜ਼ ਦਿੱਤੀ ਤੇ ਆਸਮਾਨ ਵੱਲ ਝਾਕਦੀ ਕਾਹਲੀ ਨਾਲ ਪੌੜੀਆਂ ਉਤਰ ਗਈ। ਹੇਠੋਂ ਕਿਸੇ ਨੇ ਬੁਲਾਇਆ ਸੀ। ਸ਼ਾਇਦ ਕੰਮ ਹੋਵੇਗਾ ਕਿਸੇ ਨੂੰ। ਅਤੇ ਹਾਂ, ਘਰ 'ਚ ਕੋਈ ਵੀ ਕੰਮ ਹੋਵੇ ਕਿਸੇ ਨੂੰ ਵੀ ਹੋਵੇ, ਤਾਂ ਪ੍ਰਿਯਾ ਹੀ ਕਰੇਗੀ। ਆਖਰ ਘਰ ਦੀ ਸੱਭ ਤੋਂ ਵੱਡੀ ਤੇ ਸੱਭ ਤੋਂ ਕਾਬਿਲ ਧੀ ਹੈ।

ਰਸੋਈ 'ਚ ਜਾ ਕੇ ਵੇਖਿਆ, ਮਾਂ ਰੋਟੀਆਂ ਪਕਾ ਰਹੀ ਸੀ। ਬਿਨਾਂ ਕੁਝ ਪੁੱਛਿਆਂ ਉਹਨੇ ਮਾਂ ਦੇ ਚਿਹਰੇ ਨੂੰ ਨਿਹਾਰਿਆ। ਪਰ ਮਾਂ ਦੇ ਹਾਵ-ਭਾਵ ਤੋਂ ਕੁਝ ਨਹੀਂ ਪੜ੍ਹ ਸਕੀ। ਰੋਟੀਆਂ ਤਾਂ ਕਾਫੀ ਚਿਰਾਂ ਤੋਂ ਮਾਂ ਹੀ ਬਣਾਉਂਦੀ ਆ ਰਹੀ ਹੈ। ਵਜ਼ਨੀ ਸਰੀਰ, ਲੱਤਾਂ ਤੇ ਗੋਡਿਆਂ 'ਚ ਦਰਦ... ਪਰ ਕੋਈ ਚਾਰਾ ਵੀ ਤਾਂ ਨਹੀਂ। ਪ੍ਰਿਯਾ ਦਫਤਰੋਂ ਦੇਰ ਨਾਲ ਆਉਂਦੀ ਹੈ। ਦੌੜ-ਭੱਜ ਕਰ ਜਿੰਨਾ ਹੋ ਸਕੇ ਮਾਂ ਦੀ ਮਦਦ ਕਰਦੀ ਹੈ। ਮੈਤ੍ਰੀ ਦਾ ਬੇਟਾ ਛੋਟਾ ਸੀ ਤੇ ਜਯਾ ਮਾਂ ਬਣਨ ਵਾਲੀ ਸੀ। ਡਾਕਟਰ ਨੇ ਉਹਨੂੰ ਪੂਰੀ ਤਰ੍ਹਾਂ ਅਰਾਮ ਕਰਨ ਲਈ ਕਿਹਾ ਸੀ। ਹਿਤੇਸ਼, ਪ੍ਰਿਯਾ ਦੇ ਸੱਭ ਤੋਂ ਛੋਟੇ ਭਾਈ ਦੀ ਵੀ ਘਰ 'ਚ ਸੱਭ ਤੋਂ ਸਖ਼ਤ ਹਦਾਇਤ ਸੀ ਕਿ

ਜਯਾ ਨੂੰ ਪਰੇਸ਼ਾਨ ਨਾ ਕੀਤਾ ਜਾਵੇ, ਕਿਸੇ ਵੀ ਕੰਮ ਲਈ। ਕਿਵੇਂ ਸਹਾਰ ਸਕਦਾ ਸੀ ਉਹ ਜਯਾ ਦੀ ਤਕਲੀਫ? ਆਪਣੀ ਮਰਜ਼ੀ ਨਾਲ ਉਹਨੇ ਦੋ ਸਾਲ ਪਹਿਲਾਂ ਹੀ ਤਾਂ ਵਿਆਹ ਕਰਵਾਇਆ ਸੀ। ਘਰ ਵਾਲੇ ਇਸ ਵਿਆਹ ਦੇ ਵਿਰੁੱਧ ਸਨ, ਪਰ ਹਿਤੇਸ਼ ਤਾਂ ਬਚਪਨ ਤੋਂ ਹੀ ਮਨਮਾਨੀ ਕਰਦਾ ਆਇਆ ਸੀ ਅਤੇ ਆਪਣੀ ਗੱਲ ਮਨਾ ਕੇ ਹੀ ਹਟਦਾ ਸੀ। ਪ੍ਰਿਯਾ ਨੂੰ ਯਾਦ ਹੈ, ਜਦੋਂ ਨਰੇਸ਼ ਅਤੇ ਮੈਤ੍ਰੀ ਦਾ ਵਿਆਹ ਹੋਣ ਵਾਲਾ ਸੀ, ਉਹਨੇ ਕਿੰਨਾ ਇਤਰਾਜ਼ ਕੀਤਾ ਸੀ ਕਿ ਘਰ 'ਚ ਕੁੜੀ ਦੇ ਬੈਠਿਆਂ ਨਰੇਸ਼ ਦਾ ਵਿਆਹ ਕਿਵੇਂ ਕਰ ਸਕਦਾ ਹੈ? ਪਰੰਤੂ ਜੇ ਪ੍ਰਿਯਾ ਚਾਹੁੰਦੀ ਤਾਂ ਵਰ੍ਹਿਆਂ ਪਹਿਲਾਂ ਉਸ ਡਾਕਟਰ ਨਾਲ ਵਿਆਹ ਕਰ ਕੇ ਆਪਣਾ ਘਰ ਵਸਾ ਚੁੱਕੀ ਹੁੰਦੀ, ਜਿਹੜਾ ਵਿਆਹ ਦਾ ਪ੍ਰਸਤਾਵ ਲੈ ਕੇ ਸਿੱਧਾ ਹੀ ਉਹਨਾਂ ਦੇ ਘਰੇ ਆ ਧਮਕਿਆ ਸੀ। ਉਸਨੇ ਬੜੀ ਢੀਠਤਾਈ ਨਾਲ ਇਸ ਗੱਲ ਨੂੰ ਮੰਨਿਆ ਸੀ ਕਿ ਉਹ ਪ੍ਰਿਯਾ ਦੀ ਪੜ੍ਹਾਈ ਪੂਰੀ ਹੋਣ ਦਾ ਕਦੋਂ ਦਾ ਹੀ ਇੰਤਜ਼ਾਰ ਕਰ ਰਿਹਾ ਸੀ। ਸ਼ਾਇਦ ਪ੍ਰਿਯਾ ਵੀ ਪਸੰਦ ਕਰਦੀ ਸੀ ਉਸਨੂੰ, ਪਰ ਘਰ ਵਾਲਿਆਂ ਦੇ ਮੱਥੇ 'ਤੇ ਵੱਲ ਪੈ ਗਏ ਤੇ ਉਹਨਾਂ ਉਸਦਾ ਪ੍ਰਸਤਾਵ ਠੁਕਰਾ ਦਿੱਤਾ ਸੀ। ਕਿਉਂਕਿ ਉਹ ਜਾਣਦੀ ਸੀ ਕਿ ਪਾਪਾ ਤੋਂ ਬਿਨਾਂ ਛੋਟੇ ਭਰਾ-ਭੈਣ ਦੀ ਜ਼ਿੰਮੇਦਾਰੀ ਉਸਦੀ ਹੈ ਅਤੇ ਉਹ ਮਾਂ ਨੂੰ ਇਕੱਲੀ ਕਿਵੇਂ ਛੱਡ ਸਕਦੀ ਹੈ?

ਉਸ ਦਿਨ ਵੀ ਪ੍ਰਿਯਾ ਛੱਤ 'ਤੇ ਪੁੰਨਿਆਂ ਦਾ ਚੰਦ ਵੇਖ ਰਹੀ ਸੀ। ਪਤਾ ਨਹੀਂ ਕੀ ਲੱਭਦੀ ਰਹਿੰਦੀ ਸੀ ਉਹ ਅਸਮਾਨ ਵਿੱਚ! ਉਹਨੀਂ ਦਿਨੀਂ ਚੰਦ ਕਦੇ ਏਨਾ ਉਦਾਸ ਕਰ ਜਾਂਦਾ ਉਹਨੂੰ ਕਿ ਉਹ ਖੁਦ ਉਸ ਉਦਾਸੀ ਦਾ ਕਾਰਨ ਨਹੀਂ ਸੀ ਲੱਭ ਸਕਦੀ। ਬਸ ਘੰਟਿਆਂ ਬੱਧੀ ਆਪਣੇ ਕਮਰੇ ਦੀ ਬਾਰੀ 'ਚੋਂ ਚੰਦ ਨੂੰ ਨਿਹਾਰਦੀ ਰਹਿੰਦੀ। ਪਹਿਲਾਂ ਇਵੇਂ ਨਹੀਂ ਸੀ ਹੁੰਦਾ। ਚੰਦ ਹੌਲੀ ਜਿਹੇ ਉਸਦੇ ਮਨ ਤੂੰ ਸਰਸ਼ਾਰ ਕਰ ਜਾਂਦਾ ਅਤੇ ਉਹ ਮੁਸਕਰਾ ਪੈਂਦੀ। ਲੱਗਦਾ ਉਹ ਉਸਨੂੰ ਆਪਣੇ ਕਲਾਵੇ 'ਚ ਲੈ ਲਵੇਗੀ। ਪਰ ਹੁਣ ਸ਼ਾਇਦ ਪ੍ਰਿਯਾ ਬਦਲ ਰਹੀ ਸੀ। ਘਰ 'ਚ ਜਦੋਂ ਵੀ ਕਦੇ ਕਿਸੇ ਦੀਆਂ ਨਿਗਾਹਾਂ 'ਚ ਅਜਨਬੀਪਣ ਪੜ੍ਹ ਲੈਂਦੀ, ਉਸਨੂੰ ਲੱਗਦਾ ਉਸਦੀ ਜ਼ਿੰਦਗੀ ਤਾਰਿਆਂ ਵਾਂਗ ਬਿਖਰ ਗਈ ਹੈ। ਉਹਨੂੰ ਕੁਝ ਸਮਝ ਨਹੀਂ ਸੀ ਆ ਰਿਹਾ। ਦੂਜਿਆਂ ਨੂੰ ਖੁਸ਼ ਕਰਨ ਦੇ ਚੱਕਰ ਵਿੱਚ ਉਹ ਸ਼ਾਇਦ ਆਪਣੇ ਆਪ ਤੋਂ ਵੀ ਦੂਰ ਹੁੰਦੀ ਜਾ ਰਹੀ ਸੀ।

"ਪ੍ਰਿਯਾ... ਪ੍ਰਿਯਾ... ਦੇਖ ਹਿਤੇਸ਼ ਨੇ ਕੀ ਕਰ ਤਾ...।" ਮਾਂ ਨੇ ਅਵਾਜ਼ ਲਗਾਈ ਸੀ। ਪ੍ਰਿਯਾ ਹੇਠਾਂ ਆ ਗਈ ਸੀ। ਸਾਹਮਣੇ ਹਿਤੇਸ਼ ਤੇ ਜਯਾ ਖੜ੍ਹੇ ਸਨ। ਆਰਿਆ ਸਮਾਜ ਮੰਦਰ 'ਚ ਵਿਆਹ ਕਰਵਾ ਕੇ ਉਹ ਸਿੱਧੇ ਹੀ ਆ ਰਹੇ ਸਨ। ਪਹਿਲਾਂ ਤਾਂ ਪ੍ਰਿਯਾ ਨੂੰ ਆਪਣੀਆਂ ਅੱਖਾਂ 'ਤੇ ਯਕੀਨ ਨਾ ਆਇਆ, ਪਰ ਜਦੋਂ ਜਯਾ ਨੇ ਉਹ ਦੇ ਪੈਰਾਂ ਨੂੰ ਹੱਥ ਲਾਇਆ ਤਾਂ ਉਸਨੂੰ ਅਹਿਸਾਸ ਹੋਇਆ। ਇਹ ਵੀ ਤਾਂ ਛੁਟਕੀ ਵਾਂਗ ਹੀ ਹੈ ਤੇ ਮਾਂ ਹੀ ਤਾਂ ਅਕਸਰ ਕਹਿੰਦੀ ਹੁੰਦੀ ਆ ਕਿ ਹਰ ਕੰਮ ਦਾ ਇਕ ਵਕਤ ਹੁੰਦਾ ਹੈ, ਵਿਆਹ ਦਾ ਵੀ।

ਛੁਟਕੀ ਦਾ ਵਿਆਹ ਹੋਇਆਂ ਪੂਰੇ ਸੱਤ ਸਾਲ ਬੀਤ ਚੁੱਕੇ ਸਨ, ਉਹ ਸੀ ਵੀ ਤਾਂ ਸਿਰਫ ਵੀਹ ਵਰ੍ਹਿਆਂ ਦੀ ਜਦੋਂ ਉਹ ਦੇ ਵਿਆਹ ਦੀ ਚਿੰਤਾ ਖਾਣ ਲੱਗੀ ਸੀ ਮਾਂ ਨੂੰ, ਇੱਕ ਤਾਂ ਉਹ ਪੜ੍ਹਨ-ਲਿਖਣ ਤੋਂ ਟੱਲਦੀ ਸੀ, ਦੂਸਰਾ ਫੈਸ਼ਨ-ਪ੍ਰਸਤੀ ਵੱਲ ਬੱਸ ਧਿਆਨ ਸੀ। ਫਿਰ ਮਾਂ ਨੂੰ ਉਹਦੇ ਸਾਂਵਲੇ ਰੰਗ ਦੀ ਵੀ ਚਿੰਤਾ ਸੀ।

"ਹਰ ਕੋਈ ਤੇਰੇ ਪਾਪਾ ਵਾਂਗ ਤਾਂ ਨਹੀਂ ਪ੍ਰਿਯਾ, ਕਿ ਕਾਲੇ ਰੰਗ ਦੀ ਵਹੁਟੀ ਲੈ ਆਏ। ਉੱਤੇ ਅੱਜ-ਕੱਲ੍ਹ ਦੇ ਮੁੰਡੇ...।" ਮਾਂ ਗੱਲ-ਗੱਲ 'ਤੇ ਫਿਕਰੇ ਕੱਸਦੀ ਤਾਂ ਛੁਟਕੀ ਵਿਚਾਰੀ ਕੋਲ ਸਿਵਾਏ ਹੱਥਾਂ ਦੀਆਂ ਤਲੀਆਂ ਮਲਣ ਦੇ ਕੋਈ ਚਾਰਾ ਨਹੀਂ ਸੀ ਬੱਚਦਾ। ਆਖਿਰ ਉਹੀ ਹੋਇਆ, ਜਿਸਦਾ ਡਰ ਸੀ। ਬੀ. ਏ. ਵਿੱਚ ਉਸਦੀ ਕੰਪਾਰਮੈਂਟ ਆ ਗਈ। ਕਿੰਨਾ ਫਿਟਕਾਰਿਆ ਸੀ ਸਾਰਿਆਂ ਨੇ ਉਹਨੂੰ। ਮਾਂ ਉਹਨੂੰ ਹਮੇਸ਼ਾ ਪ੍ਰਿਯਾ ਦੀ ਉਦਾਹਰਨ ਦਿੰਦੀ। ਪ੍ਰਿਯਾ ਪੜ੍ਹਾਈ ਲਿਖਾਈ 'ਚ ਖੂਬ ਹੁਸ਼ਿਆਰ ਸੀ। ਰੰਗ ਰੂਪ 'ਚ ਵੀ ਰੱਜ ਕੇ ਸੋਹਣੀ। ਪੂਰਾ ਪਰਿਵਾਰ ਉਹਦੇ 'ਤੇ ਮਾਣ ਕਰਦਾ ਸੀ।

"ਭੂਆ ਜੀ ਕੋ ਬੋਲੋ, ਮੋਹਿਤ ਬਾਹਰ ਘੂਮਨੇ ਜਾਏਗਾ, ਮੰਮਾ ਕੀ ਕਮਰ ਮੇਂ ਦਰਦ ਹੈ।" ਵਿਚਕਾਰਲੇ ਭਰਾ ਦੇ ਕਮਰੇ 'ਚੋਂ ਅਵਾਜ਼ ਆਈ ਤਾਂ ਪ੍ਰਿਯਾ ਦੀ ਸੁਰਤੀ ਟੁੱਟ ਗਈ। ਉਹ ਮੂੰਹ ਭਾਰ ਡਿਗਣੋ ਬਚੀ। ਉਹਦੇ ਕਮਰੇ 'ਚ ਪਹੁੰਚੀ। ਮੋਹਿਤ ਬੇਚੈਨ ਜਿਹਾ ਸੀ। ਉਹਨੇ ਦੌੜ ਕੇ ਉਹਨੂੰ ਚੁੱਕ ਲਿਆ। ਕਿੰਨੀ ਵਾਰ ਉਹਨੇ



ਆਪਣੇ-ਆਪ ਨੂੰ ਸਮਝਾਇਆ ਕਿ ਇਹ ਕਮਰਾ ਮਾਂ-ਪਾਪਾ ਦਾ ਨਹੀਂ, ਬਲਕਿ ਹੁਣ ਮੈਤ੍ਰੀ ਤੇ ਨਰੇਸ਼ ਦਾ ਹੈ। ਸੰਗ ਜਿਹੀ 'ਚ ਉਹ ਮੋਹਿਤ ਨੂੰ ਲੈ ਕੇ ਬਾਹਰ ਆ ਗਈ। ਪਾਪਾ ਤਾਂ ਸ਼ੁਰੂ ਤੋਂ ਹੀ ਫੌਜ 'ਚ ਰਹੇ ਨੇ, ਕਦੇ-ਕਦਾਈਂ ਹੀ ਆਉਂਦੇ ਨੇ। ਇਸ ਲਈ ਉਹਨਾਂ ਦੀ ਅਣਹੋਂਦ ਵੀ ਮਾਂ ਨੂੰ ਕਦੇ-ਕਦੇ ਖਟਕਦੀ ਸੀ।

"ਮੋਹਿਤ ਲਈ ਚਾਚੀ ਇੱਕ ਗੁੜੀਆ ਲਿਆਏਗੀ। ਕੀ ਚਾਹੀਦੈ ਬੱਚੇ ਨੂੰ? ਛੋਟਾ ਭਾਈ ਜਾਂ ਛੋਟੀ ਜਿਹੀ ਗੁੜੀਆ?" ਪ੍ਰਿਯਾ ਮੋਹਿਤ ਨਾਲ ਬਹੁਤ ਖੁਸ਼ ਸੀ।

"ਦੀਦੀ ਇਹਨੂੰ ਇੰਝ ਨਾ ਕਰ, ਬੱਚੇ ਲਈ ਠੀਕ ਨਹੀਂ ਹੁੰਦਾ। ਹੁਣੇ-ਹੁਣੇ ਤਾਂ ਦੁੱਧ ਪੀਤਾ ਇਹਨੇ।" ਤੇ ਕੁਝ ਨਰਾਜ਼ ਜਿਹਾ ਨਰੇਸ਼ ਉਥੋਂ ਚਲਿਆ ਗਿਆ। ਪ੍ਰਿਯਾ ਨੂੰ ਬਹੁਤ ਬੁਰਾ ਲੱਗਿਆ, ਆਪਣੇ ਛੋਟੇ ਭਰਾ ਦਾ ਦਿਲ ਦੁਖਾ ਕੇ। ਪਤਾ ਨਹੀਂ ਪ੍ਰਿਯਾ ਨੂੰ ਕੀ ਹੋਇਆ ਸੀ। ਕੋਈ ਵੀ ਕੰਮ ਠੀਕ ਢੰਗ ਨਾਲ ਨਹੀਂ ਕਰ ਪਾ ਰਹੀ ਤੇ ਸੱਭ ਨੂੰ ਨਰਾਜ਼ ਕਰੀ ਜਾ ਰਹੀ ਹੈ। ਇਥੋਂ ਤੱਕ ਕਿ ਪਿਛਲੇ ਦਿਨੀਂ ਤਾਂ ਮੈਤ੍ਰੀ ਦੀ ਮਾਂ ਨੇ ਵੀ ਉਹਨੂੰ ਟੋਕ ਦਿੱਤਾ ਸੀ ਕਿ ਬੱਚੇ ਦੀ ਜ਼ਿਆਦਾ ਤਰੀਫ ਨਹੀਂ ਕਰਦੇ, ਨਜ਼ਰ ਲੱਗ ਜਾਂਦੀ ਹੈ।

ਨਰੇਸ਼ ਸੀ ਤਾਂ ਉਹਦੇ ਤੋਂ ਛੋਟਾ, ਪਰ ਵਿਆਹ ਤੋਂ ਬਾਅਦ ਤੇ ਖਾਸ ਕਰ ਬਾਪ ਬਣਨ ਤੋਂ ਬਾਅਦ ਉਹ ਕਾਫੀ ਵੱਡਾ ਤੇ ਸਿਆਣਾ ਹੋ ਗਿਆ ਸੀ।

"ਉਹਨੂੰ ਬੇਚਾਰੀ ਨੂੰ ਕਿਉਂ ਡਾਂਟੀ ਜਾਂਦੇ ਓ। ਉਹਨੂੰ ਕੀ ਪਤਾ ਨਿਆਣਾ ਕਿਵੇਂ ਸੰਭਾਲੀਦਾ.. ਤੁਸੀਂ ਵੀ ਬਸ...।" ਪਿਛਿਓਂ ਮੈਤ੍ਰੀ ਦੀ ਆਵਾਜ਼ ਆਈ। ਨਰੇਸ਼ ਨੇ ਉਹਨੂੰ ਟੇਢੀ ਨਜ਼ਰ ਨਾਲ ਦੇਖਿਆ। ਪਰ ਮੈਤ੍ਰੀ ਨੇ ਅੱਖਾਂ ਹੀ ਅੱਖਾਂ 'ਚ ਆਪਣੇ ਘਰਵਾਲੇ ਨੂੰ ਇਸ਼ਾਰਾ ਕੀਤਾ ਤੇ ਉਹਨੂੰ ਕੰਮ ਉੱਤੇ ਭੇਜ ਦਿੱਤਾ।

ਮੈਤ੍ਰੀ, ਪ੍ਰਿਯਾ ਦੀ ਪੁਰਾਣੀ ਸਹੇਲੀ ਸੀ। ਇਕੱਠਿਆਂ ਪੜ੍ਹਾਈ ਕੀਤੀ ਅਤੇ ਦੋਵੇਂ ਅਖ਼ਬਾਰ 'ਚ ਨੌਕਰੀ ਕਰਨ ਲੱਗ ਪਈਆਂ ਸਨ। ਪ੍ਰਿਯਾ ਨੂੰ ਯਾਦ ਹੈ ਕਿ ਮੈਤ੍ਰੀ ਦੀ ਮਾਂ ਅਤੇ ਖੁਦ ਮੈਤ੍ਰੀ ਵੀ ਕਿੰਨੀ ਪਰੇਸ਼ਾਨ ਰਹਿੰਦੀ ਸੀ ਆਪਣੇ ਵਿਆਹ ਨੂੰ ਲੈ ਕੇ। ਮੈਤ੍ਰੀ ਦੇ ਅੱਧੇ ਚਿਹਰੇ 'ਤੇ ਜਨਮ ਦੇ ਸਮੇਂ ਤੋਂ ਹੀ ਗਹਿਰਾ ਨਿਸ਼ਾਨ ਸੀ। ਬਚਪਨ 'ਚ ਇੱਕ ਜਖ਼ਮ ਨੇ ਇਸਨੂੰ ਹੋਰ ਗਹਿਰਾ ਕਰ ਦਿੱਤਾ ਸੀ। ਉਹਦੇ ਮਨ 'ਚ ਇੱਕ ਗਹਿਰੀ ਉਦਾਸੀ ਛਾਈ ਰਹਿੰਦੀ। ਕਈ ਵਾਰ ਮੁੰਡੇ ਉਹਨੂੰ ਨਾਪਸੰਦ ਕਰ ਚੁੱਕੇ ਸਨ। ਵਿਆਹ ਦੀ ਉਹਦੀ ਕਿਤੇ ਆਸ ਨਹੀਂ ਸੀ ਬੱਝ ਰਹੀ। ਹੌਲੀ-ਹੌਲੀ ਉਹਦੇ ਮਨ 'ਚ ਹੀਣ ਭਾਵਨਾ ਗਹਿਰਾਉਂਦੀ ਜਾ ਰਹੀ ਸੀ।

ਇੱਕ ਵਾਰ ਮੈਤ੍ਰੀ ਦੀ ਮਾਂ ਨੇ ਪ੍ਰਿਯਾ ਨਾਲ ਨਰੇਸ਼ ਬਾਰੇ ਗੱਲ ਕੀਤੀ, ਤਾਂ ਪ੍ਰਿਯਾ ਛਟਪਟਾ ਕੇ ਰਹਿ ਗਈ। ਮੈਤ੍ਰੀ ਨਰੇਸ਼ ਤੋਂ ਤਿੰਨ ਵਰ੍ਹੇ ਵੱਡੀ ਸੀ ਤੇ ਨਰੇਸ਼ ਵੇਖਣ-ਸੁਣਨ 'ਚ ਵੀ ਉਹਦੇ ਤੋਂ ਕਈ ਰੱਤੀਆਂ ਉੱਤੇ ਸੀ। ਉਹਨੇ ਘਰ ਆ ਕੇ ਗੱਲ ਕੀਤੀ ਤਾਂ ਘਰ 'ਚ ਤਰਥੱਲੀ ਮਚ ਗਈ। ਖੁਦ ਨਰੇਸ਼ ਨੇ ਵੀ ਪ੍ਰਿਯਾ ਨੂੰ ਹੈਰਾਨੀ ਭਰੀ ਨਿਗਾਹ ਨਾ ਵੇਖਿਆ ਤੇ ਉੱਠ ਕੇ ਬਾਹਰ ਚਲਿਆ ਗਿਆ। ਪਰ ਪ੍ਰਿਯਾ ਇੱਕ ਕੁੜੀ ਦੇ ਮਨ ਦਾ ਭੈਅ ਤੇ ਦਰਦ ਸਮਝਦੀ ਸੀ। ਪ੍ਰਿਯਾ ਅਕਸਰ ਬਹੁਤ ਬੇਚੈਨ ਹੋ ਜਾਂਦੀ, ਜਦੋਂ ਮੈਤ੍ਰੀ ਉਹਨੂੰ ਕਹਿੰਦੀ, "ਪ੍ਰਿਯਾ, ਜਦੋਂ ਤੇਰਾ ਵਿਆਹ ਹੋ ਗਿਆ, ਮੈਂ ਬਿਲਕੁੱਲ ਇਕੱਲੀ ਰਹਿ ਜਾਵਾਂਗੀ। ਮੇਰੇ ਲਈ ਹੁਣ ਇਸ ਜ਼ਿੰਦਗੀ 'ਚ ਹੋਰ ਰਿਹਾ ਹੀ ਕੀ ਹੈ?"

ਪ੍ਰਿਯਾ ਉਸ ਦਿਨ ਸੱਚਮੁੱਚ ਉਸ ਨਾਲ ਗਹਿਰੇ ਜਾ ਕੇ ਕਿਤੇ ਜੁੜ ਗਈ ਸੀ, ਜਦੋਂ ਉਹਨੇ ਫੋਨ 'ਤੇ ਕਿਹਾ ਸੀ, "ਪ੍ਰਿਯਾ ਤੂੰ ਮੇਰੀ ਪ੍ਰੇਰਣਾ ਏਂ। ਮੈਨੂੰ ਇਕੱਲੀ ਕਦੇ ਨਾ ਛੱਡੀਂ। ਮੈਨੂੰ ਤੇਰੇ ਕੋਲੋਂ ਹਿੰਮਤ ਮਿਲਦੀ ਏ।" ਇੱਕ ਦਿਨ ਜਦੋਂ ਮੈਤ੍ਰੀ ਨੇ ਉਹਨੂੰ ਕਿਹਾ ਸੀ ਕਿ ਤੂੰ ਮੈਨੂੰ ਆਪਣਾ ਇੱਕ ਬੱਚਾ ਗੋਦ ਦੇ ਦੇਵੀਂ ਤਾਂ ਮੇਰੀ ਜ਼ਿੰਦਗੀ ਆਸਾਨੀ ਨਾਲ ਕੱਟ ਜਾਵੇਗੀ।' ਉਸ ਦਿਨ ਪ੍ਰਿਯਾ ਨੇ ਸੋਚ ਲਿਆ ਕਿ ਮੈਤ੍ਰੀ ਦੇ ਵਿਆਹ ਦੀ ਜ਼ਿਮੇਵਾਰੀ ਹੁਣ ਉਸੇ ਦੀ ਹੈ।

"ਪ੍ਰਿਯਾ ਬੁਰਾ ਨਾ ਮਨਾਵੀਂ। ਤੂੰ ਤਾਂ ਆਪਣੇ ਭਰਾ ਨੂੰ ਜਾਣਦੀ ਈ ਏਂ ਕਿ ਉਹ ਮੇਰੇ ਤੇ ਮੋਹਿਤ ਬਾਰੇ ਕਿੰਨੇ ਸੈਂਸਟਿਵ ਨੇ। ਇਹਨੂੰ ਮੈਨੂੰ ਫੜਾ ਦੇ। ਤੂੰ ਜ਼ਰਾ ਇਹਦੀਆਂ ਨੈਪੀਆਂ ਧੋ ਦੇ। ਬਿਸਤਰਾ ਵੀ ਸੁੱਕਾ ਕਰ ਜਾਈਂ, ਪਲੀਜ਼...।"

ਪ੍ਰਿਯਾ ਦੇ ਸਾਹ 'ਚ ਸਾਹ ਆਇਆ। ਉਹਨੇ ਮੋਹਿਤ ਨੂੰ ਉਹਦੀ ਮਾਂ ਦੀ ਝੋਲੀ ਪਾ ਦਿੱਤਾ ਤੇ ਖ਼ੁੱਦ ਨੈਪੀਆਂ ਧੋਣ ਬੈਠ ਗਈ। ਬਿਸਤਰਾ ਤਾਂ ਕਾਫੀ ਗੰਦਾ ਸੀ ਤੇ ਗਿੱਲਾ ਵੀ। ਉਹਨੂੰ ਚੰਗੀ ਤਰ੍ਹਾਂ ਯਾਦ ਹੈ,

ਜਦੋਂ ਨਰੇਸ਼ ਛੋਟਾ ਸੀ ਤਾਂ ਗਿੱਲੇ ਬਿਸਤਰੇ ’ਤੇ ਕਦੇ ਨਹੀਂ ਸੀ ਸੌਂਦਾ। ਪ੍ਰਿਯਾ ਦੀ ਫਰਾਕ ਫੜਕੇ ਪਿੱਛੇ-ਪਿੱਛੇ ਘੁੰਮਦਾ ਰਹਿੰਦਾ ਸੀ। ਸੌਂਦਾ ਵੀ ਉਹਦੇ ਨਾਲ ਹੀ ਸੀ। ਜਦੋਂ ਵੀ ਕੋਈ ਨਵੀਂ ਡਰਾਇੰਗ ਬਣਾਉਂਦਾ, ਸੱਭ ਤੋਂ ਪਹਿਲਾਂ ਪ੍ਰਿਯਾ ਨੂੰ ਵਿਖਾਉਂਦਾ। ਘਰ ਆਉਂਦਿਆਂ ਹੀ ਮਾਂ ਨੂੰ ਪੁੱਛਦਾ ਕਿ ਦੀਦੀ ਕਿੱਥੇ ਹੈ? ਬੀ.ਏ. ਵਿੱਚ ਸਬਜੈਕਟ ਵੀ ਤਾਂ ਉਸਨੇ ਪ੍ਰਿਯਾ ਨੂੰ ਪੁੱਛ ਕੇ ਹੀ ਲਏ ਸਨ। ਇਥੋਂ ਤੱਕ ਕਿ ਆਪਣੇ ਵਿਆਹ ਦੀ ਗੱਲ ਵੀ ਉਸਨੇ ਆਪਣੀ ਦੀਦੀ ਉੱਤੇ ਹੀ ਸੁੱਟ ਦਿੱਤੀ ਸੀ, ਭਰੋਸਾ ਜਿਉਂ ਸੀ। ਛੁਟਕੀ ਦੇ ਵਿਆਹ ਦਾ ਫੈਸਲਾ ਵੀ ਪ੍ਰਿਯਾ ਨੇ ਹੀ ਲਿਆ ਸੀ। ਯਾਦ ਹੈ ਉਹਨੂੰ, ਜਿਸ ਦਿਨ ਛੁਟਕੀ ਦਾ ਰਿਜ਼ਲਟ ਆਇਆ ਸੀ, ਮਾਂ ਕਿੰਨੀ ਪਰੇਸ਼ਾਨ ਸੀ। ਪਾਪਾ ਦਾ ਤਕਾਲਾਂ ਨੂੰ ਫੋਨ ਆਇਆ ਤਾਂ ਉਹ ਵੀ ਕਿੰਨੇ ਪਰੇਸ਼ਾਨ ਲੱਗ ਰਹੇ ਸਨ।

ਉਸ ਦਿਨ ਵੀ ਪ੍ਰਿਯਾ ਥੋੜ੍ਹਾ ਜਿਹਾ ਵਕਤ ਚੁਰਾ ਕੇ ਛੱਤ ’ਤੇ ਜਾ ਚੜ੍ਹੀ ਸੀ ਤੇ ਚੰਦ ਦੇਖਦੀ ਰਹੀ ਸੀ। ਬਚਪਨ ਤੋਂ ਹੀ ਉਹਨੂੰ ਖੁੱਲ੍ਹਾ ਅਸਮਾਨ ਬਹੁਤ ਭਾਉਂਦਾ ਸੀ। ਮਾਂ ਦੱਸਦੀ ਹੁੰਦੀ ਹੈ ਕਿ ਬਚਪਨ ’ਚ ਉਹ ਬਹੁਤ ਸਵਾਲ ਪੁੱਛਿਆ ਕਰਦੀ ਸੀ ਆਪਣੇ ਪਾਪਾ ਤੋਂ, ਚੰਦ ਤਾਰਿਆਂ ਦੇ ਬਾਰੇ। ਮਾਂ ਤਾਂ ਖਿੱਝ ਜਾਂਦੀ ਸੀ, ਪਰ ਪਾਪਾ ਨੇ ਉਸਦੇ ਸਵਾਲਾਂ ਨੂੰ ਕਦੇ ਅਣਸੁਣਿਆਂ ਨਹੀਂ ਸੀ ਕੀਤਾ। ਅੱਜ ਵੀ ਉਸਦੇ ਪਾਪਾ ਉਸਦੀ ਹਰ ਗੱਲ ਬਹੁਤ ਧਿਆਨ ਨਾਲ ਸੁਣਦੇ ਨੇ। ਸ਼ਾਇਦ ਹੁਣ ਉਹ ਉਸਦੀਆਂ ਨਜ਼ਰਾਂ ’ਚੋਂ ਸਵਾਲ ਸਮਝ ਨਹੀਂ ਪਾਉਂਦੇ ਜਾਂ ਖੁਦ ਪ੍ਰਿਯਾ ਹੀ ਖਵਰੇ ਏਨੀ ਬੇਗਾਨੀ ਹੋ ਗਈ ਹੈ ਕਿ ਕੋਈ ਉਸਨੂੰ ਹੁਣ ਸਮਝ ਹੀ ਨਹੀਂ ਰਿਹਾ। ਘਰ ਵਿੱਚ ਕਿਸੇ ਨੂੰ ਵੀ ਉਸਦੀ ਇਸ ਆਦਤ ਦਾ ਪਤਾ ਨਹੀਂ ਸੀ ਕਿ ਅਸਮਾਨ ਤੇ ਚੰਦ-ਤਾਰੇ ਦੇਖੇ ਬਗ਼ੈਰ ਪ੍ਰਿਯਾ ਨੂੰ ਨੀਂਦ ਨਹੀਂ ਆਉਂਦੀ। ਗੱਲ ਏਨੀ ਕੋਈ ਵੱਡੀ ਵੀ ਨਹੀਂ ਕਿ ਹਰ ਕਿਸੇ ਨੂੰ ਖਬਰ ਹੋਵੇ। ਵੈਸੇ ਵੀ ਪ੍ਰਿਯਾ ਉਹਨਾਂ ਲਈ ਸੱਭ ਤੋਂ ਵੱਡੀ ਸੀ, ਸੱਭ ਤੋਂ ਸਮਝਦਾਰ ਅਤੇ ਸੱਭ ਤੋਂ ਵੱਧ ਜ਼ਿੰਮੇਵਾਰ।

ਉਸ ਦਿਨ ਵੀ ਇਸੇ ਤਰ੍ਹਾਂ ਅਵਾਜ਼ ਆਈ ਸੀ ਹੇਠੋਂ ਅਤੇ ਜਦੋਂ ਉਹ ਦੌੜ ਕੇ ਹੇਠਾਂ ਗਈ ਸੀ ਤਾਂ ਮਾਂ ਨੇ ਦੱਸਿਆ, “ਮੁੰਡੇ ਵਾਲਿਆਂ ਦਾ ਫੋਨ ਆਇਆ ਹੈ, ਗੱਲ ਕਰ ਲੈ।” ਇਕ ਵਾਰੀ ਤਾਂ ਪ੍ਰਿਯਾ ਦੇ ਦਿਲ ਦੀ ਧੜਕਨ ਹੀ ਰੁਕ ਗਈ ਸੀ, ਉਸਨੂੰ ਲੱਗਿਆ ਕਿ ਬਸ, ਹੁਣ ਆਪਣੇ ਮਾਂ-ਬਾਪ, ਭੈਣ-ਭਰਾ ਸੱਭ ਛੁੱਟ ਜਾਣਗੇ। ਇਹਨਾਂ ਬਗ਼ੈਰ ਕਿਵੇਂ ਰਹਿ ਪਾਵਾਂਗੀ...?”

ਪ੍ਰਿਯਾ ਦੀਆਂ ਸਾਰੀਆਂ ਸਹੇਲੀਆਂ ਦੇ ਵਿਆਹ ਹੋ ਚੁੱਕੇ ਸਨ। ਪ੍ਰਿਯਾ ਪੜ੍ਹਦੀ ਗਈ ਅਤੇ ਫਿਰ ਘਰ ਦੀਆਂ ਜ਼ਿੰਮੇਵਾਰੀਆਂ... ਲਗਭਗ ਅਠਾਈ ਵਰ੍ਹਿਆਂ ਦੀ ਹੋ ਚੁੱਕੀ ਸੀ। ਪੀ.ਐਚ.ਡੀ ਕਰ ਰਹੀ ਸੀ। ਪਰੰਤੂ ਉਸਦਾ ਘਰੋਂ ਬਾਹਰ ਨਿਕਲਣਾ ਦੁੱਭਰ ਹੋਇਆ ਪਿਆ ਸੀ। ਉਹਦੀਆਂ ਆਪਣੀਆਂ ਸਹੇਲੀਆਂ ਵੀ ਕਈ ਵਾਰ ਉਹਨੂੰ ਪੁੱਛ ਲੈਂਦੀਆਂ ਕਿ ਉਹਦੇ ਮਾਂ-ਬਾਪ ਨੂੰ ਵਿਆਹ ਦੀ ਕੋਈ ਫਿਕਰ ਨਹੀਂ? ਇੱਕ ਪਾਸੇ ਤਾਂ ਤਸੱਲੀ ਵੀ ਸੀ ਕਿ ਚਲੋ, ਥੋੜ੍ਹੀ ਦੇਰ ਨਾਲ ਹੀ ਸਹੀ, ਪਰ ਦੂਜੇ ਪਾਸੇ ਦਿਲ ’ਚ ਕੋਈ ਟੀਸ ਹਰ ਸਮੇਂ ਟਸ-ਟਸ ਕਰਦੀ ਰਹਿੰਦੀ। ਪ੍ਰਿਯਾ ਨੇ ਦੇਖਿਆ ਮਾਂ ਬਹੁਤ ਬੇਚੈਨ ਸੀ। ਉਹਨੂੰ ਇਸ ਗੱਲ ’ਤੇ ਮਾਣ ਵੀ ਹੋਇਆ ਕਿ ਉਸਦੀ ਜ਼ਿੰਦਗੀ ਦੇ ਏਡੇ ਅਹਿਮ ਫੈਸਲੇ ਦਾ ਅਧਿਕਾਰ ਉਸਦੇ ਮਾਂ-ਬਾਪ ਨੇ ਉਸਨੂੰ ਖੁਦ ਦੇ ਰੱਖਿਆ ਹੈ।

“ਤੇਰੇ ਪਾਪਾ ਨੇ ਕਿਹਾ ਹੈ ਕਿ ਹਾਂ ਉਦੋਂ ਕਰਨੀ ਹੈ, ਜਦੋਂ ਪ੍ਰਿਯਾ ਨੂੰ ਸੱਭ ਕੁੱਝ ਪਸੰਦ ਹੋਵੇਗਾ। ਉਹਨਾਂ ਨੂੰ ਤੇਰੇ ਉੱਤੇ ਪੂਰਾ ਭਰੋਸਾ ਹੈ।” ਮਾਂ ਨੇ ਕਿਹਾ।

“ਮਾਂ, ਤੁਹਾਡੀ ਸਾਰਿਆਂ ਦੀ ਪਸੰਦ, ਮੇਰੀ ਪਸੰਦ ਹੈ। ਮੈਂ ਤੁਹਾਡੇ ਤੋਂ ਬਾਹਰ ਥੋੜ੍ਹਾ ਹਾਂ।” ਪ੍ਰਿਯਾ ਨੇ ਵੀ ਧੀ ਹੋਣ ਦਾ ਫਰਜ਼ ਨਿਭਾਇਆ।

ਛੁਟਕੀ ਨੂੰ ਦੇਖਿਆ ਤਾਂ ਪ੍ਰਿਯਾ ਦੀਆਂ ਅੱਖਾਂ ਭਰ ਆਈਆਂ। ਉਹ ਕਮਲੀ ਸੱਭ ਤੋਂ ਡਾਂਟ ਖਾ ਕੇ ਵੀ ਖੁਸ਼ ਸੀ। ਸ਼ੀਸ਼ੇ ਸਾਹਮਣੇ ਖੜ੍ਹੀ ਕੁਝ ਗੁਣਗੁਣਾ ਰਹੀ ਸੀ। ਚਿਹਰੇ ’ਤੇ “ਮਡ ਪੈਕ” ਲਗਾ ਰਹੀ ਸੀ। ਮਾਂ ਨੇ ਘੂਰਵੀਆਂ ਅੱਖਾਂ ਨਾਲ ਛੁਟਕੀ ਵੱਲ ਵੇਖਿਆ ਤਾਂ ਪ੍ਰਿਯਾ ਨੇ ਮਾਂ ਦਾ ਹੱਥ ਘੁੱਟਦਿਆਂ ਕਿਹਾ, “ਮਾਂ, ਸੱਭ ਕੁਝ ਠੀਕ ਹੋ ਜਾਵੇਗਾ। ਚਿੰਤਾ ਨਾ ਕਰ ਮੈਂ ਹਾਂ ਨਾ...।”

“ਇਹੀ ਤਾਂ ਚਿੰਤਾ ਸਤਾ ਰਹੀ ਆ ਮੈਨੂੰ। ਇਹ ਕਾਲ-ਕਲੂਟੀ ਨੂੰ ਕੌਣ ਪਸੰਦ ਕਰੂ। ਉੱਤੋਂ ਪੜ੍ਹਾਈ ’ਚੋਂ ਨਿਕੰਮੀ। ਕਿਤੇ ਇਹਨੂੰ ਵੇਖਦਿਆਂ ਹੀ ਨਾਂਹ ਕਰ ਦਿੱਤੀ ਉਹਨਾਂ ਤਾਂ...। ਤਾਂ ਪ੍ਰਿਯਾ, ਕੀ ਹੋਵੇਗਾ? ਵਿਆਹ ਬਿਨਾਂ ਧੀ ਜਾਤ ਦਾ ਗੁਜ਼ਾਰਾ ਨਹੀਂ। ਨਾਲੇ ਫੇਰ ਹਰ ਕੰਮ ਦਾ ਵਕਤ ਹੁੰਦਾ ਹੈ। ਫੇਰ ਇਹ



ਤੇਰੇ ਵਾਂਗ ਤਾਂ ਹੈ ਨਹੀਂ ਕਿ ਕੋਈ ਝੋਲੀ ਅੱਡ ਕੇ ਲੈ ਜਾਵੇਗਾ। ਬਸ ਇਹਦੇ ਹੱਥ ਪੀਲੇ ਹੋ ਜਾਣ ਤਾਂ ਗੰਗਾ ਨਹਾ ਲਵਾਂਗੀ...।” ਮਾਂ ਬਸ ਰੋਣ ਹੀ ਵਾਲੀ ਸੀ।

ਪ੍ਰਿਯਾ ਨੂੰ ਜਿਵੇਂ ਕਿਸੇ ਨੇ ਬੁਰੀ ਤਰ੍ਹਾਂ ਝੰਜੋੜਿਆ। ਪਲ ’ਚ ਹੀ ਹਨ੍ਹੇਰ ਛਾ ਗਿਆ। ਦੰਦ ਪੀਚ ਕੇ ਡਬਡਬਾਈਆਂ ਅੱਖਾਂ ’ਚ ਹੰਝੂ ਪੀ ਕੇ ਉਹਨੇ ਮਾਂ ਦਾ ਚਿਹਰਾ ਆਪਣੇ ਮੁਲਾਇਮ ਹੱਥਾਂ ’ਚ ਲੈ ਲਿਆ।

“ਮਾਂ, ਮੈਂ ਹਾਂ ਨਾ.. ਭਰੋਸਾ ਰੱਖ... ਸੱਭ ਠੀਕ ਹੋ ਜਾਵੇਗਾ...।”

ਖੁਦ ਤੋਂ ਹੀ ਨਜ਼ਰਾਂ ਚੁਰਾ ਕੇ ਪ੍ਰਿਯਾ ਨੇ ਦੌੜ ਕੇ ਛੁਟਕੀ ਨੂੰ ਸੀਨੇ ਨਾਲ ਲਗਾ ਲਿਆ। ਕਿੰਨੀ ਸ਼ਾਂਤ ਲੱਗ ਰਹੀ ਸੀ ਉਹ। ਆਪਣੀ ਹੀ ਦੁਨੀਆਂ ’ਚ ਮਗਨ, ਕੋਈ ਭੈਅ ਨਹੀਂ। ਕੋਈ ਚਿੰਤਾ ਨਹੀਂ। ਮੋਟੀਆਂ-ਮੋਟੀਆਂ ਅੱਖਾਂ ਨਾਲ ਉਹਨੇ ਪ੍ਰਿਯਾ ਨੂੰ ਦੇਖਿਆ ਤੇ ਪੁੱਛਿਆ, “ਦੀਦੀ, ਹੁਣ ਕੰਪਾਰਟਮੈਂਟ ਦੇ ਪੇਪਰ ਤਾਂ ਨਹੀਂ ਦੇਣੇ ਪੈਣਗੇ ਮੈਨੂੰ...?” ਪ੍ਰਿਯਾ ਨੇ ਆਪਣਾ ਹਾਸਾ ਰੋਕ ਲਿਆ।

ਛੁਟਕੀ ਦੀ ਗੱਲ੍ਹ ਤੇ ਥਪਕੀ ਜਿਹੀ ਮਾਰਦਿਆਂ ਕਿਹਾ, “ਚੱਲ ਉਹ ਵੀ ਮੈਂ ਹੀ ਦੇ ਦੇਵਾਂਗੀ...।”

oooooo

ਕਹਾਣੀ ਤਾਂ ਇਹਦੀ ਜੋ ਹੈ ਸੋ ਹੈ, ਪਰ ਇਹ ਆਪਣੇ ਬਾਰੇ ਬਹੁਤ ਕੁਝ ਲੁਕੋ ਗਈ। ਹਾਂ, ਵਿਆਹ ਨਾ ਹੋਣ ਦਾ ਝੋਰਾ ਜ਼ਰੂਰ ਝਲਕਦਾ ਹੈ। ਉਹ ਵੀ ਨੰਗੀ ਅੱਖ ਨਾਲ ਨਹੀਂ ਵੇਖਿਆ ਜਾ ਸਕਦਾ। ਬਹੁਤ ਹੀ ਸੂਖਮ ਅਹਿਸਾਸ ਹੈ। ਜਿਹੜਾ ਇਹਦੇ ਬਾਰੇ ਜਾਣਦਾ ਹੋਊ, ਉਹੀ ਬਾਰੀਕੀ ਫੜ ਸਕਦਾ। ਉਂਝ ਇਹਦੀ ਜ਼ਿੰਦਗੀ ਬਹੁਤ ਹੀ ਭਿਆਨਕ ਤੇ ਡਰਾਉਣੀ ਹੈ। ਇਹਦੇ ਉੱਤੇ ਨਾਟਕ ਤਾਂ ਕੀ ਪੂਰੀ ਫਿਲਮ ਬਣ ਸਕਦੀ ਹੈ।

ਨਿੱਕੀ ਸੀ ਤਾਂ ਪਿਤਾ ਫੌਜ ’ਚ ਹੋਣ ਕਰਕੇ ਬੰਗਾਲ ਤਬਦੀਲ ਹੋ ਗਏ। ਉੱਥੇ ਕਈ ਵਰ੍ਹੇ ਰਹੇ। ਇਹ ਪੰਜ-ਛੇ ਸਾਲਾਂ ਦੀ ਹੋਵੇਗੀ ਕਿ ਘਰ ’ਚ ਭਰਾ ਦਾ ਜਨਮ ਹੋਇਆ। ਇਹਨਾਂ ਦਾ ਇੱਕ ਗਵਾਂਢੀ ਇਹਦੇ ਨਿੱਕੜੇ ਜਿਹੇ ਭਰਾ ਨੂੰ ਚੁੱਕਦਾ ਤੇ ਇਹਨੂੰ ਉਂਗਲੀ ਲਾ ਕੇ ਬਜ਼ਾਰ ਲੈ ਜਾਂਦਾ। ਉਹ ਰਸਤੇ ’ਚ ਉਸ ਪਾਸਿਉਂ ਲੰਘਦਾ, ਜਿੱਧਰ ਕਸਾਈਆਂ ਦੇ ਖੋਖੇ ਪੈਂਦੇ ਸਨ। ਉੱਥੇ ਲਟਕਦੇ ਬੱਕਰੇ ਇਹਨੂੰ ਵਿਖਾਉਂਦਾ, “ਜੇ ਕਿਸੇ ਨੂੰ ਦੱਸਿਆ, ਤਾਂ ਮੈਂ ਤੇਰੇ ਭਰਾ ਨੂੰ ਇਵੇਂ ਮਾਰ ਕੇ ਟੰਗ ਦੇਣਾ...।” ਤੇ ਇਹ ਸਹਿਮ ਜਾਂਦੀ। ਆਪਣੇ ਘਰ ਲਿਜਾ ਕੇ ਉਹ ਇਹਨੂੰ ਸੈਕਸੁਅਲੀ ਹਰਾਸ ਕਰਦਾ। ਬੱਚੀ ਖਾਮੋਸ਼ ਹੋ ਗਈ ਸੀ। ਇਹੀ ਸਿਲਸਿਲਾ ਕਈ ਵਰ੍ਹੇ ਚੱਲਦਾ ਰਿਹਾ। ਇਹ ਜਿਵੇਂ ਪੱਥਰ ਦੀ ਮੂਰਤ ਬਣ ਗਈ ਸੀ।

ਫਿਰ ਪਿਤਾ ਦੀ ਬਦਲੀ ਹੋ ਗਈ। ਇਹ ਅੰਬਾਲੇ ਕੈਂਟ ਆ ਟਿਕੇ। ਹੌਲੀ-ਹੌਲੀ ਜਵਾਨ ਹੋ ਗਈ। ਅੰਤਾਂ ਦੀ ਸੋਹਣੀ, ਫਿਰ ਚੰਡੀਗੜ੍ਹ ਕਾਲਜ ’ਚ ਦਾਖਲ ਹੋ ਹੋਸਟਲ ’ਚ ਰਹਿਣ ਲੱਗੀ। ਅੱਤਵਾਦ ਦਾ ਦੌਰ ਆਇਆ। ਇੱਕ ਦਿਨ ਚੁਫੇਰੇ ਕਰਫਿਊ ਲੱਗ ਗਿਆ। ਹਾਲਾਤ ਬਹੁਤ ਨਾਜ਼ੁਕ ਸਨ। ਹੋਸਟਲ ਖਾਲੀ ਹੋ ਗਏ ਸਨ। ਪਿਤਾ ਦਾ ਸੁਨੇਹਾ ਆਇਆ ਕਿ ਤੂੰ ਫਲਾਣੇ ਸੈਕਟਰ ਮੇਰੇ ਦੋਸਤ ਕੋਲ ਚਲੇ ਜਾ। ਇਹਨੇ ਇੰਝ ਹੀ ਕੀਤਾ। ਉਸ ਕੋਠੀ ’ਚ ਉਹਨਾਂ ਦਾ ਦੋਸਤ ਉਸ ਦਿਨ ਇਕੱਲਾ ਹੀ ਸੀ। ਉਸਦੇ ਘਰਦੇ ਬਾਹਰ ਗਏ ਹੋਏ ਸਨ। ਰਾਤ ਨੂੰ ਉਹਨੇ ਇਹਦੇ ਨਾਲ ਰੇਪ ਕੀਤਾ। ਇਹ ਸਿੱਲ ਹੋ ਗਈ।

ਫਿਰ ਚੰਡੀਗੜ੍ਹ ਦੇ ਹੀ ਇੱਕ ਕਾਲਜ ’ਚ ਲੈਕਚਰਾਰ ਲੱਗ ਗਈ। ਉੱਥੇ ਇੱਕ ਛੁੱਟੜ ਨਾਲ ਇਸ਼ਕ ਪੇਚਾ ਪੈ ਗਿਆ। ਉਹ ਇਹਨੂੰ ਅਮੋਸ਼ਨਲੀ ਐਕਸਪਲਾਇਟ ਕਰ ਗਿਆ। ਇਹ ਭਾਵੁਕ ਹੋ ਕੇ ਉਹਦੇ ਨਾਲ ਜੁੜ ਗਈ। ਉਹਦਾ ਆਪਣੀ ਦੋ ਬੱਚਿਆਂ ਦੀ ਮਾਂ ਘਰਵਾਲੀ ਨਾਲ ਝਗੜਾ ਚੱਲ ਰਿਹਾ ਸੀ। ਇਹਨੂੰ ਲਾਰਾ ਲਾਉਣ ਲੱਗ ਪਿਆ ਕਿ ਤਲਾਕ ਹੁੰਦਿਆਂ ਸਾਰ ਹੀ ਤੇਰੇ ਨਾਲ ਵਿਆਹ ਕਰ ਲਵਾਂਗਾ। ਇਹ ਵੀ ਉਹਦੇ ਨਾਲ ਜੁੜ ਗਈ ਸੀ। ਉਹਦੇ ਘਰਵਾਲੀ ਦੇ ਮਾਪਿਆਂ ਦੀ ਰਾਜਨੀਤਿਕ ਪਹੁੰਚ ਬਹੁਤ ਸੀ। ਜ਼ੋਰ ਪੈਂਦਾ ਗਿਆ ਤੇ ਕੇਸ ਅਗਾਂਹ ਹੀ ਅਗਾਂਹ ਰਿੜ੍ਹਦਾ ਗਿਆ। ਅਖੀਰ ਘਰਵਾਲੀ ਦਾ ਦਬਾਅ ਵਧ ਗਿਆ। ਉਹਨੂੰ ਝੁਕਣਾ ਪਿਆ। ਪਿਛੋਂ ਇਹਨੂੰ ਕਹਿੰਦਾ ਰਿਹਾ ਕਿ ਮੈਂ ਤੈਨੂੰ ਕਿਤੇ ਹੋਰ ਮਕਾਨ ਬਣਾ ਕੇ ਦੇ ਦਿੰਦਾ ਹਾਂ, ਆਪਾਂ ਘਰਦਿਆਂ ਤੋਂ ਚੋਰੀ ਉੱਥੇ ਰਿਹਾ ਕਰਾਂਗੇ। ਇਹਨੇ ਜਵਾਬ ਦੇ ਦਿੱਤਾ। ਪਰ ਕਈ ਦਿਨ ਆਪਣੇ ਆਪ ਨਾਲੋਂ ਵੀ ਟੁੱਟੀ ਰਹੀ। ਫਿਰ ਇਹ ਸਾਡੇ ਸ਼ਹਿਰ ਆ ਗਏ। ਹੁਣ

ਇਹਨੇ ਆਪਣੇ ਡਿਪਾਰਟਮੈਂਟ ਦੇ ਇੱਕ ਪ੍ਰੋਫੈਸਰ ਨਾਲ ਗੰਢ ਲਈ ਹੈ। ਉਹ ਵੀ ਵਿਆਹਿਆ-ਵਰ੍ਹਿਆ ਹੈ। ਇੱਕ ਬੇਟੀ ਹੈ ਉਸਦੀ। ਪਾਗਲ ਹੈ ਕਿਸੇ ਜ਼ਮਾਨੇ ਦਾ। ਇਹ ਪਤਾ ਨਹੀਂ ਕਿਉਂ ਉਹਦੇ ਵੱਲ ਖਿੱਚੀ ਗਈ ਹੈ। ਕਹਿੰਦੀ ਹੈ ਕਿ ਉਸਦੇ ਘਰਵਾਲੀ ਪਾਗਲ ਹੈ। ਉਸ ਨੂੰ ਬਿਲਕੁਲ ਨਹੀਂ ਸਮਝਦੀ। ਮੈਂ ਉਸ ਇਨਸਾਨ ਨੂੰ ਸਪੋਰਟ ਦੇ ਰਹੀ ਹਾਂ। ਉਹ ਅੰਦਰੋਂ ਟੁਟਿਆ ਪਿਆ ਹੈ। ਉਹਨੂੰ ਕਿਸੇ ਸਹਾਰੇ ਦੀ ਲੋੜ ਸੀ, ਮੈਂ ਉਹਨੂੰ ਸਹਾਰਾ ਦੇ ਰਹੀ ਹਾਂ। ਮੈਨੂੰ ਵੀ ਉਹਦੇ ਕੰਮ ਆ ਕੇ ਸਕੂਨ ਮਿਲਦਾ ਹੈ। ਪਰ ਅਸੀਂ ਇਹਨੂੰ ਕਹਿੰਦੇ ਹਾਂ ਕਿ ਇਹ ਰਸਤਾ ਤੈਨੂੰ ਕਿਸੇ ਗਹਿਰੀ ਖੱਡ 'ਚ ਲੈ ਜਾਵੇਗਾ। ਇਹ ਅਜੇ ਸਾਡੀਆਂ ਗੱਲਾਂ ਸਮਝਣ ਤੋਂ ਇਨਕਾਰ ਕਰ ਬੈਠੀ ਹੈ।

ਵੈਸੇ ਇਹਨਾਂ ਕੁੜੀਆਂ ਦੀ ਬਹੁਤੀ ਸਮਝ ਨਹੀਂ ਆਉਂਦੀ, ਜਿਹੜੀਆਂ ਕੁਝ ਬਣਨ ਦੇ ਰੋਗ 'ਚ ਵਿਆਹ ਦੀ ਉਮਰ ਗਵਾ ਲੈਂਦੀਆਂ ਨੇ ਤੇ ਮਗਰੋਂ ਅਜੀਬੋ-ਗ਼ਰੀਬ ਹਰਕਤਾਂ ਕਰਦੀਆਂ ਨੇ। ਸਾਡੇ ਘੇਰੇ 'ਚੋਂ ਹੀ ਇੱਕ ਹੋਰ ਲੈਕਚਰਾਰ ਹੈ। ਉਹਨੇ ਵੀ ਵਿਆਹ ਨਹੀਂ ਕਰਵਾਇਆ। ਪਿੱਛੇ ਜਿਹੇ ਮੇਰੀ ਮਾਸ਼ੂਕ ਨੂੰ ਕਹਿੰਦੀ ਕਿ ਪਿਛਲੇ ਦੋ ਸਾਲਾਂ ਤੋਂ ਉਹ ਜਿਸ ਲੋਕਲ ਬਸ 'ਚ ਚੜ੍ਹਕੇ ਕਾਲਜ ਜਾ ਰਹੀ ਹੈ, ਉਸਦੇ ਡਰਾਇਵਰ ਨਾਲ ਉਹ ਵਿਆਹ ਕਰਵਾਉਣਾ ਚਾਹੁੰਦੀ ਹੈ। ਉਸਨੇ ਡਰਾਇਵਰ ਨਾਲ ਕੋਈ ਗੱਲ ਵੀ ਨਹੀਂ ਕੀਤੀ ਸੀ। ਪਿਛਲੇ ਦਿਨੀਂ ਸਾਡੇ ਨਾਲ ਵੀ ਉਦੋਂ ਗੱਲ ਕੀਤੀ, ਜਦੋਂ ਦੋ ਮਹੀਨਿਆਂ ਤੋਂ ਡਰਾਇਵਰ ਬਦਲ ਗਿਆ, ਤਾਂ ਇਹ ਵਿਚਲਿਤ ਹੋ ਉੱਠੀ। ਇਹਦੇ ਅੰਦਰੋਂ ਕੁਝ ਭੁਰ ਗਿਆ। ਇਹਨੇ ਗੱਲ ਕਰ ਲਈ। ਡਿਊਟੀ ਮੇਰੀ ਲੱਗੀ, ਉਸ ਡਰਾਇਵਰ ਬਾਰੇ ਜਾਣਕਾਰੀ ਇਕੱਠੀ ਕਰਨ ਦੀ। ਖ਼ੈਰ, ਇਹਦੇ ਦੱਸਣ ਮੁਤਾਬਿਕ ਉਹਦੀ ਤਫਤੀਸ਼ ਕਰ ਲਈ ਗਈ। ਉਹ ਤਿੰਨ ਨਿਆਣਿਆਂ ਦਾ ਬਾਪ ਨਿਕਲਿਆ। ਇਹ 'ਆਹ!' ਭਰ ਕੇ ਰਹਿ ਗਈ।

ਅੱਛਾ, ਇੱਕ ਹੋਰ ਕੇਸ ਹੈ। ਉਹ ਵੀ ਬਹੁਤ ਖਤਰਨਾਕ ਕੁੜੀ ਹੈ। ਪੱਤਰਕਾਰ ਹੈ। ਇੱਕ ਮੁੰਡੇ ਨਾਲ ਪੇਚਾ ਪਾ ਲਿਆ। ਉਹ ਵੀ ਵਿਆਹਿਆ ਹੋਇਆ ਸੀ। ਕਈ ਵਰ੍ਹੇ ਉਹਦੇ ਨਾਲ ਕੋਲੋਂ ਪੈਸੇ ਖਰਚ ਕੇ ਖੇਡਦੀ ਰਹੀ। ਅਖੀਰ ਉਹਨੂੰ ਤੋੜ ਕੇ ਸੁੱਟ ਦਿੱਤਾ। ਪੁੱਛਣ 'ਤੇ ਕਹਿਣ ਲੱਗੀ, "ਦਰਅਸਲ ਉਹ ਮੁੰਡਾ ਫਕੀਰ ਦੀ ਬਖਸ਼ਿਸ਼ ਨਾਲ ਇਸ ਜਹਾਨ ਉੱਤੇ ਪੈਦਾ ਹੋਇਆ ਹੈ। ਮੈਂ ਉਸ ਫਕੀਰ ਨੂੰ ਜਾਣਦੀ ਹਾਂ। ਉਸ ਮੁੰਡੇ ਦਾ ਬਚਪਨ ਵੀ ਫਕੀਰ ਦੀ ਉਸੇ ਝੁੱਗੀ 'ਚ ਬੀਤਿਆ ਹੈ। ਉਸ ਫਕੀਰ ਦੀ ਬਖਸ਼ਿਸ ਕਰਕੇ ਹੀ ਉਸਦੇ ਸਰੀਰ ਵਿੱਚੋਂ ਅਜੀਬ ਕਿਸਮ ਦੀ, ਮਨ ਨੂੰ ਸਕੂਨ ਦੇਣ ਵਾਲ ਮਹਿਕ ਆਉਂਦੀ ਸੀ। ਮੈਂ ਉਸੇ ਮਹਿਕ ਨੂੰ ਮਾਣਦੀ ਰਹੀ ਹਾਂ। ਹੁਣ ਪਿਛਲੇ ਦਿਨੀਂ ਉਹ ਫਕੀਰ ਚੜ੍ਹਾਈ ਕਰ ਗਏ। ਉਸੇ ਦਿਨ ਤੋਂ ਉਸ ਮੁੰਡੇ ਦੇ ਸਰੀਰ ਦੀ ਮਹਿਕ ਵੀ ਮਰ ਗਈ। ਉਹ ਹੁਣ ਮੁਰਦਾ ਹੈ। ਮੈਂ ਉਸਨੂੰ ਛੱਡ ਦਿੱਤਾ ਹੈ...।"

ਵੈਸੇ, ਆਪਾਂ ਨਹੀਂ ਸਮਝ ਸਕਦੇ ਇਹਨਾਂ ਦੇ ਮਨ। ਇਸ ਲਈ ਚੁੱਪ ਹੀ ਰਹੀਏ ਤਾਂ ਭਲਾ ਹੈ।

## ੨੪

"ਉੱਠ...!" ਪਟੱਕ ਕਰਕੇ ਆਪਣਾ ਹੱਥ ਪੁੱਠੀ ਕੀਤੀ ਬਾਂਹ 'ਤੇ ਮਾਰਿਆ ਹੈ।

"ਉੱਠ...! ਉੱਠ...!" ਦੋ-ਤਿੰਨ ਵਾਰ ਇੰਝ ਕੀਤਾ ਹੈ।

ਜਲੰਧਰੀ ਸਾਹਿਬ। ਨਾੜ ਨੂੰ ਉਭਰਨ ਲਈ ਕਹਿ ਰਹੇ ਨੇ। ਨਾੜ ਉੱਭਰੀ ਹੈ।

"ਹਾਂ... ਆਂ...। ਹੁਣ ਆਈ ਨਾ ਟਿਕਾਣੇ...।" ਨਸ਼ੇ ਦਾ ਟੀਕਾ ਆਪੇ ਨਾੜ 'ਚ ਲਾ ਲਿਆ ਹੈ। ਅੱਖਾਂ ਮੀਟ ਕੇ 'ਸ਼ੁਕਰਾਨਾ' ਕੀਤਾ ਹੈ।

ਮੈਨੂੰ ਪਹਿਲਾਂ ਈ ਖ਼ਬਰ ਸੀ ਕਿ ਉਹਨੂੰ ਦੌਰਾ ਪੈ ਗਿਆ ਹੋਣਾ, ਤਦੇ ਉਹ ਲਾਇਬ੍ਰੇਰੀ ਨਹੀਂ ਆ ਰਿਹਾ। ਐਕਟਿੰਗ ਉਹਦੀ ਕਰਕੇ ਹੀ ਸਾਡਾ ਨਾਟਕ ਨਹੀਂ ਤੁਰ ਰਿਹਾ। ਮੈਨੂੰ ਬਾਕੀ ਸਾਥੀਆਂ ਵੀ ਕਿਹਾ ਸੀ ਕਿ ਉਹ ਨੂੰ ਦੌਰਾ ਪੈ ਗਿਆ ਹੋਣਾ। ਇਹਨੂੰ ਨਸ਼ੇ ਦਾ ਇੰਝ ਹੀ ਦੌਰਾ ਪੈਂਦਾ ਹੈ। ਕਦੇ ਕੈਪਸੂਲ ਖਾਂਦਾ ਰਹੇਗਾ। ਕਦੇ ਸ਼ਰਾਬ ਦਾ ਦੌਰ ਚੱਲੇਗਾ। ਕਦੇ ਟੀਕੇ ਲਗਾਉਣ ਲੱਗ ਪਊ। ਇੱਕ ਵਾਰੀ ਮੈਨੂੰ ਕਹਿੰਦਾ, "ਤੈਨੂੰ ਪਤਾ ਮੈਂ ਕਵੈਂਡਰ ਦੀ ਸਿਗਰੇਟ ਹੀ ਕਿਉਂ ਪੀਂਦਾ? ਕਿਉਂਕਿ ਇਹਦੇ ਪੀਣ ਨਾਲ ਕੰਨਾਂ ਚੋਂ ਬੀਂਡਿਆਂ ਦੀਆਂ ਅਵਾਜ਼ਾਂ ਸੁਣਾਈ ਦਿੰਦੀਆਂ ਨੇ। ਬਸ ਕਮਾਲ ਈ ਹੋ ਜਾਂਦੀ ਆ...।"



ਇਹ ਅਜੀਬ ਬੰਦੇ, ਬੰਦਾ ਕੀ ਇਹਨਾਂ ਦਾ ਪੂਰਾ ਟੱਬਰ ਈ ਅਜੀਬ ਐ, ਨਹੀਂ ਯਕੀਨ ਆਉਂਦਾ? ਤੁਸੀਂ ਖੁਦ ਮਿਲ ਲਵੋ। ਦ੍ਰਿਸ਼ ਤੁਹਾਡੇ ਸਾਹਮਣੇ ਹੈ।

oooooo

ਸੰਤ ਰਾਮ ਭੁੱਖਾ ਸਾਹਿਬ, ਯਾਨੀ ਜਲੰਧਰੀ ਸਾਹਿਬ ਦੇ ਪਿਤਾ ਸ਼੍ਰੀ ਆਪਣੀ ਉਮਰ ਦੇ ਆਖਰੀ ਦਿਨਾਂ 'ਚ ਹੁਣ ਚਾਹ ਦਾ ਖੋਖਾ ਬਣਵਾ ਰਹੇ ਨੇ। ਤਿਆਰੀਆਂ ਮੁਕੰਮਲ ਨੇ। ਉਹਨਾਂ ਦਾ ਵੱਡਾ ਮੁੰਡਾ ਚਾਰਲੀ ਵੀ ਡਟਿਆ ਪਿਆ। ਵੈਸੇ ਉਹਨੂੰ ਸ਼ਰਾਬ ਤੋਂ ਕਦੇ ਵਿਹਲ ਨਹੀਂ ਮਿਲਦੀ। ਜੁੱਤੀਆਂ ਬਣਾਉਣ ਦਾ ਐਡਾ ਕਾਰੀਗਰ ਸੀ ਕਿ ਦੂਰੋਂ-ਦੂਰੋਂ ਲੋਕ ਉਹਦੇ ਕੋਲ ਸਾਈ ਲੈ ਕੇ ਆਉਂਦੇ ਸਨ। ਚਾਰ-ਪੰਜ ਕਾਰੀਗਰ ਉਹਨੇ ਨਾਲ ਰੱਖੇ ਹੁੰਦੇ ਸਨ। ਪਰ ਉਹਦੀਆਂ ਉਹ ਜਾਣੇ। ਹੁਣ ਕਈ ਵਰ੍ਹਿਆਂ ਤੋਂ ਕੋਈ ਕੰਮ ਨਹੀਂ। ਦੁਕਾਨ ਬੰਦ ਹੋ ਗਈ। ਬਸ ਸ਼ਰਾਬ ਹੀ ਸਹਾਰਾ ਹੈ। ਚੱਲੋ ਖ਼ੈਰ! ਭੁੱਖਾ ਸਾਹਿਬ ਦੇ ਖੋਖੇ ਦਾ ਨਾਮ ਰੱਖਿਆ ਗਿਆ ਹੈ- ਚਾਰਲੀ ਟੀ ਸਟਾਲ-।

ਕਮਾਲ ਐ। ਚਾਰਲੀ ਦੀ ਗੱਲ ਯਾਦ ਆ ਗਈ। ਇਹ ਚਾਰਲੀ ਨਾਂਅ ਇਹਦਾ ਚਾਰਲੀ ਚੈਪਲਿਨ ਨਾਲ ਮੁਹੱਬਤ ਕਰਕੇ ਪਿਆ ਹੈ। ਇਹਦੀ ਸਾਰੀ ਦੁਕਾਨ ਚਾਰਲੀ ਦੇ ਸਟਿਕਰਾਂ ਨਾਲ ਭਰੀ ਹੁੰਦੀ ਸੀ। ਇਹਦੀ ਹਿਸਾਬ ਵਾਲੀ ਕਾਪੀ 'ਤੇ ਚਾਰਲੀ ਦੀਆਂ ਤਸਵੀਰਾਂ ਚਿਪਕਾਈਆਂ ਹੋਈਆਂ ਸਨ। ਬਨੈਣ ਇਹਦੀ ਚਾਰਲੀ ਕੰਪਨੀ ਦੀ। ਚਾਰਲੀ ਦਾ ਖਿਡਾਉਣਾ ਹੈ, ਆਪਣੇ ਹੀ ਅੰਦਾਜ਼ 'ਚ ਸਿਰ ਹਿਲਾ ਰਿਹਾ, ਉਹ ਇਸਦੀ ਦੁਕਾਨ 'ਚ ਲੱਗੀ ਘੜੀ ਹੁੰਦਾ ਸੀ। ਇਹਨੇ ਜਿਹਨੂੰ ਵੀ ਮਿਲਣਾ, ਬਸ ਇਹੀ ਕਹਿਣਾ, "ਆਈ ਲਵ ਚਾਰਲੀ।" ਅਸੀਂ ਇਹਦੀ ਚਾਰਲੀ ਨਾਲ ਮੁਹੱਬਤ ਦਾ ਨਜਾਇਜ਼ ਫਾਇਦਾ ਉਠਾਉਣਾ। ਇਹਦੇ ਸਾਹਮਣੇ ਚਾਰਲੀ ਦੀ ਤਰੀਫ ਕਰ ਦੇਣੀ। ਬਦਲੇ 'ਚ ਸਾਨੂੰ ਸ਼ਰਾਬ ਦਾ ਅਧੀਆ ਮਿਲ ਜਾਣਾ।

ਇੱਕ ਵਾਰ ਕੀ ਹੋਇਆ, ਮੇਰੇ ਕੋਲ ਇੱਕ ਦਿੱਲੀ ਦਾ ਲੇਖਕ ਮਿੱਤਰ ਆ ਗਿਆ। ਕਾਫੀ ਸਿਆਣਾ ਆਦਮੀ ਸੀ। ਅਸੀਂ ਤਾਂ ਲੰਡਰ ਈ ਸਾਂ। ਕੰਮ-ਕਾਰ ਉਦੋਂ ਮਿਲਿਆ ਕੋਈ ਨਹੀਂ ਸੀ। ਸ਼ਾਮ ਨੂੰ ਉਹ ਲੇਖਕ ਸੁੰਘਣ ਲੱਗ ਪਿਆ ਆਲਾ-ਦੁਆਲਾ। ਆਪਾਂ ਸਮਝ ਗਏ ਕਿ ਅੱਜ ਤਾਂ ਕੋਈ ਜੁਗਾੜ ਕਰਨਾ ਹੀ ਪਊ। ਚਲੋ ਜੀ ਆਪਾਂ ਚਾਰਲੀ ਸਾਹਿਬ ਕੋਲ ਪਹੁੰਚ ਗਏ। ਉਹਨਾਂ ਨੂੰ ਰਤਾ ਫੂਕ ਛਕਾਈ। ਮਿੱਤਰ ਨਾਲ ਮਿਲਾਇਆ ਕਿ ਇਹ ਬਹੁਤ ਵੱਡੇ ਲੇਖਕ ਨੇ, ਚਾਰਲੀ ਦੀਆਂ ਕਈ ਫਿਲਮਾਂ ਬਾਰੇ ਅੰਗ੍ਰੇਜ਼ੀ ਦੀਆਂ ਅਖਬਾਰਾਂ 'ਚ ਵੀ ਲੇਖ ਲਿੱਖ ਚੁੱਕੇ ਨੇ। ਚਾਰਲੀ ਨੂੰ ਚਾਅ ਚੜ੍ਹ ਗਿਆ। ਸਾਡੀ ਸ਼ਰਾਬ ਦਾ ਪ੍ਰਬੰਧ ਹੋ ਗਿਆ।

ਅਸੀਂ ਪੀਣ ਬੈਠ ਗਏ। ਗੱਲਾਂ ਹੁੰਦੀਆਂ ਗਈਆਂ, ਨਸ਼ਾ ਖਿੜਦਾ ਗਿਆ। ਅਜੇ ਤੀਜਾ ਦੌਰ ਸ਼ੁਰੂ ਈ ਹੋਇਆ ਸੀ ਕਿ ਗੱਲ ਚਾਰਲੀ ਚੈਪਲਿਨ 'ਤੇ ਆ ਗਈ। ਸਾਡੇ ਮਿੱਤਰ ਨੂੰ ਰਤਾ ਚੜ੍ਹ ਗਈ ਸੀ। ਉਹਨੇ ਚੈਪਲਿਨ ਦੀ ਨੁਕਤਾਚੀਨੀ ਕਰ ਦਿੱਤੀ। ਲਓ ਜੀ, ਗੱਲ ਕਰਨ ਦੀ ਦੇਰ ਸੀ, ਚਾਰਲੀ ਸਾਹਿਬ ਨੇ ਛਿੱਤਰ ਲਾਹ ਲਿਆ, "ਦੌੜੋ ਤੁਹਾਡੀ ਭੈਣ ਦੀ... ਮਾਂ ਚੋਦੋ, ਮੇਰੇ ਕੋਲ ਸ਼ਰਾਬਾਂ ਪੀਂਦੇ ਓ ਤੇ ਮੇਰੇ ਇਸ਼ਟ ਦੇ ਖਿਲਾਫ ਬੋਲਦੇ ਓ...।" ਲਓ ਜੀ, ਉਹਨੇ ਸਾਨੂੰ ਉਥੋਂ ਦੌੜਾ ਕੇ ਹੀ ਸਾਹ ਲਿਆ।

ਠਹਿਰੋ, ਆਪਾਂ-ਆਪਣੀਆਂ ਗੱਲਾਂ 'ਚ ਪੈ ਗਏ। ਦੇਖੀਏ ਉਹ ਕੀ ਕਰ-ਬੋਲ ਰਹੇ ਨੇ।

"ਕੀ ਅਸੀਂ ਇਹਦੇ ਨਾਲ ਹੀ ਬੀੜੀਆਂ-ਸਿਗਰੇਟਾਂ ਵੀ ਰੱਖ ਸਕਦੇ ਆਂ?" ਭੁੱਖਾ ਸਾਹਿਬ ਨੇ ਬੀੜੀ ਦੇ ਦੋ-ਤਿੰਨ ਕਸ਼ ਕਾਹਲੀ ਨਾਲ ਲਾਏ ਹਨ।

"ਮੇਰੇ ਹਿਸਾਬ ਨਾਲ ਸਾਨੂੰ ਨਹੀਂ ਰੱਖਣੀਆਂ ਚਾਹੀਦੀਆਂ। ਦਰਅਸਲ ਸਾਡੇ ਕੋਲ ਬਹੁਤਾ ਮੁੰਡੇ-ਖੁੰਡਿਆਂ ਨੇ ਆਉਣਾ। ਗਾਹਕ ਤੁਹਾਡੇ ਨੌਜਵਾਨ ਹੋਣ ਤਾਂ ਨਸ਼ੇ ਵਾਲੀ ਚੀਜ਼ ਨੂੰ ਅਵੋਆਇਡ ਕਰਨਾ ਚਾਹੀਦਾ। ਤੁਹਾਨੂੰ ਨਸ਼ਿਆਂ ਤੋਂ ਦੂਰ ਰਹਿਣਾ ਚਾਹੀਦਾ। ਹਾਂ, ਤੁਸੀਂ ਇਹਦੇ ਨਾਲ ਛੋਟੀ ਜਿਹੀ ਕੜਾਹੀ ਧਰ ਕੇ ਪਕੌੜੇ ਕੱਢਣ ਦਾ ਕੰਮ ਕਰ ਸਕਦੇ ਓ...।" ਜਲੰਧਰੀ ਹੈ।

"ਇਹਨਾਂ ਤੋਂ ਨਹੀਂ ਪਕੌੜੇ ਕੱਢੇ ਜਾਣੇ। ਨਾਲੇ ਬੀੜੀਆਂ, ਸਿਗਰਟਾਂ ਕਿਹੜਾ ਨਸ਼ੇ ਆ। ਇਹ ਤਾਂ ਸਾਰੇ ਪੀਂਦੇ ਆ। ਨਸ਼ੇ ਤਾਂ ਟੀਕੇ, ਕੈਪਸੂਲ ਆ। ਮੈਂ ਤਾਂ ਕਹਿੰਦਾਂ, ਸ਼ਰਾਬ ਵੀ ਕੋਈ ਮਾੜੀ ਚੀਜ਼ ਨਹੀਂ। ਇਹ ਵੀ ਚੰਗੀ ਆ। ਪਰ ਦੂਜੇ ਨਸ਼ੇ ਮਾੜੇ ਆ। ਨਾਲੇ ਬੀੜੀਆਂ-ਸਿਗਰਟਾਂ ਸੁੱਕਾ ਸੌਦਾ। ਇਹਨਾਂ ਨਾਲ

ਬਹੁਤਾ ਖਲਾਰਾ ਨਹੀਂ ਪਾਉਣਾ ਪੈਣਾ। ਆਪਣਾ ਅਰਾਮ ਨਾਲ ਬੰਡਲ ਚੁੱਕਿਆ ਤੇ ਗਾਹਕ ਨੂੰ ਫੜਾ ਦਿੱਤਾ। ... ਨਾਲੇ ਤੂੰ ਆਪਣੀਆਂ ਫਿਲਾਸਫੀਆਂ ਆਪਣੇ ਕੋਲ ਹੀ ਰੱਖਿਆ ਕਰ।'' ਚਾਰਲੀ ਗਰਮ ਹੋ ਗਿਆ।

''ਮੇਰਾ ਮਤਲਬ ਇਹ ਨਹੀਂ ਆ...।ਮੇਰਾ ਮਤਲਬ ਤਾਂ ਐ...।'' ਜਲੰਧਰੀ ਨੂੰ ਗੱਲ ਨਹੀਂ ਆ ਰਹੀ।

''ਚਲੋ ਠੀਕ ਐ। ਬੀੜੀਆਂ-ਸਿਗਰਟਾਂ ਦਾ ਕਾਰੋਬਾਰ ਵੀ ਨਾਲ ਹੀ ਚਲਾ ਲਿਆ ਜਾਵੇ।'' ਭੁੱਖਾ ਸਾਹਿਬ ਨੇ ਬੀੜੀ ਮੁਕਾ ਲਈ ਹੈ, ਕਿਸੇ ਗਹਿਰੀ ਸੋਚ 'ਚ ਚਲੇ ਗਏ ਨੇ।

ਜਲੰਧਰੀ ਨਰਾਜ਼ ਹੋ ਕੇ ਤੁਰ ਗਿਐ। ਸ਼ਾਇਦ ਲਾਇਬ੍ਰੇਰੀ ਵੱਲ ਈ ਆ ਜਾਵੇ। ਮੈਨੂੰ ਉੱਥੇ ਪਹੁੰਚਣਾ ਚਾਹੀਦਾ। ਬਾਕੀ ਸਾਥੀ ਵੀ ਉਡੀਕ ਕਰ ਰਹੇ ਹੋਣਗੇ।

0000000

ਕਲੇਰ ਸਾਹਬ ਦੀ ਬੀਵੀ ਚੂਲਾ ਤੁੜਵਾ ਕੇ ਪਈ ਹੈ। ਉਸਨੂੰ ਤਕਲੀਫ ਹੈ ਕਿ ਕਲੇਰ ਸਾਹਬ ਉਹਦੀ ਸੇਵਾ ਨਹੀਂ ਕਰ ਰਹੇ, ਸਗੋਂ ਸਿਲਾਈ ਮਸ਼ੀਨ ਪੁਰਜ਼ਾ-ਪੁਰਜ਼ਾ ਕਰ ਕੇ ਬੈਠੇ ਨੇ। ਕਿਸੇ ਮਕੈਨਿਕ ਦੀ ਸਲਾਹ ਵੀ ਨਹੀਂ ਲੈ ਰਹੇ ਤੇ ਖ਼ੁਦ ਕੋਲੋਂ ਬਣ ਵੀ ਨਹੀਂ ਰਹੀ।

## ੨੫

ਮੇਰਾ ਅੰਦਾਜ਼ਾ ਬਿਲਕੁਲ ਠੀਕ ਨਿਕਲਿਆ। ਜਲੰਧਰੀ ਲਾਇਬ੍ਰੇਰੀ ਪਹੁੰਚ ਗਿਆ ਹੈ। ਆਉਂਦੇ ਸਾਰ ਆਪਣੀ ਰਾਮ ਕਥਾ ਸ਼ੁਰੂ ਕਰ ਲਈ ਹੈ।

''ਯਾਰ ਮੇਰੀ ਜੀਵਨ ਕਹਾਣੀ ਦਾ ਮੁੱਢ ਸੁਣੋ। ਅਸੀਂ ਪਿਛਿਓਂ ਕਿਥੋਂ ਉੱਠ ਕੇ ਆਏ, ਏਸ ਗੱਲ ਦੀ ਕਿਸੇ ਨੂੰ ਸੋਝੀ ਨਹੀਂ। ਪਰ ਜਲੰਧਰ ਆਉਣ ਤੋਂ ਪਹਿਲਾਂ ਸਮਰਾਏ ਪਿੰਡ ਰਹਿੰਦੇ ਰਹੇ ਨੇ ਮੇਰੇ ਦਾਦਾ ਜੀ। ਉਹ ਵੀ ਅਜੀਬ ਇਨਸਾਨ ਸਨ। ਕਾਰੋਬਾਰ ਉਹਨਾਂ ਦਾ ਚਮੜੇ ਦਾ ਸੀ। ਕਲਕੱਤੇ ਜਾ ਕੇ ਕੰਮ ਕਰਦੇ ਸਨ। ਬਹੁਤ ਪੈਸਾ ਕਮਾਇਆ। ਉਸੇ ਪੈਸੇ ਨਾਲ ਆਹ ਹੁਣ ਵਾਲੀ, ਜਿੱਥੇ ਅਸੀਂ ਰਹਿ ਰਹੇ ਹਾਂ, ਉਹ ਥਾਂ ਬਣਾਈ। ਪਿੰਡ ਵੀ ਬਾਹਵਾ ਜ਼ਮੀਨ ਬਣਾਈ। ਉਹ ਕੁਝ ਨਾ ਕੁਝ ਲਿਖ ਕੇ ਆਪਣੇ ਟਰੰਕ 'ਚ ਸੰਭਾਲਦੇ ਰਹੇ ਹਨ। ਮੇਰੇ ਪਿਤਾ ਸ਼੍ਰੀ ਦੇ ਦੱਸਣ ਮੁਤਾਬਿਕ ਉਹ ਆਪਣੇ ਬਾਰੇ ਬਹੁਤ ਕੁਝ ਲਿਖਦੇ ਰਹਿੰਦੇ ਸਨ। ਪਰੰਤੂ ਉਹਨਾਂ ਦੀ ਮੌਤ ਤੋਂ ਬਾਅਦ ਵੀ ਉਹ ਟਰੰਕ ਕਿਸੇ ਨੇ ਨਹੀਂ ਫਰੋਲਿਆ। ਪਿਤਾ ਸ਼੍ਰੀ ਟੱਬਰ ਸਮੇਤ ਜਲੰਧਰ ਆ ਗਏ। ਫਿਰ ਇੱਕ ਸਾਲ ਹੜ੍ਹ ਆ ਗਏ। ਕਿਸੇ ਨੇ ਪਿੰਡ ਜਾ ਕੇ ਦੇਖਿਆ ਤੱਕ ਨਹੀਂ। ਜਦੋਂ ਵੇਖਿਆ ਤਾਂ ਬਹੁਤ ਸਾਰੇ ਹੋਰ ਸਮਾਨ ਦੇ ਨਾਲ ਟਰੰਕ ਵੀ ਗਲ-ਸੜ ਗਿਆ ਸੀ। ਅੱਛਾ, ਉਹਨਾ ਦਾ ਮਾਮਲਾ ਇਹ ਸੀ ਕਿ ਉਹ ਆਪਣੀ ਉਮਰ ਦੇ ਆਖਰੀ ਦਿਨੀਂ ਘਰੋਂ ਦੌੜ ਗਏ। ਇਹ ਸਾਰਾ ਟੱਬਰ ਲੱਭਦੇ ਫਿਰਨ। ਫਿਰ ਉਹਨਾਂ ਨੂੰ ਹਰਿਦੁਆਰ ਵਾਲੇ ਪਾਸਿਉਂ ਲੱਭ ਲਿਆਏ। ਅੱਛਾ, ਕੁਝ ਦੇਰ ਬੰਨ੍ਹ ਕੇ ਰਖਿਆ। ਫਿਰ ਛੱਡ ਦਿੱਤਾ। ਦਿਨਾਂ 'ਚ ਹੀ ਦਾਦਾ ਫੇਰ ਦੌੜ ਗਿਆ। ਫਿਰ ਫੜ ਕੇ ਲਿਆਂਦਾ। ਬੰਨ੍ਹ ਕੇ ਰਖਿਆ। ਖੋਲ੍ਹ ਦਿੱਤਾ। ਉਹ ਫੇਰ ਦੌੜ ਗਿਆ। ਗੰਗਾ ਕਿਨਾਰੇ ਉਹਨੂੰ ਫੇਰ ਘੇਰ ਲਿਆ। ਉਹ ਸਾਧੂ ਦੇ ਭੇਸ 'ਚ ਸੀ। ਉਹ ਗੰਗਾ 'ਚ ਵੜ ਗਿਆ। ਕਹਿੰਦਾ, 'ਜੇ ਮੈਨੂੰ ਫੜਨ ਆਏ ਤਾਂ ਮੈਂ ਗੰਗਾ 'ਚ ਹੀ ਹੜ੍ਹ ਜਾਣਾ।' ਉਹਨੇ ਆਤਮ-ਹੱਤਿਆ ਦੀ ਧਮਕੀ ਦਿੱਤੀ। ਇਹ ਮੁੜ ਆਏ। ਫੇਰ ਸਾਡਾ ਜਿਹੜਾ ਚਾਚਾ ਸੀ, ਉਹਨੂੰ ਵੀ ਉਹੀ ਦੌਰੇ ਪੈਣ ਲੱਗ ਪਏ। ਉਹ ਵੀ ਸਾਧ ਹੋ ਗਿਆ। ਉਹ ਚੌਕੀ ਲਗਾਉਣ ਲੱਗ ਪਿਆ। ਉਹਦੀ ਆਮਦਨੀ ਹੀ ਬੜੀ ਹੋ ਗਈ। ਖ਼ੈਰ, ਉਹ ਚਾਚਾ ਫਿਰ ਤੀਰਥਾਂ 'ਤੇ ਜਾਇਆ ਕਰੇ। ਉਹਨੇ ਇੱਕ ਵਾਰੀ ਆ ਕੇ ਮੇਰੇ ਪਿਤਾ ਸ਼੍ਰੀ ਨੂੰ ਦੱਸਿਆ ਕਿ ਮੈਨੂੰ ਭਾਪਾ ਜੀ ਮਿਲੇ ਸਨ। ਇਹਨੇ ਉਹਨਾਂ ਨਾਲ ਗੱਲਬਾਤ ਕੀਤੀ, ਪਰ ਉਹਨਾਂ ਨੇ ਇਹਨੂੰ ਪਛਾਨਣੋਂ ਨਾਂਹ ਕਰ ਦਿੱਤੀ...। ਅੱਛਾ ਜੀ, ਮੇਰੇ ਪਿਤਾ ਸ਼੍ਰੀ...।'' ਜਲੰਧਰੀ ਲਗਾਤਾਰ ਬੋਲੀ ਜਾ ਰਿਹਾ। ਨਸ਼ੇ ਦੀ ਪੂਰੀ ਲੋਰ 'ਚ ਹੈ।

''ਓਏ ਛੱਡ ਯਾਰ...। ਇਹ ਵੀ ਕੋਈ ਗੱਲ ਆ...। ਸਾਲਾ ਇਹਦੇ 'ਤੇ ਨਾਟਕ ਬਣਾਉਣਾ ਆਪਾਂ? ਕੀ ਆ ਇਹਦੇ 'ਚ ਨਾਟਕ ਵਾਲਾ...? ਸ਼ਰਮ ਕਰੋ ਕੁਝ...। ਅੱਜ ਦੀ ਗੱਲ ਕਰੋ। ਅੱਜ ਸਾਡੇ



ਸਾਹਮਣੇ ਕੀ ਸਵਾਲ ਨੇ। ਅੱਜ ਅਸੀਂ ਕੀ ਕਰਨਾ ਚਾਹੁੰਦੇ ਹਾਂ। ਅਖੇ ਜੀ ਦਾਦਾ ਸਾਧ ਹੋ ਗਿਆ। ਫੇਰ ਚਾਚਾ ਸਾਧ ਹੋ ਗਿਆ। ਫੇਰ ਪੇ ਸਾਧ ਹੋ ਗਿਆ। ਸਾਲਿਓ ਸਾਧਾਂ 'ਤੇ ਨਾਟਕ ਕਰਨਾ ਤੁਸੀਂ? ਅੱਜ ਦੱਸੋ ਮੈਨੂੰ ਕੀ ਸਮੱਸਿਆਵਾਂ ਨੇ। ਅਸੀਂ ਕਿਹਨਾਂ ਸਵਾਲਾਂ ਦੇ ਸਨਮੁੱਖ ਹਾਂ।'' ਅਲੀ ਤੈਸ਼ 'ਚ ਹੈ, ਇਹ ਇਵੇਂ ਈ ਜਲਦੀ ਭਾਵੁਕ ਹੋ ਜਾਂਦਾ। ਬੋਲਣ ਲੱਗਾ ਵੀ ਅੱਗਾ ਪਿੱਛਾ ਨਹੀਂ ਦੇਖਦਾ। ''ਚਲੋ ਜੀ ਫੇਰ ਤੁਸੀਂ ਆਪਣਾ ਕ੍ਰਾਂਤੀਕਾਰੀ ਇਤਿਹਾਸ ਦੱਸ ਲਵੋ। ਤੁਹਾਡੇ ਦਾਦੇ ਨੇ ਜਿਹੜੇ ਡੀਂਗ ਮਾਰੇ ਨੇ...।'' ਜਲੰਧਰੀ ਚੁੱਪ ਕਰ ਗਿਐ।

''ਮਾਰੇ ਈ ਨੀ ਡੀਂਗ। ਡੀਂਗ-ਡੂੰਗ ਦੀ ਗੱਲ ਨਾ ਕਰ। ਸਾਡਾ ਇਤਿਹਾਸ ਸੱਚ-ਮੁੱਚ ਕ੍ਰਾਂਤੀਕਾਰੀਆਂ ਦਾ ਆ। ਮੇਰਾ ਪਿਓ ਨਕਸਲੀ ਰਿਹਾ। ਲੀਡਰ ਸੀ ਉਹ। ਮਾਛੀਵਾੜੇ ਵਾਲੇ ਥਾਣੇ 'ਤੇ ਹਮਲਾ ਕਰਨ ਵਾਲਿਆਂ 'ਚ ਸੀ ਉਹ। ਉਦੋਂ ਈ ਕੋਠੇ ਤੋਂ ਡਿੱਗ ਕੇ ਉਹਦੀਆਂ ਲੱਤਾਂ ਟੁੱਟੀਆਂ। ਮੁੜ ਕੇ ਨਹੀਂ ਉੱਠ ਸਕਿਆ...।'' ਅਲੀ ਤੇ ਉਦਾਸ! ਸਾਰੇ ਚੁੱਪ ਕਰ ਗਏ ਨੇ। ਉਹ ਇੱਕ ਮਿੰਟ ਲਈ ਖਾਮੋਸ਼ ਹੋ ਗਿਆ ਹੈ।

''...ਯਾਰ, ਇੱਕ ਦ੍ਰਿਸ਼ ਤੋਂ ਸ਼ੁਰੂ ਕਰਾਂਗੇ! ਮੇਰਾ ਪਿਓ ਆਪਣੀਆਂ ਟੁੱਟੀਆਂ ਲੱਤਾਂ ਦੀ ਬਿਮਾਰੀ ਕਾਰਨ ਮੰਜੇ ਨਾਲ ਮੰਜਾ ਹੋਇਆ ਪਿਆ ਹੈ। ਮੇਰੀ ਮਾਂ ਉਹਦੀਆਂ ਲੱਤਾਂ 'ਤੇ ਕਿਸੇ ਹਕੀਮ ਦੇ ਦੱਸੇ ਮੁਤਾਬਿਕ ਊਠਾਂ ਦੀ ਲਿੱਦ ਬੰਨ੍ਹ ਰਹੀ ਹੈ। ਸਾਰੇ ਕਮਰੇ 'ਚ ਊਠਾਂ ਦੀ ਲਿੱਦ ਦੀ ਬੋ ਫੈਲੀ ਹੋਈ ਆ..। ਮਾਂ ਦੀਆਂ ਅੱਖਾਂ 'ਚ ਪਾਣੀ ਹੈ। ਮੈਂ ਪਰੇ ਨਿੱਕਾ ਜਿਹਾ ਦੁਬਕਿਆ ਬੈਠਾ ਹਾਂ...। ਭਾਂਡੇ-ਟੀਂਡੇ ਖਿਲਰੇ ਪਏ ਨੇ...।'' ਅਲੀ ਅਜੀਬ ਰੌਂਅ 'ਚ ਹੈ।

''ਨਾਟਕ ਵਿੱਚ ਬਦਬੂ ਦਾ ਖ਼ੁਸ਼ਬੂ ਦਾ ਕੋਈ ਕੰਨਸੈਪਟ ਨਹੀਂ ਹੁੰਦਾ। ਬਦਬੂ ਪਰੇ ਮੀਲ ਦੂਰ ਬੈਠੇ ਦਰਸ਼ਕ ਨੂੰ ਕਿਵੇਂ ਮਹਿਸੂਸ ਕਰਵਾਓਗੇ? ਇਹ ਸੰਭਵ ਨਹੀਂ ਹੋ ਸਕਦਾ...।'' ਜਲੰਧਰੀ ਸ਼ਾਇਦ ਬਦਲਾ ਲੈਣਾ ਚਾਹੁੰਦਾ।

''ਕਿਉਂ ਨਹੀਂ ਮਹਿਸੂਸ ਕਰਵਾਇਆ ਜਾ ਸਕਦਾ। ਇਹਦੀ ਮਾਂ ਜਦੋਂ ਲਿੱਦ ਬੰਨ੍ਹ ਰਹੀ ਹੋਵੇ ਤਾਂ ਚੁੰਨੀ ਨਾਲ ਨੱਕ ਢੱਕ ਲਵੇ। ਉਹ ਬਾਰ-ਬਾਰ ਇਹ ਵੀ ਕਹਿ ਸਕਦੀ ਹੈ ਕਿ, ''ਬੋ ਬਹੁਤ ਆਉਂਦੀ ਹੈ... ਬੋ ਬਹੁਤ ਆਉਂਦੀ ਹੈ।'' ਇਉਂ ਦਰਸ਼ਕ ਨੂੰ ਅਹਿਸਾਸ ਕਰਵਾ ਸਕਦੇ ਹਾਂ।'' ਮੇਰੇ ਕੋਲੋਂ ਵੀ ਰਿਹਾ ਨਹੀਂ ਜਾਂਦਾ।

''...ਨਹੀਂ, ਪਰ ਜਲੰਧਰੀ ਦੀ ਗੱਲ ਠੀਕ ਹੈ। ਇਹ ਦ੍ਰਿਸ਼ ਨਹੀਂ ਦਿਖਾਇਆ ਜਾ ਸਕਣਾ। ਵੈਸੇ ਤੁਹਾਡੇ ਵਾਲਾ ਫਾਰਮੂਲਾ ਵੀ ਵਧੀਆ, ਪਰ ਉਹ ਨੱਕ 'ਤੇ ਚੁੰਨੀ ਨਹੀਂ ਰੱਖ ਸਕਦੀ। ਉਹਨੂੰ ਤਾਂ ਬਦਬੂ ਆਉਂਦੀ ਹੀ ਨਹੀਂ। ਉਹ ਤਾਂ ਆਪਣੇ ਘਰਵਾਲੇ ਦੀ ਸਾਂਭ-ਸੰਭਾਲ 'ਚ ਏਨੀ ਮਗਨ ਹੈ ਕਿ ਲਿੱਦ ਉਸ ਵਾਸਤੇ ਮਲ੍ਹਮ ਹੈ। ਬਦਬੂ ਉਹਨੂੰ ਆ ਹੀ ਨਹੀਂ ਸਕਦੀ। ਜੇ ਉਹ ਚੁੰਨੀ ਨਾਲ ਨੱਕ ਢਕ ਲਵੇਗੀ ਤਾਂ ਪਾਤਰ ਦੇ ਅੰਤਰੀਵ ਮਨ ਦੀ ਗੱਲ, ਉਸ ਦੀ ਸ਼ਿੱਦਤ ਘੱਟ ਜਾਵੇਗੀ। ਫਿਰ ਤਾਂ ਉਹ ਗੱਲ ਰਹਿਣੀ ਈ ਨਹੀਂ, ਜਿਹੜੀ ਮੈਂ ਕਰਨੀ ਚਾਹੁੰਦਾ ਹਾਂ...। ਇਹਦੇ ਬਾਰੇ ਵਿਚਾਰ ਕਰਨੀ ਪਈ...।'' ਅਲੀ ਡੂੰਘਾ ਗੁਆਚ ਗਿਆ ਹੈ।

ਅਸੀਂ ਸਾਰੇ ਵੀ ਡੂੰਘੇ ਉਤਰ ਗਏ ਹਾਂ।

## ੨੬

ਇਹਨਾਂ ਸਾਲਿਆਂ ਨੇ ਨਾ ਤਾਂ ਨਾਟਕ ਦਾ ਕੋਈ ਸਿਰ ਪੱਤਣ ਬਣਨ ਦੇਣਾ ਤੇ ਨਾ ਹੀ ਨਾਵਲ ਦਾ। ਭਲਾ ਹੁਣ ਨਾਟਕ ਦਾ ਕੋਈ ਮੁੱਢ ਬੱਝੇ, ਤਾਂ ਹੀ ਨਾਵਲ ਕੋਈ ਰੂਪ ਲਊ। ਸੋਚਿਆ ਸੀ ਇਹ ਨਾਟਕ ਦੇ ਬਹਾਨੇ ਆਪੋ-ਆਪਣੀਆਂ ਗੱਲਾਂ ਕਰ ਜਾਣਗੇ। ਇਹਨਾਂ ਦੇ ਸੁਭਾਅ ਬਾਰੇ, ਪੂਰੇ ਕਰੈਕਟਰ ਬਾਰੇ, ਪਿਛੋਕੜ ਬਾਰੇ ਤੁਹਾਨੂੰ ਆਪੇ ਪਤਾ ਲੱਗ ਜਾਊ। ਨਾਵਲ 'ਚ ਇਹੀ ਤਾਂ ਹੁੰਦਾ, ਹੋਰ ਕੀ ਹੁੰਦਾ? ਅਤੀਤ ਦੀ ਗੱਲ ਵੀ ਆ ਜਾਣੀ ਸੀ, ਵਰਤਮਾਨ ਦੀ ਵੀ ਤੇ ਇਹਨਾਂ ਦੀਆਂ ਭਵਿੱਖੀ ਯੋਜਨਾਵਾਂ ਵੀ। ਪਰ ਇਹ ਜਿਣਸਾਂ ਕਿਹੋ-ਜਿਹੀਆਂ, ਇਹਨਾਂ ਦੀ ਸਮਝ ਨਹੀਂ ਆ ਸਕਦੀ।

ਇੱਕ ਵਾਰ ਇੱਕ ਅਹਾਤੇ 'ਚ ਸ਼ਰਾਬ ਪੀਣ ਜਾਇਆ ਕਰਨ। ਰੋਜ਼ ਦਾ ਈ ਕਿੱਸਾ ਸੀ। ਪੰਜਾਹ-ਪੰਜਾਹ ਪਾਏ ਤੇ ਅਮਰੀਕਨ ਵੇ ਜ਼ਿੰਦਾਬਾਦ। ਉਥੋਂ ਦੇ ਬਹਿਰਿਆਂ ਨਾਲ ਯਾਰੀ ਗੰਢ ਕੇ ਬੈਠ ਗਏ। ਜਦੋਂ ਕੁਝ ਖਾਣ-ਪੀਣ

ਲਈ ਇਹਨਾਂ ਕੋਲ ਪੈਸੇ ਨਾ ਹੋਣ, ਬਹਿਰੇ ਆਪਣੇ ਕੋਲੋਂ ਪੈਸੇ ਦੇ ਦਿਆ ਕਰਨ। ਫਿਰ ਉਥੇ ਜਾਣ ਤੋਂ ਬਰੇਕ ਲਾ ਦਿੱਤੀ। ਉਸ ਰਾਹ ਵੀ ਨਾ ਨਿਕਲਣ। ਪਤਾ ਨਹੀਂ ਕੀ ਸੱਪ ਸੁੰਘ ਗਿਆ ਸੀ। ਅਸੀਂ ਦੋ ਮਿੱਤਰ ਉੱਥੇ ਪੀਣ ਬੈਠੇ ਤਾਂ ਇੱਕ ਬਹਿਰਾ, ਜਿਹੜਾ ਇਹਨਾਂ ਨਾਲ ਕਦੇ-ਕਦੇ ਆਉਣ ਕਰਕੇ ਮੈਨੂੰ ਪਛਾਣਦਾ ਸੀ, ਮੇਰੇ ਕੋਲ ਆ ਕੇ ਕਹਿੰਦਾ, "ਜਨਾਬ, ਤੁਹਾਡੇ ਕਈ ਸਾਥੀ ਆਉਂਦੇ ਹੁੰਦੇ ਸੀ ਇਥੇ। ਉਹਨਾਂ 'ਚੋਂ ਇੱਕ ਬੰਦੇ ਕੋਲੋਂ ਪੰਦਰਾਂ ਰੁਪਏ ਲੈਣੇ ਆ। ਜੇ ਉਹ ਤੁਹਾਨੂੰ ਮਿਲਣ ਤਾਂ...।" ਮੈਨੂੰ ਉਹਦੇ ਉੱਤੇ ਤਰਸ ਆ ਗਿਆ। ਮੈਂ ਪੁੱਛਿਆ, "ਕਿਹੋ ਜਿਹਾ ਸੀ ਬੰਦਾ? ਕੀ ਨਾਂ ਸੀ ਉਹਦਾ?" ਬਹਿਰਾ ਕਹਿੰਦਾ, "ਜੀ ਮੈਨੂੰ ਨਾਂ ਤਾਂ ਪਤਾ ਨਹੀਂ। ਵਾਲ ਵਾਹੇ ਹੋਏ ਨਹੀਂ ਸਨ ਹੁੰਦੇ, ਬਸ ਕਦੇ-ਕਦੇ ਸ਼ਰਾਬੀ ਹੋ ਕੇ 'ਮਾਓ-ਮਾਓ' ਕਰਦਾ ਹੁੰਦਾ ਸੀ। ਬਾਹਰ ਜਾ ਕੇ ਵੀ ਉਹਦੀ 'ਮਾਓ-ਮਾਓ' ਨਹੀਂ ਸੀ ਹਟਦੀ।" ਮੇਰਾ ਹਾਸਾ ਨਿਕਲ ਗਿਆ। ਸਾਲੇ ਯੋਗੀ ਦੀ 'ਮਾਓ-ਮਾਓ' ਬਹਿਰਿਆਂ ਨੂੰ ਵੀ ਰਟ ਗਈ ਆ।

ਛੱਡੋ ਯਾਰ ਇਹਨਾਂ ਦੀਆਂ, ਮੈਂ ਤਾਂ ਤੁਹਾਨੂੰ ਦੱਸਣ ਲੱਗਾ ਸੀ ਕਿ ਹੁਣ ਸਵੇਰੇ-ਸਵੇਰੇ ਮੈਨੂੰ ਰਜੇਸ਼ (ਸਿਟੀ ਫਾਇਨਾਂਸ ਵਾਲਾ) ਹੋਰ ਹੀ ਮਸਲੇ 'ਚ ਉਲਝਾ ਗਿਐ। ਤਿੰਨ ਸੌ ਰੁਪਏ ਦਾ ਸਵਾਲ ਪਾ ਗਿਆ ਹੈ। ਭਲਾ ਮੈਂ ਕਿੱਥੋਂ ਇਕੱਠੇ ਕਰ ਕੇ ਦੇਵਾਂ ਉਹਨੂੰ। ਫੇਰ ਉਹ ਕੰਮ ਵੀ ਕਿਹੜਾ ਕਰਨ ਲੱਗਿਐ? ਸਾਲਾ, ਤੇਰੀ ਬੇਲਣੇ 'ਚ ਬਾਂਹ ਆਈ ਆ। ਬੰਦਾ ਚਲੋ ਮੰਨ ਲਿਆ ਟੁੱਟ ਸਕਦਾ। ਪਰ ਇਹਦਾ ਮਤਲਬ ਇਹ ਤਾਂ ਨਹੀਂ ਕਿ ਤੁਸੀਂ ਕੰਮ ਵੀ ਹੋਰ ਤਰ੍ਹਾਂ ਦੇ ਸ਼ੁਰੂ ਕਰ ਦਿਓ। ਹੁਣ ਉਹ ਮੀਨਾ ਨਾਲ ਮੁਹੱਬਤ ਕਰਦਾ ਸੀ ਤਾਂ ਉਹਨੂੰ ਕਹਿ ਦਿੰਦਾ। ਨਹੀਂ ਕਹਿ ਹੋਇਆ ਤਾਂ ਹੁਣ ਸਬਰ ਕਰੇ। ਪਰ ਨਹੀਂ, ਇਹਨੇ ਤਾਂ ਹੋਰ ਹੀ ਕੰਮ ਸ਼ੁਰੂ ਕਰ ਲਿਆ। ਸਾਲੇ ਨੇ ਇੱਕ ਬਿਊਟੀ ਪਾਰਲਰ ਵਾਲੀ ਤੀਵੀਂ ਫਸਾ ਲਈ ਆ। ਉਹਦੇ ਇੱਕ ਬੱਚਾ ਐ। ਘਰਵਾਲੇ ਤੋਂ ਅੱਡ ਰਹਿੰਦੀ ਆ। ਉਹ ਨਸ਼ੇੜੀ ਆ। ਇਹ ਨੂੰ ਅਲੱਗ ਰਹਿੰਦੀ ਨੂੰ ਆ ਕੇ ਕੁੱਟਦਾ-ਮਾਰਦਾ ਰਹਿੰਦਾ। ਸਾਡੇ ਰਜੇਸ਼ ਜੀ ਇਸ ਤੀਵੀਂ ਨਾਲ ਪਿਆਰ ਪੀਘਾਂ ਪਾ ਕੇ ਬੈਠ ਗਏ ਨੇ। ਚੌਵੀ ਘੰਟੇ ਉਹਦੀਆਂ ਈ ਗੱਲਾਂ। ਉਹਦੇ ਤਿੱਖੇ ਨੱਕ ਦੀਆਂ। ਹੱਥਾਂ 'ਚ ਕਮਾਲ ਦੀ ਕਲਾ ਦੀਆਂ, ਗਰੀਬੀ ਦੇ ਬਾਵਜੂਦ ਕੱਪੜੇ ਪਾਉਣ ਦੇ ਸਲੀਕੇ ਦੀਆਂ। ਆਪਣੇ ਬੱਚੇ ਨਾਲ ਪਿਆਰ ਦੀਆਂ। ਘਰਵਾਲੇ ਨੂੰ ਦੁਤਕਾਰਨ ਦੀਆਂ। ਇਹਨੂੰ ਹੋਰ ਕੋਈ ਕੰਮ ਨਹੀਂ।

ਕਦੇ-ਕਦੇ ਅਜੀਬ ਗੱਲਾਂ ਦੱਸੂ। ਅਖ਼ੇ "ਉਹਦੀ ਸਮਝ ਨਹੀਂ ਪੈਂਦੀ। ਘਰਵਾਲੇ ਤੋਂ ਪਰੇਸ਼ਾਨ ਆ। ਅਲੱਗ ਰਹਿੰਦੀ ਆ। ਉਹਦੇ ਨਾਲ ਲੜਦੀ ਆ। ਇੱਕ ਵਾਰੀ ਜਿਸ ਘਰ 'ਚ ਕਿਰਾਏ ਤੇ ਰਹਿੰਦੀ ਆ, ਉਹਨਾਂ ਦੇ ਮੁੰਡੇ ਨੇ ਇਹਦੇ ਘਰਵਾਲੇ ਦੇ ਚਾਰ ਟਿਕਾ ਦਿੱਤੀਆਂ, ਤਾਂ ਕਿਤਿਉਂ ਇੱਕ ਬਦਮਾਸ਼ ਜਿਹਾ ਸੱਦ ਲਿਆਈ। ਕਹਿੰਦੀ ਤੂੰ ਹੁੰਦਾ ਕੌਣ ਆ ਇਹਨੂੰ ਹੱਥ ਲਾਉਣ ਵਾਲਾ...। ਮੈਂ ਤਾਂ ਕੱਲ੍ਹ ਗੱਲ ਸੁਣਕੇ ਡਰ ਜਿਹਾ ਗਿਆ। ਪਰ ਮੇਰੇ ਨਾਲ ਇਹ ਪਿਆਰ ਈ ਏਨਾ ਕਰਨ ਲੱਗ ਪਈ ਆ ਕਿ ਮੈਂ ਇਹਨੂੰ ਹੋਰ ਤਰ੍ਹਾਂ ਸਮਝਣਾ ਈ ਨਹੀਂ ਚਾਹੁੰਦਾ। ਨਾ ਉਹਦੇ ਪਿਆਰ ਤੋਂ ਸੱਖਣਾ ਹੋਣਾ ਚਾਹੁੰਦਾ। ਮੈਂ ਇਹਦੇ ਨਾਲ ਵਿਆਹ ਕਰਨ ਲਈ ਤਿਆਰ ਆਂ। ਪਰ ਮੇਰੇ ਘਰਦੇ ਨਹੀਂ ਮੰਨਦੇ...।"

ਯਾਰ ਇਸ ਬੰਦੇ ਤੋਂ ਰੱਬ ਬਚਾਵੇ। ਹੁਣ ਸਵੇਰੇ-ਸਵੇਰੇ ਤਿੰਨ ਸੌ ਰੁਪਏ ਦਾ ਸਵਾਲ ਤਾਂ ਪਾ ਗਿਆ ਕਿਉਂਕਿ ਉਸੇ ਨੂੰ ਗੈਸ ਦਾ ਸਿਲੰਡਰ ਭਰਵਾ ਕੇ ਦੇਣਾ ਹੈ। ਉਹਦੀ ਗੈਸ ਖ਼ਤਮ ਹੋ ਗਈ ਐ ਤੇ ਪਾਰਲਰ ਉੱਤੇ ਕੋਈ ਗਾਹਕ ਨਾ ਆਉਣ ਕਰਕੇ ਉਹਦੇ ਕੋਲ ਪੈਸੇ ਨਹੀਂ ਹਨ। ਹੁਣ ਇਹਨੂੰ ਪੁੱਛੋ ਸਾਲਿਆ ਤੇਰੀ ਮਿੱਲ ਚੱਲਦੀ ਆ? ਜਾਂ ਤੂੰ ਮੇਰੇ ਕੋਲੋਂ ਮੰਗਣ ਆ ਗਿਆ, ਤੈਨੂੰ ਸ਼ਰਮ ਨੀ ਆਉਂਦੀ...?

ਕੰਜਰ ਦੇ ਨੇ ਮੇਰੇ ਕੰਮ 'ਚ ਵੀ ਵੱਟੇ ਪਾਉਣੇ ਲਏ ਆ...?

0000000

ਠਹਿਰੋ! ਪ੍ਰੋਫੈਸਰ ਨੇ ਫਿਰ ਅੱਖਾਂ ਪੁੱਟੀਆਂ ਨੇ। ਕੁਝ ਲਿਖ ਰਹੇ ਨੇ। ਪੜ੍ਹੋ-

'ਅੰਬੇਡਕਰ ਇੱਕ ਧਰਮ ਦੀ ਤਾਰ 'ਚ ਪਰੋਅ ਕੇ ਪਾਟੇ ਹੋਏ, ਨਹੀਂ ਪਾੜ ਕੇ ਟੁਕੜੇ-ਟੁਕੜੇ ਕਰ ਦਿੱਤੇ ਗਏ ਦਲਿਤਾਂ ਨੂੰ ਇਕੱਠਾ ਕਰਨਾ ਚਾਹੁੰਦੇ ਸਨ।'

ਆਓ ਸਮਝੀਏ।

0000000



ਅੱਜ ਫੇਰ ਨੀ ਕੋਈ ਆਇਆ। ਇਹਨਾਂ ਪਤੰਦਰਾਂ ਨੇ ਮਾਰ ਲਿਆ। ਨਾਟਕ ਨੂੰ ਕੋਈ ਤਾਂ ਰੂਪ ਦੇ ਲਈਏ। ਸਾਲਿਓ ਤੁਸੀਂ ਨਾਟਕ ਨਾ ਵੀ ਖੇਡੋ, ਮੇਰਾ ਨਾਵਲ ਤਾਂ ਕਿਸੇ ਪੱਤਣ ਲੱਗ ਲੈਣ ਦਿਓ। ਪਾਠਕ ਵੀ ਤੁਹਾਡੇ ਮੂੰਹ ਵੱਲ ਵੇਖ ਰਿਹਾ। ਆਖਰ ਉਹਦਾ ਵੀ ਕਦੋਂ ਤਕ ਇਮਤਿਹਾਨ ਲੈਣਾ? ਬੰਦਾ ਇਹੋ-ਜਿਹੀਆਂ ਕਮਲੀਆਂ-ਰਮਲੀਆਂ ਤੋਂ ਤਾਂ ਤੰਗ ਆ ਹੀ ਜਾਂਦਾ। ਇਹ ਕੰਜਰ ਜਿੱਥੇ ਜੀਅ ਕਰਦੈ, ਤੁਰੇ ਫਿਰਦੇ ਨੇ। ਦੂਜਾ ਤੁਹਾਡੇ ਵਾਂਗ ਵਿਹਲਾ ਤਾਂ ਨਹੀਂ। ਹੁਣ ਪੰਦਰਾਂ ਦਿਨ ਹੋ ਗਏ ਨੇ, ਇਹਨਾਂ ਨੂੰ ਰੋਜ਼ ਈ ਲਾਰਾ ਲਾ ਦਿੰਦੇ ਨੇ। ਆਉਂਦਾ ਕੋਈ ਹੈ ਨੀ...।

ਲਓ ਜੀ, ਜਲੰਧਰੀ ਸਾਹਿਬ ਆ ਗਏ ਨੇ। ਸਾਈਕਲ ਅੱਜ ਤੇਜ਼ ਰਫਤਾਰ 'ਚ ਐ...। ਚਲੋ ਕੋਈ ਤਾਂ ਆਇਆ। ਗੱਲਬਾਤ ਕਰਨ ਜੋਗੇ ਤਾਂ ਹੋਏ। ਹੌਲੀ-ਹੌਲੀ ਬਾਕੀ ਵੀ ਆ ਜਾਣਗੇ।

"ਬਾਬਿਓ ਅਨਰਥ ਹੋ ਗਿਆ...। ਸਿਟੀ ਫਾਇਨਾਂਸ ਵਾਲੀ ਦਿਵਿਯਾ ਨੇ ਜ਼ਹਿਰ ਪੀ ਕੇ ਆਤਮ ਹੱਤਿਆ ਕਰ ਲੀ ਆ...।"

"ਉਹ ਕਿੰਝ...?"

"ਦਰਅਸਲ ਉਹ ਆਪਣੇ ਰਜੇਸ਼ ਨਾਲ ਇਸ਼ਕ ਕਰਦੀ ਸੀ, ਇਹਨੂੰ ਸਮਝ ਨਹੀਂ ਸੀ ਆਉਂਦੀ। ਇਹ ਉਹਨੂੰ ਗਲਤ ਸਮਝਦਾ ਸੀ। ਇਹ ਮੀਨਾ ਨਾਲ ਅਟੈਚ ਸੀ। ਮੀਨਾ ਤੁਰ ਗਈ ਤਾਂ ਇਹ ਕਮਲ ਕੁੱਟਣ ਲੱਗ ਪਿਆ ਬਿਊਟੀ ਪਾਰਲਰ ਵਾਲੀ ਨਾਲ। ਸਾਲੇ ਨੇ ਉਧਾਰ ਲੈ-ਲੈ ਕੇ ਪੈਸੇ ਉਜਾੜ ਦਿੱਤੇ। ਜਿਹੜਾ ਨਹੀਂ ਸੀ ਦਿੰਦਾ, ਉਹਨੂੰ ਬੁਰਾ ਭਲਾ ਕਹਿੰਦਾ ਸੀ। ਪਿਛਲੇ ਕਈ ਦਿਨ ਅਸੀਂ ਇਹਦਾ ਬਰੇਨ ਵਾਸ਼ ਕਰਦੇ ਰਹੇ। ਫੇਰ ਮਸਾਂ ਇਹਨੂੰ ਮਨਾਇਆ। ਅੱਜ ਇਹਦੀ ਮੰਗਣੀ ਕਰਤੀ ਆ ਕਿਸੇ ਹੋਰ ਥਾਂ...। ਮੰਗਣੀ ਦੀ ਖਬਰ ਸਿਟੀ ਫਾਇਨਾਂਸ ਫੈਲ ਗਈ...। ਓਸੇ ਵਕਤ ਇਹਨੂੰ ਦਿਵਿਯਾ ਦੇ ਮੈਸੇਜ਼ ਆਉਣੇ ਸ਼ੁਰੂ ਹੋ ਗਏ। ਮੈਂ ਇਹਨੂੰ ਕਹਿੰਦਾ ਰਿਹਾ ਕਿ ਇਹਨਾਂ ਮੈਸੇਜ਼ ਦਾ ਮਤਲਬ ਹੈ ਕਿ ਕੁੜੀ ਤੈਨੂੰ ਪਿਆਰ ਕਰਦੀ ਆ...। ਅਜੇ ਵੀ ਵਕਤ ਹੈ, ਉਹਨੂੰ ਅਪਣਾ ਲੈ। ਉਹ ਬਹੁਤ ਸੈਂਸਟਿਵ ਕੁੜੀ ਆ...। ਇਹ ਕਿੱਥੇ ਮੰਨਣ ਵਾਲਾ। ਕਹਿੰਦਾ ਉਹ ਕੁੜੀ ਚਾਲੂ ਬਹੁਤ ਆ। ਨਿਊਡ ਫਿਲਮਾਂ ਸਾਨੂੰ ਦਿਖਾਉਂਦੀ ਰਹਿੰਦੀ ਆ ਮੋਬਾਇਲ ਉੱਤੇ। ਬੇਸ਼ਰਮ ਆ ਉਹ...। ਪਰ ਮੈਂ ਇਹਨੂੰ ਕਿਹਾ ਕਿ ਉਹ ਸੰਵੇਦਨਸ਼ੀਲ ਬਹੁਤ ਆ, ਕੀ ਹੋਇਆ ਜੇ ਫਰੈਂਕ ਆ ਤਾਂ। ਪਰ ਇਹ ਨਹੀਂ ਮੰਨਿਆ। ਆਖਰ ਇਹਦੀ ਮੰਗਣੀ ਹੋ ਗਈ। ਆਪਣੇ ਦਫਤਰ ਜਾ ਕੇ ਇਹ ਲੱਡੂ ਖੁਆ ਆਇਆ ਸਾਰਿਆਂ ਨੂੰ। ਦਿਵਿਯਾ ਨੇ ਲੱਡੂ ਖਾਣੋਂ ਨਾਂਹ ਕਰ ਦਿੱਤੀ। ਛੁੱਟੀ ਤੋਂ ਬਾਅਦ ਉਹ ਘਰੇ ਚਲੇ ਗਈ। ਘਰ ਜਾ ਕੇ ਅੱਧੇ ਘੰਟੇ ਦੇ ਅੰਦਰ-ਅੰਦਰ ਉਹਨੇ ਜ਼ਹਿਰ ਪੀ ਲਈ...। ਨਾਲ ਹੀ ਲੁੜਕ ਗਈ...। ਦਫਤਰੋਂ ਇਹਨੂੰ ਵੀ ਫੋਨ ਆ ਗਿਆ... ਹੁਣ ਉਦੋਂ ਦਾ ਕਮਲਾ ਹੋਇਆ, ਪਤਾ ਨਹੀਂ ਕਿਧਰ ਨਿਕਲ ਗਿਆ। ਮੈਂ ਉਹਨੂੰ ਈ ਵੇਖਣ ਆਇਆਂ, ਕਿਤੇ ਏਧਰ ਤਾਂ ਨਹੀਂ ਆਇਆ?"

"ਨਹੀਂ...। ਮੈਂ ਕਾਫੀ ਦੇਰ ਤੋਂ ਇੱਥੇ ਆਂ...। ਮੈਂ ਤਾਂ ਨਹੀਂ ਵੇਖਿਆ।"

"ਚੱਲ ਜੇ ਕਿਤੇ ਵੇਖਿਆ ਤਾਂ ਮੈਨੂੰ ਇਨਫੌਰਮ ਕਰੀਂ...। ਸਾਨੂੰ ਬਾਹਲੀ ਚਿੰਤਾ ਉਹਦੀ...।"

ਜਲੰਧਰੀ ਕਿੱਥੇ ਗਿਆ? ਰਾਜੇਸ਼ ਕਿੱਥੇ ਗਿਆ ਹੋਵੇਗਾ? ਦਿਵਿਯਾ ਕਿੱਥੇ ਗਈ...? ਯਾਰ ਦਿਮਾਗ ਨੂੰ ਕੁਝ ਹੋ ਨਾ ਜਾਵੇ!

## ੨੮

ਟਰਨ-ਟਰਨ!

ਬੈੱਲ ਤਾਂ ਵੱਜ ਗਈ। ਨਹੀਂ ਤਾਂ ਕਈ ਕਿਰਾਏ ਦੇ ਮਕਾਨਾਂ ਦੀ ਬੈੱਲ ਕਦੇ ਨਹੀਂ ਵੱਜਦੀ। ਬੈੱਲ ਕੀ, ਉਥੇ ਬਾਥਰੂਮ ਦੀ, ਰਸੋਈ ਦੀ, ਕੂੜਾ ਸੁੱਟਣ ਦੀ, ਇੱਥੋਂ ਤੱਕ ਕਿ ਪਾਣੀ ਦੀ ਏਨੀ ਕਿੱਲਤ ਰਹਿੰਦੀ ਆ ਕਿ ਪੁਛੋ ਕੁੱਝ ਨਾ।

"ਆ ਜਾ... ਆ ਜਾ ਆ ਜਾ ਮੇਰਾ ਵੀਰ...ਆਹ ਵੇਖ ਅਜੇ ਪਹਿਲਾ ਈ ਪੈਗ ਪਾਇਆ... ਤੇਰੇ ਵਾਲਾ ਬਰੈਂਡ ਈ ਆ...।"

"ਨਹੀਂ, ਨਹੀਂ। ਤੂੰ ਫਟਾਫਟ ਕੱਪੜੇ ਪਾ...। ਭਾਬੀ ਅਸੀਂ ਜਾਣਾ ਕਿਤੇ, ਛੇਤੀ ਮੁੜ ਆਵਾਂਗੇ।"

"ਏਡੇ ਨੇੜ੍ਹੇ ਤੁਸੀਂ ਆਏ ਹੋ ਤੇ ਚਲੇ ਵੀ ਚੱਲੇ, ਆਖਰ ਹੋਇਆ ਕੀ ਆ?"

"ਵੈਸੇ ਸੁਖ ਤਾਂ ਹੈ...?"

"ਯਾਰ ਦਿਵਿਯਾ ਨੇ ਆਤਮ ਹੱਤਿਆ ਕਰ ਲਈ। ਮਸਲਾ ਕਿਤੇ ਉਲਝ ਨਾ ਜਾਵੇ। ਕਿਤੇ-ਕਿਤੇ ਸੁਰ ਸੁਰ ਸੁਣੀ ਆ ਕਿ ਉਹ ਰਜੇਸ਼ ਨਾਲ ਇਸ਼ਕ ਕਰਦੀ ਸੀ। ਅੱਜ ਮੰਗਣੀ ਵੇਲੇ ਇਹਨੂੰ ਮੈਸੇਜ਼ ਕਰਦੀ ਰਹੀ ਆ ਕਿ ਉਹ ਆਪਣੇ ਦਿਲ ਦੀ ਗੱਲ ਇਹਨੂੰ ਨਹੀਂ ਦੱਸ ਸਕੀ। ਹੁਣ ਇਹਨੇ ਵਿਆਹ ਦੀਆਂ ਤਿਆਰੀਆਂ ਸ਼ੁਰੂ ਕਰ ਲਈਆਂ ਤਾਂ ਉਹਨੇ ਜ਼ਹਿਰ ਪੀ ਲਈ...। ਆ ਚੱਲ ਕੇ ਦੇਖੀਏ, ਕਿਤੇ ਉਹੋ ਜਿਹੀ ਗੱਲ ਨਾ ਹੋ ਜਾਏ...।"

"ਚੱਲ-ਚੱਲ...। ਆਹ ਆਪਣੇ ਬੈਗ 'ਚ ਈ ਪਾ ਲੈ...। ਵਿਹਲੇ ਹੋ ਕੇ ਲਾਵਾਂਗੇ...।" ਕਾਹਲੀ ਨਾਲ ਮੋਟਰ ਸਾਈਕਲ ਦੌੜਾ ਲਈ ਹੈ। ਪਹਿਲਾਂ ਰਜੇਸ਼ ਦੇ ਘਰੇ ਈ ਜਾਣਾ ਚਾਹੀਦਾ। ਦਿਵਿਯਾ ਦੇ ਘਰ ਤਾਂ ਜਾਣ ਦੀ ਤੁੱਕ ਕੋਈ ਨਹੀਂ। ਉਹਦਾ ਬਹੁਤਾ ਆਉਣ-ਜਾਣ ਯੋਗੀ ਕੇ ਰਿਹਾ ਹੈ। ਚੱਲੋ ਵੇਖਦੇ ਹਾਂ। '

'ਉਤਰੀਂ ਜ਼ਰਾ, ਘੰਟੀ ਵਜਾ ਕੇ ਪੁੱਛ ਰਜੇਸ਼ ਕਿੱਥੇ ਆ...?"

"ਤੂੰ ਪੁੱਛ ਭਰਾਵਾ, ਮੇਰਾ ਇਮੇਜ ਕੋਈ ਵਧੀਆ ਨਹੀਂ ਇਹਨਾਂ ਦੇ ਟੱਬਰ 'ਚ...।"

"ਚੱਲ ਫੇਰ ਤੂੰ ਇੱਥੇ ਹੀ ਰੁਕ...! ਜਾਂ ਛੱਡ ਯਾਰ...। ਆਪਾਂ ਕਾਹਨੂੰ ਬਲਾ ਆਪਣੇ ਸਿਰ ਲਈ ਜਾ ਰਹੇ ਆਂ? ਅਸੀਂ ਕੀ ਲੈਣਾ...? ਚੱਲ ਤੂੰ ਆਪਾਂ ਦਾਰੂ ਪੀਂਦੇ ਆਂ.... ਜੋ ਹੋਊ, ਦੇਖੀ ਜਾਊ...।"

"ਚੱਲ ਫੇਰ...। ਮੈਂ ਤਾਂ ਤੈਨੂੰ ਪਹਿਲਾਂ ਈ ਕਹਿੰਦਾ ਸੀ...। ਚੱਲ ਰੌਕਸੀ ਚੱਲਦੇ ਆਂ...। ਹੋ ਸਕਦਾ ਕੋਈ ਮਲੰਗ ਹੀ ਟੱਕਰ ਜਾਵੇ...।"

"ਨਹੀਂ ਯਾਰ ਮੇਰਾ ਉਹਨਾਂ ਨਾਲ ਬੈਠਣ 'ਤੇ ਦਿਲ ਨਹੀਂ...। ਸਾਲਿਆਂ ਨੇ ਪਿਛਲੇ ਕਈ ਦਿਨਾਂ ਤੋਂ ਬਾਹਲਾ ਜਲੂਸ ਕਢਾਉਣਾ ਲਿਆ। ਆਪਾਂ ਪ੍ਰੈੱਸ ਕਲੱਬ ਚੱਲਦੇ ਆਂ...।"

"ਨਹੀਂ ਯਾਰ ਉੱਥੇ ਮੇਰਾ ਮਨ ਨਹੀਂ ਮੰਨਦਾ। ਪੱਤਰਕਾਰ ਸਾਲੇ ਆਪਣਾ ਹੀ ਰਾਮ ਰੌਲਾ ਪਾਈ ਰੱਖਦੇ ਆ। ਨਾ ਉਹਨਾਂ ਨੂੰ ਪੀਣੀ ਆਉਂਦੀ ਆ, ਨਾ ਗੱਲ ਕਰਨੀ ਆਉਂਦੀ ਆ। ਲਾਉਂਦੇ ਨੇ ਅਸਮਾਨ ਨੂੰ ਟਾਕੀਆਂ...। ਸਾਰੇ ਕੁਰੱਪਟ ਕਿਸੇ ਥਾਂ ਦੇ...। ਖਬਰ ਇਹਨਾਂ ਨੂੰ ਲਿਖਣੀ ਨੀ ਆਉਂਦੀ। ਸਾਹਿਤ ਦਾ ਇਹਨਾਂ ਨੂੰ ਨਹੀਂ ਪਤਾ। ਸਮਾਜ ਦਾ ਇਹਨਾਂ ਨੂੰ ਨਹੀਂ ਪਤਾ। ਸੰਵੇਦਨਸ਼ੀਲ ਹੁੰਦੇ ਕੋਈ ਨਹੀਂ ਇਹ। ਇਹਨਾਂ ਨਾਲ ਬੈਠ ਕੇ ਨਹੀਂ ਪੀਤੀ ਜਾ ਸਕਦੀ...। ਆਪਾਂ ਰੌਕਸੀ ਈ ਚਲਦੇ ਆਂ। ਲੱਗਦਾ ਉਥੇ ਕੋਈ ਨੀ ਹੋਣਾ...।"

"ਚੱਲ ਫੇਰ... ਜਿਵੇਂ ਤੂੰ ਰਾਜ਼ੀ...। ਪਰ ਯਾਰ ਦਿਵਿਯਾ ਦੀ ਮੌਤ ਨੇ ਮਨ ਵਿਚਲਿਤ ਜਿਹਾ ਕਰ ਦਿੱਤੈ...। ਹੋਰ ਈ ਤਰ੍ਹਾਂ ਦੇ ਖਿਆਲ ਆਈ ਜਾ ਰਹੇ ਨੇ...। ਚਲੋ ਪੈੱਗ ਲਾ ਕੇ ਈ ਠੀਕ ਹੋਣਾ ਕੰਮ...। ਲੈ ਉੱਤਰ, ਆ ਗਿਆ ਤੇਰਾ ਮਨ ਪਸੰਦ 'ਮਨਜ਼ੂਰ ਸ਼ੁਦਾ ਰੈਸਟੋਰੈਂਟ'...। ਉੱਤਰ ਹੁਣ...। ਸਾਲਿਆ ਇਹਨੂੰ ਵੇਖਕੇ ਤਾਂ ਤੇਰੀਆਂ ਬਰਾਛਾਂ ਖਿੜ੍ਹ ਜਾਂਦੀਆਂ ਹੁੰਦੀਆਂ...। ਆਜਾ... ਆਜਾ...। ਬੈਗ ਸੰਭਾਲ ਕੇ...। ਲੈ...ਅ...ਅਹੁ ਬੈਠੀ ਆ ਮੰਡਲੀ...। ਹੁਣ ਇਹਨਾਂ ਕੋਲ ਈ ਬੈਠਣਾ ਪਊ...।"

"ਆਜੋ... ਆਜੋ... ਠਗੋ... ਸਾਲਿਓ ਤੁਹਾਨੂੰ ਪਤਾ ਨਹੀਂ ਕੀ ਖੁਮਾਰੀ ਚੜ੍ਹੀ ਰਹਿੰਦੀ ਆ... ਸਾਲੇ ਚੋਰ ਕਿਸੇ ਥਾਂ ਦੇ...।"

"ਦੇਖ, ਇਹ ਨਹੀਂ ਪਚਾ ਸਕਦਾ ਇੱਕ ਪੈੱਗ ਵੀ... ਸਾਲੇ ਨੇ ਆਉਂਦਿਆਂ 'ਤੇ ਕਮੈਂਟ ਕੱਸ ਤਾ ਆ...?"

"ਆਜਾ... ਆਜਾ... ਯਾਰ ਤੂੰ ਸੁਣ ਈ ਨਾ...।"

"ਕਿਵੇਂ ਨਾ ਸੁਣਾਂ...। ਮੈਂ ਤੈਨੂੰ ਕਿਹਾ ਸੀ ਨਾ ਕਿ ਅੱਜ ਮਨ ਠੀਕ ਨਹੀਂ...।"

"ਬਾਹਵਾ... ਬਾਹਵਾ... ਬਾਬੇ ਲੋਕ ਬੈਠੇ ਨੇ...। ਕਮਾਲ ਹੋ ਗਈ...।"

"ਓਏ ਬੁੰਡ ਮਾਰ ਬਾਬਿਆਂ ਦੀ, ਪੈੱਗ ਸ਼ੁਰੂ ਕਰੋ। ਪਹਿਲਾਂ ਲੇਟ ਕੱਢੋ...। ਚੁੱਕ ਓਏ ਵੱਡਿਆ ਲੇਖਕਾ ਤੂੰ ਵੀ...। ਸਾਲਾ ਤੂੰ ਅਸਮਾਨ ਨੂੰ ਟਾਕੀਆਂ ਲਾਉਂਦਾ ਰਹਿੰਦਾਂ...।"

"ਯਾਰ ਅੱਜ ਲਾਈਟ ਮੂਡ ਨਹੀਂ ਆ... ਤੁਹਾਨੂੰ ਖਵਰੇ ਨਹੀਂ ਪਤਾ ਦਿਵਿਯਾ ਨੇ ਆਤਮ ਹੱਤਿਆ ਕਰ ਲਈ ਆ...।"

' 'ਤਾਂ ਤੇਰੀ ਕੀ ਪਾਟ ਗਈ...। ਸਾਲਿਓ ਤੁਸੀਂ ਐਵੇਂ ਪੂਛ ਨੂੰ ਅੱਗ ਲੁਆਈ ਫਿਰਦੇ ਰਹਿੰਦੇ ਓ...। ਕੰਜਰ ਦਿਓ ਕੋਈ ਘਰ ਤਾਂ ਛੱਡ ਲਿਆ ਕਰੋ... ਮਰਿਆ ਕੋਈ, ਇਹਨਾਂ ਦੀ ਜਿਵੇਂ ਮਾਂ ਮਰ ਗਈ...। ਤੁਹਾਡਾ ਉਹਦੇ ਨਾਲ ਕੀ ਸੰਬੰਧ ਆ? ਦੱਸੀਂ ਜਰਾ...।"

"ਯਾਰ ਮੈਂ ਨਹੀਂ ਤੁਹਾਡੇ ਨਾਲ ਬੈਠ ਸਕਣਾ...। ਮੈਂ ਚੱਲਦਾਂ...। ਤੁਸੀਂ ਇੰਜੁਆਏ ਕਰੋ...। ਤੂੰ ਵੀ ਮਿੱਤਰਾ ਇਹਨਾਂ ਨਾਲ ਈ ਆ ਜਾਵੀਂ... ਮੈਂ ਚੱਲਿਆਂ...।"

"ਓਏ ਸੁਣ ਤਾਂ ਸਹੀ.. ਸੁਣ...।"

' 'ਜਾਣ ਦੇ ਇਹਨੂੰ ਸਾਲੇ ਨੂੰ... ਆਇਆ ਵੱਡਾ ਲੇਖਕ...।"

ooooooo

ਚੰਗਾ ਹੋਇਆ ਮੈਂ ਉੱਥੋਂ ਨਿਕਲ ਆਇਆ। ਉਹਨਾਂ ਕੰਜਰਾਂ ਨੇ ਮੇਰਾ ਜੀਣਾ ਹਰਾਮ ਕਰ ਦੇਣਾ ਸੀ। ਹਨ੍ਹੇਰਾ ਵੀ ਬਾਹਲਾ ਹੋ ਗਿਆ ਆ...। ਇਹ ਅਹਾਤਾ ਵੈਸੇ ਲਾਈਵ ਆ। ਕਮਾਲ ਦੇ ਬੰਦੇ ਆਉਂਦੇ ਨੇ ਇੱਥੇ...। ਡਰਾਇਵਰ, ਕੰਡਕਟਰ, ਮੰਗਤੇ, ਖੁਸਰੇ...। ਮਜ਼ਾ ਆ ਜਾਂਦਾ। ਸਾਰੇ ਨਸ਼ੇ ਦੀ ਲੋਰ 'ਚ ਆਪੋ ਆਪਣੀਆਂ ਗੱਲਾਂ 'ਚ ਲੱਗੇ ਹੋਣਗੇ ਕਿ ਅਚਾਨਕ 'ਤੜੱਕ' ਕਰਕੇ ਤਾੜੀ ਵੱਜੇਗੀ ਤੇ ਕਿਸੇ ਖਾਲੀ ਟੇਬਲ ਉੱਤੇ 'ਟਿਪ ਟਾਪ' ਖੁਸਰੇ ਆ ਕੇ ਪੈੱਗ ਲਾਉਣਾ ਸ਼ੁਰੂ ਕਰ ਦੇਣਗੇ। ਵਿੱਚ-ਵਿੱਚ ਏਧਰ-ਉਧਰ ਨਜ਼ਰਾਂ ਭਵਾਂ ਕੇ ਗਾਹਕ ਲੱਭਣਗੇ। ਬੜੀ ਖਿੱਚ ਹੁੰਦੀ ਆ ਉਹਨਾਂ 'ਚ। ਅੱਖਾਂ ਈ ਅੱਖਾਂ 'ਚ ਇਸ਼ਾਰੇ ਕਰਦੇ ਨੇ। ਨਾਲ-ਨਾਲ ਪੈੱਗ ਪੀਂਦੇ ਰਹਿੰਦੇ ਨੇ, ਕੋਈ ਨਾ ਕੋਈ ਗਾਹਕ ਪਟਾ ਕੇ ਲੈ ਹੀ ਜਾਂਦੇ ਨੇ...।

ਅੱਜ ਕੋਈ ਖੁਸਰਾ ਨਹੀਂ ਆਇਆ। ਇਹ ਬਜ਼ੁਰਗ ਅਧੀਆ ਲੈ ਕੇ ਮੇਰੀ ਟੇਬਲ ਉੱਤੇ ਈ ਕਿਉਂ ਆ ਗਿਆ! ਕਿਤੇ ਉਹੋ-ਜਿਹਾ ਈ ਤਾਂ ਨਹੀਂ...? ਨਹੀਂ-ਨਹੀਂ। ਇਕੱਲਤਾ ਤੋਂ ਡਰਦਾ ਹੋਣਾ। ਵੈਸੇ ਇੱਥੇ ਢਾਣੀਆਂ ਬਣਾ ਕੇ ਪੀਣ ਵਾਲੇ ਬਹੁਤ ਘੱਟ ਆਉਂਦੇ ਆ। ਇਕੱਲੇ-ਇਕੱਲੇ ਈ ਸਾਰੇ ਆਉਂਦੇ ਆ। ਮੈਂ ਵੀ ਉਦੋਂ ਈ ਆਉਂਦਾ ਜਦੋਂ ਇਕੱਲਾ ਹੁੰਦਾਂ।

ਹੈਂਅ... ਆ ਕੀ? ਇਹ ਤਾਂ ਖੁਸਰਾ ਵੀ ਨਹੀਂ ਲੱਗ ਰਿਹਾ। ਪਰ ਤੋਰ ਉਹੀ ਆ। ਅੱਖਾਂ ਦੇ ਇਸ਼ਾਰੇ ਵੀ, ਨੈਣ ਨਕਸ਼ ਬਹੁਤੇ ਸੋਹਣੇ ਆ। ਇਹ ਤਾਂ ਪੈੱਗ ਵੀ ਨਹੀਂ ਲਾ ਰਿਹਾ। ਪੈਪਸੀ ਪੀ ਰਿਹਾ। ਲੱਗਦਾ ਅੱਖਾਂ ਬੋਲ ਰਹੀਆਂ ਨੇ, ਇਹਦੇ 'ਤੇ ਟਰਾਈ ਮਾਰਦੇ ਆਂ। ਹਾਂਅ...। ਐਨ ਫਿੱਟ। ਪਰ ਇਹ ਤਾਂ ਮੇਰੇ ਕੋਲ ਈ ਆ ਗਿਆ। ਚੱਲ ਕੋਈ ਨੀ...। ਇੱਥੇ ਸਾਰੇ ਇੱਕੋ ਜਿਹੇ ਈ ਆ... ਬਜ਼ੁਰਗ ਮੁਸਕੁਰਾ ਰਿਹੈ...।

"ਚੱਲਣਾ...।"

"ਆਹੋ... ਦੋ ਸੌ ਰੁਪਏ ਲਊਂਗੀ...।"

"ਚਲ ਬਾਹਰ ਖੜ੍ਹੀ ਹੋ...। ਆਉਂਦਾ ਮੈਂ...।"

ਹਨ੍ਹੇਰਾ ਤਾਂ ਹੈ ਈ। ਨਹਿਰ ਵਾਲੇ ਪੁਲ ਵੱਲ ਲੈ ਚੱਲਦੇ ਆਂ। ਇਹ ਸਾਲੀ ਬਲਾ ਕੀ ਐ? ਕਿਤੇ ਰਾਹ 'ਚ ਕੋਈ ਵੇਖ ਨਾ ਲਵੇ। ਚੱਲ ਫੇਰ ਕੀ ਹੋਜੂ!

"ਤੂੰ ਐਂ ਕਰ... ਰੋਜ਼ ਦਾ ਈ ਨਬੇੜਾ ਕਰ ਲਾ ਕੀ ਲਿਆ ਕਰੇਂਗੀ..."

"ਤੂੰ ਆਪੇ ਦੱਸ ਦੇ...। ਰਤਾ ਤੇਜ਼ ਚਲਾ। ਆਹ ਜਿਹੜਾ ਮੋਟਲ ਸਾਈਕਲ ਵਾਲਾ ਕੋਲ ਦੀ ਲੰਘਿਆ ਮੈਨੂੰ ਕਹਿੰਦਾ ਸੀ ਘਰੇ ਚੱਲ, ਮੈਂ ਮਨ੍ਹਾ ਕਰ ਦਿੱਤਾ...। ਤੂੰ ਤੇਜ਼ ਚਲਾ... ਕਿਤੇ ਦੇਖ ਨਾ ਲਵੇ...। ਬੈਗ ਰਤਾ ਤੂੰ ਅਗਾਂਹ ਨੂੰ ਕਰ ਦੇ...। ਹਾਂਅ... ਹੁਣ ਠੀਕ ਆ...।"

"ਕਿੰਨੇ ਪੈਸੇ ਲਵੇਂਗੀ ਰੋਜ਼ ਦੇ...।"

"ਉਹ ਤਾਂ ਹੋਏ, ਤੂੰ ਲੈ ਕੇ ਕਿੱਥੇ ਚੱਲਿਆਂ...?"

"ਨਹਿਰ ਵੱਲ ਨਿਕਲਦੇ ਆਂ...।"

"ਨਹੀਂ... ਏਧਰ ਈ ਕਰ ਲੈ...। ਕੋਈ ਨੀ ਆਉਂਦਾ...। ਹੋਰ ਕਿਸੇ ਨੇ ਫੜ ਲਿਆ ਤਾਂ ਬੰਦਾ ਰੌਲਾ ਪਾਉਣ ਜੋਗਾ ਵੀ ਨਹੀਂ ਰਹਿੰਦਾ...। ਤੂੰ ਮੋੜ ਮੋਟਰ ਸਾਈਕਲ...। ਭਾਵੇਂ ਗੁੱਸਾ ਕਰ... ਮੈਂ ਨਹੀਂ ਓਧਰ ਜਾਂਦੀ...।

"ਚੱਲ ਅੱਜ ਰਹਿਣ ਦੇ ਫੇਰ...। ਕੱਲ੍ਹ ਨੂੰ ਕਰ ਲਵਾਂਗੇ। ਉੱਤਰ...। ਆਹ ਲੈ ਪੰਜਾਹ ਰੁਪਏ। ਇਹਨਾਂ 'ਤੇ ਮੈਂ ਮੋਬਾਇਲ ਨੰਬਰ ਲਿਖ ਦਿੱਤਾ ਆ...। ਕੱਲ੍ਹ ਨੂੰ ਮੋਬਾਇਲ ਕਰ ਲਵੀਂ...। ਲੈ ਫੜ...। ਮੈਂ ਇਥੋਂ ਚਲਾ ਜਾਂਦਾਂ...।"

"ਲੈ ਦੇਖ ਲਾ... ਸਾਡਾ ਰੋਜ਼ ਦਾ ਕੰਮ ਆ... ਤੂੰ ਡਰ ਨਾ... ਏਧਰ ਥਾਂ ਹੈਗੀ ਆ ਮੇਰੇ ਕੋਲ... ਫੇਰ ਕਹੇਂਗਾ ਐਨੇਂ ਪੈਸੇ ਲੈ ਗਈ...।"

"ਨਹੀਂ ਕੋਈ ਨੀ... ਤੂੰ ਆਹ ਪੰਜਾਹ ਰੁਪਏ ਲੈ ਲਾ... ਕੱਲ੍ਹ ਨੂੰ ਫੋਨ ਕਰੀਂ...।

"ਚੱਲ ਚੰਗਾ... ਚੁੰਮੀ ਤਾਂ ਦੇ ਜਾ ਇੱਕ ਫੇਰ...।"

ਸ਼ੁਕਰ ਆ ਬਲਾ ਟਲੀ। ਪਰ ਯਾਰ ਈਮਾਨ ਕਾਇਮ ਆ ਇਹਨਾਂ ਲੋਕਾਂ ਦਾ, ਉਹ ਐਵੇਂ ਪੈਸੇ ਵੀ ਨਹੀਂ ਲੈਣਾ ਚਾਹੁੰਦੀ। ਵੈਸੇ ਏਧਰ ਸੇਫ ਥਾਂ ਵੀ ਉਹਦੇ ਕੋਲ ਹੋਣੀ ਆ...। ਪਰ ਫੇਰ ਵੀ ਜੇ ਕਿਤੇ ਫੜੇ ਗਏ ਬੇਇਜ਼ਤੀ ਬਹੁਤ ਹੋਣੀ ਆ... ਮਸੀਂ ਤਾਂ ਆਪਣੀ ਥਾਂ ਬਣਾਈ ਆ।

ਪਰ ਮੈਨੂੰ ਆਪਣੇ ਆਪ ਦੀ ਵੀ ਸਮਝ ਨਹੀਂ ਪੈਂਦੀ। ਆਖਰ ਮੈਂ ਇਹਨਾਂ ਪਿੱਛੇ ਆਉਂਦਾ ਹੀ ਕਿਉਂ ਹਾਂ? ਹੁਣ ਜਦੋਂ ਮੈਂ ਇਹਨੂੰ ਪੰਜਾਹ ਰੁਪਏ ਦੇ ਰਿਹਾ ਸੀ ਤਾਂ ਨਾਵਲ ਦੇ ਸ਼ੁਰੂ 'ਚ ਆਇਆ ਖੁਸਰਾ, ਜਿਹਨੂੰ ਮੈਂ ਖੇਤਾਂ 'ਚ ਛੱਡ ਕੇ ਦੌੜ ਗਿਆ ਸੀ, ਉਹ ਘੁੰਮਣ ਲੱਗਾ ਸੀ। ਦਰਅਸਲ ਇਹ ਪੰਜਾਹ ਰੁਪਏ ਮੈਂ ਉਸੇ ਖੁਸਰੇ ਨਾਲ ਕੀਤਾ ਉਧਾਰ ਚੁਕਾਇਆ, ਉਸ ਦਿਨ ਮੇਰੇ ਕੋਲ ਇੱਕ ਵੀ ਪੈਸਾ ਨਹੀਂ ਸੀ...।

oooooo

ਮੈਂ 'ਬਿੱਗ ਬੀ' ਹਾਂ। ਤੁਹਾਨੂੰ ਇੱਕ ਗੱਲ ਸਾਫ ਦੱਸ ਦਿੰਦਾਂ, ਇਹਨਾਂ ਕੋਈ ਨਾਟਕ ਨਹੀਂ ਕਰਨਾ। ਇਹਨਾਂ ਕੋਈ ਨਾਵਲ ਨਹੀਂ ਲਿਖਣਾ। ਇਹਨਾਂ ਨੂੰ ਨਾਟਕ ਕਰਦਿਆਂ ਦਸ ਸਾਲ ਹੋ ਚੱਲੇ ਆ। ਇਹਨਾਂ ਦੇ ਵੱਸ ਦੀ ਗੱਲ ਨਹੀਂ ਆ। ਤੁਸੀਂ ਆਪਣਾ ਵਕਤ ਖ਼ਰਾਬ ਨਾ ਕਰੋ। ਤੁਸੀਂ ਕੋਈ ਕੰਮ ਧੰਦਾ ਕਰੋ...। o
(ਸਮਾਪਤ)

**ਪਤਾ : ਦੇਸ ਰਾਜ ਕਾਲੀ,**
**੩੮ /੩ ਨੀਲਾ ਮਹਿਲ, ਜਲੰਧਰ**
**(ਫੋਨ ੯੩੫੬੨-੬੭੧੧੬,੯੪੧੭੬-੫੮੧੩੯)**



## ਹੁੰਗਾਰਾ

'ਕਹਾਣੀ ਧਾਰਾ–੭' ਅੰਕ ਨਾ ਮਿਲਦਾ ਤਾਂ ਸਿਬਤਲ ਹਸਨ ਜ਼ੈਗਮ ਹੋਰਾਂ ਦਾ ਲੇਖ ਪੜ੍ਹਣ ਤੋਂ ਮਹਿਰੂਮ ਰਹਿ ਜਾਂਦਾ। ਇਹ ਲੇਖ ਜਿਥੇ ਵਿਲੀਅਮ ਕੇਰੀ ਦੇ ਪੰਜਾਬੀ ਅਤੇ ਹੋਰ ਭਾਰਤੀ ਭਾਸ਼ਾਵਾਂ ਵਿਚ ਕੀਤੇ ਕਾਰਜ ਦੀ ਅਹਿਮੀਅਤ ਦਰਸਾਉਂਦਾ ਹੈ। ਉਥੇ ੧੬੦੦ ਈ. ਵਿਚ ਬਣੀ ਈਸਟ ਇੰਡੀਆ ਕੰਪਨੀ ਦੇ ਸਾਮਰਾਜੀ ਹਿੱਤਾਂ ਉਤੇ ਵੀ ਝਾਤ ਪੁਆਉਂਦਾ ਹੈ। ਕਿਸੇ ਮੁਲਕ ਨੂੰ ਅਧੀਨ ਕਰਨ ਲਈ ਉਥੋਂ ਦੇ ਲੋਕਾਂ ਨੂੰ ਸਮਝਣਾ ਜ਼ਰੂਰੀ ਹੁੰਦਾ ਹੈ। ਵਿਲੀਅਮ ਕੇਰੀ ਨੇ ਭਾਰਤ ਦੀਆਂ ਬਹੁਤ ਸਾਰੀਆਂ ਭਾਸ਼ਾਵਾਂ ਵਿਚ ਬਾਈਬਲ ਦਾ ਤਰਜ਼ਮਾ ਕਰਕੇ ਭਾਰਤੀਆਂ ਦੇ ਮਨਾਂ ਵਿਚ ਈਸਾਈਅਤ ਲਈ ਪਿਆਰ ਪੈਦਾ ਕਰ ਦਿਤਾ ਅਤੇ ਉਹ ਬਰਤਾਨਵੀ ਸਾਮਰਾਜ ਦੀਆਂ ਕੁਰੀਤੀਆਂ ਤੋਂ ਗ਼ਾਫਿਲ ਹੋ ਗਏ। ਇਸ ਤਰ੍ਹਾਂ ਸਾਮਰਾਜ ਨੂੰ ਮੁਲਕ ਦੀ ਲੁੱਟ ਕਰਨੀ ਸੌਖੀ ਹੋ ਗਈ। ੧੭੯੩ ਈ. ਵਿਚ ਪੈਣ ਵਾਲਾ ਕਾਲ ਜਿਥੇ ਸਾਮਰਾਜੀ ਰਾਜਨੀਤੀ ਦਾ ਭਾਰਤੀਆਂ ਨੂੰ ਖਤਰਨਾਕ ਤੋਹਫਾ ਸੀ ਉਥੇ ਨੀਲ ਦੀ ਖੇਤੀ ਦਾ ਮੁੱਢ ਵੀ ਸਾਮਰਾਜੀ ਨੀਤੀ ਦਾ ਹੀ ਹਿੱਸਾ ਸੀ। ਵਿਲੀਅਮ ਕੇਰੀ ਦੁਆਰਾ ਰਚੀ ਪੰਜਾਬੀ ਦੀ ਗਰਾਮਰ ਦੀ ਤਾਰੀਫ਼ ਕਰਨ ਦੇ ਨਾਲ ਨਾਲ ਉਸ ਦੁਆਰਾ ਭਾਰਤੀ ਦਾਸਤਾ ਨੂੰ ਪੱਕਾ ਕਰਨ ਦਾ ਕਾਰਜ ਵੀ ਵਿਸਰਨਾ ਨਹੀਂ ਚਾਹੀਦਾ।

ਅਸਲ ਵਿਚ ਪੰਜਾਬੀ ਲੇਖਕ ਸਿਰਜਣੀ ਅਤੇ ਸੰਕਲਪੀ ਸਾਹਿਤ ਦੇ ਰਿਸ਼ਤੇ ਬਾਰੇ ਸੁਚੇਤ ਹੋ ਕੇ ਹੀ ਵਧੇਰੇ ਅਹਿਮ ਭੂਮਿਕਾ ਨਿਭਾ ਸਕਦੇ ਹਨ। ਬਕੌਲ ਸ਼ਾਇਰ–

ਅੱਛਾ ਹੈ ਦਿਲ ਕੇ ਪਾਸ ਰਹੇ ਪਾਸਵਾਨੇ ਅਕਲ
ਪਰ ਕਭੀ ਕਭੀ ਇਸੇ ਤਨਾਹ ਵੀ ਛੋੜ ਦੇ।

**- ਟੀ. ਆਰ. ਵਿਨੋਦ, ੬੭੭, ਸ਼ਕਤੀ ਨਗਰ, ਬਠਿੰਡਾ।**

'ਕਹਾਣੀ ਧਾਰਾ' ਅਕਤੂਬਰ–ਦਸੰਬਰ,੨੦੦੭ ਮਿਲ ਗਿਆ। ਬਲਬੀਰ ਪਰਵਾਨਾ ਦੀ ਕਹਾਣੀ 'ਕਲਰਕ ਰਾਧੇਸ਼ਾਮ ਦੀ ਜ਼ਿੰਦਗੀ ਦਾ ਇਕ ਦਿਨ' ਵਧੀਆ ਕਹਾਣੀ ਹੋ ਨਿਬੜੀ। ਉੱਚ ਪਾਏ ਦੀ! ਕਹਾਣੀ ਪੜ੍ਹਦਾ ਪਾਠਕ ਕਹਾਣੀ 'ਚ ਗੁਆਚ ਜਾਂਦਾ ਹੈ, ਤੇ ਕਹਾਣੀ ਮੁਕਾ ਕੇ ਕਹਾਣੀ ਦੇ ਅਸਰ 'ਚ ਗੁਆਚਿਆ ਰਹਿੰਦਾ ਹੈ। ਅਸਲ 'ਚ ਬਲਬੀਰ ਪਰਵਾਨਾ ਨੂੰ ਕਹਾਣੀ ਕਹਿਣੀ ਆਉਂਦੀ ਹੈ, ਬਿਆਨਣੀ ਆਉਂਦੀ ਹੈ। ਮੇਰੇ ਵਲੋਂ ਬਲਬੀਰ ਜੀ ਨੂੰ ਵਧੀਆ ਕਹਾਣੀ ਲਿਖਣ ਲਈ ਵਧਾਈ।

**-ਕੁਲਬੀਰ ਬਡੇਸਰੋਂ, ਮੁੰਬਈ।**

ਕਹਾਣੀ ਧਾਰਾ–੭ ਅੰਕ ਵਿਚ ਛਪੀ ਸੁਰਜੀਤ ਸੁਮਨ ਦੀ ਕਹਾਣੀ 'ਬੜੇ ਭਾਈ' ਬਹੁਤ ਸਲਾਹੁਣਯੋਗ ਤੇ ਪ੍ਰਪੱਕ ਰਚਨਾ ਸਾਬਤ ਹੋਈ। ਇਹ ਕਹਾਣੀ ਇਸ ਅੰਕ ਵਿਚ ਨਿਵੇਕਲੀ ਦਿੱਖ ਵਾਲੀ ਹੈ। ਛੋਟੇ ਤਬਕੇ ਦੇ ਸ਼ੋਸ਼ਣ ਅਤੇ ਸਰਮਾਏਦਾਰੀ ਦੀ ਜਗੀਰੂ ਸੋਚ ਨੂੰ ਬਿਆਨ ਕਰਦੀ ਇਸ ਕਹਾਣੀ ਦਾ ਝੁਕਾਅ ਦਲਿਤ ਵਰਗ ਵੱਲ ਵਧੇਰੇ ਹੈ। ਕਿਉਂਕਿ ਦਲਿਤ ਸਮਾਜ ਸਦੀਆਂ ਤੋਂ ਸਰਮਾਏਦਾਰੀ ਦਾ ਗੁਲਾਮ ਬਣਿਆ ਰਿਹਾ ਹੈ। ਇਸ ਦਾ ਸਿਧੇ ਤੇ ਅਸਿਧੇ ਢੰਗ ਨਾਲ ਸ਼ੋਸ਼ਣ ਹੋਇਆ ਹੈ। ਪਰ ਸਾਡੀ ਤ੍ਰਾਸਦੀ ਇਹ ਰਹੀ ਹੈ ਕਿ ਇਸ ਤਬਕੇ ਬਾਰੇ ਲਿਖਣ ਲਈ ਤਾਂ ਬਹੁਤ ਕੁਝ ਹੈ। ਪਰ ਆਮ ਲੇਖਕਾਂ ਦੀਆਂ ਕਲਮਾਂ ਕੁਸ਼ ਖਾਸ ਕੁ ਘਟਨਾਵਾਂ ਨੂੰ ਚਿਤਰ ਕੇ ਖ਼ਾਮੋਸ਼ ਹੋ ਜਾਂਦੀਆਂ ਹਨ। ਇਹੀ ਕਾਰਨ ਹੈ ਕਿ ਦਲਿਤ ਸਮਾਜ ਦੀ ਤਸਵੀਰ ਨੂੰ ਸਾਹਿਤ ਵਿਚ ਉਘਾੜਿਆ ਨਹੀਂ ਗਿਆ। ਸੁਰਜੀਤ ਦੀ ਇਕ ਕਹਾਣੀ ਵਿਚ ਉਨ੍ਹਾਂ ਅਣਗੌਲੇ ਲੋਕਾਂ ਦੀ ਬਦਕਿਸਮਤੀ ਝਲਕਦੀ ਹੈ। ਦੂਜੀ ਕਹਾਣੀ 'ਕਲਰਕ ਰਾਧੇਸ਼ਾਮ ਦੀ ਜ਼ਿੰਦਗੀ ਦਾ ਇੱਕ ਦਿਨ' ਪੜ੍ਹੀ। ਕਈ ਤਰ੍ਹਾਂ ਦੇ ਕਿਰਦਾਰਾਂ ਅਤੇ ਇਨਸਾਨਾਂ ਦੀਆਂ ਕਿਸਮਾਂ ਤੇ ਉਮਰਾਂ ਦੇ ਪੜਾਵਾਂ ਵਿੱਚ ਗੁੰਦੀ ਹੋਈ ਇਹ ਰਚਨਾ ਕਿਸੇ ਦਸਤਾਵੇਜ਼ ਤੋਂ ਘੱਟ ਨਹੀਂ ਜਾਪਦੀ। ਪਲ ਪਲ ਬਦਲਦੀ ਜ਼ਿੰਦਗੀ, ਔਲਾਦਾ ਦੇ ਆਪ ਮੁਹਾਰੇ ਪਨ, ਅੰਤ ਚੜਦੀ ਜਵਾਨੀ ਮੌਕੇ ਸਰੀਰ ਨੂੰ ਨਵੀਆਂ ਨਵੀਆਂ ਅਲਾਮਤਾਂ ਲਾਉਂਦੇ ਗੱਭਰੂ ਅਤੇ ਮੁਟਿਆਰਾਂ ਦੀ ਚਿੱਤਰ ਕਾਰੀ ਬੜੀ ਤੀਖਣ ਬੁੱਧੀ ਅਤੇ ਬੀਰੀਕੀ ਨਾਲ ਕੀਤੀ ਹੈ।

**-ਗੁਰਮੀਤ ਆਰਿਫ਼, ਸ਼ੇਰਪੁਰ ਤੈਬਾਂ** (ਮੋਗਾ)